ਐਨਵਰ ਹੌਜ਼ਾ

# ਪਾਰਟੀ ਆਫ਼ ਲੇਬਰ ਆਫ਼ ਅਲਬਾਨੀਆਂ ਦੀ ਅੱਠਵੀਂ ਕਾਂਗਰਸ ਵਿਚ ਪੇਸ਼ ਕੀਤੀ ਗਈ ਰਿਪੋਰਟ

The electronic version of the book
is created by
http://www.enverhoxha.ru

ਸਭਨਾਂ ਦੇਸ਼ਾਂ ਦੇ ਮਜ਼ਦੂਰੋ, ਇਕ ਹੋ ਜਾਓ!

# ਐਨਵਰ ਹੌਜ਼ਾ

## ਪਾਰਟੀ ਆਫ਼ ਲੇਬਰ ਆਫ਼ ਅਲਬਾਨੀਆਂ
## ਦੀ
## ਕੇਂਦਰੀ ਕਮੇਟੀ ਦੇ ਕੰਮ ਦੀ ਰਿਪੋਟ

ਜੋ

ਪਾਰਟੀ ਆਫ਼ ਲੇਬਰ ਆਫ਼ ਅਲਬਾਨੀਆਂ

ਦੀ

ਅੱਠਵੀਂ ਕਾਂਗਰਸ ਵਿਚ

ਪੇਸ਼ ਕੀਤੀ ਗਈ

1 ਨਵੰਬਰ, 1981

## ਪ੍ਰਕਾਸ਼ਕ ਵਲੋਂ ਨੋਟ

ਵਰਕਰਜ਼ ਪਬਲਿਸ਼ਿੰਗ ਹਾਊਸ, ਹਥਲੀ ਕਿਤਾਬ ਇੰਟਰਨੈਸ਼ਨਲ ਬੁਕ ਸੈਂਟਰ ਚੰਡੀਗੜ (ਇੰਡੀਆ) ਵਲੋਂ ਛਾਪੇ ਗਏ ਪੰਜਾਬੀ ਐਡੀਸ਼ਨ ਤੋਂ ਦੁਬਾਰਾ ਛਾਪ ਰਿਹਾ ਹੈ ਜੋ ਉਨਾ ਨੇ ਪਾਹਟੀ ਆਫ ਲੇਬਰ ਆਫ ਅਲਬਾਨੀਆ ਦੀ ਕੇਂਦਰੀ ਕਮੇਟੀ ਦੇ ਇੰਸਟੀਚਿਊਟ ਆਫ ਮਾਰਕਸਿਸਟ-ਲੈਨਿਨਿਸਟ ਸਟੱਡੀਜ ਵਲੋਂ 8 ਨਿਣਟੋਰੀ ਪਬਲਿਸ਼ਿੰਗ ਹਾਊਸ ਤਿਰਾਨਾ ਤੋਂ ਛਾਪੇ ਅੰਗਰੇਜੀ ਐਡੀਸ਼ਨ ਦਾ ਅਨੁਵਾਦ ਕਰਕੇ ਛਾਪੀ ਹੈ।

THE PUNJABI EDITION OF THE
REPORT SUBMITTED TO THE 8th CONGRESS OF THE
PARTY OF LABOUR OF ALBANIA
Translated and published by:
INTERNATIONAL BOOK CENTRE,
Shop No. 41, Sector 17-A
Chandigarh 160 017, INDIA
Reprinted in Britain by:
WORKERS' PUBLISHING HOUSE
172 Wandsworth Road,
London SW8, England.



ਐਨਵਰ ਹੌਜ਼ਾ
ਪਾਰਟੀ ਆਫ ਲੇਬਰ ਆਫ ਅਲਬਾਨੀਆਂ ਦੀ
ਕੇਂਦਰੀ ਕਮੇਟੀ ਦੇ ਮੁੱਖ ਸਕੱਤਰ

ਪਿਆਰੇ ਸਾਥੀਓ,

ਪਾਰਟੀ ਅਤੇ ਸਾਡੇ ਸਮੁੱਚੇ ਲੋਕ ਮਹਾਨ ਸਫਲਤਾਵਾਂ ਅਤੇ ਮਹੱਤਵਪੂਰਨ / ਜਿੱਤਾਂ ਜਿੱਤ ਕੇ ਇਸ ਕਾਂਗਰਸ ਵਿਚ ਆਏ ਹਨ। ਸਮਾਜਵਾਦੀ ਅਲਬਾਨੀਆਂ ਨੇ ਆਪਣੇ ਆਰਥਿਕ ਅਤੇ ਸਮਾਜਿਕ ਵਿਕਾਸ ਵਿਚ ਬੇਹੱਦ ਤਰੱਕੀ ਕੀਤੀ ਹੈ ਅਤੇ ਲੋਕਾਂ ਦੀ ਭਲਾਈ ਵਿਚ ਵਾਧਾ ਕਰਨ ਅਤੇ ਆਪਣੇ ਵਤਨ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਵਿਚ ਅਗੇਰੇ ਵੱਲ ਇਕ ਨਵਾਂ ਕਦਮ ਪੁੱਟਿਆ ਹੈ।

7ਵੀਂ ਕਾਂਗਰਸ ਤੋਂ ਬਾਅਦ ਦੇ ਪੰਜ ਸਾਲਾਂ ਦੁਰਾਨ ਸਾਡੇ ਮਿਹਨਤਕਸ਼ ਲੋਕਾਂ ਨੇ ਸਮਾਜਵਾਦੀ ਉਸਾਰੀ ਨੂੰ ਹੋਰ ਵੀ ਅੱਗੇ ਵਧਾਉਣ ਅਤੇ ਸਾਡੇ ਨਵੇਂ ਜੀਵਨ ਨੂੰ ਹੋਰ ਵੀ ਵਧੇਰੇ ਪ੍ਰਫੁੱਲਤ ਅਤੇ ਅਮੀਰ ਬਣਾਉਣ ਵਾਸਤੇ ਸਭ ਮੁਹਾਜ਼ਾਂ ਉੱਤੇ ਬਹਾਦਰੀ ਨਾਲ ਸੰਘਰਸ਼ ਕੀਤਾ। ਪਾਰਟੀ ਦੀ ਅਗਵਾਈ ਹੇਠ ਅਤੇ ਇਸ ਦੀ ਸਹੀ ਸੇਧ ਵਿਚ ਦ੍ਰਿੜ੍ਹ ਭਰੋਸੇ ਨਾਲ, ਮਜ਼ਦੂਰ ਜਮਾਤ, ਸਹਿਕਾਰੀ ਕਿਸਾਨੀ, ਨੌਜਵਾਨਾਂ ਅਤੇ ਬੁੱਧੀ-ਜੀਵੀਆਂ ਨੇ ਸਮਾਜਵਾਦੀ ਉੱਨਤੀ ਦੀਆਂ ਕਠਨਾਈਆਂ ਉੱਤੇ ਕਾਬੂ ਪਾਉਣ ਲਈ ਅਤੇ ਵਿਦੇਸ਼ੀ ਦੁਸ਼ਮਣਾਂ ਵਲੋਂ ਪੈਦਾ ਕੀਤੀਆਂ ਗਈਆਂ ਕਠਨਾਈਆਂ ਉੱਤੇ ਕਾਬੂ ਪਾਉਣ ਲਈ ਬਹੁਤ ਹੀ ਸਖ਼ਤ ਦਿਮਾਗੀ ਅਤੇ ਜਿਸਮਾਨੀ ਕੰਮ ਕੀਤਾ।

ਸਾਡੀ ਪਾਰਟੀ ਬੜੀ ਦਲੇਰੀ ਅਤੇ ਗੌਰਵ ਨਾਲ ਇਸ ਕਾਂਗਰਸ ਵਿਚ ਆਈ ਹੈ, ਜਿਵੇਂ ਇਹ ਪਹਿਲੀਆਂ ਕਾਂਗਰਸਾਂ ਵਿਚ ਵੀ ਆਉਂਦੀ ਰਹੀ ਹੈ, ਕਿਉਂਕਿ ਇਸ ਨੇ ਮਿਥੇ ਹੋਏ ਮਹਾਨ ਕਾਰਜ ਸਫਲਤਾਪੂਰਵਕ ਮੁਕੰਮਲ ਕੀਤੇ ਹਨ, ਕਿਉਂਕਿ ਇਸ ਨੇ ਲੋਕਾਂ ਦੇ ਉਸ ਦ੍ਰਿੜ੍ਹ ਭਰੋਸੇ ਨੂੰ ਉੱਚਿਤ ਠਹਿਰਾਇਆ ਹੈ ਜੋ ਭਰੋਸਾ ਲੋਕ ਇਸ ਤੇ ਰੱਖਦੇ ਹਨ। ਸਾਡੇ ਲੋਕ ਆਪਣੇ ਕੰਮ ਅਤੇ ਯਤਨਾਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ। ਇਹ ਇਕ ਬਹੁਤ ਹੀ ਰਚਨਾਤਮਕ ਅਤੇ ਲਾਹੇਵੰਦ ਕੰਮ ਸੀ ਜਿਸ ਨੇ ਉਹਨਾਂ ਲਈ ਨਵੀਂ ਖ਼ੁਸ਼ੀ ਅਤੇ ਉੱਨਤੀ ਲਿਆਂਦੀ, ਜਿਸਨੇ ਉਹਨਾਂ ਨੂੰ ਹੋਰ ਵਧੇਰੇ ਆਸ਼ਾਵਾਨ ਅਤੇ ਖ਼ੁਸ਼ਹਾਲ ਬਣਾਇਆ ਹੈ।

6ਵੀਂ ਪੰਜ-ਸਾਲਾ ਯੋਜਨਾ ਦੁਰਾਨ ਵੀ, ਦੇਸ਼ ਦਾ ਉਦਯੋਗੀਕਰਣ ਬੇਰੋਕ ਅੱਗੇ ਵਧਦਾ ਰਿਹਾ। ਸਾਡੇ ਦੇਸ਼ ਦੀ ਖਣਿਜ ਦੌਲਤ ਅਤੇ ਹੋਰ ਕੱਚੇ-ਮਾਲਾਂ ਦੀ ਕਦਰ (Value) ਦਾ ਉਪਯੋਗ ਹੋਰ ਵਧੇਰੇ ਉੱਚੀ ਪੱਧਰ ਤੇ ਪੁੱਜ ਗਿਆ। "ਸਟੀਲ ਆਫ ਦ ਪਾਰਟੀ" ਧਾਤ-ਸੋਧਕ ਕਾਰਖ਼ਾਨੇ, ਲੋਹ-ਕ੍ਰੋਮ ਕਾਰਖ਼ਾਨੇ, ਖਣਿਜ-ਧਾਤ-ਸੋਧਕ ਕਾਰਖ਼ਾਨੇ, ਤੇਲ-ਸੋਧਕ ਕਾਰਖ਼ਾਨੇ, ਆਦਿ, ਨਵੇਂ ਕਾਰਖ਼ਾਨੇ ਉਸਾਰਨ ਨਾਲ ਇਹਨਾਂ ਪਦਾਰਥਾਂ ਦਾ ਇਕ ਚੋਖਾ ਹਿੱਸਾ ਹੁਣ ਦੇਸ਼ ਅੰਦਰ ਹੀ ਤਬਦੀਲ ਕੀਤਾ ਅਤੇ ਸੋਧਿਆ ਜਾਂਦਾ ਹੈ। ਇਸ ਤਰ੍ਹਾਂ ਸਮੁੱਚੀ ਆਰਥਿਕਤਾ ਦੀ ਉੱਨਤੀ ਲਈ ਇਕ ਨਿੱਗਰ ਅਤੇ ਭਰੋਸੇਯੋਗ ਅਧਾਰ ਉਸਾਰਿਆ ਗਿਆ ਹੈ। ਇਹ ਪਾਰਟੀ ਦੀ ਸਹੀ ਸੇਧ ਦੀ ਇਕ ਸਫ਼ਲਤਾ ਹੈ। ਏਸੇ ਤਰ੍ਹਾਂ ਹੀ ਤਾਕਤਵਰ ਸ਼ਕਤੀ (energy) ਆਧਾਰ ਨੂੰ ਯਕੀਨੀ ਬਣਾਉਣਾ ਵੀ, ਜੋ "ਲਾਈਟ ਆਫ ਦ ਪਾਰਟੀ" ਪਣ-ਬਿਜਲੀ ਸਟੇਸ਼ਨ ਦੀਆਂ ਸਭ ਕਮਬਾਈਨਾਂ ਚਾਲੂ ਹੋਣ ਨਾਲ ਹੋਰ ਵੀ ਮਜ਼ਬੂਤ ਹੋਇਆ, ਪਾਰਟੀ ਦੀ ਸਹੀ ਸੇਧ ਦੀ ਹੀ ਇਕ ਸਫਲਤਾ ਹੈ।

ਸਾਡੀ ਖੇਤੀ ਨੇ ਵੀ ਸਭ ਦਿਸ਼ਾਵਾਂ ਵਿਚ ਭਰਵੀਂ ਤਰੱਕੀ ਕੀਤੀ ਹੈ। ਪਾਰਟੀ ਦੀ ਇਹ ਸੇਧ ਹੈ ਕਿ ਇਕ ਲਗਾਤਾਰ ਤਾਕਤਵਰ ਬਣ ਰਹੇ ਤਕਨੀਕੀ ਆਧਾਰ ਅਤੇ ਨਵੀਨਤਮ ਜ਼ਰਾਇਤੀ-ਤਕਨੀਕੀ ਜਾਣਕਾਰੀ ਦੇ ਆਧਾਰ ਤੇ ਇਸ ਨੂੰ ਲਾਜ਼ਮੀ ਹੀ ਇਕ ਨਵੀਨ ਵੱਡੇ ਪੈਮਾਨੇ ਦੇ ਉਤਪਾਦਨ ਦੀ ਸਮਾਜਵਾਦੀ ਖੇਤੀ 'ਚ ਬਦਲਣਾ ਚਾਹੀਦਾ ਹੈ। ਤਜ਼ਰਬੇ ਨੇ ਸਾਬਿਤ ਕਰ ਦਿੱਤਾ ਹੈ ਕਿ ਇਹ ਇਕ ਸਹੀ ਅਤੇ ਪੂਰੀ ਤਰ੍ਹਾਂ ਸਾਕਾਰ ਕੀਤੀ ਜਾ ਸਕਣ ਵਾਲੀ ਸੇਧ ਹੈ। ਖੇਤੀ ਉਤਪਾਦਨ ਵਿਚ ਲਗਾਤਾਰ ਹਰ ਸਾਲ ਹੋ ਰਿਹਾ ਵਾਧਾ ਅਤੇ ਵਸੋਂ ਅਤੇ ਉਦਯੋਗ ਦੀਆਂ ਲੋੜਾਂ ਦੀ ਲਗਾਤਾਰ ਚੰਗੇਰੀ ਹੋ ਰਹੀ ਪੂਰਤੀ ਇਸ ਦੀ ਗਵਾਹੀ ਭਰਦੀ ਹੈ।

ਸੱਭਿਆਚਾਰ ਅਤੇ ਵਿੱਦਿਆ ਦੇ ਖੇਤਰ ਵਿਚ ਵੀ ਅਹਿਮ ਤਰੱਕੀ ਹਾਸਲ ਕੀਤੀ ਗਈ ਹੈ। ਸਾਡੇ ਸੱਭਿਆਚਾਰ ਦੇ ਸਮਾਜਵਾਦੀ ਤੱਤ, ਕੌਮੀ ਮੁਹਾਂਦਰਾ ਅਤੇ ਲੋਕ-ਪ੍ਰਿਯ ਬਿਰਤੀ ਹੋਰ ਵਧੇਰੇ ਵਿਕਸਤ ਅਤੇ ਮਜ਼ਬੂਤ ਕੀਤੇ ਗਏ ਹਨ। ਸੱਭਿਆਚਾਰ ਅਤੇ ਇਸ ਦੀਆਂ ਸਭ ਕਦਰਾਂ-ਕੀਮਤਾਂ ਲੋਕਾਂ ਵਿਚ ਵੱਧ ਤੋਂ ਵੱਧ ਪ੍ਰਚੱਲਤ ਕੀਤੀਆਂ ਜਾ ਰਹੀਆਂ ਹਨ। ਸਾਡੇ ਨਵੇਂ ਸੱਭਿਆਚਾਰ ਦੀ ਇਕ ਖ਼ੂਬੀ ਇਹ ਹੈ ਕਿ ਇਹ ਆਪਣੇ-ਆਪ ਨੂੰ ਬੁਰਜ਼ੂਆ ਅਤੇ ਸੋਧਵਾਦੀ ਸੱਭਿਆਚਾਰ ਦੇ ਵੱਖ-ਵੱਖ ਦਬਾਵਾਂ ਅਤੇ ਅਸਰਾਂ ਤੋਂ ਆਜ਼ਾਦ ਰੱਖ ਸਕਿਆ ਹੈ, ਇਸਨੇ ਆਪਣੀ ਖ਼ਾਲਸੀਅਤ ਅਤੇ ਸਮਾਜਵਾਦੀ ਨਕਸ਼ਾਂ ਨੂੰ ਬਰਕਰਾਰ ਰੱਖਿਆ ਹੈ। ਲੋਕ-ਵਿਦਿਆ ਨੇ ਉੱਨਤੀ ਕੀਤੀ ਹੈ; ਨਵੀਂ ਪੀੜ੍ਹੀ ਦੀ ਵਿਸਤ੍ਰਿਤ ਵਿਦਿਆ ਯਕੀਨੀ ਬਣਾਉਣ ਅਤੇ ਸਾਡੀ ਵਰਤਮਾਨ ਅਤੇ ਭਵਿੱਖ ਦੀ ਉੱਨਤੀ ਲਈ ਲੋੜੀਂਦੇ ਮਾਹਰ ਪੈਦਾ ਕਰਨ ਮੁਤੱਲਕ ਪਾਰਟੀ ਦੀਆਂ ਹਦਾਇਤਾਂ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਗਿਆ ਹੈ।

ਸੰਕਟ ਦੇ ਇਸ ਘੋਰ ਸਮੇਂ, ਜਦ ਸਮੁੱਚੀ ਪੂੰਜੀਵਾਦੀ ਅਤੇ ਸੋਧਵਾਦੀ ਦੁਨੀਆਂ ਸੰਕਟ ਦੀ ਲਪੇਟ 'ਚ ਹੈ, ਜਿੱਥੇ ਅਨੇਕਾਂ ਰਾਜਨੀਤਿਕ ਝੱਖੜ ਝੁੱਲ ਰਹੇ ਹਨ, ਉਤਪਾਦਨ ਵਿਚ ਖੜੋਤ ਅਤੇ ਕਮੀ ਆ ਰਹੀ ਹੈ, ਜੀਵਨ ਪੱਧਰ ਅਤੇ ਇਖਲਾਕੀ ਕਦਰਾਂ ਵਿਚ ਗਿਰਾਵਟ ਆ ਰਹੀ ਹੈ, ਐਸੇ ਘੋਰ ਸਮੇਂ, ਸਾਡੇ ਦੇਸ਼ ਵਿਚ ਮੁਕੰਮਲ ਰਾਜਨੀਤਿਕ ਅਤੇ ਆਰਥਿਕ ਮਜ਼ਬੂਤੀ ਹੈ ਸਾਡਾ ਸਮਾਜ ਨਿਗਰ ਹੈ, ਸਾਡੇ ਲੋਕ ਵਰਤਮਾਨ ਅਤੇ ਭਵਿੱਖ ਬਾਰੇ ਵਿਸ਼ਵਾਸ-ਭਰਪੂਰ ਹਨ। ਬੀਤੇ ਪੰਜ ਸਾਲਾਂ ਦੁਰਾਨ, ਪਾਰਟੀ ਅਤੇ ਸਾਡੀ ਰਾਜਸੱਤਾ ਤੋਂ ਵਿੱਦਿਆ ਅਤੇ ਸਿਖਲਾਈ ਲੈ ਕੇ ਲੋਕਾਂ ਦੇ ਇਕ ਵਿਸ਼ਾਲ ਦਸਤੇ ਨੇ ਪਹਿਲੀ ਵਾਰ ਕੰਮ ਸ਼ੁਰੂ ਕੀਤਾ ਅਤੇ ਇਸ ਤਰ੍ਹਾਂ ਸ਼ਹਿਰਾਂ ਅਤੇ ਪਿੰਡਾਂ ਦੇ ਮਿਹਨਤਕਸ਼ ਲੋਕਾਂ ਦੀ ਵਿਸ਼ਾਲ ਫੌਜ ਦੀ ਗਿਣਤੀ ਵਧਾਈ ਅਤੇ ਇਸ ਨੂੰ ਹੋਰ ਵਧੇਰੇ ਨਿੱਗਰ ਬਣਾਇਆ। ਇਹ ਸੱਚਾਈ ਬਹੁਤ ਹੀ ਅਹਿਮ ਹੈ ਕਿਉਂਕਿ ਅੱਜ ਬਾਕੀ ਦੀ ਸਾਰੀ ਦੁਨੀਆਂ ਵਿਚ ਇਹ ਹਾਲਤ ਹੈ ਕਿ ਨਵੀਂ ਪੀੜ੍ਹੀ ਨੂੰ ਕੰਮ ਮਿਲਣਾ ਤਾਂ ਇਕ ਪਾਸੇ ਰਿਹਾ, ਸਗੋਂ ਪੁਰਾਣੀ ਪੀੜ੍ਹੀ ਦੇ ਲੋਕਾਂ ਵਿਚ ਵੀ ਬੇਰੁਜ਼ਗਾਰੀ ਵਧ ਰਹੀ ਹੈ।

ਸਾਡੀ ਲੋਕ-ਰਾਜਸੱਤਾ ਦੀ ਹੋਰ ਵਧੇਰੇ ਮਜ਼ਬੂਤੀ ਕੀਤੀ ਗਈ ਹੈ ਅਤੇ ਜਮਹੂਰੀਕਰਣ ਕੀਤਾ ਗਿਆ ਹੈ। ਦੇਸ਼ ਦੇ ਸ਼ਾਸਨ ਵਿਚ ਲੋਕਾਂ ਦੀ ਸ਼ਮੂਲੀਅਤ ਹੋਰ ਵਧੇਰੇ ਸਰਗਰਮ ਬਣੀ ਅਤੇ ਇਕ ਉਚੇਰੇ ਪੱਧਰ ਤੇ ਪਹੁੰਚ ਗਈ ਹੈ। ਸਾਡੀ ਸਮਾਜਵਾਦੀ ਜਮਹੂਰੀਅਤ ਨੂੰ ਹੋਰ ਵਧੇਰੇ ਵਿਸਤ੍ਰਿਤ ਕੀਤਾ ਗਿਆ ਹੈ ਅਤੇ ਅਜੇਹੇ ਚੰਗੇਰੇ ਹਾਲਾਤ ਬਣਾਏ ਗਏ ਹਨ ਕਿ ਲੋਕ ਵੱਧ ਤੋਂ ਵੱਧ ਆਪਣੇ ਹੱਕ ਮਾਣ ਸਕਣ ਅਤੇ ਸਮਾਜ ਪ੍ਰਤੀ ਆਪਣੇ ਫਰਜ਼ਾਂ ਨੂੰ ਚੰਗੀ ਤਰ੍ਹਾਂ ਨਿਭਾ ਸਕਣ।

ਅੰਦਰੂਨੀ ਹਾਲਤ ਕਦੇ ਵੀ ਏਨੀ ਮਜ਼ਬੂਤ ਨਹੀਂ ਸੀ ਜਿੰਨੀ ਕਿ ਅੱਜ ਹੈ। ਲੋਕਾਂ ਦੀ ਮਜ਼ਬੂਤੀ ਅਤੇ ਏਕਤਾ, ਸਹਿਕਾਰੀ ਕਿਸਾਨੀ ਦੀ ਮਜ਼ਦੂਰ ਜਮਾਤ ਨਾਲ ਭਿਆਲੀ ਅਤੇ ਸਾਡੇ ਸਮਾਜ ਦੇ ਵੱਖ ਵੱਖ ਤਬਕਿਆਂ ਵਿਚਕਾਰ ਸਹਿਯੋਗ ਅਤੇ ਮਿੱਤਰਤਾ, ਹੋਰ ਵਧੇਰੇ ਮਜ਼ਬੂਤ ਅਤੇ ਨਿੱਗਰ ਬਣਾਈਆਂ ਗਈਆਂ ਹਨ। ਲੋਕਾਂ ਨਾਲ ਪਾਰਟੀ ਦੇ ਸਬੰਧ ਹੋਰ ਮਜ਼ਬੂਤ ਕੀਤੇ ਗਏ ਹਨ ਅਤੇ ਉਹਨਾਂ ਦਾ ਪ੍ਰਸਪਰ ਭਰੋਸਾ ਵਧੇਰੇ ਨਿੱਗਰ ਬਣਾਇਆ ਗਿਆ ਹੈ।

ਇਸ ਮਹਾਨ ਏਕਤਾ ਦਾ ਇਕ ਸ਼ਾਨਦਾਰ ਨਮੂਨਾ ਉਹ ਦ੍ਰਿੜ੍ਹਤਾ, ਉਹ ਸਾਹਸ ਅਤੇ ਦਲੇਰੀ ਹੈ ਜਿਸ ਨਾਲ ਸਾਡੇ ਲੋਕ ਪਾਰਟੀ ਵਲੋਂ ਮਿਥੇ ਕਾਰਜਾਂ ਨੂੰ ਪੂਰਾ ਕਰਨ ਲਈ ਸਾਡੇ ਰਾਹ 'ਚ ਆਈਆਂ ਵੱਖ ਵੱਖ ਕਠਨਾਈਆਂ ਨੂੰ ਦੂਰ ਕਰਨ ਲਈ ਅਤੇ ਸਾਮਰਾਜੀ-ਸੋਧਵਾਦੀ ਘੇਰਾਓ ਅਤੇ ਨਾਕਾਬੰਦੀ ਦਾ ਡਟਕੇ ਮੁਕਾਬਲਾ ਕਰਨ ਲਈ ਸੰਘਰਸ਼ ਕਰਦੇ ਹਨ।

ਪਾਰਟੀ ਦੀ ਸਹੀ ਸੇਧ ਅਤੇ ਵਿਸ਼ੇਸ਼ ਤਵੱਜੋਂ ਸਦਕੇ, ਸਮਾਜਵਾਦੀ ਅਲ-ਬਾਨੀਆਂ ਕੋਲ ਅੱਜ ਇਕ ਭਰੋਸੇ-ਯੋਗ ਅਤੇ ਅਜਿੱਤ ਸੁਰੱਖਿਆ-ਸ਼ਕਤੀ ਹੈ। ਸਾਡੇ

ਲੋਕ ਅਤੇ ਸੈਨਾ ਹਮੇਸ਼ਾ ਚੌਕੰਨੇ ਰਹਿੰਦੇ ਹਨ ਅਤੇ ਆਪਣੇ ਵਤਨ ਦੀ ਆਜ਼ਾਦੀ ਅਤੇ ਸਮਾਜਵਾਦ ਦੀਆਂ ਜਿੱਤਾਂ ਦੀ ਰਖਵਾਲੀ ਲਈ ਨਿਡੱਰ ਅਤੇ ਤਿਆਰ-ਬਰ-ਤਿਆਰ ਰਹਿੰਦੇ ਹਨ।

ਦੁਨੀਆਂ ਵਿਚ ਹਰ ਜਗ੍ਹਾ ਅਗਾਂਹ-ਵਧੂ ਅਤੇ ਅਮਨ-ਪਸੰਦ ਲੋਕ ਅਤੇ ਦੇਸ਼ ਸਾਡੇ ਦੇਸ਼ ਦਾ ਮਾਣ ਅਤੇ ਸਤਿਕਾਰ ਕਰਦੇ ਹਨ। ਇਸ ਦੀ ਕੌਮਾਂਤਰੀ ਸਥਿਤੀ ਮਜ਼ਬੂਤ ਹੈ। ਇਸ ਦੇ ਦੋਸਤ ਅਤੇ ਸ਼ੁੱਭ-ਚਿੰਤਕ ਦਿਨ-ਬ-ਦਿਨ ਵਧ ਰਹੇ ਹਨ। ਸਾਮਰਾਜਵਾਦ ਅਤੇ ਨਵ-ਸੋਧਵਾਦ ਵਿਰੁੱਧ ਇਸ ਦੇ ਦ੍ਰਿੜ੍ਹ ਅਤੇ ਅਸੂਲੀ ਸੰਘਰਸ਼ ਨੇ ਮਾਰਕਸਵਾਦੀ-ਲੈਨਿਨਵਾਦੀਆਂ, ਇਨਕਲਾਬੀਆਂ ਅਤੇ ਇਮਾਨਦਾਰ ਅਤੇ ਜਮਹੂਰ-ਪਸੰਦ ਲੋਕਾਂ ਵਿਚ ਪਾਰਟੀ ਆਫ ਲੇਬਰ ਅਤੇ ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ ਅਲਬਾਨੀਆਂ ਪ੍ਰਤੀ ਹਮਦਰਦੀ ਅਤੇ ਪਿਆਰ ਨੂੰ ਵਧਾਇਆ ਹੈ।

ਸਾਡੀ ਪਾਰਟੀ ਅਤੇ ਲੋਕਾਂ ਨੇ ਬੜੀ ਸਫ਼ਲਤਾਪੂਰਵਕ ਉਨ੍ਹਾਂ ਕਠਨਾਈਆਂ ਉੱਤੇ ਕਾਬੂ ਪਾ ਲਿਆ ਹੈ ਜੋ ਕਠਨਾਈਆਂ ਚੀਨ ਵਲੋਂ ਇੱਕ-ਦਮ ਅਤੇ ਬੇ-ਰਹਿਮੀ ਨਾਲ ਸਭ ਆਰਥਿਕ ਸਬੰਧ ਤੋੜਨ ਨਾਲ ਪੈਦਾ ਹੋਈਆਂ ਸਨ। ਚੀਨੀ ਸੋਧ-ਵਾਦੀਆਂ ਨੇ ਸੋਚਿਆ ਕਿ ਉਹ ਆਪਣੀ ਇਸ ਦੁਸ਼ਮਣੀ-ਭਰੀ ਕਰਤੂਤ ਰਾਹੀਂ ਸਾਡੀ ਆਰਥਿਕਤਾ ਨੂੰ ਖਿੰਡ-ਪੁੰਡ ਕਰ ਦੇਣਗੇ ਅਤੇ ਇਸ ਦੇ ਵਿਕਾਸ ਨੂੰ ਲੰਬੇ ਸਮੇਂ ਲਈ ਰੋਕ ਦੇਣਗੇ, ਕਿ ਉਹ ਅਲਬਾਨੀਆਂ ਨੂੰ ਸਿਆਸੀ ਅਤੇ ਵਿਚਾਰਧਾਰਕ ਛੋਟਾਂ ਦੇਣ ਤੇ. ਵਿਦੇਸ਼ੀਆਂ ਅੱਗੇ ਹੱਥ ਅੱਡਣ ਅਤੇ ਬਾਹਰੋਂ ਮਦਦ ਅਤੇ ਹਮਾਇਤ ਦੀ ਭਿੱਖ ਮੰਗਣ ਤੇ ਮਜਬੂਰ ਕਰ ਦੇਣਗੇ। ਲੇਕਿਨ ਉਨ੍ਹਾਂ ਦੀਆਂ, ਅਤੇ ਉਨ੍ਹਾਂ ਤੋਂ ਬਾਅਦ ਕੌਮਾਂਤਰੀ ਪਿਛਾਖੜ ਜਿਸ ਨੇ ਅਲਬਾਨੀਆਂ ਨੂੰ ਆਪਣਾ ਰਾਹ ਬਦਲਣ ਤੇ ਮਜਬੂਰ ਕਰਨ ਦੀਆਂ ਆਸਾਂ ਲਾ ਰੱਖੀਆਂ ਸਨ—ਦੀਆਂ ਸਭ ਉਮੀਦਾਂ ਪੂਰੀ ਤਰ੍ਹਾਂ ਫੇਲ੍ਹ ਹੋ ਗਈਆਂ। ਮਹਾਨ ਰਾਜਨੀਤਕ ਸਿਆਣਪ ਅਤੇ ਸ਼ਾਨਦਾਰ ਦੇਸ਼-ਭਗਤ ਜਜ਼ਬਾਤਾਂ ਨਾਲ, ਆਪਣੀਆਂ ਸ਼ਕਤੀਆਂ ਦੀ ਸੱਜਰੀ ਲਾਮਬੰਦੀ ਅਤੇ ਆਪਣੇ ਸੰਘਰਸ਼ ਦੀ ਜਿੱਤ ਵਿਚ ਅਟੱਲ ਭਰੋਸੇ ਨਾਲ, ਸਾਡੇ ਲੋਕਾਂ ਨੇ ਪੈਦਾ ਹੋਈਆਂ ਕਠਨਾਈਆਂ ਉੱਤੇ ਕਾਬੂ ਪਾਇਆ।

ਸਾਡੀ ਪਾਰਟੀ ਨਵੇਂ ਸੰਘਰਸ਼ਾਂ 'ਚ ਚੰਡ ਹੋ ਕੇ ਅਤੇ ਤਜਰਬੇ ਵਿਚ ਹੋਰ ਵਧੇਰੇ ਅਮੀਰ ਬਣ ਕੇ ਆਪਣੀ 8ਵੀਂ ਕਾਂਗਰਸ ਵਿਚ ਆਈ ਹੈ। ਇਹ ਪ੍ਰੋਲੇ-ਤਾਰੀਅਨ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਨਾਲ ਲੈਸ, ਨਿੱਗਰ ਅੰਦਰੂਨੀ ਏਕਤਾ, ਲੋਕਾਂ ਨਾਲ ਗੂੜ੍ਹੇ ਸੰਬੰਧਾਂ ਅਤੇ ਨਵੀਆਂ ਜਥੇਬੰਦਕ, ਲਾਮਬੰਦਕ ਅਤੇ ਅਗਵਾਈ ਦੇਣ ਦੀਆਂ ਯੋਗਤਾਵਾਂ ਲੈ ਕੇ ਇਸ ਕਾਂਗਰਸ ਵਿਚ ਆਈ ਹੈ ਅਤੇ ਹਮੇਸ਼ਾਂ ਨਵੇਂ ਅਤੇ ਵੱਡੇ ਕਾਰਜਾਂ ਦਾ ਬੀੜਾ ਚੁੱਕਣ ਅਤੇ ਸਫਲਤਾ ਪੂਰਵਕ ਉਨ੍ਹਾਂ ਨੂੰ ਨੇਪਰੇ ਚਾੜ੍ਹਨ ਲਈ ਤਿਆਰ-ਬਰ-ਤਿਆਰ ਹੈ।

ਸਾਡੀ ਇਸ ਕਾਂਗਰਸ ਦੀ ਕਾਰਵਾਈ, ਇਕ ਸ਼ਾਨਦਾਰ ਵਰ੍ਹੇਗੰਢ, ਸਾਡੀ ਦਲੇਰ ਪਾਰਟੀ ਆਫ਼ ਲੇਬਰ ਦੀ ਸਥਾਪਨਾ ਦੀ 40ਵੀਂ ਵਰ੍ਹੇਗੰਢ ਦੇ ਮੌਕੇ ਤੇ ਚਲ ਰਹੀ ਹੈ। 40 ਸਾਲ ਪਹਿਲਾਂ ਸਾਡੇ ਲੋਕਾਂ ਨੇ ਆਪਣੀ ਤਕਦੀਰ, ਵਤਨ ਦੇ ਜੀਵਨ ਅਤੇ ਭਵਿੱਖ ਦੀ ਵਾਗਡੋਰ ਅਲਬਾਨੀਅਨ ਕਮਿਊਨਿਸਟ ਦੇ ਹਵਾਲੇ ਕੀਤੀ। ਸਾਡੀ ਪਾਰਟੀ ਨੇ ਆਪਣੇ ਸ਼ਾਨਦਾਰ ਕੰਮ ਰਾਹੀਂ, ਇਨਕਲਾਬ ਦੀ ਜਿੱਤ ਅਤੇ ਨਵੇਂ ਸਮਾਜਵਾਦੀ ਅਲਬਾਨੀਆਂ ਦੀ ਸਿਰਜਨਾਂ ਰਾਹੀਂ ਉਨ੍ਹਾਂ ਦੇ ਇਸ ਵਿਸ਼ਵਾਸ ਦਾ ਮਾਣ ਰੱਖਿਆ। ਲੋਕਾਂ ਦੇ ਵਿਸ਼ਵਾਸ ਤੋਂ ਉਤਸ਼ਾਹਿਤ ਹੋ ਕੇ ਅਤੇ ਆਪਣੀ ਇਤਿਹਾਸਕ ਜ਼ਿੰਮੇਂਵਾਰੀ ਅਤੇ ਸ਼ਾਨਦਾਰ ਕਾਰਜ ਬਾਰੇ ਪੂਰੀ ਤਰ੍ਹਾਂ ਚੇਤੰਨ ਰਹਿੰਦਿਆਂ ਸਾਡੀ ਪਾਰਟੀ ਨੇ ਬਹੁਤ ਸਿਆਣਪ ਅਤੇ ਦਲੇਰੀ ਨਾਲ ਸਭ ਸੰਘਰਸ਼ਾਂ ਵਿਚ ਜਿੱਤਾਂ ਹਾਸਲ ਕਰਨ ਵਿਚ ਅਲਬਾਨੀਅਨ ਲੋਕਾਂ ਨੂੰ ਅਗਵਾਈ ਦਿੱਤੀ।

ਪਾਰਟੀ ਦੀ ਅਗਵਾਈ ਹੇਠ ਸਾਡੇ ਆਜ਼ਾਦ ਜੀਵਨ ਦੇ ਸਾਲਾਂ ਵਿਚ ਕੀਤੀ ਗਈ ਸ਼ਾਨਦਾਰ ਤਰੱਕੀ ਅਤੇ ਸਫਲਤਾਵਾਂ ਨੇ ਦਿਖਾ ਦਿੱਤਾ ਹੈ ਕਿ ਕੋਈ ਵੀ ਅਜਿਹੀ ਤਾਕਤ ਨਹੀਂ ਜੋ ਅਲਬਾਨੀਆਂ ਵਿਚ ਸਮਾਜਵਾਦ ਨੂੰ ਅਤੇ ਸਾਡੇ ਵਤਨ ਦੀ ਆਜ਼ਾਦੀ ਅਤੇ ਖ਼ੁਦ-ਮੁਖ਼ਤਾਰੀ ਨੂੰ ਕੋਈ ਗੰਭੀਰ ਨੁਕਸਾਨ ਕਰ ਸਕਦੀ ਹੋਵੇ ਜਾਂ ਸਾਡੇ ਭਵਿੱਖ ਦੀ ਉਜਲਤਾ ਨੂੰ ਮੱਧਮ ਕਰ ਸਕਦੀ ਹੋਵੇ। ਸਵੈ-ਨਿਰਭਰਤਾ ਦੇ ਮਾਰਕਸਵਾਦੀ-ਲੈਨਿਨਵਾਦੀ ਅਸੂਲ ਨੂੰ ਲਗਾਤਾਰ ਅਤੇ ਦ੍ਰਿੜ੍ਹਤਾ ਨਾਲ ਲਾਗੂ ਕਰਨ, ਦੇਸ਼ ਦੇ ਕੱਚੇ-ਮਾਲਾਂ ਦੇ ਆਧਾਰ ਉੱਤੇ ਆਧੁਨਿਕ ਉਦਯੋਗ ਉਸਾਰਨ ਅਤੇ ਲੋਕਾਂ ਲਈ ਖਾਧ-ਪਦਾਰਥਾਂ ਦੀ ਸਪਲਾਈ ਦੀ ਗਰੰਟੀ ਦੇਣ ਵਾਲੀ ਖੇਤੀ ਉਸਾਰਨ ਦਿ ਨੀਤੀ ਅਤੇ ਸਭ ਖੇਤਰਾਂ ਵਿਚ ਕੰਮ ਕਰਨ ਅਤੇ ਅਗਵਾਈ ਦੇਣ ਦੀ ਯੋਗਤਾ ਰੱਖਣ ਵਾਲੇ ਚੋਖੇ ਤਕਨੀਕੀ ਅਤੇ ਵਿਗਿਆਨੀ ਕੇਡਰਾਂ ਦੀ ਸਿਖਲਾਈ ਸਭ ਦਿਸ਼ਾਵਾਂ ਵਿਚ ਸਫ਼ਲਤਾਵਾਂ ਹਾਸਲ ਕਰਨ ਲਈ ਲਾਜ਼ਮੀ ਸਾਬਿਤ ਹੋਏ ਹਨ। ਸਾਡੀ ਪਰਟੀ ਦੀ ਇਸ ਸੁਘੜ ਅਤੇ ਦੂਰ-ਦਰਸ਼ੀ ਨੀਤੀ ਨੇ ਉਹ ਨਿੱਗਰ ਬੁਨਿਆਦ ਤਿਆਰ ਕੀਤੀ ਹੈ ਜਿਸ ਉੱਤੇ ਸਾਡਾ ਬੇਰੋਕ ਆਰਥਿਕ ਅਤੇ ਸਭਿਆਚਾਰਕ ਵਿਕਾਸ ਅਧਾਰਿਤ ਹੈ, ਅਤੇ ਜੋ ਸਾਡੇ ਸਮਾਜਵਾਦੀ ਰਾਹ ਦੀ ਗਰੰਟੀ ਹੈ।

ਸਿਆਸੀ ਆਜ਼ਾਦੀ ਦੇ ਨਾਲੋ ਨਾਲ ਆਰਥਿਕ ਆਜ਼ਾਦੀ ਦੀ ਪ੍ਰਾਪਤੀ, ਖ਼ੁਦ ਲੋਕਾਂ ਵਲੋਂ ਦੇਸ਼ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਣਾ, ਮਿਹਨਤਕਸ਼ ਲੋਕਾਂ ਨੂੰ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਨਾਲ ਲੈਸ ਕਰਨਾ ਅਜਿਹੇ ਮਜ਼ਬੂਤ ਅਤੇ ਅਡੋਲ ਥੰਮ੍ਹ ਹਨ ਜਿਨ੍ਹਾਂ ਉੱਤੇ ਸਾਡਾ ਸਮਾਜਵਾਦੀ ਕਿਲ੍ਹਾ ਖੜ੍ਹਾ ਹੈ। ਇਹ ਇਕ ਸੱਚੇ ਸਮਾਜਵਾਦੀ ਰਾਜ ਦੇ ਬੁਨਿਆਦੀ ਲਕਸ਼ ਹਨ। ਸਮੁੱਚੇ ਤੌਰ ਤੇ ਇਹ ਪ੍ਰਾਪਤੀਆਂ ਅਲਬਾਨੀਆਂ ਵਿਚ ਸਮਾਜਵਾਦ ਦਾ ਇਤਿਹਾਸਕ ਤਜ਼ਰਬਾ ਬਣਦੀਆਂ ਹਨ। ਅਲਬਾਨੀਆਂ ਦਾ ਤਜ਼ਰਬਾ ਦਿਖਾਉਂਦਾ ਹੈ ਕਿ ਇਕ ਛੋਟਾ ਜਿਹਾ ਪਛੜੇ ਹੋਏ ਪਦਾਰਥਕ-ਤਕਨੀਕੀ ਅਧਾਰ ਵਾਲਾ ਦੇਸ਼ ਵੀ ਤੇਜ਼ ਅਤੇ ਸਰਬ-ਪੱਖੀ ਆਰ-ਥਿਕ ਅਤੇ ਸਭਿਆਚਾਰਕ ਉੱਨਤੀ ਕਰ ਸਕਦਾ ਹੈ, ਆਪਣੀ ਆਜ਼ਾਦੀ ਨੂੰ ਯਕੀਨੀ ਬਣਾ ਸਕਦਾ ਹੈ ਅਤੇ ਵਿਸ਼ਵ ਪੂੰਜੀਵਾਦ ਦੇ ਹਮਲਿਆਂ ਦਾ ਮੂੰਹ ਭੰਨ ਸਕਦਾ ਹੈ, ਅਗਰ ਇਸ ਦੀ ਅਗਵਾਈ ਇਕ ਸੱਚੀ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਕਰ ਰਹੀ ਹੋਵੇ, ਅਗਰ ਇਹ ਆਪਣੇ ਆਦਰਸ਼ਾਂ ਲਈ ਅੰਤ ਤਕ ਲੜਨ ਦੀ ਦ੍ਰਿੜ੍ਹਤਾ ਅਤੇ ਉਨ੍ਹਾਂ ਆਦਰਸ਼ਾਂ ਨੂੰ ਪ੍ਰਾਪਤ ਕਰ ਸਕਣ ਦੀ ਆਪਣੀ ਯੋਗਤਾ ਵਿਚ ਭਰੋਸਾ ਰੱਖਦਾ ਹੋਵੇ।

ਭਵਿੱਖ ਵਿਚ ਵੀ, ਪਾਰਟੀ ਆਫ ਲੇਬਰ ਆਫ ਅਲਬਾਨੀਆਂ ਦ੍ਰਿੜ੍ਹਤਾ ਅਤੇ ਦਲੇਰੀ ਨਾਲ ਉਸੇ ਸ਼ਾਨਦਾਰ ਰਾਹ ਤੇ ਚਲਦੀ ਰਹੇਗੀ ਜਿਸ (ਰਾਹ) ਉੱਤੇ ਇਹ ਆਪਣੀ ਹੋਂਦ ਦੇ 40 ਸਾਲਾਂ ਦੁਰਾਨ ਚਲਦੀ ਰਹੀ ਹੈ। ਲੋਕਾਂ ਨਾਲ ਨਹੁੰ-ਮਾਸ ਦੀ ਤਰ੍ਹਾਂ ਜੁੜੀ ਹੋਈ, ਉਨ੍ਹਾਂ ਨੂੰ ਅਗਵਾਈ ਦਿੰਦੀ ਹੋਈ ਅਤੇ ਉਨ੍ਹਾਂ ਦੇ ਨਾਲ ਮਿਲਕੇ ਇਹ ਪੂਰੀ ਲਗਨ ਨਾਲ ਸੰਘਰਸ਼ ਕਰੇਗੀ, ਕੋਈ ਵੀ ਕੁਰਬਾਨੀ ਦੇਣ ਤੋਂ ਝਿਜਕੇਗੀ ਨਹੀਂ ਅਤੇ ਇਸ ਤਰ੍ਹਾਂ ਆਪਣੇ ਲੋਕਾਂ ਅਤੇ ਆਪਣੇ ਸਮਾਜਵਾਦੀ ਵਤਨ ਲਈ ਨਵੀਆਂ ਜਿੱਤਾਂ ਅਤੇ ਉੱਨਤੀ ਨੂੰ ਯਕੀਨੀ ਬਣਾਏਗੀ।

## ਅਧਿਆਇ ਇੱਕ

# ਆਰਥਿਕਤਾ ਦਾ ਵਿਕਾਸ ਅਤੇ ਪਾਰਟੀ ਦੇ ਕਾਰਜ

ਸਾਡੀ ਸਮਾਜਵਾਦੀ ਆਰਥਿਕਤਾ, ਸਥਿਰਤਾ ਅਤੇ ਬਲ ਸਹਿਤ ਆਪਣੇ ਵਿਕਾਸ ਦੇ ਨਵੇਂ ਪੰਜ-ਸਾਲਾ ਅਰਸੇ 'ਚ ਦਾਖ਼ਲ ਹੋ ਰਹੀ ਹੈ ਅਤੇ ਸਭ ਖੇਤਰਾਂ ਵਿਚ ਸਮਾਜਿਕ ਉਤਪਾਦਨ ਦੇ ਵਿਕਾਸ ਅਤੇ ਵਾਧੇ ਦੀਆਂ ਅਤੇ ਇਸ ਦੀ ਸਮਰੱਥਾ ਦੇ ਵਾਧੇ ਦੀਆਂ ਜ਼ੋਰਦਾਰ ਸੰਭਾਵਨਾਵਾਂ ਹਨ।

6ਵੀਂ ਪੰਜ-ਸਾਲਾ ਯੋਜਨਾ ਦੇ ਮੁੱਖ ਟੀਚੇ ਸਫ਼ਲਤਾਪੂਰਵਕ ਹਾਸਲ ਕਰ ਲਏ ਗਏ ਹਨ। ਇਸ ਨੇ ਦੇਸ਼ ਦੇ ਪਦਾਰਥਿਕ-ਤਕਨੀਕੀ ਅਧਾਰ ਨੂੰ ਹੋਰ ਵੀ ਵਧੇਰੇ ਮਜ਼ਬੂਤ ਬਣਾਇਆ ਹੈ, ਕੱਚੇ ਮਾਲਾਂ ਅਤੇ ਸ਼ਕਤੀ ਸੋਮਿਆਂ 'ਚ ਵਾਧਾ ਕੀਤਾ ਹੈ ਅਤੇ ਆਰਥਿਕਤਾ ਦੇ ਇਕਸੁਰ, ਤੇਜ਼ ਅਤੇ ਬੇਰੋਕ ਵਿਕਾਸ ਲਈ ਚੰਗੇਰੇ ਹਾਲਤ ਤਿਆਰ ਕੀਤੇ ਹਨ। ਬੀਤੀ ਪੰਜ-ਸਾਲਾ ਯੋਜਨਾ ਦੇ ਦੁਰਾਨ ਉਤਪਾਦਕ ਸ਼ਕਤੀਆਂ ਦਾ ਵਿਕਾਸ ਬੜੀ ਤੇਜ਼ੀ ਨਾਲ ਅੱਗੇ ਵਧਿਆ, ਆਰਥਿਕਤਾ ਦੀ ਤੇਜ਼ੀ

ਦਾ ਅਗੇਰੇ ਵਿਕਾਸ ਹੋਇਆ ਅਤੇ ਤਕਨੀਕੀ-ਵਿਗਿਆਨਕ ਇਨਕਲਾਬ ਨੇ ਮਹੱਤਵ-ਪੂਰਨ ਤਰੱਕੀ ਕੀਤੀ। ਉਦਯੋਗ, ਖੇਤੀ ਅਤੇ ਆਰਥਿਕਤਾ ਦੀਆਂ ਹੋਰ ਸ਼ਾਖਾਵਾਂ ਵਿਚ ਹੋਰ ਵਧੇਰੇ ਤਰੱਕੀ ਹੋਈ। 1980 ਵਿਚ, 1975 ਦੇ ਮੁਕਾਬਲੇ, ਸਮਾਜਿਕ ਉਤਪਾਦਨ ਵਿਚ ਕਰੀਬ 25 ਫੀਸਦੀ ਵਾਧਾ ਹੋਇਆ ਅਤੇ ਉਦਯੋਗਿਕ ਉਤਪਾਦਨ ਵਿਚ 34 ਫੀਸਦੀ ਦੇ ਕਰੀਬ ਵਾਧਾ ਹੋਇਆ, ਜੋ ਕਿ ਆਬਾਦੀ ਦੇ ਵਾਧੇ ਨਾਲੋਂ 2-3 ਗੁਣਾ ਜ਼ਿਆਦਾ ਹੈ।

ਪਾਰਟੀ ਦੀ ਆਰਥਿਕ ਨੀਤੀ ਨੂੰ ਪਕਿਆਈ ਨਾਲ ਲਾਗੂ ਕਰਦਿਆਂ, ਉਦਯੋਗਿਕ ਉਤਪਾਦਨ ਦੇ ਢਾਂਚੇ ਵਿਚ ਇਲਮੀ ਸੁਧਾਰ ਕੀਤੇ ਗਏ, ਅਤੇ ਕੁੱਲ ਉਤਪਾਦਨ ਵਿਚ ਉਤਪਾਦਨ ਦੇ ਸਾਧਨਾਂ ਦੇ ਉਤਪਾਦਨ ਦਾ ਅਨੁਪਾਤ ਵਧਾਇਆ ਗਿਆ। ਉਦਯੋਗ ਨੇ ਪਹਿਲਾਂ ਨਾਲੋਂ ਬਿਹਤਰ ਤਰੀਕੇ ਨਾਲ ਵਸਤਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਅਤੇ ਆਰਥਿਕਤਾ ਦੇ ਸਰਬ-ਪੱਖੀ ਵਿਕਾਸ ਅਤੇ ਦੇਸ਼ ਦੀ ਸੁਰੱਖਿਆ ਵਿਚ ਇਸ ਦੀ ਭੂਮਿਕਾ ਦਾ ਵਾਧਾ ਕੀਤਾ ਗਿਆ।

5ਵੀਂ ਪੰਜ-ਸਾਲਾ ਯੋਜਨਾ ਦੇ ਮੁਕਾਬਲੇ, ਖੇਤੀ ਉਤਪਾਦਨ ਵਿਚ 21 ਫੀਸਦੀ ਵਾਧਾ ਹੋਇਆ। ਖੇਤੀ ਨੇ ਰੋਟੀ ਦੇ ਅਨਾਜ, ਖਾਧ-ਪਦਾਰਥਾਂ ਅਤੇ ਸਭ ਤੋਂ ਜ਼ਰੂਰੀ ਕੱਚੇ-ਮਾਲ ਦੀਆਂ ਲੋੜਾਂ ਪੂਰੀਆਂ ਕੀਤੀਆਂ, ਅਤੇ ਖੇਤੀ ਉਤਪਾਦਨ ਦੀ ਬਰਾਮਦ ਦੇ ਆਕਾਰ ਵਿਚ ਵਾਧਾ ਕੀਤਾ।

6ਵੀਂ ਪੰਜ-ਸਾਲਾ ਯੋਜਨਾ ਦੇ ਟੀਚੇ ਪੂਰੇ ਕਰਨ ਲਈ ਪਾਰਟੀ ਅਤੇ ਸਾਡੇ ਰਾਜ ਨੇ ਦੇਸ਼ ਦੇ ਅੰਦਰੂਨੀ ਸੋਮਿਆਂ ਅਤੇ ਸੰਭਾਵਨਾਵਾਂ ਦੀ ਉਪਯੋਗਤਾ ਦੇ ਪੱਧਰ ਨੂੰ ਉੱਚਾ ਚੁੱਕਿਆ। ਆਰਥਿਕਤਾ ਅਤੇ ਸੱਭਿਆਚਾਰ ਦੇ ਵਿਕਾਸ ਲਈ ਬੇਰੋਕ ਵਿਤੀਕਰਣ (ਮਾਲੀ-ਪ੍ਰਬੰਧ) ਯਕੀਨੀ ਬਣਾਇਆ ਗਿਆ, ਕਰੀਬ 300 ਮਹੱਤਵ-ਪੂਰਨ ਪ੍ਰਾਜੈਕਟ ਉਸਾਰੇ ਅਤੇ ਚਾਲੂ ਕੀਤੇ ਗਏ ਅਤੇ ਵਸਤਾਂ ਦੀ ਬਰਾਮਦ 51 ਫੀਸਦੀ ਵਧ ਗਈ।

ਵਧ ਰਹੀ ਆਰਥਿਕ ਸ਼ਕਤੀ ਅਤੇ ਆਰਥਿਕ ਅਤੇ ਸਮਾਜਿਕ ਖਾਸੇ ਵਾਲੇ ਕਈ ਇਕ ਉਪਾਵਾਂ ਨੇ ਲੋਕ-ਭਲਾਈ ਦੇ ਪਹਿਲਾਂ ਹੀ ਪ੍ਰਾਪਤ ਕੀਤੇ ਜਾ ਚੁੱਕੇ ਪੱਧਰ ਨੂੰ ਕਾਇਮ ਰੱਖਿਆ ਅਤੇ ਇਸ ਨੂੰ ਹੋਰ ਉੱਚਾ ਚੁੱਕਿਆ। ਸ਼ਹਿਰਾਂ ਅਤੇ ਪਿੰਡਾਂ, ਦੋਹਾਂ ਇਲਾਕਿਆਂ ਵਿਚ, ਲੋਕਾਂ ਦੀ ਅਸਲ ਪ੍ਰਤੀ-ਜੀਅ ਆਮਦਨ ਵਿਚ ਵਾਧਾ ਹੋਇਆ। ਪ੍ਰਚੂਨ ਵਸਤਾਂ ਦੀ ਵਿਕਰੀ ਕਰੀਬ 20 ਫੀਸਦੀ ਵਧੀ। ਲੋਕਾਂ ਦੀ ਰਿਹਾਇਸ਼ ਦੀਆਂ ਹਾਲਤਾਂ ਵਿਚ ਹੋਰ ਵਧੇਰੇ ਸੁਧਾਰ ਕੀਤਾ ਗਿਆ ਅਤੇ ਸਮਾਜਿਕ-ਸੇਵਾਵਾਂ ਦਾ ਹੋਰ ਵਧੇਰੇ ਪਸਾਰਾ ਕਰਨ ਲਈ ਉਪਾਉ ਕੀਤੇ ਗਏ। ਕਰੀਬ 20 ਹਜ਼ਾਰ ਲੋਕਾਂ ਨੇ ਉਚੇਰੀ ਵਿਦਿਆ ਪਾਸ ਕੀਤੀ ਅਤੇ ਇਕ ਲੱਖ ਤੇਰਾਂ ਹਜ਼ਾਰ ਤੋਂ ਵਧੇਰੇ ਵਿਦਿਆਰਥੀ ਸੈਕੰਡਰੀ ਸਕੂਲਾਂ ਤੋਂ ਪਾਸ ਹੋਏ, ਜੋ ਕਿ ਪੰਜਵੀਂ ਯੋਜਨਾ ਨਾਲੋਂ 57 ਫੀਸਦੀ ਵਧੇਰੇ ਹੈ।

ਦੇਸ਼ ਦੇ ਆਮ ਸਮਾਜੀ-ਆਰਥਿਕ ਵਿਕਾਸ ਵਿਚ ਉਪਰੋਕਤ ਪ੍ਰਾਪਤੀਆਂ ਵਿਸ਼ੇਸ਼ ਮਹੱਤਤਾ ਰੱਖਦੀਆਂ ਹਨ ਅਗਰ ਅਸੀਂ ਉਸ ਕਾਸੇ ਨੂੰ ਮੱਦੇ-ਨਜ਼ਰ ਰੱਖੀਏ ਜੋ ਪੂੰਜੀਵਾਦੀ-ਸੋਧਵਾਦੀ ਦੁਨੀਆਂ ਵਿਚ ਵਾਪਰ ਰਿਹਾ ਹੈ, ਜਿਥੇ ਆਰਥਿਕ ਸੰਕਟ ਨੇ, ਇਸ ਦੁਨੀਆਂ ਦੇ ਦੇਸ਼ਾਂ ਦੇ ਮਿਹਨਤਕਸ਼ ਲੋਕਾਂ ਅਤੇ ਸਮੁੱਚੇ ਜੀਵਨ ਉੱਤੇ ਆਪਣੇ ਮਾਰੂ ਅਸਰਾਂ ਸਹਿਤ ਉਤਪਾਦਨ ਵਿਚ ਖੜੋਤ ਅਤੇ ਕਮੀ ਲਿਆਂਦੀ ਹੈ। ਇਹ ਪ੍ਰਾਪਤੀਆਂ ਸਾਡੀ ਪਾਰਟੀ ਅਤੇ ਲੋਕਾਂ ਦੀ ਇਕ ਮਹਾਨ ਜਿੱਤ ਹਨ।

ਪਾਰਟੀ ਅਤੇ ਲੋਕਾਂ ਦੇ ਨਾਂ ਤੇ, ਇਸ ਕਾਂਗਰਸ ਦੇ ਮੰਚ ਤੋਂ ਮੈਂ ਉਦਯੋਗ ਅਤੇ ਉਸਾਰੀ ਦੇ ਮਜ਼ਦੂਰਾਂ, ਮਾਹਿਰਾਂ ਅਤੇ ਕੇਡਰਾਂ ਦੀ ਪ੍ਰਸ਼ੰਸਾ ਕਰਦਾ ਹਾਂ ਅਤੇ ਉਹਨਾਂ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਪਾਰਟੀ ਦੇ ਹੋਕੇ ਦੀ ਹਾਮੀ ਭਰਦਿਆਂ, ਚੀਨੀ ਸੋਧਵਾਦੀਆਂ ਵਲੋਂ ਪੈਦਾ ਕੀਤੇ ਕਠਿਨ ਹਾਲਤਾਂ ਵਿਚ ਵੀ, ਆਪਣੀ ਯੋਗਤਾ ਦਾ ਸਬੂਤ ਦਿੱਤਾ ਅਤੇ 6ਵੀਂ ਪੰਜ-ਸਾਲਾ ਯੋਜਨਾ ਦੇ ਮਹਾਨ ਪ੍ਰਾਜੈਕਟਾਂ ਨੂੰ ਉਸਾਰਨ ਅਤੇ ਚਾਲੂ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ ਅਤੇ ਇਸ ਤਰ੍ਹਾਂ ਆਪਣੇ ਸਮਾਜਵਾਦੀ ਵਤਨ ਨੂੰ ਹੋਰ ਮਜ਼ਬੂਤ ਕੀਤਾ।

ਇਹਨਾਂ ਪ੍ਰਾਪਤੀਆਂ ਦੇ ਬਾਵਜੂਦ, ਅਸੀਂ ਇਸ ਚੀਜ਼ ਬਾਰੇ ਵੀ ਸੁਚੇਤ ਹਾਂ ਕਿ ਇਸ ਯੋਜਨਾ ਦੇ ਕੁਝ ਟੀਚੇ ਇਨਵੈਸਟਮੇਂਟ ਅਤੇ ਉਸਾਰੀ ਵਿਚ, ਖੇਤੀ-ਉਤਪਾਦਨ ਅਤੇ ਕੁਝ ਉਦਯੋਗਿਕ ਉਤਪਾਦਨਾਂ ਵਿਚ ਅਤੇ ਕ੍ਰਿਤ ਦੀ ਉਤਪਾਦਕਤਾ ਵਿਚ ਪੂਰੇ ਨਹੀਂ ਕੀਤੇ ਜਾ ਸਕੇ। ਪਾਰਟੀ, ਸਟੇਟ ਸੰਗਠਨ ਅਤੇ ਕਾਰਜਕਾਰੀ ਸੰਘਾਂ ਨੇ ਬੜੇ ਗਹੁ ਨਾਲ ਇਹਨਾਂ ਅਸਫ਼ਲਤਾਵਾਂ ਦਾ ਵਿਸ਼ਲੇਸ਼ਣ ਕੀਤਾ ਹੈ ਅਤੇ ਸਬਕ ਸਿੱਖੇ ਹਨ ਤਾਂ ਕਿ ਆਰਥਿਕਤਾ ਦੀ ਜਥੇਬੰਦੀ ਅਤੇ ਬੰਦੋਬਸਤ ਵਿਚੋਂ ਕਮਜ਼ੋਰੀਆਂ ਅਤੇ ਤਰੁੱਟੀਆਂ ਨੂੰ ਖ਼ਤਮ ਕੀਤਾ ਜਾ ਸਕੇ।

ਸਭ ਖੇਤਰਾਂ ਵਿਚ ਹਾਸਲ ਕੀਤੀਆਂ ਜਾ ਚੁੱਕੀਆਂ ਇਤਿਹਾਸਕ ਮਹੱਤਵ ਵਾਲੀਆਂ ਮਹਾਨ ਸਫ਼ਲਤਾਵਾਂ ਅਤੇ ਸਮਾਜਵਾਦ ਦੀ ਉਸਾਰੀ ਅਤੇ ਰਖਵਾਲੀ ਲਈ ਪਾਰਟੀ ਅਤੇ ਲੋਕਾਂ ਦੇ ਕੰਮ ਅਤੇ ਸੰਘਰਸ਼ ਵਿਚ ਪ੍ਰਾਪਤ ਕੀਤਾ ਗਿਆ ਬਹੁ-ਮੁੱਲਾ ਤਜ਼ਰਬਾ ਇਕ ਤਾਕਤਵਰ ਸਿਆਸੀ, ਆਰਥਿਕ ਅਤੇ ਸਮਾਜਿਕ ਆਧਾਰ ਹੈ ਜਿਸ ਦੀ ਬੁਨਿਆਦ ਉੱਤੇ ਭਰੋਸੇ ਅਤੇ ਦਲੇਰੀ ਨਾਲ ਅੱਗੇ ਵਧਣਾ ਚਾਹੀਦਾ ਹੈ।

ਸਮਾਜਵਾਦ ਦੀ ਉਸਾਰੀ ਲਈ ਪਾਰਟੀ ਦੀ ਆਮ ਸੇਧ ਅਤੇ ਆਰਥਿਕ ਨੀਤੀ ਦੇ ਅਧਾਰ ਤੇ, ਕੇਂਦਰੀ ਕਮੇਟੀ ਨੇ, ਸਰਬ-ਪੱਖੀ ਕਾਰਵਾਈ ਅਤੇ ਅਧਿਅਨ ਅਤੇ ਵਿਸ਼ਾਲਤਮ ਲੋਕਾਂ ਨਾਲ ਵਿਚਾਰ-ਵਟਾਂਦਰੇ ਉਪਰੰਤ, ਆਰਥਿਕਤਾ ਅਤੇ ਸੱਭਿਆਚਾਰ ਦੇ ਵਿਕਾਸ ਦੀ ਸੱਤਵੀਂ (1981-1985) ਪੰਜ-ਸਾਲਾ ਯੋਜਨਾ ਲਈ ਹਦਾਇਤਾਂ ਦਾ ਖਾਕਾ ਤਿਆਰ ਕੀਤਾ, ਜੋ (ਖਾਕਾ) ਇਹ ਕਾਂਗਰਸ ਵਿਚ ਪੇਸ਼ ਕਰ ਰਹੀ ਹੈ ਤਾਂ ਕਿ ਕਾਂਗਰਸ ਇਸ ਨੂੰ ਗਹੁ ਨਾਲ ਘੋਖ ਸਕੇ ਅਤੇ ਪਾਸ ਕਰ ਸਕੇ। ਇਸ ਪੰਜ-ਸਾਲਾ ਯੋਜਨਾ ਦਾ ਬੁਨਿਆਦੀ ਕਾਰਜ ਹੈ :—**"ਪੂਰੀ ਤਰ੍ਹਾਂ ਸਾਡੀਆਂ ਆਪਣੀਆਂ ਤਾਕਤਾਂ ਉਤੇ ਟੇਕ ਰੱਖਦਿਆਂ, ਦੇਸ਼ ਦੇ ਸਮਾਜਵਾਦੀ ਉਦਯੋਗੀਕਰਣ ਦੀ ਤੇਜ਼ੀ, ਖੇਤੀ ਦੀ ਮਜ਼ਬੂਤੀ ਅਤੇ ਤੇਜ਼ੀ, ਆਰਥਿਕਤਾ ਦੀ ਸਮਰੱਥਾ ਦੇ ਵਾਧੇ, ਤਕਨੀਕੀ-ਵਿਗਿਆਨਕ ਇਨਕਲਾਬ ਦੇ ਵਿਕਾਸ ਅਤੇ ਉਤਪਾਦਨ ਦੇ ਸਮਾਜਵਾਦੀ ਰਿਸ਼ਤਿਆਂ ਦੀ ਉੱਨਤੀ ਦੇ ਆਧਾਰ ਤੇ ਆਰਥਿਕਤਾ ਦਾ ਸਮੁੱਚੇ ਤੌਰ ਤੇ ਵਿਕਾਸ ਕਰਨਾ, ਤਾਂ ਕਿ ਮਿਹਨਤਕਸ਼ ਲੋਕਾਂ ਦੀ ਭਲਾਈ ਅਤੇ ਸੱਭਿਆਚਾਰਕ ਪੱਧਰ ਨੂੰ ਲਗਾਤਾਰ ਉੱਚਾ ਚੁੱਕਿਆ ਜਾ ਸਕੇ ਅਤੇ ਸਮਾਜਵਾਦੀ ਨਿਜ਼ਾਮ ਨੂੰ ਅਤੇ ਵਤਨ ਦੀ ਸੁਰੱਖਿਆ ਸਮਰੱਥਾ ਨੂੰ ਮਜ਼ਬੂਤ ਕੀਤਾ ਜਾ ਸਕੇ।"**

ਸੱਤਵੀਂ ਪੰਜ ਸਾਲਾ ਯੋਜਨਾ ਦੁਰਾਨ ਆਰਥਿਕਤਾ ਅਤੇ ਸੱਭਿਆਚਾਰ ਦੀ ਉੱਨਤੀ ਦੀਆਂ ਮੁੱਖ ਦਿਸ਼ਾਵਾਂ ਅਤੇ ਟੀਚੇ, ਜੋ ਕਈ ਇੱਕ ਵਿਸ਼ੇਸ਼ ਲੱਛਣ ਰੱਖਦੇ ਹਨ, ਇਸ ਕਾਰਜ ਵਿਚ ਸੰਕਲਿਤ ਹਨ।

**ਇਹ ਪਹਿਲੀ ਅਜੇਹੀ ਯੋਜਨਾ ਹੈ ਜੋ ਪੂਰੀ ਤਰ੍ਹਾਂ ਸਾਡੀਆਂ ਆਪਣੀਆਂ ਤਾਕਤਾਂ ਅਤੇ ਸੰਭਾਵਨਾਵਾਂ ਉੱਤੇ ਟੇਕ ਰੱਖਦਿਆਂ ਪੂਰੀ ਕੀਤੀ ਜਾਏਗੀ।** ਅੱਜ ਅਲਬਾਨੀਆਂ ਦੁਨੀਆਂ ਦਾ ਇੱਕੋ-ਇੱਕ ਅਜੇਹਾ ਦੇਸ਼ ਹੈ ਜੋ ਵਿਦੇਸ਼ਾਂ ਤੋਂ ਕਿਸੇ ਵੀ ਤਰ੍ਹਾਂ ਦੀ ਮੱਦਦ ਜਾਂ ਕਰਜ਼ਿਆਂ ਤੋਂ ਬਗੈਰ ਵਿਕਸਿਤ ਹੋ ਰਿਹਾ ਹੈ ਅਤੇ ਸਮਾਜਵਾਦੀ ਰਾਹ ਉਤੇ ਅੱਗੇ ਵੱਧ ਰਿਹਾ ਹੈ। ਸਾਡੀ ਪਾਰਟੀ ਅਤੇ ਲੋਕਾਂ ਦਾ ਇਹ ਇਕ ਵੱਡਾ ਲੇਕਿਨ ਸ਼ਾਨਦਾਰ ਇਮਤਿਹਾਨ ਹੈ, ਅਤੇ ਜਿੱਤ ਯਕੀਨੀ ਹੈ, ਕਿਉਂਕਿ, ਮਾਰਕਸਵਾਦ-ਲੈਨਿਨਵਾਦ ਦੇ ਆਧਾਰ ਤੇ ਚੱਲਦਿਆਂ ਅਸੀਂ ਬੜੀ ਦੇਰ ਤੋਂ ਆਪਣੇ-ਆਪਨੂੰ ਇਸ ਫੈਸਲਾਕੁੰਨ ਕਦਮ ਲਈ ਤਿਆਰ ਕਰ ਲਿਆ ਸੀ।

**ਨਵੀਂ ਪੰਜ-ਸਾਲਾ ਯੋਜਨਾ ਦੇ ਟੀਚੇ ਅਤੇ ਕਾਰਜ਼ ਪਹਿਲੀ ਯੋਜਨਾ ਨਾਲੋਂ ਵੱਡੇ ਹਨ, ਲੇਕਿਨ ਇਹ ਵਿਗਿਆਨਕ ਤੌਰ ਤੇ ਅਧਾਰਿਤ ਹਨ ਅਤੇ ਪੂਰੀ ਤਰ੍ਹਾਂ ਸਾਕਾਰ ਕੀਤੇ ਜਾ ਸਕਦੇ ਹਨ।**

1981 ਤੋਂ 1985 ਤੱਕ ਦੇ ਪੰਜ ਸਾਲਾਂ ਦੌਰਾਨ ਇਨਵੈਸਟਮੈਂਟਾਂ ਦੀ ਮਿਕਦਾਰ ਸ਼ੁਰੂ ਦੀਆਂ ਚਾਰ ਪੰਜ-ਸਾਲਾ ਯੋਜਨਾਵਾਂ ਦੇ ਜੋੜਵੇਂ ਕੁੱਲ ਨਾਲੋਂ ਵੀ ਵਧੇਰੇ ਹੋਏਗੀ, ਜਦ ਕਿ ਬਰਾਮਦਾਂ ਦੀ ਮਿਕਦਾਰ ਹੋਰ ਵੀ ਵਧੇਰੇ ਵੱਡੀ ਹੋਵੇਗੀ। 1980 ਦੇ ਮੁਕਾਬਲੇ 1985 ਵਿਚ ਸਮਾਜਿਕ ਉਤਪਾਦਨ 35-36 ਫੀਸਦੀ ਵੱਧ ਹੋਵੇਗਾ, ਜਾਣੀ 6·4 ਫੀਸਦੀ ਔਸਤਨ ਸਲਾਨਾ ਦਰ ਨਾਲ ਵਧੇਗਾ। ਇਨਵੈਸਟ-ਮੈਂਟ ਅਤੇ ਉਸਾਰੀ ਲਈ ਫੰਡ ਆਰਥਿਕਤਾ ਅਤੇ ਸਭਿਆਚਾਰ ਦੇ ਵਿਕਾਸ ਲਈ 750 ਦੇ ਕਰੀਬ ਮਹੱਤਵਪੂਰਨ ਪ੍ਰਾਜੈਕਟ ਉਸਾਰਨ ਲਈ ਵਰਤੇ ਜਾਣਗੇ।

ਵਧੀ ਹੋਈ ਪੈਦਾਵਾਰ ਅਤੇ ਕੌਮੀ ਆਮਦਨ ਨਾਲ ਪੈਦਾ ਹੋਈਆਂ ਸੋਮ-

ਨਾਵਾਂ ਨਾਲ, 1980 ਦੇ ਮੁਕਾਬਲੇ 1985 ਵਿਚ ਲੋਕਾਂ ਵਲੋਂ ਉਪਭੋਗ (ਖਪਤ) ਲਈ ਫੰਡ 21 ਫੀਸਦੀ ਅਤੇ ਪ੍ਰਚੂਨ ਵਸਤਾਂ ਦੀ ਸਰਕੂਲੇਸ਼ਨ 22-24 ਫੀਸਦੀ ਵਧਣ ਦੀ ਉਮੀਦ ਹੈ। ਵਿੱਦਿਆ ਅਤੇ ਸੱਭਿਆਚਾਰ, ਸਿਹਤ-ਸੇਵਾ, ਮਕਾਨਾਂ ਅਤੇ ਹੋਰ ਲੋਕ-ਸੇਵਾਵਾਂ ਦੇ ਵਿਕਾਸ ਲਈ ਮਹੱਤਵਪੂਰਨ ਕਾਰਜ ਮਿੱਥੇ ਗਏ ਹਨ।

ਇਹ ਟੀਚੇ ਅਤੇ ਦਰਾਂ ਮਿਥਣ ਲੱਗਿਆਂ, ਆਰਥਿਕਤਾ ਦੀਆਂ ਵਰਤਮਾਨ ਅਤੇ ਭਵਿੱਖ ਦੀਆਂ ਸੰਭਾਵਨਾਵਾਂ, ਅਤੇ ਆਰਥਿਕਤਾ ਦੇ ਵਿਕਾਸ ਅਤੇ ਨਵੀਆਂ ਸਰਗਰਮ ਸ਼ਕਤੀਆਂ ਨੂੰ ਕੰਮ ਤੇ ਲਾਉਣ ਦੀਆਂ ਲੋੜਾਂ ਨੂੰ ਮੱਦੇ-ਨਜ਼ਰ ਰੱਖਿਆ ਗਿਆ ਹੈ ਤਾਂ ਕਿ ਦੇਸ਼ ਦੀ ਸੁਰੱਖਿਆ ਨੂੰ ਮਜ਼ਬੂਤ ਕੀਤਾ ਜਾ ਸਕੇ ਅਤੇ ਰਾਖਵੀਆਂ ਸ਼ਕਤੀਆਂ ਨੂੰ ਵਧਾਇਆ ਜਾ ਸਕੇ, ਅਤੇ ਸਮਾਜਿਕ ਅਤੇ ਸੱਭਿਆਚਾਰਕ ਖੇਤਰਾਂ 'ਚ ਤਰੱਕੀ ਕੀਤੀ ਜਾ ਸਕੇ ਅਤੇ ਲੋਕਾਂ ਦੀਆਂ ਲਗਾਤਾਰ ਵੱਧ ਰਹੀਆਂ ਲੋੜਾਂ ਨੂੰ ਹੋਰ ਵੀ ਵਧੇਰੇ ਚੰਗੀ ਤਰ੍ਹਾਂ ਪੂਰਾ ਕੀਤਾ ਜਾ ਸਕੇ। ਇਸ ਪੰਜ-ਸਾਲਾ ਯੋਜਨਾ ਦੇ ਕਈ ਟੀਚੇ, ਖਾਸ ਕਰ ਉਹ ਟੀਚੇ ਜਿਨ੍ਹਾਂ ਦਾ ਵਾਸਤਾ ਤੇਲ ਅਤੇ ਧਾਤਾਂ ਦੇ ਖਜ਼ਾਨਿਆਂ ਦੇ ਉਪਯੋਗ ਅਤੇ ਇਨਵੈਸਮੈਂਟਾਂ ਦੀ ਵੰਡ, ਆਦਿ ਨਾਲ ਹੈ, ਉਨ੍ਹਾਂ ਨੂੰ ਵੀ ਭਵਿੱਖ ਦੀਆਂ ਪੰਜ-ਸਾਲਾ ਯੋਜਨਾਵਾਂ ਦੁਰਾਨ ਆਰਥਿਕਤਾ ਦੇ ਵਿਕਾਸ ਨਾਲ ਜੋੜ ਕੇ ਦੇਖਿਆ ਗਿਆ ਹੈ, ਜਦੋਂ ਸਾਨੂੰ ਹੋਰ ਵੀ ਵੱਡੀਆਂ ਲੋੜਾਂ ਅਤੇ ਮੰਗਾਂ ਦਾ ਸਾਹਮਣਾ ਕਰਨਾ ਪਏਗਾ।

**7ਵੀਂ ਪੰਜ-ਸਾਲਾ ਯੋਜਨਾ ਦੇ ਦੁਰਾਨ ਉਤਪਾਦਨ, ਵਸਤਾਂ ਦੀ ਸਰਕੂਲੇਸ਼ਨ (ਵਹਾਉ) ਅਤੇ ਲੋਕਾਂ ਵਲੋਂ ਖਪਤ ਦੇ ਖੇਤਰ ਵਿਚ ਕਈ ਮਹੱਤਵਪੂਰਨ ਬਣਤਰੀ ਸੁਧਾਰ ਕੀਤੇ ਜਾਣਗੇ।** ਇਹ ਸੁਧਾਰ ਸ਼ਕਤੀ ਸੋਮਿਆਂ, ਬਲੈਕ ਮੈਟਾਲੁਰਜੀ, ਇੰਜੀਨੀਅਰੀ ਉਦਯੋਗ, ਖੇਤੀ, ਟਰਾਂਸਪੋਰਟ, ਵਿੱਤਾਂ ਅਤੇ ਵਿਸ਼ਾਲ ਖਪਤ ਦੀਆਂ ਵਸਤਾਂ ਆਦਿ, ਵਿਚ ਕੀਤੇ ਜਾਣਗੇ। ਮਿਥੇ ਗਏ ਸੁਧਾਰਾਂ ਨਾਲ ਆਰਥਿਕਤਾ ਵਿਚ ਤੇਜ਼ੀ ਆਏਗੀ, ਇਸ ਦੀ ਸਮਰੱਥਾ ਅਤੇ ਦੇਸ਼ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਪੂੰਜੀਵਾਦੀ-ਸੋਧਵਾਦੀ ਦੁਨੀਆਂ ਦੇ ਆਰਥਿਕ ਸੰਕਟ ਦੇ ਦਬਾਵਾਂ ਅਤੇ ਘੇਰਾਓ ਅਤੇ ਨਾਕਾਬੰਦੀ ਦਾ ਸਾਹਮਣਾ ਕਰਨ ਦੀ ਇਸ ਦੀ ਯੋਗਤਾ ਵਿਚ ਵਾਧਾ ਹੋਵੇਗਾ।

**ਹਮੇਸ਼ਾ ਦੀ ਤਰ੍ਹਾਂ ਹੀ, ਦੇਸ਼ ਦੇ ਪਦਾਰਥਕ-ਤਕਨੀਕੀ ਅਧਾਰ ਦਾ ਵਿਕਾਸ ਅਤੇ ਮਜ਼ਬੂਤੀ, ਸ਼ਹਿਰਾਂ ਵਿਚ ਅਤੇ ਵਿਸ਼ੇਸ਼ ਤੌਰ ਤੇ ਪਿੰਡਾਂ ਵਿਚ ਆਰਥਿਕ ਰਿਸ਼ਤਿਆਂ ਦੇ ਵੱਖ-ਵੱਖ ਪਹਿਲੂਆਂ ਦੇ ਸੁਧਾਰ ਨਾਲ ਗੂੜ੍ਹੀ ਤਰ੍ਹਾਂ ਜੁੜੇ ਹੋਏ ਹੋਣਗੇ।** ਸਹਿਕਾਰਤਾਵਾਦੀ ਪ੍ਰਣਾਲੀ ਨੂੰ ਹੋਰ ਵਧੇਰੇ ਉੱਨਤ ਕਰਨ ਲਈ, ਨਿੱਜੀ ਪਲਾਟ ਉੱਤੇ ਬੰਦਸ਼ਾਂ ਲਾਉਣ ਲਈ. ਵਿਸ਼ਿਸ਼ਟਤਾ ਅਤੇ ਸਹਿਕਾਰਤਾ ਦਾ ਪਸਾਰਾ ਕਰਨ, ਉਤਪਾਦਨ ਦੀ ਜਥੇਬੰਦੀ ਅਤੇ ਬੰਦੋਬਸਤ ਨੂੰ ਮਜ਼ਬੂਤ ਕਰਨ ਲਈ, ਕੰਮ ਲਈ ਦਿੱਤੀ ਜਾਂਦੀ ਉਜਰਤ ਨੂੰ ਚੰਗੇਰੀ ਤਰ੍ਹਾਂ ਮਿਕਦਾਰ ਅਤੇ ਸਿਫਤੀ ਗੁਣਾਂ ਨਾਲ ਜੋੜਨ ਲਈ ਅਤੇ ਬੱਚਤਾਂ ਅਤੇ ਯੋਜਨਾ ਦੇ ਟੀਚਿਆਂ ਨੂੰ ਪੂਰੇ ਕਰਨ ਲਈ ਕਈ ਇਕ ਉਪਾਓ ਕੀਤੇ ਗਏ ਹਨ ਅਤੇ ਕੀਤੇ ਜਾ ਰਹੇ ਹਨ। ਸਾਡੇ ਸਮਾਜਵਾਦੀ ਨਿਜ਼ਾਮ ਨੂੰ ਲਗਾਤਾਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਇਹ ਉਪਾਓ ਹੋਰ ਵੀ ਵਧਾਏ ਜਾਣਗੇ।

7ਵੀਂ ਪੰਜ-ਸਾਲਾ ਯੋਜਨਾ ਦੇ ਕਾਰਜਾਂ ਬਾਰੇ, 1981 ਤੋਂ 1985 ਦੇ ਸਮੇਂ ਦੁਰਾਨ ਆਰਥਿਕਤਾ ਅਤੇ ਸੱਭਿਆਚਾਰ ਦੇ ਵਿਕਾਸ ਬਾਰੇ ਹਦਾਇਤਾਂ ਦੇ ਖਾਕੇ ਉੱਤੇ ਕੇਂਦਰੀ ਕਮੇਟੀ ਦੀ ਰਿਪ੍ਰੋਟ ਵਿਚ ਹੋਰ ਵਧੇਰੇ ਵਿਸਥਾਰ ਨਾਲ ਵਿਚਾਰ ਕੀਤਾ ਜਾਏਗਾ, ਜਿਹੜੀ ਰਿਪੋਰਟ ਕਾਮਰੇਡ ਮੇਹਮਤ ਸ਼ੇਹੂ ਪੇਸ਼ ਕਰਨਗੇ। ਇਸ ਲਈ ਤਥਲੀ ਰਿਪ੍ਰੋਟ ਵਿਚ ਅਸੀਂ ਪਾਰਟੀ ਨੀਤੀ ਦੇ ਸਿਰਫ ਕੁੱਝ ਕੁ ਬੁਨਿਆਦੀ ਮਸਲੇ ਹੀ ਪੇਸ਼ ਕਰਾਂਗੇ ਜਿਨ੍ਹਾਂ ਦਾ ਵਾਸਤਾ ਸਾਡੇ ਦੇਸ਼ ਦੀ ਵਰਤਮਾਨ ਅਤੇ ਭਵਿੱਖਤ ਆਰਥਿਕ ਅਤੇ ਸਮਾਜਿਕ ਉੱਨਤੀ ਨਾਲ ਹੈ।

## ਉਦਯੋਗ ਨੂੰ ਹੋਰ ਮਜ਼ਬੂਤ ਬਣਾਉਣਾ ਦੇਸ਼ ਦੇ ਆਮ ਵਿਕਾਸ ਲਈ ਫੈਸਲਾਕੁੰਨ (ਸ਼ਰਤ) ਹੈ

ਦੇਸ਼ ਦੇ ਸਮਾਜਵਾਦੀ ਉਦਯੋਗੀਕਰਣ, ਜੋ ਇੱਕ ਤੋਂ ਦੂਸਰੀ ਪੰਜ-ਸਾਲਾ ਯੋਜਨਾ ਤਕ ਇੱਕ ਬੇਰੋਕ ਵਿਧੀ ਦੇ ਤੌਰ ਤੇ ਲਗਾਤਾਰ ਮਜ਼ਬੂਤ ਹੁੰਦਾ ਆਇਆ ਹੈ, ਉਸਦਾ ਪਾਰਟੀ ਦੀ ਆਰਥਿਕ ਨੀਤੀ ਵਿਚ ਮੁੱਖ ਸਥਾਨ ਰਿਹਾ ਹੈ ਅਤੇ ਅੱਜ ਵੀ ਹੈ। ਸਮਾਜਵਾਦੀ ਰਾਹ ਉੱਤੇ ਦੇਸ਼ ਦੀ ਆਮ ਉੱਨਤੀ ਵਿਚ ਇਹ ਇੱਕ ਫ਼ੈਸਲਾਕੁੰਨ ਤੱਤ ਰਿਹਾ ਹੈ ਅਤੇ ਅੱਜ ਵੀ ਹੈ। ਪੂਰੀ ਤਰ੍ਹਾਂ ਸਾਡੇ ਆਪਣੇ ਸਾਧਨਾਂ ਅਤੇ ਸੰਪਤੀਆਂ ਉਤੇ ਅਧਾਰਿਤ ਅਤੇ ਵਿਕਾਸ ਦੀਆਂ ਸਪੱਸ਼ਟ ਸੰਭਾਵਨਾਵਾਂ ਵਾਲੇ ਸਾਡੇ ਬਹੁ-ਸ਼ਾਖਾਵੀ, ਭਾਰੀ ਅਤੇ ਹਲਕੇ ਉਦਯੋਗ ਦੀ ਸਿਰਜਣਾ ਅਤੇ ਮਜ਼ਬੂਤੀ ਸਾਡੀ ਪਾਰਟੀ ਅਤੇ ਲੋਕਾਂ ਦਾ ਇੱਕ ਸ਼ਾਨਦਾਰ ਕਾਰਨਾਮਾ ਹੈ, ਜੋ ਸਖ਼ਤ ਮਿਹਨਤ, ਕੁਰਬਾਨੀਆਂ ਅਤੇ ਲਾ-ਮਿਸਾਲ ਬਹਾਦਰੀ ਨਾਲ ਕੀਤਾ ਗਿਆ ਜੋ ਵਰਤਮਾਨ ਅਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਵੀ ਇਤਿਹਾਸਕ ਮਹੱਤਵ ਵਾਲਾ ਕਾਰਨਾਮਾ ਹੈ।

7ਵੀਂ ਪੰਜ-ਸਾਲਾ ਯੋਜਨਾ ਦੁਰਾਨ ਸਾਡਾ ਉਦਯੋਗ ਹੋਰ ਅੱਗੇ ਵਧੇਗਾ ਅਤੇ ਇੱਕ ਵਿਸ਼ਾਲ ਮੁਹਾਜ ਉਤੇ ਉੱਨਤ ਹੋਏਗਾ। ਪੰਜ-ਸਾਲਾ ਯੋਜਨਾ ਦੀਆਂ ਕੁੱਲ ਇਨਵੈਸਟਮੈਂਟਾਂ ਦਾ ਕਰੀਬ 46 ਫੀਸਦੀ ਇਸ ਸ਼ਾਖਾ ਵਿਚ ਲਾਇਆ ਜਾਏਗਾ। ਉਦਯੋਗ ਦੇ ਵਿਕਾਸ ਲਈ ਪਾਰਟੀ ਦੀ ਨੀਤੀ ਦਾ ਉਦੇਸ਼ ਹੈ : ਉਦਯੋਗ ਦੇ ਬਹੁ-ਸ਼ਾਖਾਵੀ ਢਾਂਚੇ ਨੂੰ ਨਿੱਗਰ ਬਣਾਉਣਾ, ਅਤੇ ਹਮੇਸ਼ਾਂ ਦੀ ਤਰ੍ਹਾਂ ਭਾਰੀ ਉਦਯੋਗ ਨੂੰ ਪਹਿਲ ਦੇਣਾ; ਤੇਲ ਉਦਯੋਗ ਵੱਲ ਵਿਸ਼ੇਸ਼ ਧਿਆਨ ਦਿੰਦਿਆਂ ਸ਼ਕਤੀ ਸਾਧਨਾਂ ਦੇ ਸਕਾਰਾਤਮਕ (Positive) ਸੰਤੁਲਿਨ ਨੂੰ ਬਰਕਰਾਰ ਰੱਖਣਾ ਅਤੇ ਸੁਧਾਰਨਾ; ਧਾਤਾਂ ਕੱਢਣ ਅਤੇ ਸੋਧਣ ਦੇ ਉਦਯੋਗ ਨੂੰ ਹੋਰ ਵਧੇਰੇ ਵਿਕਸਤ ਕਰਨਾ ਅਤੇ ਨਵੇਂ ਖਣਿਜਾਂ ਦਾ ਉਪਯੋਗ ਵੀ ਸ਼ੁਰੂ ਕਰਨਾ; ਉਤਪਾਦਨ ਦੇ ਸਾਧਨਾਂ ਅਤੇ ਖਪਤ ਵਸਤਾਂ ਦੇ ਢਾਂਚੇ ਵਿਚ ਨਿੱਗਰ ਸੁਧਾਰ ਕਰਨਾ; ਉਦਯੋਗ ਨੂੰ ਹੋਰ ਵੀ ਚੰਗੀ ਤਰ੍ਹਾਂ ਖੇਤੀ ਦੀ ਸੇਵਾ ਵਿਚ ਲਾਉਣਾ; ਨਵ-ਉਸਾਰੀ ਅਤੇ ਅਧੁਨਿਕਰਣ ਰਾਹੀਂ ਮੌਜੂਦਾ ਉਤਪਾਦਨ ਸਮਰਥਾਵਾਂ ਦਾ ਪਸਾਰਾ ਕਰਨਾ।

ਇਸ ਰਾਹ ਉੱਤੇ ਦ੍ਰਿੜ੍ਹਤਾ ਨਾਲ ਚੱਲਦਿਆਂ, ਉਦਯੋਗਿਕ ਉਤਪਾਦਨ ਉੱਚੀਆਂ ਦਰਾਂ ਨਾਲ ਵਧਦਾ ਰਹੇਗਾ। 1980 ਦੇ ਮੁਕਾਬਲੇ 1985 ਵਿਚ ਇਹ 36-38 ਫੀਸਦੀ ਵੱਧ ਹੋਏਗਾ। ਕਈ ਇਕ ਹੋਰ ਆਰਥਿਕ ਅਤੇ ਸਮਾਜਿਕ ਤੱਤਾਂ ਨਾਲ ਮਿਲਕੇ ਇਹ ਪਦਾਰਥਿਕ ਉੱਨਤੀ, ਸਾਡੇ ਦੇਸ਼ ਨੂੰ ਇਕ ਆਧੁਨਿਕ ਉਦਯੋਗ ਅਤੇ ਖੇਤੀ ਵਾਲੇ ਦੇਸ਼ ਦੇ ਤੌਰ ਤੇ ਅੱਗੇ ਵਧਣ ਦੇ ਯੋਗ ਬਣਾਏਗੀ।

**ਸ਼ਕਤੀ ਉਦਯੋਗ ਵੱਲ, ਤੇਲ, ਗੈਸ ਅਤੇ ਕੋਲੇ ਦੀ ਖੋਦਾਈ ਅਤੇ ਬਿਜਲੀ—(ਸ਼ਕਤੀ) ਦੇ ਉਤਪਾਦਨ ਵਲ ਪਾਰਟੀ ਵਿਸ਼ੇਸ਼ ਤਵੱਜੋਂ ਦਿੰਦੀ ਹੈ।** ਅਸੀਂ ਇਕ ਤਾਕਤਵਰ ਅਤੇ ਸੁਤੰਤਰ ਸ਼ਕਤੀ ਸਿਸਟਮ ਪੈਦਾ ਕੀਤਾ ਹੈ, ਜੋ ਦੇਸ਼ ਦੀਆਂ ਵਧਦੀਆਂ ਲੋੜਾਂ ਪੂਰੀਆਂ ਕਰਦਾ ਹੈ ਅਤੇ ਬਰਾਮਦ ਰਾਹੀਂ ਵਿਦੇਸ਼ੀ ਮੁਦਰਾ ਵੀ ਕਮਾਉਂਦਾ ਹੈ। ਇਹ ਪਾਰਟੀ ਦੀ ਸਹੀ ਨੀਤੀ ਦੀ ਇਕ ਵੱਡੀ ਜਿੱਤ ਹੈ ਅਤੇ ਇਹ ਸਮੁੱਚੀ ਕੌਮੀ ਆਰਥਿਕਤਾ ਦੇ ਵਿਕਾਸ ਲਈ ਇਕ ਭਰੋਸੇਯੋਗ ਅਧਾਰ ਹੈ।

ਇਸ ਜਿੱਤ ਨੂੰ ਮਜ਼ਬੂਤ ਕਰਨਾ ਹੋਏਗਾ ਅਤੇ ਇਨਵੈਸਟਮੈਂਟਾਂ ਅਤੇ ਉਤਪਾਦਨ ਦੇ ਵਾਧੇ ਰਾਹੀਂ, ਅਤੇ ਆਪਣੇ ਸਭ ਸ਼ਕਤੀ-ਸੋਮਿਆਂ ਨੂੰ ਸਰਫੇ ਨਾਲ ਵਰਤਕੇ ਵੀ, ਇਸ ਜਿੱਤ ਨੂੰ ਹੋਰ ਅੱਗੇ ਵਧਾਉਣਾ ਹੋਏਗਾ। ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਲਈ ਨਿੱਗਰ ਵਿਗਿਆਨਕ ਆਧਾਰ ਅਤੇ ਢੰਗਾਂ ਨਾਲ ਚੰਗੀ ਤਰ੍ਹਾਂ ਸੰਗਠਿਤ, ਸਿਲਸਿਲੇਬੱਧ ਅਤੇ ਅਨੁਸ਼ਾਸਨ-ਭਰੇ ਕੰਮ ਦੀ ਜ਼ਰੂਰਤ ਹੈ। ਇਕ ਵੱਡੇ ਯੁੱਧਨੀਤਕ ਮਹੱਤਵ ਵਾਲੀ ਇਸ ਸ਼ਾਖਾ ਦਾ ਵਿਕਾਸ ਵਿਸ਼ੇਸ਼ ਕਰ ਵਿਸ਼ਵ ਸ਼ਕਤੀ-ਸੰਕਟ ਦੇ ਹਾਲਾਤਾਂ ਵਿਚ, ਇਕ ਲਾਜ਼ਮੀ ਫਰਜ਼ ਬਣ ਗਿਆ ਹੈ।

ਤੇਲ ਅਤੇ ਗੈਸ ਨੂੰ ਧਰਤ 'ਚੋਂ ਕੱਢਣਾ ਅਤੇ ਸੋਧਣਾ ਸਾਡੇ ਸ਼ਕਤੀ ਸੋਮਿਆ ਵਿਚ ਮੁੱਖ ਥਾਂ ਮੱਲੇਗਾ। 1985 ਵਿਚ 1980 ਦੇ ਮੁਕਾਬਲੇ ਕੱਚੇ-ਤੇਲ ਦਾ ਉਤਪਾਦਨ 58-60 ਫੀਸਦੀ ਵੱਧ ਹੋਏਗਾ। ਇਹ ਇਕ ਵੱਡਾ ਲੇਕਿਨ ਪੂਰੀ ਤਰ੍ਹਾਂ ਨੇਪਰੇ ਚਾੜ੍ਹਿਆ ਜਾ ਸਕਣ ਵਾਲਾ ਟੀਚਾ ਹੈ, ਕਿਉਂਕਿ ਇਹ ਮੌਜੂਦਾ ਸੋਮਿਆਂ ਅਤੇ ਨਵੇਂ ਢੂੰਡੇ ਗਏ ਜ਼ਖੀਰਿਆਂ ਉੱਤੇ ਅਧਾਰਿਤ ਹੈ।

ਤੇਲ ਅਤੇ ਗੈਸ ਉਦਯੋਗ ਵਿਚ ਮਿਥੇ ਗਏ ਟੀਚਿਆਂ ਨੂੰ ਪੂਰੇ ਕਰਨ ਲਈ ਅਤੇ ਉਦਯੋਗ ਦੀ ਇਸ ਸ਼ਾਖਾ ਵਿਚ ਲਾਏ ਗਏ ਮੁੱਖ ਖਰਚਾਂ ਦਾ ਵੱਧ ਤੋਂ ਵੱਧ ਫ਼ਾਇਦਾ ਉਠਾਉਣ ਲਈ ਇਹ ਲਾਜ਼ਮੀ ਹੈ ਕਿ ਤੇਲ ਮਜ਼ਦੂਰ, ਮਾਹਿਰ ਅਤੇ ਕੇਡਰ ਆਪਣੇ ਆਪਨੂੰ ਪੂਰੀ ਤਰ੍ਹਾਂ ਵਿਗਿਆਨ ਦੀਆਂ ਪ੍ਰਾਪਤੀਆਂ ਉੱਤੇ ਅਤੇ ਸਖ਼ਤ ਤਕਨੀਕੀ ਅਤੇ ਕਾਰਜਕਾਰੀ ਅਨੁਸ਼ਾਸਨ ਉੱਤੇ ਅਧਾਰਿਤ ਕਰਦਿਆਂ, ਖੋਜ ਅਤੇ ਖੋਦਾਈ ਦੇ ਢੰਗਾਂ ਵਿਚ ਉੱਨਤੀ ਕਰਨ ਵਲ ਵਿਸ਼ੇਸ਼ ਤਵੱਜੋਂ ਦੇਣ।

ਤੇਲ ਅਤੇ ਗੈਸ ਕੱਢਣ ਉੱਤੇ ਖ਼ਰਚਾ ਡੂੰਘੇ ਅਧਿਅਨ ਦੇ ਅਧਾਰ ਤੇ ਅਤੇ ਸੂਝ ਨਾਲ ਕਰਨਾ ਚਾਹੀਦਾ ਹੈ। ਤੇਲ ਦਾ ਉਤਪਾਦਨ ਵਧਾਉਣ ਲਈ ਭਰਵੇਂ ਤਕਨੀਕੀ, ਜਥੇਬੰਦਕ ਅਤੇ ਪਦਾਰਥਿਕ ਉਪਾਓ ਕਰਨੇ ਚਾਹੀਦੇ ਹਨ ਅਤੇ ਸਿਰਫ਼ ਨਵੇਂ ਭੰਡਾਰਾਂ ਤੋਂ ਹੀ ਨਹੀਂ ਸਗੋਂ ਪੁਰਾਣਿਆਂ ਵਿਚੋਂ ਵੀ ਪਹਿਲਾਂ ਨਾਲੋਂ ਬੇਹਤਰ ਢੰਗ ਵਰਤਕੇ ਉਤਪਾਦਨ ਵਧਾਉਣਾ ਚਾਹੀਦਾ ਹੈ। ਇਸ ਮਹੱਤਵਪੂਰਨ ਸ਼ਾਖਾ ਵਿਚ ਸਾਨੂੰ ਸੂਝ ਅਤੇ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਵਰਤਮਾਨ ਅਤੇ ਭਵਿੱਖ ਨੂੰ ਧਿਆਨ ਗੋਚਰੇ ਰਖਦਿਆਂ ਤੇਲ ਅਤੇ ਗੈਸ ਨੂੰ ਬਹੁਤ ਹੀ ਸਰਫ਼ੇ ਨਾਲ ਵਰਤਣਾ ਚਾਹੀਦਾ ਹੈ। ਵਿਗਿਆਨਕ ਅਤੇ ਤਕਨੀਕੀ ਸ਼ਕਤੀਆਂ ਨੂੰ ਚਾਹੀਦਾ ਹੈ ਕਿ ਉਹ ਬਿਟੂਮਨੀ ਰੇਤਿਆਂ ਦੇ ਉਪਯੋਗ ਨੂੰ ਤੇਜ਼ ਕਰਨ, ਕਿਉਂਕਿ ਇਹ ਦੇਸ਼ ਦੀ ਇਕ ਵੱਡੀ ਸੰਪਤੀ ਹਨ, ਜਿਸ ਨੂੰ ਜਿੰਨਾ ਜਲਦੀ ਹੋ ਸਕੇ ਵਰਤੋਂ 'ਚ ਲਿਆਉਣਾ ਚਾਹੀਦਾ ਹੈ।

ਕੋਲਾ, ਇਕ ਵੱਡੇ ਪੈਮਾਨੇ ਤੇ ਵਰਤਿਆ ਜਾਣ ਵਾਲਾ ਅਤੇ ਇਕ ਤਕੜੇ ਆਰਥਿਕ, ਫ਼ਾਇਦੇ ਵਾਲਾ ਬਾਲਣ ਹੈ, ਅਤੇ ਦੇਸ਼ ਦੇ ਸ਼ਕਤੀ ਸੋਮਿਆਂ ਵਿਚ ਇਸ ਦਾ ਇਕ ਮਹੱਤਵਪੂਰਨ ਸਥਾਨ ਹੈ। 1985 ਵਿਚ ਕੋਲੇ ਦਾ ਉਤਪਾਦਨ 1980 ਨਾਲੋਂ 48 ਫ਼ੀਸਦੀ ਜ਼ਿਆਦਾ ਹੋਵੇਗਾ। ਇਹ ਇਕ ਵੱਡਾ ਕਾਰਜ ਹੈ ਜਿਸ ਨੂੰ ਪੂਰਾ ਕਰਨ ਲਈ ਇਸ ਸੈਕਟਰ ਦੇ ਮਜ਼ਦੂਰਾਂ ਨੂੰ ਦ੍ਰਿੜ੍ਹਤਾ ਨਾਲ ਕੰਮ ਕਰਨਾ ਪਏਗਾ।

ਮੌਜੂਦਾ ਖਾਨਾਂ ਦਾ ਸਮਝਦਾਰੀ ਨਾਲ ਉਪਯੋਗ ਕਰਨ ਵੱਲ ਅਤੇ ਨਵੀਆਂ ਲਾਭਦਾਇਕ ਖਾਨਾਂ ਚਾਲੂ ਕਰਨ ਵੱਲ ਵੀ ਪੂਰਾ ਪੂਰਾ ਧਿਆਨ ਦੇਣਾ ਚਾਹੀਦਾ ਹੈ। ਵਧੇਰੀ ਤਾਪ-ਸ਼ਕਤੀ ਵਾਲੇ ਅਤੇ ਪੱਥਰ ਦੇ ਕੋਲੇ ਦੀ ਖੋਜ ਤੇਜ਼ ਕਰਨੀ ਚਾਹੀਦੀ ਹ। ਤਰਲ-ਬਾਲਣਾਂ ਦੀ ਥਾਂ ਕੋਲੇ ਨੂੰ ਦੇਣ ਅਤੇ ਇਸ ਦੀ ਸੰਜਮੀ ਵਰਤੋਂ ਵਾਸਤੇ ਹਰ ਜਗ੍ਹਾ ਕੰਮ ਕਰਨਾ ਚਾਹੀਦਾ ਹੈ। ਏਸੇ ਹੀ ਤਰ੍ਹਾਂ, ਕੋਲੇ ਦੇ ਚੂਰੇ ਦੀਆਂ ਟਿੱਕੀਆਂ ਬਣਾਉਣ ਅਤੇ ਇਸ ਨੂੰ ਉਪਯੋਗੀ ਬਣਾਉਣ ਲਈ ਵੀ ਉਪਾਓ ਕਰਨੇ ਚਾਹੀਦੇ ਹਨ।

1980 ਦੇ ਮੁਕਾਬਲੇ 1985 ਵਿਚ ਬਿਜਲੀ ਦਾ ਉਤਪਾਦਨ 16 ਫ਼ੀਸਦੀ ਵਧ ਜਾਏਗਾ। ਬਿਜਲੀ-ਸ਼ਕਤੀ ਲਈ ਵਧ ਰਹੀਆਂ ਲੋੜਾਂ ਤੋਂ ਅੱਗੇ ਰਹਿਣ ਲਈ ਅਤੇ ਸਾਡੇ ਦੇਸ਼ ਦੇ ਅਮੀਰ ਪਣ-ਸ਼ਕਤੀ ਸੋਮਿਆਂ ਦਾ ਵੱਧ ਤੋਂ ਵੱਧ ਉਪਯੋਗ ਕਰਨ ਲਈ, ਵਰਤਮਾਨ ਪੰਜ-ਸਾਲਾ ਯੋਜਨਾ ਵਿਚ ਕੋਮਨ ਪਣ-ਬਿਜਲੀ ਘਰ ਉੱਤੇ ਕੰਮ ਤੇਜ਼ ਕੀਤਾ ਜਾਏਗਾ। ਇਹ ਹੁਣ ਤਕ ਸਾਡੇ ਦੇਸ਼ ਵਿਚ ਬਣਿਆ ਸਭ ਤੋਂ ਵੱਡਾ ਪਣ-ਬਿਜਲੀ ਘਰ ਹੋਏਗਾ। ਇਸ ਤੋਂ ਇਲਾਵਾ ਹੋਰ ਪਣ-ਬਿਜਲੀ ਘਰਾਂ ਦੀ ਉਸਾਰੀ ਲਈ ਵੀ ਤਿਆਰੀਆਂ ਕੀਤੀਆਂ ਜਾਣਗੀਆਂ ਤਾਂ ਕਿ ਬਿਜਲੀ ਸ਼ਕਤੀ ਦੀਆਂ ਵਰਤਮਾਨ ਅਤੇ ਭਵਿੱਖਤ ਲੋੜਾਂ ਪੂਰੀਆਂ ਕਰਨ ਦੇ ਨਾਲ ਨਾਲ ਇਸ ਦੀ ਬਰਾਮਦ ਵੀ ਵਧਾਈ ਜਾ ਸਕੇ।

ਬਿਜਲੀ ਦੇ ਉਤਪਾਦਨ ਅਤੇ ਵਰਤੋਂ ਨੂੰ ਇਕ ਕਰਕੇ ਦੇਖਣਾ ਚਾਹੀਦਾ ਹੈ। ਪਾਰਟੀ ਅਤੇ ਸਟੇਟ ਅਤੇ ਆਰਥਿਕ ਸੰਗਠਨਾਂ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਦੀਆਂ ਧਾਰਨਾਵਾਂ ਨੂੰ ਬਦਲਣ ਲਈ ਕੰਮ ਕਰਨ, ਤਾਂ ਕਿ ਬਿਜਲੀ-ਸ਼ਕਤੀ ਨੂੰ ਇਕ ਵੱਡੀ ਕੌਮੀ ਸੰਪਤੀ ਦੇ ਤੌਰ ਤੇ ਦੇਖਿਆ ਜਾਵੇ ਅਤੇ ਸਭ ਖੇਤਰਾਂ ਵਿਚ ਜ਼ਾਬਤੇ ਅਤੇ ਸੰਜਮ ਨਾਲ ਇਸ ਦੀ ਵਰਤੋਂ ਕੀਤੀ ਜਾਵੇ।

**7ਵੀਂ ਪੰਜ-ਸਾਲਾ ਯੋਜਨਾ ਲਾਭਦਾਇਕ ਧਾਤਾਂ ਦੀ ਖੋਦਾਈ ਅਤੇ ਸੋਧਣ ਦੇ ਉਦਯੋਗ ਲਈ ਤਕੜੇ ਮੌਕੇ ਪੈਦਾ ਕਰੇਗੀ।** ਕਰੋਮੀਅਮ, ਤਾਂਬੇ, ਲੋਹੇ ਅਤੇ ਨਿਕਲ ਜਿਹੀਆਂ ਧਾਤਾਂ ਦੀ ਖੋਦਾਈ ਵਿਚ 30 ਤੋਂ 200 ਫ਼ੀਸਦੀ ਤਕ ਦੇ ਵਾਧੇ ਕੀਤੇ ਜਾਣਗੇ। ਹੋਰ ਲਾਭਦਾਇਕ ਧਾਤਾਂ ਦੀ ਖੋਦਾਈ ਲਈ ਵੀ ਹਾਲਾਤ ਤਿਆਰ ਹੋ ਗਏ ਹਨ।

ਵਰਤਮਾਨ ਤੇ ਭਵਿੱਖ ਦੀਆਂ ਲੋੜਾਂ ਪੂਰੀਆਂ ਕਰਨ ਲਈ ਇਹ ਜ਼ਰੂਰੀ ਹੈ ਕਿ ਘਟੀਆ ਕਿਸਮ ਦੇ ਖਣਿਜਾਂ ਦੀ ਖੋਦਾਈ ਅਤੇ ਜ਼ਰਖੇਜ਼ੀਕਰਣ ਨੂੰ ਤੇਜ਼ ਕੀਤਾ ਜਾਵੇ ਅਤੇ ਉਨ੍ਹਾਂ ਤੋਂ ਮਿਲਦੇ ਲਾਭਦਾਇਕ ਤੱਤਾਂ ਦਾ ਅਨੁਪਾਤ ਵਧਾਇਆ ਜਾਵੇ ਤਾਂ ਕਿ ਸਾਡੇ ਖਣਿਜ ਸੋਮਿਆਂ ਦੀ ਕਦਰ-ਕੀਮਤ ਵਧਾਈ ਜਾ ਸਕੇ ਅਤੇ ਉਹ ਸਭ ਨਵੇਂ ਅਤੇ ਪੁਰਾਣੇ ਖਜ਼ਾਨੇ ਵੀ ਵਰਤੋਂ 'ਚ ਲਿਆਏ ਜਾ ਸਕਣ ਜਿਹੜੇ ਬਹੁਤ ਵੱਡੇ ਹਨ ਲੇਕਿਨ ਜਿਨ੍ਹਾਂ ਦੇ ਖਣਿਜ ਘਟੀਆ ਕਿਸਮ ਦੇ ਹਨ।

ਭੂ-ਵਿਗਿਆਨੀਆਂ ਅਤੇ ਖਣਿਜਾਂ ਦੀ ਖੋਜ ਦੇ ਕੰਮ ਤੇ ਲੱਗੇ ਹੋਰ ਸਭ ਵਿਅਕਤੀਆਂ ਲਈ ਇਹ ਜ਼ਰੂਰੀ ਹੈ ਕਿ ਉਹ ਵਿਗਿਆਨਕ ਨਿਯਮਾਂ ਦੇ ਅਧਾਰ ਤੇ ਅਤੇ ਨਵੇਂ ਵਿਕਸਤ ਢੰਗਾਂ ਦੀ ਵਰਤੋਂ ਕਰਕੇ ਅਤੇ ਆਪਣੇ ਕੰਮ ਦੀ ਜਥੇਬੰਦੀ ਵਿਚ ਸੁਧਾਰ ਕਰਕੇ ਮੌਜੂਦਾ ਖਾਨਾਂ ਵਿਚ ਖੋਦਾਈ ਨੂੰ ਵਧੀਆ ਬਣਾਉਣ ਅਤੇ ਉਹਨਾਂ ਖਣਿਜਾਂ ਦੇ ਭੰਡਾਰਾਂ ਦਾ ਪਸਾਰਾ ਕਰਨ ਲਈ, ਨਵੇਂ ਖਣਿਜ ਅਤੇ ਖਣਿਜ-ਖਜ਼ਾਨੇ ਖੋਜਣ ਲਈ ਕੰਮ ਕਰਨ।

ਖਾਨਾਂ 'ਚ ਕੰਮ ਕਰਨ ਵਾਲੇ ਮਜ਼ਦੂਰਾਂ ਅਤੇ ਮਾਹਿਰਾਂ ਨੂੰ ਚਾਹੀਦਾ ਹੈ ਕਿ ਉਹ ਖੋਦਾਈ ਦੀ ਤਕਨੀਕ ਅਤੇ ਤਕਨਾਲੋਜੀ ਵਿਚ ਸੁਧਾਰ ਕਰਨ ਵੱਲ ਅਤੇ ਮਸ਼ੀਨੀਕਰਣ ਦਾ ਪੱਧਰ ਉੱਚਾ ਚੁੱਕਣ ਵੱਲ ਵਿਸ਼ੇਸ਼ ਧਿਆਨ ਦੇਣ, ਤਾਂ ਕਿ ਉਤਪਾਦਨ ਦੀ ਕਿਸਮ ਵਿਚ ਵਰਣਨਯੋਗ ਸੁਧਾਰ ਕੀਤੇ ਜਾ ਸਕਣ ਅਤੇ ਲਾਗਤਾਂ ਅਤੇ ਖਣਿਜਾਂ ਦੇ ਨੁਕਸਾਨ ਨੂੰ ਘਟਾਇਆ ਜਾ ਸਕੇ।

**ਧਾਤਾਂ ਸੋਧਣ ਦੇ ਕੰਮ ਵੱਲ ਅਤੇ ਵਿਸ਼ੇਸ਼ ਕਰ ਲੋਹੇ ਅਤੇ ਇਸਪਾਤ ਦੇ ਉਤਪਾਦਨ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਏਗਾ, ਤਾਂ ਜੁ ਸਾਡੀਆਂ ਮੁੱਖ ਧਾਤਾਂ ਨੂੰ ਸੋਧਣ ਦੇ ਕੰਮ ਨੂੰ ਤੇਜ਼ ਕਰਨ ਦੇ ਨਾਲ ਨਾਲ ਦਰਾਮਦਾਂ ਤੋਂ ਸਾਡੀ ਆਰਥਿਕਤਾ ਦੀ ਸੁਤੰਤਰਤਾ ਨੂੰ ਵੀ ਮਜ਼ਬੂਤ ਕੀਤਾ ਜਾ ਸਕੇ।** ਇਸ ਲਈ ਇਹ ਜ਼ਰੂਰੀ ਹੈ ਕਿ ਸਾਡੇ ਧਾਤ-ਸੋਧਣ ਦੇ ਕੰਮ 'ਚ ਰੁੱਝੇ ਮਜ਼ਦੂਰ ਅਤੇ ਮਾਹਿਰ ਆਪਣੀ ਤਾਕਤ ਅਤੇ ਨਿਪੁੰਨਤਾ ਨੂੰ ਪੂਰੀ ਤਰ੍ਹਾਂ ਵਰਤੋਂ 'ਚ ਲਿਆਉਣ ਤਾਂ ਕਿ ਉਹ ਸਖ਼ਤ ਜ਼ਾਬਤੇ ਅਤੇ ਵਿਗਿਆਨਕ ਅਧਾਰ ਉੱਤੇ ਖਣਿਜਾਂ ਨੂੰ ਢਾਲਣ ਅਤੇ ਧਾਤਾਂ ਨੂੰ ਸੋਧਣ ਦੀ ਤਕਨੀਕ ਵਿਚ ਪੂਰੀ ਤਰ੍ਹਾਂ ਮਾਹਿਰ ਬਣ ਸਕਣ ਅਤੇ ਗੁੰਝਲ-ਦਾਰ ਖਣਿਜਾਂ ਦੇ ਸਭ ਮੁੱਖ ਅਤੇ ਮਾਮੂਲੀ ਤੱਤਾਂ ਨੂੰ ਵਰਤੋਂ 'ਚ ਲਿਆਂਦਾ ਜਾ ਸਕੇ ਅਤੇ ਕੱਚੇ ਮਾਲ ਅਤੇ ਸ਼ਕਤੀ ਦੀਆਂ ਲਾਗਤਾਂ ਘਟਾਈਆਂ ਜਾ ਸਕਣ। "ਸਟੀਲ ਆਫ਼ ਦ ਪਾਰਟੀ" ਮੇਟਾਲੁਰਜੀ ਕਮਬਾਈਨ ਵਿਚ ਪਸਾਰੇ ਦੇ ਕੰਮ ਨੂੰ ਤੇਜ਼ੀ ਨਾਲ ਜਾਰੀ ਰੱਖਣ ਲਈ, ਵੱਖ ਵੱਖ ਕਿਸਮਾਂ ਦੀਆਂ ਸਟੀਲ ਟਿਊਬਾਂ, ਚਾਦਰਾਂ ਆਦਿ ਦੇ ਉਤਪਾਦਨ ਵਾਸਤੇ ਨਵੇਂ ਕਾਰਖ਼ਾਨੇ ਲਗਾਉਣ ਲਈ ਡੂੰਘੇ ਅਧਿਅਨ ਅਤੇ ਸਖ਼ਤ ਕੰਮ ਦੀ ਲੋੜ ਹੈ।

ਹੁਣ ਜਦ ਸਾਡੇ ਕੋਲ ਆਪਣਾ ਇਸਪਾਤ ਹੈ ਅਤੇ ਇਕ ਸ਼ਕਤੀਸ਼ਾਲੀ ਮਕੈਨੀਕਲ ਇੰਜੀਨੀਅਰਿੰਗ ਉਦਯੋਗ ਸਥਾਪਿਤ ਕੀਤਾ ਜਾ ਚੁੱਕਾ ਹੈ ਤਾਂ ਇਸ ਸ਼ਾਖ਼ਾ ਲਈ ਵੱਡੇ ਕਾਰਜ ਮਿਥਣ ਵਾਸਤੇ ਹਾਲਾਤ ਤਿਆਰ ਹੋ ਗਏ ਹਨ। ਇੰਜਨੀ-ਅਰਿੰਗ ਉਦਯੋਗ ਦਾ ਉਤਪਾਦਨ 1985 ਵਿਚ 1980 ਨਾਲੋਂ 43-45 ਫ਼ੀਸਦੀ ਜ਼ਿਆਦਾ ਹੋਵੇਗਾ।

ਇੰਜਨੀਅਰਿੰਗ ਉਦਯੋਗ ਨੇ ਵਾਧੂ ਪੁਰਜ਼ਿਆਂ ਦੇ ਉਤਪਾਦਨ ਵਾਸਤੇ ਪਾਰਟੀ ਦੀ ਸੱਤਵੀਂ ਕਾਂਗਰਸ ਵਲੋਂ ਮਿਥੇ ਸਭ ਟੀਚੇ ਪੂਰੇ ਕੀਤੇ ਹਨ। ਇਸ ਨੇ ਆਰਥਿਕਤਾ ਦੀਆਂ ਵਾਧੂ ਪੁਰਜ਼ਿਆਂ ਦੀਆਂ 95 ਫ਼ੀਸਦੀ ਲੋੜਾਂ ਪੂਰੀਆਂ ਕੀਤੀਆਂ ਹਨ। ਮੌਜੂਦਾ ਪੰਜ-ਸਾਲਾ ਯੋਜਨਾ ਵਿਚ ਇਸ ਪ੍ਰਾਪਤੀ ਨੂੰ ਹੋਰ ਵਧੇਰੇ ਮਜ਼ਬੂਤ ਕਰਨਾ ਚਾਹੀਦਾ ਹੈ।

ਮੌਜੂਦਾ ਪੰਜ-ਸਾਲਾ ਯੋਜਨਾ ਦੇ ਸਾਲਾਂ ਦੁਰਾਨ ਇੰਜੀਨੀਅਰਿੰਗ ਉਦਯੋਗ ਨਵੀਆਂ ਉਤਪਾਦਨ ਲਾਈਨਾਂ ਅਤੇ ਕਾਰਖ਼ਾਨੇ ਉਸਾਰਨ ਅਤੇ ਪੁਰਾਣਿਆਂ ਦੇ ਸੁਧਾਰ ਅਤੇ ਪਸਾਰੇ ਲਈ ਸਾਜ਼ੋ-ਸਮਾਨ ਅਤੇ ਮਸ਼ੀਨਰੀ ਦਾ ਵੱਡੇ ਪੈਮਾਨੇ ਤੇ ਉਤਪਾਦਨ ਕਰਨ ਦੇ ਕਾਰਜ ਵਿਚ ਜੁੱਟੇਗਾ। ਅਜੇਹਾ ਕਾਰਜ ਪੂਰਾ ਕਰਨ ਲਈ ਜ਼ਰੂਰੀ ਹੈ ਕਿ ਉਦਯੋਗ ਦੀ ਇਸ ਸ਼ਾਖਾ ਵਿਚ ਜਥੇਬੰਦੀ ਅਤੇ ਪ੍ਰਬੰਧ ਵਿਚ ਸੁਧਾਰ ਕੀਤੇ ਜਾਣ, ਅਤੇ ਪੈਦਾਵਾਰ ਯੋਜਨਾਬੰਦੀ ਸਹਿਯੋਗ ਦੀ ਤਕਨੀਕ ਨੂੰ ਵੱਧ ਤੋਂ ਵੱਧ ਸੰਭਵ ਵਿਗਿਆਨਕ ਅਧਾਰ ਉੱਤੇ ਲਿਆਂਦਾ ਜਾਵੇ।

ਇਸ ਪੰਜ-ਸਾਲਾ ਯੋਜਨਾ ਦੇ ਦੁਰਾਨ ਉਸਾਰੇ ਜਾਣ ਵਾਲੇ ਨਵੇਂ ਕਾਰਖ਼ਾਨਿਆਂ ਵਾਸਤੇ ਅਤੇ ਪੁਰਾਣਿਆਂ ਵਿਚ ਕੀਤੇ ਜਾਣ ਵਾਲੇ ਸੁਧਾਰਾਂ ਵਾਸਤੇ ਸਾਜ਼ੋ-ਸਮਾਨ ਅਤੇ ਮਸ਼ੀਨਰੀ ਦੇ ਤਕਨਾਲੋਜੀਕਲ ਅਤੇ ਬਣਤਰੀ ਡਿਜ਼ਾਇਨਾਂ ਦੀ ਤਿਆਰੀ ਵੱਲ ਵਿਸ਼ੇਸ਼ ਤਵੱਜੋਂ ਦੇਣੀ ਹੋਏਗੀ। ਇਸ ਵਿਚੋਂ ਬਹੁਤ ਸਾਰਾ ਸਾਜ਼ੋ-ਸਮਾਨ ਅਤੇ ਮਸ਼ੀਨਰੀ ਪਹਿਲੀ ਵਾਰ ਬਣਾਏ ਜਾ ਰਹੇ ਹਨ। ਇਸ ਸਾਜ਼ੋ-ਸਮਾਨ ਅਤੇ ਮਸ਼ੀਨਰੀ

ਦਾ ਵਕਤ ਸਿਰ ਡਿਜ਼ਾਇਨ ਅਤੇ ਉਤਪਾਦਨ ਕਰਨਾ ਇਕ ਬਹੁਤ ਹੀ ਕਠਿਨ ਕੰਮ ਹੈ ਜੋ ਸਾਡੇ ਇੰਜੀਨੀਅਰੀ ਉਦਯੋਗ ਨੂੰ ਕਰਨਾ ਹੋਏਗਾ।

ਇੰਜੀਨੀਅਰੀ ਉਦਯੋਗ ਵਲੋਂ ਵੱਡੇ ਪੈਮਾਨੇ ਤੇ ਮਸ਼ੀਨਾਂ ਦਾ ਉਤਪਾਦਨ ਕਰਨ ਲਈ ਇਹ ਜ਼ਰੂਰੀ ਹੈ ਕਿ ਇਸ ਵਿਚ ਕੰਮ ਕਰਨ ਵਾਲੇ ਲੋਕਾਂ ਦੀ ਨਿਪੁੰਨਤਾ ਦਾ ਪੱਧਰ ਉਚਾ ਚੁੱਕਿਆ ਜਾਵੇ ਅਤੇ ਉਹਨਾਂ ਦੀ ਸਿਰਜਨਾਤਮਕ ਸੋਚਣੀ ਨੂੰ ਵਿਕਸਤ ਕੀਤਾ ਜਾਵੇ, ਅਤੇ ਛੋਟੇ ਛੋਟੇ ਕੰਮਾਂ ਲਈ ਵੀ ਉੱਚੇ ਦਰਜੇ ਅਤੇ ਦਰਮਿਆਨੇ ਦਰਜੇ ਦੇ ਮਾਹਿਰਾਂ ਨੂੰ ਸਿਖਲਾਈ ਦਿੱਤੀ ਜਾਵੇ ਅਤੇ ਇਸ ਮਕਸਦ ਲਈ ਸਕੂਲੀ ਅਤੇ ਯੂਨੀਵਰਸਿਟੀ ਵਿੱਦਿਆ 'ਚ ਅਨੁਕੂਲ ਤਬਦੀਲੀਆਂ ਕੀਤੀਆਂ ਜਾਣ।

**ਇਸ ਪੰਜ-ਸਾਲਾ ਯੋਜਨਾ ਦੇ ਦੌਰਾਨ ਰਸਾਇਣ ਉਦਯੋਗ ਦਾ ਤਕੜਾ ਪਸਾਰਾ ਅਤੇ ਵਿਕਾਸ ਕੀਤਾ ਜਾਏਗਾ।** 1980 ਦੇ ਮੁਕਾਬਲੇ 1985 ਵਿਚ ਇਸ ਦੇ ਉਤਪਾਦਨ ਵਿਚ 63-65 ਫ਼ੀਸਦੀ ਵਾਧਾ ਹੋਏਗਾ। ਫਾਸਫੇਟ ਖਾਦਾਂ ਅਤੇ ਕੀੜੇ-ਮਾਰ ਦਵਾਈਆਂ ਦੇ ਉਤਪਾਦਨ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਏਗਾ। ਹੁਣ ਜਦ ਬਹੁਤ ਸਾਰੇ ਬੁਨਿਆਦੀ ਪਦਾਰਥ ਅਤੇ ਉਦਯੋਗਿਕ ਰਹਿੰਦ-ਖੂੰਹਦ ਅਤੇ ਖਣਿਜਾਂ ਦੇ ਸੰਬੰਧਿਤ ਹਿੱਸੇ ਪ੍ਰਾਪਤ ਹਨ ਤਾਂ ਰਸਾਇਣ ਵਿਗਿਆਨੀਆਂ ਅਤੇ ਹੋਰ ਮਾਹਿਰਾਂ ਲਈ ਇਹ ਜ਼ਰੂਰੀ ਹੈ ਕਿ ਉਹ ਡੂੰਘਾ ਅਧਿਅਨ ਕਰਨ ਅਤੇ ਵਿਸ਼ਾਲ ਪੈਮਾਨੇ ਤੇ ਰਸਾਇਣਕ ਪਦਾਰਥ ਪੈਦਾ ਕਰਨ ਤਾਂ ਕਿ ਇਹਨਾਂ ਦੀਆਂ ਦਰਾਮਦਾਂ ਜਲਦੀ ਤੋਂ ਜਲਦੀ ਘਟਾਈਆਂ ਜਾ ਸਕਣ। ਮੁੱਖ ਤੌਰ ਤੇ ਦੇਸੀ ਕੱਚੇ-ਮਾਲਾਂ ਉੱਤੇ ਅਧਾਰਿਤ ਰਸਾਇਣਕ ਸੰਜੋਗਾਂ ਦੀ ਸ਼ੁਰੂਆਤ ਨੂੰ ਅੱਗੇ ਵਧਾਉਣਾ ਚਾਹੀਦਾ ਹੈ ਤਾਂ ਕਿ ਨੇੜੇ ਦੇ ਭਵਿੱਖ ਵਿਚ ਇਸ ਦੇ ਉਤਪਾਦਨ, ਬਰਾਮਦ ਦਾ ਇਕ ਵਧੀਆ ਸੋਮਾ ਬਣ ਜਾਣ।

ਪਾਰਟੀ ਨੇ ਹਮੇਸ਼ਾਂ ਹੀ ਇਸ ਚੀਜ਼ ਨੂੰ ਧਿਆਨ-ਗੋਚਰੇ ਰੱਖਿਆ ਹੈ ਕਿ, ਸਮੁੱਚੇ ਤੌਰ ਤੇ ਉਦਯੋਗ ਦੀ ਉਨਤੀ ਕਰਨ ਵਿਚ, **ਵਿਸ਼ਾਲ ਪੈਮਾਨੇ ਤੇ ਖਪਤ ਵਾਲੀਆਂ ਵਸਤਾਂ ਦੇ ਉਤਪਾਦਨ ਨੂੰ ਵਸੋਂ ਦੀਆਂ ਲੋੜਾਂ ਮੁਤਾਬਿਕ ਵਧਾਇਆ ਜਾਵੇ, ਅਤੇ ਇਸ ਤਰ੍ਹਾਂ ਮਿਹਨਤਕਸ਼ ਲੋਕਾਂ ਦੀ ਪਦਾਰਥਿਕ ਅਤੇ ਸੱਭਿਆਚਾਰਕ ਭਲਾਈ ਦੇ ਪੱਧਰ ਨੂੰ ਲਗਾਤਾਰ ਉਚਾ ਚੁੱਕਿਆ ਜਾਏ।** ਇਸ ਪੱਖ ਤੋਂ, ਵਰਤਮਾਨ ਪੰਜ-ਸਾਲਾ ਯੋਜਨਾ ਦੇ ਦੁਰਾਨ ਹਲਕੇ ਅਤੇ ਖਾਧ-ਪਦਾਰਥਾਂ ਦੇ ਉਦਯੋਗ ਦਾ ਉਤਪਾਦਨ, ਆਬਾਦੀ ਦੇ ਵਾਧੇ ਨਾਲੋਂ ਦੋ-ਗੁਣਾਂ ਉਚੀਆ ਦਰਾਂ ਨਾਲ ਵਧਾਇਆ ਜਾਏਗਾ।

ਹਲਕੇ ਅਤੇ ਖਾਧ-ਪਦਾਰਥਾਂ ਦੇ ਉਦਯੋਗ ਦੇ ਉਤਪਾਦਨ ਵਿਚ ਸੁਧਾਰ ਕਰਨਾ ਜ਼ਰੂਰੀ ਹੈ, ਅਤੇ ਵਸਤਾਂ ਦੀ ਬਣਤਰ, ਰੇਂਜ, ਕਿਸਮ ਅਤੇ ਪੈਕਿੰਗ ਵਿਚ ਤਕੜੇ ਸੁਧਾਰ ਕੀਤੇ ਜਾਣੇ ਚਾਹੀਦੇ ਹਨ ਅਤੇ ਲਾਗਤਾਂ ਨੂੰ ਘਟਾਇਆ ਜਾਣਾ ਚਾਹੀਦਾ ਹੈ। ਇਹ ਤਬਦੀਲੀ, ਉਤਪਾਦਨ ਦੀ ਜਥੇਬੰਦੀ, ਪ੍ਰਬੰਧ ਅਤੇ ਯੋਜਨਾਬੰਦੀ ਅਤੇ ਤਕਨਾਲੋਜੀ ਦੇ ਖੇਤਰਾਂ ਵਿਚ ਮੁਕੰਮਲ ਅਤੇ ਅਸਰਦਾਰ ਉਪਾਓ ਕਰਕੇ ਹੀ ਲਿਆਂਦੀ ਜਾ ਸਕਦੀ ਹੈ। ਸਭ ਤੋਂ ਵਧੇਰੇ, ਸ਼ਿਲਪਕਾਰੀ ਧਾਰਨਾਵਾਂ ਵਿਚ ਡੂੰਘੀਆਂ ਤਬਦੀਲੀਆਂ ਕਰਨੀਆਂ ਚਾਹੀਦੀਆਂ ਹਨ, ਪ੍ਰਬੀਨਤਾ ਅਤੇ ਸਿਰਜਨਾਤਮਕ ਸੋਚਣੀ ਨੂੰ ਵਿਕਸਤ ਕਰਨਾ ਚਾਹੀਦਾ ਹੈ, ਸਕਾਰਾਤਮਕ ਤਬਦੀਲੀਆਂ ਕਰਨ ਲਈ ਫੁਰਤੀਲੀ ਅਤੇ ਅਸਰਦਾਰ ਕਾਰਵਾਈ ਕਰਨੀ ਚਾਹੀਦੀ ਹੈ।

ਉਦਯੋਗ ਦੀ ਸਥਾਪਨਾ ਅਤੇ ਉੱਨਤੀ ਲਈ ਵੱਡੀਆਂ ਇਨਵੈਸਟਮੈਂਟਾਂ ਕੀਤੀਆਂ ਗਈਆਂ ਹਨ, ਅਤੇ ਆਰਥਿਕਤਾ ਦੇ ਇਸ ਬਹੁਤ ਹੀ ਅਹਿਮ ਖੇਤਰ ਦੇ ਵਿਕਾਸ ਵਿਚ ਸ਼ਕਤੀਸ਼ਾਲੀ ਮੱਦਦ ਕਰਨ ਵਾਲੇ ਮਾਹਿਰ ਅਤੇ ਸਿਦਕੀ ਮਜ਼ਦੂਰਾਂ ਦੀ ਇਕ ਵੱਡੀ ਫੌਜ ਨੂੰ ਸਿਖਲਾਈ ਦਿੱਤੀ ਗਈ ਹੈ।

ਪਾਰਟੀ ਵਲੋਂ ਮਿਥੇ ਗਏ ਮਹਾਨ ਟੀਚਿਆਂ ਦੀ ਪੂਰਤੀ ਲਈ ਜ਼ਰੂਰੀ ਹੈ ਕਿ ਉਦਯੋਗ ਦੇ ਮਜ਼ਦੂਰ ਉਤਪਾਦਨ ਦੀ ਸਮਰੱਥਾ ਅਤੇ ਕਿਰਤ ਦੀ ਉਤਪਾਦਕਤਾ ਨੂੰ ਵਧਾਉਣ ਅਤੇ ਆਪਣੀ ਸਿਰਜਨਾਤਮਕ ਕਾਰਵਾਈ ਨੂੰ ਉੱਚਾ ਚੁੱਕਣ। ਉਹਨਾਂ ਨੇ ਲਾਜ਼ਮੀ ਹੀ ਆਪਣੇ ਸਪੁਰਦ ਬਹੁਤ ਸਾਰੀਆਂ ਉਤਪਾਦਨ ਸਮਰੱਥਾਵਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਨਵੇਂ ਪ੍ਰਾਜੈਕਟਾਂ ਅਤੇ ਉਤਪਾਦਨ ਲਾਈਨਾਂ ਦੀ ਵਰਤੋਂ 'ਚ ਮਾਹਰੀਨਤਾ ਹਾਸਲ ਕਰਨੀ ਚਾਹੀਦੀ ਹੈ। ਹੌਸਲੇ ਅਤੇ ਦ੍ਰਿੜ੍ਹਤਾ ਨਾਲ ਅਤੇ ਅਧਿਅਨ ਅਤੇ ਵਿਗਿਆਨ ਦੇ ਨਤੀਜਿਆਂ ਦੇ ਆਧਾਰ ਤੇ ਉਹਨਾਂ ਨੂੰ ਉਤਪਾਦਨ ਦੀ ਤਕਨਾਲੋਜੀ ਦੇ ਆਧੁਨੀਕਰਣ ਨੂੰ ਅੱਗੇ ਵਧਾਉਣਾ ਚਾਹੀਦਾ ਹੈ।

ਲੋਕਾਂ ਅਤੇ ਪਾਰਟੀ ਨੂੰ ਇਹ ਪੂਰਾ ਵਿਸ਼ਵਾਸ ਹੈ ਕਿ, ਸਾਡੀ ਵਰਤਮਾਨ ਹਾਲਤ ਬਾਰੇ ਪੂਰੀ ਤਰ੍ਹਾਂ ਸੁਚੇਤ, ਉਦਯੋਗ ਦੀਆਂ ਸਭ ਸ਼ਾਖ਼ਾਵਾਂ ਦੇ ਮਜ਼ਦੂਰ ਦੁਗਣੇ-ਚੌਗਣੇ ਯਤਨਾਂ ਨਾਲ, ਇਸ ਕਾਂਗਰਸ ਵਲੋਂ ਸਾਡੇ ਸਮਾਜਵਾਦੀ ਉਦਯੋਗ ਦੀ ਉੱਨਤੀ ਅਤੇ ਮਜ਼ਬੂਤੀ ਲਈ ਮਿਥੇ ਜਾ ਰਹੇ ਟੀਚਿਆਂ ਅਤੇ ਮਹਾਨ ਕਾਰਜਾਂ ਨੂੰ ਪੂਰੇ ਕਰਨ ਲਈ ਸੰਘਰਸ਼ ਕਰਨਗੇ।

## 2. ਖੇਤੀ ਉਤਪਾਦਨ ਵਿਚ ਹੋਰ ਵਧੇਰੇ ਤੇਜ਼ੀ ਕਰਨੀ ਚਾਹੀਦੀ ਹੈ ਅਤੇ ਦਿਹਾਤ ਵਿਚ ਸਮਾਜਵਾਦੀ ਰਿਸ਼ਤਿਆਂ ਨੂੰ ਉੱਤਮ ਬਣਾਉਣਾ ਚਾਹੀਦਾ ਹੈ

ਸਾਡੀ ਪਾਰਟੀ ਨੇ ਇਕ ਮਾਰਕਸਵਾਦੀ-ਲੈਨਿਨਵਾਦੀ ਜ਼ਰਈ ਨੀਤੀ ਬਣਾਈ ਅਤੇ ਲਾਗੂ ਕੀਤੀ ਹੈ, ਜਿਸ ਵਿਚ ਉਹਨਾਂ ਇਤਿਹਾਸਕ ਅਤੇ ਠੋਸ ਹਾਲਤਾਂ ਨੂੰ ਧਿਆਨ-ਗੋਚਰੇ ਰੱਖਿਆ ਗਿਆ ਹੈ ਜਿਹਨਾਂ ਹਾਲਤਾਂ ਵਿਚ ਸਾਡਾ ਇਨਕਲਾਬ ਜੇਤੂ ਹੋਇਆ ਸੀ ਅਤੇ ਸਾਡੇ ਦੇਸ਼ ਨੇ ਸਮਾਜਵਾਦ ਦਾ ਰਾਹ ਫੜਿਆ ਸੀ। ਇਕ ਬਹੁਤ ਹੀ ਪਛੜੇ ਹੋਏ ਜ਼ਰਈ ਦੇਸ਼ ਦੇ ਹਾਲਤਾਂ ਵਿਚ, ਪਾਰਟੀ ਨੂੰ ਇਕੋ ਸਮੇਂ ਵਿਚ ਦੋ ਮਸਲੇ ਹੱਲ ਕਰਨੇ ਪਏ: ਦਿਹਾਤ ਦਾ ਸਮਾਜਵਾਦੀ ਪ੍ਰੀਵਰਤਨ ਅਤੇ ਖੇਤੀ ਦੀ ਸਰਬ-ਪੱਖੀ ਉੱਨਤੀ। ਖੇਤੀ ਨੂੰ ਦਿਹਾਤੀ ਵਸੋਂ ਲਈ ਖਾਣਾ ਪੈਦਾ ਕਰਨ ਦੇ ਨਾਲ ਨਾਲ ਦੇਸ਼ ਦੇ ਉਦਯੋਗੀਕਰਣ ਅਤੇ ਕੌਮੀ ਆਰਥਿਕਤਾ ਦੇ ਵਿਕਾਸ ਵਿਚ ਹਿੱਸਾ ਪਾਉਣ ਦੇ ਯੋਗ ਬਣਾਉਣਾ ਸੀ। **ਇਹਨਾਂ ਬੁਨਿਆਦੀ ਕਾਰਜਾਂ ਦੀ ਪੂਰਤੀ ਲਈ ਖੇਤੀ ਦੇ ਕਿਸੇ ਵੀ ਕਿਸਮ ਦੇ ਵਿਕਾਸ ਦੀ ਨਹੀਂ ਸਗੋਂ ਆਧੁਨਿਕ, ਵੱਡੇ ਪੈਮਾਨੇ ਦੇ ਉਤਪਾਦਨ ਦੇ ਆਧਾਰ ਤੇ ਇਸਦੇ ਸਮਾਜਵਾਦੀ ਵਿਕਾਸ ਦੀ ਜ਼ਰੂਰਤ ਸੀ ਜੋ ਗੜ੍ਹੀ ਤਰ੍ਹਾਂ ਆਰਥਿਕਤਾ ਦੇ ਹੋਰ ਸਭ ਖੇਤਰਾਂ ਅਤੇ ਸ਼ਾਖ਼ਾਵਾਂ ਨਾਲ ਜੁੜਿਆ ਹੋਇਆ ਹੋਵੇ।**

ਖੇਤੀ ਵਿਚ ਹਾਸਲ ਕੀਤੀ ਗਈ ਇਨਕਲਾਬੀ ਤਬਦੀਲੀ ਅਤੇ ਉੱਨਤੀ, ਸਮਾਜਵਾਦ ਦੀ ਉਸਾਰੀ ਵਾਸਤੇ ਪਾਰਟੀ ਦੀ ਸੇਧ ਅਤੇ ਨੀਤੀ ਦੀਆਂ ਮਹਾਨ ਜਿੱਤਾਂ ਵਿਚੋਂ ਇਕ ਹੈ। ਇਹ ਸਚਾਈ ਕਿ ਲੋਕ-ਸੱਤਾ ਦੇ ਕਰੀਬ ਚਾਰ ਦਹਾਕਿਆਂ ਦੌਰਾਨ ਸਾਡੇ ਦੇਸ਼ ਵਿਚ ਖੇਤੀ ਉਤਪਾਦਨ ਵਸੋਂ ਦੇ ਵਾਧੇ ਨਾਲੋਂ 2 ਗੁਣਾਂ ਵਧੇਰੇ ਤੇਜ਼ੀ ਨਾਲ ਵਧਦਾ ਰਿਹਾ ਹੈ, ਕਿ ਹਰ ਪੰਜ-ਸਾਲਾ ਯੋਜਨਾ ਦੁਰਾਨ ਕਿਸਾਨੀ ਦੀ ਅਸਲ ਪ੍ਰਤੀ-ਜੀਅ ਆਮਦਨ 10 ਤੋਂ 20 ਫ਼ੀਸਦੀ ਦੇ ਹਿਸਾਬ ਨਾਲ ਵਧਦੀ ਰਹੀ ਹੈ, ਕਿ ਹੁਣ, 1960 ਦੇ ਮੁਕਾਬਲੇ ਖੇਤੀ ਉਤਪਾਦਨ ਸਿੰਚਾਈ ਵਾਲੀ ਜ਼ਮੀਨ ਦੀ ਪ੍ਰਤੀ ਇਕਾਈ ਦੇ ਹਿਸਾਬ ਨਾਲ 1·7 ਗੁਣਾ ਵੱਧ ਹੈ ਅਤੇ ਖੇਤੀ ਮਜ਼ਦੂਰਾਂ ਦੇ ਜੀਅ-ਪ੍ਰਤੀ ਹਿਸਾਬ ਨਾਲ 1·6 ਗੁਣਾਂ ਵੱਧ ਹੈ, ਇਹ ਸਚਾਈ ਇਸ ਨੀਤੀ ਦੇ ਸਹੀਪਣ ਦੀ ਇਕ ਸਪੱਸ਼ਟ ਗਵਾਹੀ ਹੈ। 6ਵੀਂ ਪੰਜ-ਸਾਲਾ ਯੋਜਨਾ ਦੇ ਦੁਰਾਨ ਵੀ, ਬੇਸ਼ੱਕ ਟੀਚੇ ਯੋਜਨਾ ਮੁਤਾਬਕ ਪੂਰੇ ਨਹੀਂ ਹੋਏ, ਫਿਰ ਵੀ, ਔਸਤਨ ਸਾਲਾਨਾ ਉਤਪਾਦਨ 5ਵੀਂ ਪੰਜ-ਸਾਲਾ ਯੋਜਨਾ ਨਾਲੋਂ 21·4 ਫ਼ੀਸਦੀ ਵੱਧ ਸੀ।

ਆਪਣੀ ਜ਼ਰਈ ਨੀਤੀ ਉੱਤੇ ਦ੍ਰਿੜ੍ਹਤਾ ਨਾਲ ਚੱਲਦਿਆਂ, ਪਾਰਟੀ ਨੇ, 7ਵੀਂ ਪੰਜ-ਸਾਲਾ ਯੋਜਨਾ ਦੁਰਾਨ ਖੇਤੀ ਦੇ ਵਿਕਾਸ ਅਤੇ ਸਾਡੇ ਸਮਾਜਵਾਦੀ ਦਿਹਾਤ ਦੀ ਉੱਨਤੀ ਲਈ ਨਵੇਂ ਅਤੇ ਵਧੇਰੇ ਮਹੱਤਵਪੂਰਨ ਟੀਚੇ ਮਿਥੇ ਹਨ। ਨਵੀਂ ਪੰਜ-ਸਾਲਾ ਯੋਜਨਾ ਵਿਚ ਖੇਤੀ ਦੇ ਵਿਕਾਸ ਵਾਸਤੇ ਪਾਰਟੀ ਦੀ ਕੇਂਦਰੀ ਕਮੇਟੀ ਵਲੋਂ ਮਿਥੇ ਗਏ ਟੀਚਿਆਂ ਦਾ ਉਦੇਸ਼ ਹੈ: ਲੋਕਾਂ ਵਾਸਤੇ ਖਾਣੇ ਦੀ ਸਪਲਾਈ ਅਤੇ ਇਸ ਦੀ ਬਣਤਰ ਨੂੰ ਹੋਰ ਵਧੇਰੇ ਬੇਹਤਰ ਬਣਾਉਣ ਲਈ ਉਤਪਾਦਨ ਵਧਾਉਣਾ; ਹਲਕੇ ਅਤੇ ਖਾਧ-ਪਦਾਰਥ ਉਦਯੋਗ ਲਈ ਕੱਚੇ-ਮਾਲਾਂ ਵਿਚ ਚੋਖਾ ਵਾਧਾ ਕਰਨਾ; ਹੁਣ ਤੱਕ ਵਿਦੇਸ਼ਾਂ ਤੋਂ ਮੰਗਵਾਏ ਜਾਂਦੇ ਖਾਧ-ਪਦਾਰਥਾਂ ਅਤੇ ਕੱਚੇ-ਮਾਲਾਂ ਦੀ ਦਰਾਮਦ ਨੂੰ ਸਹਿਜੇ-ਸਹਿਜੇ ਪੂਰੀ ਤਰ੍ਹਾਂ ਬੰਦ ਕਰਨਾ; ਖੇਤੀ ਦੇ ਤਿਆਰ-ਸ਼ੁਦਾ ਅਤੇ ਕੱਚੇ ਪਦਾਰਥਾਂ ਦੀ ਬਰਾਮਦ ਨੂੰ ਵਧਾਉਣਾ; ਅਤੇ ਲੋੜੀਂਦੇ ਜ਼ਖੀਰਿਆਂ ਨੂੰ ਵਧਾਉਣਾ ਅਤੇ ਮਜ਼ਬੂਤ ਕਰਨਾ। ਇਹਨਾਂ ਟੀਚਿਆਂ ਦੇ ਆਧਾਰ ਤੇ, ਅਤੇ ਹੋਰ ਆਰਥਿਕ ਅਤੇ ਸਮਾਜਿਕ ਉਪਾਵਾਂ ਰਾਹੀਂ, ਕਿਸਾਨੀ ਦੀ ਭਲਾਈ ਵਿਚ ਵਾਧਾ ਹੋਏਗਾ ਅਤੇ ਸ਼ਹਿਰਾਂ ਅਤੇ ਦਿਹਾਤ ਵਿਚਕਾਰ ਫਰਕ ਹੋਰ ਵੀ ਘੱਟ ਜਾਏਗਾ।

ਖੇਤੀ ਦੇ ਵਿਕਾਸ ਦੇ ਇਹਨਾਂ ਮੁੱਖ ਮਸਲਿਆਂ ਦਾ ਦੇਸ਼ ਦੇ ਵਰਤਮਾਨ ਅਤੇ ਭਵਿੱਖ ਨਾਲ ਵਾਸਤਾ ਹੈ। ਇਹਨਾਂ ਸਭ ਕਾਰਨਾਂ ਕਰਕੇ, ਮੌਜੂਦਾ ਪੰਜ-ਸਾਲਾ

ਯੋਜਨਾ ਵਿਚ ਖੇਤੀ ਦਾ ਪਹਿਲਾਂ ਨਾਲੋਂ ਵਧੇਰੇ ਵਿਸ਼ੇਸ਼ ਅਤੇ ਮਹੱਤਵਪੂਰਨ ਸਥਾਨ ਰਹੇਗਾ। 7ਵੀਂ ਪੰਜ-ਸਾਲਾ ਯੋਜਨਾ ਦੇ ਦੁਰਾਨ, 6ਵੀਂ ਪੰਜ-ਸਾਲਾ ਯੋਜਨਾ ਦੇ ਮੁਕਾਬਲੇ ਖੇਤੀ ਉਤਪਾਦਨ 30-32 ਫੀਸਦੀ ਵਧਾਉਣ ਦਾ ਟੀਚਾ ਮਿਥਿਆ ਗਿਆ ਹੈ। ਇਸ ਯੋਜਨਾ ਦੀਆਂ ਕੁੱਲ ਇਨਵੈਸਟਮੈਂਟਾਂ ਵਿਚੋਂ ਕਰੀਬ 29 ਫੀਸਦੀ ਖੇਤੀ 'ਚ ਵਰਤੀਆਂ ਜਾਣਗੀਆਂ। ਨਵੀਆਂ ਸਰਗਰਮ ਕ੍ਰਿਤ ਸ਼ਕਤੀਆਂ ਵਿਚੋਂ ਕਰੀਬ 60 ਫੀਸਦੀ ਨੂੰ ਇਸ ਸ਼ਾਖਾ ਵਿਚ ਲਾਇਆ ਜਾਏਗਾ ਅਤੇ ਇਸ ਨੂੰ ਵਧੇਰੇ ਵੱਡਾ ਪਦਾਰਥਿਕ ਅਤੇ ਤਕਨੀਕੀ ਆਧਾਰ ਮੁਹੱਈਆ ਕੀਤਾ ਜਾਏਗਾ। ਇਸ ਵਾਸਤੇ, ਖੇਤੀ ਅਤੇ ਖੇਤੀ ਨਾਲ ਸਬੰਧਿਤ ਹੋਰ ਸਭ ਸੈਕਟਰਾਂ ਦੇ ਮਜ਼ਦੂਰਾਂ ਨੂੰ ਇਹਨਾਂ ਮਹਾਨ ਟੀਚਿਆਂ ਨੂੰ ਪੂਰਾ ਕਰਨ ਲਈ ਡਟਕੇ ਸੰਘਰਸ਼ ਕਰਨਾ ਪਏਗਾ।

**ਹਮੇਸ਼ਾ ਦੀ ਤਰ੍ਹਾਂ ਅਨਾਜ ਦਾ ਉਪਤਾਦਨ ਖੇਤੀ ਦਾ ਮੁੱਖ ਕਾਰਜ ਹੈ।** ਹਰ ਸਾਲ ਸਾਨੂੰ ਸਦਾ ਵਧ ਰਹੀ ਵਸੋਂ ਦੀਆਂ ਅਨਾਜ ਦੀਆਂ ਲੋੜਾਂ ਪੂਰੀਆਂ ਕਰਨੀਆਂ ਹੋਣਗੀਆਂ ਅਤੇ ਪਸ਼ੂਆਂ ਲਈ ਬੇਹਤਰ ਚਾਰੇ ਅਤੇ ਫੀਡ ਦੀਆਂ ਜ਼ਰੂਰਤਾਂ ਵੀ ਪੂਰੀਆਂ ਕਰਨੀਆਂ ਹੋਣਗੀਆਂ। ਇਹ ਮਸਲੇ ਖੇਤੀ ਵਾਲੀ ਜ਼ਮੀਨ ਦੇ ਇਲਾਕੇ ਦੇ ਲਗਾਤਾਰ ਪਸਾਰੇ ਨਾਲ ਹੱਲ ਨਹੀਂ ਕੀਤੇ ਜਾ ਸਕਦੇ। ਸਗੋਂ ਇਸ ਦੇ ਉਲਟ, ਝਾੜ ਵਧਾਉਣ ਅਤੇ ਅਨਾਜ ਦੀ ਕਿਸਮ ਸੁਧਾਰਨ ਉੱਤੇ ਵੱਧ ਤੋਂ ਵੱਧ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਇਸ ਵਕਤ ਇਹ ਬਹੁਤ ਹੀ ਜ਼ਰੂਰੀ ਹੈ, ਕਿਉਂਕਿ ਆਬਾਦੀ ਤੇਜ਼ ਦਰਾਂ ਨਾਲ ਵਧ ਰਹੀ ਹੈ, ਅਤੇ ਸਿੱਟੇ ਵਜੋਂ, ਸਿੰਚਾਈ ਵਾਲੀ ਜ਼ਮੀਨ ਦਾ ਪ੍ਰਤੀ-ਜੀਅ ਆਕਾਰ ਘੱਟ ਰਿਹਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ 7ਵੀਂ ਯੋਜਨਾ ਦੌਰਾਨ 6ਵੀਂ ਯੋਜਨਾ ਦੇ ਮੁਕਾਬਲੇ ਅਨਾਜ ਦੇ ਉਤਪਾਦਨ ਵਿਚ ਕਰੀਬ 20 ਫੀਸਦੀ ਵਾਧਾ ਸਿਰਫ ਝਾੜ ਵਧਾਉਣ ਨਾਲ ਹੀ ਕੀਤਾ ਜਾਵੇ। ਇਸ ਖੇਤਰ ਦੇ ਕਾਰਜ ਬਹੁਤ ਗੰਭੀਰ ਹਨ ਅਤੇ ਪਾਰਟੀ, ਸਟੇਟ ਅਤੇ ਆਰਥਿਕਤਾ ਦੇ ਸੰਗਠਨਾਂ ਅਤੇ ਖੇਤੀ ਦੇ ਸਭ ਮਜ਼ਦੂਰਾਂ ਤੋਂ ਵਿਸ਼ੇਸ਼ ਤਵੱਜੋਂ ਦੀ ਮੰਗ ਕਰਦੇ ਹਨ।

ਅਨਾਜ ਦੇ ਉਤਪਾਦਨ ਦੇ ਵਾਧੇ ਤੋਂ ਇਲਾਵਾ, ਕਿਸੇ ਵੀ ਘਾਟੇ ਜਾਂ ਨੁਕਸਾਨ ਤੋਂ ਬਚਣ ਲਈ ਅਨਾਜ ਦੀ ਖ਼ਰੀਦ, ਢੋਅ-ਢੁਆਈ, ਜ਼ਖ਼ੀਰਾ ਕਰਨ ਅਤੇ ਵਰਤੋਂ ਕਰਨ ਵਿਚ ਵੱਧ ਤੋਂ ਵੱਧ ਉਪਾਓ ਕੀਤੇ ਜਾਣੇ ਚਾਹੀਦੇ ਹਨ। ਸਾਨੂੰ ਬਰੈਡ (ਰੋਟੀ) ਦੀ ਪ੍ਰਤੀ-ਜੀਅ ਖਪਤ ਨੂੰ ਘਟਾਉਣ ਲਈ ਵੀ ਯਤਨ ਕਰਨੇ ਚਾਹੀਦੇ ਹਨ। ਸਾਨੂੰ ਇਸ ਦਿਸ਼ਾ ਵਿਚ ਵਿਗਿਆਨਕ ਤੌਰ ਤੇ ਬਣਾਏ ਪ੍ਰੋਗਰਾਮ ਦੇ ਅਧਾਰ ਤੇ ਚੱਲਣਾ ਚਾਹੀਦਾ ਹੈ ਅਤੇ ਲੋਕਾਂ ਦੇ ਖਾਣੇ ਦੀ ਬਣਤਰ ਨੂੰ ਸੁਧਾਰਨ ਲਈ ਸਬਜ਼ੀਆਂ, ਫਲਾਂ ਅਤੇ ਮੀਟ, ਆਦਿ ਦੀ ਪੈਦਾਵਾਰ ਅਤੇ ਵਰਤੋਂ ਵਧਾਉਣੀ ਚਾਹੀਦੀ ਹੈ। ਮਸਲਾ ਇਹ ਹੈ ਕਿ ਸਾਨੂੰ ਵਸੋਂ ਲਈ ਵਧੇਰੇ ਦੁੱਧ, ਮੀਟ ਅਤੇ ਸਬਜ਼ੀਆਂ ਆਦਿ ਮੁਹੱਈਆ ਕਰਨੀਆਂ ਚਾਹੀਦੀਆਂ ਹਨ ਅਤੇ ਰੋਟੀ ਦੀ ਵਰਤੋਂ 'ਚ ਕਮੀ ਕਰਨੀ ਚਾਹੀਦੀ ਹੈ, ਅਤੇ ਇਸ ਤਰ੍ਹਾਂ ਜੀਵਨ ਪੱਧਰ ਨੂੰ ਨੀਵਾਂ ਨਹੀਂ ਸਗੋਂ ਉੱਚਾ ਕਰਨਾ ਚਾਹੀਦਾ ਹੈ।

ਇਸ ਲਈ, ਸਬਜ਼ੀਆਂ, ਆਲੂਆਂ, ਅਤੇ ਫਲਾਂ ਦੇ ਪ੍ਰਤੀ-ਜੀਅ ਉਤਪਾਦਨ ਵਿਚ ਵਾਧਾ ਕਰਨ ਅਤੇ ਇਸ ਦੀ ਲਾਗਤ ਘਟਾਉਣ ਦੇ ਨਾਲ ਨਾਲ, ਲੋਕਾਂ ਦੀਆਂ ਮੰਗਾਂ ਅਤੇ ਸਵਾਦਾਂ ਨੂੰ ਜਾਣਨ ਅਤੇ ਇਹਨਾਂ ਪਦਾਰਥਾਂ ਦੇ ਉਤਪਾਦਨ, ਢੋਅ-ਢੁਆਈ, ਉਦਯੋਗੀਕਰਣ ਅਤੇ ਵਿਕਰੀ ਸਬੰਧੀ ਵਰਤਮਾਨ ਸੋਚਣੀ ਨੂੰ ਬਦਲਣ ਲਈ ਹੋਰ ਵਧੇਰੇ ਜਥੇਬੰਦ ਤੌਰ ਤੇ ਕੰਮ ਕਰਨਾ ਚਾਹੀਦਾ ਹੈ। ਵਰਤਮਾਨ ਪੰਜ-ਸਾਲਾ ਯੋਜਨਾ ਵਿਚ ਸਬਜ਼ੀਆਂ, ਆਲੂਆਂ ਅਤੇ ਫਲੀਆਂ (ਦੇ ਉਤਪਾਦਨ) ਮੁਤੱਲਕ ਮਿਥੇ ਗਏ ਠੋਸ ਕਾਰਜਾਂ ਨੂੰ ਪੂਰੇ ਕਰਨ ਲਈ ਸਰਬ-ਪੱਖੀ ਖੇਤੀ-ਤਕਨੀਕੀ ਉਪਾਵਾਂ, ਅਤੇ ਇਹਨਾਂ ਦੇ ਉਤਪਾਦਨ ਦੇ ਕੇਂਦਰੀਕਰਨ, ਖਾਸਕਰ ਸ਼ਹਿਰਾਂ ਦੇ ਗਿਰਦ ਕੇਂਦਰੀਕਰਣ ਦੀ ਲੋੜ ਹੈ ਤਾਂ ਕਿ ਟੀਚੇ ਸਮੇਂ ਸਿਰ ਪੂਰੇ ਕੀਤੇ ਜਾ ਸਕਣ।

ਸਟੇਟ ਅਤੇ ਕੋਆਪਰੇਟਿਵਾਂ ਨੇ ਫਲ ਉਗਾਉਣ ਲਈ ਵੱਡੀਆਂ ਇਨਵੈਸਟਮੈਂਟਾਂ ਕੀਤੀਆਂ ਹਨ। ਫਿਰ ਵੀ ਹੁਣ ਤਕ, ਇਨ੍ਹਾਂ ਇਨਵੈਸਟਮੈਂਟਾਂ ਦੀ ਅਸਰਦਾਇਕਤਾ, ਖਾਸਕਰ ਕੋਆਪਰੇਟਿਵਾਂ ਵਿਚ, ਬਹੁਤ ਹੀ ਘੱਟ ਰਹੀ ਹੈ ਖੇਤੀ ਉਤਪਾਦਨ ਵਿਚ ਇਸ ਸੈਕਟਰ ਦਾ ਹਿੱਸਾ ਮੁਕਾਬਲਤਨ ਘੱਟ ਰਿਹਾ ਹੈ। ਇਸ ਲਈ, ਫਲ-ਉਗਾਉਣ ਦੇ ਵੱਧ ਰਹੇ ਕਾਰਜਾਂ ਨੂੰ ਪੂਰੇ ਕਰਨ ਲਈ ਇਹ ਲਾਜ਼ਮੀ ਹੈ ਕਿ ਸਭ ਤੋਂ ਪਹਿਲਾਂ, ਇਸ ਸ਼ਾਖਾ ਦੇ ਮਹੱਤਵ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਿਆ ਜਾਵੇ, ਅਤੇ ਸਾਡੇ ਦੇਸ਼ ਦੇ ਭਵਿੱਖ ਲਈ ਸੰਪਤੀ ਦੇ ਇਸ ਵੱਡੇ ਖਜ਼ਾਨੇ ਦੇ ਮਹੱਤਵ ਨੂੰ ਘਟਾ ਕੇ ਦੇਖਣ ਵਾਲੇ ਜਾਂ ਨਜ਼ਰ-ਅੰਦਾਜ਼ ਕਰਨ ਵਾਲੇ ਵਿਚਾਰਾਂ ਨੂੰ ਖਤਮ ਕੀਤਾ ਜਾਵੇ। ਬਾਗਾਂ ਅਤੇ ਜ਼ੈਤੂਨ ਦੇ ਬੇਲਿਆਂ ਦੀ ਦੇਖ-ਭਾਲ ਚੰਗੀ ਤਰ੍ਹਾਂ ਕਰਨੀ ਚਾਹੀਦਾ ਹੈ ਅਤੇ ਸਿੰਚਾਈ ਦਾ ਪੂਰਾ-ਪੂਰਾ ਪ੍ਰਬੰਧ ਕਰਨਾ ਚਾਹੀਦਾ ਹੈ।

ਅੰਗੂਰਾਂ ਦੇ ਮੌਜੂਦਾ ਬਾਗਾਂ ਨੂੰ ਮੁਕੰਮਲ ਕਰਨ ਅਤੇ ਸੁਧਾਰਨ ਵਿਚ ਵੱਧ ਤੋਂ ਵੱਧ ਇਨਵੈਸਟਮੈਂਟ ਹੋਣੀ ਚਾਹੀਦੀ ਹੈ। ਫਲ ਉਗਾਉਣ ਦੇ ਖੇਤਰ ਵਿਚ ਅਧਿਅਨ ਕੀਤੇ ਜਾਣੇ ਚਾਹੀਦੇ ਹਨ ਅਤੇ ਨਵੀਆਂ ਕਿਸਮਾਂ ਖੋਜਣ ਅਤੇ ਪੁਰਾਣੀਆਂ ਨੂੰ ਸੁਧਾਰਨ ਲਈ ਡਟਕੇ ਕੰਮ ਕਰਨਾ ਚਾਹੀਦਾ ਹੈ, ਸ਼ਹਿਰਾਂ ਦੇ ਗਿਰਦ ਬਾਗ ਲਾਉਣ ਦਾ ਕੰਮ ਤੁਰੰਤ ਸ਼ੁਰੂ ਕਰਨਾ ਚਾਹੀਦਾ, ਅਤੇ ਜਿਥੋਂ ਤੱਕ ਸੰਭਵ ਹੋ ਸਕੇ ਸਾਂਝੀਆਂ ਸਟੇਟ-ਕੋਆਪਰੇਟਿਵ ਇਨਵੈਸਟਮੈਂਟਾਂ ਉੱਤੇ ਜ਼ੋਰ ਦੇਣਾ ਚਾਹੀਦਾ ਹੈ।

ਲੋਕਾਂ ਅਤੇ ਬਹੁ-ਸ਼ਾਖੀ ਖੇਤੀ ਦੀਆਂ ਲੋੜਾਂ ਮੰਗ ਕਰਦੀਆਂ ਹਨ ਕਿ ਉਦਯੋਗਕ ਫਸਲਾਂ ਦੀ ਪੈਦਾਵਾਰ ਵਿਚ ਸੁਧਾਰ ਕੀਤੇ ਜਾਣ. ਉਨ੍ਹਾਂ ਜ਼ਿਲ੍ਹਿਆਂ ਅਤੇ ਆਰਥਿਕਤਾਵਾਂ ਵਿਚ ਪੈਦਾਵਾਰ ਉੱਤੇ ਜ਼ੋਰ ਦਿੱਤਾ ਜਾਵੇ ਜਿੱਥੇ ਪਹਿਲਾਂ ਹੀ ਵਧੀਆ ਨਤੀਜੇ ਪ੍ਰਾਪਤ ਹੋ ਚੁੱਕੇ ਹਨ, ਵਧੇਰੇ ਝਾੜ ਵਾਲੀਆਂ ਕਿਸਮਾਂ ਦੇ ਬੀਜਾਂ ਦੀ ਸਪਲਾਈ ਨੂੰ ਯਕੀਨੀ ਬਣਾਇਆ ਜਾਵੇ, ਅਤੇ ਆਧੁਨਿਕ ਤਕਨਾਲੋਜੀ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ। ਸਾਨੂੰ ਲੋਕਾਂ ਅਤੇ ਆਰਥਿਕਤਾ ਦੀਆਂ ਲੋੜਾਂ ਨੂੰ ਹਮੇਸ਼ਾ ਚੰਗੇਰੇ ਤਰੀਕੇ ਨਾਲ ਪੂਰਾ ਕਰਨ ਦੀ ਸੇਧ ਤੇ ਚੱਲਣਾ ਚਾਹੀਦਾ ਹੈ।

ਜੰਗਲਾਤ ਆਰਥਿਕਤਾ ਵਿਚ, ਜੰਗਲੀ ਦਰਖਤਾਂ ਦੀ ਕਟਾਈ ਅਤੇ ਸਲਾਨਾ ਕੁਦਰਤੀ ਉਗਾਈ ਵਿਚ ਸੰਤੁਲਿਨ ਪੈਦਾ ਕਰਨ ਵੱਲ ਤੇਜ਼ੀ ਨਾਲ ਵਧਣ ਦੇ ਉਪਾਓ ਕਰਨ ਦੇ ਨਾਲ ਨਾਲ ਸਾਨੂੰ ਜੰਗਲਾਂ ਨੂੰ ਵਿਸਤ੍ਰਿਤ ਆਰਥਿਕਤਾਵਾਂ ਵਿਚ ਬਦਲਣ ਲਈ ਵੀ ਕੰਮ ਕਰਨਾ ਚਾਹੀਦਾ ਹੈ ਜਿਨ੍ਹਾਂ ਵਿਚ ਲੱਕੜੀ ਤੋਂ ਇਲਾਵਾ ਜ਼ਰੂਰੀ ਤੇਲ ਦੇਣ ਵਾਲੇ ਦਰਖਤਾਂ ਅਤੇ ਡਾਕਟਰੀ ਜੜ੍ਹੀ-ਬੂਟੀਆਂ ਦਾ ਉਤਪਾਦਨ ਕੀਤਾ ਜਾਵੇ ਅਤੇ ਪੁਸ਼ੂ-ਉਦਿਆਨ ਨੂੰ ਵਿਕਸਤ ਕਰਨ ਅਤੇ ਵਰਤੋਂ 'ਚ ਲਿਆਉਣ ਲਈ ਵੀ ਵੱਧ ਤੋਂ ਵੱਧ ਉਪਾਓ ਕਰਨੇ ਚਾਹੀਦੇ ਹਨ।

**ਨਵੀਂ ਪੰਜ-ਸਾਲਾ ਯੋਜਨਾ ਵਿਚ, ਪਸ਼ੂ-ਪਾਲਣ ਬਾਰੇ ਮਿਥੇ ਗਏ ਟੀਚੇ, ਪਾਰਟੀ, ਸਟੇਟ ਅਤੇ ਆਰਥਿਕਤਾ ਦੇ ਸੰਗਠਨਾਂ ਅਤੇ ਖੇਤੀ ਦੇ ਸਭ ਮਜ਼ਦੂਰਾਂ ਤੋਂ ਇਸ ਮਹੱਤਵਪੂਰਨ ਸ਼ਾਖਾ ਪ੍ਰਤੀ ਵੱਧ ਤੋਂ ਵੱਧ ਧਿਆਨ ਦੀ ਮੰਗ ਕਰਦੇ ਹਨ।** ਕੀਤੀ ਗਈ ਤਰੱਕੀ ਦੇ ਬਾਵਜੂਦ ਵੀ, ਪਸ਼ੂ-ਪਾਲਣ ਦੇ ਖੇਤਰ ਦੇ ਉਤਪਾਦਨ ਅਤੇ ਆਧੁਨਿਕਰਣ ਦਾ ਪੱਧਰ ਕੀਤੀਆਂ ਗਈਆਂ ਵੱਡੀਆਂ ਇਨਵੈਸਟਮੈਂਟਾਂ ਅਤੇ ਵੱਧ ਰਹੀਆਂ ਲੋੜਾਂ ਦੇ ਹਾਣ ਨਹੀਂ ਹੈ। ਹਦਾਇਤਾਂ ਦੇ ਖਾਕੇ ਵਿਚ ਔਸਤਨ ਸਲਾਨਾ ਉਤਪਾਦਨ ਵਿਚ 1985 ਵਿਚ 1980 ਦੇ ਮੁਕਾਬਲੇ ਹੇਠ ਲਿਖੇ ਵਾਧੇ ਕਰਨ ਦਾ ਟੀਚਾ ਮਿੱਥਿਆ ਗਿਆ ਹੈ—ਦੁੱਧ 30-32 ਫੀਸਦੀ, ਮੀਟ 53-55 ਫੀਸਦੀ, ਅੰਡੇ 50-52 ਫੀਸਦੀ, ਆਦਿ। ਇਹ ਟੀਚੇ ਇੱਜੜਾਂ ਅਤੇ ਵੱਗਾਂ ਦੀ ਗਿਣਤੀ ਦੇ ਵਾਧੇ ਉੱਤੇ ਅਧਾਰਿਤ ਹਨ, ਲੇਕਿਨ ਵਿਸ਼ੇਸ਼ ਤੌਰ ਤੇ ਇਹ ਸਭ ਕਿਸਮਾਂ ਦੇ ਪਸ਼ੂਆਂ ਦੀ ਉਤਪਾਦਕਤਾ ਦੇ ਵਾਧੇ ਉੱਤੇ ਅਧਾਰਿਤ ਹਨ। ਬੰਸਾਵਲੀ ਗਊਆਂ, ਅਤੇ ਹੋਰ ਪਸ਼ੂਆਂ ਦੀਆਂ ਨਵੀਨ ਨਸਲਾਂ ਦੇ ਉਤਪਾਦਨ ਦੀਆਂ ਔਸਤਨ ਕੌਮੀ ਉਤਪਾਦਨ ਦੀਆਂ ਦਰਾਂ ਨਾਲੋਂ 2-3 ਗੁਣਾਂ ਵੱਧ ਦਰਾਂ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਇਸ ਮਕਸਦ ਲਈ ਕਈ ਕਿਸਮਾਂ ਦੇ ਪਸ਼ੂਆਂ ਵਾਲੇ ਅਤੇ ਵਿਗਿਆਨਕ ਬੁਨਿਆਦ ਉੱਤੇ ਅਧਾਰਿਤ ਪਸ਼ੂ-ਪਾਲਣ ਦੇ ਵਿਕਾਸ ਦੀਆਂ ਲੋੜਾਂ ਅਤੇ ਜ਼ਰੂਰਤਾਂ ਪ੍ਰਤੀ ਧਾਰਨਾਵਾਂ ਅਤੇ ਰਵੱਈਆਂ ਵਿਚ ਬੁਨਿਆਦੀ ਤਬਦੀਲੀਆਂ ਕਰਨ ਦੀ ਜ਼ਰੂਰਤ ਹੈ।

ਪਸ਼ੂ-ਪਾਲਣ ਦੇ ਖੇਤਰ ਵਿਚ ਪਹਿਲਾ ਮਸਲਾ ਚਾਰੇ ਵਾਲੀਆਂ ਫਸਲਾਂ ਅਤੇ ਕੁਦਰਤੀ ਚਰਾਂਦਾਂ ਦੇ ਉਤਪਾਦਨ ਨੂੰ ਦੁੱਗਣਾ-ਤਿੱਗਣਾ ਕਰਨ ਲਈ ਅਤੇ ਖੇਤੀ ਦੇ ਸਭ ਸਹਾਇਕ ਉਤਪਾਦਨਾਂ ਨੂੰ ਇਕੱਠੇ ਕਰਨ ਅਤੇ ਵਰਤੋਂ 'ਚ ਲਿਆਉਣ ਲਈ ਅਨੁਕੂਲ ਉਪਾਵਾਂ ਦਾ ਇੱਕ ਪੂਰਾ ਸਿਸਟਮ ਲਾਗੂ ਕਰਨ ਅਤੇ ਪਸ਼ੂਆਂ ਵਾਸਤੇ ਫੀਡ ਅਤੇ ਹੋਰ ਖੇਤੀ ਅਤੇ ਸਨੱਅਤੀ ਪਦਾਰਥਾਂ ਦੇ ਬਣਾਉਣ ਲਈ ਵਧੇਰੇ ਉੱਨਤ ਤਕਨੀਕ ਦੀ ਵਰਤੋਂ ਦਾ ਮਸਲਾ ਹੈ।

ਅਸੀਂ, ਪਸ਼ੂ-ਪਾਲਣ ਦੀ ਖੇਤੀ ਦੀ ਮਜ਼ਬੂਤੀ ਲਈ, ਮੀਟ ਅਤੇ ਅੰਡਿਆਂ ਦੇ

ਉਤਪਾਦਨ ਲਈ, ਅਤੇ ਪਸ਼ੂਆਂ ਵਾਸਤੇ ਫੀਡ ਤਿਆਰ ਕਰਨ ਲਈ ਆਧੁਨਿਕ ਪ੍ਰਾਜੈਕਟ ਸਥਾਪਿਤ ਕਰਨ ਲਈ ਇਨਵੈਸਟਮੈਂਟਾਂ ਕੀਤੀਆਂ ਅਤੇ ਉਪਾਓ ਕੀਤੇ ਹਨ ਅਤੇ ਕਰਦੇ ਰਹਾਂਗੇ। ਫਿਰ ਵੀ ਇਸ ਚੀਜ਼ ਦਾ ਖਿਆਲ ਰੱਖਣਾ ਚਾਹੀਦਾ ਹੈ ਕਿ ਇਨਵੈਸਟਮੈਂਟਾਂ ਸਮੇਂ-ਸਿਰ ਕੀਤੀਆਂ ਜਾਣ ਅਤੇ ਢੁਕਵੇਂ ਲਾਭ ਦੇਣ। ਦੂਸਰੇ ਪਾਸੇ, ਇਸ ਗੱਲ ਨੂੰ ਸਪਸ਼ਟ ਤੌਰ ਤੇ ਦਿਮਾਗ਼ 'ਚ ਰੱਖਣਾ ਚਾਹੀਦਾ ਹੈ ਕਿ ਪਸ਼ੂਆਂ ਦਾ, ਇਸ ਮਹਾਨ ਕੌਮੀ ਸੰਪਤੀ ਦਾ ਇੱਕ ਵੱਡਾ ਹਿੱਸਾ ਖੇਤੀ ਕੋਆਪਰੇਟਿਵਾਂ ਅਤੇ ਇਨ੍ਹਾਂ ਕੋਆਪਰੇਟਿਵਾਂ ਦੇ ਮੈਂਬਰਾਂ ਦੇ ਪਸ਼ੂਆਂ ਨੂੰ ਮਿਲਾਕੇ ਬਣਾਏ ਇੱਜੜਾਂ ਵਿਚ ਹੈ। ਇਸ ਲਈ, ਇਨ੍ਹਾਂ ਪਸ਼ੂਆਂ ਦੇ ਸਹੀ ਬੰਦੋਬਸਤ ਵੱਲ, ਉਤਪਾਦਨ ਦੇ ਵਾਧੇ ਅਤੇ ਲਾਗਤਾਂ ਵਿਚ ਕਟੌਤੀ ਕਰਨ ਵੱਲ ਵੱਧ ਤੋਂ ਵੱਧ ਤਵੱਜੋਂ ਦੇਣੀ ਚਾਹੀਦੀ ਹੈ।

**7ਵੀਂ ਪੰਜ-ਸਾਲਾ ਯੋਜਨਾ ਵਿਚ ਮਿਥੇ ਗਏ ਟੀਚੇ, ਪਹਿਲਾਂ ਨਾਲੋਂ ਵੀ ਵਧੇਰੇ ਉਤਪਾਦਕਤਾ ਵਧਾ ਕੇ ਪੂਰੇ ਕੀਤੇ ਜਾਣਗੇ।** ਖੇਤੀ ਉਤਪਾਦਨ ਦੇ ਕੁੱਲ ਵਾਧੇ ਵਿਚੋਂ 90 ਫੀਸਦੀ ਵਾਧਾ ਵਧੇਰੇ ਝਾੜ ਵਾਲੀਆਂ ਫਸਲਾਂ ਅਤੇ ਪਸ਼ੂਆਂ ਦੀ ਵਧੇਰੇ ਉਤਪਾਦਕਤਾ ਨਾਲ ਹੋਵੇਗਾ ਜਦ ਕਿ ਪਿਛਲੀਆਂ ਯੋਜਨਾਵਾਂ ਦੁਰਾਨ ਇਹ ਵਾਧਾ 45 ਤੋਂ 70 ਫੀਸਦੀ ਰਿਹਾ ਹੈ। ਜ਼ਮੀਨ ਨੂੰ ਅਤੇ ਉਸਾਰੇ ਜਾ ਚੁੱਕੇ ਸ਼ਕਤੀਸ਼ਾਲੀ ਪਦਾਰਥਿਕ ਅਤੇ ਤਕਨੀਕੀ ਅਧਾਰ ਨੂੰ ਵੱਧ ਤੋਂ ਵੱਧ ਕੁਸ਼ਲਤਾ ਨਾਲ ਵਰਤਣਾ ਚਾਹੀਦਾ ਹੈ ਤਾਂ ਕਿ ਖੇਤੀ ਅਤੇ ਪਸ਼ੂ-ਪਾਲਣ ਦੀ ਪੈਦਾਵਾਰ ਨੂੰ ਘੱਟ ਤੋਂ ਘੱਟ ਖਰਚੇ ਨਾਲ ਵੱਧ ਤੋਂ ਵੱਧ ਵਧਾਇਆ ਜਾ ਸਕੇ—ਇਹੀ ਟੀਚਾ ਮਿਥਿਆ ਗਿਆ ਹੈ।

ਭਵਿੱਖ ਵਿਚ ਵੀ ਖੇਤੀ ਦਾ ਵਿਸਥਾਰ ਕਰਨ ਲਈ ਵੱਡੇ ਟੀਚੇ ਮਿਥਣ ਦੇ ਨਾਲ ਨਾਲ ਸਿੰਚਾਈ ਵਾਲੀ ਜ਼ਮੀਨ ਦੇ ਵਾਧੇ ਲਈ ਭਰਵੇਂ ਯਤਨ ਕਰਨੇ ਚਾਹੀਦੇ ਹਨ, ਕਿਉਂਕਿ ਸਾਡੇ ਦੇਸ਼ ਵਿਚ ਅਜੇ ਵੀ ਅਜੇਹੀ ਬਹੁਤ ਸਾਰੀ ਜ਼ਮੀਨ ਹੈ ਜੋ ਪਹਾੜੀ ਇਲਾਕਿਆਂ ਵਿਚ ਖੇਤੀ ਯੋਗ ਬਣਾਈ ਜਾ ਸਕਦੀ ਹੈ ਅਤੇ ਕੱਲਰਾਂ ਨੂੰ ਖ਼ਤਮ ਕਰਕੇ ਵੀ ਹੋਰ ਜ਼ਮੀਨ ਖੇਤੀ ਯੋਗ ਬਣਾਈ ਜਾ ਸਕਦੀ ਹੈ।

ਘਣੀ ਖੇਤੀ ਦਾ ਇੱਕ ਮੁੱਖ ਮਸਲਾ ਇਹ ਹੈ—ਖੇਤੀ ਉਤਪਾਦਨ ਨੂੰ ਨਿਰਧਾਰਤ ਕਰਨ ਵਾਲੇ ਸਭ ਮਨੁੱਖੀ, ਪਦਾਰਥਿਕ, ਐਗਰੋ-ਟੈਕਨੀਕਲ ਅਤੇ ਕੁਦਰਤੀ ਤੱਤਾਂ ਵਿਚਕਾਰ, ਵਿਗਿਆਨਕ ਤਰਕ ਦੇ ਅਧਾਰ ਤੇ ਬੇਹਤਰੀਨ ਇੱਕਸੁਰਤਾ ਪੈਦਾ ਕਰਨਾ। ਇਹ ਇੱਕ ਆਮ ਮਸਲਾ ਹੈ ਜਿਸ ਦਾ ਹਰ ਆਰਥਿਕਤਾ, ਜ਼ਿਲ੍ਹੇ ਜਾਂ ਇਲਾਕੇ ਨਾਲ ਤੁਅੱਲਕ ਹੈ। ਅਧਾਰ ਵਿਚ ਕੰਮ ਕਰਨ ਵਾਲੇ ਅਤੇ ਆਰਥਿਕ ਅਤੇ ਯੋਜਨਾਬੰਦੀ ਸੰਗਠਨਾ, ਮਾਹਿਰਾਂ, ਕੇਡਰਾਂ ਅਤੇ ਮੋਹਰੀ ਦਸਤੇ ਦੇ ਮਜ਼ਦੂਰਾਂ ਅਤੇ ਵਿਗਿਆਨਕ ਖੋਜ ਦੀਆਂ ਸੰਸਥਾਵਾਂ ਸਾਹਵੇਂ ਇਹ ਅਧਿਅਨਾਂ ਅਤੇ ਸਿਰਜਨਾਤਮਕ ਕਾਢਾਂ ਦਾ ਇਹ ਇੱਕ ਵਿਸ਼ਾਲ ਖੇਤਰ ਹੈ।

ਭਵਿੱਖ ਵਿਚ ਵੀ ਖੇਤੀ ਉਤਪਾਦਨ ਦੇ ਵਾਧੇ ਵਾਸਤੇ ਇਨਵੈਸਟਮੈਂਟਾਂ ਅਤੇ ਜ਼ਮੀਨ ਦੀ ਦੇਖ-ਭਾਲ, ਕੰਮ ਦੀ ਮੁੱਖ ਦਿਸ਼ਾ ਹੋਣੀ ਚਾਹੀਦੀ ਹੈ। ਇਸ ਲਈ ਜ਼ਮੀਨ ਦੀ ਜ਼ਰਖੇਜ਼ਤਾ ਨੂੰ ਵਧਾਉਣ ਅਤੇ ਇਸ ਨੂੰ ਖੁਰਨ ਤੋਂ ਬਚਾਉਣ ਲਈ, ਖਾਦਾਂ ਰਾਹੀਂ ਇਸ ਨੂੰ ਪ੍ਰਫੁੱਲਤ ਬਣਾਉਣ ਲਈ ਵਿਗਿਆਨਕੀ ਉਪਾਓ ਕਰਨੇ ਚਾਹੀਦੇ ਹਨ। ਇਸ ਵਾਸਤੇ ਵਧੇਰੇ ਝਾੜ ਦੇਣ ਵਾਲੇ ਅਤੇ ਬਿਮਾਰੀਆਂ, ਕੀੜੇ-ਮਕੌੜਿਆਂ ਅਤੇ ਕੁਦਰਤੀ ਤੱਤਾਂ ਦਾ ਮੁਕਾਬਲਾ ਕਰ ਸਕਣ ਵਾਲੇ ਬੀਜਾਂ ਦੇ ਉਤਪਾਦਨ ਅਤੇ ਵਰਤੋਂ ਦੀ ਜ਼ਰੂਰਤ ਹੈ।

ਖੇਤੀ ਨੂੰ ਘਣੀ ਬਣਾਉਣ ਨਾਲ ਤੁਅੱਲਕ ਰੱਖਣ ਵਾਲੇ ਬਹੁਤ ਸਾਰੇ ਮਸਲੇ ਸਮੁੱਚੇ ਆਰਥਿਕ ਉਤਪਾਦਨ ਨੂੰ ਨਿੱਗਰ ਵਿਗਿਆਨਕੀ ਨੀਹਾਂ ਉੱਤੇ ਅਧਾਰਿਤ ਕਰਕੇ ਸਫਲਤਾਪੂਰਵਕ ਹੱਲ ਕੀਤੇ ਜਾ ਸਕਦੇ ਹਨ। ਪਾਰਟੀ ਦੀ ਕੇਂਦਰੀ ਕਮੇਟੀ ਦੇ ਅੱਠਵੇਂ ਪਾਲੇਨਿਮ ਨੇ ਖੇਤੀ ਵਿਚ ਅਧਾਰ ਤੋਂ ਲੈ ਕੇ ਕੇਂਦਰ ਤੱਕ ਦੇ ਸਭ ਵਿਗਿਆਨੀ ਸੰਗਠਨਾਂ ਨੂੰ ਬਹੁਤ ਹੀ ਮਹੱਤਵਪੂਰਨ ਸੇਧਾਂ ਅਤੇ ਹਦਾਇਤਾਂ ਦਿੱਤੀਆਂ। ਪਾਰਟੀ ਜਥੇਬੰਦੀਆਂ, ਸਟੇਟ ਅਤੇ ਆਰਥਿਕ ਸੰਸਥਾਵਾਂ ਦਾ ਇਹ ਇੱਕ ਸਰਬੋਤਮ ਫਰਜ਼ ਹੈ ਕਿ ਉਹ ਇਸ ਪ੍ਰੋਗਰਾਮ ਨੂੰ ਦ੍ਰਿੜ੍ਹਤਾ ਨਾਲ ਲਾਗੂ ਕਰਨ। ਇਸ ਵਾਸਤੇ ਇਹ ਜ਼ਰੂਰੀ ਹੈ ਕਿ ਖੇਤੀ ਵਿਚ ਵਿਗਿਆਨਕੀ ਖੋਜ ਅਤੇ ਪ੍ਰਯੋਗਾਂ ਦੀ ਭੂਮਿਕਾ ਦਾ ਇੱਕ ਸਹੀ ਸੰਕਲਪ ਬਣਾਇਆ ਜਾਏ ਅਤੇ ਜਥੇਬੰਦਕ ਉਪਾਵਾਂ ਦੇ ਜ਼ਰੀਏ ਇਹ ਯਕੀਨੀ ਬਣਾਇਆ ਜਾਏ ਕਿ ਇਨ੍ਹਾਂ ਅਧਿਅਨਾਂ ਦੇ ਸਿੱਟਿਆਂ ਨੂੰ ਜਿੰਨਾ ਜਲਦੀ ਹੋ ਸਕੇ, ਵੱਡੇ ਪੈਮਾਨੇ ਦੇ ਉਤਪਾਦਨ ਵਿਚ ਲਾਗੂ ਕੀਤਾ ਜਾਏ।

ਵਰਤਮਾਨ ਪੰਜ-ਸਾਲਾ ਯੋਜਨਾ ਦੌਰਾਨ ਖੇਤੀ ਵਿਚ ਕੀਤੇ ਜਾਣ ਵਾਲੇ ਕੰਮ ਦੇ ਬਾਰੇ, ਪਾਰਟੀ ਦੀ ਕੇਂਦਰੀ ਕਮੇਟੀ ਇਸ ਕਾਂਗਰਸ ਵਿਚ ਇਹ ਤਜਵੀਜ਼ ਰੱਖ ਰਹੀ ਹੈ ਕਿ **ਖੇਤੀ ਉਤਪਾਦਨ ਨੂੰ ਤੇਜ਼ ਕਰਨ ਲਈ ਦੇਸ਼ ਦੇ ਵਧੇਰੇ ਜ਼ਰਖੇਜ਼ ਮੈਦਾਨੀ ਇਲਾਕਿਆਂ ਨੂੰ ਪਹਿਲ ਦਿੰਦਿਆਂ ਅਗਲੇ ਦੱਸ ਸਾਲਾਂ ਦੇ ਅਰਸੇ ਵਿਚ ਕਈ ਇੱਕ ਮਹੱਤਵਪੂਰਨ ਉਪਾਓ ਕੀਤੇ ਜਾਣ।** ਇਸ ਪ੍ਰੋਗਰਾਮ ਦਾ ਪਹਿਲਾ ਪੜਾਅ ਜੋ, 7ਵੀਂ ਪੰਜ-ਸਾਲਾ ਯੋਜਨਾ ਦੁਰਾਨ ਲਾਗੂ ਕੀਤਾ ਜਾਏਗਾ ਉਸ ਅਧੀਨ ਸਮੁੰਦਰੀ ਤੱਟ ਨਾਲ ਲੱਗਦੇ ਮੈਦਾਨਾਂ ਵਿਚ 100,000 ਹੈਕਟੇਅਰ ਜ਼ਮੀਨ ਆਏਗੀ। ਇਸ ਕਾਰਵਾਈ ਦਾ ਮਨੋਰਥ ਉਨ੍ਹਾਂ ਇਲਾਕਿਆਂ ਵਿਚ ਖੇਤੀ ਅਤੇ ਪਸ਼ੂ ਉਤਪਾਦਨ ਵਧਾਉਣਾ ਹੈ ਜਿਨ੍ਹਾਂ ਇਲਾਕਿਆਂ ਵਿਚ ਕੰਮ ਅਤੇ ਇਨਵੈਸਟਮੈਂਟਾਂ ਦੇ ਚੰਗੇ ਅਤੇ ਤੁਰੰਤ ਸਿੱਟੇ ਮਿਲਦੇ ਹਨ। ਇਸ ਨਾਲ ਕੋਆਪਰੇਟਿਵਾਂ ਦੇ ਵਧੇਰੇ ਤੇਜ਼ ਵਿਕਾਸ ਅਤੇ ਇਕ ਗਰੁੱਪ ਦੀ ਜਾਇਦਾਦ ਨੂੰ ਸਮੁੱਚੇ ਲੋਕਾਂ ਦੀ ਜਾਇਦਾਦ ਵਿਚ ਤਬਦੀਲ ਕਰਨ ਲਈ ਵੀ ਹਾਲਾਤ ਤਿਆਰ ਹੋ ਜਾਣਗੇ। ਇਹ ਕਾਰਵਾਈ ਦੇਸ਼ ਦੇ ਹੋਰ ਇਲਾਕਿਆਂ ਵਿਚ ਖੇਤੀ ਦੀ ਉੱਨਤੀ ਲਈ ਲੋੜੀਂਦੀਆਂ ਇਨਵੈਸਟਮੈਂਟਾਂ ਅਤੇ ਸਾਧਨਾਂ ਉੱਤੇ ਕੋਈ ਅਸਰ ਨਹੀਂ ਪਾਏਗੀ। ਸਗੋਂ ਇਸਦੇ ਉਲਟ, ਸਭ ਖੇਤੀ ਕੋਆਪਰੇਟਿਵਾਂ ਦੇ ਹੋਰ ਵਧੇਰੇ ਵਿਕਾਸ ਅਤੇ ਮਜ਼ਬੂਤੀ ਲਈ ਕੰਮ ਜਾਰੀ ਰਹੇਗਾ।

ਇਨ੍ਹਾਂ ਕਾਰਜਾਂ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ, ਖੇਤੀ ਨਾਲ ਸਬੰਧਤ ਮਨਿਸਟਰੀ, ਸਟੇਟ ਪਲੈਨਿੰਗ ਕਮਿਸ਼ਨ, ਵਿੱਤ ਮਨਿਸਟਰੀ ਅਤੇ ਹੋਰ ਸੰਸਥਾਵਾਂ ਅਤੇ ਉਨ੍ਹਾਂ ਜ਼ਿਲ੍ਹਿਆਂ ਦੀਆਂ ਪਾਰਟੀ ਅਤੇ ਸਟੇਟ ਜਥੇਬੰਦੀਆਂ ਨੂੰ ਸੂਝ-ਵਾਨ ਅਤੇ ਜਥੇਬੰਦਕ ਤਰੀਕੇ ਨਾਲ ਕੰਮ ਕਰਨਾ ਪਏਗਾ, ਜਿਹੜੇ ਜ਼ਿਲ੍ਹੇ ਖਤੀ ਨੂੰ ਘਣੀ ਬਣਾਉਣ ਦੇ ਉੱਚੇ ਟੀਚਿਆਂ ਵਾਲੇ ਜ਼ੋਨਾਂ ਵਿਚ ਆਉਂਦੇ ਹਨ।

**ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਵਿਚ ਪਹਿਲਾਂ ਹੀ ਪ੍ਰਾਪਤ ਕੀਤੀ ਜਾ ਚੁੱਕੀ ਸਤ੍ਹਾ ਅਤੇ 7ਵੀਂ ਪੰਜ-ਸਾਲਾ ਯੋਜਨਾ ਦੌਰਾਨ ਅਤੇ ਭਵਿੱਖ ਵਿਚ ਕੀਤੇ ਜਾਣ ਵਾਲੇ ਉਪਾਵਾਂ ਨੂੰ ਸਾਥ ਅਤੇ ਹਮਾਇਤ, ਦਿਹਾਤ ਵਿਚ ਸਮਾਜਵਾਦੀ ਰਿਸ਼ਤਿਆਂ ਦੀ ਹੋਰ ਵਧੇਰੇ ਕੀਤੀ ਜਾਣ ਵਾਲੀ ਮਜ਼-ਬੂਤੀ ਦੇਵੇਗੀ।** ਪਾਰਟੀ ਦੀ ਕੇਂਦਰੀ ਕਮੇਟੀ ਨੇ ਕੋਆਪਰੇਟਿਵਿਸਟ ਪਲਾਟ ਉੱਤੇ ਹੋਰ ਬੰਦਸ਼ਾਂ ਲਾਉਣ ਅਤੇ ਮੈਂਬਰਾਂ ਦੇ ਨਿੱਜੀ ਪਸ਼ੂਆਂ ਨੂੰ ਸਾਂਝੇ ਇੱਜੜਾਂ ਵਿਚ ਬਦਲਣ ਵਿਚ ਕਿਸਾਨੀ ਦੀ ਇਨਕਲਾਬੀ ਪਹਿਲ-ਕਦਮੀ ਦਾ ਬਾਰੀਕੀ ਨਾਲ ਅਧਿਅਨ ਕੀਤਾ ਹੈ ਅਤੇ ਇਸ ਨੂੰ ਮਨਜ਼ੂਰੀ ਦਿੱਤੀ ਹੈ, ਅਤੇ ਦਿਹਾਤ ਵਿਚ ਇਸ ਅਗਾਂਹ-ਵਧੂ ਵਿਧੀ ਨੂੰ ਢੁੱਕਵੀਂ ਹਮਾਇਤ ਦੇਣ ਲਈ ਵਿਸਤ੍ਰਿਤ ਉਪਾਓ ਕੀਤੇ ਹਨ, ਅਤੇ ਕਰ ਰਹੀ ਹੈ। ਪਾਰਟੀ, ਸਾਡੇ ਦੇਸ਼ ਵਿਚ ਸਹਿਕਾਰਤਾਵਾਦੀ ਸਿਸਟਮ ਨੂੰ ਮਜ਼ਬੂਤ ਕਰਨ ਲਈ ਉਠਾਏ ਜਾ ਰਹੇ ਇਸ ਵਿਸ਼ੇਸ਼ ਮਹੱਤਵ ਵਾਲੇ ਕਦਮ ਵਿਚ ਸਹਿਕਾਰਤਾਵਾਦੀ ਕਿਸਾਨੀ ਦੇ ਇਨਕਲਾਬੀ ਜਜ਼ਬਿਆਂ ਅਤੇ ਪ੍ਰਚੰਡ ਦੇਸ਼-ਭਗਤੀ ਦੀ ਬਹੁਤ ਹੀ ਪ੍ਰਸ਼ੰਸਾ ਕਰਦੀ ਹੈ।

ਪਾਰਟੀ ਨੂੰ ਪੱਕਾ ਯਕੀਨ ਹੈ ਕਿ ਨਿੱਜੀ ਪਲਾਟ ਉੱਤੇ ਬੰਦਸ਼ਾਂ ਲਾਉਣ ਅਤੇ ਸਾਂਝੇ ਇੱਜੜ ਬਣਾਉਣ ਨਾਲ ਨਿਸ਼ਚੇ ਹੀ ਖੇਤੀ ਅਤੇ ਪਸ਼ੂ ਉਤਪਾਦਨ ਵਿਚ ਵਾਧਾ ਹੋਏਗਾ, ਕਿਸਾਨੀ ਦੀ ਹੋਰ ਵਧੇਰੇ ਭਲਾਈ ਹੋਏਗੀ ਅਤੇ ਸਮਾਜਵਾਦੀ ਸਹਿਕਾਰਤਾ ਹੋਰ ਵਧੇਰੇ ਮਜ਼ਬੂਤ ਹੋਏਗੀ। ਇਸ ਤਰ੍ਹਾਂ ਉਤਪਾਦਨ ਅਤੇ ਕਿਸਾਨੀ ਦੀ ਆਮ ਭਲਾਈ ਦੇ ਪੱਧਰ ਵਿਚ ਵਾਧੇ ਨਾਲ, (ਨਿੱਜੀ) ਪਲਾਟ, ਇਕ ਵਕਤੀ ਸਹਾਇਕ ਆਰਥਿਕਤਾ ਦੇ ਤੌਰ ਤੇ, ਸਹਿਜੇ-ਸਹਿਜੇ ਆਮ ਮਹੱਤਵ ਗੁਆ ਰਿਹਾ ਹੈ ਅਤੇ ਆਖਿਰਕਾਰ ਪੂਰੀ ਤਰ੍ਹਾਂ ਖ਼ਤਮ ਹੋ ਜਾਏਗਾ।

ਦੇਸ਼ ਦੇ ਤਰਾਈ ਇਲਾਕੇ ਵਿਚ ਖੇਤੀ ਉਤਪਾਦਨ ਦੇ ਵਾਧੇ ਨੂੰ ਤੇਜ਼ ਕਰਨ ਦੇ ਪ੍ਰੋਗਰਾਮ ਨੂੰ ਲਾਗੂ ਕਰਨ ਨਾਲ ਇਸ ਖੇਤਰ ਵਿਚ ਪੈਦਾਵਾਰ ਦੇ ਸਮਾਜਵਾਦੀ ਰਿਸ਼ਤਿਆਂ ਵਿਚ ਵੀ ਮਹੱਤਵਪੂਰਨ ਪ੍ਰੀਵਰਤਨ ਹੋਣਗੇ। ਇਸ ਖੇਤਰ ਦੀਆਂ ਕੋਆਪ੍ਰੇਟਿਵਾਂ ਵਿਚ ਸਟੇਟ ਵਲੋਂ ਕੀਤੀਆਂ ਜਾਣ ਵਾਲੀਆਂ ਵੱਡੀਆਂ ਇਨਵੈਸਟਮੈਂਟਾਂ ਨਾਲ ਸਟੇਟ ਦੀ ਮਲਕੀਅਤ ਹੇਠਲੇ ਪੈਦਾਵਾਰੀ ਸਾਧਨਾਂ ਦਾ ਅਨੁਪਾਤ ਵਧੇਗਾ। ਇਸ ਨਾਲ ਸਹਿਜੇ-ਸਹਿਜੇ ਸਹਿਕਾਰਤਾਵਾਦੀ ਜਾਇਦਾਦ, ਜਦ ਤਕ ਬਾਅਦ ਦੇ ਪੜਾਅ ਵਿਚ ਇਹ ਜਾਇਦਾਦ ਸਟੇਟ ਦੀ ਜਾਇਦਾਦ ਨਹੀਂ ਬਣ ਜਾਂਦੀ, ਤਦ ਤਕ

ਇਸ ਦੇ ਖੇਤਰ (ਘੇਰੇ) ਉੱਤੇ ਪਾਬੰਦੀਆਂ ਲੱਗਣਗੀਆਂ। ਜਦ ਤਕ ਅਸੀਂ ਇਸ ਪੜਾਅ ਵਿਚ ਨਹੀਂ ਪਹੁੰਚ ਜਾਂਦੇ ਤਦ ਤਕ ਜਿਨ੍ਹਾਂ ਜ਼ੋਨਾਂ ਵਿਚ ਖੇਤੀ ਨੂੰ ਘਣੀ ਬਣਾਇਆ ਜਾਵੇਗੇ ਉਨ੍ਹਾਂ ਵਿਚ ਸਹਿਕਾਰੀ (ਕਿਸਾਨਾਂ) ਨੂੰ ਵਰਤਮਾਨ ਢੰਗਾਂ ਅਤੇ ਹਿਸਾਬ ਨਾਲ ਅਦਾਇਗੀ ਕੀਤੀ ਜਾਂਦੀ ਰਹੇਗੀ। ਦੂਸਰੇ ਪਾਸੇ, ਅਸੀਂ ਇਨ੍ਹਾਂ ਦੀਆਂ ਤਨਖ਼ਾਹਾਂ ਨੂੰ ਸਟੇਟ ਫਾਰਮਾਂ ਦੇ ਮਜ਼ਦੂਰਾਂ ਦੀਆਂ ਤਨਖ਼ਾਹਾਂ ਦੇ ਬਰਾਬਰ ਲਿਆਉਣ ਲਈ ਸਹਿਜੇ-ਸਹਿਜੇ ਵਧਾਉਂਦੇ ਰਹਾਂਗੇ।

ਇਸ ਦੇ ਨਾਲੋ ਨਾਲ ਉਚੇਰੀ ਕਿਸਮ ਦੀਆਂ ਕੋਆਪ੍ਰੇਟਿਵਾਂ ਨੂੰ ਮਜ਼ਬੂਤ ਕਰਨ ਦਾ ਕੰਮ ਚਾਲੂ ਰਹੇਗਾ ਅਤੇ ਇਨ੍ਹਾਂ 'ਚੋਂ ਕਈਆਂ ਨੂੰ ਸਟੇਟ ਫਾਰਮਾਂ ਵਿਚ ਬਦਲਿਆ ਜਾਏਗਾ। ਇਹ ਭਵਿੱਖ ਲਈ ਤਜ਼ਰਬੇ ਦੇ ਤੌਰ ਤੇ ਵੀ ਕੰਮ ਦੇਵੇਗਾ। ਦੂਸਰੀਆਂ ਉਚੇਰੀ ਕਿਸਮ ਦੀਆਂ ਕੋਆਪ੍ਰੇਟਿਵਾਂ ਤਰਾਈ ਇਲਾਕਿਆਂ ਵਿਚ ਸਥਾਪਿਤ ਕੀਤੀਆਂ ਜਾਣਗੀਆਂ। ਪਹਾੜੀ ਇਲਾਕਿਆਂ ਦੀਆਂ ਕੁਝ ਕੋਆਪ੍ਰੇਟਿਵਾਂ ਵੀ, ਉਨ੍ਹਾਂ ਦੇ ਵਿਕਾਸ ਅਤੇ ਸਟੇਟ ਦੀ ਸਮਰੱਥਾ ਦੇ ਅਨੁਸਾਰ, ਉਚੇਰੀ ਕਿਸਮ ਦੀਆਂ ਕੋਆਪ੍ਰੇਟਿਵਾਂ 'ਚ ਬਦਲੀਆਂ ਜਾਣਗੀਆਂ।

ਇਹ ਨਵੇਂ ਕਦਮ ਉਠਾਉਣ ਦੇ ਨਾਲ ਨਾਲ, ਪਾਰਟੀ ਭਵਿੱਖ ਵਿਚ ਪਹਾੜੀ ਇਲਾਕਿਆਂ ਵਿਚ ਕੋਆਪ੍ਰੇਟਿਵਾਂ ਦੇ ਵਿਕਾਸ ਅਤੇ ਮਜ਼ਬੂਤੀ ਵਲ ਚੋਖੀ ਤਵੱਜੋਂ ਦਿੰਦੀ ਰਹੇਗੀ। ਦੇਸ਼ ਦੀ ਵਸੋਂ ਦਾ ਇਕ ਵੱਡਾ ਹਿੱਸਾ ਇਨ੍ਹਾਂ ਇਲਾਕਿਆਂ ਵਿਚ ਰਹਿੰਦਾ ਹੈ ਅਤੇ ਇਨ੍ਹਾਂ ਇਲਾਕਿਆਂ ਵਿਚ ਸਿੰਚਾਈ ਵਾਲੀ ਚੋਖੀ ਜ਼ਮੀਨ ਹੈ। ਮੈਦਾਨੀ ਇਲਾਕਿਆਂ ਵਿਚ ਖੇਤੀ ਤੇਜ਼ ਕਰਨ ਅਤੇ ਘਣੀ ਬਣਾਉਣ ਨਾਲ, ਪਹਾੜੀ ਇਲਾਕਿਆਂ ਵਿਚ ਵਧੇਰੇ ਇਨਵੈਸਟਮੈਂਟਾਂ ਕਰਨ ਅਤੇ ਇਨ੍ਹਾਂ ਇਲਾਕਿਆਂ ਨੂੰ ਵਧੇਰੇ ਸਹਾਇਤਾ ਦੇਣ ਲਈ ਸਟੇਟ ਕੋਲ ਵਧੇਰੇ ਪਦਾਰਥਕ ਅਤੇ ਵਿੱਤੀ ਸੰਭਾਵਨਾਵਾਂ ਪੈਦਾ ਹੋਣਗੀਆਂ।

ਸਭ ਸਟੇਟ ਫਾਰਮਾਂ ਦੇ ਵਿਕਾਸ ਅਤੇ ਮਜ਼ਬੂਤੀ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਇਨ੍ਹਾਂ ਵਿਚੋਂ ਕੁਝ ਫਾਰਮਾਂ ਵਿਚ ਜੋ ਕਮਜ਼ੋਰੀਆਂ ਅਤੇ ਤਰੁੱਟੀਆਂ ਹਨ ਉਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ। ਪਾਰਟੀ ਨੇ ਬੜੀ ਦੇਰ ਪਹਿਲਾਂ ਇਹ ਕਾਰਜ ਮਿਥਿਆ ਸੀ ਕਿ ਸਟੇਟ ਫਾਰਮ ਸਭ ਤੋਂ ਅੱਗੇ ਹੋਣੇ ਚਾਹੀਦੇ ਹਨ। ਇਸ ਕਾਰਜ ਨੂੰ ਦ੍ਰਿੜ੍ਹਤਾ ਨਾਲ ਅੱਗੇ ਵਧਾਉਣਾ ਚਾਹੀਦਾ ਹੈ।

ਨਵੀਂ ਪੰਜ-ਸਾਲਾ ਯੋਜਨਾ ਦੇ ਮਹਾਨ ਟੀਚੇ ਸਾਡੀ ਖੇਤੀ ਅਤੇ ਸਮਾਜਵਾਦੀ ਦਿਹਾਤ ਦੇ ਸਰਬ-ਪੱਖੀ ਵਿਕਾਸ ਅਤੇ ਉੱਨਤੀ ਲਈ ਵੱਡੀਆਂ ਸੰਭਾਵਨਾਵਾਂ ਪੈਦਾ ਕਰਦੇ ਹਨ। ਇਨ੍ਹਾਂ ਟੀਚਿਆਂ ਨੂੰ ਪੂਰੇ ਕਰਨ ਲਈ ਖੇਤੀ ਸਭ ਦੇ ਮਿਹਨਤੀ ਲੋਕਾਂ ਦੀ ਲਾਮਬੰਦੀ ਅਤੇ ਦ੍ਰਿੜ੍ਹ ਕੰਮ, ਅਤੇ ਖੇਤੀ ਉਤਪਾਦਨ ਅਤੇ ਇਸ ਨਾਲ ਸਬੰਧਿਤ ਹੋਰ ਸਭ ਹਲਕਿਆਂ ਵਿਚ ਯੋਜਨਾਬੰਦੀ, ਜਥੇਬੰਦੀ ਅਤੇ ਪ੍ਰਬੰਧ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਖੇਤੀ ਨਾਲ ਸਬੰਧਿਤ ਮਨਿਸਟਰੀ ਅਤੇ ਇਸ ਉੱਤੇ ਨਿਰਭਰ ਸਭ ਸੰਗਠਨਾਂ ਅਤੇ ਜਥੇਬੰਦੀਆਂ ਨੂੰ ਵਿਸ਼ੇਸ਼ ਤੌਰ ਤੇ ਵੱਡੇ ਫਰਜ਼ ਨਿਭਾਉਣੇ ਪੈਣਗੇ ਤਾਂ ਕਿ ਇਸ ਕਾਂਗਰਸ ਵਲੋਂ ਖੇਤੀ ਦੇ ਵਿਕਾਸ ਲਈ ਮਿਥੇ ਜਾ ਰਹੇ ਕਾਰਜ ਨੇਪਰੇ ਚਾੜ੍ਹੇ ਜਾ ਸਕਣ।

ਖੇਤੀ ਦੇ ਵਿਕਾਸ ਲਈ ਮਿਥੇ ਜਾ ਰਹੇ ਕਾਰਜਾਂ ਦੀ ਸਫ਼ਲਤਾਪੂਰਵਕ ਪੂਰਤੀ ਪਾਰਟੀ ਦੀ ਜ਼ਰੱਈ ਨੀਤੀ ਦੀ ਇਕ ਵੱਡੀ ਜਿੱਤ ਹੋਏਗੀ, ਜਿਹੜੀ (ਨੀਤੀ) ਸੋਧਵਾਦੀ ਦੇਸ਼ਾਂ ਦੀ ਨੀਤੀ ਦੇ ਬਿਲਕੁੱਲ ਉਲਟ ਹੈ ਜਿਥੇ ਖੇਤੀ-ਬਾੜੀ ਉਲਝਣ ਵਿਚ ਫਸ ਗਈ ਹੈ। ਹਰ ਕੋਈ ਜਾਣਦਾ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਸਹਿਕਾਰਤਾ ਦੀ ਲੇਨਿਨਵਾਦੀ ਸੇਧ ਬੜੇ ਚਿਰਾਂ ਤੋਂ ਤਿਆਗੀ ਜਾ ਚੁੱਕੀ ਹੈ। ਸੋਵੀਅਤ ਯੂਨੀਅਨ ਅਤੇ ਹੋਰ ਸੋਧਵਾਦੀ ਦੇਸ਼ਾਂ ਵਿਚ ਸਹਿਕਾਰੀ ਪੂੰਜੀਵਾਦ ਦੀ ਵਰਤਮਾਨ ਕਿਸਮ, ਹੁਣ ਕਾਫੀ ਹੱਦ ਤਕ, ਨਿੱਜੀ ਜਾਇਦਾਦ ਦੀਆਂ ਸਪੱਸ਼ਟ ਅਤੇ ਸਿੱਧੀਆਂ ਕਿਸਮਾਂ ਨਾਲ ਜੁੜੀ ਹੋਈ ਹੈ। ਸੋਧਵਾਦੀਏ ਵਿਅਕਤੀਗਤ ਨਿੱਜੀ ਆਰਥਿਕਤਾਵਾਂ ਨੂੰ ਮੀਟ, ਦੁੱਧ ਅਤੇ ਹੋਰ ਖੇਤੀ ਵਸਤਾਂ ਦੇ ਉਤਪਾਦਨ ਦਾ ਮੁੱਖ ਸੋਮਾ ਸਮਝਦੇ ਹਨ, ਇਸ ਤੋਂ ਇਲਾਵਾ, ਇਨ੍ਹਾਂ ਨਿੱਜੀ ਆਰਥਿਕਤਾਵਾਂ ਨੂੰ, ਸਹਿਕਾਰੀ ਫਾਰਮਾਂ ਅਤੇ ਸਟੇਟ ਫਾਰਮਾਂ ਦੇ ਪਸ਼ੂ ਦਿੱਤੇ ਜਾ ਰਹੇ ਹਨ ਅਤੇ ਇਸ ਤਰ੍ਹਾਂ ਦਿਹਾਤ ਵਿਚੋਂ ਸਮਾਜਵਾਦੀ ਸਿਸਟਮ ਦਾ ਨਾਂ-ਨਿਸ਼ਾਨ ਪੂਰੀ ਤਰ੍ਹਾਂ ਮਿਟਾਇਆ ਜਾ ਰਿਹਾ ਹੈ। ਇਸ ਰਾਹ ਨੇ ਇਨ੍ਹਾਂ ਵਿਚੋਂ ਬਹੁਤ ਸਾਰੇ ਦੇਸ਼ਾਂ ਦੀ ਖੇਤੀ-ਬਾੜੀ ਨੂੰ ਡੂੰਘੇ ਸੰਕਟ 'ਚ ਫਸਾ ਦਿੱਤਾ ਹੈ, ਅਤੇ ਖਾਣੇ ਅਤੇ ਖੇਤੀ ਤੋਂ ਪੈਦਾ ਹੋਣ ਵਾਲੇ ਹੋਰ ਕੱਚੇ-ਮਾਲਾਂ ਦੀ ਥੁੜ੍ਹੋਂ ਮਿਹਨਤਕਸ਼ ਲੋਕਾਂ ਲਈ ਇਕ ਬਹੁਤ ਹੀ ਗੰਭੀਰ ਮਸਲਾ ਬਣ ਗਈ ਹੈ।

## 3. ਇਨਵੈਸਟਮੈਂਟਾਂ ਅਤੇ ਉਸਾਰੀ ਕਾਰਜ—ਆਰਥਿਕਤਾ ਦੀ ਲਗਾਤਾਰ ਮਜ਼ਬੂਤੀ ਦਾ ਇਕ ਮਹੱਤਵਪੂਰਨ ਅਧਾਰ

ਪਿਛਲੀ ਪੰਜ-ਸਾਲਾ ਯੋਜਨਾ ਦੌਰਾਨ, 7ਵੀਂ ਪਾਰਟੀ ਕਾਂਗਰਸ ਵਲੋਂ ਮਿਥੀਆਂ ਗਈਆਂ ਇਨਵੈਸਟਮੈਂਟਾਂ ਅਤੇ ਉਸਾਰੀਆਂ ਨੂੰ ਨੇਪਰੇ ਚਾੜ੍ਹਨ ਲਈ ਭਰਵੇਂ ਯਤਨ ਕੀਤੇ ਗਏ। ਚੀਨੀ ਸੋਧਵਾਦੀਆਂ ਦੀ ਦੁਸ਼ਮਣੀ-ਭਰੀ ਕਰਤੂਤ ਨੇ ਇਸ ਖੇਤਰ ਵਿਚ ਹੋਰ ਕਿਸੇ ਵੀ ਖੇਤਰ ਨਾਲੋਂ ਵਧੇਰੇ ਨੁਕਸਾਨ ਕੀਤਾ ਅਤੇ ਟੀਚਿਆਂ ਨੂੰ ਪੂਰੇ ਕਰਨ ਵਿਚ ਰੁਕਾਵਟ ਪਾਈ। ਫਿਰ ਵੀ, ਪਾਰਟੀ ਅਤੇ ਸਟੇਟ ਵਲੋਂ ਕੀਤੇ ਗਏ ਸਰਬ-ਪੱਖੀ ਉਪਾਵਾਂ ਸਦਕਾ, 6ਵੀਂ ਪੰਜ-ਸਾਲਾ ਯੋਜਨਾ ਦੌਰਾਨ ਕੀਤੀਆਂ ਗਈਆਂ ਇਨਵੈਸਟਮੈਂਟਾਂ ਦੀ ਮਿਕਦਾਰ 5ਵੀਂ ਯੋਜਨਾ ਨਾਲੋਂ 15 ਫੀਸਦੀ ਵਧੇਰੇ ਸੀ।

ਸਾਡੇ ਵਲੋਂ ਉਸਾਰੀ ਗਈ ਪੈਦਾਵਾਰੀ ਸ਼ਕਤੀ ਅਤੇ ਸਾਡੇ ਅੰਦਰੂਨੀ ਧਨ-ਸੰਚਣ (accumulation) ਦੇ ਵਧ ਰਹੇ ਸੋਮੇ ਸਾਨੂੰ ਇਹ ਯੋਗਤਾ ਦਿੰਦੇ ਹਨ ਕਿ ਅਸੀਂ ਨਵੀਂ ਪੰਜ-ਸਾਲਾ ਯੋਜਨਾ ਦੌਰਾਨ ਇਕ ਲਾ-ਮਿਸਾਲ ਪੈਮਾਨੇ ਤੇ ਇਨ-ਵੈਸਟਮੈਂਟਾਂ ਅਤੇ ਉਸਾਰੀ ਦੇ ਕੰਮ ਦਾ ਪ੍ਰੋਗਰਾਮ ਬਣਾਈਏ ਜਿਸ ਦੀ ਕੁੱਲ ਮਿਕਦਾਰ 25 ਅਰਬ ਲੇਕ (ਅਲਬਾਨੀਆ ਕਰੰਸੀ-ਅਨੁਵਾਦਕ) ਹੋਏਗੀ, ਜੋ ਪਿਛਲੀ ਪੰਜ-ਸਾਲਾ ਯੋਜਨਾ ਨਾਲੋਂ 22-24 ਫੀਸਦੀ ਵਧੇਰੇ ਹੈ। ਇਹ ਸਾਡੇ ਸਮਾਜੀ-ਆਰਥਿਕ ਨਿਜ਼ਾਮ ਦੀ ਉੱਚਤਮਤਾ ਅਤੇ ਨਿੱਗਰਤਾ ਦਾ, ਵਿਸ਼ਾਲ ਮਿਹਨਤਕਸ਼ ਲੋਕਾਂ ਦੀਆਂ ਸਿਰਜਨਾਤਮਕ ਯੋਗਤਾਵਾਂ ਅਤੇ ਅਮੁੱਕ ਸ਼ਕਤੀਆਂ ਦਾ ਅਤੇ ਸਵੈ-ਨਿਰਭਰਤਾ ਦੇ ਅਸੂਲ ਦੇ ਸਹੀਪਣ ਦਾ ਇਕ ਜ਼ੋਰਦਾਰ ਪ੍ਰਗਟਾਵਾ ਹੈ।

ਇਨਵੈਸਟਮੈਂਟਾਂ ਨਿਰਧਾਰਤ ਕਰਨ ਵਿਚ, ਇਨ੍ਹਾਂ ਦੇ ਢਾਂਚੇ ਅਤੇ ਠੋਸ ਪ੍ਰਾਜੈਕਟਾਂ ਦਾ ਫੈਸਲਾ ਕਰਨ ਵਿਚ, ਆਰਥਿਕਤਾ ਅਤੇ ਸੱਭਿਆਚਾਰ ਦੀਆਂ ਸਭ ਸ਼ਾਖ਼ਾਵਾਂ ਦੇ ਭਵਿੱਖਤ ਵਿਕਾਸ, ਵਤਨ ਦੀ ਸੁੰਤਤਰਤਾ ਅਤੇ ਸੁਰੱਖਿਆ ਦੀ ਮਜ਼ਬੂਤੀ ਅਤੇ ਲੋਕ-ਭਲਾਈ ਨੂੰ ਲਗਾਤਾਰ ਉੱਚਾ ਚੁੱਕਣ ਦੀ ਲੋੜ ਨੂੰ ਧਿਆਨ-ਗੋਚਰੇ ਰੱਖਿਆ ਗਿਆ ਹੈ।

**ਹਮੇਸ਼ਾਂ ਦੀ ਤਰ੍ਹਾਂ, ਇਨਵੈਸਟਮੈਂਟ ਨੀਤੀ ਵਿਚ ਸਮੱਗਰੀ ਉਤ-ਪਾਦਨ ਨੂੰ ਪਹਿਲ ਦਿੱਤੀ ਗਈ ਹੈ।** ਉਤਪਾਦਕਤਾ ਦੇ ਖੇਤਰ ਵਿਚ ਇਨ-ਵੈਸਟਮੈਂਟਾਂ, ਨਵੀਂ ਪੰਜ-ਸਾਲਾ ਯੋਜਨਾ ਦੀਆਂ ਕੁਲ ਇਨਵੈਸਟਮੈਂਟਾਂ ਦਾ 83 ਫੀਸਦੀ ਹੋਣਗੀਆਂ, ਜਦ ਕਿ ਪਿਛਲੀ ਪੰਜ-ਸਾਲਾ ਯੋਜਨਾ ਦੌਰਾਨ ਇਹ 77 ਫੀਸਦੀ ਸਨ। ਇਨਵੈਸਮੈਂਟਾਂ ਦੀ ਅਜੇਹੀ ਵੰਡ ਦਾ ਕਾਰਨ ਇਹ ਹੈ ਕਿ ਉਤ-ਪਾਦਨ ਲੋਕਾਂ ਦੀ ਭਲਾਈ ਅਤੇ ਦੇਸ਼ ਦੀ ਸੁਰੱਖਿਆ ਸ਼ਕਤੀ ਦਾ ਅਧਾਰ ਹੈ।

ਇਸ ਪੰਜ-ਸਾਲਾ ਯੋਜਨਾ ਦੇ ਅਰਸੇ ਵਿਚ ਵੀ, ਸਭ ਤੋਂ ਵੱਡੀਆਂ ਇਨ-ਵੈਸਟਮੈਂਟਾਂ ਉਦਯੋਗ ਅਤੇ ਖੇਤੀ ਦੇ ਵਿਕਾਸ ਲਈ ਕੀਤੀਆਂ ਜਾਣਗੀਆਂ, ਜੋ ਕੁੱਲ ਦੇ 74 ਫੀਸਦੀ ਬਰਾਬਰ ਹੋਣਗੀਆਂ ਅਤੇ ਪਿਛਲੀ ਪੰਜ-ਸਾਲਾ ਯੋਜਨਾ ਨਾਲੋਂ 37 ਫੀਸਦੀ ਵੱਧ ਹਨ। ਮਹੱਤਵਪੂਰਨ ਇਨਵੈਸਟਮੈਂਟਾਂ ਟਰਾਂਸਪੋਰਟ, ਸਮਾਜੀ-ਸੱਭਿਆਚਾਰਕ ਖੇਤਰਾਂ ਅਤੇ ਮਕਾਨਾਂ ਦੀ ਉਸਾਰੀ ਵਿਚ ਲਾਈਆਂ ਜਾਣ-ਗੀਆਂ। ਮੌਜੂਦਾ ਪੰਜ-ਸਾਲਾ ਯੋਜਨਾ ਦੌਰਾਨ ਇਕੱਲੇ ਉਤਪਾਦਕਤਾ ਖੇਤਰ ਵਿਚ ਹੀ 350 ਤੋਂ ਵਧੇਰੇ ਮਹੱਤਵਪੂਰਨ ਪ੍ਰਾਜੈਕਟਾਂ ਉੱਤੇ ਕੰਮ ਕੀਤਾ ਜਾਏਗਾ।

ਉਪਰੋਕਤ ਟੀਚੇ ਪੂਰੇ ਕਰਨ ਖਾਤਿਰ, ਵਿੱਤੀ ਇਨਵੈਸਟਮੈਂਟਾਂ ਅਤੇ ਕਰੰਸੀ ਦੀ ਅਤੇ ਵਰਤੇ ਜਾਣ ਵਾਲੇ ਤਕਨੀਕੀ ਸਾਮਗਰੀ ਸਾਧਨਾਂ ਦੀ ਅਸਰਦਾਇਕਤਾ ਨੂੰ ਵਧਾਉਣ ਲਈ ਅਮਲੀ ਉਪਾਓ ਕਰਨੇ ਬਹੁਤ ਜ਼ਰੂਰੀ ਹਨ। ਇਸ ਉੱਤੇ ਕੰਮ ਯੋਜਨਾਬੰਦੀ ਦੀ ਸਟੇਜ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਇਸ ਲਈ, ਇਹ ਜ਼ਰੂਰੀ ਹੈ ਕਿ ਇਸ ਨੂੰ, ਉਦਯੋਗਾਂ ਤੋਂ ਲੈ ਕੇ ਕੇਂਦਰ ਤਕ, ਵਿਗਿਆਨਕੀ ਨੀਹਾਂ ਉੱਤੇ ਅਧਾਰਿਤ ਕੀਤਾ ਜਾਏ। ਹਰ ਪ੍ਰਾਜੈਕਟ ਦੀ ਲੋੜ ਅਤੇ ਲਾਭਦਾਇਕਤਾ ਅਤੇ ਲੋੜੀਂਦੇ ਫੰਡਾਂ ਬਾਰੇ ਵਿਸਤ੍ਰਿਤ ਅਧਿਐਨ ਕਰਨ ਵੱਲ ਵੱਧ ਤੋਂ ਵੱਧ ਤਵੱਜੋਂ ਦੇਣੀ ਚਾਹੀਦੀ ਹੈ। ਏਸੇ ਤਰ੍ਹਾਂ ਹੀ, ਜਿੰਨਾ ਜਲਦੀ ਹੋ ਸਕੇ ਵਿਗਿਆਨਕ ਤਰਕ ਅਤੇ ਅਸਰਦਾਇਕਤਾ ਦੇ ਤਕਨੀਕੀ ਅਤੇ ਆਰਥਿਕ ਸੂਚਕ ਨਿਰਧਾਰਤ ਕਰਨੇ ਚਾਹੀਦੇ ਹਨ ਅਤੇ ਇਨ੍ਹਾਂ ਨੂੰ, ਪ੍ਰਾਜੈਕਟਾਂ ਦੀ ਉਸਾਰੀ ਅਤੇ ਉਪਯੋਗ ਦੋਨਾਂ ਵਿਚ ਹੀ ਲਾਜ਼ਮੀ ਤੌਰ ਤੇ ਲਾਗੂ ਕਰਵਾਉਣ ਲਈ ਕੰਟਰੋਲ ਵਰਤਣਾ ਚਾਹੀਦਾ ਹੈ। ਆਰਥਿਕਤਾ ਦੀਆਂ ਵੱਖ ਵੱਖ

ਸ਼ਾਖ਼ਾਵਾਂ ਅਤੇ ਕਾਰਖ਼ਾਨਿਆਂ ਅਤੇ ਕੋਆਪ੍ਰੇਟਿਵਾਂ ਦੇ ਵਿਕਾਸ ਲਈ ਸੰਭਾਵਨਾਵਾਂ ਦੇ ਅਧਿਅਨ ਕਰਨੇ ਬਹੁਤ ਹੀ ਮਹੱਤਵਪੂਰਨ ਹਨ । ਇਨ੍ਹਾਂ ਅਧਿਅਨਾਂ ਨੂੰ ਪੰਜ-ਸਾਲਾ ਯੋਜਨਾਵਾਂ ਦੇ ਖਾਕੇ ਅਤੇ ਇਨਵੈਸਟਮੈਂਟਾਂ ਦੀ ਸੂਝਵਾਨ ਅਤੇ ਸੰਜਮੀ ਵਰਤੋਂ ਦੀਆਂ ਤਰਤੀਬਾਂ ਬਣਾਉਣ ਲਈ ਮੁੱਢਲੇ-ਚਿੰਨ੍ਹਾਂ ਦੇ ਤੌਰ ਤੇ ਵਰਤਣਾ ਚਾਹੀਦਾ ਹੈ।

7ਵੀਂ ਪੰਜ-ਸਾਲਾ ਯੋਜਨਾ ਦੌਰਾਨ ਇਨਵੈਸਟਮੈਂਟਾਂ ਦੀ ਬਣਤਰ ਵਿਚ ਹੋਰ ਵਧੇਰੇ ਸੁਧਾਰ ਕੀਤਾ ਜਾਏਗਾ ਅਤੇ ਮਸ਼ੀਨਰੀ ਅਤੇ ਸਾਜ਼-ਸਮਾਨ ਵਿਚ ਇਨ-ਵੈਸਟਮੈਂਟਾਂ ਦਾ ਅਨੁਪਾਤ ਵਧਾਇਆ ਜਾਏਗਾ ਅਤੇ ਉਸਾਰੀ-ਸਥਾਪਤੀ ਵਿਚ ਇਨ੍ਹਾਂ ਦਾ ਅਨੁਪਾਤ ਘਟਾਇਆ ਜਾਏਗਾ । ਉਦਯੋਗ ਅਤੇ ਹੋਰ ਸ਼ਾਖ਼ਾਵਾਂ ਵਿਚ ਇਨਵੈਸਟਮੈਂਟਾਂ ਦਾ ਕਰੀਬ 40 ਫ਼ੀਸਦੀ ਹਿੱਸਾ ਮੌਜੂਦਾ ਕਾਰਖ਼ਾਨਿਆਂ ਦੇ ਪਸਾਰੇ, ਸੁਧਾਰ ਅਤੇ ਅਧੁਨੀਕਰਣ ਉੱਤੇ ਲਾਇਆ ਜਾਣਾ ਇਸ ਦਿਸ਼ਾ ਵਿਚ ਚੋਖਾ ਅਸਰ ਪਾਏਗਾ । ਇਹ ਇਕ ਬਹੁਤ ਲਾਹੇਵੰਦ ਤਰੀਕਾ ਹੈ ਜਿਸ ਨਾਲ ਉਸਾਰੀ ਵਿਚ ਫੰਡਾਂ ਦੀ ਬੱਚਤ ਹੁੰਦੀ ਹੈ ਅਤੇ ਉਤਪਾਦਕ ਸਮਰਥਾਵਾਂ ਦਾ ਬੇਹਤਰ ਸਾਜ਼-ਸਮਾਨ ਅਤੇ ਤਕਨੀਕ ਉੱਤੇ ਅਧਾਰਿਤ ਪਸਾਰਾ ਤੇਜ਼ ਹੁੰਦਾ ਹੈ । ਇਸ ਟੀਚੇ ਨੂੰ ਹਾਸਲ ਕਰਨ ਲਈ ਯੋਜਨਾ, ਉਸਾਰੀ ਅਤੇ ਵਿੱਤ ਦੇ ਸੰਗਠਨਾਂ ਨੂੰ ਸਿਆਣਪ ਅਤੇ ਦ੍ਰਿੜ੍ਹਤਾ ਨਾਲ ਕੰਮ ਅਤੇ ਸੰਘਰਸ਼ ਕਰਨਾ ਪਵੇਗਾ ।

ਹੋਰ ਸਭ ਖੇਤਰਾਂ ਦੀ ਤਰ੍ਹਾਂ ਹੀ ਇਨਵੈਸਟਮੈਂਟਾਂ ਅਤੇ ਉਸਾਰੀ ਦੇ ਖੇਤਰ ਵਿਚ ਵੀ ਸਮੇਂ ਦੀ ਬੱਚਤ ਇਕ ਫੈਸਲਾਕੁੰਨ ਤੱਤ ਹੈ, ਜੋ ਅਣ-ਵਰਤੀਆਂ ਇਨ-ਵੈਸਟਸਮੈਂਟਾਂ ਅਤੇ ਨਾ-ਮੁਕੰਮਲ ਹੋਏ ਉਸਾਰੀ ਕੰਮ ਦੀ ਮਾਤਰਾ ਘੱਟ ਕਰਦਾ ਹੈ ਅਤੇ ਉਤਪਾਦਨ, ਕੌਮੀ ਬੱਚਤ ਅਤੇ ਧੰਨ-ਸੰਚਣ ਦੇ ਟੀਚੇ ਪੂਰੇ ਕਰਨ, ਅਤੇ ਮੰਡੀ ਅਤੇ ਮਾਲੀ ਸਰਕੂਲੇਸ਼ਨ ਦੀ ਸਥਿਰਤਾ ਨੂੰ ਮਜ਼ਬੂਤ ਕਰਨ ਵਿਚ ਮੱਦਦ ਕਰਦਾ ਹੈ । ਵੱਖ ਵੱਖ ਪ੍ਰਾਜੇਕਟਾਂ ਦੀ ਉਸਾਰੀ ਲਈ ਲੋੜੀਂਦਾ ਸਮਾਂ ਅਤੇ ਅਣ-ਵਰਤੀਆਂ ਇਨਵੈਸਟਮੈਂਟਾਂ ਅਤੇ ਨਾ-ਮੁਕੰਮਲ ਕੰਮ ਦੀ ਸੀਮਾ ਨਿਰਧਾਰਤ ਕਰਨ ਨੂੰ ਇਨ-ਵੈਸਟਮੈਂਟਾਂ ਦੀ ਯੋਜਨਾਬੰਦੀ ਅਤੇ ਵਰਤੋਂ ਉੱਤੇ ਨਿਗਰਾਨੀ ਨੂੰ ਮਜ਼ਬੂਤ ਕਰਨ ਲਈ ਵਰਤਣਾ ਚਾਹੀਦਾ ਹੈ ।

ਖੇਤੀ ਕੋਆਪ੍ਰੇਟਿਵਾਂ ਵਲੋਂ ਆਪਣੇ ਸਾਧਨਾਂ ਨਾਲ ਕੀਤੀਆਂ ਜਾਣ ਵਾਲੀਆਂ ਇਨਵੈਸਟਮੈਂਟਾਂ (ਜੋ ਇਸ ਯੋਜਨਾ ਦੌਰਾਨ 2 ਅਰਬ 75 ਕਰੋੜ ਲੇਕ ਦੇ ਬਰਾਬਰ ਹੋਣ ਦੀ ਉਮੀਦ ਹੈ) ਵੱਲ ਹੋਰ ਵਧੇਰੇ ਧਿਆਨ ਦੇਣਾ ਚਾਹੀਦਾ ਹੈ । ਇਨ੍ਹਾਂ ਇਨ-ਵੈਸਟਮੈਂਟਾਂ ਨੂੰ ਆਰਥਿਕ ਤਰੱਕੀ ਦੀ ਯੋਜਨਾ ਵਿਚ ਸਪੱਸ਼ਟ ਤੌਰ ਤੇ ਸ਼ਾਮਿਲ ਕਰਨਾ ਚਾਹੀਦਾ ਹੈ, ਅਤੇ ਖ਼ੁਦ ਕੋਆਪ੍ਰੇਟਿਵਾਂ ਅਤੇ ਸਟੇਟ ਅਤੇ ਆਰਥਿਕ ਸੰਗਠਨਾਂ ਨੂੰ ਇਨ੍ਹਾਂ ਉੱਤੇ ਪੂਰੀ ਨਿਗਰਾਨੀ ਰੱਖਣੀ ਚਾਹੀਦੀ ਹੈ, ਤਾਂ ਕਿ ਭਵਿੱਖ ਵਿਚ ਮਹੱਤਵਪੂਰਨ ਫੰਡ ਅਣ-ਵਰਤੇ ਨਾ ਰਹਿਣ ।

ਉਸਾਰੀ ਦੇ ਕੰਮ ਦੀ ਲਾਗਤ ਘਟਾਉਣਾ ਅਜੇ ਵੀ ਇਕ ਵੱਡਾ ਮਸਲਾ ਹੈ, ਕਿਉਂਕਿ ਕੀਤੀ ਗਈ ਤਰੱਕੀ ਦੇ ਬਾਵਜੂਦ ਵੀ ਇਹ (ਲਾਗਤ) ਅਜੇ ਵੀ ਬਹੁਤ ਜ਼ਿਆਦਾ ਹੈ । ਇਸ ਲਈ ਇਹ ਜ਼ਰੂਰੀ ਹੈ ਕਿ ਦੇਸ਼ ਅਤੇ ਸਾਰੀ ਦੁਨੀਆਂ ਦੇ ਤਜ਼ਰਬੇ ਨੂੰ ਲਾਗੂ ਕਰਦਿਆਂ ਡਿਜ਼ਾਇਨਕਾਰ, ਤਕਨੀਕੀ ਮਾਹਰ, ਉਸਾਰੀ ਦਾ ਸਮਾਨ ਤਿਆਰ ਕਰਨ ਵਾਲੇ, ਅਰਥ-ਸ਼ਾਸਤਰੀਆਂ ਦੇ ਗੂੜ੍ਹੇ ਸਹਿਯੋਗ ਨਾਲ ਢੁੱਕਵੇਂ ਡਿਜ਼ਾਈਨ ਤਿਆਰ ਕਰਨ ਅਤੇ ਵਰਤੋਂ 'ਚ ਲਿਆਉਣ, ਉਸਾਰੀ ਦਾ ਵਧੀਆ ਸਮਾਨ ਤਿਆਰ ਕਰਨ ਅਤੇ ਵਰਤੋਂ ਵਿਚ ਲਿਆਉਣ ।

ਉਸਾਰੀ ਨਾਲ ਸਬੰਧਿਤ ਮਨਿਸਟਰੀ, ਹੋਰ ਕੇਂਦਰੀ ਵਿਭਾਗਾਂ ਅਤੇ ਉਹਨਾਂ ਦੇ ਕਾਰਖ਼ਾਨਿਆਂ, ਜਿਨ੍ਹਾਂ ਕੋਲ ਚੋਖੀ ਮਸ਼ੀਨਰੀ ਹੈ, ਉਹਨਾਂ ਨੂੰ ਚਾਹੀਦਾ ਹੈ ਕਿ ਇਸ ਸ਼ਕਤੀਸ਼ਾਲੀ ਅਧਾਰ ਦੀ ਸੂਝ ਨਾਲ ਅਤੇ ਮੁਕੰਮਲ ਵਰਤੋਂ ਕਰਨ ਲਈ ਡਟ ਕੇ ਸੰਘਰਸ਼ ਕਰਨ । ਉਸਾਰੀ ਦਾ ਕੰਮ ਜਿੰਨੀ ਤੇਜ਼ੀ ਫੜ ਰਿਹਾ ਹੈ ਉਤਨੀ ਤੇਜ਼ੀ ਨਾਲ ਨਹੀਂ ਚੱਲ ਸਕਦਾ ਅਗਰ ਕੰਮ ਦੇ ਮਸ਼ੀਨੀਕਰਣ ਵਿਚ, ਉਸਾਰੀ ਦੇ ਕੰਮ ਦੇ ਉਦਯੋਗੀਕਰਣ ਕਰਨ ਅਤੇ ਇਸ ਖੇਤਰ ਵਿਚ ਕ੍ਰਿਤ ਦੀ ਉਤਪਾਦਕਤਾ ਨੂੰ ਵਧਾਉਣ ਵਿਚ ਬੁਨਿਆਦੀ ਤਬਦੀਲੀਆਂ ਨਹੀਂ ਕੀਤੀਆਂ ਜਾਂਦੀਆਂ ।

7ਵੀਂ ਪੰਜ-ਸਾਲਾ ਯੋਜਨਾ ਦੌਰਾਨ ਟਰਾਂਸਪੋਰਟ ਦਾ ਹੋਰ ਪਸਾਰਾ ਕੀਤਾ ਜਾਵੇਗਾ ਤਾਂ ਕਿ ਦੇਸ਼ ਦੇ ਅੰਦਰ ਅਤੇ ਬਾਹਰ ਵਸਤਾਂ ਦੀ ਢੋਅ-ਢੁਆਈ ਦੀਆਂ ਲੋੜਾਂ ਅਤੇ ਮੁਸਾਫਰਾਂ ਦੀਆਂ ਸਭ ਲੋੜਾਂ ਚੰਗੀ ਤਰ੍ਹਾਂ ਪੂਰੀਆਂ ਕੀਤੀਆਂ ਜਾ ਸਕਣ । ਆਰਥਿਕਤਾ ਦੀ ਉਨਤੀ ਦੀਆਂ ਲੋੜਾਂ ਅਤੇ **ਰੇਲਵੇ ਟਰਾਂਸਪੋਰਟ ਦੇ ਵੱਡੇ ਫਾਇਦਿਆਂ ਨੂੰ ਨਜ਼ਰ-ਗੋਚਰੇ ਰੱਖਦਿਆਂ ਇਸ ਨੂੰ ਹੋਰ ਤੇਜ਼ੀ ਨਾਲ ਵਿਕਸਤ ਕਰਨ ਨੂੰ ਪਹਿਲ ਦਿੱਤੀ ਜਾਏਗੀ ।** ਇਸ ਪੰਜ-ਸਾਲਾ ਯੋਜਨਾ ਦੌਰਾਨ ਰੇਲਵੇ ਲਾਈਨਾਂ ਦੀ ਵਰਤਮਾਨ ਲੰਬਾਈ ਦੇ 37 ਫ਼ੀਸਦੀ ਦੇ ਬਰਾਬਰ ਨਵੀਆਂ ਲਾਈਨਾਂ ਵਿਛਾਈਆਂ ਜਾਣਗੀਆਂ ।

ਟਰਾਂਸਪੋਰਟ ਵਿਚ ਇਹਨਾਂ ਬਣਤਰੀ ਤਬਦੀਲੀਆਂ ਨੂੰ ਸਾਕਾਰ ਕਰਨ ਲਈ ਰੇਲਵੇਜ਼ ਦਾ ਉਪਯੋਗ ਤੇਜ਼ ਕਰਨ ਲਈ, ਇੰਜਣਾਂ ਤੇ ਬੋਗੀਆਂ ਦਾ ਵਾਧਾ ਕਰਨ ਲਈ ਅਤੇ ਲਦਾਈ ਅਤੇ ਲੁਹਾਈ ਦਾ ਮਸ਼ੀਨੀਕਰਣ ਕਰਨ ਲਈ ਨਵੇਂ ਜਥੇਬੰਦਕ ਤਰੀਕਿਆਂ ਅਤੇ ਹੋਰ ਉਪਾਵਾਂ ਦੀ ਲੋੜ ਹੈ ।

ਰੇਲਵੇ ਟਰਾਂਸਪੋਰਟ ਨੂੰ ਪਹਿਲ ਦਿੰਦਿਆਂ, ਅੰਦਰੂਨੀ ਅਤੇ ਵਿਦੇਸ਼ੀ ਪਾਣੀਆਂ ਵਿਚ ਸਮੁੰਦਰੀ ਟਰਾਂਸਪੋਰਟ ਦੇ ਵਿਕਾਸ ਨੂੰ ਵੀ ਤੇਜ਼ੀ ਨਾਲ ਜਾਰੀ ਰੱਖਣਾ ਚਾਹੀਦਾ ਹੈ ਕਿਉਂਕਿ ਇਹ ਥੋਕ ਟਰਾਂਸਪੋਰਟ ਦਾ ਇਕ ਲਾਭਦਾਇਕ ਤਰੀਕਾ ਹੈ । ਮੋਟਰ ਟਰਾਂਸਪੋਰਟ ਦਾ ਵੀ ਪੂਰਾ ਪੂਰਾ ਉਪਯੋਗ ਕਰਨਾ ਚਾਹੀਦਾ ਹੈ । ਵੱਡੀ ਸਮਰੱਥਾ ਵਾਲੇ ਟਰੇਲਰਾਂ ਦੇ ਉਤਪਾਦਨ ਅਤੇ ਵਰਤੋਂ ਵੱਲ ਉਚੇਚਾ ਧਿਆਨ ਦਿੱਤਾ ਜਾਵੇਗਾ ।

ਟਰਾਂਸਪੋਰਟ ਦੇ ਸਾਧਨਾਂ ਦੀ ਵਰਤੋਂ ਅਤੇ ਦੇਖ-ਭਾਲ ਦੇ ਪੱਧਰ ਨੂੰ ਉੱਚਾ ਚੁੱਕਣਾ ਅਤੇ ਯੋਜਨਾ ਦੇ ਸਭ ਟੀਚੇ ਪੂਰੇ ਕਰਨਾ, ਪਾਰਟੀ ਜਥੇਬੰਦੀਆਂ ਅਤੇ ਟਰਾਂਸਪੋਰਟ ਨਾਲ ਸਬੰਧਿਤ ਸਭ ਮਿਹਨਤਕਸ਼ ਲੋਕਾਂ ਦਾ ਇਕ ਵੱਡਾ ਅਤੇ ਮਹੱਤਵ-ਪੂਰਨ ਕਾਰਜ ਹੈ ।

### 4. ਬਰਾਮਦ ਨੂੰ ਵਧਾਉਣਾ ਚਾਹੀਦਾ ਹੈ ਅਤੇ ਵਿਦੇਸ਼ੀ ਕਰੰਸੀ ਨੂੰ ਸੰਜਮ ਨਾਲ ਵਰਤਣਾ ਚਾਹੀਦਾ ਹੈ

ਸਾਡੇ ਵਿਦੇਸ਼ੀ ਵਿਉਪਾਰ ਦਾ ਲਗਾਤਾਰ ਵਿਕਾਸ ਅਤੇ ਪਸਾਰਾ ਕੀਤਾ ਗਿਆ ਹੈ । ਅੱਜ ਦੁਨੀਆਂ ਦੇ ਵੱਖ ਵੱਖ ਭਾਗਾਂ ਵਿਚ 50 ਦੇਸ਼ਾਂ ਨਾਲ ਸਾਡਾ ਵਿਉਪਾਰ ਹੈ । ਅਸੀਂ, ਆਪਣੇ ਦੇਸ਼ ਦੇ ਹਿੱਤਾਂ ਲਈ ਅਤੇ ਪ੍ਰਸਪਰ ਫਾਇਦੇ ਦੇ ਅਧਾਰ ਤੇ ਆਪਣੇ ਵਿਉਪਾਰਕ ਸਬੰਧਾਂ ਨੂੰ ਹੋਰ ਵਧੇਰੇ ਪਸਾਰਨ ਦੇ ਭਾਵੇਂ ਯਤਨ ਕਰਾਂਗੇ । ਆਪਣੀ ਆਰਥਿਕਤਾ ਦੇ ਵਿਕਾਸ ਵਿਚ ਅਸੀਂ ਹਮੇਸ਼ਾਂ ਹੀ ਆਪਣੀ ਸਿਆਸੀ ਅਤੇ ਆਰਥਿਕ ਸੁਤੰਤਰਤਾ ਨੂੰ ਲਗਾਤਾਰ ਮਜ਼ਬੂਤ ਕਰਨ ਦੇ ਰਾਹ ਤੇ ਚਲਦੇ ਰਹੇ ਹਾਂ । ਲੇਕਿਨ ਸਾਡਾ ਕਦੇ ਵੀ ਨਿਖੇੜੇ ਵਿਚ ਵਿਕਾਸ (autarkic development) ਦਾ ਉਦੇਸ਼ ਨਹੀਂ ਸੀ ਅਤੇ ਨਾ ਹੀ ਹੈ, ਜਦ ਕਿ ਅਸੀਂ ਹਮੇਸ਼ਾਂ ਹੀ ਸਾਡੀ ਆਰ-ਥਿਕਤਾ ਨੂੰ ਪੂੰਜੀਵਾਦੀ ਅਤੇ ਸੋਧਵਾਦੀ ਦੇਸ਼ਾਂ ਦੀ ਆਰਥਿਕਤਾ ਵਿਚ ਮਿਲਾਉਣ ਦੇ ਕਿਸੇ ਵੀ ਦਬਾਅ ਵਿਰੁੱਧ ਸੰਘਰਸ਼ ਕਰਦੇ ਰਹੇ ਹਾਂ ।

ਸਹੀ ਮਾਰਕਸਵਾਦੀ-ਲੈਨਿਨਵਾਦੀ ਸੇਧ ਨੂੰ ਲਾਗੂ ਕਰਕੇ, ਅਤੇ ਬਰਾਮਦਾਂ ਦੀ ਤਾਦਾਦ ਨੂੰ ਸੂਝ ਨਾਲ ਵਧਾ ਕੇ, ਬੇਸ਼ਕ ਸਾਨੂੰ ਗੰਭੀਰ ਅੜਚਨਾਂ ਅਤੇ ਕਠਿ-ਨਾਈਆਂ ਪੇਸ਼ ਆਈਆਂ, ਫਿਰ ਵੀ, **ਪਿਛਲੀ ਪੰਜ-ਸਾਲਾ ਯੋਜਨਾ ਦੇ ਅੰਤਲੇ ਸਾਲਾਂ ਦੁਰਾਨ ਪਹਿਲੀ ਵਾਰ ਬਰਾਮਦਾਂ ਨੂੰ ਸਭ ਲੋੜੀਂਦੀਆਂ ਦਰਾਮਦਾਂ ਦੇ ਬਰਾਬਰ ਕਰਨ ਵਿਚ ਕਾਮਯਾਬ ਹੋਏ । ਇਹ ਸੰਤੁਲਿਨ ਆਰਥਿਕਤਾ ਦੇ ਵਿਕਾਸ ਦੀਆਂ ਦਰਾਂ ਨੂੰ, ਜਾਂ ਲੋਕਾਂ ਦੇ ਜੀਵਨ-ਪੱਧਰ ਨੂੰ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਤੋਂ ਬਿਨਾਂ ਹੀ ਹਾਸਲ ਕੀਤਾ ਗਿਆ ।** ਸਮਾਜਵਾਦ ਦੀ ਮੁਕੰਮਲ ਉਸਾਰੀ ਦੇ ਰਾਹ ਉੱਤੇ ਸਾਡੀ ਪਾਰਟੀ ਅਤੇ ਲੋਕਾਂ ਦੀ ਇਹ ਇਕ ਹੋਰ ਇਤਿਹਾਸਕ ਜਿੱਤ ਹੈ, ਇਹ ਸਾਡੇ ਦੇਸ਼ ਦੀ ਆਰਥਿਕ ਸ਼ਕਤੀ ਦਾ ਇਕ ਸਪੱਸ਼ਟ ਸਬੂਤ ਹੈ ।

1985 ਵਿਚ, 1980 ਦੇ ਮੁਕਾਬਲੇ ਬਰਾਮਦਾਂ 58-60 ਫ਼ੀਸਦੀ ਵਧਣ, ਅਤੇ ਦਰਾਮਦਾਂ ਦੇ 56-58 ਫ਼ੀਸਦੀ ਵਧਣ ਦੀ ਆਸ ਹੈ । ਇਸ ਤਰ੍ਹਾਂ, ਵਿਦੇਸ਼ੀ-ਵਿਉਪਾਰ ਦਾ ਕਾਰਜਕਾਰੀ ਸੰਤੁਲਿਨ ਹੋਰ ਵਧੇਰੇ ਮਜ਼ਬੂਤ ਹੋਵੇਗਾ ਅਤੇ ਪੰਜ-ਸਾਲਾ ਯੋਜਨਾ ਦੇ ਟੀਚਿਆਂ ਦੀ ਪੂਰਤੀ ਯਕੀਨੀ ਬਣੇਗੀ ।

ਸਾਡੀਆਂ ਬਰਾਮਦਾਂ ਦੀ ਬਣਤਰ ਵਿਚ ਚੋਖੇ ਸੁਧਾਰ ਕੀਤੇ ਜਾਣਗੇ । 7ਵੀਂ ਪੰਜ-ਸਾਲਾ ਯੋਜਨਾ ਦੌਰਾਨ, ਪਿਛਲੀ ਪੰਜ-ਸਾਲਾ ਯੋਜਨਾ ਦੇ ਮੁਕਾਬਲੇ, ਭਾਰੀ ਉਦਯੋਗ ਵਿਦੇਸ਼ੀ ਕਰੰਸੀ ਦੀ ਦੁਗਣੀ ਆਮਦਨ ਯਕੀਨੀ ਬਣਾਏਗਾ । ਕੁੱਲ ਬਰਾਮਦ

ਕੀਤੀਆਂ ਜਾਣ ਵਾਲੀਆਂ ਵਸਤਾਂ ਵਿਚ 73 ਫੀਸਦੀ ਤਿਆਰ-ਸ਼ੁਦਾ ਵਸਤਾਂ ਹੋਣਗੀਆਂ, ਜਦ ਕਿ ਪਿਛਲੀ ਯੋਜਨਾ ਦੁਰਾਨ ਇਹ 70 ਫੀਸਦੀ ਸਨ।

ਉਤਪਾਦਨ ਦੀ ਮਿਕਦਾਰ ਅਤੇ ਸਿਫਤ ਨੂੰ ਵਧਾਉਣ, ਬਰਾਮਦੀ ਵਸਤਾਂ ਸਮੇਂ-ਸਿਰ ਭੇਜਣ, ਘੱਟ ਤੋਂ ਘੱਟ ਸੰਭਵ ਲਾਗਤਾਂ ਨਾਲ ਉਤਪਾਦਨ ਕਰਨ ਉੱਤੇ ਪੂਰਾ ਜ਼ੋਰ ਲਾਇਆ ਜਾਣਾ ਚਾਹੀਦਾ ਹੈ। ਹਰੇਕ ਬੰਦੇ ਨੂੰ ਬਰਾਮਦ ਦੇ ਨਵੇਂ ਸੋਮੇ ਢੂੰਡਣ ਲਈ ਸੋਚਣਾ ਅਤੇ ਕੰਮ ਕਰਨਾ ਚਾਹੀਦਾ ਹੈ।

ਇਸ ਪੰਜ-ਸਾਲਾ ਯੋਜਨਾ ਦੇ ਦੁਰਾਨ, ਪਾਰਟੀ ਦੀ ਇਹ ਹਦਾਇਤ ਹੋਰ ਚੰਗੀ ਤਰ੍ਹਾਂ ਅਤੇ ਮੁਕੰਮਲ ਤੌਰ ਤੇ ਲਾਗੂ ਕੀਤੀ ਜਾਏਗੀ ਕਿ ਕੁੱਝ ਖ਼ਾਸ ਕੱਚੇ-ਮਾਲ ਅਤੇ ਸਥਾਨਿਕ ਉਤਪਾਦਨ ਦੇ ਪਸਾਰੇ ਲਈ ਲੋੜੀਂਦੀਆਂ ਵਸਤਾਂ ਸਾਡੀਆਂ ਦਰਾਮਦਾਂ ਵਿਚ ਮੁੱਖ, ਜਾਣੀ ਕਿ ਕਰੀਬ 93 ਫੀਸਦੀ ਹੋਣੀਆਂ ਚਾਹੀਦੀਆਂ ਹਨ। ਉਤਪਾਦਨ ਦੇ ਹੋਰ ਵਧੇਰੇ ਵਿਕਾਸ ਨਾਲ ਮਸ਼ੀਨਰੀ ਅਤੇ ਸਾਜ਼-ਸਮਾਨ ਦੇ ਅਨੁਪਾਤ ਨੂੰ ਵਧਾਉਣਾ ਅਤੇ ਕੱਚੇ ਅਤੇ ਕਈ ਹੋਰ ਸਮਾਨਾਂ ਦਾ ਦਰਾਮਦਾਂ ਵਿਚ ਅਨੁਪਾਤ ਘਟਾਉਣਾ ਸੰਭਵ ਹੋਵੇਗਾ।

ਦਰਾਮਦਾਂ ਦੇ ਖੇਤਰ ਵਿਚ, ਸਭ ਤੋਂ ਵੱਡੀ ਅਤੇ ਗੰਭੀਰ ਸਮੱਸਿਆ ਜਿਸ ਨੂੰ ਹੱਲ ਕਰਨ ਲਈ ਡੂੰਘੇਰੀ ਜਾਣਕਾਰੀ ਅਤੇ ਠੋਸ ਤਿਆਰੀ ਉਪਾਵਾਂ, ਸਭ ਕੇਂਦਰੀ ਵਿਭਾਗਾਂ, ਤਕਨੀਕੀ ਮਾਹਿਰਾਂ, ਡਿਜ਼ਾਇਨਰਾਂ ਅਤੇ ਉਸਾਰੀ ਕਰਨ ਵਾਲਿਆਂ ਅਤੇ ਵਿਦੇਸ਼-ਵਿਉਪਾਰ ਨਾਲ ਸਬੰਧਿਤ ਮਨਿਸਟਰੀ ਵਿਚਕਾਰ ਸਹਿਯੋਗ ਅਤੇ ਤਾਲ-ਮੇਲ ਦੀ ਜ਼ਰੂਰਤ ਹੈ, ਉਹ ਨਵੇਂ ਪ੍ਰਾਜੈਕਟਾਂ ਲਈ ਅਤੇ ਪੁਰਾਣੇ ਪ੍ਰਾਜੈਕਟਾਂ ਦੇ ਆਧੁਨਿਕਰਣ ਲਈ ਮਸ਼ੀਨਾਂ ਅਤੇ ਸਾਜ਼ੋ-ਸਮਾਨ ਦੇ ਮੁਕੰਮਲ ਸੈੱਟ ਖਰੀਦਣ ਦੀ ਸਮੱਸਿਆ ਹੈ।

ਵਿਦੇਸ਼ੀ-ਵਿਉਪਾਰ ਦੇ ਖੇਤਰ ਵਿਚ ਮਿਥੇ ਗਏ ਕਾਰਜਾਂ ਦੀ ਪੂਰਤੀ ਲਈ ਇਹ ਜ਼ਰੂਰੀ ਹੈ ਕਿ ਹਰ ਬੰਦੇ ਦੇ ਦਿਮਾਗ਼ ਵਿਚ ਇਹ ਗੱਲ ਚੰਗੀ ਤਰ੍ਹਾਂ ਭਰੀ ਜਾਏ ਕਿ ਦਰਾਮਦਾਂ ਅਤੇ ਬਰਾਮਦਾਂ ਨੂੰ ਹਮੇਸ਼ਾਂ ਇਕ ਕਰਕੇ ਦੇਖਣਾ ਚਾਹੀਦਾ ਹੈ ਅਤੇ ਬਰਾਮਦਾਂ ਨੂੰ ਹਮੇਸ਼ਾਂ ਪਹਿਲ ਦੇਣੀ ਚਾਹੀਦੀ ਹੈ। ਜਿਸ ਤਰ੍ਹਾਂ ਸਾਨੂੰ ਸਮੇਂ ਸਿਰ ਦਰਾਮਦਾਂ ਦੀ ਲੋੜ ਹੁੰਦੀ ਹੈ ਕਿਉਂਕਿ ਦੇਰੀ ਹੋਣ ਨਾਲ ਸਿਰਫ ਆਰਥਿਕ ਹੀ ਨਹੀਂ ਸਗੋਂ ਸਿਆਸੀ ਅਤੇ ਸਮਾਜਿਕ ਨੁਕਸਾਨ ਵੀ ਹੁੰਦੇ ਹਨ ਉਸੇ ਤਰ੍ਹਾਂ ਬਰਾਮਦਾਂ ਦਾ ਟੀਚਾ ਪੂਰਾ ਕਰਨ ਲਈ ਕੰਮ ਅਤੇ ਸੰਘਰਸ਼ ਕਰਨਾ ਵੀ ਜ਼ਰੂਰੀ ਹੈ।

ਅੱਜ, ਸਾਡੇ ਵਲੋਂ ਬਰਾਮਦ ਕੀਤੀਆਂ ਜਾਣ ਵਾਲੀਆਂ ਵਸਤਾਂ ਅਤੇ ਨਾਲੋ ਨਾਲ ਦਰਾਮਦ ਕੀਤੇ ਜਾਣ ਵਾਲੇ ਕੱਚੇ-ਮਾਲਾਂ ਅਤੇ ਹੋਰ ਵਸਤਾਂ ਵਿਚ ਬੱਚਤਾਂ ਲਈ ਸੰਘਰਸ਼ ਬਹੁਤ ਹੀ ਮਹੱਤਵ ਰੱਖਦਾ ਹੈ। ਵਿਸ਼ੇਸ਼ ਕਰਕੇ ਕੋਲੇ, ਬਾਲਣ ਵਾਲੇ ਤੇਲਾਂ, ਇਸਪਾਤ ਅਤੇ ਗਰੀਸਾਂ, ਟਾਇਰਾਂ ਅਤੇ ਹੋਰ ਵਸਤਾਂ ਦੀ ਵਰਤੋਂ ਵਿਚ ਬੱਚਤ ਬਹੁਤ ਜ਼ਰੂਰੀ ਹੈ। ਅਜੇਹੀਆਂ ਵਸਤਾਂ ਦੀ ਵਰਤੋਂ ਲਈ ਵਿਗਿਆਨਕ ਤੌਰ ਤੇ ਪਰਖੇ ਗਏ ਢੰਗ ਵਰਤਣੇ ਚਾਹੀਦੇ ਹਨ ਅਤੇ ਸਖ਼ਤ ਕੰਟਰੋਲ ਤੋਂ ਕੰਮ ਲੈਣਾ ਚਾਹੀਦਾ ਹੈ। ਹਰ ਇਕ ਆਦਮੀ ਨੂੰ ਚਾਹੀਦਾ ਹੈ ਕਿ ਉਹ ਮਹਿੰਗੇ ਬੁਨਿਆਦੀ ਪਦਾਰਥਾਂ ਦੀ ਥਾਂ ਸਸਤੇ ਅਤੇ ਵਧੇਰੇ ਲਾਭਦਾਇਕ ਪਦਾਰਥਾਂ ਦੀ ਵਰਤੋਂ ਲਈ ਅਤੇ ਅੱਜ ਜੋ ਮਸ਼ੀਨਰੀ ਸਾਜ਼ੋ-ਸਮਾਨ ਅਤੇ ਵਸਤਾਂ ਬਗੈਰਾਂ ਅਸੀਂ ਦਰਾਮਦ ਕਰਦੇ ਹਾਂ ਉਸ ਦਾ ਦੇਸ਼ ਅੰਦਰ ਹੀ ਉਤਪਾਦਨ ਸ਼ੁਰੂ ਕਰਨ ਲਈ ਪੂਰਾ ਤਾਣ ਲਾਵੇ।

ਬਰਾਮਦ-ਦਰਾਮਦ ਦੀ ਮਿਕਦਾਰ ਵਿਚ ਚੋਖੇ ਵਾਧੇ ਅਤੇ ਇਸ ਖੇਤਰ ਵਿਚ ਮਿਥੇ ਗੁਏ ਵੱਡੇ ਟੀਚਿਆਂ ਨੂੰ ਪੂਰੇ ਕਰਨ ਲਈ ਵਿਦੇਸ਼ੀ-ਵਿਉਪਾਰ ਨਾਲ ਸਬੰਧਿਤ ਸੰਗਠਨਾਂ ਦੀ ਕਾਰਵਾਈ ਵਿਚ ਤਕੜੇ ਸੁਧਾਰ ਕਰਨ ਅਤੇ ਉਹਨਾਂ ਦੀ ਨਿਪੁੰਨਤਾ ਅਤੇ ਯੋਗਤਾ ਦੇ ਪੱਧਰ ਨੂੰ ਉਚਾ ਚੁੱਕਣ ਦੀ ਜ਼ਰੂਰਤ ਹੈ।

## 5. ਲੋਕਾਂ ਦੀ ਭਲਾਈ ਦੇ ਪੱਧਰ ਦੀ ਗਰੰਟੀ ਦੇਣੀ ਚਾਹੀਦੀ ਹੈ ਅਤੇ ਇਸ ਨੂੰ ਲਗਾਤਾਰ ਉੱਪਰ ਚੁੱਕਣਾ ਚਾਹੀਦਾ ਹੈ

ਸਮਾਜਵਾਦੀ ਸਮਾਜ ਦੀ ਉਸਾਰੀ ਇਕ ਸਰਬ-ਪੱਖੀ ਇਨਕਲਾਬੀ ਵਿਧੀ ਹੈ। ਇਸ ਲਈ ਪਾਰਟੀ ਨੇ ਉਤਪਾਦਨ ਦੇ ਵਿਕਾਸ ਨੂੰ ਸਮਾਜਵਾਦੀ ਸਮਾਜਿਕ ਨਿਜ਼ਾਮ ਦੀ ਮਜ਼ਬੂਤੀ ਕਰਨ ਦੇ ਕਾਰਜ, ਨਾਲ ਏਕਤਾ ਵਿਚ ਮਿਹਨਤਕਸ਼ ਲੋਕਾਂ ਦੀਆਂ ਪਦਾਰਥਿਕ ਅਤੇ ਸੱਭਿਆਚਾਰਕ ਲੋੜਾਂ ਦੀ ਪੂਰਤੀ ਨੂੰ ਉਹਨਾਂ ਦੀ ਕਮਿਊਨਿਸਟ ਵਿੱਦਿਆ ਨਾਲ ਏਕਤਾ ਵਿਚ, ਸਮੁੱਚੇ ਲੋਕਾਂ ਦੀ ਭਲਾਈ ਨੂੰ ਵਤਨ ਦੀ ਆਜ਼ਾਦੀ ਅਤੇ ਸੁਰੱਖਿਆ ਸ਼ਕਤੀ ਨੂੰ ਮਜ਼ਬੂਤ ਕਰਨ ਦੇ ਕਾਰਜ ਨਾਲ ਏਕਤਾ ਵਿਚ, ਵਰਤਮਾਨ ਨੂੰ ਭਵਿੱਖ ਨਾਲ ਏਕਤਾ ਵਿਚ ਅਤੇ ਸ਼ਹਿਰਾਂ ਦੇ ਵਿਕਾਸ ਨੂੰ ਪਿੰਡਾਂ ਦੇ ਵਿਕਾਸ ਨਾਲ ਏਕਤਾ ਵਿਚ ਦੇਖਿਆ ਹੈ।

ਉਤਪਾਦਨ ਦੇ ਵਿਕਾਸ ਅਤੇ ਹੋਰ ਸਭ ਸਮਾਜਿਕ ਕਾਰਵਾਈਆਂ ਵਿਚ ਪਾਰਟੀ ਦੀ ਤਵੱਜੋਂ ਦਾ ਕੇਂਦਰ ਹਮੇਸ਼ਾ ਹੀ ਮਿਹਨਤਕਸ਼ ਆਦਮੀ ਅਤੇ ਉਸ ਦੀਆਂ ਪਦਾਰਥਿਕ ਅਤੇ ਸੱਭਿਆਚਾਰਕ ਲੋੜਾਂ ਦੀ ਪੂਰਤੀ ਕਰਨਾ ਰਿਹਾ ਹੈ। 6ਵੀਂ ਪੰਜ-ਸਾਲਾ ਯੋਜਨਾ ਦੁਰਾਨ ਵੀ, ਬੇਸ਼ੱਕ ਮਿਥੇ ਗਏ ਟੀਚੇ ਪੂਰੀ ਤਰ੍ਹਾਂ ਹਾਸਲ ਨਹੀਂ ਹੋਏ ਫਿਰ ਵੀ, ਪਿੰਡਾਂ ਅਤੇ ਸ਼ਹਿਰਾਂ ਵਿਚ ਪ੍ਰਤੀ-ਜੀਅ ਖ਼ਰੀਦ-ਸ਼ਕਤੀ ਅਤੇ ਅਸਲ ਆਮਦਨ ਵਿਚ ਵਾਧਾ ਹੋਇਆ, ਵਿਸ਼ਾਲ ਪੈਮਾਨੇ ਤੇ ਖਪਤ ਹੋਣ ਵਾਲੀਆਂ ਵਸਤਾਂ ਦੀ ਸਪਲਾਈ ਲਗਾਤਾਰ ਵਧਦੀ ਰਹੀ, ਅਤੇ ਮਿਹਨਤਕਸ਼ ਲੋਕਾਂ ਦੀਆਂ ਰਿਹਾਇਸ਼ ਦੀਆਂ ਹਾਲਤਾਂ ਵਿਚ ਹੋਰ ਵਧੇਰੇ ਸੁਧਾਰ ਕੀਤੇ ਗਏ। ਖਾਧ-ਵਸਤਾਂ ਜਾਂ ਉਦਯੋਗਕ ਵਸਤਾਂ ਦੀਆਂ ਕੀਮਤਾਂ ਵਿਚ, ਬਾਲਣਾਂ ਅਤੇ ਬਿਜਲੀ-ਘਰਾਂ ਦੇ ਕਿਰਾਇਆ ਜਾਂ ਹੋਰ ਸੇਵਾਵਾਂ ਦੀਆਂ ਕੀਮਤਾਂ ਵਿਚ ਕੋਈ ਵੀ ਵਾਧਾ ਨਹੀਂ ਹੋਇਆ। ਸਮਾਜਿਕ ਖਪਤ ਲਈ ਫੰਡ ਵਿਚ 20 ਫੀਸਦੀ ਵਾਧਾ ਹੋਇਆ ਅਤੇ ਇਸ ਫੰਡ ਤੋਂ ਹਰ ਪ੍ਰੀਵਾਰ ਨੂੰ ਕਰੀਬ 4,000 ਲੇਕ ਸਾਲਾਨਾ ਦੇ ਹਿਸਾਬ ਨਾਲ ਭੱਤੇ ਮਿਲੇ।

7ਵੀਂ ਪੰਜ-ਸਾਲਾ ਯੋਜਨਾ ਦੇ ਦੌਰਾਨ ਉਦਯੋਗ, ਖੇਤੀ ਅਤੇ ਆਰਥਿਕਤਾ ਦੀਆਂ ਹੋਰ ਸ਼ਾਖ਼ਾਵਾਂ ਦੇ ਵਿਕਾਸ ਨਾਲ ਲੋਕਾਂ ਦੀ ਪਦਾਰਥਿਕ ਭਲਾਈ ਅਤੇ ਸੱਭਿਆਚਾਰ ਦੇ ਪੱਧਰ ਨੂੰ ਹੋਰ ਉੱਪਰ ਚੁੱਕਿਆ ਜਾਏਗਾ। ਆਰਥਿਕਤਾ ਦੇ ਵਿਕਾਸ ਲਈ ਇਨਵੈਸਟਮੈਂਟਾਂ ਅਤੇ ਖ਼ਰਚ ਦੇ ਵੱਡੇ ਪ੍ਰੋਗਰਾਮ ਅਤੇ ਧੰਨ-ਸੰਚਣ ਦੇ ਨਿਯਮ ਵਿਚ ਵਾਧਾ ਕਰਕੇ ਇਸਨੂੰ 6ਵੀਂ ਯੋਜਨਾ ਦੌਰਾਨ 30 ਫੀਸਦੀ ਦੇ ਮੁਕਾਬਲੇ 7ਵੀਂ ਪੰਜ-ਸਾਲਾ ਯੋਜਨਾ ਦੌਰਾਨ 31-33 ਫੀਸਦੀ ਕਰਨ ਦੇ ਬਾਵਜੂਦ ਵਸੋਂ ਦੀ ਪ੍ਰਤੀ-ਜੀਅ ਅਸਲ ਆਮਦਨ 8-10 ਫੀਸਦੀ ਵਧੇਗੀ। ਪਿੰਡਾਂ ਵਿਚ ਅਸਲ ਆਮਦਨ ਦੇ ਵਾਧੇ ਦੀ ਦਰ ਸ਼ਹਿਰਾਂ ਨਾਲੋਂ ਦੁੱਗਣੀ ਹੋਵੇਗੀ। ਵਿਸ਼ਾਲ ਪੈਮਾਨੇ ਤੇ ਖਪਤ ਹੋਣ ਵਾਲੀਆਂ ਵਸਤਾਂ ਦਾ ਉਤਪਾਦਨ 33-35 ਫੀਸਦੀ ਵਧੇਗਾ ਅਤੇ ਲੋਕਾਂ ਲਈ ਸੇਵਾਵਾਂ ਵਿਚ 45-47 ਫੀਸਦੀ ਵਾਧਾ ਕੀਤਾ ਜਾਏਗਾ। ਮੀਟ, ਮੱਛੀ, ਅੰਡਿਆਂ, ਸਬਜ਼ੀਆਂ, ਆਲੂਆਂ ਅਤੇ ਫਲਾਂ ਦੀ ਸਪਲਾਈ ਵਧਾਈ ਜਾਏਗੀ। ਰਿਹਾਇਸ਼ੀ ਹਾਲਤਾਂ ਨੂੰ ਹੋਰ ਵਧੇਰੇ ਸੌਖੀਆਂ ਬਣਾਉਣ ਅਤੇ ਸੱਭਿਅਤ ਪ੍ਰੀਵਾਰਕ ਜੀਵਨ ਨੂੰ ਯਕੀਨੀ ਬਣਾਉਣ ਲਈ, ਵਿਸ਼ਾਲ ਪੈਮਾਨੇ ਤੇ ਖਪਤ ਹੋਣ ਵਾਲੀਆਂ ਵਸਤਾਂ ਦੀ ਬਣਤਰ ਵਿਚ ਅਤੇ ਪਾਇਦਾਰ ਘਰੇਲੂ ਵਸਤਾਂ ਦੀ ਸਪਲਾਈ ਵਿਚ ਸੁਧਾਰ ਕੀਤੇ ਜਾਣਗੇ।

ਲੋਕ-ਭਲਾਈ ਦੇ ਖੇਤਰ ਵਿਚ ਮਿਥੇ ਟੀਚਿਆਂ ਨੂੰ ਪੂਰੇ ਕਰਨ ਲਈ, ਕੰਮ ਅਤੇ ਯਤਨਾਂ ਨੂੰ ਮੁੱਖ ਤੌਰ ਤੇ ਉਤਪਾਦਨ ਵਧਾਉਣ ਅਤੇ ਉਦਯੋਗ, ਖੇਤੀ ਅਤੇ ਹੋਰ ਸਭ ਸ਼ਾਖਾਵਾਂ ਵਿਚ ਕੁਸ਼ਲਤਾ ਨੂੰ ਵਧਾਉਣ ਉੱਤੇ ਕੇਂਦਰਿਤ ਕਰਨਾ ਜ਼ਰੂਰੀ ਹੈ। ਸਮਾਜਵਾਦ ਅਧੀਨ ਉਤਪਾਦਨ ਅਤੇ ਵਿਤਰਣ (ਵੰਡ), ਵਸਤਾਂ ਅਤੇ ਪੈਸੇ ਦੀ ਸਰਕੂਲੇਸ਼ਨ ਨੂੰ ਨਿਰਧਾਰਿਤ ਕਰਨ ਵਾਲੇ ਨਿਯਮਾਂ ਦੀਆਂ ਮੰਗਾਂ ਦੀ ਜਾਣਕਾਰੀ ਅਤੇ ਉਹਨਾਂ ਨੂੰ ਲਾਗੂ ਕੀਤੇ ਜਾਣ ਨੂੰ ਯਕੀਨੀ ਬਣਾਉਣ ਵੱਲ ਉਚੇਚਾ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਕ੍ਰਿਤ ਦੀ ਉਤਪਾਦਕਤਾ ਪ੍ਰਤੀ-ਜੀਅ ਆਮਦਨ ਨਾਲੋਂ ਵਧੇਰੇ ਤੇਜ਼ੀ ਨਾਲ ਵਧਣੀ ਚਾਹੀਦੀ ਹੈ, ਕੌਮੀ ਆਮਦਨ ਲੋਕਾਂ ਦੀ ਖ਼ਰੀਦ-ਸ਼ਕਤੀ ਨਾਲੋਂ ਵਧੇਰੇ ਤੇਜ਼ੀ ਨਾਲ ਵਧਣੀ ਚਾਹੀਦੀ ਹੈ, ਵਸਤਾਂ ਅਤੇ ਸੇਵਾਵਾਂ ਦੀ ਸਪਲਾਈ ਲੋਕਾਂ ਦੀ ਖ਼ਰੀਦ-ਸ਼ਕਤੀ ਦੇ ਹਾਣ ਦੀ ਕਰਨੀ ਚਾਹੀਦੀ ਹੈ। ਇਹਨਾਂ ਅਨੁਪਾਤਾਂ ਦੀ ਉਲੰਘਣਾ ਕਰਨ ਨਾਲ ਧੰਨ ਦੀ ਸਰਕੂਲੇਸ਼ਨ ਵਿਚ ਗੜਬੜ ਹੋ ਜਾਏਗੀ, ਜੋ ਸਰਕੂਲੇਸ਼ਨ ਉਤਪਾਦਨ, ਵੱਖ ਵੱਖ ਵਸਤਾਂ ਦੀ ਸਰਕੂਲੇਸ਼ਨ ਅਤੇ ਆਮਦਨਾਂ ਦੀ ਉਤਪਤੀ ਅਤੇ ਵੰਡ ਤੋਂ ਬਿਨਾਂ ਕੋਈ ਮਤਲਬ ਨਹੀਂ ਰੱਖਦੀ।

ਲੋਕਾਂ ਦੀ ਸੇਵਾ ਕਰਨ ਅਤੇ ਉਹਨਾਂ ਦੀਆਂ ਰੋਜ਼ਾਨਾ ਲੋੜਾਂ ਨੂੰ ਚੰਗੇਰੀ ਤਰ੍ਹਾਂ ਪੂਰਾ ਕਰਨ ਖ਼ਾਤਿਰ ਵਪਾਰ ਦੇ ਖੇਤਰ ਵਿਚ ਕੰਮ ਕਰਨ ਵਾਲੇ ਲੋਕਾਂ ਨੂੰ ਵੱਡੇ ਕਾਰਜ ਨੇਪਰੇ ਚਾੜ੍ਹਨੇ ਹੋਣਗੇ। ਉਹਨਾਂ ਨੂੰ ਆਪਣੇ ਕੰਮ ਵਿਚ ਬੁਨਿਆਦੀ ਸੁਧਾਰ ਕਰਨੇ ਚਾਹੀਦੇ ਹਨ, ਆਰਥਿਕਤਾ ਦੇ ਹੋਰ ਸੰਗਠਨਾਂ ਨੂੰ ਵਧੇਰੇ ਗੂੜ੍ਹਾ ਸਹਿਯੋਗ ਦੇਣਾ ਚਾਹੀਦਾ ਹੈ, ਵਿਸਤ੍ਰਿਤ ਅਧਿਅਨ ਕਰਨੇ ਚਾਹੀਦੇ ਹਨ, ਇਕ ਸੱਭਿਅਤ ਵਿਉਪਾਰ ਜਥੇਬੰਦ ਕਰਨਾ ਚਾਹੀਦਾ ਹੈ, ਉਤਪਾਦਨ ਵਿਚ ਆਪਣੇ ਸਰਗਰਮ

ਰੋਲ ਨੂੰ ਵਧਾਉਣਾ ਚਾਹੀਦਾ ਹੈ ਅਤੇ ਘਟੀਆ ਕਿਸਮ ਦੀਆਂ ਵਸਤਾਂ ਵਿਰੁੱਧ ਕੰਧ ਬਣਨਾ ਚਾਹੀਦਾ ਹੈ। ਸਟੇਟ ਦੀਆਂ ਵਿਉਪਾਰਕ ਸੰਸਥਾਵਾਂ ਅਤੇ ਕੋਅਪ੍ਰੇਟਿਵਾਂ ਨੂੰ ਦਿਹਾਤ ਵਿਚ ਖਾਧ-ਵਸਤਾਂ ਦੀ ਵਿਕਰੀ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਸਹਿਕਾਰੀ ਕਿਸਾਨਾਂ ਦੇ ਨਿੱਜੀ ਪਲਾਟ ਨੂੰ ਹੋਰ ਘਟਾਉਣ ਅਤੇ ਉਹਨਾਂ ਦੇ ਨਿੱਜੀ ਪਸ਼ੂਆਂ ਤੋਂ ਸਾਂਝੇ ਇੱਜੜ ਬਣਾਉਣ ਲਈ ਪਿੱਛੇ ਜਿਹੇ ਉਠਾਏ ਗਏ ਕਦਮਾਂ ਨੂੰ ਢੁਕਵੀਂ ਹਮਾਇਤ ਦਿੱਤੀ ਜਾ ਸਕੇ।

ਲੋਕਾਂ ਦੀਆਂ ਰਿਹਾਇਸ਼ ਦੀਆਂ ਹਾਲਤਾਂ ਨੂੰ ਲਗਾਤਾਰ ਚੰਗੇਰਾ ਬਣਾਉਣ, ਹਮੇਸ਼ਾ ਹੀ ਲੋਕ-ਭਲਾਈ ਦੇ ਖੇਤਰ ਵਿਚ ਪਾਰਟੀ ਦੀ ਨੀਤੀ ਦਾ ਇਕ ਮੁੱਖ ਮਸਲਾ ਰਿਹਾ ਹੈ। ਅੱਜ ਸਾਡੇ ਦੇਸ਼ ਦੀ ਕਰੀਬ 80 ਫੀਸਦੀ ਵਸੋਂ ਲੋਕ-ਸੱਤਾ ਦੇ ਸਾਲਾਂ ਦੌਰਾਨ ਉਸਾਰੇ ਗਏ ਘਰਾਂ ਵਿਚ ਰਹਿੰਦੀ ਹੈ। 6ਵੀਂ ਪੰਜ-ਸਾਲਾ ਯੋਜਨਾ ਦੇ ਦੌਰਾਨ ਸਟੇਟ ਅਤੇ ਖੁਦ ਲੋਕਾਂ ਨੇ 56 ਹਜ਼ਾਰ ਨਵੇਂ ਘਰ ਅਤੇ ਫਲੈਟ ਉਸਾਰੇ। ਇਸ ਲਈ, 7ਵੀਂ ਪੰਜ-ਸਾਲਾ ਯੋਜਨਾ ਦੌਰਾਨ 4 ਲੱਖ ਲੋਕਾਂ ਲਈ 80 ਹਜ਼ਾਰ ਨਵੇਂ ਘਰ ਅਤੇ ਫਲੈਟ ਉਸਾਰੇ ਜਾਣਗੇ। ਬੇਸ਼ੱਕ ਸਾਡੇ ਘਰਾਂ ਦੇ ਕਿਰਾਏ ਦੁਨੀਆਂ ਵਿਚ ਸਭ ਤੋਂ ਘੱਟ ਹਨ ਫਿਰ ਵੀ ਇਹ ਵਧਾਏ ਨਹੀਂ ਗਏ ਅਤੇ ਨਾ ਹੀ ਵਧਾਏ ਜਾਣਗੇ।

ਇਮਾਰਤਾਂ ਦੀ ਹਰ ਸਾਲ ਵਧ ਰਹੀ ਇਸ ਸੰਮਤੀ ਦੀ ਦੇਖ-ਭਾਲ ਕਰਨ ਦੇ ਵੱਡੇ ਕਾਰਜ ਭਾਈਚਾਰਕ ਆਰਥਿਕਤਾ ਦੇ ਸੰਗਠਨਾਂ ਨੂੰ ਦਰਪੇਸ਼ ਹਨ। ਲੇਕਿਨ, ਉਹਨਾਂ ਨੂੰ ਦਰਪੇਸ਼ ਇਸ ਤੋਂ ਵੀ ਵੱਡੇ ਕਾਰਜ ਲੋਕਾਂ ਲਈ ਸੇਵਾ ਦਾ ਵਾਧਾ ਕਰਨ ਅਤੇ ਇਹਨਾਂ ਸੇਵਾਵਾਂ ਵਿਚ ਭਰਵੇਂ ਸੁਧਾਰ ਕਰਨ ਅਤੇ ਵਿਸ਼ੇਸ਼ ਤੌਰ ਤੇ ਪਿੰਡਾਂ ਵਿਚ ਇਹਨਾਂ ਸੇਵਾਵਾਂ ਦਾ ਵਿਸਥਾਰ ਕਰਨ ਦੇ ਕਾਰਜ ਹਨ। ਇਹਨਾਂ ਅਤੇ ਲੋਕਾਂ ਦੇ ਰੋਜ਼ਾਨਾ ਜੀਵਨ ਨਾਲ ਸਬੰਧਿਤ ਹੋਰ ਮਸਲਿਆਂ ਵੱਲ ਜ਼ਿਲ੍ਹਾ ਕਾਰਜਕਾਰੀ ਕਮੇਟੀਆਂ ਨੂੰ ਹੋਰ ਵੀ ਵਧੇਰੇ ਧਿਆਨ ਦੇਣਾ ਚਾਹੀਦਾ ਹੈ ਜੋ ਜ਼ਿਆਦਾਤਰ ਸਿਰਫ ਉਤਪਾਦਨ ਦੀਆਂ ਯੋਜਨਾਵਾਂ ਪੂਰਾ ਕਰਨ ਵੱਲ ਹੀ ਜ਼ਿਆਦਾ ਧਿਆਨ ਦਿੰਦੀਆਂ ਹਨ।

ਮਿਹਨਤਕਸ਼ ਲੋਕਾਂ ਦੀ ਵਿੱਦਿਆ ਅਤੇ ਸੱਭਿਆਚਾਰਕ ਉੱਨਤੀ ਅਤੇ ਉਹਨਾਂ ਦੀ ਸਿਹਤ ਦੀ ਰਖਵਾਲੀ ਅਤੇ ਮਜ਼ਬੂਤੀ, ਸਾਡੀ ਪਾਰਟੀ ਅਤੇ ਸਮਾਜਵਾਦੀ ਸਟੇਟ ਦੀ ਤਵੱਜੋਂ ਦੇ ਕੇਂਦਰ ਵਿਚ ਰਹੀਆਂ ਹਨ। ਲੋਕਾਂ ਦੀ ਵਿੱਦਿਆ ਅਤੇ ਸੱਭਿਆਚਾਰ ਦੇ ਪੱਧਰ ਨੂੰ ਉੱਚਾ ਉਠਾਉਣਾ ਸਮੁੱਚੇ ਦੇਸ਼ ਦੀ ਆਰਥਿਕ ਅਤੇ ਸਮਾਜਿਕ ਤਰੱਕੀ ਲਈ ਆਪਣੇ ਵਤਨ ਦੀ ਸੁਰੱਖਿਆ ਸ਼ਕਤੀ ਨੂੰ ਮਜ਼ਬੂਤ ਕਰਨ ਲਈ ਅਤੇ ਲੋਕਾਂ ਦੇ ਜੀਵਨ ਦੇ ਲਗਾਤਾਰ ਸੁਧਾਰ ਲਈ ਇਕ ਸ਼ਰਤ ਅਤੇ ਇਕ ਨਿੱਗਰ ਆਧਾਰ ਹੈ। ਲੋਕਾਂ ਦੀ ਵਿੱਦਿਆ ਅਤੇ ਸੱਭਿਆਚਾਰ ਦਾ ਉੱਚਾ ਪੱਧਰ ਵਰਤਮਾਨ ਅਤੇ ਭਵਿੱਖਤ ਯੋਜਨਾਵਾਂ ਨੂੰ ਨੇਪਰੇ ਚਾੜ੍ਹਨ ਲਈ ਅਤੇ ਤਕਨੀਕੀ ਅਤੇ ਵਿਗਿਆਨਕ ਉੱਨਤੀ ਨੂੰ ਨਵੀਆਂ ਸਿਖ਼ਰਾਂ ਤੇ ਪਹੁੰਚਾਉਣ ਲਈ ਇਕ ਮਹਾਨ ਸ਼ਕਤੀ ਦੇ ਤੁੱਲ ਹੈ। ਇਸ ਲਈ, ਵਰਤਮਾਨ ਪੰਜ-ਸਾਲਾ ਯੋਜਨਾ ਦੌਰਾਨ ਵਿੱਦਿਆ, ਸੱਭਿਆਚਾਰ ਅਤੇ ਵਿਗਿਆਨ ਨੂੰ ਹੋਰ ਵਧੇਰੇ ਉੱਨਤ ਕੀਤਾ ਜਾਏਗਾ।

ਸੈਕੰਡਰੀ ਸਕੂਲਾਂ 'ਚ ਦਾਖ਼ਲ ਵਿਦਿਆਰਥੀਆਂ ਦੀ ਗਿਣਤੀ ਵਿਚ ਚੋਖਾ ਵਾਧਾ ਹੋਵੇਗਾ। ਸ਼ਹਿਰਾਂ ਦੇ ਬੱਚਿਆਂ ਤੋਂ ਇਲਾਵਾ, ਪਿੰਡਾਂ ਦੇ ਵੱਧ ਤੋਂ ਵੱਧ ਬੱਚੇ ਸਕੈਂਡਰੀ ਸਕੂਲਾਂ 'ਚ ਦਾਖ਼ਲ ਕੀਤੇ ਜਾਣਗੇ। ਆਰਥਿਕਤਾ ਦੇ ਤੇਜ਼ ਵਿਕਾਸ, ਨਵੀਆਂ ਸ਼ਾਖ਼ਾਵਾਂ ਕਾਇਮ ਕਰਨ ਅਤੇ ਉਤਪਾਦਨ ਵਿਚ ਨਵੀਆਂ ਤਕਨੀਕਾਂ ਲਾਗੂ ਕਰਨ ਦੇ ਕਾਰਜ ਨੂੰ ਚੰਗੀ ਤਰ੍ਹਾਂ ਨਿਪਟਾਉਣ ਖ਼ਾਤਿਰ ਵਿਵਸਾਇਕ ਸਕੂਲਾਂ ਦਾ ਵਿਸਤਾਰ ਕੀਤਾ ਜਾਏਗਾ ਅਤੇ ਇਹਨਾਂ ਨੂੰ ਪਰਪੱਕ ਬਣਾਇਆ ਜਾਏਗਾ। ਇਸ ਪੰਜ-ਸਾਲਾ ਯੋਜਨਾ ਦੁਰਾਨ, ਪਿਛਲੀ ਯੋਜਨਾ ਦੁਰਾਨ ਸਭ ਕਿਸਮਾਂ ਦੇ ਵਿਵਸਾਇਕ ਸਕੈਂਡਰੀ ਸਕੂਲਾਂ ਤੋਂ ਪਾਸ ਹੋਏ ਇਕ ਲੱਖ ਤੇਰਾਂ ਹਜ਼ਾਰ ਵਿਦਿਆਰਥੀਆਂ ਦੇ ਮੁਕਾਬਲੇ ਇਕ ਲੱਖ ਸੱਠ ਹਜ਼ਾਰ ਵਿਦਿਆਰਥੀ ਪਾਸ ਹੋਣਗੇ।

ਉਚੇਰੀ ਵਿੱਦਿਆ ਦੇ ਵਿਕਾਸ ਵੱਲ ਉਚੇਚਾ ਧਿਆਨ ਦਿੱਤਾ ਜਾਏਗਾ ਜਿਸ ਵਿਚ 6ਵੀਂ ਯੋਜਨਾ ਨਾਲੋਂ ਕਰੀਬ 45 ਫੀਸਦੀ ਵਧੇਰੇ ਵਿਦਿਆਰਥੀ ਦਾਖ਼ਲ ਕੀਤੇ ਜਾਣਗੇ। ਨਵੇਂ ਵਿਭਾਗ ਖੋਲ੍ਹੇ ਜਾਣਗੇ ਅਤੇ ਯੂਨੀਵਰਸਿਟੀ ਤੋਂ ਬਾਅਦ ਦੀ ਵਿਦਿਅਕ-ਯੋਗਤਾ (qualification) ਅਤੇ ਵਿਸ਼ਸ਼ਟਤਾ (Specialization) ਨੂੰ ਹੋਰ ਵਧੇਰੇ ਵਿਸਤ੍ਰਿਤ ਕੀਤਾ ਜਾਏਗਾ।

ਸਕੂਲੀ ਵਿੱਦਿਆ ਦੀ ਤਰ੍ਹਾਂ ਹੀ ਸੱਭਿਆਚਾਰ ਦੇ ਵੱਖ ਵੱਖ ਖੇਤਰਾਂ ਵਿਚ ਵੀ ਨਵੇਂ ਕਦਮ ਚੁੱਕੇ ਜਾਣਗੇ ਤਾਂ ਕਿ ਇਨ੍ਹਾਂ ਦਾ ਕੰਮ ਲੋਕਾਂ ਵਿਚ ਹੋਰ ਡੂੰਘੇਰਾ ਜਾਵੇ ਅਤੇ ਉਨ੍ਹਾਂ ਦੀ ਵਿੱਦਿਆ ਦੀ ਚੰਗੇਰੀ ਸੇਵਾ ਕਰੇ। ਸਿਆਸੀ, ਵਿਗਿਆਨਕ, ਤਕਨੀਕੀ ਅਤੇ ਕਲਾਤਮਕ ਕਿਤਾਬਾਂ ਦੀ ਪਬਲੀਕੇਸ਼ਨ ਵਧਾਈ ਜਾਏਗੀ। ਕੁੱਲ ਛਪਾਈ ਪਿਛਲੀ ਪੰਜ-ਸਾਲਾ ਯੋਜਨਾ ਨਾਲੋਂ 10 ਲੱਖ ਵਧੇਰੇ ਹੋਏਗੀ। ਸਿਨੇਮੇ ਦਾ ਹੋਰ ਵਿਕਾਸ ਕੀਤਾ ਜਾਏਗਾ। ਰੇਡੀਓ-ਟੈਲੀਵਿਜ਼ਨ ਨੈਟਵਰਕ ਨੂੰ ਨਵੇਂ ਰੀਲੇਅ ਸਟੇਸ਼ਨ ਬਗ਼ੈਰਾ ਲਗਾ ਕੇ ਵਿਸਤ੍ਰਿਤ ਕੀਤਾ ਜਾਏਗਾ ਅਤੇ ਦੇਸ਼ ਦੇ ਸਭ ਹਿੱਸਿਆਂ ਤਕ ਪਹੁੰਚਾਇਆ ਜਾਏਗਾ। 7ਵੀਂ ਪੰਜ-ਸਾਲਾ ਯੋਜਨਾ ਦੌਰਾਨ ਰੰਗ-ਦਾਰ ਟੈਲੀਵਿਜ਼ਨ ਬ੍ਰਾਡਕਾਸਟਾਂ ਸ਼ੁਰੂ ਕੀਤੀਆਂ ਜਾਣਗੀਆਂ। ਮਿਹਨਤਕਸ਼ ਲੋਕਾਂ ਦੀ ਇਨਕਲਾਬੀ ਅਤੇ ਦੇਸ਼-ਭਗਤ ਵਿੱਦਿਆ ਲਈ ਸ਼ਹਿਰਾਂ ਅਤੇ ਪਿੰਡਾਂ ਵਿਚ ਨਵੇਂ ਅਜਾਇਬ ਘਰ ਉਸਾਰੇ ਜਾਣਗੇ ਅਤੇ ਵਰਤਮਾਨ ਅਜਾਇਬ ਘਰਾਂ ਨੂੰ ਹੋਰ ਪ੍ਰਫੁੱਲਤ ਕੀਤਾ ਜਾਏਗਾ। ਇਸ ਖੇਤਰ ਦੇ ਮੁੱਖ ਪ੍ਰਾਜੈਕਟ ਤਿਰਾਨਾ ਵਿਚ ਕੌਮੀ ਇਤਿਹਾਸ ਦਾ ਅਜਾਇਬ ਘਰ, ਖੁਰਜ਼ਾ ਵਿਚ ਸਕੰਦਰਬੇਗ ਅਜਾਇਬ ਘਰ, ਸ਼ਕੋਧਰਾ ਵਿਚ ਲੋਕ ਸੱਭਿਆਚਾਰ ਦਾ ਅਜਾਇਬ ਘਰ, ਆਦਿ ਹਨ।

ਇਸ ਯੋਜਨਾ ਦੌਰਾਨ ਜਿਸਮਾਨੀ ਸਭਿਆਚਾਰ ਅਤੇ ਖੇਡਾਂ ਦੇ ਵਿਕਾਸ ਲਈ ਵਧੇਰੇ ਫੰਡ ਨਿਯਤ ਕੀਤੇ ਗਏ ਹਨ। ਖੇਡਾਂ ਲਈ ਸਹੂਲਤਾਂ ਵਧਾਈਆਂ ਜਾਣਗੀਆਂ ਅਤੇ ਨਵੇਂ ਖੇਡ ਮਹੱਲ ਅਤੇ ਸਟੇਡੀਅਮ ਉਸਾਰੇ ਜਾਣਗੇ। ਇਹ ਨੌਜਵਾਨਾਂ ਦੀ ਜਿਸਮਾਨੀ ਸਿਖਲਾਈ ਵਿਚ ਹਿੱਸਾ ਪਾਉਣਗੇ, ਅਤੇ ਉਨ੍ਹਾਂ ਨੂੰ ਕੰਮ ਅਤੇ ਸੁਰੱਖਿਆ ਲਈ ਵਧੇਰੇ ਚੰਗੀ ਤਰ੍ਹਾਂ ਤਿਆਰ ਕਰਨਗੇ। ਖੇਡਾਂ ਅਤੇ ਜਿਸਮਾਨੀ ਸੱਭਿਆਚਾਰ ਵਿਚ ਹਿੱਸਾ ਲੈਣ ਵਾਲਿਆਂ ਨੂੰ ਚਾਹੀਦਾ ਹੈ ਕਿ ਉਹ ਵੱਧ ਤੋਂ ਵੱਧ ਉੱਚੇ ਪੱਧਰ ਅਤੇ ਨਤੀਜੇ ਹਾਸਲ ਕਰਕੇ ਪਾਰਟੀ ਦੀ ਇਸ ਦੇਖ-ਭਾਲ ਦੀ ਹਾਮੀ ਭਰਨ।

ਸਾਡੀ ਲੋਕ-ਰਾਜਸੱਤਾ ਦੇ ਸਾਲਾਂ ਦੌਰਾਨ ਲੋਕਾਂ ਦੀ ਸਿਹਤ ਦੀ ਸੁਰੱਖਿਆ ਵਿਚ ਇਕ ਅਸਲੀ ਇਨਕਲਾਬ ਲਿਆਂਦਾ ਗਿਆ ਹੈ। ਵੱਖ ਵੱਖ ਸਿਹਤ ਸੰਸਥਾਵਾਂ ਦੇ ਨੈਟਵਰਕ ਦਾ ਪਸਾਰਾ ਕੀਤਾ ਗਿਆ ਹੈ, ਡਾਕਟਰੀ ਸੇਵਾਵਾਂ ਦਾ ਲਗਾਤਾਰ ਸੁਧਾਰ ਕੀਤਾ ਗਿਆ ਹੈ ਅਤੇ ਲੋਕਾਂ ਦੀ ਸਿਹਤ ਦੀ ਸੁਰੱਖਿਆ ਅਤੇ ਨਿਗਰਤਾ ਲਈ ਬਹੁਤ ਸਾਰੇ ਹੋਰ ਉਪਾਓ ਕੀਤੇ ਗਏ ਹਨ। ਇਸ ਸਫਲ ਸੇਧ ਨੂੰ 7ਵੀਂ ਪੰਜ-ਸਾਲਾ ਯੋਜਨਾ ਦੌਰਾਨ ਵੀ ਜਾਰੀ ਰੱਖਿਆ ਜਾਏਗਾ। ਸਰਬ-ਪੱਖੀ (ਰੋਗ)-ਨਿਰੋਧਕ ਉਪਾਵਾਂ ਦਾ ਹੋਰ ਵਧੇਰੇ ਵਿਸਥਾਰ ਕੀਤਾ ਜਾਏਗਾ ਅਤੇ ਇਨ੍ਹਾਂ ਵਿਚ ਪਿੰਡਾਂ ਅਤੇ ਸ਼ਹਿਰਾਂ ਦੋਨਾਂ ਵਿਚ, ਲੇਕਿਨ ਉਚੇਚੇ ਤੌਰ ਤੇ ਪਿੰਡਾਂ ਵਿਚ ਹੋਰ ਵਧੇਰੇ ਸਿਫਤੀ ਸੁਧਾਰ ਕੀਤੇ ਜਾਣਗੇ। ਸਿਹਤ-ਸੇਵਾ ਨੂੰ ਉੱਨਤ ਕਰਨ ਵੱਲ ਵਿਸ਼ੇਸ਼ ਤਵੱਜੋਂ ਦਿੱਤੀ ਜਾਏਗੀ ਤਾਂ ਕਿ ਇਲਾਜ ਅਤੇ ਡਾਕਟਰੀ ਸਹਾਇਤਾ ਦੀ ਕਿਸਮ ਵਿਚ ਸੁਧਾਰ ਕੀਤਾ ਜਾ ਸਕੇ ਅਤੇ ਬਾਲ-ਮੌਤਾਂ ਨੂੰ ਹੋਰ ਵੀ ਘੱਟ ਕਰਨ ਲਈ ਮਾਂ ਅਤੇ ਬੱਚੇ ਦੀ ਸੁਰੱਖਿਆ ਦੇ ਉਪਾਵਾਂ ਨੂੰ ਮਜ਼ਬੂਤ ਕੀਤਾ ਜਾ ਸਕੇ। ਜਣੇਪੇ ਵੇਲੇ ਛੁੱਟੀ ਦੇ ਸਮੇਂ ਨੂੰ ਵਧਾ ਕੇ 6 ਮਹੀਨੇ ਕਰਨ ਦਾ ਫੈਸਲਾ ਇਸ ਦਿਸ਼ਾ ਵਿਚ ਕਾਫੀ ਮਦਦ ਕਰੇਗਾ।

ਵਸੋਂ ਦਾ ਪ੍ਰਬਲ ਵਾਧਾ, ਵਸੋਂ ਦੇ ਢਾਂਚੇ ਵਿਚ ਛੋਟੀ ਉਮਰ ਵਾਲੇ ਗਰੁੱਪਾਂ ਦੀ ਪ੍ਰਧਾਨਤਾ ਅਤੇ ਇਕ ਹਮੇਸ਼ਾਂ ਸਰਗਰਮ ਅਤੇ ਤਾਜ਼ੀ ਵਸੋਂ ਸਾਡੇ ਦੇਸ਼ ਦੀ ਇਕ ਸਿਫਤ ਹੈ। ਪਾਰਟੀ ਨੇ ਹਮੇਸ਼ਾ ਹੀ ਇਹ ਯਕੀਨੀ ਬਣਾਉਣ ਲਈ ਕਾਰਵਾਈ ਕੀਤੀ ਹੈ ਕਿ ਜਨ-ਅੰਕਣ ਵਿਧੀਆਂ ਦਾ ਵਧੇਰੇ ਵਿਗਿਆਨਕ ਅਧਾਰ ਤੇ ਅਧਿਅਨ ਅਤੇ ਵਿਵਰਣ ਕੀਤਾ ਜਾਏ ਤਾਂ ਕਿ ਅਬਾਦੀ ਅਨੁਕੂਲ ਦਰਾਂ ਨਾਲ ਵਧਦੀ ਰਹੇ।

ਸਿਰਫ ਏਨਾ ਹੀ ਨਹੀਂ ਕਿ ਸਾਡੇ ਦੇਸ਼ ਵਿਚ ਬੇਰੁਜ਼ਗਾਰੀ ਅਤੇ ਆਰਥਿਕ ਪ੍ਰਵਾਸ ਦਾ ਨਾਂ-ਨਿਸ਼ਾਨ ਨਹੀਂ ਹੈ, ਸਗੋਂ ਪੈਦਾਵਾਰੀ ਸ਼ਕਤੀਆਂ ਦੀ ਪ੍ਰਬਲ ਉੱਨਤੀ ਅਤੇ ਸਮਾਜਿਕ ਅਤੇ ਸੱਭਿਆਚਾਰਕ ਸਰਗਰਮੀਆਂ ਲਈ ਹਮੇਸ਼ਾਂ ਹੀ ਨਵੀਆਂ ਤਾਕਤਾਂ ਦੀ ਲੋੜ ਹੈ। ਇਸ ਪੰਜ-ਸਾਲਾ ਯੋਜਨਾ ਦੌਰਾਨ ਪ੍ਰਾਪਤ ਹੋਣ ਵਾਲੀਆਂ ਨਵੀਆਂ ਤਾਕਤਾਂ, ਜੋ ਕਿ ਕਰੀਬ 2 ਲੱਖ 10 ਹਜ਼ਾਰ ਲੋਕ ਹੋਣਗੇ, ਉਨ੍ਹਾਂ ਸਭਨਾਂ ਨੂੰ ਹੀ ਮੁੱਖ ਤੌਰ ਤੇ ਉਤਪਾਦਨ ਵਿਚ ਕੰਮ ਦਿੱਤਾ ਜਾਏਗਾ। ਨਵੀਆਂ ਕੰਮ-ਸ਼ਕਤੀਆਂ ਨੂੰ ਰੋਜ਼ਗਾਰ 'ਤੇ ਲਾਉਣ ਲਈ ਸਟੇਟ ਯੋਜਨਾ ਕਮਿਸ਼ਨ, ਕ੍ਰਿਤ ਅਤੇ ਉਜਰਤਾਂ ਦੀ ਕਮੇਟੀ, ਹੋਰ ਕੇਂਦਰੀ ਵਿਭਾਗਾਂ, ਜ਼ਿਲ੍ਹਿਆਂ ਦੀਆਂ ਲੋਕ ਕੌਂਸਲਾਂ ਦੀਆਂ ਕਾਰਜਕਾਰੀ ਕਮੇਟੀਆਂ, ਕਾਰਖ਼ਾਨਿਆਂ ਅਤੇ ਖੇਤੀ ਕੋਅਪ੍ਰੇਟਿਵਾਂ ਨੂੰ ਡੂੰਘੇ ਅਧਿਅਨ ਕਰਨੇ ਚਾਹੀਦੇ ਹਨ।

ਸੁਭਾਵਿਕ ਹੀ, ਪਾਰਟੀ ਅਤੇ ਸਟੇਟ ਉਸ ਹਰ ਜਗ੍ਹਾ ਨਵੀਆਂ ਨੌਕਰੀਆਂ ਖੋਲ੍ਹਣ ਦੀ ਵਾਹ ਲਾਉਣਗੀਆਂ ਜਿੱਥੇ ਕਿਤੇ ਵੀ ਲੋਕ ਹਨ, ਫਿਰ ਵੀ, ਇਹ ਕਾਫੀ ਹੱਦ ਤੱਕ ਕੁਦਰਤੀ ਸੋਮਿਆਂ ਅਤੇ ਖ਼ਜ਼ਾਨਿਆਂ ਦੀ ਵੰਡ ਉੱਤੇ ਨਿਰਭਰ ਹੈ। ਇਸ ਲਈ ਨਵੀਆਂ ਕੰਮ-ਸ਼ਕਤੀਆਂ ਵਿਚੋਂ ਬਹੁਤ ਸਾਰਿਆਂ ਨੂੰ ਉਨ੍ਹਾਂ ਜਗ੍ਹਾਵਾਂ ਵਿਚ ਕੰਮ ਕਰਨਾ ਪਏਗਾ ਜਿੱਥੇ ਦੇਸ਼ ਨੂੰ ਉਨ੍ਹਾਂ ਦੀ ਜ਼ਰੂਰਤ ਹੈ ਅਤੇ ਜਿੱਥੇ ਵਧੇਰੇ ਨੌਕਰੀਆਂ ਉਪਲਬਧ ਹਨ। ਸ਼ਹਿਰੀ ਕੇਂਦਰਾਂ ਦੇ ਵਿਕਾਸ, ਟਰਾਂਸਪੋਰਟ ਦੇ ਵਿਕਾਸ, ਕੰਮ ਦੀਆਂ ਹਾਲਤਾਂ ਦੇ ਸੁਧਾਰ ਅਤੇ ਲੋਕਾਂ ਨੂੰ ਦੂਰ-ਦੁਰਾਡੇ ਜ਼ੋਨਾਂ ਵਿਚ ਜਾਂ ਕਠਿਨ ਕੰਮ-ਹਾਲਤਾਂ ਵਿਚ ਨੌਕਰੀਆਂ ਲੈਣ ਵਾਸਤੇ ਉਤਸ਼ਾਹਿਤ ਕਰਨ ਲਈ ਉਜਰਤ ਦੇ ਸਿਸਟਮ ਨੂੰ ਅਨੁਕੂਲ ਬਣਾ ਕੇ ਇਸ ਵਿਧੀ ਵਿਚ ਮਦਦ ਕਰਨੀ ਚਾਹੀਦੀ ਹੈ।

### 6. ਆਰਥਿਕਤਾ ਦੇ ਬੰਦੋਬਸਤ ਨੂੰ ਉੱਨਤ ਕਰਨਾ ਚਾਹੀਦਾ ਹੈ ਅਤੇ ਆਰਥਿਕਤਾ ਦੀ ਕੁਸ਼ਲਤਾ ਨੂੰ ਵਧਾਉਣਾ ਚਾਹੀਦਾ ਹੈ

ਆਰਥਿਕਤਾ, ਵਿੱਦਿਆ, ਵਿਗਿਆਨ ਅਤੇ ਸੱਭਿਆਚਾਰ ਵਿਚ ਅਤੇ ਸਮਾਜਿਕ ਕਾਰਵਾਈ ਦੇ ਸਭ ਖੇਤਰਾਂ ਵਿਚ ਉੱਨਤੀ ਨੂੰ ਯਕੀਨੀ ਬਣਾਉਣ ਲਈ ਬੰਦੋਬਸਤ ਅਤੇ ਜਥੇਬੰਦੀ ਦੋ ਅਜੇਹੀਆਂ ਮਹੱਤਵਪੂਰਨ ਕੜੀਆਂ ਹਨ ਜੋ ਸਾਨੂੰ ਚੰਗੀ ਤਰ੍ਹਾਂ ਸਮਝਣੀਆਂ ਅਤੇ ਦਿੱਲ 'ਚ ਬਿਠਾਉਣੀਆਂ ਚਾਹੀਦੀਆਂ ਹਨ।

ਵਰਤਮਾਨ ਹਾਲਤਾਂ ਵਿਚ, ਜਦ ਸਾਡੀ ਆਰਥਿਕਤਾ ਇਕ ਵੱਡੇ-ਪੈਮਾਨੇ ਦੀ ਵਿਸਤ੍ਰਿਤ ਆਰਥਿਕਤਾ ਬਣ ਗਈ ਹੈ, ਇਹ ਪੁਰਾਣੇ ਸੰਕਲਪਾਂ ਅਤੇ ਅਮਲਾਂ ਨਾਲ ਚਲਾਈ ਅਤੇ ਉੱਨਤ ਨਹੀਂ ਕੀਤੀ ਜਾ ਸਕਦੀ। ਅੱਜ ਕਠਵੇਦੀ (ਨੀਮ-ਹਕੀਮੀ) ਅਤੇ ਸੌੜੀ ਵਿਉਂਤਬੰਦੀ ਨਾਲ ਕੰਮ ਨਹੀਂ ਸਰਨਾ। ਬੰਦੋਬਸਤ ਅਤੇ ਜਥੇਬੰਦੀ ਲਾਜ਼ਮੀ ਹੀ ਡੂੰਘੀ ਸੂਝ ਅਤੇ ਸਿੱਖਿਆ ਉੱਤੇ, ਸਾਡੀ ਆਰਥਿਕ ਅਤੇ ਸਮਾਜਿਕ ਤਰੱਕੀ ਦੇ ਨਿਯਮਾਂ ਤੋਂ ਪੈਦਾ ਹੋਏ ਨਿੱਗਰ ਵਿਗਿਆਨਕੀ ਅਸੂਲਾਂ ਅਤੇ ਤਰਕਾਂ ਉੱਤੇ ਅਧਾਰਿਤ, ਹੋਣੀਆਂ ਚਾਹੀਦੀਆਂ ਹਨ।

ਇਨ੍ਹਾਂ ਨਿਯਮਾਂ ਦੇ ਅਧਾਰ ਤੇ ਆਰਥਿਕਤਾ ਦੀ ਉੱਨਤੀ ਲਈ ਇਹ ਲਾਜ਼ਮੀ ਹੈ ਕਿ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਦੇ ਮਸਲਿਆਂ ਨੂੰ ਹਮੇਸ਼ਾਂ ਹੀ ਉਨ੍ਹਾਂ ਦੇ ਸਭ ਸਮਾਜਿਕ ਪਹਿਲੂਆਂ ਨਾਲ ਅਤੇ ਸਾਡੇ ਸਮਾਜਵਾਦੀ ਜੀਵਨ ਦੇ ਸਭ ਅੰਗਾਂ ਨਾਲ ਚੰਗੀ ਤਰ੍ਹਾਂ ਜੋੜ ਕੇ ਘੋਖਿਆ ਜਾਏ। ਇਸ ਦਾ ਵਾਸਤਾ, ਪੈਦਾਵਾਰੀ ਸ਼ਕਤੀਆਂ ਅਤੇ ਆਰਥਿਕ ਰਿਸ਼ਤਿਆਂ ਅਤੇ ਉਪਰਲੇ ਢਾਂਚੇ (super structure) ਦੇ ਰਿਸ਼ਤਿਆਂ ਵਿਚਕਾਰ ਪ੍ਰਸਪਰੀ ਪ੍ਰਭਾਵ (reciprocal interaction) ਦੀ ਅਮਲੀ, ਚੰਗੀ ਤਰ੍ਹਾਂ ਯੋਜਨਾਬੱਧ ਅਤੇ ਜਥੇਬੰਦ ਵਰਤੋਂ ਨਾਲ ਹੈ ਜਿਸ ਬਾਰੇ ਅਸੀਂ ਗੱਲਾਂ ਕਰਦੇ ਹਾਂ, ਲੇਕਿਨ ਜਿਸਨੂੰ ਅਮਲ ਵਿਚ ਅਸੀਂ ਕਦੀ-ਕਦੀ ਭੁਲਾ ਦਿੰਦੇ ਹਾਂ ਜਾਂ ਉਪਰੇ ਤੌਰ ਤੇ ਹੀ ਦੇਖਦੇ ਹਾਂ। ਇਨ੍ਹਾਂ ਹਾਨੀਕਾਰਕ ਲੱਛਣਾਂ ਵਿਰੁੱਧ ਲੜਨਾ ਅਤੇ ਇਨ੍ਹਾਂ ਨੂੰ ਖ਼ਤਮ ਕਰਨਾ ਚਾਹੀਦਾ ਹੈ, ਕਿਉਂਕਿ ਇਨ੍ਹਾਂ ਨਾਲ ਆਰਥਿਕਤਾ-ਵਾਦੀ ਅਤੇ ਵਿਵਸਾਇਕੀ ਸਥਿਤੀਆਂ ਤੋਂ ਬੰਦੋਬਸਤ ਦਾ ਖ਼ਤਰਾ ਪੈਦਾ ਹੁੰਦਾ ਹੈ।

**ਲੋਕ-ਆਰਥਿਕਤਾ, ਇਕ ਏਕਤਾਬੱਧ ਸਮਾਜਵਾਦੀ ਆਰਥਿਕਤਾ ਦੇ ਤੌਰ ਤੇ ਜਮਹੂਰੀ-ਕੇਂਦਰਵਾਦ ਦੇ ਅਸੂਲ ਅਤੇ ਆਮ ਰਾਜਕੀ ਯੋਜਨਾ ਦੇ ਅਧਾਰ ਤੇ ਚਲਾਈ ਜਾਂਦੀ ਹੈ।** ਇਸ ਬੰਦੋਬਸਤ ਦਾ ਅਗਰ, ਸੌੜੇ ਅਤੇ ਵਿਸ਼ੇਸ਼ ਹਿੱਤਾਂ ਲਈ ਜ਼ਰਾ ਜਿੰਨਾ ਵੀ ਉਲੰਘਣ ਕੀਤਾ ਜਾਂਦਾ ਹੈ ਤਾਂ ਇਸਦਾ ਮਤਲਬ ਹੈ ਕਿ ਪਾਰਟੀ ਦੀਆਂ ਹਦਾਇਤਾਂ, ਆਰਥਿਕਤਾ ਦੇ ਨਿਯਮਾਂ ਅਤੇ ਸਾਡੀ ਸਮਾਜਵਾਦੀ ਸਟੇਟ ਦੇ ਨਿਯਮਾਂ ਨੂੰ ਚੰਗੀ ਤਰ੍ਹਾਂ ਸਮਝਿਆ ਅਤੇ ਸਹੀ ਤਰੀਕੇ ਨਾਲ ਲਾਗੂ ਨਹੀਂ ਕੀਤਾ ਜਾ ਰਿਹਾ। ਇਸ ਲਈ, ਵਿਭਾਗਵਾਦ ਅਤੇ ਜ਼ਿਲ੍ਹਿਆਂ ਜਾਂ ਸੰਸਥਾਵਾਂ ਵਿਚ ਨਿਖੇੜੇ ਵਿਚ ਕੰਮ ਦੇ ਲੱਛਣਾਂ ਨੂੰ ਖ਼ਤਮ ਕਰਨਾ ਚਾਹੀਦਾ ਹੈ। ਪਾਰਟੀ ਦੀ ਸੇਧ ਅਤੇ ਨੀਤੀ ਦੇ ਅਧਾਰ ਤੇ ਵੱਖ ਵੱਖ ਮਸਲਿਆਂ ਉੱਤੇ ਕੰਮ ਵਿਚ ਸਹਿਯੋਗ ਅਤੇ ਸਹਿਕਾਰਤਾ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਤਾਂ ਕਿ ਹਰ ਸਬੰਧਿਤ ਵਿਅਕਤੀ ਨੂੰ ਦਿੱਤੇ ਅਧਿਕਾਰਾਂ ਅਨੁਸਾਰ ਮਸਲਿਆਂ ਨੂੰ ਤੇਜ਼ੀ ਨਾਲ ਹੱਲ ਕੀਤਾ ਜਾ ਸਕੇ।

ਮੁੱਖ ਚੀਜ਼ ਇਹ ਹੈ ਕਿ ਹਰ ਕਿਸੇ ਨੂੰ ਪਾਰਟੀ ਦੀ ਸੇਧ, ਨੀਤੀ ਅਤੇ ਵਿਚਾਰਧਾਰਾ ਦੀ ਅਗਵਾਈ ਹੇਠ ਆਪਣੇ ਜ਼ਿੰਮੇ ਲੱਗੇ ਕਾਰਜ ਨੇਪਰੇ ਚਾੜ੍ਹਨੇ ਚਾਹੀਦੇ ਹਨ, ਆਪਣੇ ਕੰਮ ਵਿਚ ਮਾਹਿਰ ਬਣਨਾ ਚਾਹੀਦਾ ਹੈ, ਪਹਿਲ-ਕਦਮੀ ਅਤੇ ਦ੍ਰਿੜ੍ਹਤਾ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਆਪਣੇ ਕੰਮ ਦੀ ਪੂਰੀ ਤਰ੍ਹਾਂ ਜ਼ਿੰਮੇਵਾਰੀ ਸੰਭਾਲਣੀ ਚਾਹੀਦੀ ਹੈ। ਨਿਸ਼ਚਿਤ ਅਧਿਕਾਰਾਂ ਅਤੇ ਕਰਤੱਵਾਂ ਅਨੁਸਾਰ ਲੇਖਾ-ਜੋਖਾ ਮੰਗਣਾ ਅਤੇ ਦੇਣਾ ਅਤੇ ਯੋਜਨਾ ਦੇ ਟੀਚਿਆਂ ਨੂੰ ਪੂਰੇ ਕਰਨਾ ਇਕ ਅਜੇਹਾ ਨਿਯਮ ਹੈ ਜੋ ਸਾਡੇ ਸਮਾਜਿਕ ਨਿਜ਼ਾਮ ਤੋਂ, ਜਮਹੂਰੀ-ਕੇਂਦਰਵਾਦ ਦੇ ਅਸੂਲ ਤੋਂ ਪੈਦਾ ਹੁੰਦਾ ਹੈ। ਇਸ ਨਿਯਮ ਨੂੰ ਸੱਭ ਪੱਧਰਾਂ ਤੇ ਬਿਨਾਂ ਕਿਸੇ ਰਿਆਇਤ ਤੋਂ ਲਾਗੂ ਕਰਨਾ ਚਾਹੀਦਾ ਹੈ ਅਤੇ ਕਿਸੇ ਵੀ ਕਿਸਮ ਦੇ ਉਦਾਰਵਾਦ ਜਾਂ ਨੀਮ-ਬੁਰਜੂਆ ਜਜ਼ਬਾਤ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ।

ਪਾਰਟੀ ਨੇ ਹਮੇਸ਼ਾਂ ਹੀ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਸਮਾਜਵਾਦ (ਦੀ ਉਸਾਰੀ) ਪਾਰਟੀ ਦੀ ਅਗਵਾਈ ਹੇਠ ਵਿਸ਼ਾਲ ਮਿਹਨਤਕਸ਼ ਲੋਕਾਂ ਦਾ ਕਾਰਨਾਮਾ ਹੈ। ਮਿਹਨਤਕਸ਼ ਲੋਕਾਂ ਦੇ ਦੇਸ਼ ਦੇ ਜੀਵਨ ਨੂੰ ਚਲਾਉਣ ਵਿਚ ਸਰਗਰਮ ਹਿੱਸਾ ਲੈਣ ਅਤੇ ਆਰਥਿਕਤਾ ਦੇ ਬੰਦੋਬਸਤ ਦੇ ਹੁਨਰ ਵਿਚ ਮਾਹਿਰ ਬਣਨ ਦੀ ਵਾਸਤਵਿਕ ਲੋੜ ਏਸੇ ਤੋਂ ਹੀ ਪੈਦਾ ਹੁੰਦੀ ਹੈ। ਅਸੂਲ ਦੇ ਇਸ ਸਵਾਲ ਨੂੰ ਹਰ ਇਕ ਦੇ ਦਿਮਾਗ਼ ਅਤੇ ਸੋਚਣੀ ਵਿਚ ਮਜ਼ਬੂਤੀ ਨਾਲ ਗੱਡਣਾ ਚਾਹੀਦਾ ਹੈ। ਅਜੇਹੀ ਹਾਲਤ ਪੈਦਾ ਕਰਨੀ ਚਾਹੀਦੀ ਹੈ ਜਿਥੇ ਸਭ ਮਿਹਨਤਕਸ਼ ਲੋਕ ਹਰ ਜਗ੍ਹਾ ਬਿਨਾਂ ਝਿਜਕ ਬੋਲਣ, ਆਪਣੀਆਂ ਰਾਵਾਂ ਅਤੇ ਨਿਰਣੇ ਪੇਸ਼ ਕਰਨ ਅਤੇ ਤਰੁੱਟੀਆਂ ਅਤੇ ਸਟੇਟ ਦੇ ਨਿਯਮਾਂ ਅਤੇ ਡਸਿਪਲਿਨ ਦੀ ਉਲੰਘਣਾ ਕਰਨ ਵਾਲੇ ਸਭ ਵਿਅਕਤੀਆਂ ਦੀ ਨੁਕਤਾਚੀਨੀ ਕਰਨ, ਤਾਂਕਿ ਕੰਮ ਅੱਗੇ ਵਧਦਾ ਰਹੇ।

ਮੌਜੂਦਾ ਅਤੇ ਭਵਿੱਖਤ ਮਸਲਿਆਂ ਦੇ ਸਰਬ-ਪੱਖੀ ਅਧਿਅਨਾਂ ਅਤੇ ਡੂੰਘੇ ਅਨੁਮਾਨਾਂ ਅਤੇ ਵਿਸ਼ਲੇਸ਼ਣਾਂ ਦੇ ਅਧਾਰ ਤੇ ਵਿਵਹਾਰਕ ਅਤੇ ਉਤਸ਼ਾਹਜਨਕ ਯੋਜਨਾਵਾ ਤਿਆਰ ਕਰਨ ਦਾ ਆਰਥਿਕਤਾ ਦੀ ਵਿਗਿਆਨਕ ਜਥੇਬੰਦੀ ਅਤੇ ਬੰਦੋਬਸਤ ਲਈ ਵਿਸ਼ੇਸ਼ ਮਹੱਤਵ ਹੈ। ਯੋਜਨਾ ਨੂੰ ਲਾਗੂ ਕਰਨ ਵੇਲੇ ਵੀ ਵਧੇਰੇ ਚੌਕਸੀ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਪੈਦਾ ਹੋਣ ਵਾਲੇ ਮਸਲਿਆਂ ਨੂੰ ਸਹੀ ਢੰਗ ਨਾਲ ਅਤੇ ਜਲਦੀ ਹੱਲ ਕਰਨਾ ਚਾਹੀਦਾ ਹੈ। ਇਹ ਸੱਚ ਹੈ ਕਿ ਯੋਜਨਾ ਇਕ ਕਾਨੂੰਨ ਹੈ ਅਤੇ ਇਸ ਨੂੰ ਲਾਗੂ ਕਰਨਾ ਰਾਜ ਦਾ ਫਰਜ਼ ਹੈ, ਲੇਕਿਨ ਇਹ ਚੀਜ਼, ਜਿਥੇ ਵੀ ਜ਼ਰੂਰੀ ਅਤੇ ਸੰਭਵ ਹੋਵੇ ਉਥੇ ਇਸ ਦੇ ਸੂਚਕਾਂ ਨੂੰ ਵਧਾਉਣ ਖਾਤਿਰ ਲੋੜੀਂਦੀਆਂ ਤਬਦੀਲੀਆਂ ਕਰਨ ਲਈ ਉਪਾਉ ਕਰਨ ਦੇ ਰਾਹ ਵਿਚ ਰੋੜਾ ਨਹੀਂ ਬਣਨੀਆਂ ਚਾਹੀਦੀਆਂ।

ਯੋਜਨਾ ਨੂੰ ਅਮਲ ਵਿਚ ਲਿਆਉਣ ਉਤੇ ਨਿਗਰਾਨੀ ਰੱਖਣ ਵਲ ਹੋਰ ਵਧੇਰੇ ਧਿਆਨ ਦੇਣਾ ਚਾਹੀਦਾ ਹੈ। ਇਹ ਇਕ ਜੋਸ਼ੀਲੀ, ਸਰਗਰਮ ਅਤੇ ਰੋਜ਼ਾਨਾ ਨਿਗਰਾਨੀ ਹੋਣੀ ਚਾਹੀਦੀ ਹੈ ਜਿਸਦਾ ਮਨੋਰਥ ਸਿਰਫ਼ ਤਰੁੱਟੀਆਂ ਅਤੇ ਕਮਜ਼ੋਰੀਆਂ ਦਾ ਪਤਾ ਲਾਉਣਾ ਹੀ ਨਹੀਂ ਸਗੋਂ ਉਹਨਾਂ ਨੂੰ ਮੌਕੇ ਤੇ ਹੀ ਹੱਲ ਕਰਨਾ ਵੀ ਹੈ। ਵਿਸ਼ੇਸ਼ ਤੌਰ ਤੇ, ਆਰਥਿਕ ਅਦਾਰਿਆਂ ਅਤੇ ਖੇਤੀ ਕੋਆਪ੍ਰੇਟਿਵਾਂ ਵਿਚ ਅੰਦਰੂਨੀ ਆਰਥਿਕ, ਵਿੱਤੀ ਅਤੇ ਤਕਨੀਕੀ ਕੰਟਰੋਲ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਵਿੱਤੀ ਜਥੇਬੰਦੀਆਂ ਅਤੇ ਬੈਂਕ ਮਾਲੀ ਸਾਧਨਾਂ ਰਾਹੀਂ ਲੋੜੀਂਦਾ ਕੰਟਰੋਲ ਲਾਗੂ ਕਰਨਾ ਚਾਹੀਦਾ ਹੈ ਅਤੇ ਉਤਪਾਦਨ, ਸਰਕੂਲੇਸ਼ਨ ਅਤੇ ਸੇਵਾਵਾਂ ਵਿਚ ਇਹਨਾਂ ਦੀ ਸਰਗਰਮ ਭੂਮਿਕਾ ਨੂੰ ਹੋਰ ਵਧਾਉਣਾ ਚਾਹੀਦਾ ਹੈ, ਜਦ ਕਿ ਸਾਡੀ ਆਰਥਿਕ ਮਸ਼ੀਨਰੀ ਦੇ ਹੋਰ ਲੀਵਰਾਂ ਨੂੰ ਸਹੀ ਅਤੇ ਅਸਰਦਾਰ ਢੰਗ ਨਾਲ ਵਰਤਣਾ ਚਾਹੀਦਾ ਹੈ।

ਬੰਦੋਬਸਤ ਅਤੇ ਜਥੇਬੰਦੀ ਨੂੰ ਮਜ਼ਬੂਤ ਕਰਨ ਖ਼ਾਤਿਰ ਇਹ ਲਾਜ਼ਮੀ ਹੈ ਕਿ ਜਿਥੇ ਵੀ ਲੋੜ ਪਦੇ ਉਥੇ ਮੌਜੂਦਾ ਸਟੇਟ ਸੰਗਠਨਾਂ ਅਤੇ ਆਰਥਿਕਤਾ ਦੇ ਹੋਰ ਵੱਖ ਵੱਖ ਸੰਗਠਨਾਂ ਵਿਚ ਸੁਧਾਰ ਕੀਤੇ ਜਾਣ। ਜਿਸ ਤਰ੍ਹਾਂ ਅਸੀਂ ਉਤਪਾਦਨ ਨੂੰ ਵਧਾਉਣ ਅਤੇ ਇਸ ਦੀ ਤਕਨਾਲੋਜੀ ਦਾ ਲਗਾਤਾਰ ਸੁਧਾਰ ਕਰਨ ਲਈ ਲੜ ਰਹੇ ਹਾਂ, ਉਸੇ ਤਰ੍ਹਾਂ ਹੀ ਸਾਨੂੰ ਬੰਦੋਬਸਤ ਦੇ ਪੁਰਾਣੇ ਢੰਗਾਂ ਅਤੇ ਤਰੀਕਿਆਂ ਨੂੰ ਬਦਲਣ ਲਈ ਉਹਨਾਂ ਦੀ ਜਗ੍ਹਾ ਨਵੇਂ ਵਧੇਰੇ ਅਸਰਦਾਰ ਢੰਗ-ਤਰੀਕਿਆਂ ਨੂੰ ਲਾਗੂ ਕਰਨ ਲਈ ਵੀ ਕਾਰਵਾਈ ਕਰਨੀ ਚਾਹੀਦੀ ਹੈ।

ਬੰਦੋਬਸਤ ਅਤੇ ਜਥੇਬੰਦੀ ਦੇ ਕਾਰਜ ਦੇ ਸਿੱਟੇ ਸਪੱਸ਼ਟ ਤੌਰ ਤੇ ਉਤਪਾਦਨ ਦੇ ਵਾਧੇ ਅਤੇ ਆਰਥਿਕ ਕਾਰਵਾਈ ਦੇ ਸਭ ਖੇਤਰਾਂ ਵਿਚ ਲਾਗਤਾਂ ਦੀ ਅਸਰ-ਦਾਇਕਤਾ ਦੇ ਵਾਧੇ ਵਿਚ ਦਿਸਣੇ ਚਾਹੀਦੇ ਹਨ। 7ਵੀਂ ਪੰਜ-ਸਾਲਾ ਯੋਜਨਾ ਦੇ ਦੌਰਾਨ, ਕੌਮੀ ਆਮਦਨ ਸਮਾਜਿਕ ਉਤਪਾਦਨ ਨਾਲੋਂ ਵਧੇਰੇ ਤੇਜ਼ੀ ਨਾਲ ਵਧੇਗੀ, 46ਫੀਸਦੀ ਦੇ ਕਰੀਬ ਵਾਧਾ ਕ੍ਰਿਤ ਦੀ ਉਤਪਾਦਕਤਾ ਦੇ ਵਾਧੇ ਰਾਹੀਂ ਹੋਏਗਾ,

ਉਦਯੋਗ ਅਤੇ ਉਸਾਰੀ ਦੀ ਉਤਪਾਦਕਤਾ ਪਿਛਲੀ ਯੋਜਨਾ ਨਾਲੋਂ 2-3 ਗੁਣਾ ਵਧੇਰੇ ਤੇਜ਼ੀ ਨਾਲ ਵਧੇਗੀ; ਅਦਾਰਿਆਂ ਦੀ ਅਸਲ (net) ਆਮਦਨ ਵਿਚ ਵਾਧਾ ਮੁੱਖ ਤੌਰ ਤੇ ਉਤਪਾਦਨ ਉਸਾਰੀ ਦੇ ਕੰਮ ਅਤੇ ਸੇਵਾਵਾਂ ਦੀਆਂ ਲਾਗਤਾਂ ਨੂੰ ਘਟਾ ਕੇ ਕੀਤਾ ਜਾਏਗਾ।

ਸਮੁੱਚੀ ਆਰਥਿਕਤਾ ਦਾ ਸਹੀ ਅਨੁਪਾਤੀ ਵਿਕਾਸ, ਸਿਰਫ ਆਪਣੀਆਂ ਸ਼ਕਤੀਆਂ ਉੱਤੇ ਟੇਕ ਰੱਖਦਿਆਂ ਯੋਜਨਾ ਦੇ ਟੀਚਿਆਂ ਨੂੰ ਪੂਰਾ ਕਰਨਾ, ਕਾਫੀ ਹੱਦ ਤਕ ਇਹਨਾਂ ਮਨੋਰਥਾਂ ਦੀ ਪੂਰਤੀ ਉੱਤੇ ਅਧਾਰਿਤ ਹੈ। ਇਹਨਾਂ ਨੂੰ ਹਾਸਲ ਕਰਨ ਦੇ ਤਰੀਕੇ, ਉਤਪਾਦਨ ਦੇ ਖੇਤਰ ਵਿਚ, ਤਕਨੀਕੀ-ਵਿਗਿਆਨਕ ਇਨਕਲਾਬ ਦੀ ਵਿਸਤ੍ਰਿਤਾ ਵਿਚ, ਮਸ਼ੀਨੀਕਰਣ ਦੇ ਪਸਾਰੇ, ਡਸਿਪਲਿਨ ਦੀ ਮਜ਼ਬੂਤੀ ਅਤੇ ਕੰਮ ਦੇ ਸਮੇਂ ਦੀ ਪੂਰੀ ਵਰਤੋਂ ਵਿਚ, ਲਾਗਤਾਂ ਦੀ ਕਮੀ ਅਤੇ ਪਦਾਰਥਿਕ ਅਤੇ ਤਕਨੀਕੀ ਅਧਾਰ ਦੀ ਸੰਜਮ ਨਾਲ ਵਰਤੋਂ ਵਿਚ, ਅਤੇ ਇਸ ਤਰ੍ਹਾਂ, ਆਰਥਿਕਤਾ ਦੇ ਸਭ ਅੰਦਰੂਨੀ ਜ਼ਖੀਰਿਆਂ ਦੀ ਖੋਜ ਅਤੇ ਵਰਤੋਂ ਵਿਚ ਭਾਲਣੇ ਚਾਹੀਦੇ ਹਨ, ਅਤੇ ਆਪਣੇ ਆਪ ਨੂੰ ਦ੍ਰਿੜ੍ਹਤਾ ਨਾਲ ਅਗਾਂਹਵਧੂ ਤਜ਼ਰਬੇ ਅਤੇ ਵਿਗਿਆਨ ਅਤੇ ਤਕਨੀਕ ਦੀਆਂ ਪ੍ਰਾਪਤੀਆਂ ਉੱਤੇ ਅਧਾਰਿਤ ਕਰਨਾ ਚਾਹੀਦਾ ਹੈ।

ਉਤਪਾਦਨ ਦੀ ਕੁਸ਼ਲਤਾ ਵਿਚ ਵਾਧੇ ਨੂੰ ਯਕੀਨੀ ਬਣਾਉਣ ਅਤੇ ਸਮੁੱਚੀ ਆਰਥਿਕਤਾ ਨੂੰ ਅੱਗੇ ਵਧਾਉਣ ਵਿਚ ਫੈਸਲਾਕੁੰਨ ਤੱਤ ਉੱਚੀ ਉਤਪਾਦਕਤਾ ਅਤੇ ਕੁਸ਼ਲਤਾ ਨਾਲ ਕੰਮ ਕਰਨ ਵਾਲੇ ਲੋਕ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਮਿਹਨਤਕਸ਼ ਲੋਕਾਂ ਦੀ ਸਿਖਲਾਈ ਦੇ ਪੱਧਰ ਨੂੰ ਉੱਚਾ ਚੁੱਕਿਆ ਜਾਵੇ, ਉਹਨਾਂ ਦੀ ਪਹਿਲ-ਕਦਮੀ ਅਤੇ ਰਚਨਾਤਮਕਤਾ ਨੂੰ ਵਿਕਸਤ ਕੀਤਾ ਜਾਏ ਅਤੇ ਯੋਜਨਾ ਦੇ ਟੀਚਿਆਂ ਨੂੰ ਪੂਰੇ ਕਰਨ ਦੇ ਮਹੱਤਵ ਅਤੇ ਸੰਭਾਵਨਾ ਬਾਰੇ ਉਹਨਾਂ ਨੂੰ ਚੇਤੰਨ ਕੀਤਾ ਜਾਵੇ।

ਆਰਥਿਕਤਾ ਦੇ ਬੰਦੋਬਸਤ ਅਤੇ ਸੰਗਠਨ ਅਤੇ ਇਸ ਦੀ ਕੁਸ਼ਲਤਾ ਨੂੰ ਵਧਾਉਣ ਨਾਲ ਸਬੰਧਿਤ ਇਕ ਹੋਰ ਮਸਲਾ, ਆਰਥਿਕ ਅਤੇ ਸਮਾਜਿਕ ਕਾਰਵਾਈ ਦੇ ਸਭ ਖੇਤਰਾਂ ਵਿਚ ਸਹਿਯੋਗ ਨੂੰ ਵਧਾਉਣ ਅਤੇ ਮਜ਼ਬੂਤ ਕਰਨ ਦਾ ਮਸਲਾ ਹੈ। ਕ੍ਰਿਤ ਦੀ ਸਮਾਜਿਕ ਵੰਡ ਅਤੇ ਆਰਥਿਕ ਰਿਸ਼ਤਿਆਂ ਦੇ ਵਧੇਰੇ ਵਿਕਾਸ ਨੇ ਇਸ ਨੂੰ ਲਾਜ਼ਮੀ ਬਣਾ ਦਿੱਤਾ ਹੈ। ਬੇ-ਹਿਸਾਬ ਸ਼ਾਖਾਵਾਂ ਅਤੇ ਕਾਰਵਾਈਆਂ ਨਾਲ ਉਤਪਾਦਨ ਨੂੰ ਪ੍ਰਫੁੱਲਤ ਕੀਤਾ ਗਿਆ ਹੈ ਅਤੇ ਪੈਦਾਵਾਰੀ ਸ਼ਕਤੀਆਂ ਨੂੰ ਸਮੁੱਚੇ ਦੇਸ਼ ਵਿਚ ਪਸਾਰਿਆ ਗਿਆ ਹੈ। ਪੈਦਾਵਾਰੀ ਕਾਰਵਾਈਆਂ ਦਾ ਵਿਸ਼ੇਸ਼ੀਕਰਣ ਵਧਿਆ ਹੈ ਅਤੇ ਵਿਗਿਆਨ ਅਤੇ ਤਕਨਾਲੌਜੀ ਨੇ ਤਰੱਕੀ ਕੀਤੀ ਹੈ। ਇਹਨਾਂ ਹਾਲਤਾਂ ਅਧੀਨ, ਵੱਖ ਵੱਖ ਮਸਲਿਆਂ ਦੇ ਹੱਲ ਲਈ ਸਹਿਯੋਗ ਅਤੇ ਸਹਿਕਾਰਤਾ ਦੀ ਘਾਟ ਸਾਨੂੰ ਸਿਰਫ਼ ਇਕ ਏਕਤਾਵੱਧ ਆਰਥਿਕਤਾ ਦੇ ਤੌਰ ਤੇ ਸਮਾਜਵਾਦੀ ਆਰਥਿਕਤਾ ਦੀਆਂ ਉਚਤਮਤਾਵਾਂ ਦੀ ਵਰਤੋਂ ਕਰਨ ਤੋਂ ਹੀ ਨਹੀਂ ਰੋਕਦੀ ਸਗੋਂ ਆਰਥਿਕਤਾ ਦੇ ਤੇਜ਼ ਵਿਕਾਸ ਦੇ ਰਾਹ ਵਿਚ ਅੜਚਨ ਵੀ ਬਣਦੀ ਹੈ।

ਇਸ ਪੱਖ ਤੋਂ ਇਹ ਲਾਜ਼ਮੀ ਬਣ ਜਾਂਦਾ ਹੈ ਕਿ ਹਰ ਕੋਈ ਆਰਥਿਕਤਾ ਦੇ ਖੇਤਰ ਵਿਚ ਅਤੇ ਹੋਰ ਸਭ ਖੇਤਰਾਂ ਵਿਚ ਸਵੈ-ਨਿਰਭਰਤਾ ਦੇ ਅਸੂਲ ਨੂੰ ਡੂੰਘੇ ਅਤੇ ਮੁਕੰਮਲ ਤੌਰ ਤੇ ਸਮਝੇ ਅਤੇ ਲਾਗੂ ਕਰੇ। ਬਾਕੀ ਦੀ ਦੁਨੀਆਂ ਦੇ ਸਬੰਧ ਵਿਚ, ਸਾਡਾ ਦੇਸ਼ ਇਕ ਏਕਤਾਬੱਧ ਦੇਹ ਦੇ ਤੌਰ ਤੇ ਇਸ ਅਸੂਲ ਨੂੰ ਲਾਗੂ ਕਰਦਾ ਹੈ ਤਾਂ ਕਿ ਆਰਥਿਕਤਾ ਦੀਆਂ ਸਭ ਸ਼ਾਖਾਵਾਂ ਅਤੇ ਖੇਤਰ, ਇਕੱਠੇ ਮਿਲ ਕੇ ਦੇਸ਼ ਦੀ ਆਜ਼ਾਦੀ ਅਤੇ ਲਗਾਤਾਰ ਉੱਨਤੀ ਨੂੰ ਹਰ ਕੀਮਤ ਤੇ ਯਕੀਨੀ ਬਣਾਉਣ। ਅੰਦਰੂਨੀ ਖਿੱਤੇ ਵਿਚ, ਆਰਥਿਕ ਸ਼ਾਖਾਵਾਂ, ਜ਼ਿਲ੍ਹਿਆਂ, ਕਾਰਖ਼ਾਨਿਆਂ ਅਤੇ ਕੋਆਪ੍ਰੇਟਿਵਾਂ ਦੀ ਸਵੈ-ਨਿਰਭਰਤਾ ਨੂੰ ਦ੍ਰਿੜ੍ਹ ਸਮਾਜਵਾਦੀ ਏਕਤਾ ਨਾਲ ਆਪਸ ਵਿਚ ਗੁੜ੍ਹੇ ਅਤੇ ਸਰਬ-ਪੱਖੀ ਸਹਿਯੋਗ ਅਤੇ ਸਹਿਕਾਰਤਾ ਨਾਲ ਸਟੇਟ ਦੀ ਆਮ. ਏਕਤਾਬੱਧ ਯੋਜਨਾ ਦੇ ਟੀਚਿਆਂ ਦੀ ਪੂਰਤੀ ਲਈ ਕੀਤੇ ਜਾਂਦੇ ਸੰਘਰਸ਼ ਦੇ ਤੌਰ ਤੇ ਸਮਝਣਾ ਚਾਹੀਦਾ ਹੈ।

ਸਾਡੀ ਆਰਥਿਕਤਾ ਹਮੇਸ਼ਾਂ ਹੀ ਸਹੀ ਮਾਰਕਸਵਾਦੀ-ਲੈਨਿਨਵਾਦੀ ਰਾਹ ਉੱਤੇ ਚਲਦੀ ਰਹੀ ਹੈ। ਇਸ ਦੀ ਸਥਿਰਤਾ, ਨਿਗਰਤਾ ਅਤੇ ਬਲ ਇਸ ਚੀਜ਼ ਦਾ ਪ੍ਰਤੱਖ ਸਬੂਤ ਹਨ। ਸਾਡੀ ਸਮਾਜਵਾਦੀ ਆਰਥਿਕਤਾ ਦੇ ਇਹਨਾਂ ਬੁਨਿਆਦੀ ਲੱਛਣਾਂ ਨੂੰ, ਇਸ ਕਾਂਗਰਸ ਵੱਲੋਂ ਤਸਦੀਕ ਕੀਤੀ ਜਾ ਰਹੀ 7ਵੀਂ ਪੰਜ-ਸਾਲਾ ਯੋਜਨਾ ਦੇ ਉਦੇਸ਼ਾਂ ਨੂੰ ਅਮਲ ਵਿਚ ਲਿਆਉਣ ਲਈ ਪਾਰਟੀ ਦੀ ਅਗਵਾਈ ਹੇਠ ਮਜ਼ਦੂਰ ਜਮਾਤ, ਸਹਿਕਾਰੀ ਕਿਸਾਨੀ ਅਤੇ ਲੋਕ ਬੁੱਧੀ-ਜੀਵੀਆਂ ਵਲੋਂ ਕੀਤੇ ਜਾਣ ਵਾਲੇ ਸੰਘਰਸ਼ ਅਤੇ ਯਤਨਾਂ ਨਾਲ ਹੋਰ ਵਧੇਰੇ ਉੱਨਤ ਕੀਤਾ ਜਾਏਗਾ।

## ਅਧਿਆਇ ਦੋ

# ਸਾਨੂੰ ਪਾਰਟੀ ਨੂੰ ਲਗਾਤਾਰ ਮਜ਼ਬੂਤ ਕਰਦੇ ਰਹਿਣਾ ਚਾਹੀਦਾ ਹੈ ਅਤੇ ਇਸ ਦੇ ਕੰਮ ਦੀ ਕੁਸ਼ਲਤਾ ਨੂੰ ਵਧਾਉਣਾ ਚਾਹੀਦਾ ਹੈ

ਮਾਰਕਸਵਾਦ-ਲੈਨਿਨਵਾਦ ਦੇ ਅਸੂਲਾਂ ਦੀ ਦ੍ਰਿੜ੍ਹ, ਵਫ਼ਾਦਾਰ, ਅੰਦਰੂਨੀ ਅਤੇ ਬਾਹਰੀ ਦੁਸ਼ਮਣਾਂ ਵਿਰੁੱਧ ਦਲੇਰ ਲੜਾਕੂ ਅਤੇ ਇਸ ਨੂੰ ਜਨਮ ਦੇਣ ਅਤੇ ਪੋਸਣ ਵਾਲੇ ਲੋਕਾਂ ਵਿਚ ਮਜ਼ਬੂਤੀ ਨਾਲ ਜੰਮੀ ਹੋਈ, ਸਾਡੀ ਪਾਰਟੀ ਆਫ ਲੇਬਰ ਨੇ ਅਲਬਾਨੀਅਨ ਲੋਕਾਂ ਨੂੰ ਇਨਕਲਾਬ ਅਤੇ ਸਮਾਜਵਾਦੀ ਉਸਾਰੀ ਦੇ ਹਰ ਪੜਾਅ ਵਿਚ ਸਿਆਣਪ ਅਤੇ ਦੂਰ-ਦਰਸ਼ਤਾ ਨਾਲ ਇੱਕ ਤੋਂ ਬਾਦ ਇੱਕ ਜਿੱਤ ਵਿਚ ਅਗਵਾਈ ਦਿੱਤੀ ਹੈ।

ਪਾਰਟੀ ਨੇ ਬੜੇ ਗੌਰਵ ਨਾਲ ਆਪਣੀ 7ਵੀਂ ਕਾਂਗਰਸ ਵਲੋਂ ਮਿਥੇ ਗਏ ਮਹਾਨ, ਕਠਿਨ ਅਤੇ ਗੁੰਝਲਦਾਰ ਕਾਰਜ ਵੀ ਨੇਪਰੇ ਚਾੜ੍ਹੇ ਹਨ। ਇਨ੍ਹਾਂ ਕਾਰਜਾਂ ਦੀ ਪੂਰਤੀ ਲਈ ਕੀਤੇ ਗਏ ਕੰਮ ਅਤੇ ਸੰਘਰਸ਼ ਨੇ ਪਾਰਟੀ ਨੂੰ ਵਧੇਰੇ ਨਿੱਗਰ ਅਤੇ ਫ਼ੌਲਾਦੀ ਬਣਾਇਆ ਹੈ, ਇਸ ਦੀ ਆਗੂ ਭੂਮਿਕਾ ਅਤੇ ਸੰਗਰਾਮੀ ਜਜ਼ਬਾਤਾਂ ਨੂੰ ਮਜ਼ਬੂਤ ਕੀਤਾ ਹੈ, ਪਾਰਟੀ ਦੀਆਂ ਬੁਨਿਆਦੀ ਜਥੇਬੰਦੀਆਂ, ਸਮਾਰੋਹਾਂ ਅਤੇ ਮੈਂਬਰਾਂ ਦੇ ਜੀਵਨ ਅਤੇ ਕਾਰਵਾਈ ਦਾ ਹੋਰ ਵਧੇਰੇ ਇਨਕਲਾਬੀਕਰਣ ਕੀਤਾ ਹੈ ਅਤੇ ਪਾਰਟੀ ਦੀਆਂ ਸਫਾਂ ਵਿਚ ਫੌਲਾਦੀ ਏਕਤਾ ਅਤੇ ਵਿਸ਼ਾਲ ਲੋਕਾਂ ਨਾਲ ਇਸ ਦੇ ਰਿਸ਼ਤਿਆਂ ਨੂੰ ਮਜ਼ਬੂਤ ਕੀਤਾ ਹੈ।

ਪਾਰਟੀ ਵਲੋਂ ਮਿਥੇ ਗਏ ਕਾਰਜਾਂ ਦੀ ਪੂਰਤੀ ਲਈ ਕਮਿਊਨਿਸਟਾਂ ਅਤੇ ਸਮੁੱਚੇ ਲੋਕਾਂ ਦੀ ਵਿਸ਼ਾਲ ਲਾਮਬੰਦੀ, ਸਾਡੇ ਲੋਕਾਂ ਦੇ ਮਹਾਨ ਇਨਕਲਾਬੀ ਐਕਸ਼ਨ ਅਤੇ ਮੁਹਿੰਮਾਂ ਅਤੇ ਅਦਭੁਤ ਮਿਲਵਰਤਨ ਪਾਰਟੀ ਦੀ ਅਤੇ ਇਸਦੇ ਗਿਰਦ ਲੋਕਾਂ ਦੀ ਇਸ ਫੌਲਾਦੀ ਏਕਤਾ ਦਾ ਸਪੱਸ਼ਟ ਸਬੂਤ ਹਨ। ਇਹ ਏਕਤਾ, ਸਮਾਜਵਾਦੀ ਉਸਾਰੀ ਅਤੇ ਵਤਨ ਦੀ ਸੁਰੱਖਿਆ ਵਿਚ ਸਾਡੀਆਂ ਸਭ ਜਿੱਤਾਂ ਦਾ ਮੁੱਖ ਅਤੇ ਫੈਸਲਾਕੁੰਨ ਤੱਤ ਰਹੀ ਹੈ ਅਤੇ ਅੱਜ ਵੀ ਹੈ।

ਆਪਣੇ ਮੈਂਬਰਾਂ ਦੇ ਵਿਚਾਰਧਾਰਕ, ਸਿਆਸੀ ਅਤੇ ਸੱਭਿਆਚਾਰਕ ਪੱਧਰ ਨੂੰ ਉੱਪਰ ਚੁਕਣ, ਸਿਆਸੀ ਅਤੇ ਸਮਾਜਿਕ ਸੰਗਰਾਮੀਆਂ ਦੇ ਤੌਰ ਤੇ ਉਨ੍ਹਾਂ ਦੀ ਸਰਗਰਮੀ ਨੂੰ ਵਧਾਉਣ ਅਤੇ ਆਪਣੀ ਪ੍ਰੋਲੇਤਾਰੀਅਨ ਬਣਤਰ ਨੂੰ ਮਜ਼ਬੂਤ ਕਰਨ ਲਈ, ਪਾਰਟੀ ਵਲੋਂ ਕੀਤੇ ਗਏ ਲਗਾਤਾਰ ਸੰਘਰਸ਼ ਨੇ ਪਾਰਟੀ ਨੂੰ ਮਜ਼ਬੂਤ ਬਣਾਇਆ ਹੈ ਅਤੇ ਇਸਦੀ ਆਗੂ ਭੂਮਿਕਾ ਨੂੰ ਵਧਾਇਆ ਹੈ। ਪਾਰਟੀ ਦੀਆਂ ਸਫ਼ਾਂ ਵਿਚ ਸੰਗਰਾਮੀ ਕਮਿਊਨਿਸਟਾਂ ਦੀ ਇੱਕ ਸਮੁੱਚੀ ਫੌਜ ਹੈ ਜਿਨ੍ਹਾਂ ਨੇ ਸਭ ਹਾਲਤਾਂ ਅਧੀਨ ਪਾਰਟੀ ਦੀ ਸਹੀ ਸੇਧ ਪ੍ਰਤੀ ਅਡੋਲ ਵਫ਼ਾਦਾਰੀ ਦਿਖਾਈ ਹੈ। ਹਮੇਸ਼ਾਂ ਦੀ ਤਰ੍ਹਾਂ, ਅਲਬਾਨੀਅਨ ਕਮਿਊਨਿਸਟਾਂ ਨੇ ਇਨਕਲਾਬੀ ਹੌਂਸਲੇ ਅਤੇ ਆਸ਼ਾਵਾਦ ਨਾਲ ਸੰਘਰਸ਼ ਅਤੇ ਕੰਮ ਕੀਤਾ ਹੈ ਅਤੇ ਦਿਖਾ ਦਿੱਤਾ ਹੈ ਕਿ ਉਹ ਲੋਕਾਂ ਦੇ ਯੋਗ ਜਥੇਬੰਦਕ, ਅਧਿਆਪਕ ਅਤੇ ਆਗੂ ਹਨ।

ਪਾਰਟੀ ਦੇ ਸੰਗਠਨਾਂ ਅਤੇ ਬੁਨਿਆਦੀ ਜਥੇਬੰਦੀਆਂ ਦੇ ਕੰਮ ਵਿਚ ਉਦਾਰ-ਵਾਦ ਅਤੇ ਨੌਕਰਸ਼ਾਹੀ ਦੇ ਪ੍ਰਗਟਾਵਿਆਂ ਵਿਰੁੱਧ ਸੰਘਰਸ਼ ਨੂੰ ਤਿੱਖਾ ਕਰਨ ਨਾਲ ਆਰਥਿਕਤਾ ਦੇ ਕੁੱਝ ਖੇਤਰਾਂ ਵਿਚ, ਕਲਾ ਸੱਭਿਆਚਾਰ ਅਤੇ ਫੌਜ ਵਿਚ ਪਾਰਟੀ ਦੀ ਆਗੂ ਭੂਮਿਕਾ ਨੂੰ ਖ਼ਤਮ ਕਰਨ ਲਈ ਦੁਸ਼ਮਣਾਂ ਵਲੋਂ ਕੀਤੀਆਂ ਕਰਤੂਤਾਂ ਦੇ

ਹਾਨੀਕਾਰਕ ਅਸਰਾਂ ਦੇ ਖ਼ਾਤਮੇ ਨਾਲ ਅਤੇ ਹਰ ਜਗ੍ਹਾ ਪਾਰਟੀ ਦੇ ਅਸੂਲਾਂ ਅਤੇ ਨਿਯਮਾਂ ਦੀ ਪਾਲਣਾ ਨਾਲ ਇਸ ਦਾ ਇਨਕਲਾਬੀ ਜਜ਼ਬਾ ਮਜ਼ਬੂਤ ਹੋਇਆ ਹੈ, ਪਾਰਟੀ ਹੋਰ ਵਧੇਰੇ ਸੁਘੜ ਬਣੀ ਹੈ ਅਤੇ ਸਾਡੇ ਦੇਸ਼ ਦੀ ਸਮਾਜਵਾਦੀ ਉਸਾਰੀ ਦੇ ਰਾਹ ਵਿਚ ਉੱਠਣ ਵਾਲੇ ਨਵੇਂ ਅਤੇ ਵੱਡੇ ਕਾਰਜਾਂ ਨੂੰ ਦ੍ਰਿੜਤਾ ਨਾਲ ਪੂਰੇ ਕਰਨ ਦੀ ਇਸਦੀ ਯੋਗਤਾ ਵਧੀ ਹੈ।

### 1. ਪਾਰਟੀ ਦੀ ਆਗੂ ਭੂਮਿਕਾ ਨੂੰ ਹੋਰ ਵਧਾਉਣਾ ਅਤੇ ਸੰਪੰਨ ਬਣਾਉਣਾ ਚਾਹੀਦਾ ਹੈ

ਸਾਡੀ ਪਾਰਟੀ ਦਾ 40 ਸਾਲਾਂ ਦਾ ਤਜ਼ਰਬਾ ਸਾਬਿਤ ਕਰਦਾ ਹੈ ਕਿ, ਸਿਰਫ ਮਾਰਕਸਵਾਦੀ-ਲੈਨਿਨਵਾਦੀ ਵਿਗਿਆਨ ਉੱਤੇ ਮਜ਼ਬੂਤੀ ਨਾਲ ਅਧਾਰਿਤ ਪਾਰਟੀ ਹੀ ਮਜ਼ਦੂਰ ਜਮਾਤ ਦੀ ਅਸਲ ਆਗੂ ਬਣ ਸਕਦੀ ਹੈ, ਇਨਕਲਾਬ ਵਿਚ ਆਪਣੀ ਸਰਦਾਰੀ ਨੂੰ ਅਤੇ ਇਨਕਲਾਬ ਦੀ ਜਿੱਤ ਅਤੇ ਸਮਾਜਵਾਦੀ ਸਮਾਜ ਦੀ ਉਸਾਰੀ ਨੂੰ ਯਕੀਨੀ ਬਣਾ ਸਕਦੀ ਹੈ। ਸਾਡੀ ਪਾਰਟੀ ਹਮੇਸ਼ਾ ਹੀ ਲੋਕਾਂ ਦੇ ਸੰਘਰਸ਼ ਅਤੇ ਕੰਮ ਵਿਚ ਮੋਹਰਲੀਆਂ ਸਫਾਂ ਵਿਚ ਰਹੀ ਹੈ, ਇਹ ਹਰ ਜਗ੍ਹਾ ਨੀਤੀ ਅਤੇ ਵਿਚਾਰਧਾਰਾ ਵਿਚ, ਸਟੇਟ ਅਤੇ ਆਰਥਿਕਤਾ ਵਿਚ, ਵਿੱਦਿਆ, ਸੱਭਿਆਚਾਰ ਅਤੇ ਵਿਗਿਆਨ ਵਿਚ, ਫੌਜ ਵਿਚ ਅਤੇ ਦੇਸ਼ ਦੇ ਹੋਰ ਸਭ ਪਹਿਲੂਆਂ ਵਿਚ ਆਗੂ ਹੈ। ਕੋਈ ਵੀ ਸਾਦੀ ਜਾਂ ਗੁੰਝਲਦਾਰ, ਵਰਤਮਾਨ ਜਾਂ ਭਵਿੱਖਤ ਸਮੱਸਿਆ ਪਾਰਟੀ ਦੀ ਅਗਵਾਈ ਤੋਂ ਬਗੈਰ ਹੱਲ ਨਹੀਂ ਕੀਤੀ ਜਾ ਸਕਦੀ। ਇਹ ਸਾਡੇ ਲਈ ਇੱਕ ਕਾਨੂੰਨ (ਨਿਯਮ) ਰਿਹਾ ਹੈ ਅਤੇ ਅੱਜ ਵੀ ਹੈ। ਪਾਰਟੀ ਦੀ ਇੱਕੋ-ਇੱਕ (single) ਅਤੇ ਅਣਵੰਡ ਅਗਵਾਈ ਹੀ ਸਮਾਜਵਾਦੀ ਉਸਾਰੀ ਦੀਆਂ ਸਭ ਜਿੱਤਾਂ ਦਾ ਸੋਮਾ ਹੈ ਅਤੇ ਸਾਡੇ ਉਸ ਉੱਜਲ ਭਵਿੱਖ ਦੀ ਗਰੰਟੀ ਹੈ ਜਿਹੜਾ ਭਵਿੱਖ ਅਸੀਂ ਉਸਾਰ ਰਹੇ ਹਾਂ।

ਪਾਰਟੀ ਰੱਬ-ਸਬੱਬੀ ਹੀ ਆਪਣੇ-ਆਪਨੂੰ ਲੀਡਰਸ਼ਿਪ ਵਿਚ ਲਿਆਉਂਦੀ ਅਤੇ ਬਰਕਰਾਰ ਨਹੀਂ ਰੱਖਦੀ। ਸਗੋਂ, ਇਹ ਆਪਣੀ ਆਗੂ ਭੂਮਿਕਾ, ਆਪਣੀ ਸਹੀ ਸੇਧ ਰਾਹੀਂ ਅਤੇ ਇਸ ਸੇਧ ਨੂੰ ਅਮਲ ਵਿਚ ਲਾਗੂ ਕਰਨ ਲਈ ਦ੍ਰਿੜ ਸੰਘਰਸ਼ ਅਤੇ ਕੰਮ ਰਾਹੀਂ ਪ੍ਰਾਪਤ ਕਰਦੀ ਹੈ। ਖੁਦ ਨੂੰ ਸਭ ਤੋਂ ਉੱਨਤ ਜਮਾਤ—ਪ੍ਰੋਲੇਤਾਰੀਆ—ਦੇ ਸਿਧਾਂਤ ਉੱਤੇ, ਮਾਰਕਸਵਾਦੀ-ਲੈਨਿਨਵਾਦੀ ਸਿਧਾਂਤ ਉੱਤੇ, ਸਮਾਜ ਦੇ ਭੌਤਿਕਵਾਦੀ ਵਿਕਾਸ ਦੇ ਨਿਯਮਾਂ ਉੱਤੇ ਅਧਾਰਿਤ ਕਰਨ ਕਰਕੇ ਪਾਰਟੀ ਕੋਲ ਇੱਕ ਵਿਸ਼ਾਲ ਰਾਜਨੀਤਕ ਸੂਝ, ਇੱਕ ਵਿਸਤ੍ਰਿਤ ਅਤੇ ਵਿਗਿਆਨਕ ਰਾਇ ਹੈ। ਇਹ ਕਿਸੇ ਵੀ ਹਾਲਾਤ ਵਿਚ ਸਪੱਸ਼ਟ ਦੇਖਦੀ ਹੈ, ਵਰਤਮਾਨ ਨੂੰ ਸਮਝਦੀ ਹੈ, ਭਵਿੱਖ ਨੂੰ ਅਗਾਊਂ ਤਾੜਦੀ ਹੈ ਅਤੇ ਇਹ ਜਾਣਦੀ ਹੈ ਕਿ ਹਮੇਸ਼ਾਂ ਮਜ਼ਦੂਰ ਜਮਾਤ ਅਤੇ ਮਿਹਨਤਕਸ਼ ਲੋਕਾਂ ਦੇ ਹਿੱਤਾਂ ਦਾ ਇਜ਼ਹਾਰ ਕਰਨ ਵਾਲੀ ਇੱਕ ਇਨਕਲਾਬੀ ਯੁੱਧਨੀਤੀ ਅਤੇ ਦਾਅਪੇਚ ਘੜ ਕੇ ਅਤੇ ਲਾਗੂ ਕਰਕੇ ਘਟਨਾਵਾਂ ਦੀ ਗਤੀ ਕਿਵੇਂ ਵਧਾਉਣੀ ਹੈ।

ਪਾਰਟੀ ਹਰ ਜਗ੍ਹਾ ਅਤੇ ਹਰ ਮਸਲੇ ਉੱਤੇ ਆਪਣੀ ਆਗੂ ਭੂਮਿਕਾ ਨੂੰ ਬੁਨਿਆਦੀ ਜਥੇਬੰਦੀਆਂ ਅਤੇ ਪਾਰਟੀ ਮੈਂਬਰਾਂ ਦੇ ਜ਼ਰੀਏ ਸਾਕਾਰ ਕਰਦੀ ਹੈ। ਪਾਰਟੀ ਦੀ ਵਿਚਾਰਧਾਰਕ ਅਤੇ ਰਾਜਨੀਤਕ ਸੇਧ ਨੂੰ ਅਤੇ ਖਾਸ ਕਰ ਇਸ ਦੇ ਹਰ ਫੈਸਲੇ ਅਤੇ ਹਦਾਇਤ ਨੂੰ ਹਰ ਜਥੇਬੰਦੀ ਅਤੇ ਮੈਂਬਰ ਵਲੋਂ ਜਿੰਨਾ ਵਧੇਰੇ ਚੰਗੀ ਤਰ੍ਹਾਂ ਸਮਝਿਆ ਅਤੇ ਲਾਗੂ ਕੀਤਾ ਜਾਂਦਾ ਹੈ, ਉਤਨਾ ਹੀ ਵਧੇਰੇ ਲੋਕਾਂ ਨਾਲ ਇਸ ਦੇ ਸਬੰਧ ਮਜ਼ਬੂਤ ਹੁੰਦੇ ਹਨ ਅਤੇ ਸਮਾਜਵਾਦੀ ਉਸਾਰੀ ਦੀਆਂ ਸਭ ਕੜੀਆਂ ਵਿਚ ਉਤਨੀ ਹੀ ਵਧੇਰੇ ਇਸ ਦੀ ਆਗੂ ਭੂਮਿਕਾ ਮਜ਼ਬੂਤ ਹੁੰਦੀ ਹੈ। ਦੇਸ਼ ਦੇ ਵਿਕਾਸ ਦੇ ਵਰਤਮਾਨ ਪੜਾਅ ਉੱਤੇ, ਅਤੇ ਉਨ੍ਹਾਂ ਠੋਸ ਹਾਲਤਾਂ ਵਿਚ ਜਿਨ੍ਹਾਂ ਅਧੀਨ ਅਸੀਂ ਸਮਾਜਵਾਦ ਉਸਾਰ ਰਹੇ ਹਾਂ, ਸਾਨੂੰ ਦਰਪੇਸ਼ ਮਹਾਨ ਕਾਰਜਾਂ ਦੀ ਪੂਰਤੀ ਲਈ ਇਹ ਇੱਕ ਫੈਸਲਾਕੁੰਨ ਸ਼ਰਤ ਹੈ। ਜੇ ਪਾਰਟੀ ਫੋਲਾਦ ਦੀ ਤਰ੍ਹਾਂ ਨਿੱਗਰ, ਚੌਕਸ ਅਤੇ ਅਗਵਾਈ ਵਿਚ ਨਿਡੱਰ ਹੈ ਤਾਂ ਇਨਕਲਾਬ ਅਤੇ ਸਮਾਜ-ਵਾਦ ਦੇ ਕਾਜ ਨੂੰ ਕੋਈ ਵੀ ਹਰਾ ਨਹੀਂ ਸਕਦਾ।

ਸਭ ਕੜੀਆਂ ਵਿਚ ਅਤੇ ਹਰ ਖੇਤਰ ਵਿਚ ਪਾਰਟੀ ਦੀ ਆਗੂ ਭੂਮਿਕਾ ਨੂੰ ਮਜ਼ਬੂਤ ਕਰਨ ਦੇ ਵਧੇਰੇ ਸਪੱਸ਼ਟ ਅਤੇ ਵਧੇਰੇ ਮੁਕੰਮਲ ਸੰਕਲਪ ਬਣਾਉਣਾ ਵਿਸ਼ੇਸ਼ ਮਹੱਤਵ ਰੱਖਦਾ ਹੈ। ਅਮਲ ਵਿਚ, ਕੁਝ ਪਾਰਟੀ ਕਮੇਟੀਆਂ, ਬਿਊਰੋ ਅਤੇ ਬੁਨਿਆਦੀ ਜਥੇਬੰਦੀਆਂ ਇਸ ਸਵਾਲ ਦੀ ਇੱਕ ਸੌੜੀ ਜਿਹੀ ਸੂਝ ਹੀ ਰੱਖਦੀਆਂ ਹਨ। ਕੁਝ ਕੁ ਦੀ ਇਹ ਗ਼ਲਤ ਸੋਚ ਹੈ ਕਿ "ਸਿਰਫ ਉਪਕਰਣ ਅਤੇ ਆਗੂ ਸੰਗਠਨ ਹੀ ਪਾਰਟੀ ਹਨ" ਨਾ ਕਿ ਕਮਿਊਨਿਸਟਾਂ ਦਾ ਵਿਸ਼ਾਲ ਅਤੇ ਜਥੇਬੰਦ ਸਮੂਹ। ਕੁੱਝ ਹੋਰ ਹਨ ਜੋ ਪ੍ਰੋਲੇਤਾਰੀਆ ਦੀ ਡਿਕਟੇਟਰਸ਼ਿਪ ਦੇ ਸਿਸਟਮ ਵਿਚ ਪਾਰਟੀ ਦੀ ਆਗੂ ਭੂਮਿਕਾ ਨੂੰ ਪੂਰੀ ਤਰ੍ਹਾਂ ਨਹੀਂ ਸਮਝਦੇ ਅਤੇ "ਪਾਰਟੀ ਹਰ ਚੀਜ਼ ਦੀ ਅਗਵਾਈ ਕਰਦੀ ਹੈ" ਦੇ ਨਾਹਰੇ ਹੇਠ ਪਾਰਟੀ ਜਥੇਬੰਦੀਆਂ, ਕਮੇਟੀਆਂ ਅਤੇ ਉਨ੍ਹਾਂ ਦੇ ਲੀਡਰਾਂ ਨੂੰ ਉਤਪਾਦਨ, ਪ੍ਰਬੰਧ, ਤਕਨਾਲੋਜੀ ਆਦਿ ਦੀਆਂ ਮਾਮੂਲੀ-ਮਾਮੂਲੀ ਸਮੱਸਿਆਵਾਂ ਦੇ ਅਮਲੀ ਹੱਲ ਕਰਨ ਵਿਚ ਉਲਝਾ ਛੱਡਦੇ ਹਨ। ਸਪੱਸ਼ਟ ਹੈ ਕਿ ਇਸ ਚੀਜ਼ ਨੂੰ ਹਰ ਕੋਈ ਚੰਗੀ ਤਰ੍ਹਾਂ ਨਹੀਂ ਸਮਝ ਰਿਹਾ ਕਿ ਸਭੇ ਪਾਰਟੀ ਮੈਂਬਰ, ਜਿਥੇ ਵੀ ਉਹ ਕੰਮ ਕਰਦੇ ਹਨ, ਉਥੇ ਪਾਰਟੀ ਦਾ ਕਾਰੋਬਾਰ ਚਲਾਉਂਦੇ ਹਨ, ਅਤੇ ਪਾਰਟੀ ਆਪਣੀ ਅਗਵਾਈ ਸਮੂਹਿਕ ਤੌਰ ਤੇ (enbloc), ਇੱਕ ਜਥੇਬੰਦਕ ਅਤੇ ਕੇਂਦਰਬੱਧ ਤਰੀਕੇ ਨਾਲ, ਆਪਣੇ ਸਭ ਲੀਵਰਾਂ—ਸਟੇਟ ਅਤੇ ਆਰਥਿਕ ਸੰਗਠਨਾਂ ਅਤੇ ਪਾਰਟੀ ਦੀਆਂ ਜਨਤਕ ਜਥੇਬੰਦੀਆਂ—ਦੇ ਜ਼ਰੀਏ ਲਾਗੂ ਕਰਦੀ ਹੈ।

ਇਹੀ ਵਜਾਹ ਹੈ ਕਿ, ਵੱਖ-ਵੱਖ ਮਸਲਿਆਂ ਨੂੰ ਹੱਲ ਕਰਨ ਵਿਚ, ਕੁੱਝ ਪਾਰਟੀ ਸੰਸਥਾਵਾਂ ਅਤੇ ਜਥੇਬੰਦੀਆਂ ਤਕਨੀਕੀ ਅਤੇ ਪ੍ਰਬੰਧਕ ਪਹਿਲੂਆਂ ਵੱਲ ਵਧੇਰੇ ਧਿਆਨ ਦਿੰਦੀਆਂ ਹਨ ਅਤੇ ਸਿਆਸੀ ਅਤੇ ਵਿਚਾਰਧਾਰਕ ਪਹਿਲੂਆਂ ਨੂੰ, ਪਾਰਟੀ ਦੀਆਂ ਆਰਥਿਕ, ਸੱਭਿਆਚਾਰਕ ਅਤੇ ਫੌਜੀ ਨੀਤੀਆਂ ਦੇ ਮਸਲਿਆਂ, ਜਾਂ ਆਪਣੇ ਮੁੱਖ ਫਰਜ਼ ਜਾਣੀ ਕਿ ਲੋਕਾਂ ਵਿਚ ਕੰਮ ਕਰਨ ਦੇ ਫਰਜ਼ ਨੂੰ ਨਜ਼ਰ-ਅੰਦਾਜ਼ ਕਰ ਦਿੰਦੀਆਂ ਹਨ। ਅਜੇਹੇ ਸੰਕਲਪਾਂ ਅਤੇ ਐਕਸ਼ਨਾਂ ਨਾਲ ਕਾਰੋਬਾਰ ਉੱਤੇ ਅਜਾਰੇਦਾਰੀ ਕਾਇਮ ਹੁੰਦੀ ਹੈ, ਕੇਡਰਾਂ ਅਤੇ ਲੋਕਾਂ ਦੀ ਪਹਿਲ-ਕਦਮੀ ਕੁਚਲੀ ਜਾਂਦੀ ਹੈ, ਪਾਰਟੀ ਦੇ ਲੀਵਰਾਂ ਨੂੰ ਅਦਲ-ਬਦਲ ਕਰ ਦਿੱਤਾ ਜਾਂਦਾ ਹੈ ਅਤੇ ਪਾਰਟੀ ਦੀ ਆਗੂ ਭੂਮਿਕਾ ਕਮਜ਼ੋਰ ਅਤੇ ਬੇਅਸਰ ਹੋ ਜਾਂਦੀ ਹੈ।

ਸਾਡੀ ਪਾਰਟੀ ਨੇ ਹਮੇਸ਼ਾ ਹੀ, ਪ੍ਰੋਲੇਤਾਰੀਆ ਦੀ ਡਿਕਟੇਟਰਸ਼ਿਪ ਦੇ ਸਿਸਟਮ ਵਿਚ, ਆਪਣੀ ਭੂਮਿਕਾ ਦੀ ਸਹੀ ਸੂਝ ਰੱਖੀ ਹੈ ਅਤੇ ਇਸ ਭੂਮਿਕਾ ਨੂੰ ਸਹੀ ਤਰੀਕੇ ਨਾਲ ਨਿਭਾਇਆ ਹੈ। ਇਸ ਲਈ, ਇਸ ਸੱਚਾਈ ਨੂੰ ਚੰਗੀ ਤਰ੍ਹਾਂ ਸਮਝਣਾ ਅਤੇ ਅਮਲ ਵਿਚ ਵਧੇਰੇ ਚੰਗੀ ਤਰ੍ਹਾਂ ਲਾਗੂ ਕਰਨਾ ਜ਼ਰੂਰੀ ਹੈ ਕਿ ਪਾਰਟੀ ਦਾ ਕੰਮ ਸਿਰਫ ਪਾਰਟੀ ਸੰਸਥਾਵਾਂ ਅਤੇ ਬੁਨਿਆਦੀ ਜਥੇਬੰਦੀਆਂ ਦਾ ਹੀ, ਜਾਂ ਸਿਰਫ ਉਹਨਾਂ ਦੇ ਉਪਕਰਣਾਂ ਦਾ ਹੀ ਕੰਮ ਨਹੀਂ। ਸਟੇਟ ਅਤੇ ਆਰਥਿਕ ਸੰਗਠਨ, ਫੌਜ ਦੇ ਸਟਾਫ, ਜਨਤਕ ਜਥੇਬੰਦੀਆਂ, ਸਭ ਕੇਡਰ ਅਤੇ ਮਿਹਨਤਕਸ਼ ਲੋਕ (ਪਾਰਟੀ ਦੇ ਮੈਂਬਰ ਅਤੇ ਗੈਰ-ਮੈਂਬਰ) ਵੀ ਪਾਰਟੀ ਦਾ ਕੰਮ ਕਰਦੇ ਹਨ, ਕਿਉਂਕਿ ਉਹਨਾਂ ਸਭਨਾਂ ਨੂੰ ਹੀ ਪਾਰਟੀ ਦੀ ਵਿਚਾਰਧਾਰਾ ਅਤੇ ਸੇਧ ਤੋਂ ਰਾਹ-ਨੁਮਾਈ ਮਿਲਦੀ ਹੈ ਅਤੇ ਉਹ ਸਟੇਟ ਦੇ ਕਾਨੂੰਨਾਂ ਅਤੇ ਨਿਯਮਾਂ ਅਤੇ ਇਸ ਦੀਆਂ ਯੋਜਨਾਵਾਂ ਨੂੰ ਲਾਗੂ ਕਰਦੇ ਹਨ।

ਇਸ ਨਾਲ ਕਿਸੇ ਵੀ ਤਰ੍ਹਾਂ, ਸਭ ਮਸਲਿਆਂ ਉੱਤੇ ਪਾਰਟੀ ਜਥੇਬੰਦੀਆਂ ਦੀ ਮੁਕੰਮਲ ਜ਼ਿੰਮੇਵਾਰੀ ਅਤੇ ਆਗੂ ਭੂਮਿਕਾ ਘੱਟਦੀ ਨਹੀਂ। ਫਿਰ ਵੀ, ਉਹ ਸੱਭੋ ਕੁੱਝ ਖੁਦ ਹੀ ਨਹੀਂ ਕਰ ਸਕਦੀਆਂ। ਇਸ ਲਈ, ਪਾਰਟੀ ਜਥੇਬੰਦੀਆਂ ਵੱਖ ਵੱਖ ਕਾਰਜ ਆਪਣੇ ਲੀਵਰਾਂ ਦੇ ਸਪੁਰਦ ਕਰਦੀਆਂ ਹਨ, ਉਹਨਾਂ ਨੂੰ ਲਾਮਬੰਦ ਕਰਦੀਆਂ, ਉਹਨਾਂ ਲਈ ਮੌਕੇ ਪੈਦਾ ਕਰਦੀਆਂ ਹਨ, ਕੰਮ ਵਿਚ ਉਹਨਾਂ ਦੀ ਰਾਹਨੁਮਾਈ ਕਰਦੀਆਂ ਹਨ, ਉਹਨਾਂ ਉੱਤੇ ਨਿਗਰਾਨੀ ਰੱਖਦੀਆਂ ਅਤੇ ਕਾਰਜਾਂ ਦੀ ਪੂਰਤੀ ਦਾ ਹਿਸਾਬ-ਕਿਤਾਬ ਲੈਂਦੀਆਂ ਹਨ। ਉਹਨਾਂ ਵਿਚ ਕੰਮ ਕਰਨ ਵਾਲੇ ਪਾਰਟੀ ਮੈਂਬਰਾਂ ਦੇ ਜ਼ਰੀਏ, ਪਾਰਟੀ ਸਭਾਵਾਂ ਅਤੇ ਬੁਨਿਆਦੀ ਜਥੇਬੰਦੀਆਂ ਇਹਨਾਂ ਲੀਵਰਾਂ ਨੂੰ ਚੇਤੰਨ ਕਰਨ ਅਤੇ ਗਤੀਮਾਨ ਕਰਨ ਲਈ ਕੰਮ ਕਰਦੀਆਂ ਹਨ ਤਾਂ ਕਿ ਉਹ ਆਪਣੇ ਜ਼ਿੰਮੇ ਲੱਗੇ ਕਾਰਜਾਂ ਨੂੰ ਇਨਕਲਾਬੀ ਤਰੀਕੇ ਅਤੇ ਪਹਿਲ-ਕਦਮੀ ਨਾਲ ਨੇਪਰੇ ਚਾੜ੍ਹ ਸਕਣ।

ਇਹਨਾਂ ਸਵਾਲਾਂ ਬਾਰੇ ਸਿਰਫ ਪਾਰਟੀ ਦੀਆਂ ਜਥੇਬੰਦੀਆਂ ਨੂੰ ਹੀ ਨਹੀਂ ਸਗੋਂ ਇਸ ਦੇ ਲੀਵਰਾਂ ਅਤੇ ਹਰ ਕੇਡਰ ਨੂੰ ਵੀ ਚੰਗੀ ਤਰ੍ਹਾਂ ਸਮਝਣਾ ਚਾਹੀਦਾ ਹੈ। ਪਾਰਟੀ ਨੇ ਹਰ ਕਿਸੇ ਨੂੰ ਉਸ ਦੇ ਕਾਰਜ, ਅਧਿਕਾਰ ਅਤੇ ਕਰਤੱਵ ਸੌਂਪੇ ਹੋਏ ਹਨ। ਇਹ ਸਭ ਨੂੰ ਰਾਹਨੁਮਾਈ ਦਿੰਦੀ, ਨਿਗਰਾਨੀ ਰੱਖਦੀ ਅਤੇ ਉਹਨਾਂ ਤੋਂ ਹਿਸਾਬ-ਕਿਤਾਬ ਮੰਗਦੀ ਹੈ। ਲੇਕਿਨ ਹਰ ਕਿਸੇ ਨੂੰ ਆਪਣੇ ਕੰਮ ਵਿਚ ਨਿਪੁੰਨਤਾ

ਹਾਸਲ ਕਰਨੀ ਚਾਹੀਦੀ ਹੈ। ਪਾਰਟੀ ਦੀ ਸੇਧ ਅੰਦਰ ਉਸ ਨੂੰ ਮਿਲੇ ਅਧਿਕਾਰਾਂ ਅਨੁਸਾਰ ਪਹਿਲ-ਕਦਮੀ ਅਤੇ ਦ੍ਰਿੜ੍ਹਤਾ ਨਾਲ ਕੰਮ ਕਰਨਾ ਚਾਹੀਦਾ ਹੈ, ਆਪਣੇ ਖੇਤਰ ਵਿਚ ਮਿਥੇ ਗਏ ਕਾਰਜਾਂ ਨੂੰ ਨੇਪਰੇ ਚਾੜ੍ਹਨ ਦੀ ਮੁਕੰਮਲ ਜ਼ਿੰਮੇਵਾਰੀ ਸੰਭਾਲਣੀ ਚਾਹੀਦੀ ਹੈ। ਇਸ ਨੁਕਤਾ-ਨਿਗਾਹ ਤੋਂ, ਅਮਲ ਵਿਚ ਦੇਖੇ ਗਏ ਉਹ ਰੁਝਾਨ ਦਰੁਸਤ ਨਹੀਂ ਹਨ, ਜਿਹਨਾਂ ਵਿਚ ਕੁੱਝ ਸਟੇਟ ਅਤੇ ਆਰਥਿਕ ਸੰਗਠਨ, ਕਥਿਤ ਤੌਰ ਤੇ ਪਾਰਟੀ ਦੀ ਆਗੂ ਭੂਮਿਕਾ ਨੂੰ ਯਕੀਨੀ ਬਣਾਉਣ ਲਈ, ਹਰ ਛੋਟੀ-ਮੋਟੀ ਚੀਜ਼ ਬਾਰੇ ਪਾਰਟੀ ਸਭਾਵਾਂ ਅਤੇ ਜਥੇਬੰਦੀਆਂ ਦੀ ਰਾਇ ਮੰਗਦੇ ਹਨ ਅਤੇ ਇਹਨਾਂ ਨਾਲ ਭਿਆਲੀ ਪਾ ਕੇ ਆਪਣੇ ਐਕਸ਼ਨਾਂ ਨੂੰ ਉਚਿਤ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਹ ਰੁਝਾਨ ਪਾਰਟੀ ਦੀ ਆਗੂ ਭੂਮਿਕਾ ਨੂੰ ਯਕੀਨੀ ਨਹੀਂ ਬਣਾਉਂਦੇ, ਸਗੋਂ ਪਾਰਟੀ ਦੀਆਂ ਜਥੇਬੰਦੀਆਂ ਨਾਲ ਜ਼ਿੰਮੇਵਾਰੀ ਦੀ ਵੰਡ ਕਰਨ ਦੇ ਰੁਝਾਨ ਹਨ।

ਸਟੇਟ ਅਤੇ ਆਰਥਿਕ ਸੰਗਠਨ, ਜਨਤਕ ਜਥੇਬੰਦੀਆਂ ਅਤੇ ਉਹਨਾਂ ਦੇ ਕੇਡਰ ਸਿਆਸਤ ਤੋਂ ਸੱਖਣੇ ਨਹੀਂ, ਜੋ ਸਿਰਫ ਤਕਨੀਕੀ, ਐਗਰੋ-ਟੈਕਨੀਕਲ, ਫੌਜੀ ਜਾਂ ਹੋਰ ਸਵਾਲਾਂ ਨਾਲ ਹੀ ਵਾਸਤਾ ਰੱਖਦੇ ਹੋਣ। ਉਹ ਵੀ, ਖ਼ੁਦ ਨੂੰ ਪਾਰਟੀ ਦੀ ਸੇਧ ਤੇ ਅਧਾਰਿਤ ਕਰਦਿਆਂ, ਇਸ ਨੂੰ ਲਾਗੂ ਕਰਨ ਲਈ ਕੰਮ ਅਤੇ ਸੰਘਰਸ਼ ਕਰਦੇ ਹਨ। ਸੁਭਾਵਿਕ ਹੀ, ਇਹ ਪਾਰਟੀ ਜਥੇਬੰਦੀ ਦੀ ਆਪਣੀ ਜ਼ਿੰਮੇਵਾਰੀ ਹੈ ਜਦ ਇਹ ਕੁਝ ਪ੍ਰਬੰਧਕਾਂ ਜਾਂ ਪ੍ਰਸ਼ਾਸਕਾਂ ਨੂੰ ਆਪਣੇ ਕਰਤੱਵ ਨਿਭਾਉਣ ਵਿਚ ਨਾਕਾਮੀ ਦੀ ਇਜਾਜ਼ਤ ਦਿੰਦੀ ਹੈ। ਇਸ ਨੂੰ ਲਾਜ਼ਮੀ ਹੀ ਇਹਨਾਂ ਲੋਕਾਂ ਦੀ ਮੱਦਦ ਕਰਨੀ ਚਾਹੀਦੀ ਹੈ, ਇਹਨਾਂ ਨੂੰ ਰਾਹਨੁਮਾਈ ਦੇਣੀ ਚਾਹੀਦੀ ਹੈ, ਸਮਝਾਉਣਾ ਅਤੇ ਸਹੀ ਕਰਨਾ ਚਾਹੀਦਾ ਹੈ, ਇਹਨਾਂ ਨੂੰ ਆਪਣੀਆਂ ਜ਼ਿਮੇ-ਵਾਰੀਆਂ ਨਿਭਾਉਣ ਦੇ ਯੋਗ ਬਣਾਉਣਾ ਚਾਹੀਦਾ ਹੈ ਅਤੇ ਜਦੋਂ ਜ਼ਰੂਰਤ ਪਏ ਮਨ-ਮਰਜ਼ੀ ਕਰਨ ਵਾਲਿਆਂ, ਚਾਹੇ ਬੁਨਿਆਦੀ ਜਥੇਬੰਦੀ ਦੇ ਨਾਂ ਹੇਠ ਜਾਂ ਪਾਰਟੀ ਮੈਂਬਰ ਹੋਣ ਦੇ ਨਾਂ ਹੇਠ ਮਨ-ਮਰਜ਼ੀ ਕਰ ਰਹੇ ਹੋਣ, ਨੂੰ ਠਿਕਾਣੇ ਲਾਉਣਾ ਚਾਹੀਦਾ ਹੈ। ਇਸ ਤਰੀਕੇ ਨਾਲ, ਗ਼ਲਤੀਆਂ ਦਾ ਖਤਰਾ ਘਟਦਾ ਹੈ, ਕੇਡਰ ਸੁਘੜ ਬਣਦੇ ਹਨ ਅਤੇ ਕੰਮ ਪ੍ਰਤੀ ਉਹਨਾਂ ਦੀ ਜ਼ਿੰਮੇਵਾਰੀ ਦੀ ਭਾਵਨਾ ਵਧਦੀ ਹੈ।

ਪਾਰਟੀ ਜਥੇਬੰਦੀਆਂ ਸਭ ਮਸਲੇ, ਆਰਥਿਕਤਾ, ਸੱਭਿਆਚਾਰ, ਡਿਫੈਂਸ ਅਤੇ ਦੇਸ਼ ਦੇ ਸਮੁੱਚੇ ਜੀਵਨ ਦੇ ਮਸਲੇ, ਨਜਿੱਠਦੀਆਂ ਹਨ ਅਤੇ ਨਜਿੱਠਦੀਆਂ ਰਹਿਣਗੀਆਂ, ਨਹੀਂ ਤਾਂ ਉਹ ਮੁਹਰਲੀਆਂ ਸਫਾਂ 'ਚ ਨਹੀਂ ਰਹਿ ਸਕਦੀਆਂ ਅਤੇ ਅਗਵਾਈ ਨਹੀਂ ਦੇ ਸਕਦੀਆਂ। ਉਹ ਕਿਸੇ ਵੀ ਸਮੇਂ ਸਭ ਤੋਂ ਮਹੱਤਵਪੂਰਨ ਮਸਲਿਆਂ ਨੂੰ ਸਮਝਣ, ਅਤੇ ਇਹਨਾਂ ਮਸਲਿਆਂ ਦੇ ਸਹੀ, ਉੱਚਿਤ ਅਤੇ ਸਿਧਾਂਤਕ ਤੌਰ ਤੇ ਠੋਸ ਹੱਲ ਪੇਸ਼ ਕਰਨ ਦੇ ਯੋਗ ਹੋਣੀਆਂ ਚਾਹੀਦੀਆਂ ਹਨ। ਉਹ ਇਸ ਚੀਜ਼ ਨੂੰ ਪਰਖਣ ਦੇ ਯੋਗ ਹੋਣੀਆਂ ਚਾਹੀਦੀਆਂ ਹਨ ਕਿ ਪਾਰਟੀ ਮੈਂਬਰ, ਕੇਡਰ, ਆਰਥਿਕ ਅਤੇ ਸਟੇਟ ਸੰਗਠਨ ਅਤੇ ਜਨਤਕ ਸੰਗਠਨ ਪਾਰਟੀ ਦੀ ਸੇਧ ਅਤੇ ਹਦਾਇਤਾਂ ਨੂੰ ਕਿਵੇਂ ਸਮਝਦੇ ਹਨ, ਅਤੇ ਜਦੋਂ ਉਹ ਆਪਣੇ ਕਾਰਜ ਪੂਰੇ ਨਹੀਂ ਕਰਦੇ ਤਾਂ ਉਹਨਾਂ ਵਿਰੁੱਧ ਐਕਸ਼ਨ ਲੈਣਾ ਚਾਹੀਦਾ ਹੈ—ਪਾਰਟੀ ਜਥੇਬੰਦੀਆਂ ਦੀ ਯੋਗਤਾ ਦੀ ਇਹੀ ਬੁਨਿਆਦ ਹੈ। ਪਾਰਟੀ ਜਥੇਬੰਦੀ ਸਿੱਧੇ ਤੌਰ ਤੇ ਇਸ ਲਈ ਜਵਾਬਦੇਹ ਹੈ। ਇਸ ਨੂੰ ਇਹਨਾਂ ਸਵਾਲਾਂ ਉੱਤੇ ਆਪਣਾ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਅਤੇ ਉਹਨਾਂ ਮਾਮੂਲੀ ਠੋਸ ਮਸਲਿਆਂ ਨੂੰ ਹੱਲ ਕਰਨ 'ਚ ਨਹੀਂ ਉਲਝਣਾ ਚਾਹੀਦਾ ਜਿਹਨਾਂ ਮਸਲਿਆਂ ਨੂੰ ਹੱਲ ਕਰਨ ਲਈ ਪਾਰਟੀ ਨੇ ਵਿਸ਼ੇਸ਼ ਸੰਸਥਾਵਾਂ ਅਤੇ ਸੰਗਠਨ ਬਣਾਏ ਹੋਏ ਹਨ।

ਪਾਰਟੀ ਦਾ ਕੰਮ, ਸਭ ਤੋਂ ਪਹਿਲਾਂ ਲੋਕਾਂ ਵਿਚ ਕੰਮ, ਉਹਨਾਂ ਦੀ ਵਿੱਦਿਆ, ਗਿਆਨ, ਲਾਮਬੰਦੀ ਅਤੇ ਜਥੇਬੰਦੀ ਲਈ ਕੰਮ ਹੈ। ਇਸ ਚੀਜ਼ ਨੂੰ ਕਦੇ ਵੀ ਭੁਲਾਉਣਾ ਨਹੀਂ ਚਾਹੀਦਾ, ਨਹੀਂ ਤਾਂ ਪਾਰਟੀ ਇਕ ਆਗੂ ਦੇ ਤੌਰ ਤੇ ਆਪਣੇ ਮੁੱਖ ਕਰਤੱਵ ਅਤੇ ਕਾਰਜ ਤੋਂ ਥਿੜਕ ਜਾਂਦੀ ਹੈ, ਇਕ ਕਾਰਜਸ਼ੀਲ ਸੰਗਠਨ ਵਿਚ ਬਦਲ ਜਾਂਦੀ ਹੈ ਅਤੇ ਸਟੇਟ ਦੇ ਕਾਰਜ ਅਖਤਿਆਰ ਕਰ ਲੈਂਦੀ ਹੈ। ਸੱਤਾ ਉੱਤੇ ਬੈਠੀ ਇਕ ਪਾਰਟੀ ਲਈ ਇਹ ਇਕ ਬਹੁਤ ਵੱਡਾ ਖ਼ਤਰਾ ਹੈ। ਅਸੀਂ ਇਸ ਖ਼ਤਰੇ ਨੂੰ ਗੰਭੀਰ ਬਣਨ ਤੋਂ ਰੋਕਣ ਲਈ ਬੜੀ ਦੇਰ ਪਹਿਲਾਂ ਹੀ ਇਸ ਬਾਰੇ ਦੱਸਿਆ ਸੀ।

ਸਾਡੇ ਇਨਕਲਾਬ ਦੀ, ਸਾਡੇ ਸਮਾਜਵਾਦੀ ਸਮਾਜਿਕ ਨਿਜ਼ਾਮ ਦੀ ਅਜਿੱਤ ਸ਼ਕਤੀ ਲੋਕਾਂ ਵਿਚ ਹੈ, ਉਨ੍ਹਾਂ ਦੀ ਸਿਆਸੀ ਚੇਤੰਨਤਾ ਦੇ ਉੱਚੇ ਪੱਧਰ ਵਿਚ, ਸਮਾਜਵਾਦ ਨੂੰ ਉਸਾਰਨ ਅਤੇ ਇਸ ਦੀ ਰਖਵਾਲੀ ਕਰਨ ਦੀ ਉਹਨਾਂ ਦੀ ਤਤਪਰਤਾ ਵਿਚ ਹੈ। ਇਹ ਪਾਰਟੀ ਦਾ ਇਕ ਸ਼ਾਨਦਾਰ ਕਾਰਨਾਮਾ ਹੈ, ਜੋ ਇਸ ਨੂੰ ਆਪਣੇ ਵਿਚਾਰਧਾਰਕ, ਸਿਆਸੀ ਅਤੇ ਜਥੇਬੰਦਕ ਕੰਮ ਦੇ ਜ਼ਰੀਏ ਮਜ਼ਬੂਤ ਕਰਨਾ ਅਤੇ ਲਗਾਤਾਰ ਅੱਗੇ ਲਿਜਾਣਾ ਚਾਹੀਦਾ ਹੈ।

ਇਸ ਪੱਖ ਤੋਂ ਇਹ ਲਾਜ਼ਮੀ ਹੈ ਕਿ ਪਾਰਟੀ ਦੀਆਂ ਜਥੇਬੰਦੀਆਂ ਅਤੇ ਸਭ ਪਾਰਟੀ ਮੈਂਬਰ ਲੋਕਾਂ ਵਿਚ ਸਮਾ ਜਾਣ ਅਤੇ ਉਹਨਾਂ ਵਿਚ ਅਣਥੱਕ ਕੰਮ ਕਰਨ, ਉਹਨਾਂ ਦੀ ਨੈਤਿਕ-ਸਿਆਸੀ ਅਵਸਥਾ ਬਾਰੇ ਚੰਗੀ ਤਰ੍ਹਾਂ ਜਾਣੂ ਹੋਣ, ਹਮੇਸ਼ਾ ਹੀ ਲੋਕਾਂ ਦੇ ਮਸਲਿਆਂ ਨੂੰ ਚੰਗੀ ਤਰ੍ਹਾਂ ਸਮਝਦੇ ਹੋਣ ਅਤੇ ਉਹਨਾਂ ਨੂੰ ਹਾਲਾਤ ਦੀ ਵਿਆਖਿਆ ਕਰਨ ਅਤੇ ਮਿਥੇ ਗਏ ਟੀਚਿਆਂ ਦਾ ਮਹੱਤਵ ਸਮਝਾਉਣ ਅਤੇ ਪਾਰਟੀ ਦੀਆਂ ਹਦਾਇਤਾਂ ਅਤੇ ਸਟੇਟ ਦੇ ਕਾਨੂੰਨ ਉਹਨਾਂ ਨੂੰ ਚੰਗੀ ਤਰ੍ਹਾਂ ਸਮਝਾਉਣ। ਲੋਕਾਂ ਨੂੰ ਕਮਿਉਨਿਸਟ ਦ੍ਰਿਸ਼ਟੀਕੋਣ ਅਤੇ ਨੈਤਿਕਤਾ ਨਾਲ ਲੈਸ ਕਰਨਾ, ਕਿਸੇ ਵੀ ਪੁਰਾਣੇ ਜਾਂ ਦੁਸ਼ਮਣ ਖ਼ਿਆਲਾਂ ਵਿਰੁੱਧ ਲੜਾਈ ਕਰਨਾ, ਲੋਕਾਂ ਦੇ ਜੀਵਨ ਨਾਲ ਵਾਸਤਾ ਰੱਖਣਾ, ਲੋਕਾਂ ਦੇ ਰਚਨਾਤਮਕ ਕੰਮ ਅਤੇ ਪਹਿਲ-ਕਦਮੀਆਂ ਨੂੰ ਉਤਸ਼ਾਹ ਅਤੇ ਹਮਾਇਤ ਦੇਣਾ, ਆਰਥਿਕਤਾ ਦੀ ਮਜ਼ਬੂਤੀ ਲਈ ਉਹਨਾਂ ਨੂੰ ਲਾਮਬੰਦ ਕਰਨਾ ਅਤੇ ਕਾਰਵਾਈ ਵਿਚ ਸ਼ਾਮਿਲ ਕਰਨਾ, ਸੱਭਿਆਚਾਰ ਦੇ ਪੱਧਰ ਨੂੰ ਉੱਚਾ ਚੁੱਕਣਾ ਅਤੇ ਆਪਣੇ ਵਤਨ ਦੀ ਸੁਰੱਖਿਆ ਸ਼ਕਤੀ ਨੂੰ ਮਜ਼ਬੂਤ ਕਰਨਾ ਪਾਰਟੀ ਮੈਂਬਰਾਂ ਦਾ ਫਰਜ਼ ਹੈ।

## 2. ਪਾਰਟੀ ਦੇ ਕੰਮ ਦੀ ਕਾਰਗਰਤਾ ਨੂੰ ਅਤੇ ਪਾਰਟੀ ਸੰਸਥਾਵਾਂ ਅਤੇ ਜਥੇਬੰਦੀਆਂ ਦੀ ਜ਼ਿੰਮੇਵਾਰੀ ਦੀ ਭਾਵਨਾ ਨੂੰ ਵਧਾਉਣਾ ਚਾਹੀਦਾ ਹੈ

ਤੇਜ਼ ਅਤੇ ਸਰਬ-ਪੱਖੀ ਵਿਕਾਸ ਦਾ ਵਰਤਮਾਨ ਪੜਾਅ ਅਤੇ ਉਹ ਮਹਾਨ ਅਤੇ ਦਲੇਰੀ-ਭਰੇ ਕਾਰਜ ਜੋ ਅਸੀਂ ਹੱਲ ਕਰਨੇ ਹਨ, (ਉਹ) ਮੰਗ ਕਰਦੇ ਹਨ ਕਿ ਪਾਰਟੀ ਦੇ ਕੰਮ ਦੀ ਕਾਰਗਰਤਾ ਨੂੰ ਇਸ ਦੀਆਂ ਸਭ ਕੜੀਆਂ ਅਤੇ ਦਿਸ਼ਾਵਾਂ ਵਿਚ ਉਚਾ ਚੁੱਕਿਆ ਜਾਵੇ। ਪਾਰਟੀ ਦਾ ਕੰਮ ਇਕ ਵਿਸ਼ਾਲ ਅਤੇ ਸਰਬ-ਪੱਖੀ ਕੰਮ ਹੈ, ਜੋ ਸਿਆਸੀ, ਵਿਚਾਰਧਾਰਕ, ਜਥੇਬੰਦਕ, ਪ੍ਰਬੰਧਕੀ, ਆਰਥਿਕ ਅਤੇ ਮਾਨ-ਸਿਕ ਪਹਿਲੂਆਂ ਦਾ ਇਕ ਸੰਸ਼ਲੇਸ਼ਣ ਹੈ ਅਤੇ ਇਸ ਤੌਰ ਤੇ ਹੀ ਕੀਤਾ ਜਾਣਾ ਚਾਹੀਦਾ ਹੈ। ਇਸਦੀ ਕਾਰਗਰਤਾ ਨੂੰ, ਸਮਾਜਿਕ ਕਾਰਵਾਈ ਦੇ ਹਰ ਖੇਤਰ ਵਿਚ ਟੀਚਿਆਂ ਨੂੰ ਪੂਰੇ ਕਰਨ ਦੇ ਠੋਸ ਸਿੱਟਿਆਂ ਨਾਲ ਨਾਪਿਆ ਜਾਂਦਾ ਹੈ।

ਅਮਲ ਵਿਚ ਅਜੇਹੇ ਵਾਕਿਆਤ ਹਨ ਜਦ ਪਾਰਟੀ ਦੇ ਕੰਮ ਨੂੰ ਸੌੜੇ ਢੰਗ ਨਾਲ ਸਮਝਿਆ ਜਾਂਦਾ ਹੈ। ਕੁਝ ਪਾਰਟੀ ਸੰਸਥਾਵਾਂ ਅਤੇ ਬੁਨਿਆਦੀ ਜਥੇਬੰਦੀਆਂ ਦਿਸ਼ਾ ਨੂੰ ਭੁੱਲ ਜਾਂਦੀਆਂ ਹਨ, ਮਸਲਿਆਂ ਵਿਚ ਡੂੰਘਾਈ ਨਾਲ ਨਹੀਂ ਜਾਂਦੀਆਂ ਅਤੇ ਆਪਣੇ ਆਪ ਨੂੰ ਸਿਰਫ ਉਸ ਤਜ਼ਰਬੇ ਉੱਤੇ ਹੀ ਅਧਾਰਿਤ ਕਰਦੀਆਂ ਹਨ ਜੋ ਇਨ੍ਹਾਂ ਨੇ ਅਮਲ ਵਿਚ ਪ੍ਰਾਪਤ ਕੀਤਾ ਹੈ, ਬਗੈਰ ਇਸ (ਤਜ਼ਰਬੇ) ਨੂੰ ਉੱਤਮ ਤਜ਼ਰਬੇ ਅਤੇ ਸੋਚਣੀ ਦੇ ਪ੍ਰਕਾਸ਼ ਵਿਚ ਦੇਖਿਆਂ, ਬਗ਼ੈਰ ਸਾਡੇ ਦੇਸ਼ ਅਤੇ ਲੋਕਾਂ ਦੇ ਜੀਵਨ ਵਿਚ ਆਈਆਂ ਤਬਦੀਲੀਆਂ ਦੇ ਪ੍ਰਕਾਸ਼ ਵਿਚ ਦੇਖਿਆ। ਆਰਥਿਕ ਯੋਜਨਾਵਾਂ ਦੀ ਪੂਰਤੀ ਵਿਚ ਨਾਕਾਮੀ ਜਾਂ ਕੁੱਝ ਕਾਰਖਾਨਿਆਂ, ਖੇਤੀ ਕੋਆਪ੍ਰੇਟਿਵਾਂ ਜਾਂ ਜ਼ਿਲ੍ਹਿਆਂ ਦੇ ਕੰਮ ਵਿਚ ਤਰੁੱਟੀਆਂ ਦੇ ਜ਼ਿਆਦਾਤਰ ਵਾਕਿਆਤ ਵਿਚ ਅਜੇਹੇ ਲੱਛਣ ਹੀ ਬਿਮਾਰੀ ਦੀ ਜੜ੍ਹ ਹਨ।

ਅੱਜ ਕਲ੍ਹ ਸਾਡੇ ਕੰਮ ਵਿਚ ਸੱਭਿਆਚਾਰ, ਸਿਖਲਾਈ, ਨਿਪੁੰਨਤਾ ਅਤੇ ਵਿਗਿਆਨਕ ਜਾਣਕਾਰੀ ਦੀ ਜ਼ਰੂਰਤ ਹੈ। ਅਸੀਂ ਬਹੁਤ ਵਾਰ ਦੁਹਰਾਉਂਦੇ ਹਾਂ ਕਿ ਸਾਨੂੰ ਅਣ-ਪਛਾਤੇ ਰਾਹਾਂ ਉੱਤੇ ਚੱਲਣ ਤੇ ਮਜਬੂਰ ਹੋਣਾ ਪਿਆ ਹੈ, ਕਿ ਸਾਨੂੰ ਖੋਜਣ ਅਤੇ ਸਿਰਜਣ ਤੇ ਮਜਬੂਰ ਹੋਣਾ ਪਿਆ ਹੈ। ਫਿਰ ਵੀ, ਇਹ ਮਾਰਕਸਵਾਦੀ-ਲੈਨਿਨਵਾਦੀ ਸਿਧਾਂਤ ਦੇ ਡੂੰਘੇ ਗਿਆਨ ਤੋਂ ਬਗੈਰ ਅਤੇ ਕਮਿਉਨਿਸਟਾਂ ਅਤੇ ਮਿਹਨਤਕਸ਼ ਲੋਕਾਂ ਦੇ ਇਨਕਲਾਬੀ ਤਜ਼ਰਬੇ ਦੇ ਵਿਗਿਆਨਕ ਅਧਿਅਨ ਅਤੇ ਵਿਆਪਕੀਕਰਣ ਤੋਂ ਬਗ਼ੈਰ ਨਹੀਂ ਕੀਤਾ ਜਾ ਸਕਦਾ। ਅੱਜ ਉਤਪਾਦਨ, ਕੰਮ ਦੀ ਜਥੇਬੰਦੀ, ਵਿੱਦਿਆ ਅਤੇ ਸੱਭਿਆਚਾਰ, ਵਿਗਿਆਨ ਅਤੇ ਡਿਫੈਂਸ ਦੇ ਮਸਲੇ ਗੰਭੀਰ ਅਧਿਅਨਾਂ ਤੋਂ ਬਗੈਰ ਸਹੀ ਤਰੀਕੇ ਨਾਲ ਅਤੇ ਸਫਲਤਾਪੂਰਵਕ ਹੱਲ ਨਹੀਂ

ਕੀਤੇ ਜਾ ਸਕਦੇ। ਪ੍ਰਬੰਧ, ਜਥੇਬੰਦੀ ਅਤੇ ਵਿੱਦਿਆ ਵਿਚ ਖੁਦ ਪਾਰਟੀ ਦੇ ਕੰਮ ਬਾਰੇ ਵੀ ਅਜਿਹੇ ਅਧਿਅਨ ਕਰਨਾ ਜ਼ਰੂਰੀ ਹੈ। ਅਧਿਅਨ ਅਤੇ ਵਿਆਪਕੀਕਰਣ (generalizations) ਅਨੁਭਵ ਨੂੰ ਵਧਾਉਂਦੇ ਹਨ ਅਤੇ ਪਾਰਟੀ ਦੀਆਂ ਜਥੇਬੰਦੀਆਂ, ਕਮਿਊਨਿਸਟਾਂ ਅਤੇ ਮਿਹਨਤਕਸ਼ ਲੋਕਾਂ ਨੂੰ ਸਪੱਸ਼ਟ ਦਿਸ਼ਾਵਾਂ ਦਿਖਾਉਂਦੇ ਹਨ ਅਤੇ ਨਿਯਮਬੱਧਤਾ, ਰਸਮਪੁਣੇ ਅਤੇ ਉਪਰੇਪਣ ਦੇ ਪ੍ਰਗਟਾਵਿਆਂ ਵਿਰੁੱਧ ਲੜਨ ਵਿਚ, ਨਿੱਗਰ ਰੁੱਚੀਆਂ ਪੈਦਾ ਕਰਨ ਵਿਚ ਅਤੇ ਵਰਤਮਾਨ ਅਤੇ ਭਵਿੱਖ ਦੇ ਕਾਰਜਾਂ ਨੂੰ ਨੇਪਰੇ ਚਾੜ੍ਹਨ ਦੇ ਉਪਾਵਾਂ ਅਤੇ ਢੰਗਾਂ ਦੀ ਪ੍ਰੀਭਾਸ਼ਾ ਕਰਨ ਵਿਚ ਮਦਦ ਕਰਦੇ ਹਨ।

ਪਾਰਟੀ ਸੰਸਥਾਵਾਂ ਅਤੇ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਉਹ ਮਾਹਿਰਾਂ, ਸਰਗਰਮ ਕੇਡਰਾਂ ਅਤੇ ਹੋਰ ਉਚਿਤ ਲੋਕਾਂ ਦੀਆਂ ਲਾਇਕ ਰਾਵਾਂ ਨੂੰ ਚੰਗੇਰੀ ਤਰ੍ਹਾਂ ਵਰਤਣ, ਜਿਨ੍ਹਾਂ ਨੂੰ ਪਾਰਟੀ ਨੇ ਹਰ ਖੇਤਰ ਵਿਚ ਸਿੱਖਿਅਤ ਕੀਤਾ ਹੈ। ਇਹ ਲਾਜ਼ਮੀ ਹੈ ਕਿ ਉਹ ਉੱਤਮ ਵਿਗਿਆਨਕ ਸੋਚਣੀ ਨੂੰ ਉਤਸ਼ਾਹ ਅਤੇ ਹਮਾਇਤ ਦੇਣ ਅਤੇ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਇਹ ਸਮੱਸਿਆਵਾਂ ਦੇ ਹੱਲ ਵਿਚ ਲਾਗੂ ਕੀਤੀ ਜਾਵੇ। ਉਨ੍ਹਾਂ ਨੂੰ, ਉੱਤਮ ਤਜ਼ਰਬੇ ਅਤੇ ਸੋਚਣੀ ਪ੍ਰਤੀ ਕਿਸੇ ਵੀ ਕਿਸਮ ਦੇ ਸੰਕੀਰਨ ਜਾਂ ਤੰਗ ਨਜ਼ਰੀਏ ਵਿਰੁੱਧ ਲੜਨਾ ਚਾਹੀਦਾ ਹੈ। ਇਸ ਦਿਸ਼ਾ ਵਿਚ ਕਮਿਊਨਿਸਟਾਂ ਨੂੰ ਮਿਸਾਲ ਬਣਨ ਵਿਚ ਸਭ ਤੋਂ ਅੱਗੇ ਹੋਣਾ ਚਾਹੀਦਾ ਹੈ। ਇਕ ਵਧੀਆ ਕਮਿਊਨਿਸਟ ਉਹ ਹੈ ਜਿਹੜਾ ਵਿਗਿਆਨ ਦਾ ਡੂੰਘਾ ਅਧਿਅਨ ਕਰਦਾ ਹੈ, ਜਿਹੜਾ ਆਪਣੇ ਯਤਨਾਂ ਰਾਹੀਂ ਅਤੇ ਹੋਰਨਾਂ ਤੋਂ ਲਗਾਤਾਰ ਸਿੱਖਦਾ ਹੈ, ਜਿਹੜਾ ਸਮਾਜ ਦੇ ਵਿਕਾਸ ਨੂੰ ਗ੍ਰਹਿਣ ਕਰਦਾ ਹੈ, ਅਗਾਂਹ-ਵਧੂ ਨਵੀਨ ਦੀ ਹਮਾਇਤ ਕਰਦਾ ਹੈ ਅਤੇ ਭਵਿੱਖ ਬਾਰੇ ਸੋਚਦਾ ਹੈ।

**ਪਾਰਟੀ ਦਾ ਕੰਮ ਸਿਰਫ ਲੋਕਾਂ ਨੂੰ ਗਿਆਨ ਅਤੇ ਪ੍ਰੇਰਨਾ ਦੇਣ ਲਈ ਐਜੀਟੇਸ਼ਨ ਅਤੇ ਪ੍ਰਾਪੇਗੰਡੇ ਦਾ ਕੰਮ ਹੀ ਨਹੀਂ, ਸਗੋਂ ਪਾਰਟੀ ਦੀ ਸੇਧ ਅਤੇ ਹਦਾਇਤਾਂ ਨੂੰ ਲਾਗੂ ਕਰਨ ਲਈ ਜਥੇਬੰਦੀ ਅਤੇ ਲਾਮਬੰਦੀ ਕਰਨ ਦਾ ਕੰਮ ਵੀ ਹੈ।** ਪਾਰਟੀ ਦਾ ਕੰਮ ਕਮਿਊਨਿਸਟਾਂ ਅਤੇ ਲੋਕਾਂ ਨੂੰ ਇਨਕਲਾਬੀ ਕਾਰਵਾਈਆਂ ਲਈ ਅਗਵਾਈ, ਸਿੱਖਿਆ ਅਤੇ ਲਾਮਬੰਦੀ ਪ੍ਰਦਾਨ ਕਰਦਾ ਹੈ, ਤਾਂ ਕਿ ਉਹ ਇਨਕਲਾਬੀਆਂ ਦੀ ਤਰ੍ਹਾਂ ਸੋਚਣ ਅਤੇ ਕੰਮ ਅਤੇ ਸੰਘਰਸ਼ ਕਰਨ।

ਪਾਰਟੀ ਨੇ ਕੁੱਝ ਪਾਰਟੀ ਸੰਸਥਾਵਾਂ ਅਤੇ ਬੁਨਿਆਦੀ ਜਥੇਬੰਦੀਆਂ ਦੇ ਕੰਮ ਵਿਚ ਇਕ-ਤਰਫਾ ਅਤੇ ਸੌੜੀ ਸੋਚਣੀ ਦੇ ਲੱਛਣਾਂ ਵਿਰੁੱਧ ਲੜਾਈ ਕੀਤੀ ਹੈ, ਜਿਹੜੀਆਂ ਕਾਰਜਾਂ ਦੀ ਸਪੱਸ਼ਟ ਪ੍ਰੀਭਾਸ਼ਾ ਅਤੇ ਉਨ੍ਹਾਂ ਨੂੰ ਨੇਪਰੇ ਚਾੜ੍ਹਨ ਲਈ ਠੋਸ ਕਦਮ ਉਠਾਉਣ ਦੀ ਬਜਾਏ ਵਾਰ ਵਾਰ ਮੀਟਿੰਗਾਂ ਅਤੇ ਲੰਬੀਆਂ ਰਿਪੋਰਟਾਂ ਅਤੇ ਵਿਚਾਰ-ਵਟਾਂਦਰਿਆਂ ਨੂੰ ਪਹਿਲ ਦਿੰਦੀਆਂ ਹਨ। ਇਹੀ ਵਜ੍ਹਾ ਹੈ ਕਿ ਕਈ ਇਕ ਅਜੇਹੇ ਕੇਸ ਹੁੰਦੇ ਹਨ ਜਦ, ਬੇਸ਼ਕ ਇਸ ਜਾਂ ਉਸ ਖੇਤਰ ਵਿਚ ਅਵਸਥਾ ਦਾ ਵਿਸ਼ਲੇਸ਼ਣ ਕਰਨ ਲਈ ਕਈ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ, ਫਿਰ ਵੀ ਮਸਲੇ ਹੱਲ ਨਹੀਂ ਹੁੰਦੇ ਅਤੇ ਹਾਲਤ ਵਿਚ ਸੁਧਾਰ ਨਹੀਂ ਹੁੰਦਾ।

ਤਜ਼ਰਬੇ ਨੇ ਦਿਖਾਇਆ ਹੈ ਕਿ ਮਸਲੇ ਅਤੇ ਕਾਰਜ, ਸਿਰਫ ਕਮਿਊਨਿਸਟਾਂ ਅਤੇ ਮਜ਼ਦੂਰਾਂ ਦੀ ਜ਼ਮੀਰ ਨੂੰ ਅਪੀਲਾਂ ਨਾਲ ਹੀ ਹੱਲ ਨਹੀਂ ਹੁੰਦੇ ਸਗੋਂ ਤਦ ਹੱਲ ਹੁੰਦੇ ਹਨ ਜਦ ਕਾਰਜਾਂ ਨੂੰ ਨੇਪਰੇ ਚਾੜ੍ਹਨ ਅਤੇ ਲੋਕਾਂ ਨੂੰ ਸਮਝਾਉਣ ਦੇ ਕੰਮ ਦੇ ਨਾਲੋ ਨਾਲ ਸਰਬ-ਪੱਖੀ ਉਪਾਓ ਕਰਨ, ਜਥੇਬੰਦੀ ਅਤੇ ਠੋਸ ਰਾਹਨੁਮਾਈ, ਨਿਗਰਾਨੀ ਆਦਿ ਉੱਤੇ ਵੀ ਜ਼ੋਰ ਦਿੱਤਾ ਜਾਂਦਾ ਹੈ। ਵਿਚਾਰਧਾਰਕ-ਸਿਆਸੀ ਅਤੇ ਤਕਨੀਕੀ-ਜਥੇਬੰਦਕ ਉਪਾਓ ਇਕ ਦੰਦਾਤਮਕ (dialectical) ਏਕਤਾ ਹਨ; ਉਹ ਲੋਕਾਂ ਨੂੰ ਸਿੱਖਿਅਤ ਅਤੇ ਲਾਮਬੰਦ ਕਰਦੇ ਹਨ ਅਤੇ ਉਹਨਾਂ ਨੂੰ ਇਨਕਲਾਬੀ ਕਾਰਵਾਈਆਂ ਲਈ ਉਤਸ਼ਾਹਿਤ ਕਰਦੇ ਹਨ।

ਕਮਿਊਨਿਸਟਾਂ ਦੇ ਮੋਹਰੀ ਦਸਤੇ ਵਾਲੀ ਭੂਮਿਕਾ ਨੂੰ ਸੰਪੰਨ ਕਰਨਾ ਪਾਰਟੀ ਦੇ ਸੰਗਠਨਾਂ ਅਤੇ ਬੁਨਿਆਦੀ ਜਥੇਬੰਦੀਆਂ ਦਾ ਮੁੱਖ ਕਾਰਜ ਰਿਹਾ ਹੈ ਅਤੇ ਭਵਿਖ ਵਿਚ ਵੀ ਰਹੇਗਾ। ਵਰਤਮਾਨ ਹਾਲਤਾਂ ਵਿਚ ਵਿਸ਼ੇਸ਼ ਤੌਰ ਤੇ ਕਮਿਊਨਿਸਟਾਂ ਦਾ ਇਹ ਫਰਜ਼ ਹੈ ਕਿ ਉਹ ਇਸ ਸ਼ਾਨਦਾਰ ਖਿਤਾਬ ਨੂੰ ਉੱਚਾ ਰੱਖਣ ਖਾਤਿਰ ਆਪਣੇ-ਆਪ ਤੋਂ ਵਧੇਰੇ ਮੰਗਾਂ ਕਰਨ, ਆਪਣੇ ਵਿਚ ਅਤੇ ਹੋਰਨਾਂ ਵਿਚ ਕਿਸੇ ਵੀ ਕਿਸਮ ਦੇ ਬੇਗਾਨੇ ਲੱਛਣਾਂ ਵਿਰੁੱਧ ਡਟ ਕੇ ਲੜਾਈ ਕਰਨ, ਅਤੇ ਹਰ ਦਿਸ਼ਾ ਵਿਚ ਸਭ ਤੋਂ ਉੱਤਮ ਲੋਕਾਂ ਦੇ ਤੌਰ ਤੇ ਮਿਸਾਲ ਬਣਨ। ਕਮਿਊਨਿਸਟਾਂ ਨੂੰ, ਸਮਾਜਵਾਦੀ ਉਸਾਰੀ ਅਤੇ ਵਤਨ ਦੀ ਰਖਵਾਲੀ ਲਈ ਰੋਜ਼ਾਨਾ ਸੰਘਰਸ਼ ਵਿਚ ਆਪਣੀ ਇਨਕਲਾਬੀ ਦ੍ਰਿੜ੍ਹਤਾ ਅਤੇ ਸਰਗਰਮ ਕਾਰਵਾਈ ਪੱਖੋਂ ਸਭ ਤੋਂ ਉੱਤਮ ਹੋਣਾ ਚਾਹੀਦਾ ਹੈ, ਉਹਨਾਂ ਨੂੰ ਹਮੇਸ਼ਾ ਹੀ ਕੰਮ ਅਤੇ ਸੰਘਰਸ਼ ਦੇ ਸਭ ਤੋਂ ਕਠਿਨ ਅਤੇ ਅਹਿਮ ਮੁਹਾਜ਼ਾਂ ਤੇ ਹੋਣਾ ਚਾਹੀਦਾ ਹੈ, ਅਤੇ ਸੂਝਵਾਨ ਅਤੇ ਨਿਪੁੰਨ ਲੀਡਰ ਹੋਣਾ ਚਾਹੀਦਾ ਹੈ ਜਿਹੜੇ ਪਾਰਟੀ ਦੀ ਸੇਧ ਨੂੰ ਲਾਗੂ ਕਰਨ ਲਈ ਜ਼ਿੰਮੇਵਾਰੀ ਨਾਲ ਕੰਮ ਕਰਦੇ ਹਨ।

ਲੋਕ ਸਿਰਫ ਤਦ ਹੀ ਪਾਰਟੀ ਦੀਆਂ ਜਥੇਬੰਦੀਆਂ ਦੇ ਫੈਸਲਿਆਂ ਨੂੰ ਲਾਗੂ ਕਰਦੇ ਅਤੇ ਕਮਿਊਨਿਸਟਾਂ ਨੂੰ ਮੰਨਦੇ ਹਨ ਜਦ ਕਮਿਊਨਿਸਟ ਆਪਣੀ ਕਹਿਣੀ ਨੂੰ ਕਰਨੀ ਨਾਲੋਂ ਵੱਖ ਨਾ ਕਰਨ, ਜਦ ਉਹ ਮਿਹਨਤਕਸ਼ ਲੋਕਾਂ, ਸਮਾਜਵਾਦ ਅਤੇ ਮਾਤਭੂਮੀ ਦੇ ਹਿੱਤਾਂ ਲਈ ਸੋਚਣ, ਕੰਮ ਕਰਨ ਅਤੇ ਕੁਰਬਾਨੀਆਂ ਦੇਣ। ਇਕ ਕਮਿਊਨਿਸਟ ਅਤੇ ਇਨਕਲਾਬੀ ਹੋਣ ਦਾ ਮਤਲਬ ਹੈ ਕਿ ਤੁਹਾਨੂੰ ਮਹਾਨ ਕੰਮ ਕਰਨੇ ਚਾਹੀਦੇ ਹਨ, ਸਿਰਫ ਵਕਤ ਬਿਤਾਉਣ ਜਾਂ ਸਧਾਰਨ ਦਰਾਂ ਨਾਲ ਹੀ ਸੰਤੁਸ਼ਟ ਨਹੀਂ ਹੋਣਾ ਚਾਹੀਦਾ, ਸਗੋਂ ਸਭ ਮੁਹਾਜ਼ਾਂ 'ਤੇ ਤੇਜ਼ ਉੱਨਤੀ ਲਈ ਸੰਘਰਸ਼ ਕਰਨਾ ਚਾਹੀਦਾ ਹੈ, ਅਤੇ ਹਮੇਸ਼ਾਂ ਹੀ ਨਵੀਨ ਦਾ ਪੱਖ ਲੈਣਾ ਅਤੇ ਇਸਦੀ ਰਖਵਾਲੀ ਕਰਨੀ ਚਾਹੀਦੀ ਹੈ।

**ਪਾਰਟੀ ਦਾ ਕੰਮ ਤਦ ਕਾਰਗਰ ਹੁੰਦਾ ਹੈ ਜਦ ਪਾਰਟੀ ਜਥੇਬੰਦੀਆਂ ਅਤੇ ਸਭ ਪਾਰਟੀ ਮੈਂਬਰ ਖੁਦ ਆਪਣੀ ਪਹਿਲ-ਕਦਮੀ ਨਾਲ ਕਾਰਵਾਈ ਕਰਨ ਦੀ ਯੋਗਤਾ ਹਾਸਲ ਕਰ ਲੈਂਦੇ ਹਨ ਅਤੇ ਸਿਰਜਣਾਤਮਕ ਅਤੇ ਨਵੀਨਤਾਪੂਰਣ ਜਜ਼ਬੇ ਨੂੰ ਵਿਸਤ੍ਰਿਤ ਰੂਪ 'ਚ ਵਿਕਸਤ ਕਰ ਲੈਂਦੇ ਹਨ।** ਇਸ ਪੱਖ ਤੋਂ ਹਰ ਜਗ੍ਹਾ ਕਈ ਮਿਸਾਲਾਂ ਅਤੇ ਸਾਰਥਿਕ ਤਜ਼ਰਬਾ ਹੈ। ਫਿਰ ਵੀ, ਕਈ ਪਾਰਟੀ ਜਥੇਬੰਦੀਆਂ ਵਿਚ, ਕਾਰਖਾਨਿਆਂ, ਖੇਤੀ ਕੋਅਪ੍ਰੇਟਿਵਾਂ, ਕੇਂਦਰੀ ਵਿਭਾਗਾਂ ਅਤੇ ਸੰਸਥਾਵਾਂ ਵਿਚ ਕੁੱਝ ਕੇਡਰਾਂ ਅਤੇ ਪਾਰਟੀ ਮੈਂਬਰਾਂ ਵਿਚ ਹਿਦਾਇਤਾਂ ਲਈ ਇੰਤਜ਼ਾਰ ਕਰਦੇ ਰਹਿਣ, ਟਾਲ-ਮਟੋਲ ਅਤੇ ਝਿਜਕ, ਆਪਣੇ ਹੀ ਅਧਿਕਾਰ ਹੇਠਲੇ ਮਸਲਿਆਂ ਨੂੰ ਹੱਲ ਕਰਨ ਵਿਚ ਪਹਿਲ-ਕਦਮੀ ਦੀ ਘਾਟ ਦੇ ਪ੍ਰਗਟਾਵਿਆਂ ਵਿਰੁੱਧ ਲੜਾਈ ਕਰਨ ਦੀ ਲੋੜ ਹੈ।

ਕੰਮ, ਬੰਦੋਬਸਤ ਅਤੇ ਜਥੇਬੰਦੀ ਦਾ ਢੰਗ ਸਿਰਫ ਇਕ ਵਾਰ ਹੀ ਮਿਥੇ ਨਹੀਂ ਜਾਂਦੇ ਅਤੇ ਇਹ ਅਪ੍ਰਵਰਤਨਸ਼ੀਲ ਨਹੀਂ ਹਨ। ਜੀਵਨ ਤਰੱਕੀ ਕਰਦਾ ਹੈ, ਸਾਡਾ ਸਮਾਜਵਾਦੀ ਸਮਾਜ ਲਗਾਤਾਰ ਉੱਨਤ ਹੋ ਰਿਹਾ ਹੈ, ਹਾਲਾਤ ਬਦਲਦੇ ਹਨ। ਇਹ ਉੱਨਤੀ ਮੰਗ ਕਰਦੀ ਹੈ ਕਿ ਅਸੀਂ ਰਚਨਾਤਮਕ ਅਤੇ ਜੁਗਤਕਾਰ ਬਣੀਏ, ਕੰਮ ਦੇ ਨਵੇਂ ਵਧੇਰੇ ਲਚੀਲੇ ਅਤੇ ਵਿਸਤ੍ਰਿਤ ਢੰਗ ਢੂੰਡੀਏ, ਅਤੇ ਉਨ੍ਹਾਂ ਨੂੰ ਲਗਾਤਾਰ ਨਵੀਨ ਅਤੇ ਪ੍ਰਫੁੱਲਤ ਬਣਾਉਂਦੇ ਰਹੀਏ ਤਾਂ ਕਿ ਉਹ ਵਕਤ ਦੀਆਂ ਲੋੜਾਂ ਨੂੰ ਚੰਗੇਰੀ ਤਰ੍ਹਾਂ ਪੂਰਾ ਕਰ ਸਕਣ।

**ਪਾਰਟੀ ਦੀਆਂ ਹਿਦਾਇਤਾਂ ਦਾ ਵਿਸ਼ਲੇਸ਼ਣ ਕਰਨ ਵਿਚ ਵਧੇਰੇ ਲਾਇਕ ਅਤੇ ਅਸਰਦਾਰ ਕੰਮ ਦੀ ਲੋੜ ਹੈ।** ਇਹ ਬੁਨਿਆਦੀ ਜਥੇਬੰਦੀਆਂ ਅਤੇ ਸਭ ਪਾਰਟੀ ਮੈਂਬਰਾਂ ਦਾ ਇਕ ਬੁਨਿਆਦੀ ਕਾਰਜ ਹੈ। ਪਾਰਟੀ ਦੀਆਂ ਹਿਦਾਇਤਾਂ ਇਸ ਦੀ ਸੇਧ ਨੂੰ ਪ੍ਰਗਟ ਕਰਦੀਆਂ ਹਨ, ਵੱਖ ਵੱਖ ਸਮੱਸਿਆਵਾਂ ਦੇ ਹੱਲ ਲਈ ਕਮਿਊਨਿਸਟਾਂ ਅਤੇ ਲੋਕਾਂ ਨੂੰ ਦਰਪੇਸ਼ ਕਾਰਜਾਂ ਦੀ ਪ੍ਰੀਭਾਸ਼ਾ ਕਰਦੀਆਂ ਹਨ। ਪਾਰਟੀ ਦੀਆਂ ਹਿਦਾਇਤਾਂ ਦਾ ਵਿਸ਼ਲੇਸ਼ਣ ਕਰਨ ਦੇ ਕੰਮ ਵਿਚ ਚੰਗਾ ਤਜਰਬਾ ਹਾਸਲ ਕੀਤਾ ਗਿਆ ਹੈ। ਫਿਰ ਵੀ, ਰਸਮੀਪਣ ਅਤੇ ਰੂੜ੍ਹੀਗਤ ਅਮਲਾਂ ਦੇ ਕੁਝ ਪ੍ਰਗਟਾਵੇ, ਜੋ ਅਜੇ ਵੀ ਕਈ ਪਾਰਟੀ ਸੰਗਠਨਾਂ ਅਤੇ ਬੁਨਿਆਦੀ ਜਥੇਬੰਦੀਆਂ ਦੇ ਕੰਮ ਵਿਚ ਦੇਖੇ ਜਾਂਦੇ ਹਨ ਉਨ੍ਹਾਂ ਵਿਰੁੱਧ ਡਟਕੇ ਲੜਨਾ ਚਾਹੀਦਾ ਹੈ। ਕਈ ਵਾਰੀ ਪਾਰਟੀ ਦੀਆਂ ਹਿਦਾਇਤਾਂ ਅਤੇ ਫੈਸਲੇ ਨੀਹਾਂ ਤਕ, ਲੋਕਾਂ ਤਕ ਉਸੇ ਸੰਜੀਦਗੀ ਅਤੇ ਬਲ ਨਾਲ ਨਹੀਂ ਪਹੁੰਚਦੇ ਜਿਸ ਸੰਜੀਦਗੀ ਅਤੇ ਬਲ ਨਾਲ ਕੇਂਦਰੀ ਕਮੇਟੀ ਜਾਂ ਜ਼ਿਲ੍ਹਾ ਪਾਰਟੀ ਕਮੇਟੀਆਂ ਉਨ੍ਹਾਂ ਨੂੰ ਜਾਰੀ ਕਰਦੀਆਂ ਹਨ। ਇਹ ਹਦਾਇਤਾਂ ਅਤੇ ਫੈਸਲੇ, ਜਿਨ੍ਹਾਂ ਠੋਸ ਹਾਲਤਾਂ ਵਿਚ ਕੋਈ ਜਥੇਬੰਦੀ ਕਾਰਵਾਈ ਕਰਦੀ ਹੈ ਜਾਂ ਉਸ ਨੂੰ ਦਰਪੇਸ਼ ਕਾਰਜਾਂ ਵਲ ਕੋਈ ਧਿਆਨ ਦਿੱਤੇ ਬਗੈਰ ਹੀ ਹੇਠਲੀ ਜਥੇਬੰਦੀਆਂ ਨੂੰ ਮਕਾਨਕੀ ਤੌਰ ਤੇ ਪਹੁੰਚਾ ਦਿੱਤੇ ਜਾਂਦੇ ਹਨ।

ਪਾਰਟੀ ਦੀ ਹਦਾਇਤ ਦਾ ਵਿਸ਼ਲੇਸ਼ਣ ਕਰਨ ਤੋਂ ਭਾਵ ਹੈ ਕਿ ਇਸ ਦੀ ਲੋੜ ਅਤੇ ਮਹੱਤਵ ਦੀ ਸਿਆਸੀ, ਵਿਚਾਰਧਾਰਕ ਅਤੇ ਆਰਥਿਕ ਨੁਕਤਾ-ਨਿਗਾਹ ਤੋਂ ਵਿਆਖਿਆ ਕੀਤੀ ਜਾਵੇ, ਇਸ ਤੋਂ ਪਾਰਟੀ ਜਥੇਬੰਦੀਆਂ, ਜਨਤਕ ਜਥੇਬੰਦੀਆਂ, ਅਤੇ ਸਟੇਟ, ਆਰਥਿਕ, ਸੱਭਿਆਚਾਰਕ ਅਤੇ ਹੋਰ ਸੰਗਠਨਾਂ ਲਈ ਪੈਦਾ ਹੋਣ ਵਾਲੇ ਕਾਰਜਾਂ ਨੂੰ ਹਰ ਜ਼ਿਲ੍ਹੇ, ਜ਼ੋਨ ਅਤੇ ਖੇਤਰ ਦੇ ਠੋਸ ਹਾਲਤਾਂ ਦੇ ਅਨੁਕੂਲ ਸਪੱਸ਼ਟ ਕੀਤਾ ਜਾਵੇ ਅਤੇ ਇਨ੍ਹਾਂ ਕਾਰਜਾਂ ਦੀ ਪੂਰਤੀ ਲਈ ਤਰੀਕੇ ਅਤੇ ਲੋੜੀਂਦੇ ਉਪਾਓ ਦੱਸੇ ਜਾਣ।

ਹਦਾਇਤ ਨੂੰ ਮੁਕੰਮਲ ਅਤੇ ਸਿਰਜਨਾਤਮਕ ਢੰਗ ਨਾਲ ਲਾਗੂ ਕਰਨ ਵਾਸਤੇ ਲੋਕਾਂ ਨੂੰ ਇਨਕਲਾਬੀ ਕਾਰਵਾਈਆਂ ਵਿਚ ਪਾਉਣਾ ਫੈਸਲਾਕੁੰਨ ਮਹੱਤਤਾ ਰੱਖਦਾ ਹੈ। ਏਥੇ ਹੀ, ਸੰਘਰਸ਼ ਦੇ ਤਾਅ ਵਿਚ ਹੀ ਪਾਰਟੀ ਦੀ ਹਦਾਇਤ ਦਾ ਸਹੀਪਣ ਪਰਖਿਆ ਜਾਂਦਾ ਹੈ ਅਤੇ ਇਸ ਵਿਚ ਲੋੜੀਂਦੇ ਵਾਧੇ ਅਤੇ ਤਰਮੀਮਾਂ ਕੀਤੀਆਂ ਜਾਂਦੀਆਂ ਹਨ। ਕਾਰਵਾਈਆਂ ਵਿਚ ਅਤੇ ਕਾਰਵਾਈਆਂ ਰਾਹੀਂ ਪਾਰਟੀ ਮੈਂਬਰ ਅਤੇ ਲੋਕ ਪਾਰਟੀ ਦੀਆਂ ਹਦਾਇਤਾਂ ਵਿਚ ਆਪਣਾ ਵਿਸ਼ਵਾਸ ਮਜ਼ਬੂਤ ਕਰਦੇ ਹਨ, ਸਿੱਖਿਅਤ ਅਤੇ ਨਿੱਗਰ ਬਣਦੇ ਹਨ, ਆਪਣੀਆਂ ਇਨਕਲਾਬੀ ਪਹਿਲ-ਕਦਮੀਆਂ ਨੂੰ ਜ਼ਾਹਿਰ ਕਰਦੇ ਹਨ, ਕਹਿਣੀ ਅਤੇ ਕਰਨੀ ਵਿਚ ਏਕਤਾ ਪੈਦਾ ਕਰਦੇ ਹਨ ਅਤੇ ਕਾਰਜ ਦੀ ਸਮੇਂ ਸਿਰ ਅਤੇ ਵਧੀਆ ਪੂਰਤੀ ਲਈ ਕੰਮ ਦੀਆਂ ਤੇਜ਼ ਦਰਾਂ ਨੂੰ ਯਕੀਨੀ ਬਣਾਉਂਦੇ ਹਨ। ਕਾਰਵਾਈਆਂ ,ਨੌਕਰਸ਼ਾਹ ਅਤੇ ਵਿਵਸਾਇਕ ਢੰਗਾਂ, ਟਾਲ-ਮਟੋਲਾਂ, ਸੁਸਤੀ ਅਤੇ ਸਵੈ-ਸੰਤੁਸ਼ਟਤਾ ਦਾ ਮੁਕਾਬਲਾ ਕਰਨ ਵਿਚ ਵੀ ਮਦਦ ਕਰਦੀਆਂ ਹਨ, ਅਤੇ ਹਰ ਜਗ੍ਹਾ ਲੋਕਾਂ ਨੂੰ ਜੀਵਨ ਅਤੇ ਕੰਮ ਵਿਚ ਸਰਗਰਮੀ ਲਈ ਉਭਾਰਦੀਆਂ ਹਨ।

**ਪਾਰਟੀ ਦਾ ਕੰਮ ਤਦ ਕਾਰਗਰ ਹੁੰਦਾ ਹੈ ਜਦ ਪਾਰਟੀ ਸੰਗਠਨ ਅਤੇ ਜਥੇਬੰਦੀਆਂ ਪਾਰਟੀ ਦੀ ਸੇਧ ਅਤੇ ਸਟੇਟ ਯੋਜਨਾ ਦੇ ਕਾਰਜਾਂ ਦੀ ਪੂਰਤੀ ਬਾਰੇ ਜਾਣੂ ਹੋਣ ਅਤੇ ਇਨ੍ਹਾਂ ਨੂੰ ਲਾਗੂ ਕਰਨ ਦੀ ਮੁਕੰਮਲ ਜ਼ਿੰਮੇਂ-ਵਾਰੀ ਸੰਭਾਲਣ।** ਜ਼ਿੰਮੇਂਵਾਰੀ ਦੀ ਭਾਵਨਾ ਤੋਂ ਬਗ਼ੈਰ ਕੋਈ ਵੀ ਸੰਘਰਸ਼ ਜਾਂ ਯਤਨ ਨਹੀਂ ਹੋ ਸਕਦੇ, ਸਮੱਸਿਆਵਾਂ ਦੇ ਹੱਲ ਲਈ ਕੋਈ ਵੀ ਇਨਕਲਾਬੀ ਕਾਰਵਾਈਆਂ ਨਹੀਂ ਹੋ ਸਕਦੀਆਂ। ਕਾਰਜ, ਲਗਨ ਨਾਲ ਕੰਮ ਅਤੇ ਸੰਘਰਸ਼ ਅਤੇ ਕੁਰਬਾਨੀ ਕਰਕੇ, ਕੰਮ ਵਿਚ ਆਪਣਾ ਮੋਢਾ ਡਾਹ ਕੇ ਅਤੇ ਆਪਣੇ ਫਰਜ਼ਾਂ ਨੂੰ ਚੰਗੀ ਤਰ੍ਹਾਂ ਅਤੇ ਕੁਸ਼ਲਤਾ ਨਾਲ ਬਾਰੀਕੀ ਨਾਲ ਨਿਭਾ ਕੇ ਨੇਪਰੇ ਚਾੜ੍ਹੇ ਜਾਂਦੇ ਹਨ।

ਇਹ ਸੱਚ ਹੈ ਕਿ ਪਾਰਟੀ ਸੰਗਠਨਾਂ ਅਤੇ ਜਥੇਬੰਦੀਆਂ ਦੀ, ਪਾਰਟੀ ਮੈਂਬਰਾਂ ਅਤੇ ਕੇਡਰਾਂ ਦੀ ਭਾਰੀ ਬਹੁ-ਗਿਣਤੀ ਬਹੁਤ ਹੀ ਜ਼ਿੰਮੇਂਵਾਰੀ ਦੀ ਭਾਵਨਾ ਨਾਲ ਕੰਮ ਕਰਦੇ ਹਨ। ਫਿਰ ਵੀ, ਅਜਿਹੀਆਂ ਜਥੇਬੰਦੀਆਂ, ਕਮਿਊਨਿਸਟ ਅਤੇ ਕੇਡਰ ਮਿਲ ਜਾਂਦੇ ਹਨ ਜੋ ਮੁਸ਼ਕਲਾਂ ਅਤੇ ਅੜਚਣਾਂ ਤੇ ਕਾਬੂ ਪਾਉਣ ਅਤੇ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਦ੍ਰਿੜ੍ਹਤਾ ਨਾਲ ਸੰਘਰਸ਼ ਨਹੀਂ ਕਰਦੇ। ਲਾਪ੍ਰਵਾਹੀ ਅਤੇ ਬਹਾਨੇ-ਬਾਜ਼ੀ, ਅਤੇ ਤਰੁੱਟੀਆਂ ਅਤੇ ਕਮਜ਼ੋਰੀਆਂ ਉੱਤੇ ਆਮ ਬਿਆਨਾਂ ਰਾਹੀਂ ਪਰਦਾ ਪਾਉਣ ਦੇ ਪ੍ਰਗਟਾਵੇ ਸਿਰਫ਼ ਜ਼ਿੰਮੇਂਵਾਰੀ ਦੀ ਭਾਵਨਾ ਦੀ ਘਾਟ ਨੂੰ ਹੀ ਜ਼ਾਹਿਰ ਕਰਦੇ ਹਨ।

ਪਾਰਟੀ ਨੂੰ ਸਿਰਫ਼ ਆਪਣੇ ਮੈਂਬਰਾਂ ਵਿਚ ਨਹੀਂ, ਸਗੋਂ ਜਿਨ੍ਹਾਂ ਸੰਗਠਨਾਂ ਅਤੇ ਜਥੇਬੰਦੀਆਂ ਨੂੰ ਇਹ ਅਗਵਾਈ ਦਿੰਦੀ ਹੈ ਉਹਨਾਂ ਵਿਚ ਵੀ ਅਤੇ ਸਭ ਮਿਹਨਤਕਸ਼ ਲੋਕਾਂ ਅਤੇ ਕੇਡਰਾਂ ਵਿਚ ਵੀ ਜ਼ਿੰਮੇਂਵਾਰੀ ਦੀ ਭਾਵਨਾ ਭਰਨ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਹਰੇਕ ਪਾਰਟੀ ਸੰਗਠਨ ਅਤੇ ਜਥੇਬੰਦੀ ਦੀ ਅਤੇ ਉਹਨਾਂ ਦੇ ਲੀਵਰਾਂ ਦੀ ਸਾਂਝੀ ਜ਼ਿੰਮੇਂਵਾਰੀ ਦੀ ਭਾਵਨਾ ਅਤੇ ਹਰੇਕ ਪਾਰਟੀ ਮੈਂਬਰ ਅਤੇ ਕੇਡਰ ਦੀ ਵਿਅਕਤੀਗਤ ਜ਼ਿੰਮੇਂਵਾਰੀ ਦੀ ਭਾਵਨਾ ਨੂੰ ਉਸਾਰਨਾ ਸਭ ਸਮਿਆਂ ਤੇ ਅਤੇ ਸਭ ਖੇਤਰਾਂ ਵਿਚ ਕਾਰਜਾਂ ਦੀ ਪੂਰਤੀ ਲਈ ਮਹਾਨ ਗਰੰਟੀ ਪੈਦਾ ਕਰਦਾ ਹੈ।

**ਜਦ ਇਹ ਮੰਗ ਬੜੀ ਸਖ਼ਤੀ ਨਾਲ ਕੀਤੀ ਜਾਂਦੀ ਹੈ ਕਿ ਹਰੇਕ ਨੂੰ ਹਿਸਾਬ-ਕਿਤਾਬ ਦੇਣਾ ਹੋਏਗਾ, ਜਦ ਕਾਰਜਾਂ ਦੀ ਪੂਰਤੀ ਉੱਤੇ ਸਖ਼ਤੀ ਨਾਲ ਨਿਗਰਾਨੀ ਰੱਖੀ ਜਾਂਦੀ ਹੈ ਤਾਂ ਜ਼ਿੰਮੇਂਵਾਰੀ ਦੀ ਭਾਵਨਾ ਮਜ਼ਬੂਤ ਹੁੰਦੀ ਹੈ।** ਇਸ ਦਿਸ਼ਾ ਵਿਚ ਕੀਤੇ ਗਏ ਸੁਧਾਰਾਂ ਦੇ ਬਾਵਜੂਦ, ਅਜੇ ਵੀ ਉਦਾਰ-ਵਾਦ ਅਤੇ ਭਾਵੁਕਤਾ ਦੇ, ਸਫ਼ਾਈ ਪੇਸ਼ ਕਰਨ ਦੀ ਭਾਵਨਾ ਅਤੇ ਨਿਗਰਾਨੀ ਦੇ ਮਹੱਤਵ ਨੂੰ ਘਟਾ ਕੇ ਦੇਖਣ ਦੇ ਲੱਛਣ ਅਤੇ ਇਸ ਨੂੰ ਰਸਮੀ ਅਤੇ ਓਪਰੇ ਤੌਰ ਤੇ ਲਾਗੂ ਕਰਨ ਦੇ ਪ੍ਰਗਟਾਵੇ ਮਿਲਦੇ ਹਨ। ਕਈ ਵਾਰ ਨਿਗਰਾਨੀ ਅਤੇ ਹਿਸਾਬ-ਕਿਤਾਬ ਦੀ ਕਾਰਵਾਈ ਇਸ ਕਰਕੇ ਵੀ ਕਮਜ਼ੋਰ ਹੁੰਦੀ ਹੈ ਕਿ ਕਾਰਜ ਅਤੇ ਫੈਸਲੇ ਸਿਰਫ਼ ਓਪਰੇ ਤੌਰ ਤੇ ਹੀ ਤੈਅ ਕੀਤੇ ਜਾਂਦੇ ਹਨ ਅਤੇ ਸਿੱਟੇ ਵਜੋਂ ਜ਼ਾਬਤੇ 'ਚ ਨਹੀਂ ਰੱਖੇ ਜਾ ਸਕਦੇ।

ਹਰ ਪਾਰਟੀ ਮੈਂਬਰ ਜਾਂ ਕਿਸੇ ਵੀ ਸਭਾ ਦੇ ਮੈਂਬਰ, ਚਾਹੇ ਉਸ ਦੀ ਪਦਵੀ ਅਤੇ ਕਾਰਜ ਜੋ ਵੀ ਹੋਵੇ, (ਉਸ) ਨੂੰ ਪਾਰਟੀ ਦੀ ਸੇਧ ਅਤੇ ਹਦਾਇਤਾਂ ਨੂੰ ਬੁਨਿ-ਆਦੀ ਜਥੇਬੰਦੀਆਂ ਦੇ ਫੈਸਲਿਆਂ ਅਤੇ ਸਟੇਟ ਕਾਰਜਾਂ ਨੂੰ ਨੇਪਰੇ ਚਾੜ੍ਹਨ ਵਿਚ ਆਪਣੇ ਕੰਮ ਦਾ ਖ਼ੁਦ ਪੂਰਾ ਹਿਸਾਬ-ਕਿਤਾਬ ਦੇਣਾ ਚਾਹੀਦਾ ਹੈ, ਅਤੇ ਮੰਗ ਕਰਨੀ ਚਾਹੀਦੀ ਹੈ ਕਿ ਹੋਰ ਵੀ ਅਜਿਹਾ ਹੀ ਕਰਨ। ਇਹ ਤਦ ਹਾਸਲ ਹੁੰਦਾ ਹੈ ਜਦ ਪਾਰਟੀ ਮੈਂਬਰ ਹੌਸਲੇ ਨਾਲ ਅਤੇ ਬਿਨਾਂ ਝਿਜਕ ਸਵੈ-ਨੁਕਤਾਚੀਨੀ, ਅਤੇ ਹੋਰ ਜੋ ਵੀ ਆਪਣਾ ਕਾਰਜ ਪੂਰਾ ਨਹੀਂ ਕਰਦਾ ਉਸ ਦੀ ਨੁਕਤਾਚੀਨੀ ਕਰਦੇ ਹਨ, ਜਦ ਉਹ ਝਿਜਕ, ਖੁਣਸ ਅਤੇ ਨੀਮ-ਬੁਰਜ਼ੂਆ ਲਾਪ੍ਰਵਾਹੀ ਵਿਰੁੱਧ ਦ੍ਰਿੜ੍ਹਤਾ ਨਾਲ ਸੰਘਰਸ਼ ਕਰਦੇ ਹਨ। ਤਰੁੱਟੀਆਂ ਪ੍ਰਤੀ ਸਵੈ-ਨੁਕਤਾਚੀਨੀ ਵਾਲਾ ਰਵੱਈਆ, ਪਾਰਟੀ ਮੈਂਬਰਾਂ ਦਾ ਨੁਕਤਾਚੀਨੀ ਕਰਨ ਅਤੇ ਹਿਸਾਬ-ਕਿਤਾਬ ਮੰਗਣ ਦਾ ਹੌਸਲਾ ਸਭ ਮਿਹਨਤਕਸ਼ ਲੋਕਾਂ ਲਈ ਇਕ ਮਿਸਾਲ ਅਤੇ ਉਤਸ਼ਾਹ ਦਾ ਇਕ ਮਹਾਨ ਸੋਮਾ ਹਨ।

ਸਟਾਲਿਨ ਸਾਨੂੰ ਸਿਖਾਉਂਦੇ ਹਨ :—

**"....ਇਕ ਚੰਗੀ ਤਰ੍ਹਾਂ ਜਥੇਬੰਦ ਨਿਗਰਾਨੀ, ਇਕ ਸਰਚਲਾਈਟ ਹੈ ਜੋ ਇਹ ਸਾਹਮਣੇ ਲਿਆਉਣ 'ਚ ਮਦਦ ਕਰਦੀ ਹੈ ਕਿ ਕਿਸੇ ਸਮੇਂ ਉਪਕਰਣ ਕਿਵੇਂ ਕੰਮ ਕਰ ਰਿਹਾ ਹੈ ਅਤੇ ਨੌਕਰਸ਼ਾਹਾਂ ਅਤੇ ਰਸਮੀ ਉਲਝਣਾਂ ਰਾਹੀਂ ਕਾਰੋਬਾਰ 'ਚ ਰੁਕਾਵਟ ਪਾਉਣ ਵਾਲਿਆਂ (redtapists) ਨੂੰ ਨੰਗੇ ਕਰਦੀ ਹੈ।"***

ਸਾਨੂੰ ਹਮੇਸ਼ਾਂ ਹੀ ਇਹ ਸਿੱਖਿਆ ਯਾਦ ਰੱਖਣੀ ਚਾਹੀਦੀ ਅਤੇ ਇਸ ਨੂੰ ਅਮਲ 'ਚ ਲਿਆਉਣਾ ਚਾਹੀਦਾ ਹੈ। ਪਾਰਟੀ ਕੰਟਰੋਲ ਅਤੇ ਸਟੇਟ ਕੰਟਰੋਲ ਨੂੰ ਸ਼ਕਤੀਸ਼ਾਲੀ ਅਤੇ ਨਿੱਗਰ ਬਣਾਉਣਾ ਅਤੇ ਇਸ (ਕੰਟਰੋਲ) ਨੂੰ ਦ੍ਰਿੜ੍ਹਤਾ ਨਾਲ ਅਤੇ ਜੁੜਵੇਂ ਤੌਰ ਤੇ ਲਾਗੂ ਕੀਤੇ ਜਾਣ ਨੂੰ ਯਕੀਨੀ ਬਣਾਉਣਾ ਪਾਰਟੀ ਦੇ ਸੰਗਠਨਾਂ ਅਤੇ ਜਥੇਬੰਦੀਆਂ ਦਾ ਕਰਤੱਵ ਹੈ। ਉੱਪਰ ਤੋਂ ਕੰਟਰੋਲ, ਸਮਾਨੰਤਰ ਕੰਟਰੋਲ ਜਾਂ ਨੀਚੇ ਤੋਂ ਕੰਟਰੋਲ ਲਾਜ਼ਮੀ ਹੀ ਵਧੇਰੇ ਕ੍ਰਿਆਸ਼ੀਲ ਹੋਣਾ ਚਾਹੀਦਾ ਹੈ, ਇਸ ਦੇ ਨਾਲ ਨਾਲ ਮਦਦ ਹੋਣੀ ਲਾਜ਼ਮੀ ਹੈ, ਅਤੇ ਇਸ ਨੂੰ (ਨਵੀਆਂ) ਦਿਸ਼ਾਵਾਂ ਖੋਲ੍ਹਣੀਆਂ ਚਾਹੀਦੀਆਂ ਹਨ ਅਤੇ ਲੋਕਾਂ ਨੂੰ ਸਿਖਾਉਣਾ ਚਾਹੀਦਾ ਹੈ ਕਿ ਉਹ ਆਪਣਾ ਕੰਮ ਕਿਵੇਂ ਜਥੇਬੰਦ ਕਰਨ, ਆਪਣੇ-ਆਪਨੂੰ ਲਾਮਬੰਦ ਕਿਵੇਂ ਕਰਨ ਅਤੇ ਕਾਰਜਾਂ ਦੀ ਪੂਰਤੀ ਦੇ ਰਾਹ ਵਿਚ ਆਉਣ ਵਾਲੀਆਂ ਕਠਨਾਈਆਂ ਉੱਤੇ ਕਾਬੂ ਕਿਵੇਂ ਪਾਉਣ।

## 3. ਪਾਰਟੀ ਦੀਆਂ ਸਫ਼ਾਂ ਦੇ ਵਾਧੇ ਲਈ ਨਿਸ਼ਚਿਤ ਤਰਕ ਨੂੰ ਸਹੀ ਢੰਗ ਨਾਲ ਲਾਗੂ ਕਰਨਾ ਚਾਹੀਦਾ ਹੈ

ਸਾਡੀ ਪਾਰਟੀ ਨੇ ਆਪਣੀਆਂ ਸਫ਼ਾਂ ਦੇ ਵਾਧੇ ਲਈ ਸਹੀ ਤਰਕ ਨੂੰ ਹਮੇਸ਼ਾਂ ਹੀ ਦ੍ਰਿੜ੍ਹਤਾ ਅਤੇ ਇਨਕਲਾਬੀ ਤਰੀਕੇ ਨਾਲ ਲਾਗੂ ਕੀਤਾ ਹੈ। ਇਸ ਨਾਲ ਪਾਰਟੀ ਮਜ਼ਬੂਤ ਅਤੇ ਵਧੇਰੇ ਸਿਹਤਮੰਦ ਬਣੀ ਹੈ ਅਤੇ ਇਸ ਦੇ ਕੰਮ ਦੀ ਕਾਰਗਰਤਾ ਵਧੀ ਹੈ।

ਪਾਰਟੀ ਇਸ ਕਾਂਗਰਸ ਵਿਚ, ਉਹਨਾਂ ਕਮਿਊਨਿਸਟਾਂ ਨਾਲ ਆਪਣੀਆਂ ਸਫ਼ਾਂ 'ਚ ਵਾਧਾ ਕਰਕੇ ਆਈ ਹੈ, ਜਿਹੜੇ ਲੋਕਾਂ, ਇਨਕਲਾਬ ਅਤੇ ਕਮਿਊਨਿਜ਼ਮ ਦੇ ਕਾਜ ਲਈ ਦਲੇਰ ਯੋਧੇ ਅਤੇ ਸੋਚਣੀ ਅਤੇ ਕਰਨੀ ਵਿਚ ਪ੍ਰੋਲੇਤਾਰੀਏ ਹਨ। ਹੁਣ 122,600 ਕਮਿਊਨਿਸਟ ਪਾਰਟੀ ਦੀਆਂ ਸਫ਼ਾਂ 'ਚ ਕੰਮ ਕਰ ਰਹੇ ਹਨ ਜਿਨ੍ਹਾਂ ਵਿਚ ਕਰੀਬ 38 ਫੀਸਦੀ ਮਜ਼ਦੂਰ, 29·4 ਫੀਸਦੀ ਸਹਿਕਾਰੀ ਕਿਸਾਨ ਅਤੇ 32·6 ਫੀਸਦੀ ਦਫ਼ਤਰੀ ਕਾਮੇ ਹਨ। ਔਰਤਾਂ 30 ਫੀਸਦੀ ਹਨ ਜਾਂ ਇਸ

* ਜੇ. ਵੀ. ਸਟਾਲਿਨ, ਚੋਣਵੀਆਂ ਰਚਨਾਵਾਂ, ਸਫ਼ਾ 418-419, ਤਿਰਾਨਾ 1979, (ਅਲਬਾਨੀਅਨ ਐਡੀਸ਼ਨ)

ਤਰ੍ਹਾਂ ਕਹਿ ਲਓ ਕਿ ਪਿਛਲੀ ਕਾਂਗਰਸ ਦੇ ਵੇਲੇ ਨਾਲੋਂ 2·5 ਫੀਸਦੀ ਵਧੇਰੇ ਹਨ। ਪਾਰਟੀ ਦੇ ਮੈਂਬਰ ਆਬਾਦੀ ਦਾ 4·5 ਫ਼ੀਸਦੀ ਹਨ। ਮੈਂਬਰਸ਼ਿਪ ਲਈ 24,363 ਉਮੀਦਵਾਰ ਜਿਨ੍ਹਾਂ 'ਚ 42·40 ਫੀਸਦੀ ਮਜ਼ਦੂਰ, 40·43 ਫੀਸਦੀ ਸਹਿਕਾਰੀ ਕਿਸਾਨ ਅਤੇ 17·17 ਫੀਸਦੀ ਦਫਤਰੀ ਕਾਮੇ ਹਨ, ਪਾਰਟੀ ਦੀ ਸੱਤਵੀਂ ਕਾਂਗਰਸ ਤੋਂ ਬਾਅਦ ਦੇ ਸਾਲਾਂ ਦੁਰਾਨ ਪਾਰਟੀ 'ਚ ਦਾਖ਼ਿਲ ਕੀਤੇ ਗਏ ਹਨ। ਇਹਨਾਂ ਵਿਚੋਂ 40·70 ਫੀਸਦੀ ਔਰਤਾਂ ਹਨ।

ਇਸ ਅਰਸੇ ਦੁਰਾਨ ਪਾਰਟੀ ਵਿਚ ਦਾਖਿਲ ਕੀਤੇ ਗਏ ਮੈਂਬਰਾਂ ਅਤੇ ਉਮੀਦਵਾਰ (ਮੈਂਬਰਾਂ) ਵਿਚੋਂ ਇਕ ਭਾਰੀ ਬਹੁ-ਗਿਣਤੀ ਉਤਪਾਦਨ ਦੇ ਖੇਤਰ, ਵਿਸ਼ੇਸ਼ ਕਰ ਉਤਪਾਦਨ ਦੇ ਮੁੱਖ ਮੁਹਾਜ਼ਾਂ ਉੱਤੇ ਕੰਮ ਕਰਨ ਵਾਲੇ ਹਨ। ਉਹ ਸਭ ਤੋਂ ਵਧੀਆ ਮਜ਼ਦੂਰ ਹਨ, ਸਿਆਸੀ ਅਤੇ ਵਿਚਾਰਧਾਰਕ ਤੌਰ ਤੇ ਸਭ ਤੋਂ ਵਧੇਰੇ ਵਿਕਸਤ ਹਨ। ਉਹ ਸ਼ਾਨਦਾਰ ਨੈਤਿਕ ਗੁਣਾਂ ਅਤੇ ਸਿਫਤਾਂ ਅਤੇ ਉੱਚੇ ਵਿਦਿਅਕ ਪੱਧਰ ਵਾਲੇ ਹਨ। ਸਮਾਜਵਾਦ ਦੀ ਉਸਾਰੀ ਵਿਚ ਮੋਹਰੀ ਯੋਧੇ ਅਤੇ ਸਰਗਰਮ ਕਾਮੇ ਹਨ।

ਤਜ਼ਰਬੇ ਅਤੇ ਵਰਤਮਾਨ ਹਾਲਤ ਦੇ ਅਧਾਰ ਤੇ, ਕੇਂਦਰੀ ਕਮੇਟੀ ਸਮਝਦੀ ਹੈ ਕਿ ਪਾਰਟੀ ਦੀਆਂ ਸਫ਼ਾਂ ਵਿਚ ਵਾਧੇ ਲਈ ਭਵਿੱਖ ਵਿਚ ਵੀ ਤਕਰੀਬਨ ਉਹੀ ਦਰਾਂ ਅਤੇ ਤਰਕ ਵਰਤਣਾ ਠੀਕ ਰਹੇਗਾ ਜੋ ਦਰਾਂ ਅਤੇ ਤਰਕ ਪਿਛਲੇ ਪੰਜ-ਸਾਲਾਂ ਦੁਰਾਨ ਵਰਤੀਆਂ ਗਈਆਂ ਹਨ :—

ਮਜ਼ਦੂਰ ਜਮਾਤ ਦੀਆਂ ਸਫ਼ਾਂ 'ਚੋਂ ਆਉਣ ਵਾਲੇ, ਖ਼ਾਸ ਕਰ ਉਤਪਾਦਨ ਦੀਆਂ ਮੁੱਖ ਸ਼ਾਖਾਵਾਂ, ਭਾਰੀ ਉਦਯੋਗਾਂ ਅਤੇ ਉਸਾਰੀ ਪ੍ਰਾਜੈਕਟਾਂ 'ਚ ਕੰਮ ਕਰਨ ਵਾਲੇ ਕਾਰਕੁੰਨਾਂ ਦੇ ਦਾਖ਼ਲੇ ਨੂੰ ਪਹਿਲ ਦੇਣੀ ਚਾਹੀਦੀ ਹੈ।

7ਵੀਂ ਕਾਂਗਰਸ ਵਲੋਂ ਮਿਥੇ ਗਏ ਇਸ ਟੀਚੇ ਨੂੰ ਹਾਸਲ ਕਰਨ ਲਈ ਚੰਗੇਰਾ ਕੰਮ ਕਰਨਾ ਚਾਹੀਦਾ ਹੈ, ਕਿ ਭਵਿੱਖ ਵਿਚ ਸਹਿਕਾਰੀ ਕਿਸਾਨੀ 'ਚ ਮੈਂਬਰਾਂ ਦਾ ਸਥਾਨ ਪਾਰਟੀ ਦੀ ਮੈਂਬਰਸ਼ਿਪ ਮਜ਼ਦੂਰਾਂ ਤੋਂ ਪਿਛੋਂ ਹੋਣਾ ਚਾਹੀਦਾ ਹੈ।

ਦਫਤਰੀ ਕਾਮਿਆਂ ਅਤੇ ਬੁੱਧੀ-ਜੀਵੀਆਂ ਵਿਚੋਂ, ਉੱਚੇ ਵਿਚਾਰਧਾਰਕ-ਸਿਆਸੀ, ਸੱਭਿਆਚਾਰਕ, ਤਕਨੀਕੀ ਅਤੇ ਵਿਗਿਆਨਕ ਪੱਧਰ ਵਾਲਿਆਂ ਨੂੰ ਅਤੇ ਸਮਾਜਵਾਦੀ ਉਸਾਰੀ ਅਤੇ ਡਿਫੈਂਸ ਦੇ ਸਭ ਤੋਂ ਮਹੱਤਵਪੂਰਨ ਸੈਕਟਰਾਂ ਵਿਚ ਕੰਮ ਕਰਨ ਵਾਲਿਆਂ ਨੂੰ ਦਾਖਿਲ ਕਰਨਾ ਚਾਹੀਦਾ ਹੈ।

ਪਾਰਟੀ ਵਿਚ ਔਰਤਾਂ ਦੀ ਗਿਣਤੀ ਵਧਾਉਣ ਲਈ ਕੰਮ ਤੇਜ਼ ਕਰਨਾ ਚਾਹੀਦਾ ਹੈ।

ਇਹਨਾਂ ਦਿਸ਼ਾਮਾਨਾਂ ਨੂੰ ਲਾਗੂ ਕਰਨ ਲਈ ਇਹ ਜ਼ਰੂਰੀ ਹੈ ਕਿ ਪਾਰਟੀ ਦੇ ਸੰਗਠਨ ਅਤੇ ਬੁਨਿਆਦੀ ਜਥੇਬੰਦੀਆਂ ਪਾਰਟੀ ਦੀਆਂ ਸਫ਼ਾਂ ਦਾ ਵਾਧਾ ਕਰਨ ਲਈ ਵਧੇਰੇ ਸੂਝ ਅਤੇ ਲਿਆਕਤ ਨਾਲ ਕੰਮ ਕਰਨ। ਰਸਮੀਪਣ ਅਤੇ ਨੌਕਰਸ਼ਾਹੀ ਦੇ ਲੱਛਣਾਂ, ਅਤੇ ਨੰਬਰਾਂ ਅਤੇ ਪ੍ਰਤੀਸ਼ਤਾਂ ਦੇ ਚੱਕਰ ਵਿਚ ਫਸੇ ਰਹਿਣ ਦੇ ਕਿਸੇ ਵੀ ਰੁਝਾਨ ਵਿਰੁੱਧ ਡਟਕੇ ਲੜਨਾ ਚਾਹੀਦਾ ਹੈ।

ਆਪਣੀਆਂ ਸਫ਼ਾਂ ਦੇ ਵਾਧੇ ਲਈ ਪਾਰਟੀ ਦੀ ਨੀਤੀ ਵਿਚ ਫੈਸਲਾਕੁੰਨ ਚੀਜ਼ ਦਾਖਲਿਆਂ ਦੀ ਪ੍ਰਕ੍ਰਿਤੀ (ਖੂਬੀ) ਹੈ। ਉਮੀਦਵਾਰਾਂ ਦਾ ਸਿਆਸੀ ਅਤੇ ਵਿਚਾਰਧਾਰਕ ਪੱਧਰ ਅੱਛਾ ਹੋਣਾ ਚਾਹੀਦਾ ਹੈ, ਸਮਰੱਥਾ ਅਤੇ ਯੋਗਤਾ ਹੋਣੀ ਚਾਹੀਦੀ ਹੈ। ਉਹ ਸੋਚਣੀ ਅਤੇ ਕੰਮ ਵਿਚ ਅਗਾਂਹਵਧੂ ਅਤੇ ਵਿਸਤ੍ਰਿਤ ਸੱਭਿਆ-ਚਾਰਕ, ਵਿਦਿਅਕ ਅਤੇ ਤਕਨੀਕੀ-ਪੇਸ਼ਾਵਾਰਾਨਾ ਰੁੱਚੀਆਂ ਵਾਲੇ ਹੋਣੇ ਚਾਹੀਦੇ ਹਨ, ਲੋਕਾਂ ਨੂੰ ਉਹਨਾਂ ਉਤੇ ਵਿਸ਼ਵਾਸ ਅਤੇ ਮਾਣ ਹੋਣਾ ਚਾਹੀਦਾ ਹੈ ਅਤੇ ਉਹ ਪਹਿਲ-ਕਦਮੀ ਦੇ ਮਾਲਕ ਅਤੇ ਦ੍ਰਿੜ੍ਹ ਇਨਕਲਾਬੀ ਹੋਣੇ ਚਾਹੀਦੇ ਹਨ। ਕਿਸੇ ਨੂੰ ਵੀ ਸਿਰਫ ਇਸ ਕਰਕੇ ਹੀ ਪਾਰਟੀ ਵਿਚ ਦਾਖਲ ਨਹੀਂ ਕਰ ਲੈਣਾ ਚਾਹੀਦਾ ਕਿ ਉਹ ਇਕ ਮਜ਼ਦੂਰ, ਕਿਸਾਨ ਜਾਂ ਪਾਰਟੀ ਮੈਂਬਰ ਦਾ ਪੁੱਤਰ ਹੈ, ਜਾਂ ਉਸ ਦੇ ਬਾਪ ਜਾਂ ਮਾਂ ਦੀਆਂ ਖ਼ੂਬੀਆਂ ਦੇ ਅਧਾਰ ਤੇ ਹੀ ਪਾਰਟੀ ਵਿਚ ਦਾਖਿਲ ਨਹੀਂ ਕਰਨਾ ਚਾਹੀਦਾ, ਸਗੋਂ ਉਸ ਨੂੰ ਖੁਦ ਉਸ ਦੀਆਂ ਵਿਅਕਤੀਗਤ ਖ਼ੂਬੀਆਂ, ਸਿਫ਼ਤਾਂ ਅਤੇ ਸਮਰੱਥਾਵਾਂ ਦੇ ਅਧਾਰ ਤੇ ਦਾਖ਼ਿਲ ਕਰਨਾ ਚਾਹੀਦਾ ਹੈ। ਇਹਨਾਂ ਖ਼ੂਬੀਆਂ ਅਤੇ ਵਿਸ਼ੇਸ਼ਤਾਵਾਂ ਨੂੰ ਰੋਜ਼ਾਨਾ ਸੰਘਰਸ਼ ਅਤੇ ਕਾਰਵਾਈ ਵਿਚ ਪਾਰਟੀ ਦੀਆਂ ਬੁਨਿਆਦੀ ਜਥੇਬੰਦੀਆਂ ਅਤੇ ਹਰ ਕਮਿਊਨਿਸਟ ਵਲੋਂ ਹੋਰ ਵਧੇਰੇ ਚੰਡਿਆ ਜਾਣਾ ਚਾਹੀਦਾ ਹੈ।

ਪਾਰਟੀ ਵਿਚ ਦਾਖਿਲ ਕੀਤੇ ਗਏ ਨਵੇਂ ਉਮੀਦਵਾਰ ਮੈਂਬਰਾਂ ਦੀ ਕਮਿਊ-ਨਿਸਟ ਬਣਤਰ ਵਿਚ ਆਜ਼ਮਾਇਸ਼ੀ ਸਮਾਂ (probation period) ਇਕ ਤਕੜੀ ਭੂਮਿਕਾ ਅਦਾ ਕਰਦਾ ਹੈ। ਪ੍ਰਾਪਤ ਕੀਤੇ ਗਏ ਤਜ਼ਰਬੇ ਨੂੰ, ਉਮੀਦਵਾਰ ਮੈਂਬਰਾਂ ਦੀ ਲਗਾਤਾਰ ਵਿਚਾਰਧਾਰਕ-ਸਿਆਸੀ ਸਿਖਲਾਈ ਅਤੇ ਇਨਕਲਾਬੀ ਮਜ਼ਬੂਤੀ ਵਿਚ ਪਾਰਟੀ ਦੀਆਂ ਬੁਨਿਆਦੀ ਜਥੇਬੰਦੀਆਂ ਦੀ ਭੂਮਿਕਾ ਅਤੇ ਜ਼ਿੰਮੇ-ਵਾਰੀ ਵਧਾਉਣ ਲਈ ਵਰਤਣਾ ਚਾਹੀਦਾ ਹੈ। ਉਮੀਦਵਾਰ ਦੇ ਆਜ਼ਮਾਇਸ਼ੀ ਸਮੇਂ ਦੀ ਮਹੱਤਤਾ ਨੂੰ ਘਟਾ ਕੇ ਵੇਖਣ ਜਾਂ ਆਜ਼ਮਾਇਸ਼ੀ ਸਮੇਂ ਦੇ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਵਿਚ ਢਿੱਲ-ਮਿਸ ਦੇ ਜੋ ਪ੍ਰਗਟਾਵੇ ਕਦੇ ਕਦੇ ਦੇਖੇ ਜਾਂਦੇ ਹਨ ਉਹਨਾਂ ਵਿਰੁੱਧ ਡਟਕੇ ਲੜਨਾ ਚਾਹੀਦਾ ਹੈ।

## 4. ਕੇਡਰਾਂ ਵਿਚ ਪਾਰਟੀ ਦੇ ਕੰਮ ਨੂੰ ਬੇਹਤਰ ਬਣਾਉਣਾ ਚਾਹੀਦਾ ਹੈ

ਆਪਣੇ ਕੰਮ ਦੇ 40 ਸਾਲਾਂ ਦੌਰਾਨ ਪਾਰਟੀ ਨੇ ਹਮੇਸ਼ਾਂ ਹੀ ਕੇਡਰਾਂ ਵਿਚ ਕੰਮ ਵਲ ਉਚੇਚਾ ਧਿਆਨ ਦਿੱਤਾ ਹੈ, ਅਤੇ ਇਸ ਬਹੁਤ ਹੀ ਮਹੱਤਵਪੂਰਨ ਸਵਾਲ ਤੇ ਇਸ ਨੇ ਸਪੱਸ਼ਟ ਦ੍ਰਿਸ਼ਟੀਆਂ ਵਾਲੀ ਇਕ ਸਹੀ ਨੀਤੀ ਲਾਗੂ ਕੀਤੀ ਹੈ। ਇਨ੍ਹਾਂ ਸਾਲਾਂ ਦੌਰਾਨ ਪਾਰਟੀ ਨੇ ਜੀਵਨ ਦੇ ਸਭ ਖੇਤਰਾਂ ਅਤੇ ਸੈਕਟਰਾਂ ਲਈ ਹਰ ਕਿਸਮ ਦੀਆਂ ਖ਼ੂਬੀਆਂ (specialities) ਵਾਲੇ ਕੇਡਰਾਂ ਦੀ ਇਕ ਸਮੁੱਚੀ ਫੌਜ ਨੂੰ ਸਿਖਲਾਈ ਦਿੱਤੀ ਹੈ, ਜਿਹੜੇ ਆਪਣੇ ਸ਼ਾਨਦਾਰ ਨੈਤਿਕ ਗੁਣਾਂ ਅਤੇ ਖੂਬੀਆਂ ਵਿਚ, ਆਪਣੀ ਸਿਆਸੀ ਅਤੇ ਵਿਚਾਰਧਾਰਕ ਸਿਆਣਪ ਵਿਚ, ਲੋਕਾਂ ਅਤੇ ਸਮਾਜਵਾਦ ਦੇ ਕਾਜ ਪ੍ਰਤੀ ਵਫ਼ਾਦਾਰੀ ਅਤੇ ਲਗਨ ਵਿਚ, ਅਤੇ ਆਪਣੇ ਕੰਮ ਵਿਚ ਆਪਣੀ ਸਮਰੱਥਾ ਅਤੇ ਨਿਪੁੰਨਤਾ ਵਿਚ ਸਭ ਤੋਂ ਅੱਗੇ ਹਨ।

ਹੋਰ ਸਭ ਖੇਤਰਾਂ ਦੀ ਤਰ੍ਹਾਂ ਹੀ, ਕੇਡਰਾਂ ਵਿਚ ਕੰਮ ਲਈ ਵੀ ਪਾਰਟੀ ਦੀ ਆਪਣੀ ਨੀਤੀ ਹੈ ਅਤੇ ਇਸ ਨੇ ਸਪੱਸ਼ਟ, ਮਾਰਕਸਵਾਦੀ-ਲੈਨਿਨਵਾਦੀ ਸੇਧਾਂ, ਤਰਕ ਅਤੇ ਨਿਯਮ ਨਿਰਧਾਰਿਤ ਕੀਤੇ ਹਨ। ਕੇਡਰਾਂ ਬਾਰੇ ਨੀਤੀ ਪਾਰਟੀ ਦੀ ਅਜਾਰੇਦਾਰੀ ਹੈ। ਇਸ ਨੀਤੀ ਨੂੰ ਕੇਂਦਰੀ ਕਮੇਟੀ ਤਿਆਰ ਕਰਦੀ ਹੈ ਅਤੇ ਇਹ ਹਰ ਜਗ੍ਹਾ ਪਾਰਟੀ ਦੀ ਅਗਵਾਈ ਹੇਠ ਲਾਗੂ ਕੀਤੀ ਜਾਂਦੀ ਹੈ। ਇਹ ਇਕ ਅਸੂਲ ਦਾ ਮਸਲਾ ਹੈ ਜਿਹੜਾ ਹਰ ਕਿਸੇ ਨੂੰ ਚੰਗੀ ਤਰ੍ਹਾਂ ਸਮਝਣਾ ਚਾਹੀਦਾ ਹੈ। ਇਸ ਮਸਲੇ ਦੇ ਸੰਬੰਧ ਵਿਚ, ਪਾਰਟੀ ਦੀ ਕੇਂਦਰੀ ਕਮੇਟੀ ਨੇ ਕੁਝ ਸੌੜੇ ਸੰਕਲਪਾਂ ਦੀ ਨੁਕਤਾਚੀਨੀ ਕੀਤੀ ਹੈ ਅਤੇ ਕਈ ਗਲਤ ਅਮਲਾਂ ਨੂੰ ਦਰੁਸਤ ਕੀਤਾ ਹੈ ਜਿਹੜੇ ਕੇਡਰਾਂ ਵਿਚ ਕੰਮ ਵਿਚ ਵੇਖਣ 'ਚ ਆਏ ਹਨ। ਕੇਡਰਾਂ ਬਾਰੇ ਨੀਤੀ ਉੱਤੇ ਪਾਰਟੀ ਦੀ ਅਜਾਰੇਦਾਰੀ ਦਾ ਇਹ ਮਤਲਬ ਨਹੀਂ ਕਿ ਕੇਡਰਾਂ ਮੁਤੱਲਕ ਸਮੱਸਿਆਵਾਂ ਸਿਰਫ਼ ਪਾਰਟੀ ਕਮਟੀਆਂ ਨੂੰ ਹੀ ਨਜਿੱਠਣੀਆਂ ਚਾਹੀਦੀਆਂ ਹਨ। ਇਹਨਾਂ ਸਵਾਲਾਂ ਨੂੰ ਰਲਗੱਡ ਕਰਨ ਨਾਲ, ਪਾਰਟੀ ਦੀਆਂ ਜਥੇਬੰਦੀਆਂ ਅਤੇ ਸੰਗਠਨਾਂ ਵਿਚ ਕੰਮ ਨੂੰ ਕੇਡਰਾਂ ਵਿਚ ਬਹੁਤ ਜ਼ਿਆਦਾ ਕੇਂਦਰਿਤ ਕਰਨ ਦਾ ਖ਼ਤਰਾ ਪੈਦਾ ਹੁੰਦਾ ਹੈ। ਪਾਰਟੀ ਆਮ ਸੇਧਾਂ ਦਿੰਦੀ ਹੈ, ਅਤੇ ਕੇਡਰਾਂ ਦੀ ਸਿਖਲਾਈ, ਵਿੱਦਿਆ ਅਤੇ ਨਿਯੁਕਤੀ ਲਈ ਤਰਕ ਨਿਰ-ਧਾਰਿਤ ਕਰਦੀ ਹੈ ਅਤੇ ਨਿਯਮ ਸਥਾਪਿਤ ਕਰਦੀ ਹੈ, ਲੇਕਿਨ ਇਹਨਾਂ ਨੂੰ ਲਾਗੂ ਕਰਨਾ ਸਿਰਫ਼ ਸਿੱਧੇ ਤੌਰ ਤੇ ਪਾਰਟੀ ਜਥੇਬੰਦੀਆਂ ਦੀ ਹੀ ਨਹੀਂ; ਸਗੋਂ ਪਾਰਟੀ ਦੇ ਸਭ ਲੀਵਰਾਂ ਅਤੇ ਸਟੇਟ, ਆਰਥਿਕਤਾ, ਫੌਜ ਅਤੇ ਜਨਤਕ ਜਥੇਬੰਦੀਆਂ ਦੇ ਸੰਗਠਨਾਂ ਦੀ ਵੀ ਜ਼ਿੰਮੇਂਵਾਰੀ ਹੈ। ਕੇਡਰਾਂ ਵਿਚ ਕੰਮ ਮੁਤੱਲਕ ਪਾਰਟੀ ਨੇ ਹਰ ਸੰਗਠਨ ਨੂੰ ਅਧਿਕਾਰ ਦਿੱਤੇ ਹੋਏ ਹਨ ਅਤੇ ਨਿਸ਼ਚਿਤ ਕਾਰਜ ਦਿੱਤੇ ਹੋਏ ਹਨ, ਜੋ ਜ਼ਿੰਮੇਵਾਰੀ ਨਾਲ, ਠੀਕ ਤੌਰ ਤੇ ਅਤੇ ਪਾਰਟੀ ਭਾਵਨਾ ਨਾਲ ਕੀਤੇ ਜਾਣੇ ਚਾਹੀਦੇ ਹਨ। ਇਸ ਨਾਲ ਪਾਰਟੀ ਦੇ ਸੰਗਠਨਾਂ ਅਤੇ ਜਥੇਬੰਦੀਆਂ ਦੀ ਭੂਮਿਕਾ ਅਤੇ ਜ਼ਿੰਮੇਵਾਰੀ ਘਟਦੀ ਬਿਲਕੁਲ ਨਹੀਂ, ਸਗੋਂ ਵਧਦੀ ਹੈ। ਜਿਸ ਤਰ੍ਹਾਂ ਪਾਰਟੀ ਹਰ ਖੇਤਰ ਵਿਚ ਕੰਮ ਨੂੰ ਅਗਵਾਈ ਦਿੰਦੀ ਅਤੇ ਨਿਗਰਾਨੀ ਰੱਖਦੀ ਹੈ, ਉਸੇ ਤਰ੍ਹਾਂ ਹੀ ਇਹ ਕੇਡਰਾਂ ਵਿਚ ਕੰਮ ਕਰਨ ਦੀ ਆਪਣੀ ਨੀਤੀ ਨੂੰ ਲਾਗੂ ਕਰਨ ਦੇ ਕੰਮ ਵਿਚ ਅਗਵਾਈ ਦਿੰਦੀ ਅਤੇ ਨਿਗਰਾਨੀ ਰੱਖਦੀ ਹੈ।

ਕੇਡਰਾਂ ਦੀ ਉਚਿਤ ਵਰਤੋਂ ਵੱਲ ਪਾਰਟੀ ਨੂੰ ਬਹੁਤ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ, ਤਾਂ ਕਿ ਉਹਨਾਂ ਦੀਆਂ ਬੁੱਧੀਜੀਵੀ ਅਤੇ ਸਿਰਜਨਾਤਮਕ ਯੋਗਤਾਵਾਂ ਦੀ ਚੰਗੇਰੀ ਵਰਤੋਂ ਕੀਤੀ ਜਾ ਸਕੇ ਅਤੇ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਯੋਗਤਾਵਾਂ ਪੂਰੀ ਤਰ੍ਹਾਂ ਉਤਪਾਦਨ, ਵਿੱਦਿਆ ਅਤੇ ਸੁਰੱਖਿਆ ਦੀ ਸੇਵਾ ਕਰਨ। ਵੱਖ ਵੱਖ ਕੇਡਰਾਂ ਅਤੇ ਮਾਹਿਰਾਂ ਨੂੰ ਉਹਨਾਂ ਦੀਆਂ ਯੋਗਤਾਵਾਂ,

ਵਿਸ਼ੇਸ਼ਤਾਵਾਂ ਅਤੇ ਤਜ਼ਰਬੇ ਅਨੁਸਾਰ ਅਤੇ ਹਮੇਸ਼ਾਂ ਹੀ ਉਹਨਾਂ ਦੀਆਂ ਨੈਤਿਕ, ਸਿਆਸੀ ਖ਼ੂਬੀਆਂ ਅਤੇ ਪੇਸ਼ਾਵਾਰਾਨਾ ਸਮਰੱਥਾਵਾਂ ਨੂੰ ਧਿਆਨ-ਗੋਚਰੇ ਰੱਖਦਿਆਂ, ਕੰਮਾਂ ਤੇ ਨਿਯੁਕਤ ਕਰਨਾ ਚਾਹੀਦਾ ਹੈ। ਸਭ ਤੋਂ ਵਧੀਆ, ਸਿਆਣੇ ਅਤੇ ਲਾਇਕ ਅਤੇ ਆਪਣੀਆਂ ਯੋਗਤਾਵਾਂ ਸਾਬਿਤ ਕਰ ਚੁੱਕੇ ਮਾਹਿਰਾਂ ਨੂੰ ਉਚੇਰੇ ਸਕੂਲਾਂ, ਵਿਗਿਆਨਕ-ਖੋਜ, ਡਿਜ਼ਾਇਨ ਬਣਾਉਣ ਵਾਲੀਆਂ ਅਤੇ ਕਾਢਾਂ ਕੱਢਣ ਵਾਲੀਆਂ ਸੰਸਥਾਵਾਂ ਲਈ ਲੋੜੀਂਦੀ ਗਿਣਤੀ ਵਿਚ ਚੁਣਨਾ ਅਤੇ ਨਿਯੁਕਤ ਕਰਨਾ ਚਾਹੀਦਾ ਹੈ, ਅਤੇ ਨਾਲੋਂ ਨਾਲ ਇਹ ਖ਼ਿਆਲ ਵੀ ਰੱਖਣਾ ਚਾਹੀਦਾ ਹੈ ਕਿ ਅਧਾਰ ਤੇ ਅਤੇ ਉਤਪਾਦਨ ਵਿਚ ਕੰਮ ਨੂੰ ਨੁਕਸਾਨ ਨਾ ਹੋਵੇ।

ਕੇਡਰਾਂ ਨੂੰ ਤਰੱਕੀ ਦਿੰਦਿਆਂ, ਸਮੇਂ ਦੀਆਂ ਮੰਗਾਂ ਨੂੰ ਚੰਗੀ ਤਰ੍ਹਾਂ ਧਿਆਨ-ਗੋਚਰੇ ਰੱਖਣਾ ਚਾਹੀਦਾ ਹੈ। ਯੋਗ ਕੇਡਰ, ਜਿਹੜੇ ਆਪਣੇ ਕੰਮ ਵਿਚ ਨਿਪੁੰਨਤਾ ਹਾਸਲ ਕਰ ਲੈਂਦੇ ਹਨ, ਉਹਨਾਂ ਨੂੰ ਸਭ ਜਗ੍ਹਾ, ਚੁਣੇ ਹੋਏ ਸੰਗਠਨਾਂ ਅਤੇ ਨਿਯੁਕਤੀ ਵਾਲੀਆਂ ਪੱਦਵੀਆਂ ਵਿਚ, ਤਰੱਕੀ ਦੇਣੀ ਚਾਹੀਦੀ ਹੈ। ਨਹੀਂ ਤਾਂ ਨੌਕਰਸ਼ਾਹੀ, ਰੋਜ਼ਾਨਾ ਦੀ ਰਸਮੀ ਕਾਰਵਾਈ ਅਤੇ ਦਰਮਿਆਨਤਾ ਲਈ ਰਾਹ ਖੁੱਲ੍ਹ ਜਾਂਦਾ ਹੈ। ਅਤੇ ਜਿਹੜੇ ਮਾਹਿਰਾਂ ਨੂੰ ਪਾਰਟੀ, ਸਟੇਟ ਆਰਥਿਕਤਾ ਅਤੇ ਹੋਰ ਖੇਤਰਾਂ ਵਿਚ ਜ਼ਿੰਮੇਂਵਾਰੀ ਵਾਲੀਆਂ ਪਦਵੀਆਂ ਉੱਤੇ ਨਿਯੁਕਤ ਕੀਤਾ ਜਾਂਦਾ ਹੈ ਉਹਨਾਂ ਨੂੰ ਹਮੇਸ਼ਾਂ ਹੀ ਸਿਰਜਣਹਾਰੇ ਬਣੇ ਰਹਿਣਾ ਚਾਹੀਦਾ ਹੈ ਅਤੇ ਸਿਰਫ ਪ੍ਰਬੰਧਕਾਂ ਵਿਚ ਨਹੀਂ ਬਦਲ ਜਾਣਾ ਚਾਹੀਦਾ।

ਪਾਰਟੀ ਨੇ, ਸਿੱਧੇ ਤੌਰ ਤੇ ਉਤਪਾਦਨ ਵਿਚ ਕੰਮ ਕਰਨ ਵਾਲਿਆਂ ਦੀਆਂ ਸਫਾਂ ਵਿਚੋਂ ਅਤੇ ਔਰਤਾਂ ਦੀਆਂ ਸਫਾਂ ਵਿਚੋਂ ਕੇਡਰਾਂ ਨੂੰ ਤਰੱਕੀਆਂ ਦੇਣ ਲਈ ਉਚੇਚੇ ਤੌਰ ਤੇ ਕੰਮ ਕੀਤਾ ਹੈ। ਸਿੱਧੇ ਤੌਰ ਤੇ ਉਤਪਾਦਨ ਵਿਚ ਕੰਮ ਕਰਨ ਵਾਲੇ ਲੋਕਾਂ ਦਾ ਪਾਰਟੀ, ਸਟੇਟ ਅਤੇ ਜਨਤਕ ਜਥੇਬੰਦੀਆਂ ਦੇ ਚੁਣੇ ਹੋਏ ਸੰਗਠਨਾਂ ਵਿਚ ਪਹਿਲਾ ਸਥਾਨ ਹੈ। ਨਿਯੁਕਤ ਕੀਤੇ ਕੇਡਰਾਂ ਵਿਚ ਮਜ਼ਦੂਰ ਪਿਛੋਕੜ ਵਾਲੇ ਕੇਡਰ, ਕੁੱਲ ਦਾ 33 ਫੀਸਦੀ ਹਨ। ਉਚੇਰੀ ਅਤੇ ਦਰਮਿਆਨੀ ਸਿਖਲਾਈ ਵਾਲੇ ਕੇਡਰਾਂ ਵਿਚ 44 ਫੀਸਦੀ ਔਰਤਾਂ ਅਤੇ ਕੁੜੀਆਂ ਹਨ। ਪਾਰਟੀ ਦੀ 7ਵੀਂ ਕਾਂਗਰਸ ਵਲੋਂ ਦਿੱਤੀਆਂ ਹਦਾਇਤਾਂ ਨੂੰ ਸਹੀ ਤਰ੍ਹਾਂ ਲਾਗੂ ਕਰਨ ਖਾਤਿਰ, ਕੇਂਦਰੀ ਕਮੇਟੀ ਨੇ ਪਾਰਟੀ ਦੇ ਸੰਗਠਨਾਂ ਅਤੇ ਜਥੇਬੰਦੀਆਂ ਨੂੰ ਦੱਸਿਆ ਕਿ ਰੂੜ੍ਹੀਵਾਦ, ਸੰਕੀਰਨਵਾਦ ਅਤੇ ਤਕਨੀਕਵਾਦ ਵਿਰੁੱਧ ਸੰਘਰਸ਼ ਦੇ ਨਾਲੋਂ ਨਾਲ ਉਹਨਾਂ ਨੂੰ ਇਹਨਾਂ ਹਦਾਇਤਾਂ ਉੱਤੇ ਰਸਮੀ ਅਮਲ ਵਿਰੁੱਧ ਵੀ ਲੜਨਾ ਚਾਹੀਦਾ ਹੈ। ਭਵਿੱਖ ਵਿਚ ਵੀ, ਅਸੀਂ ਮਜ਼ਦੂਰਾਂ ਅਤੇ ਔਰਤਾਂ ਨੂੰ ਤਰੱਕੀ ਦੇ ਕੇ ਜ਼ਿੰਮੇਂਵਾਰੀ ਵਾਲੀਆਂ ਪੱਦਵੀਆਂ ਤੇ ਨਿਯੁਕਤ ਕਰਦੇ ਰਹਾਂਗੇ, ਕਿਉਂਕਿ ਇਹ ਸੇਧ ਸਹੀ ਹੈ, ਫਿਰ ਵੀ ਅਸੀਂ ਉਹਨਾਂ ਨੂੰ ਸਿਰਫ ਇਸ ਕਰਕੇ ਹੀ ਤਰੱਕੀ ਨਹੀਂ ਦੇਵਾਂਗੇ ਕਿ ਉਹ ਮਜ਼-ਦੂਰ ਅਤੇ ਔਰਤਾਂ ਹਨ ਸਗੋਂ ਇਸ ਕਰਕੇ ਤਰੱਕੀ ਦੇਵਾਂਗੇ ਕਿ ਉਹ ਇਸ ਤਰੱਕੀ ਦੇ ਯੋਗ ਹਨ। ਮਜ਼ਦੂਰ ਜਮਾਤ, ਸਹਿਕਾਰੀ ਕਿਸਾਨੀ ਅਤੇ ਔਰਤਾਂ ਦੀਆਂ ਸਫਾਂ ਵਿਚੋਂ ਸੈਂਕੜੇ ਅਤੇ ਹਜ਼ਾਰਾਂ ਹੀ ਅਜੇਹੇ ਯੋਗ, ਸਮਰੱਥ ਅਤੇ ਤਜਰਬਾਕਾਰ ਲੋਕ ਹਨ ਜਿਹੜੇ ਵੱਡੇ ਤੋਂ ਵੱਡੇ ਕਾਰਜ ਨਿਭਾਉਣ ਲਈ ਸਭ ਲੋੜੀਂਦੀਆਂ ਸ਼ਰਤਾਂ ਤੇ ਪੂਰੇ ਉਤਰਦੇ ਹਨ। ਕੰਮ ਕਰਦਿਆਂ ਅਤੇ ਵਡੇਰੀ ਉਮਰ ਵਾਲੇ ਅਤੇ ਵਧੇਰੇ ਤਜ਼-ਰਬਾਕਾਰ ਸਾਥੀਆਂ ਦੀ ਮੱਦਦ ਨਾਲ ਉਹ ਵਿਕਸਤ ਹੋਣਗੇ ਅਤੇ ਨਿਪੁੰਨ ਕੇਡਰ ਬਣਨਗੇ, ਜਿਵੇਂ ਉਹਨਾਂ 'ਚ ਬਹੁਤ ਸਾਰੇ ਪਹਿਲਾਂ ਹੀ ਬਣ ਚੁੱਕੇ ਹਨ।

**ਏਨੇ ਮਾਹਿਰ ਲੋਕਾਂ ਦੇ ਹੁੰਦਿਆਂ ਵੀ ਜੋ ਇਹ ਰਾਇ ਦੇਖਣ 'ਚ ਆਉਂਦੀ ਹੈ ਕਿ ਕੇਡਰ ਨਹੀਂ ਹਨ—ਇਹ ਰਾਇ ਇੱਕ ਬੇਹੂਦਾ ਅਤੇ ਬੇ-ਬੁਨਿਆਦ ਹੈ ਅਤੇ ਇਸਦਾ ਡਟਕੇ ਖੰਡਨ ਕਰਨਾ ਚਾਹੀਦਾ ਹੈ।** ਇਸ ਕਰਕੇ, ਅਯੋਗ ਲੋਕਾਂ ਨੂੰ ਉਹਨਾ ਪੱਦਵੀਆਂ ਉੱਤੇ ਰਹਿਣਾ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ ਜਿਹਨਾਂ ਦੀ ਕਾਰਵਾਈ ਉਹ ਨਹੀਂ ਨਿਭਾ ਸਕਦੇ ਅਤੇ ਨਾ ਹੀ ਸਾਨੂੰ ਥੋੜ੍ਹੇ ਜਿਹੇ ਲੋਕਾਂ ਉੱਤੇ ਨਿਰਭਰ ਰਹਿਣ ਅਤੇ ਬਿਨਾਂ ਤਰਕ ਬਦਲੀਆਂ ਕਰਨੀਆਂ ਚਾਹੀਦੀਆਂ, ਜੋ ਕਿਤੇ ਕਿਤੇ ਦੇਖਣ 'ਚ ਆਇਆ ਹੈ। ਭਵਿੱਖ ਵਿਚ ਵੀ, ਬੀਤੇ ਦੀ ਤਰ੍ਹਾਂ ਹੀ ਪਾਰਟੀ ਨੂੰ ਨੌਜਵਾਨ ਕੇਡਰਾਂ ਨੂੰ ਤਰੱਕੀਆਂ ਦੇਣ ਲਈ ਦ੍ਰਿੜ੍ਹਤਾ ਨਾਲ ਕੰਮ ਕਰਨਾ ਹੋਏਗਾ। ਕੁੱਲ ਕੇਡਰਾਂ ਵਿਚੋਂ 38 ਫੀਸਦੀ 30 ਸਾਲ ਤੋਂ ਘੱਟ ਉਮਰ ਦੇ ਹਨ; ਕਰੀਬ 34 ਫੀਸਦੀ 31 ਤੋਂ 40 ਸਾਲ ਦੀ ਉਮਰ ਦੇ ਹਨ, ਅਤੇ 28 ਫੀਸਦੀ 41 ਸਾਲ ਤੋਂ ਉੱਪਰ ਉਮਰ ਦੇ ਹਨ। ਇਸ ਤੋਂ ਸਪੱਸ਼ਟ ਹੈ ਕਿ ਕੇਡਰਾਂ ਦਾ ਵਿਕਾਸ ਅਤੇ ਨਵੀਨੀਕਰਣ ਦਰੁਸਤ ਤਰੀਕੇ ਨਾਲ ਚੱਲ ਰਿਹਾ ਹੈ। ਫਿਰ ਵੀ ਕੁੱਝ ਰੂੜ੍ਹੀਵਾਦ ਦੇ ਲੱਛਣ ਜੋ ਅਜੇ ਵੀ ਦੇਖਣ 'ਚ ਆਉਂਦੇ ਹਨ ਅਤੇ ਜੋ ਨੌਜਵਾਨ ਕੇਡਰਾਂ ਦੀਆਂ ਤਰੱਕੀਆਂ ਦੇ ਰਾਹ 'ਚ ਰੋੜਾ ਅਟਕਾਉਂਦੇ ਹਨ ਉਹਨਾਂ ਲੱਛਣਾਂ ਨੂੰ ਖ਼ਤਮ ਕਰਨਾ ਚਾਹੀਦਾ ਹੈ। ਚੁਣੇ ਹੋਏ ਅਤੇ ਨਿਯੁਕਤ ਕੀਤੇ ਹੋਏ ਨੌਜਵਾਨ ਕੇਡਰਾਂ ਉੱਤੇ ਹੋਰ ਵਧੇਰੇ ਭਰੋਸਾ ਕਰਨਾ ਚਾਹੀਦਾ ਹੈ ਅਤੇ ਉਹ ਨਿਸਚੇ ਹੀ ਪਾਰਟੀ ਦੇ ਕੰਮ ਅਤੇ ਕਾਰਨਾਮੇ ਨੂੰ ਹੋਰ ਵਧੇਰੇ ਸ਼ਾਨ-ਦਾਰ ਸਿਖ਼ਰਾਂ ਤੇ ਪਹੁੰਚਾ ਦੇਣਗੇ। ਨੌਜਵਾਨਾਂ ਵਿਚ ਭਰੋਸਾ ਰੱਖਣ ਦੇ ਨਾਲ ਨਾਲ ਉਹਨਾਂ ਦੀ ਮਦਦ ਵੀ ਕਰਨੀ ਚਾਹੀਦੀ ਹੈ, ਲੇਕਿਨ ਉਹਨਾਂ ਨੂੰ ਵੀ ਕੰਮ, ਸਿੱਖਣ ਅਤੇ ਸਿਰਜਣਾ ਕਰਨ ਦੇ ਆਪਣੇ ਯਤਨਾਂ ਨੂੰ ਤੇਜ਼ ਕਰਨਾ ਚਾਹੀਦਾ ਹੈ। ਪਾਰਟੀ ਅਤੇ ਲੋਕ ਜਦ ਪਾਰਟੀ ਵਲੋਂ ਸਿੱਖਿਅਤ ਕੀਤੇ ਗਏ ਇਨ੍ਹਾਂ ਨੌਜਵਾਨ ਲੋਕਾਂ ਨੂੰ ਦੇਸ਼ ਦੇ ਜੀਵਨ ਦੇ ਵੱਖ ਵੱਖ ਸੈਕਟਰਾਂ ਵਿਚ ਕਾਰੋਬਾਰ ਚਲਾਉਂਦੇ ਅਤੇ ਲਿਆਕਤ ਨਾਲ ਕੰਮ ਕਰਦੇ ਦੇਖਦੇ ਹਨ ਤਾਂ ਉਨ੍ਹਾਂ ਦੇ ਦਿਲ ਗੌਰਵ ਅਤੇ ਖ਼ੁਸ਼ੀ ਨਾਲ ਭਰ ਜਾਂਦੇ ਹਨ।

ਪਾਰਟੀ ਇਸ ਚੀਜ਼ ਨੂੰ ਯਕੀਨੀ ਬਣਾਉਣ ਲਈ ਕੰਮ ਕਰਦੀ ਹੈ ਕਿ ਕੇਡਰਾਂ ਦੀ ਕੰਮ ਆਯੂ ਵੱਧ ਤੋਂ ਵੱਧ ਲੰਬੀ ਹੋਵੇ। ਫਿਰ ਵੀ, ਮਨੁੱਖੀ ਜੀਵਨ ਦੇ ਆਪਣੇ ਨਿਯਮ ਹਨ। ਬਹੁਤ ਸਾਰੇ ਅਜੇਹੇ ਕੇਡਰ ਹਨ ਜਿਹਨਾਂ ਨੂੰ ਪੈਨਸ਼ਨ ਉੱਤੇ ਰਿਟਾਇਰ ਕਰਨਾ ਜ਼ਰੂਰੀ ਹੈ, ਅਤੇ ਕੁੱਝ ਅਜੇਹੇ ਕੇਡਰ ਹਨ ਜਿਹੜੇ ਆਪਣੇ ਕਾਰਜਾਂ ਨੂੰ ਨਿਭਾਉਣ ਦੀ ਜਿਸਮਾਨੀ ਸਮਰੱਥਾ ਨਹੀਂ ਰੱਖਦੇ, ਅਤੇ ਇਸੇ ਤਰ੍ਹਾਂ ਹੀ ਅਜੇਹੇ ਕੇਡਰ ਵੀ ਹਨ ਜਿਹੜੇ ਖ਼ੁਦ ਆਪਣੀ ਗ਼ਲਤੀ ਕਾਰਨ ਸਮੇਂ ਦੀਆਂ ਲੋੜਾਂ ਤੇ ਪੂਰੇ ਨਹੀਂ ਉਤਰੇ। ਇਸ ਲਈ ਇਹ ਬੇਹੱਦ ਲਾਜ਼ਮੀ ਹੈ ਕਿ ਹਰ ਕੇਡਰ ਨੂੰ ਸੰਜੀਦਗੀ ਨਾਲ, ਉਤਸ਼ਾਹ ਅਤੇ ਜ਼ਿੰਮੇਂਵਾਰੀ ਨਾਲ ਨਵੇਂ ਕੇਡਰਾਂ ਨੂੰ ਤਿਆਰ ਕਰਨ ਲਈ ਸੋਚਣਾ ਅਤੇ ਕੰਮ ਕਰਨਾ ਚਾਹੀਦਾ ਹੈ ਜਿਹੜੇ ਉਨ੍ਹਾਂ ਦੀ ਜਗ੍ਹਾ ਲੈਣਗੇ ਅਤੇ ਜਿਹਨਾਂ ਨੂੰ ਪਾਰਟੀ ਜਦ ਅਤੇ ਜਿੱਥੇ ਲੋੜ ਹੋਵੇ ਉੱਥੇ ਨਿਯੁਕਤ ਕਰੇਗੀ।

ਕੇਡਰਾਂ ਵਿਚ ਪਾਰਟੀ ਦੇ ਕੰਮ ਵਿਚ ਪਹਿਲੇ ਦਰਜੇ ਦਾ ਮਹੱਤਵ ਰੱਖਣ ਵਾਲਾ ਕਾਰਜ ਉਹਨਾਂ ਨੂੰ ਦ੍ਰਿੜ੍ਹ ਇਨਕਲਾਬੀਆਂ ਦੇ ਤੌਰ ਤੇ ਸਿੱਖਿਅਤ ਅਤੇ ਤਿਆਰ ਕਰਨ ਦਾ ਕਾਰਜ ਹੈ। ਸਾਡੀ ਪਾਰਟੀ ਨੇ ਇਸ ਕਾਰਜ ਨੂੰ ਹਮੇਸ਼ਾਂ ਹੀ ਆਪਣੀ ਤਵੱਜੋਂ ਦੇ ਕੇਂਦਰ ਵਿਚ ਰੱਖਿਆ ਹੈ। ਇਸ ਨੂੰ ਸਰਬ-ਪੱਖੀ ਵਿੱਦਿਅਕ ਕਾਰਵਾਈ ਕੀਤੀ ਹੈ ਅਤੇ ਕੇਡਰਾਂ ਨੂੰ ਅਜੇਹੀਆਂ ਹਾਲਤਾਂ 'ਚ ਰੱਖਣ ਲਈ ਉਪਾਓ ਕੀਤੇ ਹਨ ਜਿਥੇ ਉਹ ਹਮੇਸ਼ਾਂ ਹੀ ਪਾਰਟੀ ਦੀ ਸੇਧ ਲਈ ਕੰਮ ਕਰਨ ਅਤੇ ਲੋਕਾਂ ਦੇ ਵਫ਼ਾਦਾਰ ਨੌਕਰ ਬਣਨ। ਇਹ ਅਜੇਹੀਆਂ ਗਰੰਟੀਆਂ ਵਿਚੋਂ ਇੱਕ ਹੈ ਜੋ ਅਲਬਾਨੀਆਂ ਵਿਚ ਇਨਕਲਾਬ ਅਤੇ ਸਮਾਜਵਾਦ ਦੇ ਕਾਜ਼ ਦੀ ਲਗਾਤਾਰ ਉੱਨਤੀ ਨੂੰ ਯਕੀਨੀ ਬਣਾਉਂਦੀਆਂ ਹਨ।

ਇਸ ਸਹੀ ਰਾਹ ਉੱਤੇ ਆਪਣੀ ਲਗਾਤਾਰ ਤਰੱਕੀ ਨੂੰ ਯਕੀਨੀ ਬਣਾਉਣ ਖ਼ਾਤਿਰ, ਭਵਿੱਖ ਵਿਚ ਵੀ, ਕੇਡਰ ਲਾਜ਼ਮੀ ਹੀ ਪਾਰਟੀ ਦੀ ਵਿਚਾਰਧਾਰਾ ਨਾਲ ਲੈਸ ਹੋਣੇ ਚਾਹੀਦੇ ਹਨ, ਉਹਨਾਂ ਨੂੰ ਪਾਰਟੀ ਦੀ ਸੇਧ ਅਤੇ ਸਟੇਟ ਦੇ ਕਾਨੂੰਨਾਂ ਨੂੰ ਲਾਗੂ ਕਰਨਾ ਚਾਹੀਦਾ ਹੈ, ਜਮਾਤੀ ਸੰਘਰਸ਼ ਵਿਚ ਵੱਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ ਅਤੇ ਲੋਕਾਂ ਨਾਲ ਬਹੁਤ ਹੀ ਗੂੜ੍ਹੇ ਸੰਬੰਧ ਕਾਇਮ ਰੱਖਣੇ ਚਾਹੀਦੇ ਹਨ। ਇਹੀ ਇੱਕ ਢੰਗ ਹੈ ਜਿਸ ਨਾਲ ਨੌਕਰਸ਼ਾਹੀ ਅਤੇ ਉਦਾਰਵਾਦ ਦੇ, ਬੁੱਧੀਜੀਵੀਵਾਦ ਅਤੇ ਤਕਨੀਕਵਾਦ ਦੇ ਲੱਛਣਾਂ ਵਿਰੁੱਧ ਸਫਲਤਾਪੂਰਵਕ ਲੜਿਆ ਜਾ ਸਕਦਾ ਹੈ, ਅਤੇ ਕੇਡਰਾਂ ਦੇ ਵਿਸ਼ਵ ਦ੍ਰਿਸ਼ਟੀ-ਕੋਣ ਅਤੇ ਕਮਿਊਨਿਸਟ ਚਰਿਤਰ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ।

ਦੇਸ਼ ਨੂੰ ਵਿਸ਼ਾਲ ਸੱਭਿਆਚਾਰਕ ਰੁੱਚੀਆਂ ਅਤੇ ਡੂੰਘੇ ਵਿਗਿਆਨਕ ਗਿਆਨ ਵਾਲੇ ਕੇਡਰਾਂ ਦੀ ਲੋੜ, ਉਹਨਾਂ ਕੇਡਰਾਂ ਦੀ ਲੋੜ ਜਿਹੜੇ ਇਹ ਜਾਣਦੇ ਹੋਣ ਕਿ ਅਗਾਂਹਵਧੂ ਰਾਇ ਅਤੇ ਵਿਗਿਆਨ ਦੇ ਨਤੀਜਿਆਂ ਨੂੰ ਕਿਵੇਂ ਵਰਤਣਾ ਹੈ, ਜਿਹੜੇ ਆਰਥਿਕਤਾ ਦੇ ਵਿਕਾਸ ਦੇ ਨਿਯਮਾਂ ਨੂੰ ਸਮਝਦੇ ਹੋਣ, ਸਿਆਣਪ ਨਾਲ ਯੋਜਨਾ ਬਣਾਉਣ ਅਤੇ ਸਹੀ ਤੌਰ ਤੇ ਲਾਗੂ ਕਰਨ ਦੇ ਕਾਬਿਲ ਹੋਣ ਅਤੇ ਢੰਗ ਨਾਲ ਕੰਮ ਕਰਨ। ਇਹ ਸਭ, ਚੁਣੇ ਹੋਏ ਅਤੇ ਨਿਯੁਕਤ ਕੀਤੇ ਗਏ, ਕੇਡਰਾਂ ਦਾ ਫਰਜ਼ ਹੈ ਕਿ ਉਹ ਆਪਣੇ ਆਪਨੂੰ ਸਮੇਂ ਅਤੇ ਕਾਰਜਾਂ ਦੀਆਂ ਲੋੜਾਂ ਦੇ ਪੱਧਰ

ਤਕ ਉੱਚਾ ਉਠਾਉਣ ।

ਇਸ ਉਦੇਸ਼ ਲਈ ਸਾਨੂੰ ਕੇਡਰਾਂ ਦੀ ਸਿਖਲਾਈ ਆਦਿ ਦੇ ਕੰਮ ਵਿਚ ਸੁਧਾਰ ਕਰਨੇ ਚਾਹੀਦੇ ਹਨ ਅਤੇ ਇਸ ਨੂੰ ਵਧੇਰੇ ਵਿਗਿਆਨਕ ਨੀਂਹਾਂ ਤੇ ਅਧਾਰਿਤ ਕਰਨਾ ਚਾਹੀਦਾ ਹੈ । ਉਹਨਾਂ ਦੀ ਸਿਖਲਾਈ ਵਿਗਿਆਨਕ ਤੌਰ ਤੇ ਕਰਨੀ ਚਾਹੀਦੀ ਹੈ ਅਤੇ ਵਰਤਮਾਨ ਅਤੇ ਭਵਿੱਖ ਦੀਆਂ ਲੋੜਾਂ ਉੱਤੇ ਅਧਾਰਿਤ ਹੋਣੀ ਚਾਹੀਦੀ ਹੈ । ਇਸ ਦਿਸ਼ਾ ਵਿਚ ਸਾਡੇ ਸਕੂਲਾਂ ਸਾਹਵੇਂ ਵੱਡੇ ਕਾਰਜ ਹਨ, ਫਿਰ ਵੀ, ਇਸ ਚੀਜ਼ ਨੂੰ ਹਮੇਸ਼ਾ ਧਿਆਨ-ਗੋਚਰੇ ਰੱਖਣਾ ਚਾਹੀਦਾ ਹੈ ਕਿ ਸਿਖਲਾਈ ਸਿਰਫ ਸਕੂਲਾਂ ਵਿਚ ਹੀ ਨਹੀਂ ਸਗੋਂ ਕੰਮ ਅਤੇ ਜੀਵਨ ਵਿਚ ਵੀ ਦਿੱਤੀ ਜਾਂਦੀ ਹੈ । ਉਹਨਾਂ ਦੇ ਰੋਜ਼ਾਨਾ ਅਮਲ ਵਿਚ ਲੋਕਾਂ ਨੂੰ ਢੰਗ ਨਾਲ, ਸਿਲਸਿਲੇਵਾਰ ਅਤੇ ਦ੍ਰਿੜ੍ਹਤਾ ਨਾਲ ਕੰਮ ਕਰਨਾ ਸਿਖਾਉਣਾ ਚਾਹੀਦਾ ਹੈ, ਯੋਗ ਉਤਪਾਦਕ ਅਤੇ ਦੂਰ-ਦਰਸ਼ੀ ਸਿਰਜਣਹਾਰੇ ਬਣਨਾ ਸਿਖਾਉਣਾ ਚਾਹੀਦਾ ਹੈ ।

## 5. ਪ੍ਰੋਲੇਤਾਰੀਆ ਦੀ ਡਿਕਟੇਟਰਸ਼ਿਪ ਦੇ ਰਾਜਨੀਤਕ ਸਿਸਟਮ ਨੂੰ ਹੋਰ ਵਧੇਰੇ ਮਜ਼ਬੂਤ ਬਣਾਓ

7ਵੀਂ ਕਾਂਗਰਸ ਤੋਂ ਬਾਅਦ, ਨਵਾਂ ਸੰਵਿਧਾਨ ਅਤੇ ਇਸ ਤੋਂ ਪੈਦਾ ਹੋਣ ਵਾਲੇ ਹੋਰ ਨਿਯਮ ਅਤੇ ਕਾਨੂੰਨ ਪਾਸ ਹੋਣ ਨਾਲ, ਪ੍ਰੋਲੇਤਾਰੀਆ ਦੀ ਡਿਕਟੇਟਰਸ਼ਿਪ ਦੇ ਸਮੁੱਚੇ ਸਿਸਟਮ ਦਾ ਬੰਦੋਬਸਤ, ਜਥੇਬੰਦੀ ਅਤੇ ਕਾਰਵਾਈ, ਪਾਰਟੀ, ਸਟੇਟ, ਸੈਨਾ, ਜਨਤਕ ਜਥੇਬੰਦੀਆਂ, ਆਦਿ, ਹੋਰ ਵਧੇਰੇ ਮਜ਼ਬੂਤ ਹੋਏ ਹਨ ।

ਪਾਰਟੀ ਨੇ ਆਪਣਾ ਪ੍ਰੋਗਰਾਮ ਨੇਪਰੇ ਚਾੜ੍ਹਨ ਅਤੇ ਆਪਣੇ ਉਦੇਸ਼ ਹਾਸਲ ਕਰਨ ਲਈ ਆਪਣੇ ਲੀਵਰਾਂ ਨਾਲ ਕੰਮ ਕਰਨਾ ਹਮੇਸ਼ਾ ਹੀ ਬੇਹੱਦ ਜ਼ਰੂਰੀ ਸਮਝਿਆ ਹੈ । ਪਾਰਟੀ ਦੇ ਕਾਰਜ ਜਿੰਨੇ ਵਧੇਰੇ ਵੱਡੇ ਅਤੇ ਮਹੱਤਵਪੂਰਨ ਹੁੰਦੇ ਹਨ, ਇਹ ਸਟੇਟ ਦੇ ਸੰਗਠਨਾਂ ਅਤੇ ਜਨਤਕ ਜਥੇਬੰਦੀਆਂ ਨਾਲ ਕੰਮ ਕਰਨ ਵੱਲ ਉਤਨਾ ਹੀ ਵਧੇਰੇ ਧਿਆਨ ਦਿੰਦੀ ਹੈ । ਹਾਸਲ ਕੀਤੀਆਂ ਗਈਆਂ ਸਫਲਤਾਵਾਂ ਦੇ ਬਾਵਜੂਦ ਵੀ ਕਈ ਅਜੇਹੀਆਂ ਪਾਰਟੀ ਜਥੇਬੰਦੀਆਂ ਅਤੇ ਕਮੇਟੀਆਂ ਅਤੇ ਵਿਅਕਤੀਗਤ ਕਮਿਊਨਿਸਟ ਹਨ ਜੋ ਪ੍ਰੋਲੇਤਾਰੀਆ ਦੀ ਡਿਕਟੇਟਰਸ਼ਿਪ ਦੇ ਸਿਸਟਮ ਵਿਚ ਪਾਰਟੀ ਦੀ ਭੂਮਿਕਾ ਦੀ ਮੁਕੰਮਲ ਅਤੇ ਸਹੀ ਸੂਝ ਨਹੀਂ ਰੱਖਦੇ । ਕਈ ਅਜੇਹੇ ਪਾਰਟੀ ਸੰਗਠਨ ਅਤੇ ਜਥੇਬੰਦੀਆਂ ਹਨ ਜੋ ਰਾਜਸੱਤਾ ਦੇ ਸੰਗਠਨਾਂ ਅਤੇ ਜਨਤਕ ਜਥੇਬੰਦੀਆਂ ਦੀ ਠੋਸ ਅਤੇ ਯੋਗ ਅਗਵਾਈ ਨੂੰ ਹਮੇਸ਼ਾ ਯਕੀਨੀ ਨਹੀਂ ਬਣਾਉਂਦੇ, ਭੂਮਿਕਾਵਾਂ ਵਿਚ ਸਮਾਨੰਤਰਤਾਵਾਂ, ਖੋਹ-ਖਿੰਝ ਅਤੇ ਅਦਲਾ-ਬਦਲੀਆਂ ਕਰਦੇ ਰਹਿੰਦੇ ਹਨ, ਕਈ ਅਜੇਹੇ ਕਮਿਊਨਿਸਟ ਹਨ ਜੋ ਜਨਤਕ ਜਥੇਬੰਦੀਆਂ ਵਿਚ ਡਟਕੇ ਕੰਮ ਨਹੀਂ ਕਰਦੇ, ਅਤੇ ਏਸੇ ਤਰ੍ਹਾਂ ਹੀ ਲੋਕਾਂ ਵਿਚ ਕੰਮ ਕਰਨ ਵਿਚ ਰਸਮਵਾਦ ਦੇ ਲੱਛਣ ਦੇਖਣ ਵਿਚ ਆਉਂਦੇ ਹਨ । ਇਹ ਐਸੇ ਨੁਕਸ ਹਨ, ਜੋ ਅਸਲ ਵਿਚ ਪਾਰਟੀ ਦੇ ਕੰਮ ਦੇ ਬੱਲ ਅਤੇ ਕਾਰਗਰਤਾ ਨੂੰ ਕਮਜ਼ੋਰ ਕਰਦੇ ਹਨ ।

ਇਹ ਹਰ ਕੋਈ ਜਾਣਦਾ ਹੈ ਕਿ ਪ੍ਰੋਲੇਤਾਰੀਆ ਦੀ ਡਿਕਟੇਟਰਸ਼ਿਪ ਦੇ ਸਿਸਟਮ ਵਿਚ; ਵੱਖ ਵੱਖ ਕਾਰਜਾਂ, ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਵਾਲੇ ਸੰਗਠਨਾਂ ਅਤੇ ਮਾਧਿਅਮਾਂ ਦਾ ਇਕ ਸਮੁੱਚਾ ਸਿਸਟਮ ਹੈ, ਜੋ ਜਮਹੂਰੀ-ਕੇਂਦਰਵਾਦ ਦੇ ਆਧਾਰ ਤੇ ਉਸਾਰੇ ਹਨ ਅਤੇ ਜੋ ਪਾਰਟੀ ਦੀ ਅਗਵਾਈ ਹੇਠ ਕਾਰਵਾਈ ਕਰਦੇ ਹਨ । ਸਮੱਸਿਆ ਇਸ ਸਮੁੱਚੇ ਸਿਸਟਮ ਨੂੰ ਲਗਾਤਾਰ ਮਜ਼ਬੂਤ ਕਰਨ ਅਤੇ ਇਕਸੁਰ ਢੰਗ ਨਾਲ ਚਲਾਉਣ ਦੀ ਹੈ, ਤਾਂ ਕਿ ਇਸ ਸਿਸਟਮ ਦਾ ਹਰ ਅੰਗ ਆਪਣੇ ਕਾਰਜ, ਸੂਖਮਤਾ ਨਾਲ ਕਰੇ ਅਤੇ ਇਹ ਸਾਰੇ ਅੰਗ ਮਿਲ ਕੇ ਪਾਰਟੀ ਦੇ ਉਦੇਸ਼ਾਂ ਅਤੇ ਪ੍ਰੋਗਰਾਮ ਨੂੰ ਪੂਰਾ ਕਰਨ ।

ਪਾਰਟੀ ਇਸ ਜਥੇਬੰਦ ਸਿਸਟਮ ਨੂੰ ਸਮੁੱਚੇ ਢਾਂਚੇ ਵਿਚ, ਅਧਾਰ ਤੋਂ ਸਿਖਰ ਤਕ, ਆਪਣੀ ਨੀਤੀ ਅਤੇ ਵਿਚਾਰਧਾਰਾ ਦੇ ਜ਼ਰੀਏ, ਪਾਰਟੀ ਦੀਆਂ ਜਥੇਬੰਦੀਆਂ ਅਤੇ ਸੰਗਠਨਾਂ ਅਤੇ ਹਰ ਕਮਿਊਨਿਸਟ ਦੀ ਕਾਰਵਾਈ ਦੇ ਜ਼ਰੀਏ ਅਗਵਾਈ ਦਿੰਦੀ ਹੈ । ਪਾਰਟੀ ਦੇ ਮੈਂਬਰ ਅਤੇ ਇਸ ਦੇ ਕੇਡਰ; ਚਾਹੇ ਉਹ ਪਾਰਟੀ, ਸਟੇਟ, ਸੈਨਾ, ਆਰਥਿਕਤਾ, ਜਨਤਕ ਜਥੇਬੰਦੀਆਂ ਦੇ ਵੱਖ ਵੱਖ ਕਾਰਜਾਂ ਲਈ ਚੁਣੇ ਜਾਂ ਨਿਯੁਕਤ ਕੀਤੇ ਗਏ ਹੋਣ, (ਉਹ) ਪਾਰਟੀ ਵਲੋਂ ਆਪਣੇ ਮੈਂਬਰਾਂ ਅਤੇ ਕੇਡਰਾਂ ਵਿਚਕਾਰ ਕੀਤੀ ਜਾਂਦੀ ਕ੍ਰਿਤ ਦੀ ਵੰਡ ਦੇ ਤੌਰ ਤੇ ਆਪਣੇ ਜ਼ਿੰਮੇ ਲੱਗੇ ਕਾਰਜਾਂ ਨੂੰ ਸਮਝਦੇ ਹਨ ।

ਬੇਸ਼ੱਕ ਪਾਰਟੀ ਦੇ ਸਭ ਲੀਵਰਾਂ ਦੇ ਆਪਣੇ ਚੁਣੇ ਹੋਏ ਸੰਗਠਨ ਹਨ, ਫਿਰ ਵੀ ਉਹਨਾਂ ਦੀ ਅਗਵਾਈ ਸਿਰਫ ਪਾਰਟੀ ਵਲੋਂ ਸਮੁੱਚੇ ਤੌਰ ਤੇ ਹੀ ਨਹੀਂ ਸਗੋਂ ਹਰ ਪਾਰਟੀ ਸੰਗਠਨ ਅਤੇ ਬੁਨਿਆਦੀ ਜਥੇਬੰਦੀ ਵਲੋਂ ਵੀ ਕੀਤੀ ਜਾਂਦੀ ਹੈ । ਕਿਸੇ ਵੀ ਕੜੀ ਵਿਚ ਪਾਰਟੀ ਦੀ ਆਗੂ ਭੂਮਿਕਾ ਨੂੰ ਜ਼ਰਾ ਜਿੰਨਾ ਵੀ ਕਮਜ਼ੋਰ ਕਰਨ ਦੇ ਭੈੜੇ ਸਿੱਟੇ ਨਿਕਲਣਗੇ । ਇਹੀ ਕੁੱਝ ਹੈ ਜੋ ਸਰਮਾਏਦਾਰੀ ਅਤੇ ਨਵ-ਸੋਧਵਾਦੀਏ ਹਾਸਲ ਕਰਨ ਲਈ ਯਤਨ ਕਰਦੇ ਹਨ । ਪ੍ਰੋਲੇਤਾਰੀਆ ਦੀ ਡਿਕਟੇਟਰਸ਼ਿਪ ਦੇ ਸਿਸਟਮ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਵਿਚ ਉਹ ਲੀਵਰਾਂ ਨੂੰ ਪਾਰਟੀ ਦੀ ਅਗਵਾਈ ਤੋਂ ਵੱਖ ਕਰਨ ਲਈ, ਉਹਨਾਂ ਨੂੰ ਆਜ਼ਾਦ ਜਥੇਬੰਦੀਆਂ ਵਿਚ ਬਦਲਣ ਲਈ ਅਤੇ ਉਹਨਾਂ ਨੂੰ ਪਾਰਟੀ ਦੇ ਸਮਾਨੰਤਰ ਅਤੇ ਪਾਰਟੀ ਦੀਆਂ ਵਿਰੋਧੀ ਜਥੇ-ਬੰਦੀਆਂ 'ਚ ਬਦਲਣ ਲਈ ਕੰਮ ਕਰਦੇ ਹਨ ।

ਪ੍ਰੋਲੇਤਾਰੀਆ ਦੀ ਡਿਕਟੇਟਰਸ਼ਿਪ ਦੇ ਸਿਸਟਮ ਵਿਚ ਪਾਰਟੀ ਦੀ ਅਗਵਾਈ, ਸਟੇਟ ਦੇ ਸੰਗਠਨਾਂ ਜਾਂ ਜਨਤਕ ਜਥੇਬੰਦੀਆਂ ਦੀ ਕਾਰਵਾਈ ਨੂੰ ਕਿਸੇ ਵੀ ਤਰ੍ਹਾਂ ਘਟਾਉਂਦੀ ਜਾਂ ਰੋਕਦੀ ਨਹੀਂ । ਸਗੋਂ ਇਸ ਦੇ ਉਲਟ, ਪਾਰਟੀ ਇਹ ਯਕੀਨੀ ਬਣਾਉਣ ਲਈ ਕੰਮ ਕਰਦੀ ਹੈ ਕਿ ਉਹਨਾਂ ਦੀ ਭੂਮਿਕਾ ਅਤੇ ਜ਼ਿੰਮੇਵਾਰੀ ਵਿਚ ਵਾਧਾ ਹੋਵੇ, ਕਿ ਉਹਨਾਂ ਦੀ ਪਹਿਲ-ਕਦਮੀ ਵਿਕਸਤ ਹੋਵੇ, ਕਿ ਉਹ ਸਿਆਸੀ ਅਤੇ ਜਥੇਬੰਦਕ ਤੌਰ ਤੇ ਮਜ਼ਬੂਤ ਬਣਨ ਅਤੇ ਆਪਣੇ ਕਾਰਜਾਂ ਨੂੰ ਵੱਧ ਤੋਂ ਵੱਧ ਸੰਭਵ ਚੰਗੇਰੇ ਢੰਗ ਨਾਲ ਕਰਨ । ਇਸ ਉਦੇਸ਼ ਲਈ, ਪਾਰਟੀ ਨੇ ਹਮੇਸ਼ਾ ਹੀ ਉਹਨਾਂ ਹਾਨੀਕਾਰਕ ਅਮਲਾਂ ਦੀ ਵਿਰੋਧਤਾ ਅਤੇ ਨੁਕਤਾਚੀਨੀ ਕੀਤੀ ਹੈ ਜਦ ਕੋਈ ਪਾਰਟੀ ਸੰਗਠਨ ਜਾਂ ਜਥੇਬੰਦੀ ਪਾਰਟੀ ਦੇ ਲੀਵਰਾਂ ਉੱਤੇ ਨੌਕਰਸ਼ਾਹ ਚੌਧਰ ਕਾਇਮ ਕਰਨ, ਉਹਨਾਂ ਉੱਤੇ ਰੋਹਬ ਪਾਉਣ ਅਤੇ ਆਪਣੀ ਮਨ-ਮਰਜ਼ੀ ਠੋਸਣ, ਉਹਨਾਂ ਦੀ ਕਾਰਵਾਈ ਤੇ ਬੰਦਸ਼ ਲਾਉਣ ਅਤੇ ਉਹਨਾਂ ਦੀ ਪਹਿਲ-ਕਦਮੀ ਦਾ ਗਲਾ-ਘੁਟਣ ਦੇ ਯਤਨ ਕਰਦੀ ਹੈ ।

ਸਟੇਟ ਅਤੇ ਸਮਾਜ ਦੀ ਆਗੂ ਤਾਕਤ ਦੀ ਹੈਸੀਅਤ ਵਿਚ ਪਾਰਟੀ ਦਾ ਇਹ ਫਰਜ਼ ਹੈ ਕਿ ਇਹ ਸਟੇਟ ਦੇ ਸਭ ਸੰਗਠਨਾਂ ਅਤੇ ਲੋਕਾਂ ਦੀਆਂ ਜਥੇਬੰਦੀਆਂ ਦੇ ਕੰਮ ਵਿਚ ਤਾਲ-ਮੇਲ ਪੈਦਾ ਕਰੇ । ਅਤੇ ਉਹਨਾਂ ਨੂੰ ਖੁਦ ਵੀ, ਆਪਣੇ ਕਾਰਜ ਅਤੇ ਜ਼ਿੰਮੇਵਾਰੀਆਂ ਨਿਭਾਉਣ ਦੇ ਨਾਲ ਨਾਲ ਆਪਸ-ਵਿਚ ਸਹਿਯੋਗ ਵਧਾਉਣ ਲਈ ਵੀ ਕੰਮ ਕਰਨਾ ਚਾਹੀਦਾ ਹੈ, ਕਿਉਂਕਿ ਇਹ ਉਹਨਾਂ ਦੀ ਕਾਰਵਾਈ ਦੀ ਸਫਲਤਾ ਲਈ ਇਕ ਲਾਜ਼ਮੀ ਸ਼ਰਤ ਹੈ । ਇਹ ਠੀਕ ਹੈ ਕਿ ਹਰ ਸੰਗਠਨ ਅਤੇ ਜਥੇਬੰਦੀ ਦਾ ਆਪੋ-ਆਪਣਾ ਖੇਤਰ ਅਤੇ ਵਿਸ਼ੇਸ਼ ਕਾਰਜ ਹਨ, ਲੇਕਿਨ ਇਹਨਾਂ ਵਿਸ਼ੇਸ਼ ਲਕਸ਼ਾਂ ਨੂੰ ਨਿਰਪੇਖ ਨਹੀਂ ਬਣਾਉਣਾ ਚਾਹੀਦਾ ਕਿਉਂਕਿ ਉਹ ਸਾਰੇ ਇਕੋ ਹੀ ਉਦੇਸ਼ ਲਈ ਕੰਮ ਅਤੇ ਸੰਘਰਸ਼ ਕਰਦੇ ਹਨ । ਸਹਿਯੋਗ ਕਰਦਿਆਂ ਉਹ ਇਕ-ਦੂਸਰੇ ਦਾ ਸਥਾਨ ਨਹੀਂ ਲੈਂਦੇ ਅਤੇ ਦੋਹਰ ਨਹੀਂ ਕਰਦੇ, ਨਾ ਹੀ ਉਹ ਇਕ-ਦੂਸਰੇ ਨੂੰ ਅਧੀਨ ਬਣਾਉਂਦੇ ਹਨ, ਕਿਉਂਕਿ ਉਹਨਾਂ ਸਭ ਨੂੰ ਹੀ ਪਾਰਟੀ ਅਗਵਾਈ ਦਿੰਦੀ ਹੈ ਅਤੇ ਉਹਨਾਂ 'ਚੋਂ ਹਰ ਕੋਈ ਪਾਰਟੀ ਵਲੋਂ ਦਿੱਤੇ ਗਏ ਕਾਰਜਾਂ ਨੂੰ ਪੂਰੇ ਕਰਨ ਲਈ ਇਸ ਦੀ ਸੇਧ ਤੇ ਕੰਮ ਅਤੇ ਸੰਘਰਸ਼ ਕਰਦਾ ਹੈ ।

ਪਾਰਟੀ, ਕੇਂਦਰ ਤੋਂ ਅਧਾਰ ਤਕ, **ਰਾਜਸੱਤਾ ਅਤੇ ਰਾਜ-ਪ੍ਰਬੰਧ ਦੇ ਸਭ ਸੰਗਠਨਾਂ ਨੂੰ ਲਗਾਤਾਰ ਮਜ਼ਬੂਤ ਕਰਨ** ਵੱਲ ਉਚੇਚਾ ਧਿਆਨ ਦਿੰਦੀ ਹੈ । ਸਮਾਜਵਾਦੀ ਉਸਾਰੀ ਅਤੇ ਵਤਨ ਦੀ ਰੱਖਿਆ ਵਿਚ ਲੋਕਾਂ ਦੀ ਰਾਜਸੱਤਾ ਮਜ਼ਦੂਰ ਜਮਾਤ ਅਤੇ ਮਿਹਨਤਕਸ਼ ਲੋਕਾਂ ਦੀ ਸਭ ਤੋਂ ਮਹਾਨ ਜਿੱਤ ਅਤੇ ਇਕ ਸ਼ਕਤੀਸ਼ਾਲੀ ਹਥਿਆਰ ਹੈ । ਇਹੀ ਵਜ੍ਹਾ ਹੈ ਕਿ ਅਸੀਂ ਇਸ ਰਾਜਸੱਤਾ ਦੀ ਆਪਣੀ ਅੱਖ ਦੇ ਪੁਤਲੇ ਦੀ ਤਰ੍ਹਾਂ ਰਖਵਾਲੀ ਕਰਦੇ ਹਾਂ ਅਤੇ ਉਦਾਰਵਾਦ ਅਤੇ ਨੌਕਰਸ਼ਾਹੀ ਦੇ ਖ਼ਤਰੇ ਵਿਰੁੱਧ ਸੰਘਰਸ਼ ਵਿਚ ਇਸ ਨੂੰ ਲਗਾਤਾਰ ਮਜ਼ਬੂਤ ਕਰਦੇ ਹਾਂ ।

ਸਟੇਟ ਸੰਸਥਾਵਾਂ ਅਤੇ ਖ਼ਾਸ ਕਰ ਪੀਪਲਜ਼ ਕੌਂਸਲਾਂ ਨੂੰ ਮਜ਼ਬੂਤ ਕਰਨ ਅਤੇ ਇਨ੍ਹਾਂ ਦੀ ਭੂਮਿਕਾ ਨੂੰ ਵਧਾਉਣ ਵੱਲ ਪਾਰਟੀ ਲਗਾਤਾਰ ਤਵੱਜੋਂ ਦਿੰਦੀ ਰਹੀ ਹੈ ਅਤੇ ਭਵਿੱਖ ਵਿਚ ਵੀ ਜਾਰੀ ਰੱਖਣੀ ਚਾਹੀਦੀ ਹੈ । ਪਾਰਟੀ ਨੇ ਹਮੇਸ਼ਾ ਹੀ ਪੀਪਲਜ਼ ਕੌਂਸਲਾਂ ਦੀ ਕਾਰਵਾਈ ਵਿਚ ਰਸਮਵਾਦ ਦੇ ਸਭ ਲੱਛਣਾਂ ਵਿਰੁੱਧ ਡਟਕੇ ਲੜਾਈ ਕੀਤੀ ਹੈ ਅਤੇ ਉਨ੍ਹਾਂ ਦੇ ਇਖਤਿਆਰਾਂ ਅਤੇ ਅਧਿਕਾਰਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਮੰਗ ਕੀਤੀ, ਜੋ ਕਦੇ ਵੀ ਕਾਰਜਕਾਰੀ ਸੰਸਥਾਵਾਂ ਨੂੰ ਆਪਣੇ ਕਬਜ਼ੇ 'ਚ ਨਹੀਂ ਕਰਨੇ ਚਾਹੀਦੇ । ਰਾਜਸੱਤਾ ਦੀਆਂ ਵਿਧਾਨਕਾਰੀ ਸੰਸਥਾਵਾਂ ਮੁਤੱਲਕ ਅਤੇ ਇਨ੍ਹਾਂ ਸੰਸਥਾਵਾਂ ਅਤੇ ਰਾਜਸੱਤਾ ਦੀਆਂ ਕਾਰਜਕਾਰੀ ਸੰਸਥਾਵਾਂ ਵਿਚਕਾਰ ਰਿਸ਼ਤੇ

ਮੁਤੱਲਕ ਸੰਵਿਧਾਨ ਦੇ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦਾ ਸਬੰਧ ਸਾਡੀ ਰਾਜਸੱਤਾ ਦੇ ਜਮਹੂਰੀ ਖਾਸੇ ਨੂੰ ਬਰਕਰਾਰ ਰੱਖਣ ਨਾਲ ਹੈ, ਜਿਸ ਸੱਤਾ ਦੀਆਂ ਜੜ੍ਹਾਂ ਲੋਕਾਂ ਵਿਚ ਹਨ ਅਤੇ ਜੋ ਉਨ੍ਹਾਂ ਦੀ ਹੀ ਸੱਤਾ ਹੈ।

ਸਾਡੇ ਦੇਸ਼ ਵਿਚ ਸਟੇਟ ਦੀਆਂ ਸੰਸਥਾਵਾਂ, ਮਿਹਨਤਕਸ਼ ਲੋਕਾਂ ਨਾਲ ਤੜੇ ਗੂੜ੍ਹੇ ਮੇਲ ਨਾਲ ਆਪਣੀ ਕਾਰਵਾਈ ਚਲਾਉਂਦੀਆਂ ਹਨ। ਲੋਕਾਂ ਨਾਲ ਇਹਨਾਂ ਗੂੜ੍ਹੇ ਸਬੰਧਾਂ ਵਿਚ ਹੀ ਸਾਡੀ ਲੋਕ ਰਾਜ-ਸੱਤਾ ਦਾ ਬਲ ਹੈ, ਇਸ ਲਈ ਸਾਨੂੰ ਇਨ੍ਹਾਂ ਸਬੰਧਾਂ ਨੂੰ ਹਮੇਸ਼ਾ ਬਰਕਰਾਰ ਰੱਖਣਾ, ਮਜ਼ਬੂਤ ਕਰਨਾ ਅਤੇ ਲਗਾਤਾਰ ਸੰਪੰਨ ਬਣਾਉਣਾ ਚਾਹੀਦਾ ਹੈ। ਇਸ ਰਾਹ ਉੱਤੇ ਹਮੇਸ਼ਾ ਦੀ ਤਰ੍ਹਾਂ ਚੱਲਦਿਆਂ ਲੋਕਾਂ ਦੀ ਭੂਮਿਕਾ ਅਤੇ ਸਟੇਟ ਦੇ ਕਾਰੋਬਾਰ ਵਿਚ ਉਨ੍ਹਾਂ ਦੀ ਸ਼ਮੂਲੀਅਤ ਵਿਚ ਵਾਧਾ ਹੋਏਗਾ, ਸਾਡੀ ਸਮਾਜਵਾਦੀ ਜਮਹੂਰੀਅਤ ਹੋਰ ਵਧੇਰੇ ਵਿਸਤ੍ਰਿਤ ਬਣੇਗੀ, ਜਿਸ ਜਮਹੂਰੀਅਤ ਤੋਂ ਬਗੈਰ ਪ੍ਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਦੀ ਹੋਂਦ ਅਤੇ ਮਜ਼ਬੂਤੀ ਅਸੰਭਵ ਹੈ।

ਸਾਡੀ ਸਟੇਟ ਦੀ ਸਮੁੱਚੀ ਕਾਰਵਾਈ ਸੰਵਿਧਾਨ ਅਤੇ ਇਸ ਦੇ ਕਾਨੂੰਨਾਂ ਉੱਤੇ ਅਧਾਰਿਤ ਹੈ, ਜੋ ਪਾਰਟੀ ਦੀ ਸੇਧ ਅਤੇ ਨੀਤੀ ਦੇ ਮੂਲ-ਤੱਤ ਦਾ ਸੰਕਲਨ ਹੈ। ਪਾਰਟੀ ਕਦੇ ਵੀ ਮਨਮਰਜ਼ੀ ਅਤੇ ਕਾਨੂੰਨਾਂ ਦੀ ਉਲੰਘਣਾਂ ਦੇ ਲੱਛਣਾਂ ਦੀ ਇਜਾਜ਼ਤ ਨਹੀਂ ਦਿੰਦੀ ਅਤੇ ਭਵਿੱਖ ਵਿਚ ਵੀ ਨਹੀਂ ਦੇਵੇਗੀ ਕਿਉਂਕਿ ਅਜੇਹੇ ਲੱਛਣ ਸਮਾਜ ਜਾਂ ਵਿਅਕਤੀਗਤ ਨਾਗਰਿਕਾਂ ਦੇ ਹਿੱਤਾਂ ਨੂੰ ਕਮਜ਼ੋਰ ਕਰਦੇ ਹਨ। ਇਸ ਲਈ ਪਾਰਟੀ ਨੇ ਹਮੇਸ਼ਾਂ ਹੀ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਸਭ ਸਟੇਟ ਸੰਸਥਾਵਾਂ ਅਤੇ ਉਨ੍ਹਾਂ ਵਿਚ ਕੰਮ ਕਰਨ ਵਾਲਿਆਂ ਨੂੰ ਸਟੇਟ ਦੇ ਕਾਨੂੰਨ ਚੰਗੀ ਤਰ੍ਹਾਂ ਪਤਾ ਹੋਣੇ ਚਾਹੀਦੇ ਹਨ ਅਤੇ ਦ੍ਰਿੜ੍ਹਤਾ ਨਾਲ ਲਾਗੂ ਕੀਤੇ ਜਾਣੇ ਚਾਹੀਦੇ ਹਨ। ਇਨ੍ਹਾਂ ਕਾਨੂੰਨਾਂ ਨੂੰ ਮਿਹਨਤਕਸ਼ ਲੋਕਾਂ ਵਿਚ ਪ੍ਰਾਪੇਗੰਡੇ ਰਾਹੀਂ ਵੱਧ ਤੋਂ ਵੱਧ ਪ੍ਰਚਾਰਨਾ ਚਾਹੀਦਾ ਹੈ, ਤਾਂ ਕਿ ਉਹ ਜਾਣ ਲੈਣ ਕਿ ਆਪਣੇ ਕਰਤੱਵ ਕਿਵੇਂ ਨਿਭਾਉਣੇ ਹਨ ਅਤੇ ਆਪਣੇ ਹੱਕਾਂ ਦੀ ਰਖਵਾਲੀ ਕਿਵੇਂ ਕਰਨੀ ਹੈ ਅਤੇ ਕਿਸੇ ਵੱਲੋਂ ਵੀ ਕਾਨੂੰਨ ਦੀ ਤੋੜ-ਮਰੋੜ ਵਿਰੁੱਧ ਕਿਵੇਂ ਲੜਨਾ ਹੈ। ਕਾਨੂੰਨਾਂ ਬਾਰੇ ਜਾਣੂ ਹੋਣਾ ਅਤੇ ਇਨ੍ਹਾਂ ਨੂੰ ਲਾਗੂ ਕਰਨਾ ਇਕ ਫੈਸਲਾਕੁੰਨ ਸ਼ਰਤ ਹੈ ਜੋ ਸਟੇਟ ਸੰਸਥਾਵਾਂ ਅਤੇ ਲੋਕਾਂ ਦੀ ਕਾਰਵਾਈ ਨੂੰ ਸਹੀ ਢੰਗ ਨਾਲ ਅਤੇ ਸਫਲਤਾ ਪੂਰਵਕ ਕੀਤੇ ਜਾਣ ਨੂੰ ਯਕੀਨੀ ਬਣਾਉਂਦੀ ਹੈ। ਇਸ ਨਾਲ ਹਰ ਜਗ੍ਹਾ ਜ਼ਾਬਤੇ, ਡਸਿਪਲਿਨ ਅਤੇ ਸਮਾਜਵਾਦੀ ਜਾਗਰਤੀ ਵਿਚ ਵਾਧਾ ਹੁੰਦਾ ਹੈ ਅਤੇ ਬਹੁਤ ਸਾਰੀਆਂ ਬੁਰਾਈਆਂ ਦੀ ਸੰਭਾਵਨਾ ਖ਼ਤਮ ਹੁੰਦੀ ਹੈ।

ਪਾਰਟੀ ਇਹ ਯਕੀਨੀ ਬਣਾਉਣ ਲਈ ਕੰਮ ਕਰਦੀ ਹੈ ਕਿ ਪਿੰਡ ਅਤੇ ਜ਼ਿਲ੍ਹੇ ਦੀਆਂ ਪੀਪਲਜ਼ ਕੌਂਸਲਾ ਤੋਂ (ਕੌਮੀ) ਪੀਪਲਜ਼ ਅਸੈਂਬਲੀ ਤੱਕ, ਸਭ ਚੁਣੀਆਂ ਹੋਈਆਂ ਸਟੇਟ ਸੰਸਥਾਵਾਂ, ਉਨ੍ਹਾਂ ਦੇ ਵੱਖ ਵੱਖ ਕਮਿਸ਼ਨ ਅਤੇ ਕਾਰਜਕਾਰੀ ਸੰਸਥਾਵਾਂ ਕਾਰਜਾਂ ਨੂੰ ਲਾਗੂ ਕਰਨ ਉੱਤੇ ਨਿਗਰਾਨੀ ਰੱਖਣ ਅਤੇ ਸਿਆਸੀ, ਆਰਥਿਕ, ਸਮਾਜੀ-ਸੱਭਿਆਚਾਰਕ, ਵਿਦਿਅਕ ਅਤੇ ਵਿਗਿਆਨਕ ਜੀਵਨ ਦੇ ਸਭ ਖੇਤਰਾਂ ਵਿਚ ਆਪੋ-ਆਪਣੇ ਅਧਿਕਾਰਾਂ ਦੀ ਸਖ਼ਤੀ ਨਾਲ ਵਰਤੋਂ ਕਰਨ। ਪਾਰਟੀ ਇਕ-ਪਾਸੜਪਣ ਦੇ ਲੱਛਣਾਂ ਨੂੰ ਖ਼ਤਮ ਕਰਨ ਲਈ ਕੰਮ ਕਰਦੀ ਹੈ ਜੋ ਲੱਛਣ ਜਿਲ੍ਹਿਆਂ ਵਿਚ ਕੁਝ ਸਟੇਟ ਸੰਗਠਨਾਂ ਵਿਚ ਦੇਖੇ ਗਏ ਹਨ, ਜਿਹੜੇ ਮੁਖ ਤੌਰ ਤੇ ਆਪਣਾ ਵਾਸਤਾ ਸਿਰਫ ਆਰਥਿਕ ਮਸਲਿਆਂ ਨਾਲ ਹੀ ਰੱਖਦੇ ਹਨ ਅਤੇ ਸਟੇਟ ਦੀ ਕਾਰਵਾਈ ਦੇ ਹੋਰ ਖੇਤਰਾਂ ਵੱਲ ਘੱਟ ਹੀ ਧਿਆਨ ਦਿੰਦੇ ਹਨ। ਪਾਰਟੀ ਨੇ ਕਈ ਸੰਯੁਕਤ ਪਿੰਡਾਂ ਦੀਆਂ ਪੀਪਲਜ਼ ਕੌਂਸਲਾਂ ਦੇ ਕੰਮ ਦੀ ਵੀ ਨੁਕਤਾਚੀਨੀ ਕੀਤੀ ਹੈ, ਜਿਨ੍ਹਾਂ ਨੇ ਆਪਣੇ-ਆਪਨੂੰ ਇਸ ਸਚਾਈ ਤੇ ਅਧਾਰਿਤ ਕਰਦਿਆਂ ਕਿ ਖੇਤੀ ਕੋਅਪ੍ਰੇਟਿਵਾਂ ਦੀਆਂ ਮੈਨਿਜਮੈਂਟ ਕਮੇਟੀਆਂ ਆਰਥਿਕਤਾ ਦੇ ਬੰਦੋਬਸਤ ਅਤੇ ਵਿਕਾਸ ਦੇ ਮਸਲਿਆਂ ਨੂੰ ਨਜਿੱਠਦੀਆਂ ਹਨ, ਆਰਥਿਕਤਾ ਵਿਚ ਸਟੇਟ ਦੀ ਯੋਜਨਾ ਉੱਤੇ ਕੀਤੇ ਜਾ ਰਹੇ ਕੰਮ ਉੱਤੇ ਕੋਈ ਨਿਗਰਾਨੀ ਨਹੀਂ ਰੱਖੀ ਅਤੇ ਹਿਸਾਬ-ਕਿਤਾਬ ਦੀ ਮੰਗ ਨਹੀਂ ਕੀਤੀ।

ਸਾਨੂੰ ਦਰਪੇਸ਼ ਵੱਡੇ ਕਾਰਜ ਮੰਗ ਕਰਦੇ ਹਨ ਕਿ ਸਭ ਸਟੇਟ ਸੰਗਠਨਾਂ ਦੇ ਕੰਮ ਢੰਗਾਂ ਨੂੰ ਹੋਰ ਸੁਧਾਰਿਆ ਜਾਵੇ ਅਤੇ ਉਹ ਕਾਰੋਬਾਰ ਨੂੰ ਚੰਗੀ ਤਰ੍ਹਾਂ ਚਲਾਉਣ। ਇਹ ਸੁਧਾਰ ਸਿਰਫ ਇਕ ਨੌਕਰਸ਼ਾਹੀ ਤਰੀਕੇ ਨਾਲ ਹੀ ਨਹੀਂ ਦੇਖਣੇ ਚਾਹੀਦੇ ਅਤੇ ਇਹ ਨਹੀਂ ਸੋਚਣਾ ਚਾਹੀਦਾ ਕਿ ਇਹ ਅਮਲੇ (staff) ਦੀ ਗਿਣਤੀ ਵਿਚ ਵਾਧਾ ਕਰਨ ਨਾਲ ਹੀ ਹੋ ਜਾਣਗੇ। ਸਗੋਂ ਇਸ ਦੇ ਉਲਟ, ਕਾਰੋਬਰ ਦੀ ਜਥੇਬੰਦੀ ਅਤੇ ਬੰਦੋਬਸਤ ਵਿਚ ਕਿਸੇ ਵੀ ਨੌਕਰਸ਼ਾਹੀ ਲੱਛਣ ਵਿਰੁੱਧ, ਪੁਰਾਣੇ ਘਸੇ-ਪਿਟੇ ਸੰਕਲਪਾਂ ਅਤੇ ਕੰਮ ਢੰਗਾਂ ਵਿਰੁੱਧ ਡਟ ਕੇ ਲੜਾਈ ਕਰਕੇ ਹੀ ਇਹ ਸੁਧਾਰ ਕੀਤੇ ਜਾ ਸਕਦੇ ਹਨ।

ਪਾਰਟੀ ਦੀਆਂ ਜਥੇਬੰਦੀਆਂ ਅਤੇ ਉਨ੍ਹਾਂ 'ਚ ਕੰਮ ਕਰ ਰਹੇ ਕੇਡਰਾਂ ਅਤੇ ਲੋਕਾਂ ਨੂੰ, ਕੇਂਦਰ ਅਤੇ ਅਧਾਰ ਦੇ ਰਾਜਸੱਤਾ ਅਤੇ ਰਾਜ-ਪ੍ਰਬੰਧ ਦੇ ਸੰਗਠਨਾਂ ਵਿਚ ਕਿਸੇ ਵੀ ਕਿਸਮ ਦੀ ਜ਼ਿੰਮੇਵਾਰੀ ਦੀ ਘਾਟ, ਸੁਸਤੀ, ਰੋਜ਼ਾਨਾ ਦੀਆਂ ਮਾਮੂਲੀ ਬਾਰੀਕੀਆਂ ਵਿਚ ਬੇ-ਮਤਲਬ ਫਸਣ, ਪਹਿਲ-ਕਦਮੀ ਅਤੇ ਸੁਤੰਤਰ ਕਾਰਵਾਈ ਦੀ ਘਾਟ, ਚਮਚਾਗਿਰੀ ਦੇ ਲੱਛਣਾਂ, ਨਕਲ ਜਾਂ ਧੱਕੇਸ਼ਾਹੀ, ਸਿਰਫ ਆਪਣੇ ਹੀ ਖੇਤਰ ਜਾਂ ਸੈਕਟਰ ਦੇ ਹਿੱਤਾਂ ਵੱਲ ਹੀ ਧਿਆਨ ਦੇਣ ਦੀ ਤੰਗ-ਦਿਲੀ ਆਦਿ, ਦਸਤਕਾਰ ਸੰਕਲਪਾਂ ਅਤੇ ਅਮਲਾਂ, ਆਦਿ, ਵਿਰੁੱਧ ਹੋਰ ਵੀ ਵਧੇਰੇ ਦ੍ਰਿੜ੍ਹਤਾ ਨਾਲ ਸੰਘਰਸ਼ ਕਰਨਾ ਚਾਹੀਦਾ ਹੈ। ਸਫਲ ਹੋਣ ਲਈ ਇਹ ਸੰਘਰਸ਼ ਵਿੱਦਿਆ ਰਾਹੀਂ, ਅਤੇ ਨਾਲੋ ਨਾਲ ਜਥੇਬੰਦੀ, ਡਸਿਪਲਨ ਅਤੇ ਸਖ਼ਤ ਨਿਗਰਾਨੀ ਰਾਹੀਂ ਵੀ ਕਰਨਾ ਚਾਹੀਦਾ ਹੈ।

ਦੋ ਕਾਂਗਰਸਾਂ ਦੇ ਵਿਚਕਾਰ ਦੇ ਅਰਸੇ ਵਿਚ ਪਾਰਟੀ ਦੀ ਕੇਂਦਰੀ ਕਮੇਟੀ ਅਤੇ ਡਿਫੈਂਸ ਕੌਂਸਲ ਨੇ **ਦੇਸ਼ ਦੀ ਸੁਰੱਖਿਆ ਸਮਰੱਥਾ ਨੂੰ ਹੋਰ ਮਜ਼ਬੂਤ ਕਰਨ ਲਈ ਮਹੱਤਵਪੂਰਨ ਉਪਾਉ ਕੀਤੇ ਹਨ।** ਪਾਰਟੀ ਅਤੇ ਸਟੇਟ ਅਤੇ ਫੌਜ ਦੇ ਕੇਡਰਾਂ ਨੇ ਫੌਜ ਵਿਚ ਭਰਵਾਂ ਕੰਮ ਕੀਤਾ ਹੈ ਅਤੇ ਬਾਕੀਰ ਬਲੁਕਾ ਐਂਡ ਕੰਪਨੀ ਦੀ ਦੁਸ਼ਮਣੀ-ਭਰੀ ਕਾਰਵਾਈ ਦੇ ਨਤੀਜਿਆਂ ਨੂੰ ਖ਼ਤਮ ਕਰਨ ਲਈ ਸਫਲਤਾ ਪੂਰਵਕ ਸੰਘਰਸ਼ ਕੀਤਾ ਹੈ। ਇਸ ਦੇ ਨਤੀਜੇ ਵਜੋਂ, ਸਾਡੀਆਂ ਹਥਿਆਰ-ਬੰਦ ਫੌਜਾਂ ਦੀ ਜਥੇਬੰਦੀ; ਸਿਖਲਾਈ, ਵਿੱਦਿਆ ਅਤੇ ਲੜਾਕੂ ਤੱਤਪਰਤਾ ਨੂੰ ਇਕ ਉਚੇਰੇ ਪੱਧਰ ਤੇ ਪਹੁੰਚਾਇਆ ਗਿਆ ਹੈ।

ਪਾਰਟੀ ਨੇ ਵਤਨ ਦੀ ਸੁਰੱਖਿਆ ਨੂੰ ਕਦੇ ਵੀ ਵਿਦੇਸ਼ੀ ਮਦਦ ਜਾਂ ਵੱਖ ਵੱਖ ਕੌਮਾਂਤਰੀ ਤੱਤਾਂ ਉੱਤੇ ਅਧਾਰਿਤ ਨਹੀਂ ਕੀਤਾ, ਸਗੋਂ ਮੁੱਖ ਤੌਰ ਤੇ ਅੰਦਰੂਨੀ ਤੱਤ, ਸਾਡੇ ਲੋਕਾਂ ਦੀ ਸ਼ਕਤੀ, ਦੇਸ਼-ਭਗਤੀ ਅਤੇ ਬਹਾਦਰੀ ਉੱਤੇ, ਅਤੇ ਸੁਰੱਖਿਆ ਵਾਸਤੇ ਸਮੁੱਚੇ ਦੇਸ਼ ਦੀ ਸਰਬ-ਪੱਖੀ ਤਿਆਰੀ ਅਤੇ ਸਥਾਈ ਲੜਾਕੂ ਤੱਤਪਰਤਾ ਉੱਤੇ ਟੇਕ ਰੱਖੀ ਹੈ। ਪਾਰਟੀ ਦੀ ਇਹ ਹਦਾਇਤ ਕਿ "ਦੇਸ਼ ਦੀ ਸੁਰੱਖਿਆ ਸਭ ਕਰਤੱਵਾਂ ਤੋਂ ਵੱਡਾ ਕਰਤੱਵ ਹੈ," ਸਾਡੇ ਵਿਚ ਇਕ ਮਹਾਨ ਅਸਲੀਅਤ ਬਣ ਰਹੀ ਹੈ। ਦੇਸ਼ ਦੀ ਸੁਰੱਖਿਆ-ਸਮਰੱਥਾ ਦੀ ਮਜ਼ਬੂਤੀ ਬਹੁਤ ਹੱਦ ਤੱਕ ਇਸ ਹਦਾਇਤ ਦੀ ਮੁਕੰਮਲ ਅਤੇ ਸਹੀ ਸਮਝ ਅਤੇ ਇਸਨੂੰ ਲਾਗੂ ਕਰਨ ਦੇ ਠੋਸ ਸੰਘਰਸ਼ ਉੱਤੇ ਨਿਰਭਰ ਹੈ।

ਪਾਰਟੀ ਇਹ ਮੰਗ ਕਰਦੀ ਹੈ ਕਿ ਭਵਿੱਖ ਵਿਚ ਵੀ, ਲੋਕ-ਫੌਜ, ਅਤੇ ਇਸ ਦੇ ਸਭ ਢਾਂਚੇ, ਵਤਨ ਦੀ ਸੁਰੱਖਿਆ ਲਈ ਮੁੱਖ ਸ਼ਕਤੀ ਦੇ ਤੌਰ ਤੇ ਲਗਾਤਾਰ ਮਜ਼ਬੂਤ ਬਣਾਏ ਜਾਣੇ ਚਾਹੀਦੇ ਹਨ, ਇਨ੍ਹਾਂ ਦਾ ਅਧੁਨੀਕਰਣ ਅਤੇ ਇਨਕਲਾਬੀਕਰਣ ਕੀਤਾ ਜਾਣਾ ਚਾਹੀਦਾ ਹੈ। ਇਸ ਉਦੇਸ਼ ਲਈ, ਇਹ ਲਾਜ਼ਮੀ ਹੈ ਕਿ ਪਾਰਟੀ ਜਥੇਬੰਦੀਆਂ, ਸਭ ਕਾਮਉਨਿਸਟ ਅਤੇ ਸਭ ਇਕਾਈਆਂ ਸਿਆਸੀ-ਫੌਜੀ ਤਿਆਰੀ ਨੂੰ ਇਕ ਉਚੇਰੀ ਪੱਧਰ ਤੇ ਪਹੁੰਚਾਉਣ ਲਈ ਆਪਣੇ ਯਤਨ ਤੇਜ਼ ਕਰਨ, ਸਾਡੇ ਲੋਕ-ਯੁੱਧ ਦੇ ਫੌਜੀ ਹੁਨਰ ਦੀਆਂ ਜ਼ਰੂਰਤਾਂ ਨੂੰ ਚੰਗੀ ਤਰ੍ਹਾਂ ਗ੍ਰਹਿਣ ਕਰਨ ਅਤੇ ਸਿਰਜਨਾਤਮਕ ਤਰੀਕੇ ਨਾਲ ਲਾਗੂ ਕਰਨ, ਸਭ ਕਿਸਮਾਂ ਦੇ ਹਥਿਆਰਾਂ ਅਤੇ ਫੌਜੀ ਸਾਜ਼-ਸਮਾਨ ਦੀ ਵਰਤੋਂ ਵਿਚ ਪੂਰੀ ਮਾਹਰੀਨਤਾ ਹਾਸਲ ਕਰਨ, ਅਤੇ ਨਿਰਧਾਰਿਤ ਨਿਯਮਾਂ ਅਨੁਸਾਰ ਫੌਜੀ ਤਰਤੀਬ ਅਤੇ ਡਸਿਪਲਨ ਨੂੰ ਮਜ਼ਬੂਤ ਕਰਨ।

ਸਾਡੇ ਦੇਸ਼ ਵਿਚ, ਫੌਜ ਅਤੇ ਲੋਕ ਇਕ ਅਟੁੱਟਵੇਂ ਤੌਰ ਤੇ ਜੁੜੇ ਹੋਏ ਹਨ। ਮਹਾਨ ਲੈਨਿਨ ਦੀਆਂ ਸਿੱਖਿਆਵਾਂ ਅਨੁਸਾਰ ਮੁਫਤ ਸੈਨਿਕ ਸਕੂਲ ਖੋਲ੍ਹਣਾ ਇਸ ਏਕਤਾ ਅਤੇ ਇਨ੍ਹਾਂ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਵਿਚ ਮਦਦ ਕਰਦਾ ਹੈ। ਇਨ੍ਹਾਂ ਸਕੂਲਾਂ ਦੀ ਮਜ਼ਬੂਤੀ ਫੌਜੀ ਸਿਖਲਾਈ ਨੂੰ ਹਰ ਮਿਹਨਤਕਸ਼ ਵਿਅਕਤੀ ਦੇ ਜੀਵਨ ਅਤੇ ਕੰਮ ਦਾ ਇਕ ਸੁਭਾਵਿਕ ਅੰਗ ਬਣਾ ਰਹੀ ਹੈ।

ਦੇਸ਼ ਦੀ ਸੁਰੱਖਿਆ ਤਦ ਮਜ਼ਬੂਤ ਅਤੇ ਅਜਿੱਤ ਬਣਦੀ ਹੈ ਜਦ ਸਿਆਸੀ, ਵਿਚਾਰਧਾਰਕ, ਆਰਥਿਕ ਅਤੇ ਫੌਜੀ ਖੇਤਰਾਂ ਵਿਚ ਕਾਰਜਾਂ ਨੂੰ ਨੇੜਤਾ ਅਤੇ ਇਕ-ਦੂਸਰੇ ਨਾਲ ਅਟੁੱਟ ਤੌਰ ਤੇ ਜੋੜ ਕੇ ਸਮਝਿਆ ਅਤੇ ਕੀਤਾ ਜਾਂਦਾ ਹੈ। ਕਾਰਜਾਂ ਦੀ ਅਜੇਹੀ ਸੂਝ ਅਤੇ ਤਾਮੀਲ ਸਾਡੇ ਅੰਦਰੂਨੀ ਮੁਹਾਜ਼ ਨੂੰ ਸਭ ਦਿਸ਼ਾਵਾਂ ਵਿਚ ਹੋਰ

ਵਧੇਰੇ ਮਜ਼ਬੂਤ ਕਰੇਗੀ, ਇਸ ਨੂੰ ਕਿਸੇ ਵੀ ਹਾਲਤ ਦਾ ਸਫਲਤਾਪੂਰਵਕ ਸਾਹਮਣਾ ਕਰਨ ਦੇ ਹੋਰ ਵਧੇਰੇ ਕਾਬਿਲ ਬਣਾਏਗੀ, ਇਸ ਨੂੰ ਇਕ ਫੌਲਾਦੀ ਕੰਧ ਦੀ ਤਰ੍ਹਾਂ ਮਜ਼ਬੂਤ ਕਰੇਗੀ। ਜਿਸ ਨਾਲ ਟੱਕਰ ਲੈ ਕੇ **ਪੀਪਲਜ਼ ਸੋਸ਼ਲਿਸਟ** ਰੀਪਬਲਿਕ ਆਫ ਅਲਬਾਨੀਆਂ ਉੱਤੇ ਹਮਲਾ ਕਰਨ ਵਾਲਾ ਕੋਈ ਵੀ ਧਾੜਵੀ ਆਪਣਾ ਹੀ ਸਿਰ ਦੋ-ਫਾੜ ਕਰਾਏਗਾ।

ਲੋਕਾਂ ਦੀ ਸੱਤਾ ਅਤੇ ਸਮਾਜਵਾਦੀ ਉਸਾਰੀ ਦੀਆਂ ਜਿੱਤਾਂ ਦੀ ਰਖਵਾਲੀ ਕਰਨ ਲਈ ਅੰਦਰੂਨੀ ਅਤੇ ਬਾਹਰੀ ਦੁਸ਼ਮਣਾਂ ਵਿਰੁੱਧ ਸੰਘਰਸ਼ ਵਿਚ, **ਅੰਦਰੂਨੀ ਮਾਮਲਿਆਂ ਦੀ ਮਨਿਸਟਰੀ ਦੇ ਸੰਗਠਨਾਂ, ਸਟੇਟ ਸਕਿਊਰਿਟੀ, ਪੀਪਲਜ਼ ਪੁਲੀਸ ਅਤੇ ਰਸਹੱਦੀ ਸ਼ਕਤੀਆਂ ਦੇ ਸੰਗਠਨਾਂ ਨੇ** ਵਿਸ਼ੇਸ਼ ਤੌਰ ਤੇ ਮਹਾਨ ਅਤੇ ਮਹੱਤਵਪੂਰਨ ਹਿੱਸਾ ਪਾਇਆ ਹੈ। ਪਾਰਟੀ ਦੀ ਸਿਖਲਾਈ ਅਤੇ ਰਾਹਨੁਮਾਈ ਹੇਠ, ਇਨ੍ਹਾਂ, ਲੋਕਾਂ ਨੂੰ ਪਿਆਰੇ ਅਤੇ ਉਨ੍ਹਾਂ ਦੇ ਹਿੱਤਾਂ ਦੇ ਵਫਾਦਾਰ, ਸੰਗਠਨਾਂ ਨੇ ਹਮੇਸ਼ਾ ਹੀ ਇਮਾਨਦਾਰੀ ਅਤੇ ਜ਼ਿੰਮੇਵਾਰੀ ਦੀ ਉੱਚਤਮ ਭਾਵਨਾ ਨਾਲ ਆਪਣੇ ਫਰਜ਼ ਨਿਭਾਏ ਹਨ।

ਅੰਦਰੂਨੀ ਮਾਮਲਿਆਂ ਦੀ ਮਨਿਸਟਰੀ ਦੇ ਸੰਗਠਨਾਂ ਵਿਚਲੀਆਂ ਪਾਰਟੀ ਜਥੇਬੰਦੀਆਂ ਨੂੰ ਲਾਜ਼ਮੀ ਹੀ ਇਸ ਦੀਆਂ ਤਾਕਤਾਂ ਦੀ ਸਿਆਸੀ, ਵਿਚਾਰਧਾਰਕ ਸੱਭਿਆਚਾਰਕ ਅਤੇ ਪੇਸ਼ਾਵਾਰਾਨਾ (ਪ੍ਰੋਫੈਸ਼ਨਲ) ਸਿਖਲਾਈ ਲਈ ਆਪਣੇ ਕੰਮ ਨੂੰ ਹੋਰ ਵਧੇਰੇ ਵਿਸਤ੍ਰਿਤ ਕਰਨਾ ਅਤੇ ਉਚਤਮ ਬਣਾਉਣਾ ਚਾਹੀਦਾ ਹੈ, ਉਨ੍ਹਾਂ ਦੀ ਇਨਕਲਾਬੀ ਚੌਕਸੀ ਨੂੰ ਤੇਜ਼ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਡਸਿਪਲਿਨ ਅਤੇ ਲੜਾਕੂ ਤੱਤਪਰਤਾ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਅੰਦਰੂਨੀ ਮਾਮਲਿਆਂ ਦੀ ਮਨਿਸਟਰੀ ਦੇ ਸਿਸਟਮ ਦੇ ਕੇਡਰਾਂ ਅਤੇ ਸ਼ਕਤੀਆਂ ਨੂੰ ਲਾਜ਼ਮੀ ਹੀ, ਦੁਸ਼ਮਣ ਵਲੋਂ ਵਰਤੇ ਜਾਂਦੇ ਢੰਗਾਂ ਅਤੇ ਦਾਅਪੇਚਾਂ ਬਾਰੇ ਵਧੇਰੇ ਚੰਗੀ ਜਾਣਕਾਰੀ ਹਾਸਲ ਕਰਨ ਲਈ, ਆਪਣੇ ਯਤਨ ਤੇਜ਼ ਕਰਨੇ ਚਾਹੀਦੇ ਹਨ, ਤਾਂ ਕਿ ਉਹ ਦੁਸ਼ਮਣਾਂ ਦੀ ਕਾਰਵਾਈ ਨੂੰ ਫੜਨ, ਰੋਕਣ ਅਤੇ ਸਖ਼ਤੀ ਨਾਲ ਅਤੇ ਵਕਤ-ਸਿਰ ਉਸ ਨੂੰ ਕੁਚਲਣ ਦੇ ਆਪਣੇ ਕੰਮ ਦੇ ਹੁਨਰ ਵਿਚ ਆਪਣੀ ਨਿਪੁੰਨਤਾ ਨੂੰ ਵਧਾ ਸਕਣ।

ਪਾਰਟੀ ਦੀ ਸੇਧ, ਇਸ ਦੀ ਨੀਤੀ ਅਤੇ ਨਿਯਮਾਂ ਦੀ, ਅਤੇ ਸਟੇਟ ਦੇ ਕਾਨੂੰਨਾਂ ਦੀ ਵੱਧ ਤੋਂ ਵੱਧ ਡੂੰਘੇਰੀ ਜਾਣਕਾਰੀ ਅਤੇ ਇਨ੍ਹਾਂ ਨੂੰ ਨਿੱਗਰ ਡਸਿਪਲਿਨ ਨਾਲ ਲਾਗੂ ਕਰਨਾ, ਇਨ੍ਹਾਂ ਸੰਗਠਨਾਂ ਦੇ ਆਪਣੇ ਕੰਮ ਨੂੰ ਤੇਜ਼ ਕਰਨ ਅਤੇ ਆਪਣੀ ਜਮਾਤੀ ਅਤੇ ਪਾਰਟੀ ਭਾਵਨਾ ਨੂੰ ਮਜ਼ਬੂਤ ਕਰਨ, ਅਤੇ ਆਪਣੇ ਕਾਰਜਾਂ ਦੀ ਪਾਲਣਾ ਵਿਚ ਉਨ੍ਹਾਂ ਦੀ ਵਾਸਤਵਿਕਤਾ ਲਈ ਇਕ ਲਾਜ਼ਮੀ ਸ਼ਰਤ ਹਨ।

ਪਾਰਟੀ ਦੀ ਅਗਵਾਈ ਨੂੰ ਲਗਾਤਾਰ ਮਜ਼ਬੂਤ ਕਰਨਾ ਅਤੇ ਲੋਕਾਂ ਉੱਤੇ ਨਿੱਗਰ ਟੇਕ ਰੱਖਣਾ ਅਜਿਹੀਆਂ ਗਰੰਟੀਆਂ ਹਨ ਜੋ ਅੰਦਰੂਨੀ ਮਾਮਲਿਆਂ ਦੀ ਮਨਿਸਟਰੀ ਦੇ ਸੰਗਠਨਾਂ ਦੇ ਲੋਕ-ਪਿਆਰੇ ਚਰਿੱਤਰ ਨੂੰ ਹੋਰ ਵਧੇਰੇ ਮਜ਼ਬੂਤ ਕਰਦੀਆਂ ਹਨ ਅਤੇ ਇਹ ਯਕੀਨੀ ਬਣਾਉਂਦੀਆਂ ਹਨ ਕਿ ਉਹ ਬੜੀ ਚੌਕਸੀ ਨਾਲ ਮਾਤਭੂਮੀ ਅਤੇ ਸਮਾਜਵਾਦ ਦੇ ਹਿੱਤਾਂ ਦੀ ਰਖਵਾਲੀ ਕਰਨ।

**ਨਿਆਇਕ ਸੰਸਥਾਵਾਂ ਅਤੇ ਅਟਾਰਨੀ ਦੇ ਦਫ਼ਤਰ** ਨੇ ਸਾਡੇ ਸਮਾਜਵਾਦੀ ਨਿਜ਼ਾਮ ਨੂੰ ਮਜ਼ਬੂਤ ਕਰਨ ਵਿਚ, ਸਾਡੇ ਸਮਾਜਵਾਦੀ ਕਾਨੂੰਨ ਨੂੰ ਲਾਗੂ ਕਰਨ ਅਤੇ ਇਨ੍ਹਾਂ ਦੀ ਰਖਵਾਲੀ ਕਰਨ ਵਿਚ, ਬੁਰਾਈਆਂ ਕਰਨ ਵਾਲਿਆਂ ਦੀਆਂ ਹਰਕਤਾਂ ਵਿਰੁੱਧ ਨਿਵਾਰਕ ਸੰਘਰਸ਼ ਕਰਨ ਵਿਚ ਅਤੇ ਪਾਰਟੀ ਸਿੱਖਿਆਵਾਂ ਅਨੁਸਾਰ ਇਕ ਉਚਿੱਤ ਦੰਡ ਨੀਤੀ ਲਾਗੂ ਕਰਨ ਵਿਚ ਇਕ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ। ਸਾਡੇ ਵਿਧਾਨ ਦਾ ਇਕ ਪ੍ਰਬਲ ਸਿਆਸੀ, ਵਿਚਾਰਧਾਰਕ, ਵਿੱਦਿਅਕ ਅਤੇ ਪ੍ਰਸ਼ਾਸਕ ਜਮਾਤੀ ਚਰਿੱਤਰ ਹੈ। ਆਪਣੇ ਵਿਧਾਨ ਦੇ ਇਸ ਚਰਿੱਤਰ ਨੂੰ ਭਵਿੱਖ ਵਿਚ ਵੀ, ਕਾਨੂੰਨਾਂ ਦਾ ਪ੍ਰਚਾਰ ਕਰਨ ਦੇ ਕੰਮ ਵਿਚ ਅਤੇ ਇਨ੍ਹਾਂ ਦੀ ਵਿਆਖਿਆ ਕਰਨ ਅਤੇ ਲਾਗੂ ਕਰਨ ਵਿਚ, ਬੜੀ ਚੰਗੀ ਤਰ੍ਹਾਂ ਦਿਮਾਗ਼ 'ਚ ਰੱਖਣਾ ਚਾਹੀਦਾ ਹੈ। ਜੋ ਕੁਝ ਵੀ ਕਾਨੂੰਨ ਦੇ ਉਲਟ ਹੈ ਅਤੇ ਇਨ੍ਹਾਂ ਸੰਗਠਨਾਂ ਦੇ ਕਾਰਜ-ਖੇਤਰ ਅਧੀਨ ਆਉਂਦਾ—ਉਸ ਨੂੰ ਕਦੇ ਵੀ ਬਿਨ੍ਹਾਂ ਛਾਣਬੀਨ ਤੋਂ ਜਾਣ ਨਹੀਂ ਦੇਣਾ ਚਾਹੀਦਾ ਅਤੇ ਸਿਆਣਪ, ਨਿਆਂ ਅਤੇ ਪਾਰਟੀ ਭਾਵਨਾ ਅਤੇ ਬੇਹੱਦ ਸਖ਼ਤੀ ਨਾਲ ਪਰਖਣਾ ਚਾਹੀਦਾ ਹੈ। ਸਹਾਇਕ ਜੱਜਾਂ ਅਤੇ ਲੋਕ-ਵਕੀਲਾਂ ਦੀ ਸਿਖਲਾਈ ਅਤੇ ਉਨ੍ਹਾਂ ਨੂੰ ਕਾਰਵਾਈ 'ਚ ਪਾਉਣ ਲਈ ਵਧੇਰੇ ਲਿਆਕਤ ਨਾਲ ਕੰਮ ਕਰਨਾ ਚਾਹੀਦਾ ਹੈ, ਕਿਉਂਕਿ ਉਹ ਕਾਨੂੰਨਾਂ ਨੂੰ ਲਾਗੂ ਕਰਨ ਅਤੇ ਕਾਨੂੰਨਾਂ ਦੀ ਰਖਵਾਲੀ ਕਰਨ ਵਾਲੀ ਇਕ ਵੱਡੀ ਤਾਕਤ ਹਨ।

ਸਾਡੀ ਪਾਰਟੀ ਨੇ, ਇਕ ਖਰੀ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਦੇ ਤੌਰ ਤੇ ਹਮੇਸ਼ਾਂ ਹੀ ਜਨਤਕ ਜਥੇਬੰਦੀਆਂ ਬਾਰੇ ਇਕ ਦਰੁਸਤ ਸਮਝ ਰੱਖੀ ਹੈ। **ਜਨਤਕ ਜਥੇਬੰਦੀਆਂ ਨੇ ਪਾਰਟੀ ਦੇ ਪ੍ਰੋਗਰਾਮ ਦੀ ਪੂਰਤੀ ਲਈ ਮਜ਼ਦੂਰਾਂ ਨੂੰ ਸਿੱਖਿਅਤ ਅਤੇ ਲਾਮਬੰਦ ਕਰਨ ਵਿਚ ਇਕ ਵਿਸ਼ੇਸ਼ ਮਹੱਤਵ ਵਾਲੀ ਭੂਮਿਕਾ ਨਿਭਾਈ ਹੈ ਅਤੇ ਨਿਭਾ ਰਹੀਆਂ ਹਨ।** ਪਾਰਟੀ ਦੇ ਲੀਵਰ ਹੋਣ ਦੀ ਹੈਸੀਅਤ ਵਿਚ, ਸਮਾਜਿਕ ਜਥੇਬੰਦੀਆਂ ਸਿਰਫ ਆਪਣੀਆਂ ਆਮ ਸੇਧਾਂ ਨੂੰ ਹੀ ਨਹੀਂ ਸਗੋਂ ਆਪਣੀ ਰੋਜ਼ਾਨਾ ਕਾਰਵਾਈ ਨੂੰ ਵੀ ਪਾਰਟੀ ਦੀ ਨੀਤੀ ਅਤੇ ਵਿਚਾਰ-ਧਾਰਾ, ਫੈਸਲਿਆਂ ਅਤੇ ਹਦਾਇਤਾਂ ਉੱਤੇ ਅਧਾਰਿਤ ਕਰਦੀਆਂ ਹਨ। ਉਨ੍ਹਾਂ ਦੇ ਕੰਮ ਦੇ ਵਿਸ਼ੇਸ਼ ਲਕਸ਼, ਮੁੱਖ ਤੌਰ ਤੇ ਇਨ੍ਹਾਂ ਜਥੇਬੰਦੀਆਂ ਵਿਚ ਸ਼ਾਮਲ ਵੱਸੋਂ ਦੇ ਵੱਖ ਵੱਖ ਤਬਕਿਆਂ ਸਬੰਧੀ ਧਾਰਟੀ ਦੀਆਂ ਲੋੜਾਂ, ਅਤੇ ਇਨ੍ਹਾਂ ਵਿਚੋਂ ਹਰ ਇਕ ਵਲੋਂ ਆਪਣੇ ਕਾਰਜਾਂ ਦੀ ਪੂਰਤੀ ਲਈ ਵਰਤੇ ਜਾਂਦੇ ਕੰਮ-ਢੰਗਾਂ ਨਾਲ ਜੁੜੇ ਹੋਏ ਹਨ।

**ਮਜ਼ਦੂਰ ਜਮਾਤ ਅਤੇ ਹੋਰ ਮਿਹਨਤਕਸ਼ ਲੋਕਾਂ ਦੀ ਸਿਖਲਾਈ ਅਤੇ ਲਾਮਬੰਦੀ ਵਿਚ ਟਰੇਡ-ਯੂਨੀਅਨਾਂ ਦੀ ਇਕ ਵਿਸ਼ੇਸ਼ ਭੂਮਿਕਾ ਹੈ।** ਪਾਰਟੀ ਦੀ ਲੀਡਰਸ਼ਿਪ ਹੇਠ ਉਨ੍ਹਾਂ ਨੇ ਆਪਣੇ ਫਰਜ਼ ਸਫ਼ਲਤਾਪੂਰਵਕ ਅਤੇ ਬਹੁਤ ਹੀ ਜ਼ਿੰਮੇਵਾਰੀ ਨਾਲ ਨਿਭਾਏ ਹਨ।

ਪਾਰਟੀ ਨੇ, ਮਜ਼ਦੂਰ ਜਮਾਤ ਦੀ ਵਿਚਾਰਧਾਰਕ-ਸਿਆਸੀ ਅਤੇ ਤਕਨੀਕੀ-ਪੇਸ਼ਾਵਾਰਾਨਾ ਸਿਖਲਾਈ ਦੇ ਵੱਡੇ ਕਾਰਜ ਟਰੇਡ-ਯੂਨੀਅਨਾਂ ਦੇ ਸਪੁਰਦ ਕੀਤੇ ਹਨ, ਤਾਂ ਕਿ ਮਜ਼ਦੂਰ ਜਮਾਤ ਨੂੰ, ਸਿਰਫ ਉਤਪਾਦਨ ਦੇ ਖੇਤਰ ਵਿਚ ਹੀ ਨਹੀਂ ਸਗੋਂ ਦੇਸ਼ ਦੇ ਜੀਵਨ ਦੇ ਹੋਰ ਸਭ ਖੇਤਰਾਂ ਵਿਚ ਵੀ ਕਾਰਜਾਂ ਨੂੰ ਸਫਲਤਾਪੂਰਵਕ ਪੂਰੇ ਕਰਨ ਦੇ ਯੋਗ, ਸਟੇਟ ਅਤੇ ਸਮਾਜਿਕ ਕਾਰਜਾਂ ਦੇ ਬੰਦੋਬਸਤ ਵਿਚ ਵੱਧ ਚੜ੍ਹਕੇ ਹਿੱਸਾ ਪਾਉਣ ਦੇ ਯੋਗ ਅਤੇ ਸੱਤਾਧਾਰੀ ਜਮਾਤ ਦੇ ਤੌਰ ਤੇ ਇਸ ਨੂੰ ਹਰ ਚੀਜ਼ ਅਤੇ ਹਰ ਕਿਸੇ ਉੱਤੇ ਆਪਣਾ ਕੰਟਰੋਲ ਰੱਖਣ ਦੇ ਯੋਗ ਬਣਾਇਆ ਜਾ ਸਕੇ। ਇਸ ਉਦੇਸ਼ ਲਈ ਇਹ ਲਾਜ਼ਮੀ ਹੈ ਕਿ ਟਰੇਡ-ਯੂਨੀਅਨਾਂ ਆਪਣੇ ਵਿੱਦਿ-ਅਕ ਕੰਮ ਵਿਚ ਤਰੱਕੀ ਕਰਨ, ਇਸ ਨੂੰ ਠੋਸ ਬਣਾਉਣ ਅਤੇ ਜੀਵਨ ਨਾਲ, ਵੱਖ ਵੱਖ ਤਬਕਿਆਂ ਦੇ, ਮਜ਼ਦੂਰਾਂ ਦੇ, ਜਿਵੇਂ ਕਿ ਨੌਜਵਾਨ ਮਜ਼ਦੂਰਾਂ, ਦਿਹਾਤ ਵਿਚ ਵਸਦੇ ਮਜ਼-ਦੂਰਾਂ, ਸਟੇਟ ਫਾਰਮਾਂ ਉੱਤੇ ਕੰਮ ਕਰ ਰਹੇ ਮਜ਼ਦੂਰਾਂ, ਆਦਿ ਦੇ ਮਸਲਿਆਂ ਨਾਲ ਗੂੜ੍ਹੀ ਤਰ੍ਹਾਂ ਜੋੜਨ, ਅਤੇ ਇਹਨਾਂ ਸਭਨਾਂ ਵਿਚ ਮਜ਼ਦੂਰ ਜਮਾਤ ਦੀਆਂ ਮਹਾਨ ਖ਼ੂਬੀਆਂ ਭਰਨ : ਉਨ੍ਹਾਂ ਨੂੰ ਵਿੱਦਿਆ ਦੇ ਕੰਮ ਵਿਚ ਰਸਮਵਾਦ ਅਤੇ ਵਿਆਪਕਤਾ ਦਾ ਵਿਰੋਧ ਕਰਨਾ ਚਾਹੀਦਾ ਹੈ ਅਤੇ ਅਜੇਹੇ ਢੰਗ ਅਪਣਾਉਣੇ ਚਾਹੀਦੇ ਹਨ ਜੋ ਜਮਾਤ ਦੇ ਪੱਧਰ, ਹਿੱਤਾਂ ਅਤੇ ਮੰਗਾਂ, ਅਤੇ ਨਵੇਂ ਹਾਲਾਤਾਂ ਅਤੇ ਕਾਰਜਾਂ ਦੇ ਅਨੁਕੂਲ ਹੋਣ।

ਸਮਾਜਵਾਦੀ ਸਮਾਜ ਦੀ ਆਗੂ ਜਮਾਤ ਦੀ ਹੈਸੀਅਤ ਵਿਚ ਮਜ਼ਦੂਰ ਜਮਾਤ, ਹਮੇਸ਼ਾਂ ਦੀ ਤਰ੍ਹਾਂ ਹੀ ਇਸ ਪੰਜ-ਸਾਲਾ ਯੋਜਨਾ ਦੇ ਦੌਰਾਨ ਵੀ ਸਭ ਤੋਂ ਵਧੇਰੇ (ਕੰਮ ਦਾ) ਭਾਰ ਸਹੇਗੀ। ਮਿਥੇ ਗਏ ਕਾਰਜ ਮੰਗ ਕਰਦੇ ਹਨ ਕਿ ਇਹ ਦ੍ਰਿੜ੍ਹ ਇਰਾਦੇ ਅਤੇ ਡੂੰਘੀ ਲਗਨ ਨਾਲ, ਜ਼ਿੰਮੇਂਵਾਰੀ ਦੀ ਉੱਚੀ ਭਾਵਨਾ ਅਤੇ ਪ੍ਰੋਲੇ-ਤਾਰੀਅਨ ਅਨੁਸ਼ਾਸਨ ਨਾਲ, ਉੱਚੀ ਉਤਪਾਦਿਕਤਾ, ਗੁਣ ਅਤੇ ਸੰਜਮ ਦੀ ਭਾਵਨਾ ਨਾਲ ਕੰਮ ਕਰੇ। ਇਹ ਟਰੇਡ-ਯੂਨੀਅਨਾਂ ਦੀ ਹੀ ਜ਼ਿੰਮੇਂਵਾਰੀ ਹੈ ਕਿ ਉਹ ਮਜ਼ਦੂਰ ਜਮਾਤ ਨੂੰ ਇਨ੍ਹਾਂ ਕਾਰਜਾਂ ਬਾਰੇ ਪੂਰੀ ਤਰ੍ਹਾਂ ਚੌਕਸ ਅਤੇ ਇਨ੍ਹਾਂ ਕਾਰਜਾਂ ਦੀ ਪੂਰਤੀ ਲਈ ਇਸ ਨੂੰ ਲਾਮਬੰਦ ਕਰਨ, ਜਮਾਤ ਦੀਆਂ ਪਹਿਲ-ਕਦਮੀਆਂ, ਕਾਰਵਾਈਆਂ ਅਤੇ ਸਿਰਜਨਾਤਮਕ ਸੋਚਣੀ ਨੂੰ ਉਤਸ਼ਾਹ ਅਤੇ ਹਮਾਇਤ ਦੇਣ ਤਾਂ ਕਿ ਹਰ ਜਗ੍ਹਾ ਸਟੇਟ ਦੀ ਯੋਜਨਾ ਦੇ ਟੀਚਿਆਂ ਨੂੰ ਚੰਗੀ ਤਰ੍ਹਾਂ ਪੂਰੇ ਕਰਨ ਲਈ ਇਨਕਲਾਬੀ ਗੌਰਵ ਵਿਕਸਤ ਕੀਤਾ ਜਾ ਸਕੇ।

ਮਜ਼ਦੂਰ ਨੂੰ ਆਪਣੀ ਸਟੇਟ ਦੇ ਕਾਨੂੰਨਾਂ ਬਾਰੇ, ਖ਼ਾਸ ਕਰ ਉਨ੍ਹਾਂ ਕਾਨੂੰਨਾਂ ਬਾਰੇ ਚੰਗੀ ਤਰ੍ਹਾਂ ਜਾਣੂ ਹੋਣਾ ਚਾਹੀਦਾ ਹੈ ਜਿਹੜੇ ਉਸ ਨੂੰ ਸਿਖਾਉਂਦੇ ਹਨ ਕਿ ਆਪਣੇ ਕੰਮ ਨੂੰ ਕਿਵੇਂ ਕਰਨਾ ਹੈ ਤਾਂ ਕਿ ਯੋਜਨਾ ਦੇ ਟੀਚੇ ਚੰਗੀ ਤਰ੍ਹਾਂ ਪੂਰੇ ਕੀਤੇ ਜਾ ਸਕਣ, ਜਿਹੜੇ ਉਸ ਨੂੰ ਸਿਖਾਉਂਦੇ ਹਨ ਕਿ ਸਮਾਜਵਾਦੀ ਸਾਂਝੀ ਜਾਇਦਾਦ ਦੀ ਰਖਵਾਲੀ ਅਤੇ ਪ੍ਰਬੰਧ ਕਿਵੇਂ ਚਲਾਉਣਾ ਹੈ, ਕੰਮ ਦੇ ਜ਼ਾਬਤੇ ਅਤੇ ਅਨੁਸ਼ਾਸਨ ਨੂੰ ਕਿਵੇਂ ਮਜ਼ਬੂਤ ਬਣਾਉਣਾ ਹੈ, ਆਦਿ। ਮਜ਼ਦੂਰ ਨੂੰ ਆਪਣੇ ਹੁਨਰ ਦੇ ਨਾਲੋ ਨਾਲ ਇਹ ਕਾਨੂੰਨ ਵੀ ਚੰਗੀ ਤਰ੍ਹਾਂ ਸਿੱਖਣੇ ਚਾਹੀਦੇ ਹਨ। ਇਸ ਪੱਖ ਤੇ, ਟਰੇਡ-

ਯੂਨੀਅਨਾਂ ਸਾਹਮਣੇ ਕਾਰਵਾਈ ਦਾ ਇਕ ਵਿਸ਼ਾਲ ਖੇਤਰ ਹੈ, ਉਹਨਾਂ ਨੂੰ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਡਟ ਕੇ ਕੰਮ ਅਤੇ ਸੰਘਰਸ਼ ਕਰਨਾ ਚਾਹੀਦਾ ਹੈ ਕਿ ਮਜ਼ਦੂਰਾਂ ਦੇ ਹੱਕਾਂ ਦੀ ਰਖਵਾਲੀ ਕਰਨ ਵਾਲੇ ਕਾਨੂੰਨ ਸਖਤੀ ਨਾਲ ਲਾਗੂ ਕੀਤੇ ਜਾਣ, ਅਤੇ ਇਹਨਾਂ ਕਾਨੂੰਨਾਂ ਦੀ ਕਿਸੇ ਵਲੋਂ ਵੀ ਉਲੰਘਣਾ ਵਿਰੁੱਧ ਡਟ ਕੇ ਲੜਨਾ ਚਾਹੀਦਾ ਹੈ। ਸਾਡੇ ਦੇਸ਼ ਵਿਚ ਕਰਤੱਵ ਅਤੇ ਅਧਿਕਾਰ ਏਕਤਾਬਧ ਹਨ ਅਤੇ ਇਹਨਾਂ ਨੂੰ ਅਲੱਗ-ਅਲੱਗ ਨਹੀਂ ਕੀਤਾ ਜਾ ਸਕਦਾ।

ਨਵੇਂ ਸਮਾਜਵਾਦੀ ਅਲਬਾਨੀਆਂ ਦੀ ਉਸਾਰੀ ਵਿਚ **ਨੌਜਵਾਨ ਹਮੇਸ਼ਾਂ ਹੀ ਕੰਮ ਅਤੇ ਸੰਘਰਸ਼ ਵਿਚ ਮੋਹਰਲੀਆਂ ਸਫ਼ਾਂ ਵਿਚ ਰਹੇ ਹਨ, ਉਹ ਪਾਰਟੀ ਦੀ ਇਕ ਸੰਗਰਾਮੀ ਸਹਾਇਕ ਤਾਕਤ ਹਨ।** ਸਾਡੇ ਸਭ ਦੇ ਦਿਲ ਖ਼ੁਸ਼ੀ ਨਾਲ ਭਰ ਜਾਂਦੇ ਹਨ ਜਦ ਅਸੀਂ ਆਪਣੇ ਦੇਸ਼ ਵਿਚ ਨੌਜਵਾਨ ਪੀੜ੍ਹੀ ਨੂੰ ਖ਼ੁਸ਼ਹਾਲੀ ਵਿਚ ਗਭਰੂ ਹੋ ਰਹੀ, ਸਿੱਖਿਅਤ, ਅਤੇ ਸਿਆਸੀ ਅਤੇ ਵਿਚਾਰਧਾਰਕ ਤੌਰ ਤੇ ਸੁਘੜ, ਜਿਸਮਾਨੀ ਤੌਰ ਤੇ ਸ਼ਕਤੀਸ਼ਾਲੀ ਅਤੇ ਇਖਲਾਕੀ ਤੌਰ ਤੇ ਉੱਤਮ ਬਣ ਰਹੀ ਦੇਖਦੇ ਹਾਂ। ਫਿਰ ਵੀ, ਪਾਰਟੀ ਨੂੰ, ਸਟੇਟ ਨੂੰ, ਸਮਾਜ ਨੂੰ, ਸਕੂਲ ਅਤੇ ਪ੍ਰੀਵਾਰ ਨੂੰ ਨੌਜਵਾਨ ਪੀੜ੍ਹੀ ਵੱਲ ਲਗਾਤਾਰ ਅਤੇ ਵੱਧ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ, ਕਿਉਂਕਿ ਨੌਜਵਾਨ ਵਤਨ ਦਾ ਭਵਿੱਖ ਹਨ, ਲੋਕਾਂ ਅਤੇ ਸਮਾਜਵਾਦ ਦੀ ਉਮੀਦ ਹਨ। ਪਾਰਟੀ ਅਤੇ ਨੌਜਵਾਨ ਯੂਨੀਅਨ ਜਥੇਬੰਦੀ ਨੂੰ ਦੇਸ਼ ਨਾਲ ਸਬੰਧਿਤ ਸਭ ਮਸਲਿਆਂ ਵਿਚ, ਸਿਆਸੀ ਅਤੇ ਵਿਚਾਰਧਾਰਕ ਮਸਲਿਆਂ ਵਿਚ, ਆਰਥਿਕਤਾ ਅਤੇ ਸੁਰੱਖਿਆ, ਵਿੱਦਿਆ ਅਤੇ ਸਭਿਆਚਾਰ ਵਿਗਿਆਨ ਅਤੇ ਤਕਨਾਲੋਜੀ ਦੇ ਮਸਲਿਆਂ ਵਿਚ ਨੌਜਵਾਨਾਂ ਦੀ ਰੁਚੀ ਨੂੰ ਵੱਧ ਤੋਂ ਵੱਧ ਉੱਚੇ ਪੱਧਰ ਤੇ ਪਹੁੰਚਾਉਣ ਲਈ ਅਤੇ ਇਹ ਯਕੀਨੀ ਬਣਾਉਣ ਲਈ ਲਗਾਤਾਰ ਕੰਮ ਕਰਨਾ ਚਾਹੀਦਾ ਹੈ ਕਿ ਨੌਜਵਾਨ, ਸਾਡੇ ਲੋਕਾਂ ਦੀ ਸਭ ਤੋਂ ਬਲਵਾਨ ਸ਼ਕਤੀ ਦੇ ਤੌਰ ਤੇ ਸਮਾਜਵਾਦੀ ਉਸਾਰੀ ਵਿਚ ਸਰਗਰਮੀ ਨਾਲ ਹਿੱਸਾ ਲੈਣ ਅਤੇ ਜੀਵਨ ਸ਼ੁਰੂ ਕਰਨ ਲਈ ਚੰਗੀ ਤੋਂ ਚੰਗੀ ਤਰ੍ਹਾਂ ਤਿਆਰ ਹੋਣ।

ਨੌਜਵਾਨ ਇਕ ਅਮੁੱਕ ਪਨੀਰੀ ਹਨ, ਸਿਰਫ਼ ਇਸ ਕਰਕੇ ਹੀ ਨਹੀਂ ਕਿ ਉਹ ਪਾਰਟੀ ਅਤੇ ਕੇਡਰਾਂ ਦੀਆਂ ਸਫਾਂ ਨੂੰ ਪੁਨਰ-ਜੋਵਨ ਦੇਣ ਲਈ ਨਵਾਂ ਲਹੂ ਹਨ ਸਗੋਂ ਇਸ ਕਰਕੇ ਵੀ ਕਿ ਉਹ ਪੁਰਾਣੀ ਪੀੜ੍ਹੀ ਦੀ ਜਗ੍ਹਾ ਮੱਲਣਗੇ, ਮਜ਼ਦੂਰ ਜਮਾਤ ਸਹਿਕਾਰੀ ਕਿਸਾਨੀ ਅਤੇ ਬੁੱਧੀਜੀਵੀਆਂ ਦੀਆਂ ਸਫ਼ਾਂ ਦਾ ਪਸਾਰਾ ਕਰਨਗੇ, ਅਤੇ ਸਾਡੀ ਪਾਰਟੀ ਅਤੇ ਲੋਕਾਂ ਦੇ ਅਮਰ ਕੰਮ ਨੂੰ ਅੱਗੇ ਵਧਾਉਣਗੇ। ਇਹ ਯਕੀਨੀ ਬਣਾਉਣ ਲਈ ਕਿ ਇਹ ਪਨੀਰੀ ਹਮੇਸ਼ਾਂ ਹੀ ਸਿਹਤਮੰਦ ਬੂਟੇ ਦੇਵੇ, ਪਾਰਟੀ ਆਪਣੇ ਮੈਂਬਰਾਂ, ਨੌਜਵਾਨਾਂ ਦੀ ਜਥੇਬੰਦੀ ਅਤੇ ਇਸ ਜਥੇਬੰਦੀ ਵਿਚ ਕੰਮ ਲਈ ਨਿਯੁਕਤ ਕੀਤੇ ਕੇਡਰਾਂ ਤੋਂ ਮੰਗ ਕਰਦੀ ਹੈ, ਕਿ ਉਹ ਨੌਜਵਾਨ ਮੁੰਡਿਆਂ ਅਤੇ ਕੁੜੀਆਂ ਦੀ ਸਿਆਸੀ, ਵਿਚਾਰਧਾਰਕ, ਸੱਭਿਆਚਾਰਕ ਅਤੇ ਪ੍ਰੋਫੈਸ਼ਨਲ ਵਿੱਦਿਆ ਦੇ ਕੰਮ ਨੂੰ ਤੇਜ਼ ਕਰਨ, ਇਹਨਾਂ ਵਿਚ ਸਾਡੇ ਲੋਕਾਂ ਦੀਆਂ ਦੇਸ਼-ਭਗਤ ਅਤੇ ਇਨ-ਕਲਾਬੀ ਰਵਾਇਤਾਂ ਨੂੰ ਜ਼ਿੰਦਾ ਰੱਖਣ ਅਤੇ ਵਿਕਸਤ ਕਰਨ, ਸਿਰਜਨਾਤਮਕ ਅਤੇ ਅਨੁਭਵੀ ਭਾਵਨਾ ਨੂੰ ਉਤਸ਼ਾਹਿਤ ਅਤੇ ਮਜ਼ਬੂਤ ਕਰਨ, ਅਤੇ ਨੌਜਵਾਨਾਂ ਨੂੰ ਸਮਾਜਵਾਦੀ ਉਸਾਰੀ, ਜਮਾਤੀ ਸੰਘਰਸ਼ ਅਤੇ ਇਨਕਲਾਬੀ ਕਾਰਵਾਈ ਦੇ ਮਹਾਨ ਅਹਿਰਨ ਉੱਤੇ ਚੰਡ ਕੇ ਨਿੱਗਰ ਬਣਾਉਣ।

ਸਾਡੀ ਪਾਰਟੀ ਨੂੰ ਦ੍ਰਿੜ੍ਹ ਵਿਸ਼ਵਾਸ ਹੈ ਕਿ ਸਾਡੇ ਨੌਜਵਾਨ, ਹਮੇਸ਼ਾਂ ਦੀ ਤਰ੍ਹਾਂ, ਸਕੂਲ ਅਤੇ ਜੀਵਨ ਵਿਚੋਂ ਦ੍ਰਿੜ੍ਹ ਲਗਨ ਨਾਲ ਸਿੱਖਿਆ ਹਾਸਲ ਕਰਨਗੇ, ਵਿਗਿਆਨ ਅਤੇ ਤਕਨਾਲੋਜੀ ਵਿਚ ਨਿਪੁੰਨਤਾ ਹਾਸਲ ਕਰਨਗੇ, ਅਲਬਾਨੀਆਂ ਦੇ ਹਰ ਕੋਨੇ ਵਿਚ ਸਭ ਖੇਤਰਾਂ ਵਿਚ ਆਪਣੇ ਚਰਿਤਰੀ ਉਤਸ਼ਾਹ ਨਾਲ ਕੰਮ ਕਰਨਗੇ, ਆਪਣੇ ਵਤਨ ਦੀ ਰਖਵਾਲੀ ਲਈ ਸਿਖਲਾਈ ਲੈ ਕੇ ਤਿਆਰ-ਬਰ-ਤਿਆਰ ਹੋਣਗੇ ਅਤੇ ਪਾਰਟੀ ਦੀ ਮਹਾਨ ਵਿਚਾਰਧਾਰਾ ਨੂੰ ਗ੍ਰਹਿਣ ਕਰਨ ਲਈ ਦ੍ਰਿੜ੍ਹਤਾ ਨਾਲ ਸੰਘਰਸ਼ ਕਰਨਗੇ।

ਨੌਜਵਾਨ ਪੀੜ੍ਹੀ ਨੂੰ ਦਰਪੇਸ਼ ਕਾਰਜ ਇਹ ਮੰਗ ਕਰਦੇ ਹਨ ਕਿ ਨੌਜਵਾਨਾਂ ਦੀ ਜਥੇਬੰਦੀ ਨੂੰ ਮਜ਼ਬੂਤ ਬਣਾਇਆ ਜਾਵੇ, ਤਾਂ ਕਿ ਇਸ ਦੀ ਸਿੱਖਿਆ ਪ੍ਰਦਾਨ ਕਰਨ, ਜਥੇਬੰਦ ਅਤੇ ਲਾਮਬੰਦ ਕਰਨ ਦੀ ਕਾਰਵਾਈ ਨੂੰ ਉੱਚਾ ਉਠਾਇਆ ਜਾਵੇ, ਉਦਾਰਵਾਦ, ਸੰਕੀਰਨਵਾਦ ਅਤੇ ਰਸਮਵਾਦ ਦੇ ਹਾਨੀਕਾਰਕ ਲੱਛਣਾਂ ਵਿਰੁੱਧ ਲੜਾਈ ਕੀਤੀ ਜਾਵੇ ਅਤੇ ਇਹ ਨੌਜਵਾਨ ਆਦਮੀਆਂ ਅਤੇ ਔਰਤਾਂ ਦੀਆਂ ਮੰਗਾਂ ਅਨੁਸਾਰ ਆਪਣੇ ਕੰਮ ਵਿਚ ਨਵੇਂ ਅਤੇ ਦਿਲਚਸਪ ਢੰਗ ਅਪਣਾਵੇ, ਅਤੇ ਨੌਜਵਾਨਾਂ ਦੀ ਵਿੱਦਿਆ, ਮਨੋਰੰਜਨ ਅਤੇ ਪਕਿਆਈ ਲਈ ਪਾਰਟੀ ਅਤੇ ਸਟੇਟ ਵਲੋਂ ਪੈਦਾ ਕੀਤੇ ਹਾਲਾਤਾਂ ਅਤੇ ਵਸੀਲਿਆਂ ਦੀ ਚੰਗੇਰੀ ਵਰਤੋਂ ਕਰੇ।

ਪਾਰਟੀ ਨੇ, **ਅਲਬਾਨੀਅਨ ਔਰਤਾਂ ਦੀ ਮੁਕੰਮਲ ਖਲਾਸੀ ਵਾਸਤੇ** ਆਪਣੇ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਡਟਕੇ ਅਤੇ ਲਗਾਤਾਰ ਲੜਾਈ ਕੀਤੀ ਹੈ ਅਤੇ ਕਰਦੀ ਰਹੇਗੀ, ਕਿਉਂਕਿ ਸਮਾਜਵਾਦ **ਔਰਤਾਂ ਤੋਂ ਬਿਨਾਂ ਸਾਕਾਰ ਨਹੀਂ ਹੋ ਸਕਦਾ ਅਤੇ ਇਸ ਦੀ ਉਸਾਰੀ ਅੱਗੇ ਨਹੀਂ ਵਧ ਸਕਦੀ।** ਅਲਬਾਨੀਅਨ ਔਰਤਾਂ ਦੇ ਜੀਵਨ ਵਿਚ ਵੱਡੀਆਂ ਤਬਦੀਲੀਆਂ ਲਿਆਂਦੀਆਂ ਗਈਆਂ ਹਨ, ਲੇਕਿਨ ਅਜੇ ਵੀ ਬਹੁਤ ਸਾਰੇ ਅਜੇਹੇ ਮਸਲੇ ਹਨ ਜੋ ਹੱਲ ਨਹੀਂ ਹੋਏ, ਵਿਸ਼ੇਸ਼ ਤੌਰ ਤੇ ਸਮਾਜਿਕ ਅਤੇ ਪ੍ਰਵਾਰਿਕ ਜੀਵਨ ਵਿਚ ਬੰਦੇ ਅਤੇ ਔਰਤ ਵਿਚਕਾਰ ਮੁਕੰਮਲ ਬਰਾਬਰਤਾ, ਅਤੇ ਔਰਤਾਂ ਦੇ ਵਿੱਦਿਅਕ, ਸੱਭਿਆਚਾਰਕ ਅਤੇ ਤਕਨੀਕੀ ਪ੍ਰੋਫੈਸ਼ਨਲ ਪੱਧਰਾਂ ਦੇ ਖੇਤਰ ਵਿਚ ਅਜੇਹੇ ਮਸਲੇ ਹਨ।

ਸਾਡੇ ਦੇਸ਼ ਦੀਆਂ ਔਰਤਾਂ ਨੇ, ਪਾਰਟੀ ਦੀ 7ਵੀਂ ਕਾਂਗਰਸ ਵੱਲੋਂ ਮਿਥੇ ਗਏ ਕਾਰਜਾਂ ਨੂੰ ਪੂਰੇ ਕਰਨ ਵਿਚ ਬਹੁਮੁੱਲਾ ਯੋਗਦਾਨ ਪਾਇਆ ਹੈ। ਔਰਤਾਂ ਅਤੇ ਉਹਨਾਂ ਦੀ ਜਥੇਬੰਦੀ, ਵਿਮਿਨਜ਼ ਯੂਨੀਅਨ ਆਫ ਅਲਬਾਨੀਆਂ ਨੂੰ, ਔਰਤਾਂ ਦੇ ਵਿਸ਼ਾਲ ਸਮੂਹ ਵਿਚ ਅਤੇ ਨਾਲੋਂ ਨਾਲ ਸਮੁੱਚੇ ਸਮਾਜ ਵਿਚ ਖਲਾਸੀ ਦੀ ਭਾਵਨਾ ਨੂੰ ਕਾਇਮ ਰੱਖਣ ਅਤੇ ਹੋਰ ਵਧੇਰੇ ਵਿਕਸਤ ਕਰਨ ਲਈ ਡਟਕੇ ਲੜਨਾ ਚਾਹੀਦਾ ਹੈ, ਤਾਂ ਕਿ ਸਮਾਜਵਾਦ ਦੀ ਇਕ ਸਰਗਰਮ ਉਸਾਰੂ, ਵਤਨ ਦੀ ਇਕ ਬਹਾਦਰ ਰੱਖਿਅਕ, ਇਕ ਸੁਘੜ ਮਾਂ ਅਤੇ ਨਵੀਂ ਪੀੜ੍ਹੀ ਦੀ ਅਧਿਆਪਕਾ ਦੇ ਤੌਰ ਤੇ ਔਰਤ ਦੀ ਭੂਮਿਕਾ ਨੂੰ ਲਗਾਤਾਰ ਨਿੱਗਰ ਬਣਾਇਆ ਜਾ ਸਕੇ। ਔਰਤਾਂ ਦੀ ਜਥੇਬੰਦੀ ਨੂੰ ਪ੍ਰਵਾਰ ਦੀ ਮਜ਼ਬੂਤੀ ਵੱਲ ਅਤੇ ਪ੍ਰਵਾਰਿਕ ਰਿਸ਼ਤਿਆਂ ਦੀ ਪੇਚੀਦਗੀ ਵੱਲ, ਮਾਂ ਅਤੇ ਬੱਚੇ ਦੀਆਂ ਸਮੱਸਿਆਵਾਂ ਵੱਲ ਅਤੇ ਜੀਵਨ ਢੰਗ, ਵਗੈਰਾ, ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ ਅਤੇ ਪਛੜੇ ਰਿਵਾਜ਼ਾਂ ਅਤੇ ਗ਼ਲਤ ਰੁੱਚੀਆਂ ਵਿਰੁੱਧ ਡਟਕੇ ਲੜਨਾ ਚਾਹੀਦਾ ਹੈ।

**ਅਲਬਾਨੀਆਂ ਦੇ ਜਮਹੂਰੀ ਮੋਰਚੇ ਨੇ ਪਾਰਟੀ ਦੇ ਗਿਰਦ ਲੋਕਾਂ ਦੀ ਏਕਤਾ ਨੂੰ ਮਜ਼ਬੂਤ ਕਰਨ** ਵਿਚ ਅਤੇ ਦੇਸ਼-ਭਗਤੀ ਦੀ ਵਿੱਦਿਆ ਪ੍ਰਦਾਨ ਕਰਨ ਅਤੇ ਸਟੇਟ ਦੀਆਂ ਯੋਜਨਾਵਾਂ ਦੇ ਕਾਰਜਾਂ ਦੀ ਪੂਰਤੀ ਲਈ, ਖ਼ਾਸ ਕਰ ਦਿਹਾਤ ਵਿਚ, ਮਿਹਨਤਕਸ਼ ਲੋਕਾਂ ਦੀ ਲਾਮਬੰਦੀ ਵਿਚ ਮਹਾਨ ਯੋਗਦਾਨ ਦਿੱਤਾ ਹੈ। ਭਵਿੱਖ ਵਿਚ ਵੀ, ਰਵਾਇਤਾਂ ਅਤੇ ਇਖ਼ਤਿਆਰ ਵਾਲੀ ਇਸ ਜਨਤਕ ਜਥੇਬੰਦੀ ਨੂੰ, ਲੋਕਾਂ ਦੀ ਸਿਆਸੀ, ਵਿਚਾਰਧਾਰਕ ਅਤੇ ਨੈਤਿਕ ਏਕਤਾ ਨੂੰ ਲਗਾ-ਤਾਰ ਮਜ਼ਬੂਤ ਕਰਨ ਲਈ, ਅਤੇ ਸਮਾਜਵਾਦ ਦੀ ਉਸਾਰੀ ਅਤੇ ਰਖਵਾਲੀ ਵਿਚ, ਦੇਸ਼ ਦੇ ਪ੍ਰਸ਼ਾਸਨ ਵਿਚ, ਸਮਾਜਿਕ ਕੰਟਰੋਲ ਨੂੰ ਮਜ਼ਬੂਤ ਕਰਨ ਵਿਚ ਸਮਾਜਵਾਦੀ ਜਮਹੂਰੀਅਤ ਦੇ ਵਿਕਾਸ ਵਿਚ ਲੋਕਾਂ ਦੀ ਸਰਗਰਮ ਭੂਮਿਕਾ ਨੂੰ ਯਕੀਨੀ ਬਣਾਉਣ ਲਈ ਡਟਕੇ ਲੜਨਾ ਹੋਏਗਾ।

ਜੰਗ ਅਤੇ ਕ੍ਰਿਤ ਵਿਚ ਹੰਢੇ-ਵਰਤੇ (vetens) ਪੈਨਸ਼ਨ-ਪ੍ਰਾਪਤ ਬਜ਼ੁਰਗ, ਜਿਨ੍ਹਾਂ ਦੀ ਗਿਣਤੀ ਹਰ ਬੀਤਦੇ ਸਾਲ ਨਾਲ ਵਧ ਰਹੀ ਹੈ, ਉਹ ਇਕ ਹੋਰ ਮਹਾਨ ਸ਼ਕਤੀ ਹਨ ਜਿਨ੍ਹਾਂ ਵੱਲ ਸਾਡੀ ਪਾਰਟੀ ਅਤੇ ਸਟੇਟ ਨੇ ਹਮੇਸ਼ਾਂ ਹੀ ਉਚੇਚੀ ਤਵੱਜੋਂ ਦਿੱਤੀ ਹੈ। ਜੰਗ ਵਿਚ ਉਹਨਾਂ ਵਲੋਂ ਪਾਏ ਹਿੱਸੇ, ਉਹਨਾਂ ਵੱਲੋਂ ਕੀਤੀ ਕ੍ਰਿਤ ਅਤੇ ਦਿੱਤੀ ਗਈ ਮਹਾਨ ਦੇਣ ਸਦਕਾ ਸਮੁੱਚਾ ਸਮਾਜ ਉਹਨਾਂ ਦਾ ਸਤਿਕਾਰ ਕਰਦਾ ਹੈ। ਲੇਕਿਨ ਉਹਨਾਂ ਵਿਚੋਂ ਬਹੁਤ ਸਾਰੇ ਅਜਿਹੇ ਹਨ ਜਿਹੜੇ ਅਜੇ ਵੀ ਤਕੜੇ ਅਤੇ ਮਜ਼ਬੂਤ ਹਨ ਅਤੇ ਸਮਾਜਿਕ ਕੰਮ ਵਿਚ, ਖ਼ਾਸ ਕਰ ਨੌਜਵਾਨ ਪੀੜ੍ਹੀ ਨੂੰ ਜੰਗ ਦੀਆਂ ਸ਼ਾਨਦਾਰ ਰਵਾਇਤਾਂ ਅਤੇ ਪਾਰਟੀ ਅਤੇ ਲੋਕਾਂ ਦੇ ਮਹਾਨ ਕਾਰਨਾਮਿਆਂ ਬਾਰੇ ਸਿੱਖਿਆ ਦੇਣ ਵਿਚ ਚੋਖਾ ਹਿੱਸਾ ਪਾ ਸਕਦੇ ਹਨ।

## ਅਧਿਆਇ ਤਿੰਨ

# *ਮਿਹਨਤਕਸ਼ ਲੋਕਾਂ ਦੀ ਕਮਿਉਨਿਸਟ ਸਿਖਲਾਈ ਵਾਸਤੇ ਪਾਰਟੀ ਦੇ ਕਾਰਜ*

ਸਮਾਜਵਾਦੀ ਸਮਾਜ ਦੀ ਉਸਾਰੀ ਨੂੰ ਲਗਾਤਾਰ ਅੱਗੇ ਵਧਾਉਣ ਲਈ, ਨਵੇਂ ਮਨੁੱਖ ਦੀ ਸਰਵ-ਪੱਖੀ ਵਿੱਦਿਆ, ਪਾਰਟੀ ਦੀ ਕਾਰਵਾਈ ਵਿਚ ਇਕ ਬੁਨਿਆਦੀ ਸਵਾਲ ਹੈ। ਇਹ ਵਿੱਦਿਆ ਇਕ ਵਿਸਤ੍ਰਿਤ ਮੁਹਾਜ਼ ਉੱਤੇ, ਵਿਕਾਸ ਦੇ ਹਰ ਪੜਾਅ ਦੇ ਕਾਰਜਾਂ ਨਾਲ, ਜੀਵਨ ਦੇ ਮਸਲਿਆਂ ਅਤੇ ਠੋਸ ਹਾਲਤਾਂ ਨਾਲ ਗੂੜ੍ਹੀ ਤਰ੍ਹਾਂ ਜੋੜਦਿਆਂ ਦਿੱਤੀ ਗਈ ਹੈ। ਇਸ ਨੇ ਹਮੇਸ਼ਾਂ ਹੀ ਪਾਰਟੀ ਅਤੇ ਇਸ ਦੇ ਲੀਵਰਾਂ ਦੇ ਵਿੱਦਿਅਕ ਕੰਮ ਦੇ ਸਰਗਰਮ ਚਰਿੱਤਰ ਅਤੇ ਇਸ ਦੀ ਮਹਾਨ ਲਾਮਬੰਦਕ ਅਤੇ ਕਾਇਆ ਪਲਟ ਸ਼ਕਤੀ ਨੂੰ ਯਕੀਨੀ ਬਣਾਇਆ ਹੈ।

ਜਿਨ੍ਹਾਂ ਹਾਲਤਾਂ ਵਿਚ ਅਸੀਂ ਸਮਾਜਵਾਦ ਦੀ ਉਸਾਰੀ ਅਤੇ ਰਖਵਾਲੀ ਲਈ ਕੰਮ ਅਤੇ ਸੰਘਰਸ਼ ਕਰ ਰਹੇ ਹਾਂ ਉਹ ਹਾਲਾਤ ਅਤੇ ਦੇਸ਼ ਦੇ ਸਮਾਜਿਕ-ਆਰਥਿਕ ਵਿਕਾਸ ਲਈ ਇਸ ਕਾਂਗਰਸ ਵਿਚ ਸਾਡੇ ਵੱਲੋਂ ਮਿਥੇ ਜਾ ਰਹੇ ਕਾਰਜ, ਮੰਗ ਕਰਦੇ ਹਨ ਕਿ **ਪਾਰਟੀ ਦੇ ਵਿੱਦਿਅਕ ਕੰਮ ਨੂੰ ਉੱਚਾ ਚੁੱਕਿਆ ਜਾਵੇ ਅਤੇ ਇਹ ਕਈ ਮੌਜੂਦਾ ਅਤੇ ਭਵਿੱਖਤ ਸਮਿੱਸਆਵਾਂ ਉੱਤੇ ਵਧੇਰੇ ਕੇਂਦਰਿਤ ਕਰੇ,** ਤਾਂ ਕਿ ਲੋਕਾਂ ਵਿਚ ਡੂੰਘੀਆਂ ਮਾਰਕਸਵਾਦੀ-ਲੈਨਿਨਵਾਦੀ ਧਾਰਨਾਵਾਂ ਪੈਦਾ ਕੀਤੀਆਂ ਜਾ ਸਕਣ, ਉਹਨਾਂ ਦੀਆਂ ਪ੍ਰੋਫੈਸ਼ਨਲ ਨਿਪੁੰਨਤਾਵਾਂ ਨੂੰ ਉੱਚਾ ਚੁੱਕਿਆ ਜਾ ਸਕੇ, ਅਤੇ ਉਹਨਾਂ ਨੂੰ ਵਿਸਤ੍ਰਿਤ ਸੱਭਿਆਚਾਰ ਅਤੇ ਸ਼ੁੱਧ ਨੈਤਿਕ ਖ਼ੂਬੀਆਂ ਨਾਲ ਲੈਸ ਕੀਤਾ ਜਾ ਸਕੇ।

### 1. ਮਿਹਨਤਕਸ਼ ਲੋਕਾਂ ਦੀ ਕਮਿਉਨਿਸਟ ਸਿਖਲਾਈ ਸਾਡੀਆਂ ਸਫਲਤਾਵਾਂ ਦੀ ਬੁਨਿਆਦ ਹੈ

ਅਲਬਾਨੀਆਂ ਇਕ ਦੇਸ਼ ਹੈ ਜਿੱਥੇ ਸਮਾਜਵਾਦ ਸਫਲਤਾਪੂਰਵਕ ਉਸਾਰਿਆ ਜਾ ਰਿਹਾ ਹੈ ਅਤੇ ਜੋ ਦ੍ਰਿੜ੍ਹਤਾ ਨਾਲ ਮਾਰਕਸਵਾਦੀ-ਲੈਨਿਨਵਾਦੀ ਲੀਹਾਂ ਤੇ ਚਲ ਰਿਹਾ ਹੈ, ਜਿਥੇ ਆਰਥਿਕਤਾ ਅਤੇ ਸੱਭਿਆਚਾਰ ਦਾ ਵਿਕਾਸ, ਪਾਰਟੀ ਅਤੇ ਸਟੇਟ ਦੀ ਜਥੇਬੰਦੀ ਅਤੇ ਅਗਵਾਈ, ਨਵੇਂ ਮਨੁੱਖ ਦੀ ਰਚਨਾ ਅਤੇ ਤਿਆਰੀ, ਸਭ ਕੁੱਝ ਵਿਗਿਆਨਕ ਸਮਾਜਵਾਦ ਦੇ ਅਸੂਲਾਂ ਦੇ ਅਧਾਰ ਤੇ ਕੀਤਾ ਜਾਂਦਾ ਹੈ। ਜਿਸ ਰਾਹ ਉੱਤੇ ਸਾਡਾ ਦੇਸ਼ ਚੱਲ ਰਿਹਾ ਹੈ ਇਹ ਕੋਈ ਸੌਖਾ ਰਾਹ ਨਹੀਂ। ਸਾਡੀ ਪਾਰਟੀ ਅਤੇ ਲੋਕਾਂ ਨੂੰ ਜਾਣੇ ਅਤੇ ਅਣਜਾਣੇ, ਨਵੇਂ ਰਾਹਾਂ ਉੱਤੇ ਅੱਗੇ ਵਧਣ ਲਈ, ਬਹੁਤ ਸਾਰੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ।

ਸਾਡੀ ਪਾਰਟੀ ਦੀ, ਮਾਰਕਸ, ਏਂਗਲਜ਼, ਲੈਨਿਨ ਅਤੇ ਸਟਾਲਿਨ ਦੇ ਸਿਧਾਂਤ ਪ੍ਰਤੀ ਅਤਿਅੰਤ ਵਫ਼ਾਦਾਰੀ, ਇਸ ਸਿਧਾਂਤ ਨੂੰ ਦੇਸ਼ ਦੇ ਅੰਦਰੂਨੀ ਹਾਲਤਾਂ ਅਤੇ ਗੁੰਝਲਦਾਰ ਕੌਮਾਂਤਰੀ ਹਾਲਤਾਂ ਵਿਚ ਸਿਰਜਨਾਤਮਕ ਢੰਗ ਨਾਲ ਲਾਗੂ ਕਰਨ ਦੀ ਇਸਦੀ ਯੋਗਤਾ, ਬਹੁਤ ਸਾਰੇ ਅੰਦਰੂਨੀ ਅਤੇ ਵਿਦੇਸ਼ੀ ਦੁਸ਼ਮਣਾਂ ਦੇ ਹਮਲਿਆਂ ਅਤੇ ਤੋੜ-ਮਰੋੜਾਂ ਤੋਂ ਇਸ ਸਿਧਾਂਤ ਦੀ ਰਖਵਾਲੀ ਕਰਨ ਵਿਚ ਇਸ ਦੀ ਅਧਾਰ ਦ੍ਰਿੜ੍ਹਤਾ ਹੀ ਸਾਡੇ ਲੋਕਾਂ ਦੀਆਂ ਸਭ ਸਫ਼ਲਤਾਵਾਂ ਅਤੇ ਜਿੱਤਾਂ ਦਾ ਬੁਨਿਆਦੀ ਆਧਾਰ ਹਨ।

ਪਾਰਟੀ ਦਾ ਸਮੁੱਚਾ ਰੁਝੇਵਾਂ ਇਹ ਰਿਹਾ ਹੈ ਕਿ ਇਨਕਲਾਬ ਅਤੇ ਸਮਾਜਵਾਦ ਦੀ ਉਸਾਰੀ ਦੇ ਰਾਹ ਉੱਤੇ ਉਹ ਹਰ ਇਕ ਕਦਮ ਚੰਗੀ ਤਰ੍ਹਾਂ ਸੋਚ-ਸਮਝਕੇ ਚੁੱਕਿਆ ਜਾਵੇ, ਕਿ ਨਵੇਂ ਸਮਾਜਵਾਦੀ ਸਮਾਜ ਦੀਆਂ ਨੀਹਾਂ ਅਜੇਹੀਆਂ ਹੋਣੀਆਂ ਚਾਹੀਦੀਆਂ ਹਨ ਜੋ ਉੱਨਤੀ ਵੱਲ ਇਸ ਦੇ ਬੇਰੋਕ ਵਿਕਾਸ ਦੀ ਗਰੰਟੀ ਦੇਣ, ਅਤੇ ਕਿ ਦੁਸ਼ਮਣੀ-ਭਰੇ ਸਾਮਰਾਜੀ-ਸੋਧਵਾਦੀ ਘੇਰਾਓ ਦੀਆਂ ਛੱਲਾਂ ਅਤੇ ਝੱਖੜਾਂ ਦਾ ਡਟਕੇ ਮੁਕਾਬਲਾ ਕੀਤਾ ਜਾਵੇ। ਇਹੀ ਵਜ੍ਹਾ ਹੈ ਕਿ ਸਾਡੇ ਦੇਸ਼ ਵਿਚ ਇਨਕਲਾਬ ਅਤੇ ਸਮਾਜਵਾਦੀ ਉਸਾਰੀ ਨੂੰ ਵਲ-ਵਲੇਵਿਆਂ ਜਾਂ ਹਾਰਾਂ ਦਾ ਮੂੰਹ ਨਹੀਂ ਦੇਖਣਾ ਪਿਆ, ਸਗੋਂ ਲਗਾਤਾਰ ਅੱਗੇ ਵਧਦੇ ਅਤੇ ਹਮੇਸ਼ਾਂ ਜਿੱਤਾਂ ਜਿੱਤਦੇ ਰਹੇ ਹਨ।

ਅਲਬਾਨੀਆਂ ਦੀ ਮਿਸਾਲ, ਪ੍ਰੋਲੇਤਾਰੀਆ ਦੀ ਡਿਕਟੇਟਰਸ਼ਿਪ ਦੇ ਇਤਿਹਾਸ ਵਿਚ ਇਕ ਨਵਾਂ ਤਜਰਬਾ ਹੈ ਅਤੇ ਇਹ ਸਮਾਜਵਾਦ ਦੇ ਸਿਧਾਂਤ ਅਤੇ ਅਮਲ ਅਤੇ ਮਾਰਕਸਵਾਦ-ਲੈਨਿਨਵਾਦ ਨੂੰ ਇਕ ਬਹੁਮੁੱਲੀ ਦੇਣ ਹੈ।

ਕਮਿਉਨਿਸਟਾਂ, ਕੇਡਰਾਂ, ਮਿਹਨਤਕਸ਼ ਲੋਕਾਂ ਅਤੇ ਖਾਸਕਰ ਨੌਜਵਾਨ ਪੀੜ੍ਹੀ ਨੂੰ ਸਾਡੇ ਦੇਸ਼ ਦੇ ਸਮਾਜਵਾਦ ਅਤੇ ਕਮਿਉਨਿਜ਼ਮ ਵੱਲ ਵਿਕਾਸ ਦੇ ਰਾਹ ਬਾਰੇ ਪੂਰੀ ਤਰ੍ਹਾਂ ਵਾਕਫੀਅਤ ਦੇਣੀ ਚਾਹੀਦੀ ਹੈ ਅਤੇ ਉਹਨਾਂ ਨੂੰ ਇਹਨਾਂ ਗੱਲਾਂ ਬਾਰੇ ਵੱਧ ਤੋਂ ਵੱਧ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਅਸੀਂ ਕਿਥੋਂ ਸ਼ੁਰੂ ਕੀਤਾ ਅਤੇ ਕਿਹੜੇ ਰਸਤੇ ਉਤੇ ਚੱਲੇ, ਕਿਹੜੀਆਂ ਮੁਸ਼ਕਲਾਂ ਨੂੰ ਸਰ ਕਰ ਲਿਆ ਗਿਆ ਹੈ, ਪਾਰਟੀ ਕਿਸ ਸੇਧ ਉੱਤੇ ਚੱਲਦੀ ਆਈ ਹੈ ਅਤੇ ਸਾਡੇ ਬਹਾਦਰ ਲੋਕਾਂ ਦੇ ਖ਼ੂਨ, ਪਸੀਨੇ ਅਤੇ ਮਿਹਨਤ ਨਾਲ ਉਸਾਰੇ ਗਏ ਇਸ ਸਮਾਜ ਦੀਆਂ ਨੀਹਾਂ ਕੀ ਹਨ।

ਇਸ ਸ਼ਾਨਦਾਰ ਰਾਹ ਅਤੇ ਅਮੀਰ ਤਜ਼ਰਬੇ ਨੂੰ ਜਾਨਣ ਨਾਲ, ਸਮਾਜਵਾਦੀ ਸਮਾਜ ਬਾਰੇ, ਇਸ ਦੇ ਵਰਤਮਾਨ ਪੜਾਅ ਅਤੇ ਇਸ ਦੇ ਭਵਿੱਖ ਬਾਰੇ, ਸਾਡੇ ਲੋਕਾਂ ਦੀ ਦ੍ਰਿਸ਼ਟੀ ਵਿਸਤ੍ਰਿਤ ਬਣੇਗੀ ਅਤੇ ਉਹ ਸਮਾਜਵਾਦ ਦੀਆਂ ਜਿੱਤਾਂ ਮਜ਼ਬੂਤ ਕਰਨ ਅਤੇ ਲਗਾਤਾਰ ਅੱਗੇ ਵਧਾਉਣ ਲਈ ਵਧੇਰੇ ਚੇਤੰਨਤਾ ਅਤੇ ਅਡੋਲ ਵਿਸ਼ਵਾਸ ਨਾਲ ਕੰਮ ਕਰਨਗੇ। ਪਾਰਟੀ ਨੂੰ ਇਹ ਚੀਜ਼ ਇਕ ਮੁੱਖ ਸਵਾਲ ਦੇ ਤੌਰ ਤੇ ਦੇਖਣੀ ਚਾਹੀਦੀ ਹੈ, ਕਿਉਂਕਿ ਵਰਤਮਾਨ ਦੀਆਂ ਨੀਹਾਂ ਜਿੰਨੀਆਂ ਵਧੇਰੇ ਨਿੱਗਰ ਹੋਣਗੀਆਂ ਸਾਡੇ ਦੇਸ਼ ਦਾ ਸਮਾਜਵਾਦੀ ਅਤੇ ਕਮਿਉਨਿਸਟ ਭਵਿੱਖ ਉਤਨਾ ਹੀ ਵਧੇਰੇ ਸੁਰੱਖਿਅਤ ਹੋਏਗਾ।

ਸਮਾਜਵਾਦ ਬਾਰੇ, ਇਸ ਦੀ ਨਿੱਗਰਤਾ ਅਤੇ ਉੱਚਤਮਤਾਵਾਂ ਬਾਰੇ ਨਿਸਚਿਆਂ ਨੂੰ ਮਜ਼ਬੂਤ ਕਰਨ ਦਾ ਵਰਤਮਾਨ ਹਾਲਤਾਂ ਵਿਚ ਉਚੇਚਾ ਮਹੱਤਵ ਹੈ, ਜਦ ਬਹੁਤ ਸਾਰੇ ਦੇਸ਼ਾਂ ਵਿਚ ਸਮਾਜਵਾਦ ਨੂੰ ਅੰਦਰੋਂ-ਅੰਦਰੀ ਢਾਹ ਲਾ ਕੇ ਨਸ਼ਟ ਕਰ ਦਿੱਤਾ ਗਿਆ ਹੈ, ਜਦ ਸਾਮਰਾਜਵਾਦੀਏ, ਸਰਮਾਏਦਾਰ ਅਤੇ ਸੋਧਵਾਦੀਏ, ਇਨਕਲਾਬੀ ਵਿਚਾਰਾਂ ਨੂੰ ਬਦਨਾਮ ਕਰਨ ਲਈ, ਮਨੁੱਖਤਾ ਦੇ ਸਮਾਜਵਾਦੀ ਭਵਿੱਖ ਬਾਰੇ ਸ਼ੰਕੇ ਅਤੇ ਸੰਦੇਹ ਦੇ ਬੀਜ ਬੀਜਣ ਲਈ, ਸਮਾਜਵਾਦ ਵਿਰੁੱਧ ਪਾਗਲ ਕੁੱਤਿਆਂ ਦੀ ਤਰ੍ਹਾਂ ਮੁਹਿੰਮ ਚਲਾ ਰਹੇ ਹਨ। ਇਹ ਕੋਈ ਅਚਾਨਕ ਘਟਨਾ ਨਹੀਂ ਕਿ ਇਸ ਮੁਹਿੰਮ ਨੇ ਆਪਣਾ ਮੁੱਖ ਨਿਸ਼ਾਨਾ ਸਾਡੇ ਜੇਤੂ ਸਿਧਾਂਤ, ਮਾਰਕਸਵਾਦ-ਲੈਨਿਨਵਾਦ ਨੂੰ ਬਣਾਇਆ ਹੈ, ਜਿਸ ਸਿਧਾਂਤ ਤੋਂ ਬਿਨਾਂ ਅਸਲੀ ਸਮਾਜਵਾਦ ਦੀ ਹੋਂਦ ਨਹੀਂ ਰਹਿ ਸਕਦੀ।

ਏਸੇ ਤਰ੍ਹਾਂ ਸਾਨੂੰ ਹਮੇਸ਼ਾ ਹੀ ਇਸ ਚੀਜ਼ ਨੂੰ ਧਿਆਨ-ਗੋਚਰੇ ਰੱਖਣਾ ਚਾਹੀਦਾ ਹੈ ਕਿ ਜਿਹਨਾਂ ਹਾਲਾਤਾਂ ਵਿਚ ਅਲਬਾਨੀਆਂ ਵਿਚ ਸਮਾਜਵਾਦ ਉਸਾਰਿਆ ਜਾ ਰਿਹਾ ਹੈ ਉਹ ਬਹੁਤ ਹੀ ਗੁੰਝਲਦਾਰ ਹਾਲਾਤ ਹਨ। ਸਾਡੀ ਪਾਰਟੀ, ਸਟੇਟ ਅਤੇ ਲੋਕ ਇਕੱਲੇ ਹੀ ਬੇਸ਼ੁਮਾਰ ਦੁਸ਼ਮਣ ਸ਼ਕਤੀ ਵਿਰੁੱਧ, ਪੂੰਜੀਵਾਦੀ ਅਤੇ ਸੋਧਵਾਦੀ ਦੁਨੀਆਂ ਵਿਰੁੱਧ, ਲੜ ਰਹੇ ਹਨ, ਜਿਸ ਦੁਨੀਆਂ ਨੇ ਸਾਨੂੰ ਘੇਰਿਆ ਹੋਇਆ ਹੈ। ਸਾਡੇ ਲੋਕਾਂ ਨੂੰ ਕਦੇ ਵੀ ਉਨ੍ਹਾਂ ਖ਼ਤਰਿਆਂ ਨੂੰ ਘਟਾ ਕੇ ਦੇਖਣਾ ਜਾਂ ਭੁਲਾਉਣਾ ਨਹੀਂ ਚਾਹੀਦਾ ਜਿਹੜੇ ਖ਼ਤਰੇ ਇਸ ਦੁਨੀਆਂ ਦੇ ਸ਼ਕਤੀਸ਼ਾਲੀ, ਸਰਵ-ਪੱਖੀ ਸਿਆਸੀ, ਆਰਥਿਕ, ਵਿਚਾਰਧਾਰਕ ਅਤੇ ਫੌਜੀ ਦਬਾਓ ਤੋਂ ਸਾਡੇ ਸਮਾਜਵਾਦੀ ਸਮਾਜ ਲਈ ਪੈਦਾ ਹੁੰਦੇ ਹਨ।

ਹਮੇਸ਼ਾ ਚੌਕਸ ਅਤੇ ਕਿਸੇ ਵੀ ਹਾਲਤ ਦਾ ਸਾਹਮਣਾ ਕਰਨ ਲਈ, ਹਾਸਲ ਕੀਤੀਆਂ ਜਿੱਤਾਂ ਦੀ ਰਖਵਾਲੀ ਕਰਨ ਲਈ ਤਿਆਰ-ਬਰ-ਤਿਆਰ ਰਹਿਣਾ ਅਤੇ ਇਨਕਲਾਬ ਅਤੇ ਆਪਣੀ ਸਮਾਜਵਾਦੀ ਉਸਾਰੀ ਨੂੰ ਲਗਾਤਾਰ ਅੱਗੇ ਵਧਾਉਂਦੇ ਰਹਿਣਾ ਸਾਡਾ ਇਤਿਹਾਸਕ, ਕੌਮੀ ਅਤੇ ਕੌਮਾਂਤਰੀ ਫਰਜ਼ ਹੈ। ਸਾਨੂੰ ਲਾਜ਼ਮੀ ਹੀ ਸਮਾਜਵਾਦ ਦੇ ਦੁਸ਼ਮਣਾਂ ਦੀਆਂ ਖ਼ਤਰਨਾਕ, ਕੁਰਾਹੇ-ਪਾਊ ਹਰਕਤਾਂ ਦਾ ਮੁਕਾਬਲਾ ਆਪਣੀ ਦਲੇਰੀ ਅਤੇ ਹੌਸਲੇ ਨਾਲ, ਪਾਰਟੀ ਅਤੇ ਲੋਕਾਂ ਦੀ ਫੌਲਾਦੀ ਏਕਤਾ ਨਾਲ, ਆਰਥਿਕਤਾ ਅਤੇ ਦੇਸ਼ ਦੀ ਸੁਰੱਖਿਆ ਨੂੰ ਵਿਕਸਤ ਅਤੇ ਮਜ਼ਬੂਤ ਕਰਨ ਲਈ ਆਪਣੇ ਅਣਥੱਕ ਯਤਨਾਂ ਨਾਲ ਕਰਨਾ ਚਾਹੀਦਾ ਹੈ। ਸਭ ਤੋਂ ਵੱਧ,

ਸਮਾਜਵਾਦ ਦੀ ਰਖਵਾਲੀ ਕਰਨ ਅਤੇ ਇਸ ਦੇ ਦ੍ਰਿੜ੍ਹਤਾ ਨਾਲ ਅਗੇਰੇ ਵਿਕਾਸ ਨੂੰ ਯਕੀਨੀ ਬਣਾਉਣ ਲਈ ਇਹ ਜ਼ਰੂਰੀ ਹੈ ਕਿ ਇਕ ਅਟੱਲ ਤੌਰ ਤੇ ਭਵਿੱਖ ਦੇ ਮਾਲਕ ਸਭ ਤੋਂ ਉਚਤਮ ਸਮਾਜਿਕ ਨਿਜ਼ਾਮ ਦੇ ਤੌਰ ਤੇ ਸਮਾਜਵਾਦ ਬਾਰੇ ਸਿਹਤਮੰਦ ਅਤੇ ਡੂੰਘੇ ਵਿਸ਼ਵਾਸ ਨੂੰ ਲਗਾਤਾਰ ਮਜ਼ਬੂਤ ਕਰੀਏ।

ਸਮਾਜਵਾਦੀ ਸਮਾਜ ਵਿਚ ਵੱਸਦੇ ਅਤੇ ਕੰਮ ਕਰਦੇ ਸਾਡੇ ਲੋਕਾਂ ਨੂੰ ਇਸ ਦੇ ਨਿਯਮਾਂ ਅਤੇ ਅਸੂਲਾਂ ਦੀ ਸਿੱਖਿਆ ਦਿੱਤੀ ਜਾਂਦੀ ਹੈ, ਜੋ ਨਿਯਮ ਅਤੇ ਅਸੂਲ ਆਰਥਿਕ ਅਤੇ ਸਮਾਜਿਕ ਰਿਸ਼ਤਿਆਂ ਵਿਚ, ਸਟੇਟ ਅਤੇ ਦੇਸ਼ ਦੇ ਸਮੁੱਚੇ ਜੀਵਨ ਦੀ ਜਥੇਬੰਦੀ ਅਤੇ ਪ੍ਰਬੰਧ ਵਿਚ, ਵਿਧਾਨ ਅਤੇ ਜੀਵਨ ਢੰਗ ਵਿਚ, ਅਤੇ ਵਿੱਦਿਆ ਅਤੇ ਸੱਭਿਆਚਾਰ, ਆਦਿ ਦੇ ਸਿਸਟਮ ਵਿਚ ਦੇਹਮਾਨ ਹੈ। ਦੇਸ਼ ਦੀ ਸਮਾਜਵਾਦੀ ਉਸਾਰੀ ਦੇ ਕੰਮ ਵਿਚ ਲੋਕਾਂ ਦੀ ਸਿੱਧੀ ਸ਼ਮੂਲੀਅਤ ਦੇ ਨਾਲੋ ਨਾਲ, ਸਾਡੀ ਸਮਾਜ-ਵਾਦੀ ਅਸਲੀਅਤ ਖ਼ੁਦ ਵੀ ਲੋਕਾਂ ਨੂੰ ਸਿਖਾਉਂਦੀ ਹੈ ਅਤੇ ਮਾਰਕਸਵਾਦ-ਲੈਨਿਨਵਾਦ ਅਤੇ ਸਮਾਜਵਾਦ ਦੇ ਬੁਨਿਆਦੀ ਅਸੂਲਾਂ ਨੂੰ ਸਮਝਣ ਅਤੇ ਗ੍ਰਹਿਣ ਕਰਨ ਵਿਚ ਮਦਦ ਕਰਦੀ ਹੈ।

ਫਿਰ ਵੀ, ਅਮਲੀ ਜੀਵਨ ਵਿਚ ਪੈਦਾ ਹੋਏ ਸਮਾਜਵਾਦੀ ਵਿਸ਼ਵਾਸ ਅਤੇ ਚੇਤਨਾ, ਲੋਕਾਂ ਨੂੰ ਹਰ ਹਾਲਤ ਵਿਚ ਸਹੀ ਤੌਰ 'ਤੇ ਕਾਰਵਾਈ ਕਰਨ, ਪਾਰਟੀ ਦੀ ਨੀਤੀ ਨੂੰ ਡੂੰਘੀ ਤਰ੍ਹਾਂ ਸਮਝਣ ਅਤੇ ਹਮੇਸ਼ਾ ਸਪੱਸ਼ਟ ਉਦੇਸ਼ਾਂ ਨਾਲ ਕੰਮ ਕਰਨ ਦੇ ਯੋਗ ਬਣਾਉਣ ਲਈ ਕਾਫੀ ਨਹੀਂ ਹਨ। ਅਜੇਹੇ ਵਿਸ਼ਵਾਸ, ਸਮਾਜਵਾਦੀ ਉਸਾਰੀ ਦੀਆਂ ਵੱਖ ਵੱਖ ਕਠਨਾਈਆਂ ਜਾਂ ਪੂੰਜੀਵਾਦੀ-ਸੋਧਵਾਦੀ ਦੁਨੀਆਂ ਵਲੋਂ ਬੇਹੱਦ ਦਬਾਓ ਦੇ ਸਾਹਮਣੇ ਡੋਲ ਵੀ ਸਕਦੇ ਹਨ ਅਗਰ ਇਹ ਨਿੱਗਰ ਸਿਧਾਂਤਿਕ ਨੀਹਾਂ ਉੱਤੇ ਅਧਾਰਿਤ ਨਹੀਂ ਕੀਤੇ ਜਾਂਦੇ। ਮਾਰਕਸਵਾਦ-ਲੈਨਿਨਵਾਦ, ਜੋ ਵਿਗਿਆਨਕ ਸਮਾਜਵਾਦ ਅਤੇ ਮਿਹਨਤਕਸ਼ ਲੋਕਾਂ ਦੀ ਕਮਿਊਨਿਸਟ ਸਿਖਲਾਈ ਦਾ ਅਧਾਰ ਹੈ, ਸਿਰਫ਼ ਇਹ ਹੀ ਡੂੰਘੇ ਅਤੇ ਨਿੱਗਰ ਵਿਸ਼ਵਾਸ ਪੈਦਾ ਕਰਦਾ ਹੈ। ਪਾਰਟੀ ਆਪਣੇ ਵਿੱਦਿਅਕ ਕੰਮ ਰਾਹੀਂ ਲੋਕਾਂ ਵਿਚ ਅਜੇਹੇ ਨਿੱਗਰ ਵਿਸ਼ਵਾਸ ਪੈਦਾ ਕਰਦੀ ਹੈ।

ਸਾਡੀ ਪਾਰਟੀ ਨੇ ਹਮੇਸ਼ਾਂ ਹੀ ਕਮਿਊਨਿਸਟਾਂ ਅਤੇ ਮਿਹਨਤਕਸ਼ ਲੋਕਾਂ ਦੀ ਮਾਰਕਸਵਾਦੀ-ਲੈਨਿਨਵਾਦੀ ਸਿਖਲਾਈ ਲਈ ਡਟ ਕੇ ਕੰਮ ਕੀਤਾ ਹੈ। ਪਾਰਟੀ ਸਕੂਲ, ਪਾਰਟੀ ਅਤੇ ਜਨਤਕ ਜਥੇਬੰਦੀਆਂ ਵਿਚ ਵਿੱਦਿਆ ਦੇ ਵੱਖ ਵੱਖ ਕੋਰਸ, ਕਿਤਾਬਾਂ, ਅਖ਼ਬਾਰਾਂ ਅਤੇ ਪ੍ਰਚਾਰ ਦੇ ਹੋਰ ਸਭ ਸਾਧਨ ਇਸ ਉਦੇਸ਼ ਦੀ ਸੇਵਾ ਕਰਦੇ ਹਨ। ਸਾਡੀ ਸਟੇਟ ਦੇ ਵਿਦਿਅਕ ਢਾਂਚੇ ਦੇ ਵੱਖ ਵੱਖ ਸਕੂਲਾਂ ਵਿਚ ਮਾਰਕਸਵਾਦ-ਲੈਨਿਨਵਾਦ ਦਾ ਸਿਲਸਿਲੇਵਾਰ ਅਧਿਅਨ ਕੀਤਾ ਜਾਂਦਾ ਹੈ। ਮਾਰਕਸ, ਏਂਗਲਜ਼, ਲੈਨਿਨ ਅਤੇ ਸਟਾਲਿਨ ਦੀਆਂ ਲਿਖਤਾਂ ਅਤੇ ਸਾਡੀ ਪਾਰਟੀ ਦੇ ਦਸਤਾਵੇਜ਼, ਆਦਿ, ਕਮਿਊਨਿਸਟਾਂ ਕੇਡਰਾਂ ਅਤੇ ਮਿਹਨਤਕਸ਼ ਲੋਕਾਂ ਨੂੰ ਦਿੱਤੇ ਜਾਂਦੇ ਹਨ।

ਹੁਣ ਕਾਰਜ ਇਸ ਕੰਮ ਨੂੰ ਉਚੇਰੇ ਅਤੇ ਵਧੇਰੇ ਲਿਆਕਤੀ ਪੱਧਰ ਤੇ ਕਰਨ ਦਾ ਹੈ, ਜਿਸ ਦਾ ਉਦੇਸ਼ ਇਹ ਹੋਣਾ ਚਾਹੀਦਾ ਹੈ ਕਿ ਮਾਰਕਸਵਾਦ-ਲੈਨਿਨਵਾਦ ਦੇ ਅਸੂਲਾਂ ਅਤੇ ਸਾਡੀ ਪਾਰਟੀ ਦੀਆਂ ਸਿੱਖਿਆਵਾਂ ਵਿਚ ਵੱਧ ਤੋਂ ਵੱਧ ਸੰਭਵ ਮੁਹਾਰਤ ਹਾਸਲ ਕੀਤੀ ਜਾਏ। ਮੁੱਖ ਚੀਜ਼ ਇਹ ਹੈ ਕਿ ਸਾਡੇ ਲੋਕ ਮਾਰਕਸਵਾਦੀ ਵਿਸ਼ਵ ਦ੍ਰਿਸ਼ਟੀਕੋਣ ਅਤੇ ਵਿਧੀ-ਵਿਗਿਆਨ ਨਾਲ ਚੰਗੀ ਤਰ੍ਹਾਂ ਲੈਸ ਹੋਣੇ ਚਾਹੀਦੇ ਹਨ, ਸਿਧਾਂਤਕ ਦ੍ਰਿਸ਼ਟੀ ਤੋਂ ਚੰਗੀ ਤਰ੍ਹਾਂ ਤਿਆਰ ਹੋਣੇ ਚਾਹੀਦੇ ਹਨ ਤਾਂ ਕਿ ਉਹ, ਸਭ ਹਾਲਤਾਂ ਵਿਚ, ਦ੍ਰਿੜ੍ਹ ਇਨਕਲਾਬੀਆਂ ਦੇ ਤੌਰ ਤੇ, ਸਮਾਜਵਾਦ ਅਤੇ ਕਮਿਊ-ਨਿਜ਼ਮ ਦੇ ਕਾਜ਼ ਲਈ ਅਡੋਲ ਯੋਧਿਆਂ ਦੇ ਤੌਰ ਤੇ ਚੇਤੰਨਤਾ ਨਾਲ ਕਾਰਵਾਈ ਕਰਨ। ਸਿਰਫ਼ ਕੁੱਝ ਮਾਰਕਸਵਾਦੀ ਥੀਸਸਾਂ ਅਤੇ ਨਿਚੋੜਾਂ ਦੀ ਸਿੱਖਿਆ ਦੇਣਾ ਹੀ ਕਾਫੀ ਨਹੀਂ।

ਸਾਡੀ ਪਾਰਟੀ ਅਤੇ ਲੋਕਾਂ ਨੂੰ ਲਗਾਤਾਰ ਅੱਗੇ ਵਧਣਾ ਪੈਣਾ ਹੈ ਅਤੇ ਨਵੀਆਂ ਸਮੱਸਿਆਵਾਂ ਹੱਲ ਕਰਨੀਆਂ ਪੈਣੀਆਂ ਹਨ। ਇਹਨਾਂ ਸਮੱਸਿਆਵਾਂ ਦੇ ਸਿਧਾਂਤਕ ਅਤੇ ਅਮਲੀ ਹੱਲ ਮੰਗ ਕਰਦੇ ਹਨ ਕਿ ਬੁਨਿਆਦੀ ਮਾਰਕਸਵਾਦੀ ਅਸੂਲਾਂ ਅਤੇ ਵਿਧੀ-ਵਿਗਿਆਨ ਦੇ ਅਧਾਰ ਉੱਤੇ, ਅਤੇ ਨਾਲੋ ਨਾਲ ਹਾਸਲ ਕੀਤੇ ਗਏ ਤਜ਼ਰਬੇ ਦੇ ਨਿਚੋੜ ਦੇ ਅਧਾਰ ਉੱਤੇ, ਟੇਕ ਰੱਖਦਿਆਂ ਸਿਰਜਨਾਤਮਕ ਸੋਚਣੀ ਲਗਾਤਾਰ ਵਿਕਸਤ ਕੀਤੀ ਜਾਏ। ਇਸ ਲਈ ਇਹ ਲਾਜ਼ਮੀ ਹੈ ਕਿ ਸਕੂਲਾਂ ਵਿਚ ਅਤੇ ਕਮਿਊਨਿਸਟਾਂ ਅਤੇ ਲੋਕਾਂ ਦੀ ਮਾਰਕਸਵਾਦੀ-ਲੈਨਿਨਵਾਦੀ ਸਿਖਲਾਈ ਦੇ ਸਿਸਟਮ ਵਿਚ, ਅਤੇ ਪਾਰਟੀ ਦੇ ਸਭ ਪ੍ਰਾਪੇਗੰਡੇ ਵਿਚ, ਮਾਰਕਸਵਾਦ-ਲੈਨਿਨ-ਵਾਦ ਦਾ, ਇਕ ਜਿਉਂਦੇ ਅਤੇ ਸਿਰਜਨਾਤਮਕ ਸਿਧਾਂਤ ਦੇ ਤੌਰ ਤੇ, ਇਕ ਲਗਾਤਾਰ ਵਿਕਸਤ ਅਤੇ ਅਮੀਰ ਬਣਾਏ ਜਾ ਰਹੇ ਵਿਗਿਆਨ ਦੇ ਤੌਰ ਤੇ, ਅਧਿਅਨ ਅਤੇ ਪ੍ਰਚਾਰ ਕੀਤਾ ਜਾਵੇ ਅਤੇ ਇਸ ਵਿਚ ਨਿਪੁੰਨਤਾ ਹਾਸਲ ਕੀਤੀ ਜਾਵੇ। ਹਰ ਜਗ੍ਹਾ ਇਨਕਲਾਬੀ ਨੁਕਤਾਚੀਨੀ ਦੀ ਭਾਵਨਾ ਪੈਦਾ ਕਰਨੀ ਚਾਹੀਦੀ ਹੈ, ਲਾਹੇਵੰਦ ਬਹਿਸ ਅਤੇ ਵਿਚਾਰ-ਵਟਾਂਦਰੇ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ, ਕੱਟੜਪੁਣੇ ਅਤੇ ਹੱਠਵਾਦ ਦੇ ਕਿਸੇ ਵੀ ਕਿਸਮ ਦੇ ਲੱਛਣਾਂ ਵਿਰੁੱਧ ਡਟਕੇ ਲੜਨਾ ਚਾਹੀਦਾ ਹੈ, ਪਾਰਟੀ ਜਜ਼ਬੇ ਵਿਚ ਉੱਨਤ ਸੋਚਣੀ ਲਈ ਰਾਹ ਖੋਲ੍ਹਣਾ ਚਾਹੀਦਾ ਹੈ, ਹਰ ਚੀਜ਼ ਨੂੰ ਡੂੰਘੇ ਅਤੇ ਵਿਸਤ੍ਰਿਤ ਮਾਰਕਸਵਾਦੀ ਵਿਸ਼ਲੇਸ਼ਣ ਅਤੇ ਨਿੱਗਰ ਮਾਰਕਸਵਾਦੀ ਤਰਕ ਦੇ ਵੱਸ ਪਾਉਣਾ ਚਾਹੀਦਾ ਹੈ।

ਸਿਧਾਂਤਿਕ ਉੱਨਤੀ, ਕਠਵੇਦਗੀ ਅਤੇ ਵਿਉਂਤਵਾਦ ਦੇ ਲੱਛਣਾਂ ਦਾ ਮੁਕਾਬਲਾ ਕਰਨ ਲਈ ਇਕ ਲਾਜ਼ਮੀ ਸ਼ਰਤ ਹੈ। ਸੱਚ ਤਾਂ ਇਹ ਹੈ ਕਿ ਕਈ ਅਜੇਹੇ ਕਮਿਊਨਿਸਟ ਅਤੇ ਕੇਡਰ ਹਨ ਜਿਹੜੇ ਸਿਧਾਂਤ ਵਿਚ ਮੁਹਾਰਤ ਹਾਸਲ ਕਰਨ ਦੇ ਘੱਟ ਹੀ ਯਤਨ ਕਰਦੇ ਹਨ, ਉਹ ਪੇਸ਼ ਕੀਤੇ ਗਏ ਮਸਲਿਆਂ ਅਤੇ ਕਾਰਜਾਂ ਦੀ ਅਤੇ ਦਿੱਤੀਆਂ ਗਈਆਂ ਹਦਾਇਤਾਂ ਅਤੇ ਸੇਧਾਂ ਦੀ ਸੌੜੀ ਜਿਹੀ ਸਮਝ ਰੱਖਦੇ ਹਨ, ਜਿਹੜੇ ਇਹਨਾਂ ਨੂੰ ਇਕ ਓਪਰੇ ਢੰਗ ਨਾਲ ਦੇਖਦੇ ਹਨ ਅਤੇ ਇਹਨਾਂ ਦੇ ਵਿਚਾਰਧਾਰਕ-ਸਿਆਸੀ ਮੂਲ ਤੱਤ ਵਿਚ, ਇਹਨਾਂ ਦੇ ਸਿਧਾਂਤਕ ਪਹਿ-ਲੂਆਂ ਵਿਚ ਡੂੰਘਾਈ ਨਾਲ ਨਹੀਂ ਜਾਂਦੇ। ਇਸ ਮਸਲੇ ਤੇ ਸਟਾਲਿਨ ਨੇ ਜੋ ਕਿਹਾ ਸੀ ਉਹ ਅੱਜ ਵੀ ਦਰੁਸਤ ਹੈ ਕਿ :

> **"...ਸਟੇਟ ਜਾਂ ਪਾਰਟੀ ਦੀ ਕਿਸੇ ਵੀ ਸ਼ਾਖ਼ਾ ਵਿਚ ਮਜ਼ਦੂਰਾਂ ਦਾ ਸਿਆਸੀ ਪੱਧਰ ਅਤੇ ਮਾਰਕਸਵਾਦੀ-ਲੈਨਿਨਵਾਦੀ ਸੂਝ ਦਾ ਪੱਧਰ ਜਿੰਨਾ ਵਧੇਰੇ ਉੱਚਾ ਹੋਏਗਾ, ਕੰਮ ਵੀ ਉਤਨਾ ਹੀ ਵਧੇਰੇ ਚੰਗਾ ਅਤੇ ਲਾਭਦਾਇਕ ਹੋਏਗਾ, ਕੰਮ ਦੇ ਨਤੀਜੇ ਉਤਨੇ ਹੀ ਵਧੇਰੇ ਕਾਰਗਰ ਹੋਣਗੇ, ਅਤੇ ਦੂਸਰੇ ਪਾਸੇ, ਮਜ਼ਦੂਰਾਂ ਦਾ ਸਿਆਸੀ ਪੱਧਰ ਜਿੰਨਾ ਜ਼ਿਆਦਾ ਨੀਵਾਂ ਹੋਏਗਾ ਅਤੇ ਮਾਰਕਸ-ਵਾਦ-ਲੈਨਿਨਵਾਦ ਦੀ ਸਮਝ ਜਿੰਨੀ ਘੱਟ ਹੋਏਗੀ, ਕੰਮ ਵਿਚ ਗੜਬੜ ਅਤੇ ਅਸਫ਼ਲਤਾ ਦੀ, ਅਤੇ ਖ਼ੁਦ ਮਜ਼ਦੂਰਾਂ ਦੇ ਹੋਛੇ ਬਣਨ ਅਤੇ ਵਿਅਰਥ ਅਪਾਹਜ ਬਣ ਜਾਣ ਅਤੇ ਪੂਰੀ ਤਰ੍ਹਾਂ ਗਿਰ ਜਾਣ ਦੀ ਸੰਭਾਵਨਾ ਉਤਨੀ ਹੀ ਵਧੇਰੇ ਵੱਧ ਹੋਏਗੀ।"***

ਵਿਆਪਕ ਸਿਧਾਂਤਕ ਨਿਰਮਾਣ ਵਿਚ ਤਰੁੱਟੀਆਂ ਅਟੱਲ ਤੌਰ ਤੇ ਬਾਹਰਮੁੱਖੀ ਅਤੇ ਸੰਕਲਪਮਈ ਧਾਰਨਾਵਾਂ ਅਤੇ ਕਾਰਵਾਈਆਂ ਨੂੰ ਜਨਮ ਦਿੰਦੀਆਂ ਹਨ ਜੋ ਅੰਤਰਮੁਖੀ ਨਿਯਮਾਂ ਦੀਆਂ ਲੋੜਾਂ ਦੇ ਉਲਟ ਹਨ, ਕੰਮ ਦੇ ਵਿਗਿਆਨਕੀ ਬੰਦੋ-ਬਸਤ ਦਾ ਉਲੰਘਣ ਕਰਦੀਆਂ ਹਨ, ਸਮਾਜੀ-ਆਰਥਿਕ ਵਿਕਾਸ ਦੀਆਂ ਵਿਧੀਆਂ ਨੂੰ ਰੋਕਦੀਆਂ ਅਤੇ ਤੋੜ-ਮਰੋੜਦੀਆਂ ਹਨ ਅਤੇ ਲੋਕਾਂ ਦੀ ਵਿੱਦਿਆ ਨੂੰ ਨੁਕਸਾਨ ਕਰਦੀਆਂ ਹਨ। ਅਸੀਂ ਕਈ ਮੌਕਿਆਂ ਤੇ ਅਜੇਹੇ ਲੱਛਣ ਦੇਖੇ ਹਨ, ਲੇਕਿਨ ਆਰਥਿਕਤਾ ਦੀ ਯੋਜਨਾਬੰਦੀ, ਜਥੇਬੰਦੀ ਅਤੇ ਬੰਦੋਬਸਤ ਵਿਚ ਇਹ ਵਧੇਰੇ ਪ੍ਰਤੱਖ ਅਤੇ ਹਾਨੀਕਾਰਕ ਹਨ।

ਇਹ ਤਾਂ ਸੱਚ ਹੈ ਕਿ ਸਮਾਜਵਾਦੀ ਸਮਾਜ ਇਕ ਅਜੇਹਾ ਸਮਾਜ ਹੈ ਜੋ ਇਕ ਚੇਤੰਨ ਤਰੀਕੇ ਨਾਲ ਉਸਾਰਿਆ ਜਾਂਦਾ ਹੈ, ਲੇਕਿਨ ਅਜੇਹਾ ਲੋਕਾਂ ਦੀ ਬਾਹਰਮੁੱਖੀ ਇੱਛਾ ਅਤੇ ਮਨ-ਮਰਜ਼ੀ ਨਾਲ ਨਹੀਂ ਕੀਤਾ ਜਾਂਦਾ। ਸਮਾਜਵਾਦ ਵਿਚ ਵੀ, ਵਿਕਾਸ ਇਕ ਅੰਤਰਮੁੱਖੀ ਖਾਸੇ ਵਾਲੇ ਨਿਯਮਾਂ ਅਨੁਸਾਰ ਹੁੰਦਾ ਹੈ। ਸਮਾਜਵਾਦ ਦੀ ਵਿਸ਼ੇਸ਼ਤਾ, ਪਾਰਟੀ ਅਤੇ ਸਮਾਜਵਾਦੀ ਸਟੇਟ ਦੇ ਉਦੇਸ਼ਾਂ ਦੇ ਅਨੁਕੂਲ, ਇਨ੍ਹਾਂ ਨਿਯਮਾਂ ਨੂੰ ਸਮਝਣ ਅਤੇ ਚੇਤੰਨ ਤਰੀਕੇ ਨਾਲ ਲਾਗੂ ਕਰਨ ਵਿਚ ਹੈ। ਇਹੀ ਸਮਾਜਵਾਦੀ ਸਮਾਜ ਦੀ ਇਕ ਮਹਾਨ ਉੱਚਤਮਤਾ ਹੈ, ਜੋ ਮਿਹਨਤਕਸ਼ ਲੋਕਾਂ ਲਈ ਆਰਥਕਤਾ ਅਤੇ ਸਭਿਆਚਾਰ ਦੇ ਇਕਸੁਰ ਅਤੇ ਤੇਜ਼ ਵਿਕਾਸ ਨੂੰ ਯਕੀਨੀ ਬਣਾਉਂਦੀ ਹੈ।

---

* ਜੇ. ਵੀ. ਸਟਾਲਿਨ, ਚੋਣਵੀਆਂ ਰਚਨਾਵਾਂ, ਸਫ਼ਾ 509-510, ਤਿਰਾਨਾ, 1979, ਅਲਬਾਨੀਅਨ ਐਡੀਸ਼ਨ

ਇਸ ਲਈ, ਇਹ ਲਾਜ਼ਮੀ ਹੈ ਕਿ ਪਾਰਟੀ, ਸਟੇਟ, ਜਨਤਕ ਜਥੇਬੰਦੀਆਂ ਅਤੇ ਪ੍ਰਾਪੇਗੰਡੇ ਦੇ ਸਭ ਸਾਧਨਾਂ ਦੇ ਵਿੱਦਿਅਕ ਕੰਮ ਨੂੰ ਸਮਾਜਵਾਦ ਦੇ ਅੰਤਰਮੁੱਖੀ ਆਰਥਿਕ ਨਿਯਮਾਂ, ਜਿਨ੍ਹਾਂ ਨਿਯਮਾਂ ਉੱਤੇ ਪਾਰਟੀ ਦੀ ਆਰਥਿਕ-ਨੀਤੀ ਅਧਾਰਿਤ ਹੈ, ਉਹਨਾਂ ਨਿਯਮਾਂ ਬਾਰੇ ਸੂਝ ਵਧਾਉਣ ਉੱਤੇ ਕੇਂਦਰਿਤ ਕਰਨਾ ਚਾਹੀਦਾ ਹੈ। ਅੰਤਰਮੁੱਖੀ ਨਿਯਮਾਂ ਦੀ ਡੂੰਘੀ ਸੂਝ ਰਾਹੀਂ ਅਤੇ ਇਨ੍ਹਾਂ ਦੀਆਂ ਲੋੜਾਂ ਅਨੁਕੂਲ ਕਾਰਵਾਈ ਕਰਦਿਆਂ ਆਤਮਵਾਦ ਦੇ ਲੱਛਣਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ, ਸਮਾਜਵਾਦੀ ਸਮਾਜ ਦੀਆਂ ਮਹਾਨ ਉੱਰਤਮਾਤਾਵਾਂ ਦਾ ਉਪਯੋਗ ਕੀਤਾ ਜ਼ਾ ਸਕਦਾ ਹੈ, ਅਤੇ ਆਰਥਿਕਤਾ ਦੀ ਯੋਜਨਾਬੰਦੀ ਅਤੇ ਬੰਦੋਬਸਤ ਨੂੰ ਅਤੇ ਲੋਕਾਂ ਦੀ ਵਿੱਦਿਆ ਨੂੰ ਵਿਗਿਆਨਕੀ ਨੀਹਾਂ ਉੱਤੇ ਅਧਾਰਿਤ ਕੀਤਾ ਜਾ ਸਕਦਾ ਹੈ।

ਇਹ ਇਕ ਮੰਨੀ ਜਾਂਦੀ ਸੱਚਾਈ ਹੈ ਕਿ, ਮਨੁੱਖ, ਆਪਣੀ ਜ਼ਮੀਰ, ਯੋਗਤਾਵਾਂ ਅਤੇ ਤਜ਼ਰਬੇ ਸਹਿਤ, ਕਿਸੇ ਵੀ ਕੰਮ ਵਿਚ ਕਿਸੇ ਵੀ ਕਾਰਜ ਦੀ ਪੂਰਤੀ ਵਿਚ ਫੈਸਲਾਕੁੰਨ ਤੱਤ ਹੈ। ਇਸੇ ਲਈ ਹੀ ਪਾਰਟੀ ਲੋਕਾਂ ਦੀ ਲਗਾਤਾਰ ਵਿੱਦਿਆ, ਸਿਖਲਾਈ ਅਤੇ ਉਨ੍ਹਾਂ ਦੀਆਂ ਯੋਗਤਾਵਾਂ ਦੇ ਵਿਕਾਸ ਲਈ ਉਨ੍ਹਾਂ ਨਾਲ ਕੰਮ ਕਰਨ ਨੂੰ ਪਹਿਲੇ ਦਰਜੇ ਦੀ ਮਹੱਤਤਾ ਦਿੰਦੀ ਹੈ। ਫਿਰ ਵੀ, ਲੋਕਾਂ ਦੀ ਕਾਰਵਾਈ ਸਿਰਫ ਤਦ ਹੀ ਸਫਲ ਹੁੰਦੀ ਅਤੇ ਮਿਥੇ ਟੀਚਿਆਂ ਨੂੰ ਹਾਸਲ ਕਰਦੀ ਹੈ, ਜਦ ਵਿੱਦਿਅਕ ਕੰਮ ਤੋਂ ਇਲਾਵਾ ਆਰਥਿਕ, ਜਥੇਬੰਦਕ ਅਤੇ ਪ੍ਰਸ਼ਾਸਕੀ ਉਪਾਵਾਂ ਨਾਲ ਵੀ ਇਸ ਦੀ ਮਦਦ ਕੀਤੀ ਜਾਂਦੀ ਹੈ। ਅਜੇਹੇ ਵਾਕਿਆਤ, ਜਦ ਮਸਲਿਆਂ ਨੂੰ ਇਕ-ਤਰਫਾ ਤੌਰ ਤੇ ਦੇਖਿਆ ਜਾਂਦਾ ਹੈ, ਜਦ ਤਰੁੱਟੀਆਂ ਅਤੇ ਕਮਜ਼ੋਰੀਆਂ ਦਾ ਦੋਸ਼ ਵਿਚਾਰਧਾਰਕ-ਸਿਆਸੀ ਕੰਮ ਨੂੰ ਜਾਂ ਅਗਵਾਈ ਦੇ ਢੰਗਾਂ-ਤਰੀਕਿਆਂ ਨੂੰ ਦਿੱਤਾ ਜਾਂਦਾ ਹੈ, ਜਦ ਅਜੇਹਾ ਸੋਚਿਆ ਜਾਂਦਾ ਹੈ ਕਿ ਹਾਲਤ ਨੂੰ ਠੋਸ ਕਾਰਵਾਈਆਂ ਅਤੇ ਉਪਾਵਾਂ ਤੋਂ ਬਿਨਾਂ ਸਿਰਫ਼ ਲਫਜ਼ਾਂ ਅਤੇ ਮੀਟਿੰਗਾਂ ਨਾਲ ਹੀ ਸੁਧਾਰਿਆ ਜਾ ਸਕਦਾ ਹੈ—ਅਜੇਹੇ ਸਭ ਵਾਕਿਆਤ ਆਤਮਵਾਦ ਦੇ ਲੱਛਣ ਹਨ।

ਪਾਰਟੀ ਦੇ ਪ੍ਰਾਪੇਗੰਡੇ ਅਤੇ ਸਮਾਜਵਾਦ ਦੀ ਭਾਵਨਾ ਵਿਚ ਲੋਕਾਂ ਦੀ ਵਿੱਦਿਆ ਦੇ ਸਮੁੱਚੇ ਕੰਮ ਦੇ ਪੱਧਰ ਨੂੰ ਉੱਚਾ ਚੁੱਕਣ ਵਿਚ ਸਮਾਜਿਕ ਵਿਗਿਆਨਾਂ ਦੀ ਇਕ ਮਹਾਨ ਭੂਮਿਕਾ ਹੈ। ਸਿਰਫ ਵਿਗਿਆਨਕ ਅਧਿਐਨਾਂ ਅਤੇ ਪਾਰਟੀ ਅਤੇ ਲੋਕਾਂ ਦੇ ਤਜ਼ਰਬੇ ਅਤੇ ਜੀਵਨ ਵਲੋਂ ਉਠਾਏ ਮਸਲਿਆਂ ਦੇ ਸਧਾਰਣੀਕਰਣਾਂ ਦੇ ਅਧਾਰ ਤੇ ਹੀ ਲੋਕਾਂ ਵਿਚ ਕੰਮ ਦੀ ਨਿੱਗਰ ਦਲੀਲਾਂ ਨਾਲ ਹਮਾਇਤ ਕੀਤੀ ਜਾ ਸਕਦੀ ਹੈ ਅਤੇ ਇਸ ਦੇ ਸਿੱਟੇ ਵਜੋਂ ਡੂੰਘੇ ਵਿਸ਼ਵਾਸ ਬਣ ਸਕਦੇ ਹਨ।

ਸਾਡੇ ਸਮਾਜਿਕ ਵਿਗਿਆਨਾਂ ਨੇ ਤਰੱਕੀ ਕੀਤੀ ਹੈ ਅਤੇ ਦਰੁੱਸਤ ਰਾਹ ਉੱਤੇ ਵਿਕਸਤ ਹੋਏ ਹਨ। ਇਹਨਾਂ ਦੇ ਅਧਿਐਨਾਂ ਅਤੇ ਪਬਲੀਕੇਸ਼ਨਾਂ ਨੇ ਸਾਡੇ ਲੋਕਾਂ ਦੇ ਇਤਿਹਾਸ ਅਤੇ ਉਹਨਾਂ ਦੇ ਸੱਭਿਆਚਾਰ, ਕੌਮੀ ਮੁਕਤੀ ਜੰਗ ਦੇ ਤਜ਼ਰਬੇ ਅਤੇ ਸਮਾਜਵਾਦੀ ਤਬਦੀਲੀਆਂ, ਅਤੇ ਦੇਸ਼ ਦੇ ਸਿਆਸੀ, ਆਰਥਿਕ ਅਤੇ ਸਮਾਜਿਕ ਜੀਵਨ ਦੇ ਅਧਿਐਨ ਦੇ ਖੇਤਰ ਵਿਚ ਬਹੁਮੁੱਲਾ ਯੋਗਦਾਨ ਪਾਇਆ ਹੈ। ਪਾਰਟੀ ਦੇ ਇਤਿਹਾਸ ਦਾ ਸੰਗ੍ਰਹਿ ਤਿਆਰ ਕਰਨ ਵਿਚ, ਪਾਰਟੀ ਦੇ ਬਹੁਤ ਸਾਰੇ ਦਸਤਾਵੇਜ਼ ਬਗੈਰਾ ਦੀ ਪਬਲੀਕੇਸ਼ਨ ਵਿਚ, ਅਤੇ ਇਨਕਲਾਬ ਅਤੇ ਸਮਾਜਵਾਦੀ ਉਸਾਰੀ ਦੀਆਂ ਵੱਖ ਵੱਖ ਸਮੱਸਿਆਵਾਂ ਦੇ ਅਧਿਅਨ ਵਿਚ ਇਨਸਟੀਟਿਊਟ ਆਫ ਮਾਰਕਸਿਸਟ-ਲੈਨਿਨਿਸਟ ਸਟਡੀਜ਼ ਨੇ ਬਹੁਤ ਹੀ ਬਹੁਮੁੱਲਾ ਯੋਗਦਾਨ ਪਾਇਆ ਹੈ।

ਇਹ, ਵਿਗਿਆਨ ਸੰਸਥਾਵਾਂ, ਹਾਇਰ ਸਕੂਲਾਂ ਦੇ ਵਿਭਾਗਾਂ ਅਤੇ ਸਮਾਜਿਕ ਵਿਗਿਆਨਾਂ ਵਿਚ ਜੁੱਟੇ ਹੋਏ ਸਭ ਕੇਡਰਾਂ ਦਾ ਫਰਜ਼ ਹੈ ਕਿ ਆਪਣੇ ਕੰਮ ਨੂੰ ਉਚੇਰੇ ਪੱਧਰ ਤੇ ਲਿਜਾਣ, ਦੇਸ਼ ਦੇ ਵਿਕਾਸ ਦੇ ਤਜ਼ਰਬੇ ਅਤੇ ਦ੍ਰਿਸ਼ਟੀਮਾਨ ਖੇਤਰ ਦੇ ਬੁਨਿਆਦੀ ਮਸਲਿਆਂ ਵਿਚ ਡੂੰਘੇ ਜਾਣ, ਇਹਨਾਂ ਦੀ ਇਕ ਉਚੇਰੇ ਸਿਧਾਂਤਕ ਅਤੇ ਵਿਗਿਆਨਕ ਪੱਧਰ ਤੇ ਵਿਆਖਿਆ ਕਰਨ ਅਤੇ ਨਵੇਂ ਮਨੁੱਖ ਦੀ ਵਿੱਦਿਆ ਲਈ ਪਾਰਟੀ ਦੇ ਸੰਘਰਸ਼ ਵਿਚ ਹੋਰ ਵਧੇਰੇ ਸਰਗਰਮੀ ਨਾਲ ਹਿੱਸਾ ਪਾਉਣ।

**ਸਮਾਜਵਾਦੀ ਸਮਾਜ ਦੀ ਉਸਾਰੀ ਵਿਚ ਲੋਕਾਂ ਦੀ ਫੈਸਲਾਕੁੰਨ ਭੂਮਿਕਾ ਦੀ ਦਰੁਸਤ ਸਮਝ ਕਮਿਉਨਿਸਟ ਵਿਸ਼ਵ ਦ੍ਰਿਸ਼ਟੀ ਅਤੇ ਇਨਕਲਾਬੀ ਸਿਧਾਂਤ ਅਤੇ ਅਮਲ ਲਈ ਬੁਨਿਆਦੀ ਹੈ।** ਸਾਡੀ ਪਾਰਟੀ ਨੇ ਇਸ ਅਸੂਲ ਤੋਂ ਕਿਸੇ ਵੀ ਥਿੜਕਣ ਦੀ ਇਜਾਜ਼ਤ ਨਹੀਂ ਦਿੱਤੀ ਅਤੇ ਇਹ ਉਹਨਾਂ ਬੁਨਿਆਦੀ ਕਾਰਨਾਂ ਵਿਚੋਂ ਇਕ ਹੈ ਜਿਹਨਾਂ ਕਰਕੇ ਅਲਬਾਨੀਆਂ ਵਿਚ ਸਮਾਜਵਾਦ ਸਹੀ ਢੰਗ ਨਾਲ ਉਸਾਰਿਆ ਗਿਆ ਹੈ ਅਤੇ ਸਫਲਤਾਪੂਰਵਕ ਵਿਕਸਤ ਹੋ ਰਿਹਾ ਹੈ।

ਸਾਡੇ ਦੇਸ਼ ਦੇ ਤਜ਼ਰਬੇ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਲੋਕਾਂ ਦੀ ਰਾਜਸੱਤਾ ਨੂੰ ਬਰਕਰਾਰ ਰੱਖਣ ਅਤੇ ਮਜ਼ਬੂਤ ਕਰਨ ਲਈ, ਸਮਾਜਵਾਦੀ ਇਨਕਲਾਬ ਨੂੰ ਲਗਾਤਾਰ ਅੱਗੇ ਵਧਾਉਣ ਲਈ ਅਤੇ ਵਤਨ ਦੀ ਸ਼ਕਤੀਸ਼ਾਲੀ ਅਤੇ ਅਜਿੱਤ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਦੇਸ਼ ਦਾ ਪ੍ਰਬੰਧ ਚਲਾਉਣ ਵਿਚ ਅਤੇ ਸਮੁੱਚੇ ਸਮਾਜਿਕ ਜੀਵਨ ਵਿਚ ਲੋਕਾਂ ਦੀ ਸਰਗਰਮ ਸ਼ਮੂਲੀਅਤ ਇਕ ਫੈਸਲਾਕੁੰਨ ਸ਼ਰਤ ਹੈ।

ਸਾਡੇ ਸਮਾਜਵਾਦੀ ਸਮਾਜ ਵਿਚ ਆਮ ਲੋਕਾਂ ਦੀ ਫੈਸਲਾਕੁੰਨ ਅਤੇ ਲਗਾਤਾਰ ਵਧ ਰਹੀ ਭੂਮਿਕਾ, ਸਾਡੀ ਸਮਾਜਵਾਦੀ ਜਮਹੂਰੀਅਤ ਦੇ ਵਿਕਾਸ ਦਾ ਸਭ ਤੋਂ ਉੱਤਮ ਪ੍ਰਗਟਾਵਾ ਅਤੇ ਬੁਨਿਆਦੀ ਦਿਸ਼ਾ ਹੈ। ਇਸ ਨੁਕਤਾ-ਨਿਗਾਹ ਤੋਂ, ਸਾਡੀ ਸਮਾਜਵਾਦੀ ਜਮਹੂਰੀਅਤ ਲੋਕਾਂ ਵਲੋਂ ਜੰਗ ਅਤੇ ਇਨਕਲਾਬ ਵਿਚ ਜਿੱਤੀ ਗਈ ਇਕ ਇਤਿਹਾਸਕ ਜਿੱਤ ਹੀ ਨਹੀਂ ਸਗੋਂ ਇਕ ਜ਼ਰੂਰਤ, ਇਕ ਫੈਸਲਾਕੁੰਨ ਸ਼ਰਤ, ਸਾਡੇ ਸਮਾਜਵਾਦੀ ਸਮਾਜ ਦੇ ਵਿਕਾਸ ਦਾ ਇਕ ਅੰਤਰੀਵੀ ਨਿਯਮ, ਇਸ ਨੂੰ ਅੱਗੇ ਲਿਜਾਣ ਵਾਲੀ ਇਕ ਮਹਾਨ ਚਾਲਕ ਸ਼ਕਤੀ ਵੀ ਹੈ।

ਸਮਾਜਵਾਦ ਨੇ ਸਾਡੇ ਲੋਕਾਂ ਨੂੰ ਬੰਦੇ ਹੱਥੋਂ ਬੰਦੇ ਦੀ ਕਿਸੇ ਵੀ ਲੁੱਟ ਤੋਂ ਮੁਕਤ ਕਰਾ ਦਿੱਤਾ ਹੈ। ਇਕ ਮਹਾਨ ਇਤਿਹਾਸਕ ਜਿੱਤ ਮਿਹਨਤਕਸ਼ ਲੋਕਾਂ ਦੀ ਜ਼ਮੀਰ ਦੀ ਲੁਟੇਰੇ ਸਮਾਜਾਂ ਦੀਆਂ ਰੂਹਾਨੀ ਜੰਜ਼ੀਰਾਂ ਤੋਂ ਖਲਾਸੀ ਅਤੇ ਔਰਤ ਦੀ ਖਲਾਸੀ ਹੈ, ਜੋ ਹੁਣ ਸਮਾਜਿਕ ਜੀਵਨ ਵਿਚ ਆਦਮੀ ਦੇ ਬਰਾਬਰ ਦੀ ਹਿੱਸੇਦਾਰ ਹੈ। ਸਾਡੇ ਲੋਕ ਮਹਾਨ ਜਮਹੂਰੀ ਹੱਕ ਅਤੇ ਆਜ਼ਾਦੀਆਂ ਮਾਣਦੇ ਹਨ, ਜਿਵੇਂ ਕਿ ਕੰਮ ਕਰਨ ਦਾ, ਵਿੱਦਿਆ, ਸਟੇਟ ਅਤੇ ਸਮਾਜਿਕ ਸੰਸਥਾਵਾਂ ਲਈ ਚੁਣਨ ਅਤੇ ਚੁਣੇ ਜਾਣ ਦੇ ਹੱਕ ਬੋਲਣ ਅਤੇ ਪ੍ਰੈੱਸ ਦੀ ਆਜ਼ਾਦੀ, ਆਦਿ, ਜੋ ਸਾਡੇ ਦੇਸ਼ ਵਿਚ ਇਕ ਅਸਲੀਅਤ ਹਨ, ਜੋ ਸਾਡੇ ਦੇਸ਼ ਵਿਚ ਕਾਨੂੰਨ ਵਿਚ ਹੀ ਘੋਸ਼ਿਤ ਨਹੀਂ ਸਗੋਂ ਰੋਜ਼ਾਨਾ ਅਮਲ ਵਿਚ ਲਾਗੂ ਵੀ ਕੀਤੇ ਜਾਂਦੇ ਹਨ। ਸਾਡੇ ਦੇਸ਼ ਦੇ ਸਮੁੱਚਾ ਜੀਵਨ, ਸਟੇਟ, ਆਰਥਿਕਤਾ, ਵਿੱਦਿਆ, ਸੱਭਿਆਚਾਰ ਅਤੇ ਡਿਫੈਂਸ ਦੀ ਜਥੇਬੰਦੀ ਅਤੇ ਬੰਦੋਬਸਤ ਨੂੰ ਇਸ ਤਰੀਕੇ ਨਾਲ ਉਸਾਰਿਆ ਗਿਆ ਹੈ ਕਿ ਲੋਕਾਂ ਦੀ ਸਰਗਰਮ ਸ਼ਮੂਲੀਅਤ ਯਕੀਨੀ ਹੀ ਨਹੀਂ ਸਗੋਂ ਲੋੜੀਂਦੀ ਵੀ ਹੈ।

ਸਟੇਟ ਸੰਗਠਨਾਂ ਅਤੇ ਕੇਡਰਾਂ ਦੇ ਲੋਕਾਂ ਨਾਲੋਂ ਵਿਯੋਗ ਨਾਲ, ਉਪਕਰਣਾਂ ਵਿਚ ਨੌਕਰਸ਼ਾਹੀ ਦੇ ਵਿਕਾਸ ਨਾਲ ਸਮਾਜਵਾਦ ਲਈ ਜੋ ਖ਼ਤਰੇ ਪੈਦਾ ਹੁੰਦੇ ਹਨ ਉਹਨਾਂ ਬਾਰੇ ਪਾਰਟੀ ਨੇ ਬੜੀ ਦੇਰ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਸੀ। ਪਾਰਟੀ ਨੇ ਜ਼ੋਰ ਦੇ ਕੇ ਦੱਸਿਆ ਹੈ ਕਿ ਅਜੇਹੇ ਲੱਛਣਾਂ ਅਤੇ ਤੋੜ-ਮਰੋੜਾਂ ਵਿਰੁੱਧ ਸੰਘਰਸ਼ ਲਗਾਤਾਰ ਕੀਤਾ ਜਾਣਾ ਚਾਹੀਦਾ ਹੈ, ਇਹਨਾਂ ਨੂੰ ਉਸਰਨ ਅਤੇ ਸਥਾਪਿਤ ਹੋਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। ਫਿਰ ਵੀ ਅਮਲ ਵਿਚ, ਲੋਕਾਂ ਦੀ ਜਮਹੂਰੀਅਤ ਅਤੇ ਕੇਡਰਾਂ ਦੇ ਲੋਕਾਂ ਨਾਲ ਰਿਸ਼ਤਿਆਂ ਦੀ ਸਮਝ ਅਤੇ ਇਹਨਾਂ ਨੂੰ ਲਾਗੂ ਕਰਨ ਵਿਚ ਇਕ-ਤਰਫੇਪਨ ਅਤੇ ਰਸਮਪੁਣੇ ਦੇ ਲੱਛਣ ਦੇਖਣ 'ਚ ਆਉਂਦੇ ਹਨ। ਅਜਿਹੀਆਂ ਮਿਸਾਲਾਂ ਵੀ ਹਨ ਜਦ ਪ੍ਰਸ਼ਾਸਕ ਸੰਗਠਨ ਖੁਦ ਨੂੰ ਚੁਣੇ ਸੰਗਠਨਾਂ ਨਾਲੋਂ ਉਚੇਰਾ ਮੰਨਦੇ ਹਨ, ਜਦ ਕੁੱਝ ਕੇਡਰ ਲੋਕਾਂ ਨਾਲ ਗੂੜ੍ਹੇ ਸਬੰਧ ਨਹੀਂ ਬਣਾਉਂਦੇ ਜਾਂ ਸਿਰਫ ਰਸਮੀ ਤੌਰ ਤੇ ਹੀ ਉਹਨਾਂ ਦੀ ਰਾਇ ਲੈਂਦੇ ਹਨ। ਕਈ ਵਾਰ ਖੇਤੀ ਕੋਅਪ੍ਰੇਟਿਵਾਂ ਅਤੇ ਲੋਕਾਂ ਦੀਆਂ ਹੋਰ ਜਥੇਬੰਦੀਆਂ ਦੀ ਸਜ਼ਾਵਾਂ ਨੂੰ ਮੱਦੇ-ਨਜ਼ਰ ਨਹੀਂ ਰੱਖਿਆ ਜਾਂਦਾ ਜਾਂ ਸਿਰਫ ਓਪਰੇ ਤੌਰ ਤੇ ਹੀ ਦੇਖਿਆ ਜਾਂਦਾ ਹੈ, ਕਈ ਵਾਰ, ਚੁਣੇ ਹੋਏ ਅਤੇ ਨਾਲੋਂ ਨਾਲ ਨਿਯੁਕਤ ਕੀਤੇ ਹੋਏ ਕੇਡਰਾਂ ਵਲੋਂ ਲੋਕਾਂ ਨੂੰ ਹਿਸਾਬ ਕਿਤਾਬ ਦੇਣ ਸੰਬੰਧੀ ਸਥਾਪਿਤ ਕੀਤੇ ਗਏ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ, ਬਗੈਰਾ, ਬਗੈਰਾ।

ਪਾਰਟੀ ਪ੍ਰਾਪੇਗੰਡੇ ਦਾ ਫਰਜ਼ ਹੈ ਡੂੰਘੀਆਂ ਦਲੀਲਾਂ ਨਾਲ ਇਹ ਵਿਆਖਿਆ ਅਤੇ ਸਾਬਿਤ ਕਰਨਾ ਕਿ ਲੋਕਾਂ ਦੀ ਭੂਮਿਕਾ ਇਕ ਗੂੜ੍ਹ ਖਿਆਲ ਨਹੀਂ, ਸਗੋਂ ਇਹ ਸਹਿਕਾਰੀ ਸੰਗਠਨਾਂ, ਟਰੇਡ-ਯੂਨੀਅਨਾਂ, ਨੌਜਵਾਨਾਂ ਦੀ ਜਥੇਬੰਦੀ, ਜਮਹੂਰੀ ਮੋਰਚੇ, ਔਰਤਾਂ ਦੀ ਜਥੇਬੰਦੀ, ਪੀਪਲਜ਼ ਕੌਂਸਲਾਂ ਅਤੇ ਸਭ ਚੁਣੇ ਗਏ ਸੰਗਠਨਾਂ ਦੀ ਰੋਜ਼ਾਨਾ ਕਾਰਵਾਈ ਰਾਹੀਂ ਸਾਕਾਰ ਕੀਤਾ ਜਾਂਦਾ ਹੈ। ਵਿਸ਼ੇਸ਼ ਤੌਰ ਤੇ ਪਾਰਟੀ ਪ੍ਰਾਪੇਗੰਡੇ ਨੂੰ ਲਾਜ਼ਮੀ ਹੀ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕੇਡਰ

ਉਚੇਰੇ ਤੌਰ ਤੇ ਲੋਕਾਂ ਨਾਲ, ਮਜ਼ਦੂਰਾਂ ਨਾਲ, ਸਹਿਕਾਰੀ ਕਿਸਾਨਾਂ ਨਾਲ, ਨੌਜਵਾਨਾਂ ਨਾਲ, ਔਰਤਾਂ ਨਾਲ ਅਤੇ ਵਸੋਂ ਦੇ ਸਭ ਤਬਕਿਆਂ ਨਾਲ ਸਿੱਧੇ ਸਬੰਧਾਂ ਦੀ ਲੋੜ ਦੀ ਸਿਆਸੀ ਅਤੇ ਵਿਚਾਰਧਾਰਕ ਸੂਝ ਰੱਖਦੇ ਹੋਣ। ਉਨ੍ਹਾਂ ਨੂੰ ਜ਼ਰੂਰ ਹੀ ਲੋਕਾਂ ਦੇ ਵਿਸ਼ਾਲ ਦਾਇਰਿਆਂ ਨਾਲ ਗਲ-ਬਾਤ ਕਰਨੀ ਚਾਹੀਦੀ ਹੈ, ਉਨ੍ਹਾਂ ਦੀ ਰਾਇ ਲੈਣੀ ਚਾਹੀਦੀ ਹੈ, ਪਾਰਟੀ ਅਤੇ ਸਟੇਟ ਦੇ ਸਭ ਮਸਲੇ ਲੋਕਾਂ ਸਾਹਵੇਂ ਰੱਖਣੇ ਚਾਹੀਦੇ ਹਨ ਅਤੇ ਲੋਕਾਂ ਨਾਲ ਮਿਲ ਕੇ ਇਨ੍ਹਾਂ ਮਸਲਿਆਂ ਦੇ ਵਾਜਬ ਹੱਲ ਢੂੰਡਣੇ ਚਾਹੀਦੇ ਹਨ।

ਜਦੋਂ ਪਾਰਟੀ ਜ਼ੋਰ ਨਾਲ ਇਹ ਕਹਿੰਦੀ ਹੈ ਮਾਹਿਰਾਂ ਦੀ ਆਵਾਜ਼ ਨੂੰ ਹੋਰ ਵਧੇਰੇ ਗਹੁ ਨਾਲ ਸੁਣਨਾ ਚਾਹੀਦਾ ਹੈ, ਕਿ ਉਤਪਾਦਨ ਨੂੰ ਵਿਗਿਆਨਕ ਨੀਂਹਾਂ ਤੇ ਅਧਾਰਿਤ ਕਰਨ ਲਈ ਉਨ੍ਹਾਂ ਦੀ ਲਾਇਕ ਰਾਇ ਦਾ ਵਧੇਰੇ ਚੰਗੀ ਤਰ੍ਹਾਂ ਪੱਖ ਪੂਰਨਾ ਅਤੇ ਹਮਾਇਤ ਕਰਨੀ ਚਾਹੀਦੀ ਹੈ, ਤਾਂ ਇਸਦਾ ਮਤਲਬ ਇਹ ਬਿਲਕੁੱਲ ਨਹੀਂ ਕਿ ਲੋਕਾਂ ਦੇ ਉੱਨਤ ਵਿਚਾਰਾਂ ਅਤੇ ਉਨ੍ਹਾਂ ਦੇ ਇਨਕਲਾਬੀ ਤਜ਼ਰਬੇ ਨੂੰ ਕੋਈ ਮਹੱਤਤਾ ਹੀ ਨਾ ਦਿੱਤੀ ਜਾਵੇ। ਸਾਡੇ ਦੇਸ਼ ਵਿਚ, ਕੇਡਰਾਂ ਦੇ ਬੁੱਧੀਜੀਵੀ ਅਤੇ ਵਿਗਿਆਨਕ ਗੁਣਾਂ ਨੂੰ ਲੋਕਾਂ ਦੇ ਸੰਘਰਸ਼ ਅਤੇ ਸਰਬ-ਪੱਖੀ ਤਜ਼ਰਬੇ ਨਾਲ ਗੂੜ੍ਹੀ ਤਰ੍ਹਾਂ ਜੋੜ ਕੇ ਅਤੇ ਇਕ-ਮਿੱਕ ਕਰਕੇ ਹੀ ਤਕਨੀਕੀ-ਵਿਗਿਆਨਕ ਇਨਕਲਾਬ ਨੂੰ ਸਫਲਤਾਪੂਰਵਕ ਵਿਕਸਿਤ ਕੀਤਾ ਜਾ ਸਕਦਾ ਹੈ।

ਇਸ ਸੇਧ ਨੂੰ ਲਾਗੂ ਕਰਦਿਆਂ, ਇਸ ਦੇ ਸਧਾਰਨੀਕਰਣ ਅਤੇ ਰਸਮੀ ਵਰਤਾਓ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਕਥਿਤ ਤੌਰ ਤੇ ਲੋਕਾਂ ਦੀ ਸੇਧ ਨੂੰ ਲਾਗੂ ਕਰਨ ਦੇ ਨਾਂ ਹੇਠ ਮਾਮੂਲੀ-ਮਾਮੂਲੀ ਮਸਲਿਆਂ ਬਾਰੇ ਲੋਕਾਂ ਨੂੰ ਫਜ਼ੂਲ ਮੀਟਿੰਗਾਂ ਵਿਚ ਪਾਈ ਰੱਖਣਾ ਵਰਜ਼ਿਤ ਹੈ। ਜਿਨ੍ਹਾਂ ਮੀਟਿੰਗਾਂ ਵਿਚ ਚਿੰਤਾਜਨਕ ਮਸਲੇ ਹੱਲ ਨਹੀਂ ਕੀਤੇ ਜਾਂਦੇ, ਜਿਨ੍ਹਾਂ ਵਿਚ ਹਾਲਾਤ ਨੂੰ ਸੁਧਾਰਨ ਲਈ ਠੋਸ ਉਪਾਵਾਂ ਬਾਰੇ ਫੈਸਲਾ ਨਹੀਂ ਲਿਆ ਜਾਂਦਾ, ਉਹ ਮੀਟਿੰਗਾਂ ਵਿਅਰਥ ਹਨ। ਏਸੇ ਤਰ੍ਹਾਂ ਹੀ, ਜ਼ਿੰਮੇਵਾਰੀ ਦੀ ਘਾਟ, ਕੰਮ ਦੀ ਜਥੇਬੰਦੀ ਅਤੇ ਪ੍ਰਬੰਧ ਵਿਚ ਤਰੁੱਟੀਆਂ, ਅਤੇ ਅਧਿਕਾਰਾਂ ਦੀ ਵਰਤੋਂ ਅਤੇ ਸਥਾਪਿਤ ਕਾਨੂੰਨਾਂ ਅਤੇ ਨਿਯਮਾਂ ਨੂੰ ਲਾਗੂ ਕਰਨ ਵਿਚ ਨਾ-ਕਾਮਯਾਬੀ ਉੱਤੇ ਪਰਦਾ ਪਾਉਣ ਲਈ ਲੋਕਾਂ ਦੀ ਸੇਧ ਨੂੰ ਵਰਤਣਾ ਵੀ ਵਰਜਿਤ ਹੈ।

ਪਾਰਟੀ ਅਤੇ ਜਨਤਕ ਜਥੇਬੰਦੀਆਂ ਨੂੰ ਇਸ ਗੱਲ ਵੱਲ ਲਗਾਤਾਰ ਧਿਆਨ ਦੇਣਾ ਚਾਹੀਦਾ ਹੈ ਕਿ ਹੇਠਾਂ ਤੋਂ ਲੋਕਾਂ ਵਲੋਂ ਕੰਟਰੋਲ, ਮਜ਼ਦੂਰਾਂ ਅਤੇ ਕਿਸਾਨਾਂ ਦੇ ਗਰੁੱਪਾਂ ਵਲੋਂ ਕੰਟਰੋਲ, ਜੋ ਸਮਾਜਵਾਦੀ ਜਾਇਦਾਦ ਦੇ ਪ੍ਰਬੰਧ ਪ੍ਰਸ਼ਾਸਕੀ ਸੰਗਠਨਾਂ ਅਤੇ ਲੋਕਾਂ ਅਤੇ ਉਹਨਾਂ ਦੀਆਂ ਲੋੜਾਂ ਦੀ ਪੂਰਤੀ ਦੀਆਂ ਸੇਵਾਵਾਂ ਦੇ ਕੰਟਰੋਲ ਉੱਤੇ ਵਧੇਰੇ ਕੇਂਦਰਿਤ ਹੋਣਾ ਚਾਹੀਦਾ ਹੈ, ਉਸ ਕੰਟਰੋਲ ਨੂੰ ਵਧੇਰੇ ਜਾਨ-ਦਾਰ ਅਤੇ ਸਰਗਰਮ ਬਣਾਇਆ ਜਾਵੇ।

ਇਹ ਚੰਗੀ ਤਰ੍ਹਾਂ ਸਮਝਣਾ ਬਹੁਤ ਹੀ ਜ਼ਰੂਰੀ ਹੈ ਕਿ ਹੇਠਾਂ ਤੋਂ ਲੋਕਾਂ ਵਲੋਂ ਕੰਟਰੋਲ ਨੂੰ ਇਕੋ ਢੰਗ ਜਾਣੀ ਕਿ ਮਜ਼ਦੂਰਾਂ ਅਤੇ ਕਿਸਾਨਾਂ ਦੇ ਗਰੁੱਪਾਂ ਵਲੋਂ ਕੰਟਰੋਲ ਦੇ ਢੰਗ ਤਕ ਹੀ ਸੀਮਿਤ ਨਹੀਂ ਰੱਖਣਾ ਚਾਹੀਦਾ; ਇਹ ਵੱਧ ਤੋਂ ਵੱਧ ਵਿਸਤ੍ਰਿਤ ਰੂਪ ਵਿਚ ਅਤੇ ਵੱਖ-ਵੱਖ ਸ਼ਕਲਾਂ ਵਿਚ ਲਾਗੂ ਕੀਤਾ ਜਾਣਾ ਚਾਹੀਦਾ ਹੈ, ਅਤੇ ਇਸ ਵਾਸਤੇ ਮਿਹਨਤਕਸ਼ ਲੋਕਾਂ ਦੇ ਵਿਸ਼ਾਲ ਸਮੂਹਾਂ ਨੂੰ ਉਭਾਰਨਾ ਅਤੇ ਉਹਨਾਂ ਦੇ ਦਿਲ ਵਿਚ ਇਹ ਵਿਚਾਰ ਚੰਗੀ ਤਰ੍ਹਾਂ ਭਰਨਾ ਜ਼ਰੂਰੀ ਹੈ ਕਿ ਉਹ ਹੀ ਦੇਸ਼ ਦੇ ਮਾਲਿਕ ਹਨ, ਜਿਨ੍ਹਾਂ ਨੂੰ ਹਰ ਚੀਜ਼ ਅਤੇ ਹਰ ਕਿਸੇ ਉੱਤੇ ਕੰਟਰੋਲ ਰੱਖਣਾ ਚਾਹੀਦਾ ਹੈ। ਇਸ ਦੇ ਨਾਲ-ਨਾਲ, ਪਾਰਟੀ ਨੇ ਜ਼ੋਰ ਦੇ ਕੇ ਦੱਸਿਆ ਹੈ ਕਿ ਮਜ਼ਦੂਰਾਂ ਅਤੇ ਕਿਸਾਨਾਂ ਦੇ ਗਰੁੱਪਾਂ ਵਲੋਂ ਕੰਟਰੋਲ ਨੂੰ ਪਾਰਟੀ ਜਥੇਬੰਦੀਆਂ ਵਲੋਂ ਸਟੇਟ ਸੰਗਠਨਾਂ ਅਤੇ ਜਨਤਕ ਜਥੇਬੰਦੀਆਂ ਵਲੋਂ ਕੰਟਰੋਲ ਦੀ ਜਗ੍ਹਾ ਨਹੀਂ ਦਿੱਤੀ ਜਾ ਸਕਦੀ ਅਤੇ ਨਾ ਹੀ ਦਿੱਤੀ ਜਾਣੀ ਚਾਹੀਦੀ ਹੈ।

ਸਮਾਜਵਾਦੀ ਜਮਹੂਰੀਅਤ ਅਤੇ ਲੋਕਾਂ ਦੀ ਭੂਮਿਕਾ ਨੂੰ ਸਮਝਣ ਅਤੇ ਲਾਗੂ ਕਰਨ ਦੀ ਲੋੜ ਦੇ ਨਾਲੋ ਨਾਲ ਉਹਨਾਂ ਦੇ ਡੂੰਘੇ ਅਧਿਅਨ ਦੀ ਵੀ ਲੋੜ ਹੈ ਤਾਂ ਕਿ ਇਹਨਾਂ ਨੂੰ ਲਗਾਤਾਰ ਸੰਪੰਨ ਬਣਾਇਆ ਜਾ ਸਕੇ। ਇਸ ਦਾ ਉਦੇਸ਼ ਇਹ ਹੈ ਕਿ ਸਮਾਜਵਾਦ ਦੀ ਉਸਾਰੀ ਦੀ ਵਿਧੀ ਕਦੇ ਵੀ ਇਕ ਨੌਕਰਸ਼ਾਹ-ਪ੍ਰਸ਼ਾਸਕੀ ਵਿਧੀ ਵਿਚ ਨਹੀਂ ਬਦਲਣੀ ਚਾਹੀਦੀ, ਸਗੋਂ ਇਹ ਹਮੇਸ਼ਾਂ ਪਾਰਟੀ ਦੀ ਅਗਵਾਈ ਹੇਠ ਵਿਸ਼ਾਲਤਮ ਮਿਹਨਤਕਸ਼ ਲੋਕਾਂ ਦਾ ਜੀਵਤ, ਸਿਰਜਨਾਤਮਕ ਕਾਰਨਾਮਾ ਹੋਣੀ ਚਾਹੀਦੀ ਹੈ।

**ਨਵੇਂ ਮਨੁੱਖ ਦੀ ਵਿੱਦਿਆ ਸਮਾਜਵਾਦ ਦੀ ਇਕ ਸਭ ਤੋਂ ਮਹਾਨ ਜਿੱਤ ਅਤੇ ਇਸ ਦੇ ਬੇਰੋਕ ਵਿਕਾਸ ਦੀ ਇਕ ਬੁਨਿਆਦੀ ਗਰੰਟੀ ਹੈ।** ਦੇਸ਼ ਦੀ ਸਮਾਜਵਾਦੀ ਉਸਾਰੀ ਵਿਚ ਅਤੇ ਪੂੰਜੀਵਾਦੀ-ਸੋਧਵਾਦੀ ਦੁਨੀਆਂ ਵਲੋਂ ਘੇਰਾਓ ਅਤੇ ਦਬਾ ਦਾ ਸਫਲਤਾਪੂਰਵਕ ਸਾਹਮਣਾ ਕਰਨ ਵਿਚ ਸਾਡੀ ਪਾਰਟੀ ਅਤੇ ਲੋਕਾਂ ਨੂੰ ਜੋ ਇਤਿਹਾਸਕ ਕਾਰਜ ਦਰਪੇਸ਼ ਹਨ, ਉਹਨਾਂ ਕਾਰਜਾਂ ਲਈ ਦ੍ਰਿੜ੍ਹ ਇਨਕਲਾਬੀਆਂ ਦੇ ਤੌਰ ਤੇ ਤਿਆਰ ਕੀਤੇ ਅਤੇ ਚੰਡੇ ਹੋਏ, ਮਾਰਕਸਵਾਦੀ-ਲੈਨਿਨਵਾਦੀ ਵਿਸ਼ਵ ਦ੍ਰਿਸ਼ਟੀ ਅਤੇ ਸਦਾਚਾਰ ਨਾਲ ਵੱਧ ਤੋਂ ਵੱਧ ਚੰਗੀ ਤਰ੍ਹਾਂ ਲੈਸ. ਲੋਕਾਂ ਦੀ ਜ਼ਰੂਰਤ ਹੈ ਜਿਹੜੇ ਲੁਟੇਰੀਆਂ ਜਮਾਤਾਂ ਦੀਆਂ ਵਿਚਾਰਧਾਰਾਵਾਂ ਦੇ ਕਿਸੇ ਵੀ ਦਬਾਓ ਦਾ ਸਾਹਮਣਾ ਕਰਨ ਦੀ ਕਾਬਲੀਅਤ ਰੱਖਦੇ ਹੋਣ। ਇਸ ਵਾਸਤੇ ਸਾਡੇ ਲੋਕਾਂ ਦੀ ਸੂਝ ਵਿਚ ਕਿਸੇ ਵੀ ਕਿਸਮ ਦੇ ਦੁਸ਼ਮਣ ਵਿਚਾਰਾਂ ਦੀ ਰਹਿੰਦ-ਖੂੰਹਦ ਜਾਂ ਲੱਛਣਾਂ ਵਿਰੁੱਧ ਵਧੇਰੇ ਵਿਸਤ੍ਰਿਤ ਵਿਚਾਰਧਾਰਕ ਸੰਘਰਸ਼ ਦੀ ਜ਼ਰੂਰਤ ਹੈ।

ਨੀਮ-ਬੁਰਜੁਆ ਸੋਚਣੀ ਅਤੇ ਦ੍ਰਿਸ਼ਟੀਕੋਣ, ਜਿਸਦੀਆਂ ਸਾਡੇ ਦੇਸ਼ ਵਿਚ ਡੂੰਘੀਆਂ ਜੜ੍ਹਾਂ ਹਨ, ਇਹਨਾਂ ਵਿਰੁੱਧ ਸੰਘਰਸ਼ ਇਕ ਵੱਡਾ ਵਿਚਾਰਧਾਰਕ ਮਸਲਾ ਸੀ ਅਤੇ ਅੱਜ ਵੀ ਹੈ। ਇਹ ਤਾਂ ਸੱਚ ਹੈ ਕਿ ਮਹਾਨ ਸਮਾਜਿਕ-ਆਰਥਿਕ ਤਬਦੀਲੀਆਂ ਨੇ, ਅਤੇ ਮਿਹਨਤਕਸ਼ ਲੋਕਾਂ ਦੀ ਕਮਿਊਨਿਸਟ ਵਿੱਦਿਆ ਲਈ ਪਾਰਟੀ ਵਲੋਂ ਕੀਤੇ ਗਏ ਸਰਬ-ਪੱਖੀ ਕੰਮ ਨੇ ਨੀਮ-ਬੁਰਜੁਆ ਸੋਚਣੀ ਉੱਤੇ ਤਕੜੀ ਚੋਟ ਮਾਰੀ ਹੈ ਅਤੇ ਇਸ ਨੂੰ ਜੜ੍ਹਾਂ ਤੋਂ ਹਲੂਣ ਸੁੱਟਿਆ ਹੈ। ਬੇਸ਼ੱਕ ਇਸ ਦੇ ਅਸਰ ਦਾ ਦਾਇਰਾ ਬਹੁਤ ਹੀ ਘਟਾ ਦਿੱਤਾ ਗਿਆ ਹੈ, ਫਿਰ ਵੀ ਵਸੋਂ ਦੇ ਕਈ ਤਬਕਿਆਂ ਵਿਚ ਅਜੇ ਵੀ ਨੀਮ-ਬੁਰਜੁਆ ਦ੍ਰਿਸ਼ਟੀਕੋਣ, ਆਦਤਾਂ ਅਤੇ ਕਾਰਵਾਈਆਂ ਦੇਖਣ 'ਚ ਆਉਂਦੀਆਂ ਹਨ। ਨੀਮ-ਬੁਰਜੁਆ ਧਾਰਨਾਵਾਂ ਅਤੇ ਰੁਝਾਨ ਇਕ ਬਹੁਤ ਵੱਡੀ ਬੁਰਾਈ ਹਨ, ਕਿਉਂਕਿ ਇਹ ਸਿਰਫ ਲੋਕਾਂ ਦੀ ਕਮਿਊਨਿਸਟ ਵਿੱਦਿਆ ਅਤੇ ਸਮਾਜਵਾਦੀ ਉਸਾਰੀ ਵਿਚ ਉਹਨਾਂ ਦੀ ਸਰਗਰਮ ਸ਼ਮੂਲੀਅਤ ਦੇ ਰਾਹ 'ਚ ਅੜਚਣ ਹੀ ਨਹੀਂ ਬਣਦੇ, ਸਗੋਂ ਹਰ ਕਿਸਮ ਦੀਆਂ ਥਿੜਕਣਾਂ ਦੀ ਵਜ੍ਹਾ ਵੀ ਬਣਦੇ ਹਨ ਅਤੇ ਸਰਮਾਏਦਾਰਾ ਵਿਚਾਰਧਾਰਾ ਦੇ ਫੈਲਾਓ ਅਤੇ ਸਮਾਜਵਾਦੀ ਨਿਜ਼ਾਮ ਦੇ ਖਾਤਮੇ ਦੇ ਅਧਾਰ ਦਾ ਕੰਮ ਵੀ ਦਿੰਦੇ ਹਨ।

ਨੀਮ-ਬੁਰਜੁਆ ਸੋਚਣੀ ਆਪਣੇ ਆਪ ਨੂੰ ਵੱਖ-ਵੱਖ ਸ਼ਕਲਾਂ ਅਤੇ ਕਈ ਖੇਤਰਾਂ ਵਿਚ ਪ੍ਰਗਟ ਕਰਦੀ ਹੈ। ਇਸ ਦੀ ਰਹਿੰਦ-ਖੂੰਹਦ ਕੰਮ ਅਤੇ ਜਾਇਦਾਦ, ਜੋ ਲੋਕਾਂ ਦੀ ਸਰਗਰਮੀ ਵਿਚ ਮੁੱਖ ਸਥਾਨ ਰੱਖਦੇ ਹਨ, ਉਹਨਾਂ ਵਲ ਰਵੱਈਆਂ ਵਿਚ ਵਧੇਰੇ ਭਾਰੂ ਹੈ।

ਕੰਮ ਅਤੇ ਸਮਾਜਵਾਦੀ ਜਾਇਦਾਦ ਪ੍ਰਤੀ ਰਵੱਈਏ ਵਿਚ ਸੂਝ ਦਾ ਉੱਚਾ ਪੱਧਰ, ਸ਼ਹਿਰਾਂ ਅਤੇ ਪਿੰਡਾਂ ਵਿਚ ਸਾਡੇ ਮਿਹਨਤਕਸ਼ ਲੋਕਾਂ ਦੀ ਖ਼ੂਬੀ ਹੈ। ਇਹ ਸਾਡੇ ਨਵੇਂ ਮਨੁੱਖ ਦੀ ਇਕ ਵਿਸ਼ੇਸ਼ ਸਿਫ਼ਤ ਹੈ ਅਤੇ ਹਰ ਜਗ੍ਹਾ ਪ੍ਰਤੱਖ ਨਜ਼ਰ ਆਉਂਦੀ ਸਚਾਈ ਹੈ। ਫਿਰ ਵੀ, ਕਮਿਊਨਿਸਟ ਸਮਾਜ ਦੇ ਮੁੱਢਲੇ ਪੜਾਅ ਦੀ ਹੈਸੀਅਤ ਵਿਚ ਲੁਟੇਰੇ ਪੂੰਜੀਵਾਦੀ ਨਿਜ਼ਾਮ 'ਚੋਂ ਪੈਦਾ ਹੋਏ ਹੋਣ ਕਰਕੇ, ਸਮਾਜਵਾਦ ਦੇ ਵਿਕਾਸ ਦੀਆਂ ਆਪਣੀਆਂ ਹਾਲਤਾਂ ਅਤੇ ਵਿਸ਼ੇਸ਼ਤਾਵਾਂ ਹਨ, ਜੋ ਕੰਮ ਅਤੇ ਜਾਇਦਾਦ ਪ੍ਰਤੀ ਰਵੱਈਏ ਉੱਤੇ ਵੀ ਆਪਣੀ ਛਾਪ ਲਾਉਂਦੀਆਂ ਹਨ। ਲੈਨਿਨ ਨੇ ਕਿਹਾ ਕਿ ਸਮਾਜਵਾਦ,

**"...ਅਜੇ ਆਰਥਿਕ ਨੁਕਤਾ-ਨਿਗਾਹ ਤੋਂ ਪੂਰੀ ਤਰ੍ਹਾਂ ਸੰਪੂਰਨ, ਅਤੇ ਪੂੰਜੀਵਾਦ ਦੀਆਂ ਰਸਮਾਂ ਅਤੇ ਲੱਛਣਾਂ ਤੋਂ ਪੂਰੀ ਤਰ੍ਹਾਂ ਸੁਤੰਤਰ ਨਹੀਂ ਹੋ ਸਕਦਾ।"***

ਦੂਸਰੇ ਪਾਸੇ ਇਹ ਗੱਲ ਵੀ ਦਿਮਾਗ 'ਚ ਰੱਖਣੀ ਜ਼ਰੂਰੀ ਹੈ ਕਿ ਭਾਰੀ ਗਿਣਤੀ ਵਿਚ ਨੌਜਵਾਨ ਲੋਕ ਜਿਹੜੇ ਸਮਾਜਿਕ ਉਤਪਾਦਨ ਅਤੇ ਹੋਰ ਸੈਕਟਰਾਂ ਵਿਚ ਦਾਖਿਲ ਹੋਣ ਵਾਲੇ ਹਨ, ਸਮਾਜਵਾਦ ਲਈ ਕੰਮ ਕਰਨ ਦੀ ਉਹਨਾਂ ਦੀ

---

* ਵੀ. ਆਈ. ਲੈਨਿਨ, ਸਮੂਹਿਕ ਰਚਨਾਵਾਂ, ਜਿਲਦ 25, ਸਫਾ 559, (ਅਲਬਾਨੀਅਨ ਐਡੀਸ਼ਨ)

ਚਾਹ ਅਤੇ ਉਤਸ਼ਾਹ ਦੇ ਬਾਵਜੂਦ ਵੀ, ਉਹਨਾਂ ਦੀਆਂ ਅਜੇ ਕੰਮ ਦੀਆਂ ਆਦਤਾਂ ਨਹੀਂ ਬਣੀਆਂ ਅਤੇ ਜੀਵਨ ਦੀਆਂ ਕਠਨਾਈਆਂ ਦਾ ਮੁਕਾਬਲਾ ਕਰਨ ਲਈ ਚੰਡੇ ਹੋਏ ਨਹੀਂ।

ਇਹ ਤੱਤ, ਅਤੇ ਪਾਰਟੀ ਜਥੇਬੰਦੀਆਂ, ਜਨਤਕ ਜਥੇਬੰਦੀਆਂ, ਅਤੇ ਸਟੇਟ ਅਤੇ ਆਰਥਿਕਤਾ ਦੇ ਸੰਗਠਨਾਂ ਦੇ ਅਗਵਾਈ, ਜਥੇਬੰਦੀ ਅਤੇ ਵਿੱਦਿਆ ਦੇ ਕੰਮ ਵਿਚ ਕਮਜ਼ੋਰੀਆਂ ਹੀ, ਕੰਮ ਅਤੇ ਸਮਾਜਵਾਦੀ ਜਾਇਦਾਦ ਪ੍ਰਤੀ, ਦੇਖੇ ਜਾਂਦੇ ਗਲਤ ਰਵੱਈਆਂ ਦਾ ਕਾਰਨ ਹਨ।

ਇਸ ਵਕਤ ਜਦ ਸਾਡੇ ਕੋਲ ਬਹੁਤ ਸਾਰੀਆਂ ਉੱਨਤ ਮਿਸਾਲਾਂ ਅਤੇ ਵਧੀਆ ਸਫਲਤਾਵਾਂ ਹਨ; ਅਜੇ ਵੀ, ਕੰਮ ਉੱਤੇ ਅਨੁਸ਼ਾਸਨ ਦੀ ਉਲੰਘਣਾ, ਗੈਰ-ਹਾਜ਼ਰੀਆਂ, ਘੱਟ ਉਤਪਾਦਕਾ, ਅਤੇ ਘਟੀਆ ਕਿਸਮ ਵਾਲੇ ਕੰਮ, ਉਤਪਾਦਕ ਸਮੱਰਥਾਵਾਂ ਦੇ ਮੁਕੰਮਲ ਉਪਯੋਗ ਵਿਚ ਨਾਕਾਮੀ, ਸਾਂਝੀ ਜਾਇਦਾਦ ਦੇ ਨੁਕਸਾਨ ਅਤੇ ਦੁਰਵਰਤੋਂ, ਇਸ ਦੇ ਪ੍ਰਬੰਧ ਅਤੇ ਰਖਵਾਲੀ ਵਿਚ ਲਾਪ੍ਰਵਾਹੀ ਦੇ ਬਹੁਤ ਜ਼ਿਆਦਾ ਵਾਕਿਅਤ ਹੁੰਦੇ ਹਨ।

ਇਹੀ ਕਾਰਨ ਹਨ ਜਿਨ੍ਹਾਂ ਕਰਕੇ ਪਾਰਟੀ, ਪ੍ਰਾਪੇਗੰਡੇ ਅਤੇ ਵਿਚਾਰਧਾਰਕ ਕੰਮ ਦੀ ਕਾਰਗਰਤਾ ਦੇ ਪੱਧਰ ਨੂੰ ਉੱਚਾ ਚੁੱਕਣ ਦੀ ਲੋੜ ਉੱਤੇ ਜ਼ੋਰ ਦਿੰਦੀ ਹੈ, ਤਾਂ ਕਿ ਕੰਮ ਅਤੇ ਜਾਇਦਾਦ ਵੱਲ ਉਹਨਾਂ ਦੇ ਰਵੱਈਏ ਵਿਚ ਮਜ਼ਦੂਰਾਂ, ਸਹਿਕਾਰੀ ਕਿਸਾਨਾਂ ਅਤੇ ਕੇਡਰਾਂ ਦੀ ਸਮਾਜਵਾਦੀ ਸੂਝ ਦਾ ਪੱਧਰ ਉੱਚਾ ਚੁੱਕਿਆ ਜਾ ਸਕੇ। ਇਹ ਪਾਰਟੀ, ਸਟੇਟ ਸੰਗਠਨਾਂ ਅਤੇ ਜਨਤਕ ਜਥੇਬੰਦੀਆਂ ਦੇ ਕੰਮ ਵਿਚ, ਅਤੇ ਉਚੇਚੇ ਤੌਰ ਤੇ ਟਰੇਡ-ਯੂਨੀਅਨਾਂ ਦੇ ਕੰਮ ਵਿਚ ਇਕ ਬਹੁਤ ਹੀ ਮਹੱਤਵਪੂਰਨ ਮੁਹਾਜ਼ ਰਿਹਾ ਹੈ ਅਤੇ ਭਵਿੱਖ ਵਿਚ ਵੀ ਰਹਿਣਾ ਚਾਹੀਦਾ ਹੈ।

ਪਾਰਟੀ ਅਤੇ ਸਟੇਟ ਨੇ, ਪੈਦਾਵਾਰ ਦੇ ਸਮਾਜਵਾਦੀ ਰਿਸ਼ਤਿਆਂ ਨੂੰ ਸੰਪੰਨ ਬਣਾਉਣ ਲਈ, ਸਹਿਕਾਰੀ ਕਿਸਾਨ ਦੇ ਨਿੱਜੀ ਪਲਾਟ ਨੂੰ ਹੋਰ ਘੱਟ ਕਰਨ ਲਈ, ਉਜ਼ਰਤ ਢਾਂਚੇ, ਵਿਧਾਨ ਅਤੇ ਆਰਥਿਕਤਾ ਦੀ ਯੋਜਨਾਬੰਦੀ ਅਤੇ ਬੰਦੋਬਸਤ ਵਿਚ ਸੁਧਾਰਾਂ ਲਈ ਜੋ ਉਪਾਓ ਕੀਤੇ ਹਨ ਉਹਨਾਂ ਉਪਾਵਾਂ ਨੇ ਮਿਹਨਤਕਸ਼ ਲੋਕਾਂ ਦੀ ਵਿੱਦਿਆ ਦੇ ਕੰਮ ਨੂੰ ਤੇਜ਼ ਅਤੇ ਵਿਸਤ੍ਰਿਤ ਕਰਨ ਲਈ ਨਵੀਆਂ ਸੰਭਾਵਨਾਵਾਂ ਅਤੇ ਹਾਲਤਾਂ ਪੈਦਾ ਕੀਤੀਆਂ ਹਨ, ਜਿਨ੍ਹਾਂ ਨਾਲ ਮਿਹਨਤਕਸ਼ ਲੋਕਾਂ ਨੂੰ ਕੰਮ ਅਤੇ ਜਾਇਦਾਦ ਪ੍ਰਤੀ ਸਹੀ ਧਾਰਨਾਵਾਂ ਅਤੇ ਰਵੱਈਆਂ ਨਾਲ ਚੰਗੀ ਤਰ੍ਹਾਂ ਲੈਸ ਕੀਤਾ ਜਾ ਸਕੇਗਾ ਅਤੇ ਹਰ ਜਗ੍ਹਾ ਕੰਮ ਵਿਚ ਇਨਕਲਾਬੀ ਉਤਸ਼ਾਹ ਅਤੇ ਲਾਮਬੰਦੀ ਦਾ ਮਹੌਲ ਪੈਦਾ ਕੀਤਾ ਜਾ ਸਕੇਗਾ।

ਕਮਿਊਨਿਸਟਾਂ, ਕੇਡਰਾਂ ਅਤੇ ਮਿਹਨਤਕਸ਼ ਲੋਕਾਂ ਨੂੰ ਇਸ ਚੀਜ਼ ਬਾਰੇ ਚੇਤੰਨ ਕੀਤਾ ਜਾਣਾ ਜ਼ਰੂਰੀ ਹੈ ਕਿ ਅਸੀਂ ਨਵੇਂ ਅੰਦਰੂਨੀ ਅਤੇ ਬਾਹਰੀ ਹਾਲਤਾਂ ਵਿਚ ਰਹਿ ਰਹੇ ਹਾਂ ਜਿਹੜੇ ਹਾਲਾਤ ਨਵੇਂ ਕਾਰਜਾਂ ਅਤੇ ਮੰਗਾਂ ਨੂੰ ਜਨਮ ਦਿੰਦੇ ਹਨ। ਸਾਨੂੰ ਦਰਪੇਸ਼ ਇਕ ਬਹੁਤ ਹੀ ਸ਼ਕਤੀਸ਼ਾਲੀ ਕਾਰਜ, ਯੋਜਨਾ ਦੇ ਟੀਚਿਆਂ ਨੂੰ ਮੁਕੰਮਲ ਤੌਰ ਤੇ ਨੇਪਰੇ ਚਾੜ੍ਹਨ ਲਈ ਸਭ ਮਿਹਨਤਕਸ਼ ਲੋਕਾਂ ਨੂੰ ਲਾਮਬੰਦ ਕਰਨ ਦਾ ਕਾਰਜ ਹੈ। ਵਰਤਮਾਨ ਹਾਲਾਤ ਅਤੇ ਇਸ ਪੰਜ-ਸਾਲਾ ਯੋਜਨਾ ਦੇ ਕਾਰਜ, ਕੰਮ ਵਿਚ ਇਕ ਨਵੀਂ ਧੁਨ ਅਤੇ ਰੁੱਚੀ, ਜ਼ਿੰਮੇਵਾਰੀ ਦੀ ਇਕ ਉੱਚੀ ਭਾਵਨਾ ਅਤੇ ਦ੍ਰਿੜ੍ਹਤਾ, ਦੀ ਮੰਗ ਕਰਦੇ ਹਨ, ਇਹ ਮੰਗ ਕਰਦੇ ਹਨ ਕਿ ਅਸੀਂ ਵਧੇਰੇ ਤੇਜ਼ੀ ਨਾਲ, ਵਕਤ ਦੀ ਰਫਤਾਰ ਦੇ ਹਾਣ ਦੀ ਤੇਜ਼ੀ ਨਾਲ ਅੱਗੇ ਵਧੀਏ।

ਪਾਰਟੀ ਦਾ ਵਿੱਦਿਅਕ ਕੰਮ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਜੋ ਮਿਹਨਤਕਸ਼ ਲੋਕਾਂ ਵਿਚ ਇਨ੍ਹਾਂ ਵਿਸ਼ਵਾਸਾਂ ਨੂੰ ਡੂੰਘੇ ਗੱਡ ਦੇਵੇ ਕਿ ਕੰਮ ਅਤੇ ਸਮਾਜਵਾਦੀ ਜਾਇਦਾਦ ਦੋ ਅਜੇਹੇ ਥੰਮ੍ਹ ਹਨ ਜਿਨ੍ਹਾਂ ਉੱਤੇ ਆਰਥਿਕਤਾ ਦਾ ਵਿਕਾਸ, ਦੇਸ਼ ਦਾ ਸਮੁੱਚਾ ਜੀਵਨ, ਇਸ ਦਾ ਵਰਤਮਾਨ ਅਤੇ ਭਵਿੱਖ ਅਧਾਰਿਤ ਹੈ। ਇਸ ਖੇਤਰ ਵਿਚ ਸਭ ਮੁਹਾਜ਼ਾਂ ਉੱਤੇ, ਗਲਤ ਰੁੱਚੀਆਂ ਵਿਰੁੱਧ, ਕਿਸੇ ਵੀ ਨੀਮ-ਬੁਰਜੂਆ ਜਾਂ ਉਦਾਰਵਾਦੀ ਧਾਰਨਾ ਅਤੇ ਰਵੱਈਏ ਵਿਰੁੱਧ, ਇਕ ਜਥੇਬੰਦਕ ਸੰਘਰਸ਼ ਲੜਿਆ ਜਾਣਾ ਚਾਹੀਦਾ ਹੈ ਤਾਂ ਕਿ ਹਰ ਜਗ੍ਹਾ ਜਥੇਬੰਦੀ, ਜ਼ਾਬਤੇ ਅਤੇ ਅਨੁਸ਼ਾਸਨ ਦੀ ਭਾਵਨਾ ਮਜ਼ਬੂਤ ਕੀਤੀ ਜਾ ਸਕੇ।

ਸਮਾਜਵਾਦੀ ਸੂਝ ਅਤੇ ਰੂਹਾਨੀਅਤ ਨੂੰ ਮਜ਼ਬੂਤ ਕਰਨ ਦੇ ਕਾਰਜ ਮੰਗ ਕਰਦੇ ਹਨ ਕਿ ਸਾਡੇ ਸਮਾਜ ਵਿਚ ਮੌਜੂਦ ਅਤੇ ਕੰਮ ਕਰ ਰਹੇ ਵੱਖ-ਵੱਖ ਹਿੱਤ ਨੂੰ ਸਮਝਣ ਅਤੇ ਉਨ੍ਹਾਂ ਵਿਚਕਾਰ ਦਰੁਸਤ ਰਿਸ਼ਤੇ ਬਣਾਈ ਰੱਖਣ ਵੱਲ ਵੱਧ ਤੋਂ ਵੱਧ ਧਿਆਨ ਦਿੱਤਾ ਜਾਵੇ। ਏਂਗਲਜ਼ ਨੇ ਦੱਸਿਆ ਹੈ ਕਿ ਕਿਸੇ ਵੀ ਸਮਾਜ ਵਿਚ ਆਰਥਿਕ ਰਿਸ਼ਤੇ, ਸਭ ਤੋਂ ਪਹਿਲਾਂ, ਆਪਣੇ-ਆਪ ਨੂੰ ਹਿੱਤਾਂ ਦੀ ਹੈਸੀਅਤ 'ਚ ਪੇਸ਼ ਕਰਦੇ ਹਨ। ਇਸ ਲਈ, ਵੱਖ-ਵੱਖ ਹਿੱਤਾਂ ਤੋਂ ਅਲੱਗ ਨਾ ਆਰਥਿਕ ਨਿਯਮਾਂ ਦੀਆਂ ਮੰਗਾਂ ਦਾ ਅਮਲ, ਅਤੇ ਨਾ ਹੀ ਕੰਮ ਅਤੇ ਜਾਇਦਾਦ ਵੱਲ ਸਮਾਜਵਾਦੀ ਰਵੱਈਆ ਸਮਝਿਆ ਅਤੇ ਲਾਗੂ ਕੀਤਾ ਜਾ ਸਕਦਾ ਹੈ।

ਆਮ ਹਿੱਤਾਂ ਨੂੰ ਗਰੁੱਪ ਦੇ ਜਾਂ ਵਿਅਕਤੀਗਤ ਹਿੱਤਾਂ ਤੋਂ ਉੱਪਰ ਰੱਖਣਾ, ਭਵਿੱਖ ਦੇ ਹਿੱਤਾਂ ਨੂੰ ਵਕਤੀ ਹਿੱਤਾਂ ਤੋਂ ਉੱਪਰ ਰੱਖਣਾ, ਅਤੇ ਸਟੇਟ ਦੇ ਬੁਨਿਆਦੀ ਹਿੱਤਾਂ ਨੂੰ ਵਿਭਾਗੀ ਅਤੇ ਸਥਾਨਿਕ ਹਿੱਤਾਂ ਤੋਂ ਉੱਪਰ ਰੱਖਣਾ, ਸਮਾਜਵਾਦ ਦੀ ਉਸਾਰੀ ਅਤੇ ਰਖਵਾਲੀ ਲਈ ਸਾਡੀ ਪਾਰਟੀ ਅਤੇ ਸਟੇਟ ਦੀ ਸਮੁੱਚੀ ਕਾਰਵਾਈ ਵਿਚ ਸਦਾ ਮੌਜੂਦ ਰਿਹਾ ਹੈ। ਇਹ ਅੱਜ ਵੀ ਇਕ ਗਰੰਟੀ ਹੈ ਕਿ ਅਸੀਂ, ਸਮਾਜ-ਵਾਦ ਦੀ ਉਸਾਰੀ ਦੇ ਸਿਧਾਂਤ ਅਤੇ ਅਮਲ ਵਿਚ ਕਿਸੇ ਵੀ ਥਿੜਕਣ ਦੀ ਇਜਾਜ਼ਤ ਨਾ ਦਿੰਦੇ ਹੋਏ, ਦਰੁੱਸਤ ਮਾਰਕਸਵਾਦੀ-ਲੈਨਿਨਵਾਦੀ ਰਾਹ ਉੱਤੇ ਸਦਾ ਅੱਗੇ ਵਧਦੇ ਜਾਵਾਂਗੇ।

ਫਿਰ ਵੀ, ਬਹੁਤ ਸਾਰੇ ਵਾਕਿਆਤ ਵਿਚ ਵਿਅਕਤੀਗਤ ਹਿੱਤ ਅਜੇ ਵੀ ਭਾਰੂ ਸ਼ਕਤੀ ਹੈ, ਅਤੇ ਇਹ ਸਮਾਜ ਤੋਂ ਆਪਣੇ ਯੋਗਦਾਨ ਨਾਲੋਂ ਵਧੇਰੇ ਮੰਗਣ, ਸਿਫਤ ਦੀ ਬਲੀ ਦੇ ਕੇ ਮਿਕਦਾਰ ਵੱਲ ਜ਼ਿਆਦਾ ਧਿਆਨ ਦੇਣ, ਆਦਿ, ਦੇ ਰੁਝਾਨਾਂ ਵਿਚ ਪ੍ਰਗਟ ਹੁੰਦੀ ਹੈ।

ਇਸ ਵਿਚ ਜ਼ਰਾ ਵੀ ਸੰਦੇਹ ਨਹੀਂ ਕਿ ਵੱਖ ਵੱਖ ਭਿੰਨਤਾਵਾਂ, ਜਿਵੇਂ ਕਿ ਸ਼ਹਿਰ ਅਤੇ ਦਿਹਾਤ ਵਿਚਕਾਰ ਭਿੰਨਤਾ, ਸਾਡੇ ਸਮਾਜ ਦੇ ਮੈਂਬਰਾਂ ਦੀਆਂ ਆਮਦਨਾਂ ਵਿਚਕਾਰ ਭਿੰਨਤਾ, ਅਤੇ ਸਾਡੇ ਲੋਕਾਂ ਦੀਆਂ ਵਧ ਰਹੀਆਂ ਮੰਗਾਂ ਅਤੇ ਇਨ੍ਹਾਂ ਮੰਗਾਂ ਦੀ ਪੂਰਤੀ ਦੀਆਂ ਅਸਲ ਸੰਭਾਵਨਾਵਾਂ ਵਿਚਕਾਰ ਪਾੜੇ, ਆਦਿ ਦਾ ਅਜੇਹੇ ਰੁਝਾਨਾਂ ਨੂੰ ਜ਼ਿੰਦਾ ਰੱਖਣ ਵਿਚ ਹੱਥ ਹੈ। ਲੇਕਿਨ ਇਹ ਤੱਤ ਵਿਅਕਤੀਗਤ ਹਿੱਤਾਂ ਨੂੰ ਆਮ ਹਿੱਤਾਂ ਤੋਂ ਉੱਪਰ ਸਮਝਣ ਦੇ ਵੱਖ-ਵੱਖ ਰੁਝਾਨਾਂ ਨੂੰ ਉਚਿਤ ਨਹੀਂ ਸਾਬਿਤ ਕਰ ਸਕਦੇ। ਸਾਡੇ ਸਮਾਜਵਾਦੀ ਸਮਾਜ ਵਿਚ, ਲੋਕਾਂ ਵਿਚ ਵਿੱਦਿਆ ਦੇ ਕੰਮ ਨੂੰ ਤੇਜ਼ ਕਰਕੇ, ਉਤਪਾਦਨ ਨੂੰ ਉੱਨਤ ਅਤੇ ਆਰਥਿਕ ਰਿਸ਼ਤਿਆਂ ਨੂੰ ਸੰਪੰਨ ਕਰਕੇ ਅਤੇ ਸਟੇਟ ਦੇ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਕੇ, ਇਨ੍ਹਾਂ ਗ਼ਲਤ ਰੁਝਾਨਾਂ ਨੂੰ ਘੱਟ ਕਰਨ ਦੀਆਂ ਸਭ ਸੰਭਾਵਨਾਵਾਂ ਹਨ।

ਸਭ ਤੋਂ ਪਹਿਲਾਂ, ਇਸ ਦਾ ਤੁਅੱਲਕ, ਇਸ ਸੱਚਾਈ ਨਾਲ ਹੈ ਕਿ ਸਮਾਜ-ਵਾਦ ਵਿਚ ਆਮ ਹਿੱਤ ਮਿਹਨਤਕਸ਼ ਲੋਕਾਂ ਦੇ ਵਿਅਕਤੀਗਤ ਹਿੱਤਾਂ ਦੇ ਉਲਟ ਨਹੀਂ ਹੈ। ਜਦ ਅਸੀਂ ਆਮ ਹਿੱਤ ਨੂੰ ਪਹਿਲ ਦੇਣ ਦੀ ਗੱਲ ਕਰਦੇ ਹਾਂ ਤਾਂ ਇਸ ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਵਿਅਕਤੀਗਤ ਹਿੱਤਾਂ ਨੂੰ ਨਜ਼ਰ-ਅੰਦਾਜ਼ ਹੀ ਕਰ ਦਿੱਤਾ ਜਾਵੇ। ਸਮਾਜਵਾਦ ਵਿਚ ਆਮ ਹਿੱਤ ਆਪਣੇ ਆਪ ਵਿਚ ਹੀ ਇਕ ਉਦੇਸ਼ ਦੇ ਤੌਰ ਤੇ ਪੂਰਾ ਨਹੀਂ ਕੀਤਾ ਜਾਂਦਾ, ਸਗੋਂ ਮਿਹਨਤਕਸ਼ ਲੋਕਾਂ ਦੀਆਂ ਉਚਿੱਤ ਲੋੜਾਂ ਦੀ ਸੇਵਾ ਅਤੇ ਪੂਰਤੀ ਲਈ, ਲੋਕਾਂ ਦੀ ਭਲਾਈ ਅਤੇ ਵਤਨ ਦੀ ਸੁਰੱਖਿਆ ਸਮਰੱਥਾ ਮਜ਼ਬੂਤ ਕਰਨ ਲਈ ਹੀ ਪੂਰਾ ਕੀਤਾ ਜਾਂਦਾ ਹੈ। ਪਾਰਟੀ ਦੀ ਸੇਧ ਤਦ ਸਹੀ ਤੌਰ ਤੇ ਅਤੇ ਦ੍ਰਿੜ੍ਹਤਾ ਨਾਲ ਲਾਗੂ ਹੁੰਦੀ ਹੈ ਜਦ ਆਰਥਿਕ ਸਮੱਸਿਆਵਾਂ ਬਾਰੇ ਰੁਝੇਵੇਂ ਅਤੇ ਆਮ ਹਿੱਤ ਵੱਲ ਧਿਆਨ ਨੂੰ ਵਿਅਕਤੀ ਬਾਰੇ, ਉਸ ਦੀਆਂ ਪਦਾਰਥਿਕ ਅਤੇ ਰੂਹਾਨੀ ਲੋੜਾਂ ਦੀ ਪੂਰਤੀ ਵੱਲ ਗਹੁ ਨਾਲੋਂ ਤੋੜਿਆ ਨਹੀਂ ਜਾਂਦਾ।

ਇਕ ਵੱਡਾ ਮਸਲਾ, ਸਿਰਫ ਆਰਥਿਕ ਹੀ ਨਹੀਂ, ਸਗੋਂ ਵਿਚਾਰਧਾਰਕ ਅਤੇ ਸਮਾਜਿਕ ਮਸਲਾ ਵੀ, ਸਹਿਕਾਰੀ ਜਾਇਦਾਦ ਦੇ ਹਿੱਤਾਂ ਨੂੰ ਸਮਾਜ ਦੇ ਆਮ ਹਿੱਤਾਂ ਨਾਲ ਚੰਗੀ ਤਰ੍ਹਾਂ ਇੱਕਸੁਰ ਕਰਨ ਦਾ ਮਸਲਾ ਹੈ। ਪਾਰਟੀ ਨੂੰ ਦੋਨਾਂ ਹੀ ਰੁਝਾਨਾਂ, ਜੋ ਕਦੇ ਕਦੇ ਦੇਖੇ ਜਾਂਦੇ ਹਨ, ਵਿਰੁੱਧ ਡਟਕੇ ਲੜਨਾ ਚਾਹੀਦਾ, ਜਿਨ੍ਹਾਂ 'ਚੋਂ ਇਕ, ਗਰੁੱਪ ਦੇ ਹਿੱਤਾਂ ਦੇ ਘੇਰੇ ਵਿਚ ਨਿੱਘਰਕੇ ਰਹਿਣਾ ਇਨ੍ਹਾਂ ਹਿੱਤਾਂ ਨੂੰ ਸਮੁੱਚੇ ਸਮਾਜ ਦੇ ਹਿੱਤਾਂ ਨਾਲੋਂ ਟੁੱਟੇ ਹੋਏ ਸਮਝਣਾ ਹੈ, ਅਤੇ ਦੂਸਰਾ, ਕਥਿਤ ਤੌਰ ਤੇ ਆਮ ਹਿੱਤਾਂ ਦੇ ਨਾਂ ਹੇਠ ਕੋਆਪ੍ਰੇਟਿਵ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਣ ਦਾ ਰੁਝਾਨ ਹੈ।

ਇਸ ਸਮੱਸਿਆ ਦਾ ਵਾਸਤਾ, ਸਟੇਟ ਅਤੇ ਖੇਤੀ ਕੋਆਪ੍ਰੇਟਿਵਾਂ ਵਿਚਕਾਰ ਰਿਸ਼ਤਿਆਂ, ਅਤੇ ਇਕ ਗਰੁੱਪ ਦੀ ਜਾਇਦਾਦ ਨੂੰ ਸਮੁੱਚੇ ਲੋਕਾਂ ਦੀ ਜਾਇਦਾਦ ਵਿਚ ਤਬਦੀਲ ਕਰਨ ਦੀ ਵਿਧੀ ਨਾਲ ਹੈ। ਸਹਿਕਾਰੀ ਜਾਇਦਾਦ ਵੀ ਸਟੇਟ ਦੀ ਜਾਇਦਾਦ ਦੀ ਕਿਸਮ ਦੀ ਹੀ ਹੈ। ਦੋਨੋਂ ਹੀ ਸਮਾਜਵਾਦੀ ਜਾਇਦਾਦ ਹਨ, ਲੇਕਿਨ ਗਰੁੱਪ ਦੀ ਜਾਇਦਾਦ, ਜਾਇਦਾਦ ਦੇ ਸਮਾਜੀਕਰਣ ਦੇ ਇਕ ਨਿਚਲੇ ਪੜਾਅ ਵਿਚ ਹੈ। ਵਿਸਤ੍ਰਿਤ ਅਤੇ ਚੰਗੀ ਤਰ੍ਹਾਂ ਜਥੇਬੰਦ ਵਿੱਦਿਅਕ ਕੰਮ ਦੇ ਜ਼ਰੀਏ ਪਾਰਟੀ ਨੂੰ, ਗਰੁੱਪ ਦੀ ਜਾਇਦਾਦ ਦੇ ਆਰਜ਼ੀ ਚਰਿਤਰ ਬਾਰੇ, ਅਤੇ ਇਸ ਨੂੰ ਸਮੁੱਚੇ ਲੋਕਾਂ ਦੀ ਜਾਇਦਾਦ ਵਿਚ ਬਦਲਣ ਦੇ ਢੰਗਾਂ ਬਾਰੇ, ਸਹਿਕਾਰੀ ਕਿਸਾਨੀ ਨੂੰ ਸਪੱਸ਼ਟਤਾ ਨਾਲ ਸਮਝਾਉਣਾ ਚਾਹੀਦਾ ਹੈ। ਸਾਡੇ ਦੇਸ਼ ਵਿਚ ਗਰੁੱਪ ਦੀ ਜਾਇਦਾਦ ਨੂੰ ਸਮੁੱਚੇ ਸਮਾਜ ਦੀ ਜਾਇਦਾਦ ਵਿਚ ਬਦਲਣ ਦੀ ਵਿਧੀ ਸ਼ੁਰੂ ਹੋ ਚੁੱਕੀ ਹੈ ਅਤੇ ਭਵਿੱਖ ਵਿਚ ਹੋਰ ਵਧੇਰੇ ਤੇਜ਼ ਕੀਤੀ ਜਾਏਗੀ। ਫਿਰ ਵੀ, ਸਾਨੂੰ ਇਸ ਰਾਹ ਉੱਤੇ ਜਿਉਂ-ਜਿਉਂ ਅੰਤਰਮੁੱਖੀ ਅਤੇ ਬਾਹਰਮੁਖੀ ਹਾਲਾਤ ਤਿਆਰ ਹੁੰਦੇ ਹਨ, ਗਰੁੱਪ ਦੀ ਜਾਇਦਾਦ ਤੋਂ ਪੈਦਾ ਹੁੰਦੇ ਹਿੱਤਾਂ ਨੂੰ ਮੱਦੇ-ਨਜ਼ਰ ਰੱਖਦਿਆਂ ਅਤੇ ਇਨ੍ਹਾਂ ਦੀ ਇੱਜ਼ਤ ਕਰਦਿਆਂ, ਕਦਮ-ਬ-ਕਦਮ ਅੱਗੇ ਵਧਣਾ ਚਾਹੀਦਾ ਹੈ।

ਸਾਡੀ ਪਾਰਟੀ ਦੇ ਪ੍ਰਾਪੇਗੰਡੇ ਨੂੰ ਹੋਰ ਵਧੇਰੇ ਵਿਸਤ੍ਰਿਤ ਅਤੇ ਡੂੰਘੇ ਤੌਰ ਤੇ ਸਾਡੀ ਆਰਥਿਕਤਾ ਦੇ ਏਕਤਾਬੱਧ ਚਰਿਤ੍ਰ ਅਤੇ ਇਸ ਚਰਿਤ੍ਰ ਨੂੰ ਮਜ਼ਬੂਤ ਕਰਨ ਵਾਲੇ ਤੱਤਾਂ ਬਾਰੇ ਸੂਝ ਵਧਾਉਣ ਲਈ ਕੰਮ ਕਰਨਾ ਚਾਹੀਦਾ ਹੈ। ਇਸ ਪੱਖ ਤੋਂ, ਸੌੜੇ ਵਿਭਾਗੀ ਜਾਂ ਸਥਾਨਿਕ ਹਿੱਤਾਂ ਦੀ ਪੈਰਵੀ ਦੇ ਰੁਝਾਨ ਵਿਰੁੱਧ ਡਟਕੇ ਸੰਘਰਸ਼ ਕਰਨਾ ਜ਼ਰੂਰੀ ਹੈ। ਉਤਪਾਦਨ ਵਿਚ ਵਿਸ਼ੇਸ਼ੀਕਰਣ, ਕੇਂਦਰੀਕਰਣ ਅਤੇ ਸਹਿ-ਕਾਰਤਾ ਅੱਗੇ ਡਾਹੇ ਜਾਂਦੇ ਅੜਿਕੇ, ਅਤੇ ਉਤਪਾਦਨ, ਉਤਪਾਦਕਤਾ ਅਤੇ ਲਾਗਤਾਂ ਦੀ ਕਮੀ ਦੀ ਯੋਜਨਾਬੰਦੀ ਵਿਚ ਕੁੱਝ ਜ਼ਖੀਰਾ ਰੱਖਣ ਤੇ ਵਾਕਿਆਤ, ਜਾਂ ਇਨ-ਵੈਸਟਮੈਂਟ, ਅਤੇ ਕ੍ਰਿਤ ਸ਼ਕਤੀਆਂ, ਆਦਿ, ਲਈ ਵਧਾਈਆਂ ਫੈਲਾਈਆਂ ਗਈਆਂ ਮੰਗਾਂ, ਸੌੜੇ ਹਿੱਤਾਂ ਦੇ ਲੱਛਣ ਹਨ, ਜੋ ਆਰਥਿਕਤਾ ਦੇ ਵਿਕਾਸ ਨੂੰ ਰੋਕਦੇ ਹਨ ਅਤੇ ਸਟੇਟ ਅਤੇ ਸਮਾਜ ਦੇ ਆਮ ਹਿੱਤਾਂ ਨੂੰ ਨੁਕਸਾਨ ਕਰਦੇ ਹਨ।

ਵਰਤਮਾਨ ਹਾਲਤਾਂ ਵਿਚ, ਜਦ ਸਾਡੇ ਦੇਸ਼ ਵਿਚ ਨਵਾਂ ਭਾਰੂ ਬਣ ਚੁੱਕਿਆ ਹੈ, ਨੀਮ-ਬੁਰਜੁਆ ਸੋਚਣੀ ਅਤੇ ਬੀਤੇ ਦੀ ਰਹਿੰਦ-ਖੂੰਹਦ ਦਾ ਰੁਝਾਨ ਬਹੁਤ ਹੀ ਬੇਸੁਰਾ ਬਣ ਜਾਂਦਾ ਹੈ ਅਤੇ ਸਾਡੇ ਸਮਾਜਵਾਦੀ ਰਾਹ ਵਿਚ ਇਕ ਗੰਭੀਰ ਖ਼ਤਰੇ ਦਾ ਰੂਪ ਧਾਰਨ ਕਰ ਲੈਂਦਾ ਹੈ।

ਇਨ੍ਹਾਂ ਰਹਿੰਦ-ਖੂੰਹਦਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਬਹੁਤ ਹੀ ਆਪਾ-ਬਚਾਊ ਹਨ ਅਤੇ ਅਜੇ ਤੱਕ ਵੀ ਮੌਜੂਦ ਹਨ ਭਾਵੇਂ ਕਿ ਜਿਨ੍ਹਾਂ ਹਾਲਤਾਂ ਨੇ ਇਨ੍ਹਾਂ ਨੂੰ ਜਨਮ ਦਿੱਤਾ ਸੀ ਉਹ ਹਾਲਤ ਪੂਰੀ ਤਰ੍ਹਾਂ ਬਦਲੇ ਜਾ ਚੁੱਕੇ ਹਨ। ਇਹ "ਨਵੀਆਂ" ਸ਼ਕਲਾਂ ਧਾਰਨ ਕਰ ਲੈਂਦੀਆਂ ਹਨ, ਸਮਾਜਵਾਦੀ ਨਿਯਮਾਂ ਦੀ ਆੜ ਹੇਠ ਆਪਣੇ-ਆਪਨੂੰ ਛੁਪਾਉਂਦੀਆਂ ਹਨ, ਅਤੇ ਜਿਥੇ ਵੀ ਅਨੁਕੂਲ ਜਗ੍ਹਾ ਮਿਲੇ ਮੁੜ-ਜੀਵਤ ਹੋ ਜਾਂਦੀਆਂ ਹਨ। ਸਾਨੂੰ ਉਚੇਚਾ ਧਿਆਨ ਕੁੱਝ ਪੁਰਾਣੇ ਰਿਵਾਜਾਂ ਅਤੇ ਰਸਮਾਂ ਵੱਲ ਦੇਣਾ ਚਾਹੀਦਾ ਹੈ, ਜਿਨ੍ਹਾਂ ਨੂੰ ਭਾਵੇਂ ਕਿ ਬੁਰੀ ਤਰ੍ਹਾ ਕੁਚਲ ਦਿੱਤਾ ਗਿਆ ਹੈ, ਫਿਰ ਵੀ ਅੱਜ ਤੱਕ ਜੀਵਨ-ਢੰਗਾਂ, ਪਰਿਵਾਰਿਕ ਰਿਸ਼ਤਿਆਂ, ਔਰਤਾਂ ਵੱਲ ਰਵੱਈਏ ਆਦਿ ਵਿਚ ਮੁੜ-ਸੁਰਜੀਤ ਹੋ ਜਾਂਦੇ ਹਨ। ਪਾਰਟੀ ਅਤੇ ਇਸ ਦੇ ਲੀਵਰਾਂ ਨੂੰ, ਸਮਾਜਵਾਦੀ ਅਸੂਲਾਂ ਅਤੇ ਧਾਰਨਾਵਾਂ ਨੂੰ ਪ੍ਰੋਲੇਤਾਰੀਅਨ ਵਿਚਾਰਧਾਰਾ ਅਤੇ ਨੈਤਿਕਤਾ ਨੂੰ ਮਜ਼ਬੂਤ ਅਤੇ ਨਿੱਗਰ ਬਣਾਉਣ ਲਈ ਡਟਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਇਹ ਯਕੀਨੀ ਬਣਾਉਣ ਲਈ ਡਟਕੇ ਕੰਮ ਕਰਨਾ ਚਾਹੀਦਾ ਹੈ ਕਿ ਸਭ ਰਹਿੰਦ-ਖੂੰਹਦ ਦੀ ਜੜ੍ਹ ਵੱਢਣ ਅਤੇ ਨਵੇਂ ਸਮਾਜਵਾਦੀ ਅਸੂਲਾਂ ਨੂੰ ਅਤੇ ਰਸਮਾਂ ਨੂੰ ਦ੍ਰਿੜ੍ਹ ਬਣਾਉਣ ਉੱਤੇ ਅਧਾਰਿਤ ਲੋਕਾਂ ਦੀਆਂ ਮਹਾਨ ਵਿਚਾਰਧਾਰਕ ਕਾਰਵਾਈਆਂ ਅਤੇ ਮੁਹਿੰਮਾਂ ਦੀ ਭਾਵਨਾ ਹਮੇਸ਼ਾ ਬਲਦੀ ਰਹੇ। ਇਹ ਸੰਘਰਸ਼ ਸੂਝ ਅਤੇ ਸਿਆਣਪ ਨਾਲ ਚਲਾਉਣਾ ਚਾਹੀਦਾ ਹੈ, ਤਾਂ ਕਿ ਨਵੇਂ ਨਿਯਮਾਂ ਅਤੇ ਧਾਰਨਾਵਾਂ ਨੂੰ ਹਰ ਕੋਈ ਕਬੂਲ ਕਰ ਲਵੇ।

ਇਸ ਕੰਮ ਵਾਸਤੇ ਲੋਕਾਂ ਦੀ ਰੂਹਾਨੀਅਤ ਦੀ ਡੂੰਘੀ ਜਾਣਕਾਰੀ ਹਾਸਲ ਕਰਨਾ ਜ਼ਰੂਰੀ ਹੈ, ਉੱਤਮ ਵਿਦਿਅਕ ਕੰਮ ਕਰਨਾ ਜ਼ਰੂਰੀ ਹੈ ਜੋ ਕਿ ਵੱਖ-ਵੱਖ ਤਬਕਿਆਂ ਅਤੇ ਖੇਤਰਾਂ ਅਨੁਸਾਰ, ਕੰਮ ਦੀਆਂ ਕਿਸਮਾਂ ਅਤੇ ਜਗ੍ਹਾਵਾਂ ਅਨੁਸਾਰ, ਸਮੂਹਾਂ ਅਤੇ ਸੈਕਟਰਾਂ ਅਨੁਸਾਰ, ਵੱਖ-ਵੱਖ ਉਮਰ-ਗਰੁੱਪਾਂ ਅਤੇ ਲਿੰਗਾਂ ਅਤੇ ਵੱਖ-ਵੱਖ ਵਿਅਕਤੀਆਂ ਅਨੁਸਾਰ, ਵੱਖੋ-ਵੱਖ ਹੋਵੇ। ਲੋਕਾਂ ਦੀ ਰੂਹਾਨੀ ਹਾਲਤ ਬਾਰੇ ਮੁਕੰਮਲ ਸਮਝ ਇਕ ਰਸਮਵਾਦੀ ਢੰਗ ਨਾਲ ਪ੍ਰਾਪਤ ਨਹੀਂ ਕੀਤੀ ਜਾ ਸਕਦੀ, ਸਗੋਂ ਵਿਸਤ੍ਰਿਤ ਸਿਲਸਿਲੇਵਾਰ ਅਧਿਅਨਾਂ ਅਤੇ ਮਸਲੇ ਨੂੰ ਇਸਦੇ ਬਹੁਤ ਸਾਰੇ ਪੱਖਾਂ ਤੋਂ, ਇਸ ਦੀ ਵਰਤਮਾਨ ਹਾਲਤ, ਇਸ ਦੇ ਵਿਕਾਸ ਦੇ ਬਲ ਨੂੰ ਘੋਖਣ ਦੇ ਅਧਾਰ ਤੇ, ਲੋਕਾਂ ਦੀ ਚੇਤਨਤਾ ਅਤੇ ਰੂਹਾਨੀਅਤ ਦੀ ਬਣਤਰ ਉੱਤੇ ਅਸਰ ਪਾਉਣ ਵਾਲੇ ਕਈ ਵੱਖੋ-ਵੱਖ ਤੱਤਾਂ, ਜਿਵੇਂ ਕਿ ਪਦਾਰਥਿਕ ਹਾਲਤਾਂ, ਪੁਰਾਣੇ ਰਸਮੋ-ਰਿਵਾਜ, ਵਿੱਦਿਆ ਅਤੇ ਸੱਭਿਆਚਾਰ ਦੀ ਉੱਨਤੀ, ਬਾਹਰੀ ਪੂੰਜੀਵਾਦੀ-ਸੋਧਵਾਦੀ-ਦੁਨੀਆਂ, ਆਦਿ, ਨੂੰ ਮੱਦੇ ਨਜ਼ਰ ਰੱਖਦਿਆਂ ਹੀ ਪ੍ਰਾਪਤ ਕੀਤੀ ਜਾਂਦੀ ਹੈ।

ਵਿਚਾਰਧਾਰਕ ਮੁਹਾਜ਼ ਉੱਤੇ ਆਪਣੇ ਸੰਘਰਸ਼ ਵਿਚ ਸਾਨੂੰ ਕਦੇ ਇਕ ਪਲ ਲਈ ਵੀ ਇਹ ਨਹੀਂ ਭੁੱਲਣਾ ਚਾਹੀਦਾ ਕਿ ਬੀਤੇ ਦੀਆਂ ਰਹਿੰਦ-ਖੂੰਹਦਾਂ ਸਾਮਰਾਜੀ-ਸੋਧਵਾਦੀ ਘੇਰਾਓ ਦੇ ਗਿਰਾਵਟ-ਲਿਆਊ ਅਸਰਾਂ ਨਾਲ ਬੁਣੀਆਂ (ਜੁੜੀਆਂ) ਹੋਈਆਂ ਹਨ। ਸਾਮਰਾਜੀ-ਸੋਧਵਾਦੀ ਘੇਰਾਓ ਦੇ ਅਸਰ ਭਾਵੇਂ "ਆਧੁਨਿਕ" ਜਾਂ "ਅਗਾਂਹਵੱਧੂ" ਕਹਿ ਕੇ ਪ੍ਰਚਾਰੇ ਜਾਂਦੇ ਹਨ, ਲੇਕਿਨ ਅਸਲੀਅਤ ਵਿਚ ਬੀਤੇ ਦੀਆਂ ਰਹਿੰਦ-ਖੂੰਹਦਾਂ ਨਾਲੋਂ ਜ਼ਿਆਦਾ ਨਹੀਂ ਤਾਂ ਉਤਨੇ ਹੀ ਜ਼ਰੂਰ ਪੁਰਾਣੇ ਹਨ ਅਤੇ ਬਹੁਤ ਹੀ ਖ਼ਤਰਨਾਕ ਹਨ।

ਸਮਾਜਵਾਦੀ ਅਲਬਾਨੀਆਂ ਦੀ ਅਸਲੀਅਤ ਨੂੰ ਬਦਨਾਮ ਕਰਨ ਲਈ ਅਤੇ ਲੋਕਾਂ ਦੇ ਦਿਮਾਗ ਗੰਦੇ ਕਰਨ ਲਈ ਸਾਡੇ ਦੇਸ਼ ਦੇ ਵਿਰੁੱਧ ਇਕ ਵਿਸ਼ਾਲ ਵਿਚਾਰ-ਧਾਰਕ ਮੁਹਿੰਮ ਚਲਾਈ ਜਾ ਰਹੀ ਹੈ। ਪਾਰਟੀ ਅਤੇ ਇਸ ਦੇ ਲੀਵਰਾਂ ਨੂੰ ਲਾਜ਼ਮੀ ਹੀ ਸ਼ਕਤੀਸ਼ਾਲੀ ਬਣਨਾ ਚਾਹੀਦਾ ਹੈ, ਇਸ ਹਮਲੇ ਅਤੇ ਸਾਡੇ ਲੋਕਾਂ ਉੱਤੇ ਇਸ ਦੇ ਅਸਰ ਦੇ ਰਾਹ ਵਿਚ ਅਲੰਘ ਦੀਵਾਰਾਂ ਬਣ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਲੋਕਾਂ ਦੀ ਵਿਚਾਰਧਾਰਕ ਏਕਤਾ ਨੂੰ ਪ੍ਰਚੰਡ ਬਣਾਉਣਾ ਚਾਹੀਦਾ ਹੈ ਅਤੇ ਉਦਾਰ-ਵਾਦ ਅਤੇ ਹੋਰ ਸਭ ਦੁਸ਼ਮਣ ਰੁਝਾਨਾਂ ਵਿਰੁੱਧ ਆਪਣੀ ਚੌਕਸੀ ਅਤੇ ਸੰਘਰਸ਼ ਨੂੰ ਤਿੱਖੇ ਕਰਨਾ ਚਾਹੀਦਾ ਹੈ, ਤਾਂ ਕਿ ਕਿਸੇ ਵੀ ਉਲੰਘਣ, ਸੁਸਤੀ ਜਾਂ ਹੰਕਾਰ ਦੀ ਕਿਸੇ ਵੀ ਹਾਲਤ ਨੂੰ ਪੈਦਾ ਹੋਣ ਦੀ ਇਜਾਜ਼ਤ ਨਾ ਦਿੱਤੀ ਜਾਏ, ਤਾਂ ਜੋ ਕਮਿਊਨਿਸਟ, ਕੇਡਰ ਅਤੇ ਮਿਹਨਤਕਸ਼ ਲੋਕ ਹਮੇਸ਼ਾ ਹੀ ਸਮਾਜਵਾਦੀ ਅਸੂਲਾਂ, ਪ੍ਰੋਲੇਤਾਰੀਅਨ ਵਿਚਾਰਧਾਰਾ ਅਤੇ ਨੈਤਿਕਤਾ ਨੂੰ ਉੱਚਾ ਰੱਖਣ।

ਪੁਰਾਣੀਆਂ ਅਤੇ ਨਵੀਆਂ ਦੁਸ਼ਮਣ ਵਿਚਾਰਧਾਰਾਵਾਂ ਦੇ ਲੱਛਣਾਂ ਵਿਰੁੱਧ ਮਿਹਨਤਕਸ਼ ਲੋਕਾਂ ਦੀ ਕਮਿਊਨਿਸਟ ਵਿੱਦਿਆ ਲਈ ਸੰਘਰਸ਼, ਸਾਡੇ ਦੇਸ਼ ਵਿਚ ਚਲ ਰਹੇ ਜਮਾਤੀ ਸੰਘਰਸ਼ ਦਾ ਇਕ ਵਿਸ਼ਾਲਤਮ ਅਤੇ ਸਭ ਤੋਂ ਗੁੰਝਲਦਾਰ ਮੁਹਾਜ ਹੈ। ਇਹ ਸੰਘਰਸ਼ ਵਰਤਮਾਨ ਹਾਲਤਾਂ ਵਿਚ, ਉਚੇਚਾ ਹੀ ਮਹੱਤਵਪੂਰਨ ਅਤੇ ਤੀਬਰ ਬਣ ਜਾਂਦਾ ਹੈ, ਜਦ ਸਾਡਾ ਦੇਸ਼ ਮੁਕੰਮਲ ਤੌਰ ਤੇ ਆਪਣੀਆਂ ਤਾਕਤਾਂ ਉੱਤੇ ਟੇਕ ਰੱਖਦਿਆਂ ਸਮਾਜਵਾਦ ਦੀ ਉਸਾਰੀ ਦੇ ਰਾਹ ਉੱਤੇ ਡਟਕੇ ਅੱਗੇ ਵੱਧ ਰਿਹਾ ਹੈ, ਜਦ ਕੌਮਾਂਤਰੀ ਅਖਾੜੇ ਵਿਚ ਸਮਾਜਵਾਦ ਅਤੇ ਪੂੰਜੀਵਾਦ ਵਿਚਕਾਰ, ਮਾਰਕਸਵਾਦ-ਲੇਨਿਨਵਾਦ ਅਤੇ ਸੋਧਵਾਦ ਵਿਚਕਾਰ ਸੰਘਰਸ਼ ਬਹੁਤ ਹੀ ਤਿੱਖਾ ਹੋ ਗਿਆ ਹੈ ਅਤੇ ਜਦ ਸਾਮਰਾਜੀ-ਸੋਧਵਾਦੀ ਘੇਰਾਓ ਅਤੇ ਸਾਡੇ ਦੇਸ਼ ਉੱਤੇ ਇਸ ਦਾ ਦਬਾਓ ਵਧੇਰੇ ਭਿਆਨਕ ਬਣ ਗਿਆ ਹੈ।

ਪਾਰਟੀ ਨੂੰ ਇਹ ਯਕੀਨੀ ਬਣਾਉਣ ਲਈ ਅਣਥੱਕ ਕੰਮ ਕਰਨਾ ਚਾਹੀਦਾ ਹੈ ਕਿ ਕਮਿਊਨਿਸਟਾਂ, ਲੋਕਾਂ ਅਤੇ ਨਵੀਂ ਪੀੜ੍ਹੀ ਨੂੰ ਲਗਾਤਾਰ ਪ੍ਰੋਲੇਤਾਰੀਆ ਦੀ ਡਿਕਟੇਟਰਸ਼ਿਪ ਅਤੇ ਜਮਾਤੀ ਸੰਘਰਸ਼ ਦੀ ਭਾਵਨਾ ਵਿਚ ਸਿੱਖਿਅਤ ਕੀਤਾ ਜਾਵੇ, ਤਾਂ ਕਿ ਉਹ ਕਿਸੇ ਵੀ ਦੁਸ਼ਮਣ ਜਾਂ ਖ਼ਤਰੇ ਤੋਂ ਸਮਾਜਵਾਦ ਦੀ ਰਖਵਾਲੀ ਲਈ ਹਰ ਵੇਲੇ ਚੌਕਸ ਅਤੇ ਤਿਆਰ ਰਹਿਣ, ਅਤੇ ਉਹ ਖ਼ੁਦ ਆਪਣੇ ਜ਼ਮੀਰ ਵਿਚ, ਪਾਰਟੀ ਦੀਆਂ ਸਫ਼ਾਂ ਵਿਚ ਅਤੇ ਲੋਕਾਂ ਵਿਚ ਹਰ ਉਸ ਚੀਜ਼ ਦੇ ਖ਼ਿਲਾਫ਼ ਸੰਘਰਸ਼ ਕਰਨ ਜੋ ਸਮਾਜਵਾਦ ਦੀ ਭਾਵਨਾ ਅਤੇ ਅਸੂਲਾਂ ਦੇ ਉਲਟ ਜਾਂਦੀ ਹੈ।

ਦਰੁਸਤ ਤਰੀਕੇ ਨਾਲ ਜਮਾਤੀ ਸੰਘਰਸ਼ ਕਰਨ ਦਾ ਮਤਲਬ ਹੈ ਪਾਰਟੀ ਦੀ ਮਾਰਕਸਵਾਦੀ-ਲੇਨਿਨਵਾਦੀ ਸੇਧ ਨੂੰ ਸਹੀ ਢੰਗ ਨਾਲ ਲਾਗੂ ਕਰਨਾ, ਸਮਾਜਵਾਦ ਦੇ ਅਸੂਲਾਂ ਨੂੰ ਚੇਤਨਤਾ ਅਤੇ ਡੂੰਘੇ ਨਿਸ਼ਚੇ ਨਾਲ ਪ੍ਰਵਾਨ ਕਰਨਾ, ਅਤੇ ਹਰ ਸਮੇਂ ਲੋਕਾਂ ਅਤੇ ਦੇਸ਼ ਦੀ ਭਲਾਈ ਲਈ, ਸਮਾਜਵਾਦ ਦੀ ਰਖਵਾਲੀ ਲਈ ਕੰਮ ਅਤੇ ਸੰਘਰਸ਼ ਕਰਨਾ। ਇਸ ਦਾ ਇਹ ਵੀ ਮਤਲਬ ਹੈ ਕਿ ਇਹ ਸੰਘਰਸ਼ ਕਰਦਿਆਂ, ਸੱਜੇ ਜਾਂ ਖੱਬੇ ਵੱਲ, ਮੌਕਾਪ੍ਰਸਤ ਜਾਂ ਸੰਕੀਰਣਵਾਦੀ ਥਿੜਕਣਾਂ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ, ਜੋ ਥਿੜਕਣਾ ਬਹੁਤ ਹੀ ਖ਼ਤਰਨਾਕ ਅਤੇ ਪਾਰਟੀ, ਲੋਕਾਂ ਦੀ ਏਕਤਾ

ਅਤੇ ਸਮਾਜਵਾਦੀ ਸਮਾਜ ਦੀਆਂ ਮਾਰੂ ਦੁਸ਼ਮਣ ਹਨ ।

ਜਮਾਤੀ ਘੋਲ ਨੂੰ, ਬਿਨਾਂ ਕਿਸੇ ਥਿੜਕਣ ਤੋਂ, ਦਰੁਸਤ ਢੰਗ ਨਾਲ ਅਤੇ ਪਾਰਟੀ ਦੀ ਅਗਵਾਈ ਹੇਠ ਵਿਸ਼ਾਲਤਮ ਮਿਹਨਤਕਸ਼ ਲੋਕਾਂ ਦੀ ਸ਼ਮੂਲੀਅਤ ਨਾਲ ਚਲਾ ਕੇ ਹੀ ਵਰਤਮਾਨ ਸਹੀ ਢੰਗ ਨਾਲ ਉਸਾਰਿਆ ਜਾ ਸਕੇਗਾ ਅਤੇ ਹਮੇਸ਼ਾ ਨਿੱਗਰ ਨੀਹਾਂ ਉੱਤੇ ਰਹੇਗਾ ਅਤੇ ਵਤਨ ਅਤੇ ਸਮਾਜਵਾਦ ਦਾ ਭਵਿੱਖ ਸੁਰੱਖਿਅਤ ਬਣਾਇਆ ਜਾ ਸਕੇਗਾ ।

ਪਾਰਟੀ ਨੇ, ਪਾਰਟੀ ਮੈਂਬਰਾਂ, ਕੇਡਰਾਂ ਅਤੇ ਲੋਕਾਂ ਦੀ ਵਿੱਦਿਆ ਦੀ ਸੇਵਾ ਲਈ ਵਿਸਤ੍ਰਿਤ ਸੰਚਾਰ ਦਾ ਇਕ ਸਮੁੱਚਾ ਸਿਸਟਮ ਸਥਾਪਿਤ ਕੀਤਾ ਹੈ, ਜਿਵੇਂ ਕਿ ਪ੍ਰੈੱਸ, ਪਬਲੀਕੇਸ਼ਨਾਂ, ਰੇਡੀਓ ਅਤੇ ਟੈਲੀਵਿਜ਼ਨ, ਫਿਲਮਾਂ, ਆਦਿ । ਇਨ੍ਹਾਂ ਦੀ ਭੂਮਿਕਾ ਬਹੁਤ ਹੀ ਮਹਾਨ ਹੈ, ਇਸ ਲਈ ਇਨ੍ਹਾਂ ਦੇ ਕੰਮ ਦੇ ਪੱਧਰ ਨੂੰ ਤੱਤ ਅਤੇ ਬਨਾਵਟ ਪੱਖੋਂ, ਲਗਾਤਾਰ ਉੱਚਾ ਉਠਾਉਣਾ ਚਾਹੀਦਾ ਹੈ ਤਾਂ ਕਿ ਇਹ ਮਿਹਨਤ-ਕਸ਼ ਲੋਕਾਂ ਦੀਆਂ ਵੱਧ ਰਹੀਆਂ ਲੋੜਾਂ ਨੂੰ ਚੰਗੀ ਤਰ੍ਹਾਂ ਪੂਰੀਆਂ ਕਰ ਸਕਣ ।

## 2. ਸਮਾਜਵਾਦ ਨੂੰ ਵਿਸਤ੍ਰਿਤ ਸੱਭਿਆਚਾਰ ਵਾਲੇ ਅਤੇ ਵਿਗਿਆਨਕ ਸੂਝ ਵਾਲੇ ਲੋਕਾਂ ਦੀ ਜ਼ਰੂਰਤ ਹੈ

ਸਾਡੇ ਦੇਸ਼ ਵਿਚ ਮਿਹਨਤਕਸ਼ ਲੋਕਾਂ ਦੇ ਸੱਭਿਆਚਾਰਕ ਅਤੇ ਪ੍ਰੋਫੈਸ਼ਨਲ ਪੱਧਰ ਵਿਚ ਇਕ ਅਸਲੀ ਇਨਕਲਾਬ ਆ ਚੁੱਕਾ ਹੈ । ਇਕ ਅਜੇਹੇ ਦੇਸ਼ ਵਿਚ ਜਿਥੇ ਆਜ਼ਾਦੀ ਤੋਂ ਪਹਿਲਾਂ 90 ਫੀਸਦੀ ਲੋਕ ਅਨਪੜ੍ਹ ਸਨ, ਅੱਜ 67 ਫੀ ਸਦੀ ਮਜ਼ਦੂਰ 8 ਸਾਲਾ ਅਤੇ ਸੈਕੰਡਰੀ ਵਿਦਿਆ ਪ੍ਰਾਪਤ ਕਰ ਚੁੱਕੇ ਹਨ ਅਤੇ ਇਨ੍ਹਾਂ ਵਿਚੋਂ 32 ਫੀਸਦੀ ਸੈਕੰਡਰੀ ਜਾਂ ਉਚੇਰੀ ਵਿੱਦਿਆ ਵਾਲੇ ਹਨ; ਸਹਿਕਾਰੀ ਕਿਸਾਨਾਂ ਵਿਚੋਂ 52·3 ਫੀਸਦੀ 8-ਸਾਲਾ ਜਾਂ ਸੈਕੰਡਰੀ ਵਿੱਦਿਆ ਪ੍ਰਾਪਤ ਕਰ ਚੁੱਕੇ ਹਨ । ਅੱਜ ਸਾਡੇ ਕੋਲ 47,500 ਕੇਡਰ ਉਚੇਰੀ ਸਿਖਲਾਈ ਵਾਲੇ ਅਤੇ ਕਰੀਬ 131,500 ਕੇਡਰ ਸੈਕੰਡਰੀ ਜਾਂ ਵਿਵਸਾਇਕ ਸਿਖਲਾਈ-ਪ੍ਰਾਪਤ ਹਨ । ਫਿਰ ਵੀ, ਮਿਹਨਤਕਸ਼ ਲੋਕਾਂ ਦੇ ਵਿਦਿਅਕ, ਸਭਿਆਚਾਰਕ ਅਤੇ ਤਕਨੀਕੀ-ਵਿਵਸਾਇਕ ਪੱਧਰ ਨੂੰ, ਕਮਿਊਨਿਸਟ ਵਿੱਦਿਆ ਦੇ ਇਕ ਅਟੁੱਟ ਅੰਗ ਦੇ ਤੌਰ ਤੇ, ਉਚਾ ਚੁੱਕਣਾ ਅੱਜ ਵੀ ਪਾਰਟੀ ਅਤੇ ਸਟੇਟ ਦੀ ਕਰਵਾਈ ਦੀ ਇਕ ਮਹੱਤਵਪੂਰਨ ਦਿਸ਼ਾ ਹੈ ।

ਆਰਥਿਕਤਾ ਅਤੇ ਸਭਿਆਚਾਰ ਦੀ ਤੀਬਰ ਉੱਨਤੀ, ਆਧੁਨਿਕ ਸਾਜ਼ੋ-ਸਮਾਨ ਅਤੇ ਤਕਨਾਲੋਜੀ ਦੀ ਲਗਾਤਾਰ ਵਧਾਈ ਜਾ ਰਹੀ ਵਰਤੋਂ, ਉਤਪਾਦਨ ਦੀ ਉਚੇਰੀ ਉਤਪਾਦਕਤਾ ਅਤੇ ਗੁਣ, ਵਧੇਰੇ ਲਾਭਦਾਇਕਤਾ ਅਤੇ ਕੁਸ਼ਲਤਾ ਦੇ ਮਿਥੇ ਗਏ ਟੀਚੇ ਅਤੇ ਭਵਿੱਖ ਵਿਚ ਦੇਸ਼ ਦੇ ਸਮੁੱਚੇ ਵਿਕਾਸ ਦੀਆਂ ਸੰਭਾਵਨਾਵਾਂ ਮੰਗ ਕਰਦੀਆਂ ਹਨ ਕਿ ਸਾਡੇ ਲੋਕਾਂ ਦੇ ਵਿੱਦਿਅਕ ਅਤੇ ਸਭਿਆਚਾਰਕ ਪੱਧਰ ਨੂੰ ਹੋਰ ਉੱਚਾ ਚੁਕਿਆ ਜਾਵੇ ਅਤੇ ਉਹ ਵਿਗਿਆਨ ਅਤੇ ਤਕਨੀਕ ਵਿਚ ਨਿਪੁੰਨਤਾ ਹਾਸਲ ਕਰਨ ।

ਪਾਰਟੀ ਦਾ ਕਾਰਜ ਹੈ ਕਿ ਇਹ ਸਾਡੇ ਸਮਾਜ ਨੂੰ ਗਿਆਨਵਾਨ, ਵਿਸਤ੍ਰਿਤ ਸਭਿਆਚਾਰ ਅਤੇ ਉੱਚੇ ਪ੍ਰੋਫੈਸ਼ਨਲ, ਤਕਨੀਕੀ ਅਤੇ ਵਿਗਿਆਨਕ ਪੱਧਰ ਵਾਲੇ ਲੋਕਾਂ ਦੀ ਜੋ ਜ਼ਰੂਰਤ ਹੈ ਉਸ ਬਾਰੇ ਹਰ ਇਕ ਬੰਦੇ ਵਿਚ ਇਕ ਦਰੁਸਤ ਸਮਝ ਪੈਦਾ ਕਰੇ ਅਤੇ ਮਿਹਨਤਕਸ਼ ਲੋਕਾਂ ਨੂੰ ਆਪਣੇ-ਆਪ ਤੋਂ ਸਖ਼ਤ ਕੰਮ ਲੈਣ ਦੀ ਸਿਖਲਾਈ ਦੇਵੇ । ਅਗਾਂਹ-ਵਧੂ ਨਵੇਂ ਦੀ ਭਾਵਨਾ, ਸਿਰਜਨਾਤਮਕ ਜਜ਼ਬਾ, ਲਗਾ-ਤਾਰ ਅਧਿਐਨ ਕਰਨ ਅਤੇ ਸਿੱਖਣ ਦੀ ਰੀਝ ਅਤੇ ਲਗਨ ਸਾਡੇ ਕੇਡਰਾਂ ਅਤੇ ਮਿਹਨਤਕਸ਼ ਲੋਕਾਂ ਦੀਆਂ ਲਾਜ਼ਮੀ ਵਿਸ਼ੇਸ਼ਤਾਵਾਂ ਹੋਣੀਆਂ ਚਾਹੀਦੀਆਂ ਹਨ ।

**ਸਭਿਆਚਾਰ, ਗਿਆਨ ਅਤੇ ਵਿਗਿਆਨ ਨੂੰ ਗ੍ਰਹਿਣ ਕਰਨ ਦਾ ਮੁੱਖ ਕੇਂਦਰ ਸਾਡਾ ਸਕੂਲ ਹੈ ।** ਸਾਡੇ ਸਕੂਲ ਦੇ ਹੋਰ ਵਧੇਰੇ ਇਨਕਲਾਬੀਕਰਣ ਲਈ ਜੋ ਮਹਾਨ ਮੁਹਿੰਮ ਪਿਛਲੇ 15 ਸਾਲਾਂ ਦੌਰਾਨ ਚਲਾਈ ਗਈ ਸੀ ਉਹ ਸਫਲ ਰਹੀ ਹੈ । ਇਸ ਵਿਧੀ ਦੇ ਸਭ ਨਵੇਂ ਬੁਨਿਆਦੀ ਉਪਕਰਣ ਹੁਣ ਮਜ਼ਬੂਤੀ ਨਾਲ ਕਾਇਮ ਕਰ ਦਿੱਤੇ ਗਏ ਹਨ । ਨਵੇਂ ਵਿੱਦਿਅਕ ਪ੍ਰੋਗਰਾਮਾਂ ਦੇ ਸੰਕਲਿਨ ਅਤੇ ਇਨ੍ਹਾਂ ਨੂੰ ਅਮਲ ਵਿਚ ਲਿਆਉਣ ਲਈ, ਖ਼ਾਸ ਕਰ ਸਭ ਪ੍ਰਕਾਰ ਦੀਆਂ ਨਵੀਆਂ ਟੈਕਸਟ-ਬੁੱਕਾਂ ਦੇ ਸੰਕਲਿਨ ਲਈ ਬਹੁਤ ਸਾਰਾ ਬਹੁਮੁੱਲਾ ਕੰਮ ਕੀਤਾ ਗਿਆ ਹੈ ।

ਸਾਡੇ ਸਕੂਲ ਦੇ ਤਿੰਨ ਅੰਗਾਂ ਵਿਚ ਵਿਚਾਰਧਾਰਕ ਅਤੇ ਵਿਗਿਆਨਕ ਮਾਦੇ ਨੂੰ ਮਜ਼ਬੂਤ ਕਰਨ ਲਈ, ਗਿਆਨ ਦੇਣ ਦੇ ਢੰਗਾਂ ਦਾ ਵਧੇਰੇ ਦਰੁਸਤ ਢਾਂਚਾ ਸਥਾਪਿਤ ਕਰਨ ਲਈ, ਅਤੇ ਵਿਦਿਆਰਥੀਆਂ ਅਤੇ ਸ਼ਗਿਰਦਾਂ ਵਿਚ ਆਪਣੇ ਸਬਕਾਂ ਪ੍ਰਤੀ ਇਕ ਸਰਗਰਮ ਅਤੇ ਸਿਰਜਨਾਤਮਕ ਰਵੱਈਏ ਨੂੰ ਉਤਸ਼ਾਹ ਦੇਣ ਲਈ ਭਰਵੇਂ ਯਤਨ ਕੀਤੇ ਗਏ । ਇਸ ਦੇ ਨਤੀਜੇ ਵਜੋਂ ਸਕੂਲ ਨੇ ਚੰਗੇਰੀ, ਵਧੇਰੇ ਸਰਬ-ਪੱਖੀ ਬਣਤਰ ਵਾਲੇ ਅਤੇ ਵਿਚਾਰਧਾਰਕ ਤੌਰ ਤੇ ਵਧੇਰੇ ਵਿਕਸਿਤ ਅਤੇ ਵਧੇਰੇ ਵਿਵਸਾਇਕ ਯੋਗਤਾਵਾਂ ਵਾਲੇ ਵਿਦਿਆਰਥੀਆਂ ਅਤੇ ਸ਼ਗਿਰਦਾਂ ਦੇ ਵੱਡੇ ਦਸਤੇ ਤਿਆਰ ਕੀਤੇ ਹਨ ।

ਸਾਡੇ ਸਕੂਲੀ ਸਿਸਟਮ ਦੇ ਸਭ ਹਿੱਸਿਆਂ ਵਿਚ ਲੋਕਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਦੇ ਕੰਮ ਵਿਚ ਮਹਾਨ ਸਫਲਤਾਵਾਂ ਹਾਸਲ ਕੀਤੀਆਂ ਗਈਆਂ ਹਨ । ਮੋਟੇ ਤੌਰ ਤੇ, ਵਿੱਦਿਆ ਦੇ ਮਿਕਦਾਰੀ ਵਿਕਾਸ ਦੀਆਂ ਜ਼ਰੂਰੀ ਲੋੜਾਂ ਵਿਚੋਂ ਬਹੁਤ ਗਿਣਤੀ ਲੋੜਾਂ ਹੱਲ ਹੋ ਗਈਆਂ ਹਨ ਜਾਂ ਹੋਣ ਹੀ ਵਾਲੀਆਂ ਹਨ । ਹੁਣ ਸਾਡੇ ਕੋਲ ਇਕ ਅਜੇਹਾ ਵਿੱਦਿਅਕ ਸਿਸਟਮ ਹੈ ਜੋ ਸਭ ਖੇਤਰਾਂ ਵਿਚ ਵਰਤ-ਮਾਨ ਅਤੇ ਭਵਿੱਖ ਦੀਆਂ ਲੋੜਾਂ ਪੂਰੀਆਂ ਕਰਨ ਦੀ ਕਾਬਲੀਅਤ ਰੱਖਦਾ ਹੈ ।

ਹੁਣ ਵਕਤ ਆ ਗਿਆ ਹੈ ਕਿ ਸਾਡੇ ਵਿੱਦਿਅਕ ਅਤੇ ਸਿਖਲਾਈ ਫਰੰਟ ਦੀਆਂ ਸੱਭੇ ਸ਼ਕਤੀਆਂ, ਵਿੱਦਿਆ ਵਿਚ ਅਤੇ ਖ਼ਾਸ ਕਰ ਇਸ ਦੀਆਂ ਕੁਝ ਕੜੀਆਂ ਵਿਚ ਲੋਕਾਂ ਦੀ ਸ਼ਮੂਲੀਅਤ ਨੂੰ ਲਗਾਤਾਰ ਵਧਾਉਣ ਵਲੋਂ ਧਿਆਨ ਨੂੰ ਹਟਾਏ ਬਗੈਰ, ਸਕੂਲ ਦੇ ਕੰਮ ਦੀ ਕਿਸਮ ਦੇ ਪੱਧਰ ਨੂੰ ਉੱਚਾ ਚੁੱਕਣ ਦੇ ਕਾਰਜ ਉੱਤੇ ਵਧੇਰੇ ਸੰਜੀਦਗੀ ਅਤੇ ਲਿਆਕਤ ਨਾਲ ਆਪਣਾ ਧਿਆਨ ਕੇਂਦ੍ਰਿਤ ਕਰਨ । ਇਹ ਲੋੜ, ਵਿੱਦਿਆ, ਸਕੂਲ ਅਤੇ ਅਧਿਆਪਕੀ ਦੇ ਵਿਸ਼ੇਸ਼ ਅੰਦਰੂਨੀ ਵਿਕਾਸ ਤੋਂ ਹੀ ਨਹੀਂ, ਸਗੋਂ ਮੁੱਖ ਤੌਰ ਤੇ ਦੇਸ਼ ਦੇ ਸਮੁੱਚੇ ਜੀਵਨ ਦੇ ਆਰਥਿਕ, ਸਮਾਜਿਕ, ਵਿਗਿਆਨਕ ਅਤੇ ਤਕਨੀਕੀ ਵਿਕਾਸ ਤੋਂ ਪੈਦਾ ਹੁੰਦੀ ਹੈ ।

ਸਾਡੇ ਸਕੂਲ ਨੂੰ ਲਾਜ਼ਮੀ ਹੀ ਨੌਜਵਾਨ ਪੀੜ੍ਹੀ ਨੂੰ ਅਜੋਕੇ ਪੱਧਰ ਦੇ ਗਿਆਨ ਨਾਲ ਲੈਸ ਕਰਨਾ ਚਾਹੀਦਾ ਹੈ । ਇਸ ਵਕਤ, ਗਿਆਨ ਦਾ ਸਿਸਟਮ ਲਗਾਤਾਰ ਅਤੇ ਵੱਡੇ ਪੈਮਾਨੇ ਤੇ ਕਾਇਆ-ਕਲਪ 'ਚੋਂ ਲੰਘ ਰਿਹਾ ਹੈ । ਗਣਿਤ-ਸ਼ਾਸਤਰ, ਭੌਤਿਕ ਵਿਗਿਆਨ, ਰਸਾਇਣਿਕ ਵਿਗਿਆਨ, ਜੀਵ-ਵਿਗਿਆਨ, ਆਦਿ, ਜੋ ਤਕਨੀਕ ਅਤੇ ਤਕਨਾਲੋਜੀ ਦੀਆਂ ਵਿਹਾਰਕ ਸ਼ਾਖਾਵਾਂ ਦੀ ਸਿਧਾਂਤਕ ਬੁਨਿਆਦ ਹਨ, (ਇਹ) ਬੜੀ ਤੇਜ਼ੀ ਨਾਲ ਵਿਕਸਤ ਹੋ ਰਹੇ ਹਨ । ਵਿਗਿਆਨਕ ਖੋਜ ਅਤੇ ਉਤਪਾਦਨ ਕਾਰਵਾਈ ਵਿਚ ਇਸ ਦੀ ਅਮਲੀ ਵਰਤੋਂ ਵਿਚਕਾਰ ਅਰਸਾ ਬਹੁਤ ਘੱਟ ਹੋ ਗਿਆ ਹੈ । ਇਸ ਲਈ ਨਵੀਆਂ ਪ੍ਰਾਪਤੀਆਂ ਨੂੰ ਤੁਰੰਤ ਸਕੂਲ ਵਿਚ ਜ਼ਾਹਿਰ ਕਰਨ (ਲਾਗੂ ਕਰਨ) ਦੀ ਸਮੱਸਿਆ ਬਹੁਤ ਹੀ ਗੰਭੀਰ ਬਣ ਗਈ ਹੈ । ਗਿਆਨ ਦੀ ਮਿਕਦਾਰ ਵਿਚ ਇਕ ਮਕਾਨਕੀ ਵਾਧਾ ਕਰਨ ਦੀ ਬਜਾਏ, ਲੋੜੀਂਦੀ ਨਵੀਂ ਵਿਗਿਆਨਕ ਜਾਣਕਾਰੀ ਲਈ ਜਗ੍ਹਾ ਬਣਾਉਣ ਵਾਸਤੇ ਸੰਕਲਪੀ ਉਪਕਰਣ ਵਿਚ ਤਬਦੀਲੀਆਂ ਕਰਨੀਆਂ ਜ਼ਰੂਰੀ ਹਨ, ਅਤੇ ਇਹ ਜਾਣਕਾਰੀ ਵਧੇਰੇ ਗੁੰਦਵੇਂ ਅਤੇ ਵਧੇਰੇ ਸਰਵ-ਵਿਆਪੀ ਢਾਂਚਿਆਂ ਵਿਚ ਮੁੜ-ਤਰਤੀਬ ਕਰਨੀ ਚਾਹੀਦੀ ਹੈ, ਜਿਹੜੇ ਇਸ ਦੀ ਘਣਤਾ ਵਿਚ ਚੋਖਾ ਵਾਧਾ ਕਰਦੇ ਹਨ ਅਤੇ ਇਸ ਦੇ ਵਿਵਹਾਰ ਦੇ ਖੇਤਰ ਦਾ ਪਸਾਰਾ ਕਰਦੇ ਹਨ ।

ਸਾਡੇ ਸਕੂਲ ਸਾਹਵੇਂ ਇਸ ਦੇ ਸਭ ਪੱਧਰਾਂ ਉੱਤੇ, ਇਹ ਕਾਰਜ ਹੈ ਕਿ ਇਹ ਬੁਨਿਆਦੀ ਵਿਗਿਆਨਕ ਸ਼ਾਖਾਵਾਂ ਦੇ ਪ੍ਰਸਤੁਤੀਕਰਣ ਵਿਚੋਂ ਕੁਝ, ਪੁਰਾਣੇ ਹੋ ਚੁੱਕੇ ਪਰੰਪਰਾਵਾਦ ਨੂੰ ਖਤਮ ਕਰੇ । ਇਹ ਗੰਭੀਰ ਕਾਰਜ ਹੈ ਜੋ ਕਦੇ ਵੀ ਨਵੇਂ ਦੀ ਪੁਰਾਣੇ ਉੱਤੇ ਪੇਂਦ ਚਾੜ੍ਹਕੇ ਜਾਂ ਗੰਢ-ਤਰੁੱਪ ਕਰਕੇ ਹੱਲ ਨਹੀਂ ਕੀਤੀ ਜਾਣੀ ਚਾਹੀਦੀ, ਸਗੋਂ ਮੁਕੰਮਲ ਏਕਤਾਬੱਧ ਧਾਰਨਾਵਾਂ ਦੇ ਆਧਾਰ ਤੇ ਹੱਲ ਕੀਤਾ ਜਾਣਾ ਚਾਹੀਦਾ ਹੈ, ਜੋ ਧਾਰਨਾਵਾਂ ਸਕੂਲੀ ਵਿੱਦਿਆ ਦੇ ਸਾਰੇ ਸਾਲਾਂ, ਅਤੇ ਵਿਸ਼ੇਸ਼ ਤੌਰ ਤੇ ਸਾਡੇ ਵਿਦਿਅਕ ਸਿਸਟਮ ਦੇ ਵਿਸ਼ਾਲ ਜੋੜਾਂ ਵਿਚ ਸਮਾਈਆਂ ਹੋਣੀਆਂ ਚਾਹੀਦੀਆਂ ਹਨ । ਇਨ੍ਹਾਂ ਸਮੱਸਿਆਵਾਂ ਦੇ ਅਧਿਐਨ ਗਹੁ ਨਾਲ ਅਤੇ ਸੋਚ-ਸਮਝਕੇ ਕੀਤੇ ਜਾਣੇ ਚਾਹੀਦੇ ਹਨ, ਤਾ ਕਿ ਅੰਤਿਮ ਤਬਦੀਲੀਆਂ ਲਈ ਵਕਤ-ਸਿਰ ਤਿਆ-ਰੀਆਂ ਕੀਤੀਆਂ ਜਾ ਸਕਣ, ਤਾਂ ਕਿ ਇਹਨਾਂ ਬਾਰੇ ਲਏ ਜਾਣ ਵਾਲੇ ਫ਼ੈਸਲਿਆਂ ਵਿਚ ਗੰਢ-ਤੁਪ ਦੇ ਹਰ ਅੰਸ਼ਰ ਨੂੰ ਰੋਕਿਆ ਜਾ ਸਕੇ, ਅਤੇ ਤਾਂ ਜੋ ਉਪਦੇਸ਼ ਦੇਣ ਦੀਆਂ ਵਿਧੀਆਂ ਸਾਡੀ ਵਿਚਾਰਧਾਰਕ, ਵਿਗਿਆਨਕ ਅਤੇ ਉਪਦੇਸ਼ਤਾ ਦੀ ਤਰਕ ਦੇ ਅਨੁਕੂਲ, ਪੂਰੀ ਬਾਰੀਕੀ ਨਾਲ ਤਿਆਰ ਕੀਤੀਆਂ ਜਾ ਸਕਣ ।

ਨਿਯੁਕਤ ਸੰਗਠਨਾਂ ਨੂੰ, ਵਿਦਿਆਰਥੀਆਂ ਅਤੇ ਸ਼ਗਿਰਦਾਂ ਲਈ ਸਬਕਾਂ ਦੇ ਭਾਰ ਦਾ ਸੰਜੀਦਗੀ ਨਾਲ ਅਧਿਐਨ ਕਰਨਾ ਚਾਹੀਦਾ ਹੈ, ਕਿਉਂਕਿ ਅਸਲੀਅਤ

ਵਿਚ ਉਨ੍ਹਾਂ ਉੱਤੇ (ਸਬਕਾਂ ਦਾ) ਬਹੁਤ ਜ਼ਿਆਦਾ ਭਾਰ ਪਾਇਆ ਜਾਂਦਾ ਹੈ, ਜੋ ਉਨ੍ਹਾਂ ਦੀ (ਵਿੱਦਿਅਕ) ਬਣਤਰ ਵਿਚ ਨੁਕਸਾਨ ਕਰਦਾ ਹੈ। ਇਸ ਦੀ ਵਜ੍ਹਾ, ਵਿੱਦਿਆ ਦੇ ਵੱਖ-ਵੱਖ ਮਜ਼ਮੂਨਾਂ ਦੇ ਭਾਰ ਵਿਚ ਤਾਲ-ਮੇਲ ਦੀ ਕਮੀ, ਹੋਰ ਸੋਮਿਆਂ ਤੋਂ ਪ੍ਰਾਪਤ ਹੋਣ ਵਾਲੀ ਜਾਣਕਾਰੀ ਉੱਤੇ ਵੀ ਅਜਾਰੇਦਾਰੀ ਬਣਾਉਣ ਅਤੇ ਦੋਹਰ ਪਾਉਣ ਦਾ ਰੁਝਾਨ, ਕਿਸੇ ਨਿਸ਼ਚਿਤ ਉਮਰ-ਗਰੁੱਪ ਤੋਂ ਉਸ ਦੀਆਂ ਗ੍ਰਹਿਣ ਸ਼ਕਤੀਆਂ ਤੋਂ ਪਰ੍ਹੇ ਦੇ ਸੰਕਲਪਾਂ ਅਤੇ ਵਿਚਾਰਾਂ ਨੂੰ ਗ੍ਰਹਿਣ ਕਰਨ ਦੀ ਅਣ-ਉਚਿਤ ਮੰਗ, ਆਦਿ ਹਨ। ਖਾਸ ਕਰ, ਖਾਲਿਸ ਵਿਚਾਰਧਾਰਕ ਚਰਿਤਰ ਵਾਲੇ ਮਜ਼ਮੂਨਾਂ ਨੂੰ ਸਿੱਖਣ ਦੇ ਢੰਗਾਂ ਦੀ ਵਿਆਖਿਆ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ, ਕਿਉਂਕਿ ਅੱਜ-ਕਲ੍ਹ, ਇਨ੍ਹਾਂ ਮਜ਼ਮੂਨਾਂ ਵਿਚ, ਉਮਰ ਗਰੁੱਪਾਂ ਅਨੁਸਾਰ ਲੋੜੀਂਦਾ ਵਖਰੇਵਾਂ ਕਰਨ ਦੀ ਵਜਾਏ ਸਭ ਦੀ ਸਿਖਲਾਈ ਨੂੰ ਇੱਕੋ ਤਰੀਕੇ ਨਾਲ ਕਰਨ ਦਾ ਰੁਝਾਨ ਦੇਖਣ 'ਚ ਆਉਂਦਾ ਹੈ।

ਸਬਕਾਂ ਦੇ ਜੀਵਨ ਨਾਲ, ਅਮਲ ਨਾਲ, ਅਤੇ ਉਤਪਾਦਕ ਕ੍ਰਿਤ ਨਾਲ ਮੇਲ ਨੂੰ ਮਜ਼ਬੂਤ ਕਰਨ ਨਾਲ ਸਕੂਲ ਵਿਚ ਵਿੱਦਿਆ ਅਤੇ ਪੜ੍ਹਾਈ ਦੇ ਕੰਮ ਦੀ ਕਿਸਮ ਅਤੇ ਉਤਪਾਦਕਤਾ ਵਿਚ ਸਰਵ-ਪੱਖੀ ਸੁਧਾਰ ਹੁੰਦਾ ਹੈ, ਸਿਰਫ਼ ਨਵੀਂ ਪੀੜ੍ਹੀ ਦੀ ਪੜ੍ਹਾਈ ਅਤੇ ਸਿਖਲਾਈ ਦੇ ਨੁਕਤਾ-ਨਿਗਾਹ ਤੋਂ ਹੀ ਨਹੀਂ, ਜਿਸ ਵਿਚ ਅਸੀਂ ਚੋਖੀਆਂ ਸਫਲਤਾਵਾਂ ਹਾਸਲ ਕਰ ਚੁੱਕੇ ਹਾਂ, ਸਗੋਂ ਵਿੱਦਿਆ ਅਤੇ ਵਿਗਿਆਨ ਨੂੰ ਅੱਜ ਦੇ ਆਧੁਨਿਕ ਉਤਪਾਦਨ ਨਾਲ ਜੋੜਨ ਪੱਖੋਂ ਵੀ, ਅਤੇ ਇਸ ਤਰ੍ਹਾਂ ਇਹ ਤਕਨੀਕੀ-ਵਿਗਿਆਨਕ ਇਨਕਲਾਬ ਨੂੰ ਵਿਸਤ੍ਰਿਤ ਅਤੇ ਡੂੰਘੇਰਾ ਕਰਨ ਵਿਚ ਮਦਦ ਕਰਦੇ ਹਨ। ਇਹ ਗੱਲ ਹਮੇਸ਼ਾ ਧਿਆਨ-ਗੋਚਰੇ ਰੱਖਣੀ ਚਾਹੀਦੀ ਹੈ ਕਿ ਅੱਜ ਦੇ ਨੌਜਵਾਨ, ਜੋ ਨਿੱਗਰ ਵਿੱਦਿਆ ਹਾਸਲ ਕਰ ਰਹੇ ਹਨ, ਉਹ ਇਸ ਇਨਕਲਾਬ ਵਿਚ ਹਰਾਵਲ ਦਸਤਾ ਹਨ ਅਤੇ ਭਵਿੱਖ ਵਿਚ ਹੋਰ ਵੀ ਵਧੇਰੇ ਅੱਗੇ ਹੋਣਗੇ।

ਵਿੱਦਿਆ ਅਤੇ ਪੜ੍ਹਾਈ ਦੀ ਸਮੁੱਚੀ ਵਿਧੀ ਦੇ ਵਿਗਿਆਨਕ ਪੱਧਰ, ਉਤਪਾਦਕਤਾ ਅਤੇ ਕਾਰਗਰਤਾ ਦੀ ਸਰਵ-ਪੱਖੀ ਸਿਫਤੀ ਮਜ਼ਬੂਤੀ ਲਈ ਅਤੇ ਇਸ ਨੂੰ ਉੱਪਰ ਚੁੱਕਣ ਲਈ ਇਹ ਜ਼ਰੂਰੀ ਹੈ ਕਿ ਪੜ੍ਹਾਈ ਦੇ ਢੰਗਾਂ ਵਿਚ ਬੁਨਿਆਦੀ ਤਬਦੀਲੀਆਂ ਕਰਨ ਲਈ ਭਰਵੇਂ ਯਤਨ ਕੀਤੇ ਜਾਣ, ਤਾਂ ਜੁ ਪਾਇਦਾਰ ਗਿਆਨ ਨੂੰ ਚੰਗੀ ਤਰ੍ਹਾਂ ਗ੍ਰਹਿਣ ਕੀਤਾ ਜਾ ਸਕੇ, ਤਾਂ ਜੁ ਵਿਦਿਆਰਥੀਆਂ ਅਤੇ ਸ਼ਗਿਰਦਾਂ ਵਿਚ ਸਕੂਲ ਦੇ ਦਿਨਾਂ ਤੋਂ ਹੀ ਸਿਰਜਨਾਤਮਕ ਸੋਚਣੀ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਕੰਮ ਦੀਆਂ ਸੁਤੰਤਰ ਆਦਤਾਂ ਪੈਦਾ ਕੀਤੀਆਂ ਜਾ ਸਕਣ। ਇਸ ਪੱਖ ਤੋਂ, ਇਹ ਲਾਜ਼ਮੀ ਹੈ ਕਿ ਸਕੂਲਾਂ ਦੇ ਪਦਾਰਥਿਕ ਅਤੇ ਪ੍ਰਯੋਗਸ਼ਾਲਾ ਅਧਾਰ ਦਾ ਪਸਾਰਾ ਕਰਨ ਲਈ ਠੋਸ ਉਪਾਓ ਕੀਤੇ ਜਾਣ।

ਸਾਡਾ ਉਤਪਾਦਨ, ਜਿਸ ਵਿਚ ਪਹਿਲਾਂ ਹੀ ਕੰਮਾਂ ਦੀ ਵਿਸ਼ਾਲ ਗਿਣਤੀ ਹੈ, ਭਵਿੱਖ ਵਿਚ ਨਵੇਂ ਕੰਮਾਂ ਨਾਲ ਹੋਰ ਵਧੇਰੇ ਪ੍ਰਫੁੱਲਤ ਹੋਏਗਾ। ਇਸ ਦਾ ਇਕ ਮੁੱਖ ਥੰਮ ਦਰਮਿਆਨੇ ਤਕਨੀਕੀ ਮਾਹਿਰਾਂ ਅਤੇ ਨਿਪੁੰਨ ਮਜ਼ਦੂਰਾਂ ਦੀ ਮਹਾਨ ਫੌਜ ਹੈ। ਇਸ ਲਈ ਵਿਕਸਾਇਕ ਸੈਕੰਡਰੀ ਸਕੂਲਾਂ ਨੂੰ ਉਚੇਰਾ ਮਹੱਤਵ ਦੇਣਾ ਚਾਹੀਦਾ ਹੈ, ਜੋ ਸਾਡੇ ਦੇਸ਼ ਵਿਚ ਸੈਕੰਡਰੀ ਵਿੱਦਿਆ ਵਿਚ 80 ਫੀਸਦੀ ਹਿੱਸਾ ਪਾਉਂਦੇ ਹਨ। ਇਹ ਸਕੂਲ, ਖਾਸ ਤੌਰ ਤੇ ਪਾਰਟ ਟਾਈਮ ਅਤੇ ਖੇਤੀ ਮਜ਼ਮੂਨਾਂ ਵਾਲੇ ਸਕੂਲ, ਚੰਗੀ ਤਰ੍ਹਾਂ ਮਜ਼ਬੂਤ ਕਰਨੇ ਚਾਹੀਦੇ ਹਨ। ਉਹਨਾਂ ਨੂੰ ਦਰਪੇਸ਼ ਕਾਰਜ ਇਹ ਹੈ ਕਿ ਉਹ ਵਿਦਿਆਰਥੀਆਂ ਦੇ ਸਿਧਾਂਤਕ ਵਿਕਾਸ ਨੂੰ ਸਿਰਫ ਉਚੇਰੀ ਵਿਦਿਆ ਆਸਾਨੀ ਨਾਲ ਜਾਰੀ ਰੱਖਣ ਦੇ ਇਕ ਸਾਧਨ ਦੇ ਤੌਰ ਤੇ ਹੀ ਨਾ ਦੇਖਣ, ਸਗੋਂ ਇਸ ਨੂੰ ਆਪਣੇ ਨਿਰਧਾਰਿਤ ਖੇਤਰਾਂ ਵਿਚ ਵਿਵਸਾਇਕ ਸਿਖਲਾਈ ਦੇ ਕੰਮ ਨਾਲ ਇਕ-ਸੁਰ ਬਣਾਉਣ ਅਤੇ ਇਸ ਕੰਮ ਦੀ ਵਧੇਰੇ ਅਸਰਦਾਰ ਸੇਵਾਦਾਰ ਬਣਾਉਣ। ਚੰਗੀ ਤਰ੍ਹਾਂ ਗ੍ਰਹਿਣ ਕਰਨ ਵਾਲੀ ਕੜੀ ਇਹ ਹੈ ਕਿ ਵਿਸ਼ਾਲ ਸਿਧਾਂਤਕ ਅਧਾਰ ਉਤੇ ਅਮਲੀ ਯੋਗਤਾਵਾਂ ਅਤੇ ਤਕਨੀਕੀ ਨਿਪੁੰਨਤਾ ਦੀ ਤਿਆਰੀ ਕੀਤੀ ਜਾਵੇ।

ਸਰੇਸ਼ਟ ਮਾਹਿਰਾਂ ਦੀ ਸਿਖਲਾਈ ਵੱਲ ਵਧ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ। ਉਹ ਆਪਣੇ ਕੰਮਾਂ ਨੂੰ ਪੂਰੀ ਲਿਆਕਤ ਨਾਲ ਪੂਰੇ ਕਰਨ ਦੇ ਯੋਗ ਹੋਣੇ ਚਾਹੀਦੇ ਹਨ ਅਤੇ ਇਕ ਵਿਗਿਆਨਕ ਕਲਪਨਾ-ਸ਼ਕਤੀ ਵਾਲੇ ਹੋਣੇ ਚਾਹੀਦੇ ਹਨ, ਜਿਸ ਤੋਂ ਬਗੈਰ ਉਹ ਆਪਣੇ ਕੰਮ-ਖੇਤਰਾਂ ਵਿਚ ਤਕਨੀਕੀ-ਵਿਗਿਆਨਕ ਇਨਕਲਾਬ ਨੂੰ ਅੱਗੇ ਨਹੀਂ ਵਧਾ ਸਕਦੇ। ਰੋਜ਼ਾਨਾ ਦੇ ਕੰਮ 'ਚ ਉਹਨਾਂ ਦਾ ਘੱਟ-ਤੋਂ-ਘੱਟ ਸਮਾਂ ਲੱਗਣਾ ਚਾਹੀਦਾ ਹੈ, ਜਦ ਕਿ ਖਾਲਿਸ ਵਿਗਿਆਨਾਂ ਦਾ ਅਧਿਅਨ ਸਰੇਸ਼ਟ ਮਾਹਿਰਾਂ ਦਾ ਮੁੱਖ ਰੁਝੇਵਾਂ ਹੋਣਾ ਚਾਹੀਦਾ ਹੈ।

ਇਹ, ਯੂਨੀਵਰਸਿਟੀ ਅਤੇ ਹਾਇਰ ਸਕੂਲਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਵਿਦਿਆਰਥੀਆਂ ਵਿਚ, ਉਹਨਾਂ ਦੀਆਂ ਸਮੁੱਚੀਆਂ ਬੁੱਧੀਜੀਵੀ ਯੋਗਤਾਵਾਂ ਨੂੰ ਗਤੀ ਵਿਚ ਲਿਆ ਕੇ ਅਤੇ ਵਿੱਦਿਆ ਅਤੇ ਪੜ੍ਹਾਈ ਦੀ ਵਿਧੀ ਦੇ ਸਿਰਜਨਾਤਮਕ ਪਹਿਲੂ ਉੱਤੇ ਵਧੇਰੇ ਜ਼ੋਰ ਦੇ ਕੇ, ਇਹ ਖੂਬੀਆਂ ਪੈਦਾ ਕਰਨ। ਇਸ ਲਈ ਇਹ ਜ਼ਰੂਰੀ ਹੈ ਕਿ ਹਾਇਰ ਸਕੂਲਾਂ ਦੇ ਅਧਿਆਪਕ ਖੋਜਕਾਰੀ (research) ਕੰਮ ਵਿਚ ਵੱਧ ਤੋਂ ਵੱਧ ਹਿੱਸਾ ਲੈਣ, ਕਿਉਂਕਿ ਇਕ ਖੋਜਕਾਰ ਹੀ ਆਪਣੇ ਮਜ਼ਮੂਨ ਦੀ ਲਗਨ ਨਾਲ ਪੈਰਵੀ ਕਰਦਾ ਹੈ ਅਤੇ ਇਸ ਨੂੰ ਜਮਾਤ ਵਿਚ ਅਸਲ ਦਿਲਚਸਪੀ ਨਾਲ ਪੇਸ਼ ਕਰ ਸਕਦਾ ਹੈ।

ਹਾਇਰ ਸਕੂਲਾਂ ਵਿਚ ਵਿਗਿਆਨਕ ਕੰਮ ਦਾ ਪਸਾਰਾ ਕਰਨਾ ਅਤੇ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਵਿਗਿਆਨਕ ਕੰਮ ਮਾਮੂਲੀ ਵਿਸ਼ਿਆਂ ਉੱਤੇ ਨਹੀਂ ਸਗੋਂ ਆਰਥਿਕਤਾ, ਉਤਪਾਦਨ, ਸੁਰੱਖਿਆ ਅਤੇ ਸੱਭਿਆਚਾਰ ਦੇ ਮੁੱਖ ਮਸਲਿਆਂ ਨੂੰ ਹੱਲ ਕਰਨ ਉੱਤੇ ਕੇਂਦਰਿਤ ਕੀਤਾ ਜਾਏ। ਇਹ ਯੂਨੀਵਰਸਿਟੀ ਤੋਂ ਬਾਅਦ ਦੀ ਵਿਗਿਆਨਕ ਯੋਗਤਾ ਦੇ ਵਾਧੇ ਲਈ ਵੀ ਜ਼ਰੂਰੀ ਹੈ। ਕੇਡਰਾਂ ਅਤੇ ਸਰੇਸ਼ਟ ਮਾਹਿਰਾਂ ਦੀ ਲਿਆਕਤ ਇਕ ਅਜੇਹਾ ਸਵਾਲ ਹੈ ਜਿਸ ਵਿਚ ਸਮੁੱਚਾ ਸਮਾਜ ਦਿਲਚਸਪੀ ਰੱਖਦਾ ਹੈ। ਸਮਾਜ ਲਈ ਇਹ ਜ਼ਰੂਰੀ ਹੈ ਕਿ ਕੇਡਰ ਲਗਾਤਾਰ ਆਪਣੇ ਗਿਆਨ ਨੂੰ ਪ੍ਰਫੁੱਲਤ ਕਰਨ, ਵਿਗਿਆਨ ਅਤੇ ਤਕਨੀਕ ਦੇ ਨਵੇਂ ਵਿਕਾਸਾਂ ਦੀ ਜਾਣਕਾਰੀ ਪ੍ਰਾਪਤ ਕਰਨ, ਅਤੇ ਵਿਅਕਤੀਗਤ ਮਜ਼ਮੂਨਾਂ ਵਿਚ, ਲੇਕਿਨ ਇਕ ਜਥੇਬੰਦਕ ਢੰਗ ਨਾਲ ਸਿੱਖਣ ਅਤੇ ਵਧੇਰੇ ਯੋਗਤਾ ਪ੍ਰਾਪਤ ਕਰਨ। ਵਿੱਦਿਅਕ ਸਿਸਟਮ ਦੀ ਇਸ ਨਵੀਂ ਕੜੀ ਦੀ ਉਸਾਰੀ ਲਈ, ਹਾਇਰ ਸਕੂਲਾਂ ਅਤੇ ਵਿੱਦਿਆ ਅਤੇ ਸੱਭਿਆਚਾਰ ਦੀ ਮਨਿਸਟਰੀ ਨੂੰ ਬਹੁਤ ਜ਼ਿੰਮੇਵਾਰੀ ਨਾਲ ਕੰਮ ਕਰਨਾ ਪਏਗਾ, ਅਤੇ ਹੋਰ ਸਭ ਸਰਕਾਰੀ ਵਿਭਾਗਾਂ ਨੂੰ ਵੀ ਇਸ ਵਿਚ ਪੂਰੀ ਪੂਰੀ ਮਦਦ ਕਰਨੀ ਪਏਗੀ।

ਸਾਡੀ ਵਿੱਦਿਆ ਆਪਣੇ ਇਨਕਲਾਬੀਕਰਣ ਦੀਆਂ ਮਹਾਨ ਸਫ਼ਲਤਾਵਾਂ ਨੂੰ ਮਜ਼ਬੂਤ ਕਰਨ ਦੀ ਵਿਧੀ 'ਚੋਂ ਗੁਜ਼ਰ ਰਹੀ ਹੈ। ਸਕੂਲ ਦੇ ਹੋਰ ਵਧੇਰੇ ਇਨਕਲਾਬੀ-ਕਰਣ ਦੇ ਮੂਲਕ ਉਪਾਵਾਂ ਨੂੰ ਲਗਾਤਾਰ ਸੁਧਾਰਨਾ ਸਾਡੇ ਲਈ ਇਕ ਸਥਾਈ ਕਾਰਜ ਹੈ। ਇਹ ਉਪਾਓ ਇਨਕਲਾਬੀ ਅਮਲ ਵਿਚ ਪਰਖੇ ਜਾਂਦੇ ਹਨ, ਜੋ ਸਾਨੂੰ ਤਰੁੱਟੀਆਂ ਨੂੰ ਸਹੀ ਕਰਨਾ, ਨੁਕਸਾਂ ਨੂੰ ਖ਼ਤਮ ਕਰਨ ਅਤੇ ਪਾੜਿਆਂ ਨੂੰ ਪੂਰਨਾ ਸਿਖਾਉਂਦਾ ਹੈ। ਸਾਡੇ ਸਕੂਲ ਦੀ ਉੱਨਤੀ ਦੀ ਬਲਪੂਰਨ ਵਿਧੀ ਦੁਰਾਨ ਬਹੁਤ ਸਾਰੀਆਂ ਚੀਜ਼ਾਂ ਦਰੁਸਤ ਕੀਤੀਆਂ ਗਈਆਂ ਹਨ, ਲੇਕਿਨ ਦੇਸ਼ ਦੇ ਜੀਵਨ ਦਾ ਵਿਕਾਸ ਅਤੇ ਖੁਦ ਵਿੱਦਿਆ ਦਾ ਵਿਕਾਸ ਨਵੀਆਂ ਸਮੱਸਿਆਵਾਂ ਨੂੰ ਜਨਮ ਦਿੰਦਾ ਹੈ ਜੋ ਗਹੁ ਨਾਲ ਘੋਖਣੀਆਂ ਚਾਹੀਦੀਆਂ ਹਨ ਅਤੇ ਫਿਰ ਉਹਨਾਂ ਨੂੰ ਹੱਲ ਕਰਨ ਲਈ ਲੋੜੀਂਦੇ ਅਤੇ ਢੁੱਕਵੇਂ ਉਪਾਓ ਕੀਤੇ ਜਾਣੇ ਚਾਹੀਦੇ ਹਨ।

ਸਕੂਲ ਨੂੰ ਦਰਪੇਸ਼ ਇਹ ਸਾਰੇ ਕਾਰਜ ਨੇਪਰੇ ਚਾੜ੍ਹਨ ਵਿਚ ਅਧਿਆਪਕਾਂ ਦੀ ਇਕ ਫੈਸਲਾਕੁੰਨ ਭੂਮਿਕਾ ਹੈ। ਉਹਨਾਂ ਨੂੰ ਆਪਣੇ ਵਿਚਾਰਧਾਰਕ-ਸਿਆਸੀ ਅਤੇ ਪ੍ਰੋਫੈਸ਼ਨਲ ਪੱਧਰ ਨੂੰ ਉੱਚਾ ਚੁੱਕਣ ਲਈ, ਆਪਣੀ ਆਮ ਵਿਗਿਆਨਕ ਅਤੇ ਸੱਭਿਆਚਾਰਕ ਸੂਝ ਨੂੰ ਵਧਾਉਣ ਲਈ ਅਤੇ ਵਿੱਦਿਆ ਅਤੇ ਪੜ੍ਹਾਈ ਵਿਚ ਆਪਣੀ ਨਿਪੁੰਨਤਾ ਨੂੰ ਵਧਾਉਣ ਲਈ ਸਖ਼ਤ ਕੰਮ ਕਰਨਾ ਚਾਹੀਦਾ ਹੈ। ਉਹਨਾਂ ਦੇ ਕੰਮ ਦੇ ਜਾਇਜ਼ੇ ਵਿਚ ਕਿਸੇ ਵੀ ਕਿਸਮ ਦੇ ਰਸਮਪੁਣੇ, ਉਦਾਰਵਾਦ ਦੀ ਅਤੇ ਥੋੜ੍ਹੇ ਨਾਲ ਹੀ ਸਬਰ ਕਰਨ ਦੀ ਭਾਵਨਾ ਨੂੰ ਖ਼ਤਮ ਕੀਤਾ ਜਾਣਾ ਚਾਹੀਦਾ ਹੈ। ਇਹ ਸਭ ਨੂੰ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਸਕੂਲ ਮਿਹਨਤ ਅਤੇ ਪਸੀਨੇ ਦੀ ਮੰਗ ਕਰਦਾ ਹੈ, ਸੂਝ ਅਤੇ ਹੌਸਲੇ ਦੀ, ਅਤੇ ਚੇਤੰਨਤਾ ਅਤੇ ਅਨੁਸ਼ਾਸਨ ਦੇ ਉੱਚੇ ਪੱਧਰ ਦੀ ਮੰਗ ਕਰਦਾ ਹੈ।

ਸਕੂਲ ਦੇ ਕੰਮ ਨੂੰ ਮਜ਼ਬੂਤ ਕਰਨ ਵਿਚ ਨਿੱਗਰ ਸਮਾਜਿਕ ਰਾਇ ਦਾ ਤਕੜਾ ਹੱਥ ਹੈ। ਇਹ ਸਕੂਲ ਦੀ ਰੋਜ਼ਾਨਾ ਕਾਰਵਾਈ ਵਿਚ ਬਹੁਤ ਮਦਦ ਕਰ ਸਕਦੀ ਹੈ। ਸਕੂਲਾਂ ਵਿਚ ਵਿੱਦਿਆ ਦੀ ਪ੍ਰਾਪਤੀ ਵੱਲ ਸਿਹਤਮੰਦ ਰੁਝਾਨਾਂ ਵਾਲੇ, ਇਨਕਲਾਬੀ ਉਦੇਸ਼ਾਂ ਉੱਤੇ ਅਧਾਰਿਤ ਰੁਝਾਨਾਂ ਵਾਲੇ ਨੌਜਵਾਨ ਤਿਆਰ ਕਰਨਾ ਬਹੁਤ ਹੀ ਜ਼ਰੂਰੀ ਹੈ।

ਲੋਕਾਂ ਦੀ ਵਿੱਦਿਆ ਦੇ ਕੰਮ ਵਿਚ ਸਰਵ-ਪੱਖੀ ਸੁਧਾਰ ਲਈ, ਸਕੂਲ

ਡਾਇਰੇਕਟਰੀ ਤੋਂ ਲੈ ਕੇ ਵਿੱਦਿਆ ਅਤੇ ਸਭਿਆਚਾਰ ਦੀ ਮਨਿਸਟਰੀ ਤਕ, ਵਿੱਦਿਆ ਦੇ ਸਭ ਸੰਗਠਨਾਂ ਦੇ ਅਗਵਾਈ ਦੇ ਕੰਮ ਦੇ ਢੰਗਾਂ ਅਤੇ ਸਟਾਈਲ ਦਾ ਹੋਰ ਵਧੇਰੇ ਇਨਕਲਾਬੀਕਰਣ ਕਰਨਾ ਜ਼ਰੂਰੀ ਹੈ। ਇਸ ਵਾਸਤੇ ਰਾਹਨੁਮਾਈ ਦੇ ਕੰਮ ਦੇ ਵਿਗਿਆਨਕ ਪੱਧਰ ਨੂੰ ਉੱਚਾ ਚੁਕਣਾ, ਵਧੇਰੇ ਕਾਰਗਰ ਵਿਗਿਆਨਕ ਅਧਾਰ ਤੇ ਲੋਕਾਂ ਦੀ ਵਿੱਦਿਆ ਦੇ ਅਗੇਰੇ ਵਿਕਾਸ ਅਤੇ ਸਕੂਲ ਦੇ ਹੋਰ ਵਧੇਰੇ ਇਨਕਲਾਬੀਕਰਣ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਲਾਜ਼ਮੀ ਹੈ।

ਮਨਿਸਟਰੀਆਂ ਅਤੇ ਹੋਰ ਸੰਸਥਾਵਾਂ ਨੂੰ ਵੀ, ਦਰਮਿਆਨੇ ਅਤੇ ਸਰੇਸ਼ਟ ਕੇਡਰਾਂ ਅਤੇ ਮਾਹਿਰਾਂ ਦੀ ਸਿਖਲਾਈ ਵਿਚ ਵਧ-ਚੜ੍ਹ ਕੇ ਹਿੱਸਾ ਪਾਉਣ ਚਾਹੀਦਾ ਹੈ, ਉਨ੍ਹਾਂ ਦੀ ਗਿਣਤੀ ਅਤੇ ਮਜ਼ਮੂਨਾਂ ਲਈ ਮੰਗਾਂ ਦੀ ਸਹੀ ਪ੍ਰਿਭਾਸ਼ਾ ਕਰਨੀ ਚਾਹੀਦੀ ਹੈ ਅਤੇ ਸਕੂਲ ਦੀਆਂ ਯੋਜਨਾਵਾਂ, ਪ੍ਰੋਗਰਾਮਾਂ ਅਤੇ ਟੈਕਸਟ-ਬੁੱਕਾਂ ਦੀ ਤਿਆਰੀ ਲਈ ਸੰਜੀਦਗੀ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਵਿਦਿਆਰਥੀਆਂ ਅਤੇ ਸ਼ਗਿਰਦਾਂ ਦੀ ਉਤਪਾਦਕ ਕ੍ਰਿਤ ਅਤੇ ਉਤਪਾਦਨ ਵਿਚ ਅਜ਼ਮਾਇਸ਼ ਦੇ ਅਰਸੇ ਨੂੰ ਬੇਹਤਰ ਢੰਗ ਨਾਲ ਜਥੇਬੰਦ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ।

**6ਵੀਂ ਪੰਜ-ਸਾਲਾ ਯੋਜਨਾ ਦੌਰਾਨ ਸਾਡੀਆਂ ਸਮਾਜਵਾਦੀ ਕਲਾਵਾਂ (arts) ਅਤੇ ਸੱਭਿਆਚਾਰ ਨੇ ਹੋਰ ਵਧੇਰੇ ਉੱਨਤੀ ਕੀਤੀ, ਅਤੇ ਪਾਰਟੀ ਵਲੋਂ ਮਿਹਨਤਕਸ਼ ਲੋਕਾਂ ਦੀ ਕਮਿਉਨਿਸਟ ਵਿੱਦਿਆ ਲਈ ਕੀਤੇ ਜਾਂਦੇ ਸਮੁੱਚੇ ਕੰਮ ਵਿਚ ਇਨ੍ਹਾਂ ਦੀ ਭੂਮਿਕਾ ਦਾ ਪੱਧਰ ਉੱਚਾ ਚੁੱਕਿਆ ਗਿਆ।** ਸੱਭਿਆਚਾਰਕ ਅਤੇ ਕਲਾਮਈ ਕਾਰਵਾਈਆਂ ਦੇ ਤੱਤ ਨੂੰ ਮਜ਼ਬੂਤ ਕਰਨ ਅਤੇ ਕਿਸਮ ਦੇ ਪੱਧਰ ਨੂੰ ਉੱਚਾ ਚੁੱਕਣ ਵਿਚ ਚੋਖੀ ਤਰੱਕੀ ਕੀਤੀ ਗਈ। ਇਸ ਕਾਰਵਾਈ ਦਾ ਮੁੱਖ ਅਤੇ ਵਿਸ਼ੇਸ਼ ਮੁਹਾਂਦਰਾ ਪ੍ਰੋਲਾਤਾਰੀਅਨ ਤਰਫ-ਦਾਰੀ ਅਤੇ ਇਨਕਲਾਬੀ ਪ੍ਰਚੰਡਤਾ ਹੈ। ਇਸ ਲਈ, ਇਨ੍ਹਾਂ ਨੇ ਸਾਡੇ ਨਵੇਂ ਮਨੁੱਖ ਦੀ ਵਿਸ਼ਵ ਦ੍ਰਿਸ਼ਟੀ ਦੀ ਮਜ਼ਬੂਤੀ ਪ੍ਰੋਲੇਤਾਰੀਅਨ ਆਦਤਾਂ ਅਤੇ ਸਮਾਜਵਾਦੀ ਜੀਵਨ ਢੰਗ ਦੇ ਨਿਯਮਾਂ ਵਿਚ ਉਸ ਦੀ ਵਿੱਦਿਆ ਉੱਤੇ ਵਧੇਰੇ ਅਸਰ ਪਾਇਆ।

ਸਾਹਿੱਤ, ਅਲੰਕਾਰਕ ਕਲਾਵਾਂ, ਸੰਗੀਤ ਅਤੇ ਫਿਲਮ-ਕਲਾ ਵਿਚ ਵਿਚਾਰ-ਧਾਰਕ-ਹੁਨਰੀ ਕਦਰ ਵਾਲੀਆਂ ਲਾਇਕ ਰਚਨਾਵਾਂ ਰਚੀਆਂ ਗਈਆਂ ਹਨ। ਇਹ ਹਮੇਸ਼ਾਂ ਹੀ ਸਮਾਜਵਾਦੀ ਯਥਾਰਥਵਾਦ ਦੇ ਬੁਨਿਆਦੀ ਅਸੂਲਾਂ ਉੱਤੇ ਅਧਾਰਿਤ ਰਹੀਆਂ ਹਨ। ਇਹ ਸਾਡੇ ਸਿਰਜਨਾਤਮਕ ਕਲਾਕਾਰਾਂ ਦੀ ਇਕ ਵਿਸ਼ੇਸ਼ ਸਿਫਤ ਹੈ ਕਿ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿਚ ਆਪਣੇ ਆਪਨੂੰ ਸਾਡੀਆਂ ਨਿੱਗਰ ਸਾਹਿਤਕ ਅਤੇ ਕਲਾਕਾਰੀ ਰਵਾਇਤਾਂ ਉੱਤੇ ਅਧਾਰਿਤ ਕਰਦਿਆਂ, ਨਵੀਂ ਖੋਜ ਅਤੇ ਖੋਜਕਾਰੀ ਹੱਲਾਂ ਰਾਹੀਂ ਇਨ੍ਹਾਂ ਨੂੰ ਹੋਰ ਅਮੀਰ ਬਣਾਉਂਦਿਆਂ, ਅਤੇ ਕਿਸੇ ਵੀ ਰੂੜ੍ਹੀਵਾਦੀ ਜਾਂ ਉਦਾਰਵਾਦੀ ਰੁਚੀ, ਵਿਰੁੱਧ, ਅਤੇ ਬਦ-ਇਖਲਾਕ ਬੁਰਜੂਆ ਅਤੇ ਸੋਧਵਾਦੀ ਸੱਭਿ-ਆਚਾਰ ਦੇ ਕਿਸੇ ਵੀ ਦਬਾਉ ਵਿਰੁੱਧ ਲੜਾਈ ਕਰਦਿਆਂ, ਸਮਾਜਵਾਦੀ ਮਾਦੇ ਦੇ ਨਾਲੋਂ ਨਾਲ ਕੌਮੀ ਮੌਲਿਕਤਾ ਅਤੇ ਲੋਕ-ਪਿਆਰੇ ਜਜ਼ਬੇ ਨੂੰ ਵੀ ਤਕੜਾਈ ਨਾਲ ਪੇਸ਼ ਕਰਨ ਲਈ ਸੰਘਰਸ਼ ਕੀਤਾ ਹੈ।

ਸਾਡੇ ਸਾਹਿਤ ਅਤੇ ਕਲਾਵਾਂ ਨੇ, ਕੌਮਾਂਤਰੀ ਪਿੜ ਵਿਚ ਲੋਕਾਂ ਵਲੋਂ ਆਪਣੀ ਪ੍ਰਵਾਨਗੀ ਵਿਚ ਵੀ ਮਹੱਤਵਪੂਰਨ ਸਫਲਤਾਵਾਂ ਹਾਸਲ ਕੀਤੀਆਂ ਹਨ। ਸਾਡੀਆਂ ਕਿਤਾਬਾਂ, ਫਿਲਮਾਂ, ਗਾਣੇ ਅਤੇ ਨਾਚ, ਅਤੇ ਅਲੰਕਾਰਕ ਕਲਾਵਾਂ ਦੀਆਂ ਨੁਮਾਇਸ਼ਾਂ ਨੇ ਅਗਾਂਹ-ਵਧੂ ਲੋਕਾਂ ਦਾ ਧਿਆਨ ਖਿੱਚਿਆ ਅਤੇ ਪ੍ਰਸੰਸਾ ਜਿੱਤੀ ਹੈ, ਜਿਨ੍ਹਾਂ ਨੇ ਇਨ੍ਹਾਂ ਵਿਚ ਅਗਾਂਹ-ਵਧੂ ਵਿਚਾਰਾਂ ਦੇ ਨਾਲੋਂ ਨਾਲ, ਅਜੋਕੇ ਬੁਰਜੂਆ ਅਤੇ ਸੋਧਵਾਦੀ ਕਲਾ ਦੇ ਗਲੇ-ਸੜੇ ਅਤੇ ਪਿਛਾਂਹ-ਖਿੱਚੂ ਜਜ਼ਬੇ ਦੇ ਉਲਟ ਨਿੱਗਰ ਯਥਾਰਥਵਾਦੀ, ਜਮਹੂਰੀ ਅਤੇ ਮਾਨਵਵਾਦੀ ਜਜ਼ਬਾ ਵੀ ਦੇਖਿਆ ਹੈ।

ਸਾਡਾ ਦੇਸ਼ ਇਕ ਮਹਾਨ ਸਕੂਲ ਵਿਚ ਬਦਲ ਦਿੱਤਾ ਗਿਆ ਹੈ, ਜਿਥੇ ਹਰ ਕੋਈ ਸਿੱਖਦਾ ਅਤੇ ਕੰਮ ਕਰਦਾ ਹੈ, ਮਾਤਭੂਮੀ ਨੂੰ ਸੁੰਦਰ ਅਤੇ ਅਮੀਰ ਬਣਾ-ਉਂਦਾ ਹੈ। ਇਸ ਨਾਲ ਲੋਕਾਂ ਦਾ ਸੱਭਿਆਚਾਰ ਨਾਲ ਰਿਸ਼ਤਾ ਮਜ਼ਬੂਤ ਹੋਇਆ ਹੈ। ਸਾਡੇ ਲੋਕ, ਪਦਾਰਥਿਕ ਅਤੇ ਰੂਹਾਨੀ ਸੱਭਿਆਚਾਰ ਦੀਆਂ ਕਦਰਾਂ ਪੈਦਾ ਕਰਨ ਅਤੇ ਇਨ੍ਹਾਂ ਦੀ ਲਗਾਤਾਰ ਵਰਤੋਂ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦੇ ਹਨ। ਇਹ ਪੂੰਜੀਵਾਦੀ ਨਿਜ਼ਾਮ ਉੱਤੇ ਸਮਾਜਵਾਦੀ ਨਿਜ਼ਾਮ ਦੀਆਂ ਉੱਚਤਮਤਾਵਾਂ ਵਿਚੋਂ ਇਕ ਹੈ।

ਸਾਡਾ ਸਮਾਜਵਾਦੀ ਜੀਵਨ ਸਾਡੇ ਸੱਭਿਆਚਾਰ, ਸਾਹਿਤ ਅਤੇ ਕਲਾਵਾਂ ਨੂੰ ਵਧੇਰੇ ਬੱਲ ਅਤੇ ਤਾਜ਼ਗੀ ਦਿੰਦਾ ਹੈ ਅਤੇ ਇਨ੍ਹਾਂ ਦੇ ਮਾਦੇ ਅਤੇ ਮੁਹਾਂਦਰੇ ਨੂੰ ਅਮੀਰ ਬਣਾਉਂਦਾ ਹੈ। ਸਰਗਰਮ ਜੀਵਨ ਨਾਲ ਨਾਤਾ, ਸ਼ਾਨਦਾਰ ਨੈਤਿਕ ਅਤੇ ਸਿਆਸੀ ਖ਼ੂਬੀਆਂ ਅਤੇ ਲਿਆਕਤ ਨੂੰ, ਕੰਮ ਕਰਨ ਵਾਲੇ ਲੋਕਾਂ ਦੀਆਂ ਸਫਲਤਾਵਾਂ ਅਤੇ ਸਿਰਜਨਾਤਮਕ ਕੰਮ ਨੂੰ ਪ੍ਰਗਟ ਕਰਨ ਅਤੇ ਇਨ੍ਹਾਂ ਦੀ ਪੁਸ਼ਟੀ ਕਰਨ ਦਾ ਇੱਕੋ-ਇਕ ਸਾਧਨ, ਇੱਕੋ-ਇੱਕ ਰਸਤਾ ਹੈ। ਸਿਰਫ ਇਸ ਤਰੀਕੇ ਨਾਲ ਹੀ ਸੱਭਿ-ਆਚਾਰਕ ਕਦਰਾਂ, ਸਮਾਜਵਾਦੀ ਉਸਾਰੀ ਅਤੇ ਦੇਸ਼ ਦੀ ਰਖਵਾਲੀ ਦੇ ਖੇਤਰਾਂ ਵਿਚ ਕਾਰਜਾਂ ਨੂੰ ਨੇਪਰੇ ਚਾੜ੍ਹਨ, ਲਈ ਉਤਸ਼ਾਹਿਤ ਅਤੇ ਲਾਮਬੰਦ ਕਰਨ ਲਈ, ਕਠਨਾਈਆਂ ਉੱਤੇ ਕਾਬੂ ਪਾਉਣ ਅਤੇ ਨਵੀਆਂ ਜਿੱਤਾਂ ਜਿੱਤਣ ਲਈ ਇਨਕਲਾਬੀ ਉਤਸ਼ਾਹ ਦਾ ਮਹੌਲ ਪੈਦਾ ਕਰਨ ਲਈ ਵਰਤੀਆਂ ਜਾਂਦੀਆਂ ਹਨ।

ਸਾਹਿੱਤ, ਫਿਲਮ-ਕਲਾ, ਅਲੰਕਾਰਕ ਕਲਾਵਾਂ, ਸੰਗੀਤ, ਆਦਿ ਵਿਚ ਸਾਡੇ ਸਭ ਸਿਰਜਨਾਤਮਕ ਕਲਾਕਾਰਾਂ ਲਈ ਇਕ ਮਹੱਤਵਪੂਰਨ ਕਾਰਜ, ਸਾਡੇ ਸਮਿਆਂ ਦੀਆਂ, ਵਿਕਾਸ ਦੀ ਵਿਧੀ ਅਤੇ ਸਾਡੇ ਜੀਵਨ ਦੇ ਨਵੇਂ ਚਮਤਕਾਰਾਂ ਦੀਆਂ ਮੁੱਖ ਸਮੱਸਿਆਵਾਂ ਨੂੰ ਆਪਣੀਆਂ ਰਚਨਾਵਾਂ ਵਿਚ ਵੱਧ ਤੋਂ ਵੱਧ ਪ੍ਰਗਟ ਕਰਨ ਦਾ ਕਾਰਜ ਹੈ। ਕਲਾ ਅਤੇ ਸਾਹਿੱਤ ਨੂੰ ਉਨ੍ਹਾਂ ਸ਼ਕਤੀਸ਼ਾਲੀ ਉਦੇਸ਼ਾਂ, ਉਸ ਲੋਕ-ਬਹਾਦਰੀ ਅਤੇ ਉਨ੍ਹਾਂ ਯੋਧਿਆਂ ਦਾ ਪ੍ਰਚਾਰ ਕਰਨਾ ਚਾਹੀਦਾ ਹੈ ਜਿਹੜੇ ਆਪਣੀ ਵਿਅਕਤੀਗਤ ਮਿਸਾਲ ਰਾਹੀਂ ਜੀਵਨ ਵਿਚ, ਕੰਮ ਵਿਚ, ਵਿਗਿਆਨ ਵਿਚ, ਸਕੂਲ ਵਿਚ ਅਤੇ ਹਰ ਜਗ੍ਹਾ ਅਗਵਾਈ ਦਿੰਦੇ ਹਨ। ਸਾਹਿੱਤ ਅਤੇ ਕਲਾ ਦੇ ਵਿਸ਼ਿਆਂ ਦੇ ਦਾਇਰੇ ਨੂੰ ਵਿਸ਼ਾਲ ਬਣਾਉਣਾ, ਇਹਨਾਂ ਵਿਚ ਜੀਵਨ ਦੀ ਵਿਸ਼ਾਲਤਾ ਅਤੇ ਅਨੇਕਤਾ ਨੂੰ ਵੱਧ ਤੋਂ ਵੱਧ ਸ਼ਾਮਿਲ ਕਰਨਾ, ਲਾਜ਼ਮੀ ਹੈ ਤਾਂ ਜੋ ਸਾਡੇ ਲੇਖਕ ਅਤੇ ਕਲਾਕਾਰ ਸਹਿਜੇ-ਸਹਿਜੇ ਅਲਬਾਨੀਆਂ ਵਿਚ ਸਮਾਜਵਾਦੀ ਯੁੱਗ ਦੀ ਮਹਾਨ ਵਾਰ ਮੁਕੰਮਲ ਕਰ ਸਕਣ। ਇਸ ਕਲਾਕਾਰੀ ਸਬੂਤ ਦੀ ਰਚਨਾ ਹੀ ਸਾਹਿਤ ਅਤੇ ਕਲਾਵਾਂ ਦਾ ਬੁਨਿਆਦੀ ਕਾਰਜ ਹੈ।

ਇਤਿਹਾਸ ਅਤੇ ਬੀਤੇ ਸਮਿਆਂ 'ਚੋਂ ਲਏ ਗਏ ਵਿਸ਼ੇ, ਸਾਡੇ ਲੋਕਾਂ ਨੂੰ ਵਤਨ ਨਾਲ, ਕੌਮੀ ਰਵਾਇਤਾਂ ਅਤੇ ਸੱਭਿਆਚਾਰ ਨਾਲ ਪਿਆਰ ਕਰਨਾ ਸਿਖਾਉਣ ਵਾਸਤੇ ਅਤੇ ਉਨ੍ਹਾਂ ਨੂੰ ਸਾਡੇ ਲੋਕਾਂ ਵਲੋਂ ਆਜ਼ਾਦੀ, ਸੁਤੰਤਰਤਾ ਅਤੇ ਉੱਨਤੀ ਲਈ ਲੜੇ ਗਏ ਸੰਘਰਸ਼ਾਂ ਬਾਰੇ ਚੰਗੀ ਤਰ੍ਹਾਂ ਜਾਣੂ ਕਰਵਾਉਣ ਵਾਸਤੇ ਬਹੁਤ ਹੀ ਕੀਮਤੀ ਅਤੇ ਜ਼ਰੂਰੀ ਹਨ ਅਤੇ ਭਵਿੱਖ ਵਿਚ ਵੀ ਹਮੇਸ਼ਾਂ ਰਹਿਣਗੇ। ਲੇਕਿਨ, ਨਾਵਲਾਂ, ਕਵਿਤਾਵਾਂ, ਫਿਲਮਾਂ ਅਤੇ ਸੰਗੀਤਕ ਅਤੇ ਅਲੰਕਾਰਕ ਰਚਨਾਵਾਂ ਵਿਚ ਜੀਵਨ ਦੇ ਮਹਾਨ ਵੇਗ ਅਤੇ ਵਰਤਮਾਨ ਅਸਲੀਅਤ ਨੂੰ ਵੱਧ ਤੋਂ ਵੱਧ ਪ੍ਰਗਟ ਕੀਤੇ ਬਗੈਰ ਸਾਹਿੱਤ ਅਤੇ ਕਲਾ ਦਾ ਵਿਕਾਸ ਅਸੰਭਵ ਹੈ। ਖੁਦ ਨੂੰ ਵਰਤਮਾਨ ਅਸਲੀਅਤ ਉੱਤੇ ਅਧਾਰਿਤ ਕਰਕੇ ਅਤੇ ਇਸ ਨੂੰ ਵੱਧ ਤੋਂ ਵੱਧ ਪ੍ਰਗਟ ਕਰਕੇ ਸਾਹਿੱਤ ਅਤੇ ਕਲਾ ਬੀਤੇ ਨੂੰ ਵੀ ਵਧੇਰੇ ਸਹੀ ਤਰੀਕੇ ਨਾਲ ਅਤੇ ਇਕ ਉਚੇਰੇ ਵਿਚਾਰਧਾਰਕ-ਕਲਾਕਾਰੀ ਪੱਧਰ ਤੇ ਪੇਸ਼ ਕਰ ਸਕਦੇ ਹਨ।

ਸਾਡੀ ਕਲਾ ਦੇ ਕੌਮੀ ਚਰਿੱਤਰ ਅਤੇ ਮੌਲਕਤਾ ਨੂੰ ਮਜ਼ਬੂਤ ਕਰਨ ਦੇ ਸੰਘਰਸ਼ ਦੇ ਨਾਲੋਂ ਨਾਲ ਹਮੇਸ਼ਾਂ ਹੀ ਸਮਾਜਵਾਦੀ ਭਾਵਨਾ ਦੀ ਮਜ਼ਬੂਤੀ ਲਈ ਵੀ ਸੰਘਰਸ਼ ਕਰਨਾ ਚਾਹੀਦਾ ਹੈ ਜੋ ਸਾਡੇ ਸਮੁੱਚੇ ਜੀਵਨ ਲਈ ਤਾਲ ਬਣਾਉਂਦੀ ਹੈ। ਜੋ ਕੁੱਝ ਵੀ ਸਮਾਜਵਾਦੀ ਹੈ, ਉਸ ਦੀ ਪ੍ਰੋੜ੍ਹਤਾ ਕਰਨਾ ਸਮਾਜਵਾਦੀ ਯਥਾਰਥਵਾਦ ਦੀ ਕਲਾ ਦੀ ਮਜ਼ਬੂਤੀ ਲਈ ਇਕ ਅੰਤਰਮੁਖੀ ਲੋੜ ਹੈ। ਸਮਾਜ-ਵਾਦੀ ਅਸਲੀਅਤ ਦੇ ਪ੍ਰਗਟਾਵੇ ਵਿਚ ਕੌਮੀ ਚਰਿੱਤਰ ਵੀ ਨਵੇਂ ਸਿਫ਼ਤੀ ਲਕਸ਼ ਹਾਸਲ ਕਰਦਾ ਹੈ, ਵਿਕਸਤ ਹੁੰਦਾ ਅਤੇ ਇਕ ਉਚੇਰੇ ਪੱਧਰ ਤੇ ਪਹੁੰਚਦਾ ਹੈ।

ਪਾਰਟੀ ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਸਾਡੀਆਂ ਕਲਾਵਾਂ ਦੀ ਲੋਕ-ਕਲਾ ਉੱਤੇ ਨਿਰਭਰਤਾ ਇਹ ਯਕੀਨੀ ਬਣਾਉਣ ਵਿਚ ਇਕ ਮਹੱਤਵਪੂਰਨ ਤੱਤ ਹੈ ਕਿ ਸਾਡੀਆਂ ਸਾਧੀਆਂ ਹੋਈਆਂ ਕਲਾਵਾਂ ਆਪਣੀ ਲੋਕ-ਪਿਆਰੀ ਅਤੇ ਕੌਮੀ ਭਾਵਨਾ ਨੂੰ ਬਰਕਰਾਰ ਰੱਖ ਸਕਣ। ਲੇਕਿਨ, ਸਾਧੀਆਂ ਹੋਈਆਂ ਕਲਾਵਾਂ ਅਤੇ ਲੋਕ-ਕਲਾ ਵਿਚਕਾਰ ਇਕ ਸਹੀ ਰਿਸ਼ਤਾ ਕਾਇਮ ਰੱਖਣਾ ਚਾਹੀਦਾ ਹੈ ਇਕ ਨੂੰ ਦੂਸਰੇ ਨਾਲੋਂ ਪਹਿਲ ਦੇਣਾ ਹਾਨੀਕਾਰਕ ਹੈ, ਕਿਉਂਕਿ ਜਿਵੇਂ ਸਾਧੀ ਹੋਈ ਕਲਾ ਦਾ ਲੋਕ-ਕਲਾ ਨਾਲੋਂ ਵਿਛੋੜਾ ਹਾਨੀਕਾਰਕ ਹੈ ਉਸੇ ਤਰ੍ਹਾਂ ਹੀ ਦੋਨਾਂ ਨੂੰ ਬਰਾਬਰ ਦਾ ਦਰਜਾ ਦੇਣਾ ਅਤੇ ਸਾਧੀ ਹੋਈ ਕਲਾ ਨੂੰ ਸਿਰਫ਼ ਲੋਕ-ਕਲਾ ਦੀ ਨਕਲ ਵਿਚ

ਬਦਲਣਾ ਵੀ ਹਾਨੀਕਾਰਕ ਹੈ ।

ਸਮਾਜਵਾਦੀ ਅਸਲੀਅਤ ਦਾ ਪ੍ਰਗਟਾਵਾ ਅਤੇ ਇਸ ਵਿਸ਼ੇ ਨੂੰ ਵੱਧ ਤੋਂ ਵੱਧ ਮਹੱਤਵ ਦੇਣਾ, ਸਾਡੇ ਸਮਾਜ ਦੀਆਂ ਨਮੂਨੇ ਦੀਆਂ ਅਤੇ ਬੁਨਿਆਦੀ ਸਮੱਸਿਆਵਾਂ ਨੂੰ ਪ੍ਰਗਟ ਕਰਨਾ ਬੜੀ ਗੂੜ੍ਹੀ ਤਰ੍ਹਾਂ ਸਾਡੀਆਂ ਕਲਾਵਾਂ ਦੇ ਪੱਧਰ ਨੂੰ ਉੱਚਾ ਉਠਾਉਣ ਨਾਲ ਜੁੜੇ ਹੋਏ ਹਨ । ਕਲਾਕਾਰੀ ਪ੍ਰਾਪਤੀ ਦੀ ਇਕ ਢੁੱਕਵੀਂ ਸ਼ਕਲ ਅਤੇ ਉੱਚੇ ਪੱਧਰ ਨੂੰ ਲਾਜ਼ਮੀ ਹੀ ਠੋਸ ਮੁੱਦੇ ਅਤੇ ਇਨਕਲਾਬੀ ਵਿਸ਼ਿਆਂ ਵਲ ਧਿਆਨ ਦੇਣਾ ਚਾਹੀਦਾ ਹੈ । ਅਜੋਕੇ ਵਿਸ਼ੇ ਉਠਾਉਣਾ, ਵਧੀਆ ਹੀਰੋ ਬਾਰੇ, ਸਮਾਜਵਾਦੀ ਅਸਲੀਅਤ, ਆਦਿ, ਬਾਰੇ ਲਿਖਣਾ ਹੀ ਕਾਫ਼ੀ ਨਹੀਂ । ਇਹ ਇਕੱਲਾ ਹੀ, ਕਲਾਕਾਰੀ ਨਿਪੁੰਨਤਾ ਤੋਂ ਬਗੈਰ, ਜਜ਼ਬਿਆਂ ਨੂੰ ਉਭਾਰ ਨਹੀਂ ਸਕਦਾ, ਤੁਹਾਨੂੰ ਵਰਤਮਾਨ ਅਤੇ ਭਵਿਖ ਬਾਰੇ ਸਿੱਖਿਅਤ ਅਤੇ ਉਤਸ਼ਾਹਿਤ ਨਹੀਂ ਕਰ ਸਕਦਾ । ਕਲਾਵਾਂ ਦੀ ਸਿਫ਼ਤ ਸੁਧਾਰਨ ਦੀ ਲੋੜ ਇਕ ਅਜੇਹੀ ਲੋੜ ਹੈ ਜੋ ਮਿਹਨਤਕਸ਼ ਲੋਕਾਂ ਦੇ ਸੱਭਿਆਚਾਰਕ ਅਤੇ ਸੋਹਜਵਾਦੀ ਸਵਾਦਾਂ ਦੇ ਪੱਧਰ ਵਿਚ ਹੋਏ ਵਾਧੇ ਤੋਂ ਅਤੇ ਸਾਡੇ ਸਮਾਜ ਦੇ ਵਿਕਾਸ ਦੀਆਂ ਵਰਤਮਾਨ ਹਾਲਤਾਂ ਤੋਂ ਪੈਦਾ ਹੁੰਦੀ ਹੈ ।

ਸਾਹਿਤ ਅਤੇ ਕਲਾ ਦੇ ਵਿਕਾਸ ਲਈ ਮਿਥੇ ਗਏ ਵੱਡੇ ਕਾਰਜ, ਸਿਰਜਨਾਤਮਕ ਸ਼ਕਤੀਆਂ ਦੀ ਵਿਸ਼ਵ ਦ੍ਰਿਸ਼ਟੀ ਅਤੇ ਉਹਨਾਂ ਦੇ ਸੱਭਿਆਚਾਰ ਦੇ, ਅਤੇ ਖ਼ਾਸ ਕਰ ਨਵੀਆਂ ਯੋਗਤਾਵਾਂ ਦੇ, ਵਿਕਾਸ ਦੀ ਲੋੜ ਨੂੰ ਵਧਾਉਂਦੇ ਹਨ । ਲੇਖਕ ਅਤੇ ਕਲਾਕਾਰ ਇਕ ਸ਼ਾਨਦਾਰ ਕਦਰਾਂ ਵਾਲੀ ਕਲਾ ਦੀ ਸਿਰਜਨਾ ਸਿਰਫ਼ ਉਦੋਂ ਹੀ ਕਰਦੇ ਹਨ ਜਦੋਂ ਉਹ ਲੋਕਾਂ ਦੇ ਜੀਵਨ, ਉਨ੍ਹਾਂ ਦੇ ਇਤਿਹਾਸ ਅਤੇ ਰੂਹਾਨੀਅਤ ਬਾਰੇ ਵਿਸਤ੍ਰਿਤ ਅਤੇ ਡੂੰਘਾ ਗਿਆਨ ਰੱਖਦੇ ਹੋਣ, ਜਦੋਂ ਉਹ ਮਾਰਕਸਵਾਦ-ਲੈਨਿਨਵਾਦ ਅਤੇ ਪਾਰਟੀ ਦੀਆਂ ਸਿੱਖਿਆਵਾਂ ਨੂੰ ਚੰਗੀ ਤਰ੍ਹਾਂ ਸਮਝਦੇ ਹੋਣ, ਅਤੇ ਜਦੋਂ ਉਹ ਖੁਦ ਸਮੇਂ ਦੀਆਂ ਸਮੱਸਿਆਵਾਂ ਦੇ ਵਿਚਲੇ ਰਹਿੰਦੇ ਹੋਣ । ਇਸ ਦਿਸ਼ਾ ਵਿਚ ਲੇਖਕਾਂ ਅਤੇ ਕਲਾਕਾਰਾਂ ਦੀ ਜਥੇਬੰਦੀ ਦੀ ਭੂਮਿਕਾ ਬਹੁਤ ਹੀ ਅਹਿਮ ਹੈ । ਇਸ ਨੂੰ ਹਮੇਸ਼ਾਂ ਹੀ ਸਿਰਜਨਾਤਮਕ ਸ਼ਕਤੀਆਂ ਲਈ ਉਤਸ਼ਾਹ ਅਤੇ ਸਿੱਖਿਆ ਦਾ ਕੇਂਦਰ ਬਣੀ ਰਹਿਣਾ ਚਾਹੀਦਾ ਹੈ । ਲੇਖਕਾਂ ਅਤੇ ਕਲਾਕਾਰਾਂ ਦੀ ਸਿਰਜਨਾਤਮਕ ਅਤੇ ਉਹਨਾਂ ਦੀਆਂ ਰਚਨਾਵਾਂ ਦੇ ਮਾਦੇ ਅਤੇ ਕਿਸਮ ਨੂੰ ਸੁਧਾਰਨਾ ਇਸ ਦਾ ਮੁੱਖ ਕੰਮ ਹੋਣਾ ਚਾਹੀਦਾ ਹੈ ।

ਹੋਰ ਸੱਭਿਆਚਾਰਕ ਅਤੇ ਕਲਾਕਾਰੀ ਸੰਸਥਾਵਾਂ ਜਿਵੇਂ ਕਿ ਰੇਡੀਓ ਅਤੇ ਟੇਲੀਵਿਜ਼ਨ, ਛਪਾਈ ਘਰ ਅਤੇ ਸੰਸਥਾਵਾਂ, ਥੀਏਟਰ ਅਤੇ ਫ਼ਿਲਮ ਸਟੂਡੀਓ ਦੀ ਵੀ ਰਚਨਾਵਾਂ ਦੀ ਸਿਫ਼ਤ ਉੱਤੇ ਕੰਟਰੋਲ ਕਰਨ ਅਤੇ ਸਿਫ਼ਤ ਦੀ ਵੱਧ ਤੋਂ ਵੱਧ ਮੰਗ ਕਰਨ ਦੀ ਜ਼ਿੰਮੇਂਵਾਰੀ ਹੈ, ਤਾਂ ਜੁ ਲੋਕਾਂ ਨੂੰ ਵਧੀਆ ਸਿਰਜਨਾਤਮਕ ਰਚਨਾਵਾਂ ਭੇਟ ਕੀਤੀਆਂ ਜਾ ਸਕਣ । ਇਹਨਾਂ ਨੂੰ, ਅਸਲੀਅਤ ਦੀ ਸ਼ਕਤੀਸ਼ਾਲੀ ਅਤੇ ਡੂੰਘੀ ਸੂਝ ਤੋਂ ਰਹਿਤ ਓਪਰੇ-ਓਪਰੇ ਪ੍ਰਗਟਾਵੇ ਵਿਰੁੱਧ, ਅਤੇ ਅਜੋਕੇ ਜੀਵਨ ਦੇ ਚਮਤਕਾਰਾਂ ਅਤੇ ਸਮੱਸਿਆਵਾਂ ਦੇ ਰੂਪਵਾਦ, ਸਮਰੂਪਤਾ ਅਤੇ ਵਾਧੂ-ਸਧਾਰਨੀਕਰਣ ਦੇ ਲੱਛਣਾਂ ਵਿਰੁੱਧ ਡਟਕੇ ਲੜਨਾ ਚਾਹੀਦਾ ਹੈ ।

ਸੱਭਿਆਚਾਰਕ-ਕਲਾਕਾਰੀ ਸੰਸਥਾਵਾਂ ਦੇ ਕਾਰਜ ਬਹੁਤ ਸਾਰੇ ਅਤੇ ਸਰਵ-ਪੱਖੀ ਹਨ । ਲੋਕਾਂ ਦੇ ਸੱਭਿਆਚਾਰਕ ਪੱਧਰ ਨੂੰ ਉੱਚਾ ਉਠਾਉਣ ਦੇ ਆਪਣੇ ਕਾਰਜ ਵਿਚ ਇਹਨਾਂ ਨੂੰ ਲਾਜ਼ਮੀ ਹੀ, ਵੱਖ ਵੱਖ ਕਿਸਮਾਂ ਦੇ ਗਿਆਨ ਅਤੇ ਸੋਚਣੀ ਦੇ ਵੱਧ ਤੋਂ ਵੱਧ ਪ੍ਰਚਾਰ ਵਲ, ਤਕਨੀਕੀ ਅਤੇ ਵਿਗਿਆਨਕ ਗਿਆਨ ਦੀ ਚੰਗੇਰੀ ਜਥੇਬੰਦੀ ਵੱਲ, ਉਤਪਾਦਨ ਅਤੇ ਉੱਤਮ ਤਜ਼ਰਬੇ ਦੇ ਪ੍ਰਚਾਰ ਦੇ ਵਾਧੇ ਵੱਲ ਅਤੇ ਲੋਕਾਂ ਦੀਆਂ ਜਥੇਬੰਦੀਆਂ, ਮਾਹਿਰਾਂ ਅਤੇ ਕੇਡਰਾਂ ਨਾਲ ਅਤੇ ਉਤਪਾਦਨ ਵਿਚ ਸਿਰ-ਕੱਢ ਮਜ਼ਦੂਰਾਂ ਨਾਲ ਗੂੜ੍ਹੇ ਸਹਿਯੋਗ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ । ਸਿਆਸੀ ਅਤੇ ਕਲਾ ਨਾਲ ਸਬੰਧਿਤ ਕਿਤਾਬਾਂ ਤੋਂ ਇਲਾਵਾ ਵੱਖ ਵੱਖ ਮਾਹਿਰਾਂ ਦੀ ਵਰਤੋਂ ਲਈ ਤਕਨੀਕੀ ਅਤੇ ਵਿਗਿਆਨਕ ਕਿਤਾਬਾਂ, ਨਿਯਮਾਵਲੀਆਂ ਅਤੇ ਵਿਸ਼ਵ-ਕੋਸ਼ਾਂ, ਅਤੇ ਲੋਕਾਂ ਦੀ ਵਰਤੋਂ ਲਈ ਹਰਮਨ-ਪਿਆਰੀਆਂ ਵਿਗਿਆਨਕ ਪਬਲੀਕੇਸ਼ਨਾਂ ਛਾਪਣ ਵੱਲ ਵਧੇਰੇ ਧਿਆਨ ਚਾਹੀਦਾ ਹੈ ।

ਇਕ ਅਸਲੀ ਸਮਾਜਵਾਦੀ ਦੇਸ਼ ਨੂੰ ਆਪਣੇ ਲੋਕਾਂ ਦੇ ਉੱਚੇ ਸੱਭਿਆਚਾਰਕ ਪੱਧਰ ਅਤੇ ਉਹਨਾਂ ਦੀ ਰੂਹਾਨੀ ਦੁਨੀਆਂ, ਨਿੱਗਰ ਸੋਹਜਵਾਦੀ ਸਵਾਦਾਂ ਅਤੇ ਜੀਵਨ-ਢੰਗਾਂ ਪੱਖੋਂ ਵੱਧ ਤੋਂ ਵੱਧ ਸਿਰ-ਕੱਢ ਬਣਨਾ ਚਾਹੀਦਾ ਹੈ । ਸਮਾਜਵਾਦੀ ਜੀਵਨ ਢੰਗ ਬਾਰੇ ਸਹੀ ਧਾਰਨਾਵਾਂ ਬਣਾਉਣਾ ਸਾਡੇ ਸਕੂਲ ਅਤੇ ਸੱਭਿਆਚਾਰਕ ਅਤੇ ਵਿੱਦਿਅਕ ਕੰਮ ਦਾ ਮੁੱਖ ਕਾਰਜ ਹੈ ।

ਇਸ ਸਮਝ ਨੂੰ ਵਿਸਤ੍ਰਿਤ ਅਤੇ ਡੂੰਘੇ ਤੌਰ ਤੇ ਸਥਾਪਿਤ ਕਰਨਾ ਬਹੁਤ ਹੀ ਮਹੱਤਵਪੂਰਨ ਹੈ ਕਿ ਜੀਵਨ ਦੇ ਸੱਭਿਆਚਾਰ ਦਾ ਮਨੁੱਖ ਨਾਲ ਉਸ ਦੇ ਸਮੁੱਚੇ ਜੀਵਨ ਦੁਰਾਨ ਨਾਤਾ ਰਹਿੰਦਾ ਹੈ । ਇਸ ਦਾ ਵਾਸਤਾ ਉਸ ਦੇ ਖਾਣ ਦੇ ਢੰਗ, ਸਫ਼ਾਈ ਅਤੇ ਪਹਿਰਾਵੇ ਦੇ ਢੰਗ ਘਰ ਅਤੇ ਕੰਮ ਵਿਚ ਉਸ ਦੇ ਆਲੇ ਦੁਆਲੇ ਦੇ ਮਾਹੌਲ ਨਾਲ ਹੈ । ਸੱਭਿਆਚਾਰ, ਸਾਹਿਤ ਅਤੇ ਇਹਨਾਂ ਦੇ ਨਾਲੋ ਨਾਲ, ਉਤਪਾਦਨ ਦੇ ਅਤੇ ਲੋਕ-ਸੇਵਾਵਾਂ ਦੇ ਮਾਹੌਲ ਦਾ, ਲੋਕਾਂ ਦੇ ਸਵਾਦਾਂ ਦੀ ਬਣਤਰ ਉੱਤੇ ਸਿੱਧਾ ਅਸਰ ਹੈ । ਇਹ, ਕੰਮ ਦੀ ਸੁੰਦਰਤਾ ਵਿਚ, ਜੀਵਨ ਅਤੇ ਕੁਦਰਤ ਵਿਚ ਉਹਨਾਂ ਦੀ ਦਿਲਚਸਪੀ ਨੂੰ ਵਧਾਉਂਦੇ ਹਨ ਅਤੇ ਬੁਰਜੂਆ ਅਤੇ ਸੋਧਵਾਦੀ ਸਵਾਦਾਂ ਵਿਰੁੱਧ ਅਤੇ ਘਟੀਆ ਸਵਾਦਾਂ ਵਿਰੁੱਧ ਸੰਘਰਸ਼ ਨੂੰ ਮਜ਼ਬੂਤ ਕਰਦੇ ਹਨ ।

ਦਿਹਾਤ ਵਿਚ ਸੱਭਿਆਚਾਰ ਦੇ ਉਚੇਰੇ ਪ੍ਰਚਾਰ ਦੇ ਖੇਤਰ ਵਿਚ ਨਵੇਂ ਮਹੱਤਵਪੂਰਨ ਕਾਰਜ ਪ੍ਰਗਟ ਹੁੰਦੇ ਹਨ । ਕਿਸਾਨੀ ਦੇ ਸੱਭਿਆਚਾਰਕ ਪੱਧਰ ਨੂੰ ਹੋਰ ਉੱਚਾ ਉਠਾਉਣ ਦਾ ਦਿਹਾਤ ਦੀ ਉੱਨਤੀ ਅਤੇ ਦਿਹਾਤ ਅਤੇ ਸ਼ਹਿਰ ਵਿਚਕਾਰ ਪਾੜੇ ਨੂੰ ਘਟਾਉਣ ਉੱਤੇ ਸਿੱਧਾ ਅਸਰ ਹੁੰਦਾ ਹੈ । ਸੱਭਿਆਚਾਰਕ ਸੰਸਥਾਵਾਂ ਦੇ ਨੈੱਟਵਰਕ ਦੇ ਪਸਾਰੇ, ਮਜ਼ਬੂਤੀ ਅਤੇ ਵਧੇਰੇ ਅਸਰਦਾਰ ਵਰਤੋਂ ਅਤੇ ਇਹਨਾਂ ਦੇ ਕੇਡਰਾਂ ਦੇ ਸਟਾਫ਼ ਦੀ ਬਣਾਵਟ ਵਿਚ ਸੁਧਾਰ ਤੋਂ ਇਲਾਵਾ ਸ਼ਹਿਰ ਵਲੋਂ ਮਦਦ, ਬੁੱਧੀਜੀਵੀਆਂ ਨੂੰ ਹਰਕਤ ਵਿਚ ਲਿਆਉਣ ਅਤੇ ਲੋਕਾਂ ਦੀਆਂ ਜਥੇਬੰਦੀਆਂ ਵੱਲੋਂ ਦੇਖ-ਭਾਲ, ਦਿਹਾਤ ਵਿਚ ਸੱਭਿਆਚਾਰ ਦੇ ਪ੍ਰਚਾਰ ਵਿਚ ਇਕ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ । ਵਿਸ਼ੇਸ਼ ਕਰ, ਦਿਹਾਤ ਵਿਚਲੇ ਸਕੂਲਾਂ ਨੂੰ ਲੋਕ-ਸੱਭਿਆਚਾਰ ਅਤੇ ਦੇਸ਼-ਭਗਤ ਇਨਕਲਾਬੀ ਰਵਾਇਤਾਂ ਦੇ ਪ੍ਰਚਾਰ ਦੇ ਅਸਲੀ ਕੇਂਦਰਾਂ ਵਿਚ ਬਦਲਣਾ ਚਾਹੀਦਾ ਹੈ, ਇਹਨਾਂ ਸਕੂਲਾਂ ਨੂੰ ਕਲਾਕਾਰੀ ਜੀਵਨ ਨੂੰ ਸ਼ਕਤੀਸ਼ਾਲੀ ਬਣਾਉਣ ਅਤੇ ਨਵੇਂ ਕਲਾਕਾਰਾਂ ਦੀ ਵਿੱਦਿਆ ਅਤੇ ਸਿਖਲਾਈ ਦੇ ਕੇਂਦਰ ਬਣਾਉਣਾ ਚਾਹੀਦਾ ਹੈ ।

ਸੱਭਿਆਚਾਰ ਦੇ ਵਿਕਾਸ ਅਤੇ ਉੱਨਤੀ ਦਾ ਮਤਲਬ ਹੈ ਕੌਮ ਦਾ ਵਿਕਾਸ ਅਤੇ ਉੱਨਤੀ । ਇਹਨਾਂ ਵਿਚਕਾਰ ਇਕ ਗੂੜ੍ਹਾ ਦੋਦਾਤਮਕ ਪਰਸਪਰ ਜੋੜ ਹੈ । ਏਂਗਲਜ਼ ਨੇ ਕਿਹਾ ਹੈ ਕਿ ਇਤਿਹਾਸ ਦਿਖਾਉਂਦਾ ਹੈ ਕਿ ਸੱਭਿਆਚਾਰ ਦੇ ਰਾਹ ਉੱਤੇ ਹਰ ਨਵਾਂ ਕਦਮ, ਸੁਤੰਤਰਤਾ ਵੱਲ ਇਕ ਕਦਮ ਸੀ । ਪਾਰਟੀ ਅਤੇ ਰਾਜ-ਸੱਤਾ ਦੇ ਬੁਨਿਆਦੀ ਸੰਗਠਨਾਂ ਅਤੇ ਸੱਭਿਆਚਾਰਕ ਮੁਹਾਜ਼ ਦੇ ਸਭ ਮਿਹਨਤਕਸ਼ ਲੋਕਾਂ ਦਾ ਇਸ ਨੂੰ ਚੰਗੀ ਤਰ੍ਹਾਂ ਸਮਝਣਾ ਬਹੁਤ ਹੀ ਜ਼ਰੂਰੀ ਹੈ । ਸੱਭਿਆਚਾਰਕ ਕੰਮ ਦੇ ਮਹੱਤਵ ਬਾਰੇ ਉਹਨਾਂ ਦੀ ਸੂਝ ਜਿੰਨੀ ਵਧੇਰੇ ਹੋਏਗੀ, ਉਤਨਾ ਹੀ ਵਧੇਰੇ ਉਹ ਇਸ ਕੰਮ ਦੀਆਂ ਸਮੱਸਿਆਵਾਂ ਨਾਲ ਜੁੜਨਗੇ । ਪਾਰਟੀ ਅਤੇ ਸਟੇਟ ਦੇ ਸੰਗਠਨਾਂ ਵਲੋਂ ਮੱਦਦ ਅਤੇ ਕੰਟਰੋਲ ਦੀ ਜਥੇਬੰਦੀ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ, ਵਿਸ਼ੇਸ਼ ਤੌਰ ਤੇ ਸੱਭਿਆਚਾਰਕ ਕੰਮ ਵਿਚ ਅਗਵਾਈ ਅਤੇ ਜਥੇਬੰਦੀ, ਮਾਦੇ, ਅਤੇ ਇਸ ਦੀ ਕਾਰਗਰਤਾ ਅਤੇ ਵਿੱਦਿਅਕ ਕਦਰਾਂ ਦੇ ਪੱਖ ਤੋਂ ਇਹ ਮਜ਼ਬੂਤੀ ਬਹੁਤ ਹੀ ਜ਼ਰੂਰੀ ਹੈ ।

**ਸਾਡੇ ਲੋਕਾਂ ਵਲੋਂ ਦੇਸ਼ ਦੀ ਸਮਾਜਵਾਦੀ ਉਸਾਰੀ ਵਿਚ ਹਾਸਲ ਕੀਤੀਆਂ ਗਈਆਂ ਸਫ਼ਲਤਾਵਾਂ ਵਿਚ ਸਾਡੇ ਨਵੇਂ ਵਿਗਿਆਨ ਨੇ ਵੀ ਇਕ ਵਿਸ਼ੇਸ਼ ਹਿੱਸਾ ਪਾਇਆ ਹੈ ।** ਇਹ ਨਵੇਂ, ਪਹਿਲਾਂ ਅਣਜਾਣੇ ਖੇਤਰਾਂ ਵਿਚ ਲਾਗੂ ਕੀਤਾ ਗਿਆ । ਇਸਨੇ ਅਧਿਐਨ ਦੇ ਪੱਧਰ ਨੂੰ ਉੱਚਾ ਚੁੱਕਿਆ ਹੈ ਹੈ ਅਤੇ ਹੁਣ ਵਧੇਰੇ ਕਠਿਨ ਕਾਰਜਾਂ ਨੂੰ ਅਪਨਾਉਣ ਅਤੇ ਵੱਡੇ ਵੱਡੇ ਮਸਲਿਆਂ ਨੂੰ ਹੱਲ ਕਰਨ ਅਤੇ ਆਰਥਿਕਤਾ ਅਤੇ ਸੱਭਿਆਚਾਰ ਦੇ ਵਿਕਾਸ ਦੀਆਂ ਲੋੜਾਂ ਪੂਰੀਆਂ ਕਰਨ ਦੀ ਯੋਗਤਾ ਰੱਖਦਾ ਹੈ ।

ਅੱਜ ਸਾਡੇ ਤਕਨੀਕੀ ਅਤੇ ਵਿਗਿਆਨਕ ਮਾਹਿਰ, ਆਰਥਿਕਤਾ ਅਤੇ ਡਿਫੈਂਸ ਲਈ ਲੋੜੀਂਦੇ ਸਭ ਪ੍ਰਾਜੈਕਟ ਖੁਦ ਆਪਣੀਆਂ ਹੀ ਸ਼ਕਤੀਆਂ ਉੱਤੇ ਟੇਕ ਰੱਖਕੇ ਤਿਆਰ ਕਰਦੇ ਅਤੇ ਲਾਗੂ ਕਰਦੇ ਹਨ, ਜਿਵੇਂ ਕਿ ਜਲ-ਸ਼ਕਤੀ (ਬਿਜਲੀ) ਪ੍ਰਾਜੈਕਟ, ਰੇਲਵੇਜ਼, ਡੂੰਘੇ ਖੂਹ, ਧਾਤਾਂ ਸੋਧਣ ਦੇ ਕਾਰਖਾਨੇ ਅਤੇ ਹੋਰ ਬਹੁਤ ਸਾਰੇ ਉਦਯੋਗਕ ਪ੍ਰਾਜੈਕਟ । ਧਰਤ-ਹੇਠਲੀਆਂ ਮਹਾਨ ਸੰਪਤੀਆਂ ਜੋ ਹੁਣ ਉਦਯੋਗ ਅਤੇ ਦੇਸ਼ ਦੀ ਸਮੁੱਚੀ ਆਰਥਿਕਤਾ ਦੇ ਵਿਕਾਸ ਦਾ ਬੁਨਿਆਦੀ ਅਧਾਰ ਬਣ ਗਈਆਂ ਹਨ, ਉਹ ਸੰਪਤੀਆਂ ਖੋਜੀਆਂ ਅਤੇ ਵਰਤੋਂ ਵਿਚ ਲਿਆਂਦੀਆਂ ਗਈਆਂ ਹਨ । ਉਤਪਾਦਨ ਦੇ ਬਹੁਤ ਸਾਰੇ ਤਕਨੀਕੀ ਮਸਲੇ ਹੱਲ ਕਰਨ ਵਿਚ ਚੰਗੀ ਉੱਨਤੀ ਕੀਤੀ ਗਈ ਹੈ । ਹੁਣ ਅਸੀਂ ਵਾਧੂ ਪੁਰਜ਼ਿਆਂ ਦੇ ਉਤਪਾਦਨ ਤੋਂ ਅੱਗੇ ਵੱਧ ਕੇ ਮਸ਼ੀਨਰੀ ਦੇ

ਮੁਕੰਮਲ ਸੈਟਾਂ ਦਾ ਉਤਪਾਦਨ ਕਰਨ ਲੱਗ ਪਏ ਹਾਂ। ਖੇਤੀ ਦੇ ਖੇਤਰ ਵਿਚ ਝਾੜ ਵਧਾਉਣ ਅਤੇ ਨਵੀਆਂ ਕਿਸਮਾਂ ਖੋਜਣ ਲਈ ਅਧਿਅਨ ਅਤੇ ਪ੍ਰਯੋਗ ਬਹੁਤ ਹੀ ਮਹੱਤਵਪੂਰਨ ਬਣ ਗਏ ਹਨ। ਇਤਿਹਾਸ, ਭਾਸ਼ਾ-ਸ਼ਾਸਤਰ, ਅਰਥ-ਸ਼ਾਸਤਰ, ਰਾਜਨੀਤੀ ਅਤੇ ਹੋਰ ਸਮਾਜਿਕ ਵਿਗਿਆਨਾਂ ਵਿਚ ਵੀ ਬਹੁ-ਮੁੱਲੀਆਂ ਸਫ਼ਲਤਾਵਾਂ ਹਾਸਿਲ ਕੀਤੀਆਂ ਗਈਆਂ ਹਨ।

ਲੇਕਿਨ, ਦੇਸ਼ ਦੇ ਵਿਕਾਸ ਵਿਚ ਜਿਸ ਪੜਾਅ ਉੱਤੇ ਅਸੀਂ ਪਹੁੰਚ ਚੁੱਕੇ ਹਾਂ ਅਤੇ ਸਾਨੂੰ ਦਰਪੇਸ਼ ਵੱਡੇ ਕਾਰਜ, ਵਿਗਿਆਨ ਦੇ ਵਿਕਾਸ, ਇਸ ਦੇ ਦਰੁਸਤ ਮੁੱਲਾਂਕਣ ਅਤੇ ਇਸ ਦੀਆਂ ਪ੍ਰਾਪਤੀਆਂ ਦੀ ਉਤਪਾਦਨ ਵਿਚ ਵਰਤੋਂ ਨੂੰ ਬਹੁਤ ਹੀ ਲਾਜ਼ਮੀ ਬਣਾਉਂਦੇ ਹਨ। ਇਹ ਲੋੜ ਵਰਤਮਾਨ ਹਾਲਤਾਂ ਵਿਚ ਹੋਰ ਵੱਧਦੀ ਹੈ ਜਦ ਅਸੀਂ ਆਪਣੇ ਦੇਸ਼ ਦਾ ਵਿਕਾਸ ਸਿਰਫ਼ ਆਪਣੀਆਂ ਸ਼ਕਤੀਆਂ ਉੱਤੇ ਹੀ ਟੇਕ ਰੱਖਕੇ ਕਰ ਰਹੇ ਹਾਂ, ਜਦ ਆਰਥਿਕਤਾ ਅਤੇ ਸਮਾਜਿਕ ਕਾਰਵਾਈ ਦੇ ਹੋਰ ਸਭ ਖੇਤਰ ਤੇਜ਼ੀ ਨਾਲ ਪਸਰ ਰਹੇ ਹਨ ਅਤੇ ਜਦ ਉੱਚਤਮ ਕਿਸਮ ਦੇ ਕੰਮ, ਉਤਪਾਦਕਤਾ ਅਤੇ ਕਾਰਗਰਤਾ ਦੀ ਹਰ ਜਗ੍ਹਾ ਜ਼ਰੂਰਤ ਹੈ।

ਇਹਨਾਂ ਸਾਰੇ ਕਾਰਨਾਂ ਕਰਕੇ ਹੀ ਪਾਰਟੀ ਨੇ ਪਿਛਲੇ ਸਾਲ ਇਕ ਵਿਸ਼ੇਸ਼ ਪਲੇਨਿਮ ਵਿਚ ਸਾਡੇ ਦੇਸ਼ ਵਿਚ ਸਮੁੱਚੇ ਵਿਗਿਆਨਕ ਕੰਮ ਦਾ ਵਿਸ਼ਲੇਸ਼ਣ ਕੀਤਾ, ਨਿਚੋੜ ਕੱਢੇ ਅਤੇ ਵਿਗਿਆਨਕ ਮਾਹਿਰਾਂ ਦੇ ਕਾਰਜਾਂ ਅਤੇ ਨਾਲੋਂ ਨਾਲ ਪਾਰਟੀ ਦੀਆਂ ਜਥੇਬੰਦੀਆਂ ਅਤੇ ਕਮੇਟੀਆਂ ਅਤੇ ਸਟੇਟ ਅਤੇ ਆਰਥਿਕ ਸੰਗਠਨਾਂ ਦੇ ਕਾਰਜਾਂ ਦੀ ਪ੍ਰੀਭਾਸ਼ਾ ਕੀਤੀ। ਕੇਂਦਰੀ ਕਮੇਟੀ ਦੇ 8ਵੇਂ ਪਲੇਨਿਮ ਵੱਲੋਂ ਮਿਥੇ ਗਏ ਕਾਰਜ ਅਤੇ ਇਸ ਵਲੋਂ ਦਿੱਤੀਆਂ ਗਈਆਂ ਹਦਾਇਤਾਂ ਵਰਤਮਾਨ ਅਤੇ ਭਵਿੱਖ ਲਈ ਕੰਮ ਦਾ ਇਕ ਮਹਾਨ ਪ੍ਰੋਗਰਾਮ ਹਨ। ਹੁਣ ਸਾਰਾ ਕੰਮ ਇਸ ਪ੍ਰੋਗਰਾਮ ਨੂੰ ਅਮਲ ਵਿਚ ਲਿਆਉਣ ਦੇ ਸੰਘਰਸ਼ ਉੱਤੇ ਕੇਂਦਰਿਤ ਕੀਤਾ ਜਾਣਾ ਚਾਹੀਦਾ ਹੈ।

ਸਮੁੱਚੇ ਵਿਗਿਆਨਕ ਅਧਿਅਨ ਕੰਮ ਦਾ ਮੁੱਖ ਉਦੇਸ਼ 7ਵੀਂ ਪੰਜ-ਸਾਲਾ ਯੋਜਨਾ ਨੂੰ ਲੋੜੀਂਦੀ ਹਮਾਇਤ ਦੇਣਾ ਅਤੇ ਇਸਦੀ ਮੁਕੰਮਲ ਪੂਰਤੀ ਨੂੰ ਯਕੀਨੀ ਬਣਾਉਣਾ ਹੈ। ਇਸਦੇ ਨਾਲੋਂ ਨਾਲ ਸਾਡੇ ਵਿਗਿਆਨ ਦਾ ਇਕ ਮਹੱਤਵਪੂਰਨ ਕਾਰਜ ਅਤੇ ਉਦੇਸ਼ ਅਗਲੀ ਪੰਜ-ਸਾਲਾ ਯੋਜਨਾ ਮੁਤੱਲਕ ਤੁਰੰਤ ਅਧਿਅਨ ਸ਼ੁਰੂ ਕਰਨ ਦਾ ਕਾਰਜ ਹੈ। ਵਿਗਿਆਨ ਦੇ ਵਿਗਿਆਨ ਬਣਨ ਅਤੇ ਅਸਲੀਅਤ ਵਿਚ ਆਪਣੀ ਭੂਮਿਕਾ ਨਿਭਾਉਣ ਲਈ ਲਾਜ਼ਮੀ ਹੈ ਕਿ ਵਿਗਿਆਨ ਉਤਪਾਦਨ ਤੋਂ ਅੱਗੇ ਹੋਵੇ, ਆਰਥਿਕਤਾ ਅਤੇ ਸੱਭਿਆਚਾਰ ਦੇ ਵਿਕਾਸ ਦੇ ਭਵਿੱਖ ਦਾ ਰਾਹ ਅਗਾਊਂ ਵਿਖਾਵੇ। ਸਿਰਫ਼ ਇਸ ਅਧਾਰ ਤੇ ਹੀ ਇਹ ਯੋਜਨਾਬੰਦੀ ਅਤੇ ਉਤ-ਪਾਦਨ ਦੋਹਾਂ ਵਿਚ ਹੀ, ਮੱਦਦ ਕਰ ਸਕਦਾ ਹੈ।

ਵਰਤਮਾਨ ਅਤੇ ਭਵਿੱਖਤ ਕਾਰਜਾਂ ਨੂੰ ਚੰਗੀ ਤਰ੍ਹਾਂ ਦਿਮਾਗ਼ 'ਚ ਰੱਖਦਿਆਂ, ਅਜੋਕੀਆਂ ਕਾਢਾਂ ਨੂੰ ਗ੍ਰਹਿਣ ਕਰਨ ਵੱਲ ਅਤੇ ਸਾਡੇ ਲਈ ਮਹੱਤਵਪੂਰਨ ਖੇਤਰਾਂ ਵਿਚ ਵਰਤੇ ਜਾਣ ਵਾਲੇ ਵਿਗਿਆਨਾਂ ਦੇ ਅਧਿਅਨ ਵੱਲ ਪੂਰਾ ਧਿਆਨ ਦੇਣਾ ਚਾਹੀਦਾ ਹੈ, ਕਿਉਂਕਿ ਇਹਨਾਂ ਉੱਤੇ ਹੀ ਦੇਸ਼ ਦੀ ਤੀਬਰ ਉੱਨਤੀ ਨਿਰਭਰ ਹੈ ਅਤੇ ਇਹ ਦੇਸ਼ ਦੀ ਮੁਕੰਮਲ ਆਜ਼ਾਦੀ ਨੂੰ ਮਜ਼ਬੂਤ ਕਰਦੇ ਹਨ।

ਮੁੱਖ ਤਾਕਤਾਂ ਅਤੇ ਸਾਧਨ ਲਾਜ਼ਮੀ ਹੀ ਸਾਡੀਆਂ ਕੁਦਰਤੀ ਸੰਪਤੀਆਂ ਦੇ ਅਧਿਅਨ ਉੱਤੇ, ਅਤੇ ਸਭ ਤੋਂ ਪਹਿਲਾਂ, ਲਾਭਦਾਇਕ ਖਣਿਜਾਂ ਦੀ ਖੋਜ ਉੱਤੇ ਕੇਂਦਰਿਤ ਕੀਤੇ ਜਾਣੇ ਚਾਹੀਦੇ ਹਨ। ਸਾਡੇ ਵਿਗਿਆਨ ਨੂੰ ਲਾਜ਼ਮੀ ਹੀ ਸ਼ਕਤੀ ਸੋਮਿਆਂ ਦਾ ਵਾਧਾ ਕਰਨ ਅਤੇ ਇਹਨਾਂ ਦੀ ਸੰਜਮੀਂ ਵਰਤੋਂ ਦੇ, ਸਭ ਕੱਚੇ ਖਣਿਜਾਂ ਦੀ ਵੱਧ ਤੋਂ ਵੱਧ ਚੰਗੀ ਤਰ੍ਹਾਂ ਵਰਤੋਂ ਦੇ ਅਤੇ ਘੱਟ ਤੋਂ ਘੱਟ ਲਾਗਤ ਨਾਲ ਵਧੀਆ ਤੋਂ ਵਧੀਆ ਉਤਪਾਦਨ ਕਰਨ ਦੇ ਢੰਗ ਲੱਭਣੇ ਚਾਹੀਦੇ ਹਨ।

ਮਸ਼ੀਨਾਂ ਬਣਾਉਣ, ਉਤਪਾਦਨ ਦੀ ਤਕਨਾਲੋਜੀ ਨੂੰ ਸੰਪੰਨ ਬਣਾਉਣ ਅਤੇ ਕੰਮ ਵਿਧੀਆਂ ਦੇ ਮਸ਼ੀਨੀਕਰਨ ਦੇ ਖੇਤਰ ਵਿਚ, ਵੱਖ ਵੱਖ ਉਦਯੋਗਕ ਹਾਈਡਰੋ-ਟੈਕਨੀਕਲ, ਸਿਵਲ ਅਤੇ ਹੋਰ ਪ੍ਰਾਜੈਕਟਾਂ ਦੀ ਡਿਜ਼ਾਇਨਿੰਗ ਅਤੇ ਉਸਾਰੀ ਦੇ ਖੇਤਰ ਵਿਚ ਅਧਿਅਨਾਂ ਦਾ ਪਸਾਰਾ ਕਰਨਾ ਵਿਗਿਆਨਕ ਕੰਮ ਦਾ ਇਕ ਮਹੱਤਵ-ਪੂਰਨ ਉਦੇਸ਼ ਹੋਣਾ ਚਾਹੀਦਾ ਹੈ।

ਖੇਤੀ ਦੇ ਖੇਤਰ ਵਿਚ ਅਧਿਅਨ ਦਾ, ਵਿਸ਼ੇਸ਼ ਤੌਰ ਤੇ ਜ਼ਮੀਨ ਦੀ ਰਖ-ਵਾਲੀ ਅਤੇ ਸੁਧਾਰ ਨਾਲ ਸੰਬੰਧਿਤ ਅਧਿਅਨਾਂ ਦਾ, ਬੀਜਾਂ ਦੀਆਂ ਯੋਗਤਾਵਾਂ ਨੂੰ ਵਧਾਉਣ, ਖੇਤੀ-ਤਕਨੀਕ ਦਾ ਸੁਧਾਰ ਕਰਨ ਅਤੇ ਪੌਦਿਆਂ ਅਤੇ ਪਸ਼ੂਆਂ ਦੀ ਸੁਰੱਖਿਆ ਨਾਲ ਸਬੰਧਿਤ ਅਧਿਅਨਾਂ ਦਾ ਵਿਸ਼ੇਸ਼ ਮਹੱਤਵ ਹੈ।

ਸਾਡੇ ਦੇਸ਼ ਦੀਆਂ ਹਾਲਤਾਂ ਕਾਰਨ ਸਾਨੂੰ ਵਿਵਹਾਰ ਉੱਤੇ ਜ਼ੋਰ ਦੇਣਾ ਚਾਹੀਦਾ ਹੈ। ਇਹ ਖੇਤਰ ਹੈ ਜਿਸ ਵਿਚ ਵਿਗਿਆਨਕ ਕੰਮ ਸਭ ਤੋਂ ਵੱਧ ਕੇਂਦ-ਰਿਤ ਹੋਣਾ ਚਾਹੀਦਾ ਹੈ। ਏਥੇ ਮੁੱਖ ਵਿਗਿਆਨਕ-ਤਕਨੀਕੀ ਤਾਕਤਾਂ ਲੱਗੀਆਂ ਹੋਣੀਆਂ ਚਾਹੀਦੀਆਂ ਹਨ। ਇਸ ਦਾ ਇਹ ਮਤਲਬ ਨਹੀਂ ਕਿ ਬੁਨਿਆਦੀ ਵਿਗਿਆਨਾਂ ਨੂੰ ਨਜ਼ਰ-ਅੰਦਾਜ਼ ਹੀ ਕਰ ਦਿੱਤਾ ਜਾਵੇ, ਜਿਹੜੇ ਵਿਗਿਆਨ ਵਿਵਹਾਰਕ ਵਿਗਿ-ਆਨਾਂ ਅਤੇ ਆਧੁਨਿਕ ਤਕਨੀਕ ਦੀ ਸਿਧਾਂਤਕ ਬੁਨਿਆਦ ਹਨ। ਮਿਥਿਆ ਗਿਆ ਕਾਰਜ ਇਹ ਹੈ ਕਿ ਇਨ੍ਹਾਂ ਵਿਗਿਆਨਾਂ ਦੇ ਉੱਤਮ ਨਿਚੋੜਾਂ ਅਤੇ ਢੰਗਾਂ ਦੀ ਜਾਣਕਾਰੀ ਅਤੇ ਨਿਪੁੰਨਤਾ ਹਾਸਲ ਕਰਨੀ ਚਾਹੀਦੀ ਹੈ ਤਾਂ ਜੁ ਇਨ੍ਹਾਂ ਨੂੰ ਉਤਪਾਦਨ ਦੀ ਸੇਵਾ ਵਿਚ ਵੱਧ ਤੋਂ ਵੱਧ ਲਾਗੂ ਕੀਤਾ ਜਾ ਸਕੇ ਅਤੇ ਸਾਡੇ ਮਾਹਿਰਾਂ ਨੂੰ ਇਕ ਨਿੱਗਰ ਸਿਧਾਂਤਕ ਸਿਖਲਾਈ ਦਿੱਤੀ ਜਾ ਸਕੇ।

ਵਿਗਿਆਨ ਦੇ ਖੇਤਰ ਵਿਚ, ਖ਼ਾਸ ਤੌਰ ਤੇ ਵਿਵਹਾਰਕ ਵਿਗਿਆਨਾਂ ਦੇ ਖੇਤਰ ਵਿਚ, ਸਾਨੂੰ ਵਿਗਿਆਨਕ ਅਧਿਅਨ ਦੇ ਕੰਮ ਦੀ ਸਿਫ਼ਤ ਅਤੇ ਕਾਰਗਰੀ ਲਾਜ਼ਮੀ ਹੀ ਵਧਾਉਣੀ ਚਾਹੀਦੀ ਹੈ। ਕੀਤਾ ਗਿਆ ਹਰ ਅਧਿਅਨ ਮੁਕੰਮਲ ਹੋਣਾ ਚਾਹੀਦਾ ਹੈ, ਆਮ ਅਧਿਅਨ ਤੋਂ ਸ਼ੁਰੂ ਹੋ ਕੇ, ਪਰੀਖਿਆ, ਡਿਜ਼ਾਇਨਿੰਗ ਅਤੇ ਇਸ ਦੀ ਵਰਤੋਂ ਤੱਕ ਇਸ ਦੇ ਸਭ ਪੜਾਅ ਮੁਕੰਮਲ ਹੋਣੇ ਚਾਹੀਦੇ ਹਨ। ਤਕ-ਨੀਕੀ ਅਧਿਅਨਾਂ ਦੇ ਨਾਲੋਂ ਨਾਲ ਆਰਥਿਕ-ਵਿੱਤੀ ਅਧਿਅਨ ਵੀ ਕਰਨੇ ਚਾਹੀਦੇ ਹਨ ਤਾਂ ਕਿ ਤਜਵੀਜ਼ਾਂ ਦਾ ਆਰਥਿਕ ਲਾਭ ਅਤੇ ਲਾਗਤ-ਕਾਰਗਰਤਾ ਸਪੱਸ਼ਟ ਦਿਖਾਏ ਜਾ ਸਕਣ।

ਸਭ ਖੇਤਰਾਂ ਵਿਚ ਤਕਨੀਕੀ-ਵਿਗਿਆਨਕ ਇਨਕਲਾਬ ਨੇ ਲੋਕਾਂ ਦੀ ਇਕ ਵਿਸ਼ਾਲ ਗਿਣਤੀ ਨੂੰ ਹਰਕਤ ਵਿਚ ਲਿਆਂਦਾ ਹੈ, ਵਿਗਿਆਨਕ ਸੂਝ ਵਿਚ ਵਧੇਰੇ ਮੁਕੰਮਲ ਨਿਪੁੰਨਤਾ ਹਾਸਲ ਕਰਨ ਅਤੇ ਪ੍ਰਯੋਗ ਕਰਨ ਵਿਚ ਅਸਲ ਦਿਲਚਸਪੀ ਨੂੰ ਉਤਸ਼ਾਹਿਤ ਕੀਤਾ ਹੈ। ਇਸ ਨੇ ਸਾਡੇ ਕੇਡਰਾਂ ਅਤੇ ਮਿਹਨਤਕਸ਼ ਲੋਕਾਂ ਦਾ ਉਨ੍ਹਾਂ ਦੀਆਂ ਆਪਣੀਆਂ ਯੋਗਤਾਵਾਂ ਅਤੇ ਸਿਰਜਨਾਤਮਕ ਸੋਚਣੀ ਵਿਚ ਵਿਸ਼ਵਾਸ਼ ਮਜ਼ਬੂਤ ਕੀਤਾ ਹੈ। ਯੁਕਤੀਆਂ ਅਤੇ ਕਾਢਾਂ ਦੀ ਮਿਕਦਾਰ ਅਤੇ ਸਿਫ਼ਤ ਵਿਚ ਵਾਧੇ ਦੇ ਨਾਲੋਂ ਨਾਲ ਹੁਣ ਉੱਚਤਮ ਸੁਧਾਰਾਂ ਅਤੇ ਤਬਦੀਲੀਆਂ ਦੇ ਵਧੇਰੇ ਵਿਸ-ਤ੍ਰਿਤ ਮੁਹਾਜ ਵਿਚ ਦਾਖ਼ਲ ਹੋਣ ਦੀਆਂ ਸੰਭਾਵਨਾਵਾਂ ਪੈਦਾ ਕਰ ਦਿੱਤੀਆਂ ਗਈਆਂ ਹਨ, ਜਿਨ੍ਹਾਂ ਨਾਲ ਉਤਪਾਦਨ, ਤਕਨੀਕੀ ਸਾਜ਼ੋ-ਸਮਾਨ, ਤਕਨੀਕੀ ਧਾਰਨਾਵਾਂ ਜਾਂ ਜਥੇਬੰਦਕ ਸ਼ਕਲਾਂ ਵਿਚ, ਸਿਰਫ਼ ਵਿਅਕਤੀਗਤ ਵਰਕਸ਼ਾਪਾਂ ਅਤੇ ਕਾਰਖ਼ਾਨਿਆਂ ਵਿਚ ਹੀ ਨਹੀਂ, ਸਗੋਂ ਸਮੁੱਚੀਆਂ ਸ਼ਾਖਾਵਾਂ ਵਿਚ ਤਰੱਕੀ ਲਈ ਵਧੇਰੇ ਮੌਲਿਕ ਤਬ-ਦੀਲੀਆਂ ਕੀਤੀਆਂ ਜਾ ਸਕਣਗੀਆਂ। ਇਸ ਉਦੇਸ਼ ਲਈ, ਵਿਗਿਆਨ ਦੀ ਸਰ-ਗਰਮ ਭੂਮਿਕਾ ਅਤੇ ਕਾਰਗਰਤਾ ਨੂੰ ਹੋਰ ਉੱਨਤ ਕਰਨਾ ਲਾਜ਼ਮੀ ਹੈ, ਅਤੇ ਇਹ ਵਿਗਿਆਨਕ-ਖੋਜ ਸੰਸਥਾਵਾਂ ਵਿਚ ਸਿਰਫ਼ ਵਿਕਸਿਤ ਹੀ ਨਹੀਂ ਕੀਤਾ ਜਾਣਾ ਚਾਹੀਦਾ, ਸਗੋਂ ਠੋਸ ਖਿੱਤਿਆਂ ਵਿਚ, ਕਾਰਖ਼ਾਨਿਆਂ, ਕਮਬਾਇਨਾਂ, ਖੇਡਾਂ ਅਤੇ ਪਦਾਰਥਕ ਬਰਕਤਾਂ ਪੈਦਾ ਕਰਨ ਵਾਲੇ ਸਭ ਖੇਤਰਾਂ ਵਿਚ ਵੀ ਵਿਕਸਿਤ ਅਤੇ ਵੱਧ ਤੋਂ ਵੱਧ ਲਾਗੂ ਕੀਤਾ ਜਾਣਾ ਚਾਹੀਦਾ ਹੈ।

ਵਿਗਿਆਨ ਦੀ ਤਰੱਕੀ ਕਾਫੀ ਹੱਦ ਤੱਕ, ਵਿਗਿਆਨਕ-ਖੋਜ ਕੰਮ ਦੀਆਂ ਸਭ ਕੜੀਆਂ ਵਿਚ ਦੇਸ਼ ਦੀਆਂ ਲੋੜਾਂ ਦੇ ਅਨੁਕੂਲ ਇਸ ਦੀ ਵਧੇਰੇ ਸੂਝ ਅਤੇ ਦੂਰ-ਦ੍ਰਿਸ਼ਟੀ ਨਾਲ ਯੋਜਨਾਬੰਦੀ ਉੱਤੇ, ਢੁੱਕਵੀਂ ਜਥੇਬੰਦੀ ਅਤੇ ਵੱਖ ਵੱਖ ਸੰਸ-ਥਾਵਾਂ ਦੇ ਕੰਮ ਵਿਚਕਾਰ ਵਧੀਆ ਤਾਲ-ਮੇਲ ਉੱਤੇ, ਸਾਡੇ ਦੇਸ਼ ਦੀ ਸਮਰੱਥਾ ਅਨੁਸਾਰ ਅਤੇ ਢੁੱਕਵਾਂ ਪਦਾਰਥਿਕ ਅਤੇ ਪ੍ਰਯੋਗਸ਼ਾਲਾ ਅਧਾਰ ਸਥਾਪਿਤ ਕਰਨ ਉੱਤੇ, ਵੱਖ ਵੱਖ ਖੇਤਰਾਂ ਵਿਚ ਮਾਹਿਰਾਂ ਦੀ ਤਿਆਰੀ, ਲਗਾਤਾਰ ਉੱਨਤੀ ਅਤੇ ਉੱਚੀ ਕਾਰਗਰਤਾ ਨਾਲ ਕੰਮ ਉੱਤੇ ਨਿਰਭਰ ਹੈ।

ਸਾਡੇ ਦੇਸ਼ ਵਿਚ ਵਿਗਿਆਨਕ ਖੋਜ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਮਹੱਤਵ-ਪੂਰਨ ਕੇਂਦਰ ਅਕੈਡਮੀ ਆਫ਼ ਸਾਇੰਸਿਜ਼ ਹੈ। ਪਾਰਟੀ ਨੇ ਇਸ ਨੂੰ ਇਹ ਕਾਰਜ ਦਿੱਤਾ ਹੈ ਕਿ ਮੌਜੂਦਾ ਵਿਗਿਆਨਕ ਸੰਸਥਾਵਾਂ ਨੂੰ ਮਜ਼ਬੂਤ ਕਰਨ ਦੇ ਨਾਲੋਂ ਨਾਲ. ਇਹ ਹੋਰ ਖੇਤਰਾਂ ਵਿਚ ਵੀ, ਖ਼ਾਸਕਰ ਉਤਪਾਦਨ ਦੇ ਮੁੱਖ ਮਸਲਿਆਂ ਦੇ ਹੱਲ ਵਿਚ ਸਿਧੇ ਤੌਰ ਤੇ ਕੰਮ ਆਉਣ ਵਾਲੇ ਕੁਦਰਤੀ ਅਤੇ ਤਕਨੀਕੀ ਵਿਗਿਆਨਾਂ ਦੇ

ਖੇਤਰ ਵਿਚ ਵੀ, ਆਪਣੇ ਕੰਮ ਦਾ ਪਸਾਰਾ ਕਰੇ।

ਇਸ ਸਾਲ ਕਮੇਟੀ ਆਫ਼ ਸਾਇੰਸ ਐਂਡ ਟੈਕਨਾਲੋਜੀ ਦੀ ਸਥਾਪਨਾ ਕਰਕੇ ਪਾਰਟੀ ਨੇ, ਵਿਗਿਆਨਕ ਅਧਿਅਨ ਕੰਮ ਦੀ ਚੰਗੀ ਸੇਧ ਅਤੇ ਜਥੇਬੰਦੀ ਨੂੰ ਯਕੀਨੀ ਬਣਾਉਣ ਲਈ ਇਕ ਮਹੱਤਵਪੂਰਨ ਉਪਾਓ ਕੀਤਾ ਹੈ। ਇਸ ਕਮੇਟੀ ਦੀ ਜ਼ਿਮੇਂਵਾਰੀ ਹੈ ਕਿ ਇਹ ਦੇਸ਼ ਦੇ ਸਮੁੱਚੇ ਵਿਗਿਆਨਕ ਕੰਮ ਵਿਚ ਚੰਗੇਰਾ ਤਾਲ-ਮੇਲ ਬਣਾਵੇ ਅਤੇ ਇਸ ਦੇ ਨਤੀਜਿਆਂ ਨੂੰ ਲਾਗੂ ਕਰਨ ਵਿਚ ਮਦਦ ਕਰੇ।

ਅਧਾਰ ਤੋਂ ਕੇਂਦਰ ਤੱਕ ਦੇ ਸਭ ਸਟੇਟ ਸੰਗਠਨਾਂ ਨੂੰ ਵਿਗਿਆਨ ਦੇ ਵਿਕਾਸ ਵੱਲ ਵੱਧ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ, ਵਿਗਿਆਨਕ ਕੰਮ ਨੂੰ ਆਪਣੇ ਆਰਥਿਕਤਾ, ਸੱਭਿਆਚਾਰ ਅਤੇ ਦੇਸ਼ ਦੇ ਸਮੁੱਚੇ ਜੀਵਨ ਦੀ ਯੋਜਨਾਬੰਦੀ, ਜਥੇਬੰਦੀ ਅਤੇ ਬੰਦੋਬਸਤ ਦੇ ਕੰਮ ਦਾ ਇਕ ਅਟੁੱਟ ਅੰਗ ਸਮਝਣਾ ਚਾਹੀਦਾ ਹੈ।

ਵਿਗਿਆਨ ਦੇ ਕੰਮ ਵਿਚ ਜੁੱਟੇ ਹੋਏ ਲੋਕਾਂ ਦੇ ਕੰਮ ਨਾਲ ਗੂੜ੍ਹਾ ਸੰਪਰਕ ਰੱਖ ਕੇ, ਮਾਹਿਰਾਂ ਦੀ ਰਾਇ ਲੈ ਕੇ, ਨਵੇਂ ਦੀ ਹਮਾਇਤ ਕਰਕੇ ਅਤੇ ਅਧਿਅਨ ਕਰਨ ਅਤੇ ਇਨ੍ਹਾਂ ਨੂੰ ਲਾਗੂ ਕਰਨ ਵਿਚ ਕਈ ਵਾਰ ਦੇਖਣ 'ਚ ਆਉਂਦੀਆਂ ਨੌਕਰਸ਼ਾਹੀ ਦੇਰੀਆਂ ਅਤੇ ਰੁਕਾਵਟਾਂ ਵਿਰੁੱਧ ਸੰਘਰਸ਼ ਕਰਕੇ, ਵਿਗਿਆਨ ਦੇ ਵਿਕਾਸ ਅਤੇ ਉੱਨਤੀ ਵਿਚ ਮਦਦ ਕੀਤੀ ਜਾ ਸਕਦੀ ਹੈ।

ਵਿਗਿਆਨ ਦੇ ਖੇਤਰ ਵਿਚ ਪਾਰਟੀ ਦੀ ਨੀਤੀ ਨੂੰ ਡਟਕੇ ਲਾਗੂ ਕਰਨਾ ਪਾਰਟੀ ਜਥੇਬੰਦੀਆਂ ਦਾ ਬੁਨਿਆਦੀ ਰੁਝੇਵਾਂ ਹੋਣਾ ਚਾਹੀਦਾ ਹੈ, ਤਾਂ ਜੋ ਖੋਜ ਅਤੇ ਅਧਿਅਨ ਦੇ ਕੰਮ ਨੂੰ ਵਰਤਮਾਨ ਅਤੇ ਭਵਿੱਖ ਦੀਆਂ ਸਮੱਸਿਆਵਾਂ ਉੱਤੇ ਕੇਂਦਰਿਤ ਕੀਤਾ ਜਾ ਸਕੇ ਅਤੇ ਵਿਗਿਆਨ ਦੇ ਖੇਤਰ ਵਿਚ ਕੰਮ ਕਰਨ ਵਾਲੇ ਕੇਡਰ ਮਾਰਕਸਵਾਦੀ-ਲੈਨਿਨਵਾਦੀ ਵਿਸ਼ਵ-ਦ੍ਰਿਸ਼ਟੀ ਅਤੇ ਪਾਰਟੀ ਦੀਆਂ ਸਿੱਖਿਆਵਾਂ ਨਾਲ ਲੈਸ ਕੀਤੇ ਜਾ ਸਕਣ।

## ਅਧਿਆਇ ਚਾਰ

# *ਕੌਮਾਂਤਰੀ ਹਾਲਤ ਅਤੇ ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ਼ ਅਲਬਾਨੀਆਂ ਦੀ ਵਿਦੇਸ਼-ਨੀਤੀ*

ਪਾਰਟੀ ਆਫ਼ ਲੇਬਰ ਆਫ਼ ਅਲਬਾਨੀਆਂ ਨੇ, ਹਮੇਸ਼ਾਂ ਹੀ ਕੌਮਾਂਤਰੀ ਹਾਲਾਤਾਂ ਦੇ ਵਿਕਾਸ ਅਤੇ ਦੁਨੀਆਂ ਵਿਚ ਵਾਪਰਦੀਆਂ ਘਟਨਾਵਾਂ ਦੀ ਗਹੁ ਨਾਲ ਪੈਰਵੀ ਕੀਤੀ ਹੈ। ਇਸ ਨੇ ਇਨ੍ਹਾਂ ਦਾ, ਹਮੇਸ਼ਾਂ ਹੀ ਮਾਰਕਸਵਾਦ-ਲੈਨਿਨਵਾਦ ਦੇ ਅਸੂਲਾਂ ਦੇ ਅਧਾਰ ਤੇ, ਇਕ ਯਥਾਰਥਵਾਦੀ ਅਤੇ ਵਾਸਤਵਿਕ ਤਰੀਕੇ ਨਾਲ ਵਿਸ਼ਲੇਸ਼ਣ ਕੀਤਾ ਹੈ, ਅਤੇ ਢੁਕਵੇਂ ਸਿੱਟੇ ਕੱਢੇ ਹਨ। ਇਸ ਸਾਰੇ ਕੰਮ ਵਿਚ ਪਾਰਟੀ ਨੇ ਇਸ ਤੱਥ (ਅਸਲੀਅਤ) ਨੂੰ ਮੱਦੇ-ਨਜ਼ਰ ਰੱਖਿਆ ਕਿ ਅਜੋਕੀ ਦੁਨੀਆਂ ਵਿਚ ਚੱਲ ਰਹੀਆਂ ਵਿਧੀਆਂ, ਇਸ ਜਾਂ ਉਸ ਹੱਦ ਤਕ, ਸਾਡੇ ਦੇਸ਼ ਉੱਤੇ ਵੀ ਆਪਣਾ ਪ੍ਰਭਾਵ ਪਾਉਂਦੀਆਂ ਹਨ। ਅਸੀਂ ਕੌਮਾਂਤਰੀ ਹਾਲਤਾਂ ਦੀ ਉਚੇਚੀ ਦਿਲਚਸਪੀ ਨਾਲ ਪੈਰਵੀ ਅਤੇ ਵਿਸ਼ਲੇਸ਼ਣ ਕਰਦੇ ਹਾਂ, ਤਾਂ ਜੋ ਅਸੀਂ ਕਦੇ ਵੀ ਅਚਨਚੇਤ ਨਾ ਫਸ ਜਾਈਏ, ਤਾਂ ਜੋ ਅਸੀਂ ਕਿਸੇ ਵੀ ਬਾਹਰੀ ਖ਼ਤਰੇ ਦਾ ਸਫਲਤਾਪੂਰਵਕ ਸਾਹਮਣਾ ਕਰਨ ਲਈ ਹਮੇਸ਼ਾਂ ਆਪਣੀ ਤਿਆਰੀ ਰੱਖ ਸਕੀਏ ਅਤੇ ਸਫਲਤਾਪੂਰਵਕ ਸਮਾਜਵਾਦ ਉਸਾਰ ਸਕੀਏ। ਦੂਸਰੀ ਤਰਫ਼, ਇਹ ਸਾਡੇ ਵਾਸਤੇ, ਸੁਤੰਤਰਤਾ ਅਤੇ ਕੌਮੀ ਆਜ਼ਾਦੀ ਲਈ, ਜਮਹੂਰੀਅਤ ਅਤੇ ਸਮਾਜਿਕ ਤਰੱਕੀ ਲਈ ਲੋਕਾਂ ਦੇ ਸੰਘਰਸ਼ਾਂ ਦੀ ਹਮਾਇਤ ਕਰਨ, ਅਤੇ ਕੌਮਾਂਤਰੀ ਅਮਨ ਅਤੇ ਸੁਰੱਖਿਆ ਨੂੰ ਮਜ਼ਬੂਤ ਕਰਨ ਵਿਚ ਹਿੱਸਾ ਪਾਉਣ ਦੇ ਆਪਣੇ ਕੌਮਾਂਤਰੀਵਾਦੀ ਫਰਜ਼ ਨੂੰ ਚੰਗੀ ਤਰ੍ਹਾਂ ਨਿਭਾਉਣ ਲਈ ਇਕ ਸ਼ਰਤ ਵੀ ਹੈ।

ਸਮੁੱਚੇ ਤੌਰ ਤੇ, ਵਰਤਮਾਨ ਕੌਮਾਂਤਰੀ ਹਾਲਤ ਹਲਚਲ-ਭਰੀ ਗੁੰਝਲਦਾਰ ਅਤੇ ਤਣਾਓ-ਪੂਰਨ ਹੈ। ਵੱਡੀਆਂ ਸਿਆਸੀ ਅਤੇ ਸਮਾਜਿਕ ਤਾਕਤਾਂ ਇਕ-ਦੂਸਰੀ ਦਾ ਸਾਹਮਣਾ ਕਰ ਰਹੀਆਂ ਹਨ :—ਇਕ ਤਰਫ, ਸਾਮਰਾਜਵਾਦ, ਪੂੰਜੀਵਾਦ ਅਤੇ ਪਿਛਾਖੜ, ਦਮਨ ਅਤੇ ਲੁੱਟ ਅਤੇ ਜੰਗ ਦੇ ਝੰਡਾ-ਬਰਦਾਰ ਹਨ, ਅਤੇ ਦੂਸਰੀ ਤਰਫ ਲੋਕ, ਇਨਕਲਾਬੀ ਅਤੇ ਜਮਹੂਰ-ਪਸੰਦ ਹਨ, ਜੋ ਕੌਮੀ ਅਤੇ ਸਮਾਜਿਕ ਆਜ਼ਾਦੀ ਅਤੇ ਮਾਨਵਤਾ ਦੀ ਖਲਾਸੀ ਲਈ ਸੰਘਰਸ਼ ਕਰ ਰਹੇ ਹਨ। ਇਹ ਵਿਸ਼ਾਲ, ਵਿਸਤ੍ਰਿਤ ਅਤੇ ਸਰਵ-ਪੱਖੀ ਭੇੜ, ਜੋ ਤਿੱਖੀਆਂ ਜਮਾਤੀ ਟੱਕਰਾਂ ਦਾ ਪ੍ਰਤੀਕ ਹੈ ਅਤੇ ਜੋ ਸਭ ਮਹਾਂਦੀਪਾਂ 'ਚ ਚੱਲ ਰਿਹਾ ਹੈ, ਇਸ ਨੇ ਉਹ ਸਭ ਅੰਤਰ-ਵਿਰੋਧ ਅਤੇ ਸੰਕਟ ਹੋਰ ਵੀ ਤਿੱਖੇ ਕਰ ਦਿੱਤੇ ਹਨ ਜਿਨ੍ਹਾਂ ਦਾ ਅੱਜ ਪੂੰਜੀਵਾਦੀ ਦੁਨੀਆਂ ਵਿਚ ਬੋਲ-ਬਾਲਾ ਹੈ। **ਹਰ ਚੀਜ਼ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਵਰਤਮਾਨ ਹਾਲਤ ਆਮ ਅਤੇ ਸਥਾਨਿਕ ਜੰਗਾਂ ਨੂੰ ਜਨਮ ਦੇ ਸਕਦੀ ਹੈ। ਏਸੇ ਤਰ੍ਹਾਂ ਇਹ ਮੁਕਤੀ ਜੰਗਾਂ ਅਤੇ ਇਨਕਲਾਬ ਨੂੰ ਵੀ ਜਨਮ ਦੇ ਸਕਦੀ ਹੈ।** ਘਟਨਾਵਾਂ ਦਾ ਵਿਕਾਸ ਦਿਖਾਏਗਾ ਕਿ ਕੀ ਸਾਮਰਾਜਵਾਦ ਦੁਨੀਆਂ ਨੂੰ ਇਕ ਤਬਾਹਕੁੰਨ ਜੰਗ ਵਿਚ ਝੋਕ ਸਕਦਾ ਹੈ ਜਾਂ ਕੀ ਲੋਕ ਜੰਗ ਨੂੰ ਰੋਕ ਅਤੇ ਮਾਨਵਤਾ ਨੂੰ ਬਚਾ ਸਕਣਗੇ।

ਇਸ ਹਾਲਤ ਵਿਚ, ਲੋਕ-ਜੰਗਾਂ ਅਤੇ ਇਨਕਲਾਬ ਅਜੰਡੇ ਤੇ ਹਨ—ਸਿਰਫ ਪੂੰਜੀਵਾਦੀ ਦਮਨ ਅਤੇ ਸਾਮਰਾਜੀ ਜੂਲੇ ਤੋਂ ਖਲਾਸੀ ਦੀਆਂ ਉਮੰਗਾਂ ਅਤੇ ਫੌਰੀ ਕਾਰਜਾਂ ਦੇ ਤੌਰ ਤੇ ਹੀ ਨਹੀਂ, ਸਗੋਂ ਸਾਮਰਾਜਵਾਦ ਦੇ ਜੰਗ-ਬਾਜ਼ ਮਨਸੂਬਿਆਂ ਨੂੰ ਭਾਂਜ ਦੇਣ ਅਤੇ ਇਕ ਨਵੀਂ ਵਿਸ਼ਾਲ ਜੰਗ ਨੂੰ ਰੋਕਣ ਦੀਆਂ ਇਤਿਹਾਸਕ ਜ਼ਰੂਰਤਾਂ ਦੇ ਤੌਰ ਤੇ ਵੀ।

ਸਾਮਰਾਜਵਾਦ ਸਭ ਹਮਲਿਆਂ ਅਤੇ ਲੁਟੇਰੀਆਂ ਜੰਗਾਂ ਦਾ ਸੋਮਾ, ਦੁਨੀਆਂ ਵਿਚ ਬੀਤੇ ਅਤੇ ਵਰਤਮਾਨ ਦੀਆਂ ਸਭ ਆਫ਼ਤਾਂ ਅਤੇ ਤਕਲੀਫ਼ਾਂ ਦਾ ਸੋਮਾ ਰਿਹਾ ਹੈ ਅਤੇ ਅੱਜ ਵੀ ਹੈ। ਸਾਮਰਾਜੀਆਂ ਦੀ ਬਸਤੀਆਂ ਅਤੇ ਲੁੱਟ ਦੀ, ਦੁਨੀਆਂ ਉੱਤੇ ਸਰਦਾਰੀ ਦੀ ਅਮਿੱਟ ਭੁੱਖ ਦੀ ਕੀਮਤ, ਲੋਕਾਂ ਨੇ ਆਪਣੇ ਖ਼ੂਨ ਅਤੇ ਆਪਣੀਆਂ ਜ਼ਿੰਦਗੀਆਂ ਨਾਲ ਅਦਾ ਕੀਤੀ ਹੈ। ਅੱਜ, ਸਾਮਰਾਜੀ ਮਹਾਂਸ਼ਕਤੀਆਂ ਅਤੇ ਵੱਡੀਆਂ ਪੂੰਜੀਵਾਦੀ ਤਾਕਤਾਂ ਵਿਚਕਾਰ ਮੰਡੀਆਂ ਅਤੇ ਅਸਰ-ਰਸੂਖ ਦੇ ਖੇਤਰਾਂ ਲਈ ਚੱਲ ਰਿਹਾ ਸੰਘਰਸ਼, ਸਾਮਰਾਜਵਾਦ ਦੇ ਸੁਭਾ ਅਤੇ ਉਦੇਸ਼ਾਂ ਦੇ, ਇਸ ਨਾ-ਬਦਲੇ ਜਾਣ ਵਾਲੇ ਚਰਿੱਤਰ ਦਾ ਹੀ ਸਬੂਤ ਹੈ।

ਅਮਰੀਕਣ ਸਾਮਰਾਜਵਾਦ ਅਤੇ ਸੋਵੀਅਤ ਸਮਾਜਿਕ-ਸਾਮਰਾਜਵਾਦ ਆਪਸ ਵਿਚ ਭਿੜ ਰਹੇ ਹਨ ਹੋਰ ਦੇਸ਼ਾਂ ਉੱਤੇ ਹਮਲੇ ਕਰਨ ਅਤੇ ਕਬਜ਼ੇ ਕਰਨ ਲਈ ਭਿੜ ਰਹੇ ਹਨ ਅਤੇ ਸਾਜ਼ਿਸ਼ਾਂ ਘੜ ਰਹੇ ਹਨ। ਦੁਨੀਆਂ ਦੇ ਬਹੁਤ ਸਾਰੇ ਖੇਤਰਾਂ ਵਿਚ ਦੋ ਮਹਾਂਸ਼ਕਤੀਆਂ, ਅਮਰੀਕਾ ਅਤੇ ਸੋਵੀਅਤ ਯੂਨੀਅਨ ਵਿਚਕਾਰ ਭੇੜ ਬਹੁਤ ਹੀ ਤਿੱਖਾ ਹੋ ਗਿਆ ਹੈ। ਜਿਸ ਵਿਚ ਸਾਮਰਾਜੀ ਚੀਨ ਅਤੇ ਹੋਰ ਪੂੰਜੀਵਾਦੀ ਤਾਕਤਾਂ ਵੀ ਹਿੱਸਾ ਲੈ ਰਹੀਆਂ ਹਨ। ਇਨ੍ਹਾਂ ਵਿਚੋਂ ਹਰ ਤਾਕਤ ਦੂਸਰੀ ਉੱਤੇ ਆਰਥਿਕ, ਸਿਆਸੀ ਅਤੇ ਫੌਜੀ ਉੱਚਤਮਤਾ ਹਾਸਿਲ ਕਰਨ ਲਈ ਅਤੇ ਨਵੀਆਂ ਯੁੱਧ-ਨੀਤਕ ਸਥਿਤੀਆਂ ਖੋਹਣ ਲਈ ਆਪਣਾ ਪੂਰਾ ਤਾਣ ਲਾ ਰਹੀ ਹੈ। ਬੇਸ਼ੱਕ ਸੰਸਾਰ ਜੰਗ ਦੇ ਭਾਂਬੜ ਅਜੇ ਨਹੀਂ ਬਲੇ, ਸਥਾਨਿਕ ਅੱਗਾਂ ਜੋ ਲੱਗ ਚੁੱਕੀਆਂ ਹਨ ਅਤੇ ਖ਼ਤਰਨਾਕ ਤਣਾਓ ਦੇ ਖੇਤਰ ਜੋ ਪੈਦਾ ਹੋ ਚੁੱਕੇ ਹਨ ਉਹ ਇਕ ਵੱਡੀ ਸਾਮਰਾਜੀ ਸੰਸਾਰ ਜੰਗ ਨੂੰ ਜਨਮ ਦੇ ਸਕਦੇ ਹਨ। ਮੱਧ-ਪੂਰਬ ਅਤੇ ਹਿੰਦ-ਚੀਨੀ, ਇਕ ਵਾਰ ਫਿਰ, ਇਸ ਦੀ ਸਪੱਸ਼ਟ ਮਿਸਾਲ ਹਨ। ਇਹ ਟੱਕਰ, ਅਤੇ ਮਹਾਂ-ਸ਼ਕਤੀਆਂ ਦੀ ਇਹ ਨੀਤੀ ਹਾਲਾਤ ਨੂੰ ਹੋਰ ਗੁੰਝਲਦਾਰ ਬਣਾਉਂਦੀਆਂ ਹਨ ਸਭ ਵਿਸ਼ਵ ਸਬੰਧਾਂ ਵਿਚ ਖ਼ਤਰਨਾਕ ਤਣਾਓ ਪੈਦਾ ਕਰਦੀਆਂ ਹਨ।

ਲੇਕਿਨ, ਜਦ ਅਸੀਂ ਇਹ ਪੜਚੋਲ ਕਰਦੇ ਹਾਂ ਕਿ ਮਹਾਂ-ਸ਼ਕਤੀਆਂ ਵਿਚਕਾਰ ਭੇੜ ਅਤੇ ਇਨ੍ਹਾਂ ਵਿਚਕਾਰ ਤਿੱਖੇ ਹੋ ਰਹੇ ਅੰਤਰ-ਵਿਰੋਧ ਅਜੋਕੀਆਂ ਕੌਮਾਂਤਰੀ ਟੱਕਰਾਂ ਅਤੇ ਜੰਗ ਦੇ ਖ਼ਤਰੇ ਦਾ ਮੁੱਖ ਸੋਮਾ ਹਨ, ਤਾਂ ਅਸੀਂ ਇਹ ਦੇਖਣ ਵਿਚ ਅਸਫਲ ਨਹੀਂ ਹੋ ਸਕਦੇ ਕਿ ਇਹ ਸਮਝੌਤੇ ਅਤੇ ਸੁਲ੍ਹਾਨਾਮੇ ਕਰਨ ਦੇ, ਏਥੋਂ

ਤਕ ਕਿ ਆਰਜ਼ੀ ਗੱਠਜੋੜ ਬਣਾਉਣ ਦੇ ਵੀ ਯਤਨ ਕਰ ਰਹੀਆਂ ਹਨ। ਲੋਕਾਂ ਲਈ ਹਾਨੀਕਾਰਕ ਸੌਦੇ ਕਰਨ ਦੇ ਯਤਨ, ਹਮੇਸ਼ਾਂ ਹੀ ਅੰਤਰ-ਸਾਮਰਾਜੀ ਝੇੜਾਂ ਵੱਲ ਰੁਝਾਨ ਲਈ ਸਾਮਰਾਜੀਆਂ ਦਾ ਹੱਲ ਰਿਹਾ ਹੈ।

ਫਿਰ ਵੀ, ਸਾਮਰਾਜੀ ਦੇਸ਼ਾਂ ਵਿਚਕਾਰ ਆਪਸੀ ਇਤਬਾਰ ਦਾ ਮਹੌਲ ਕਦੇ ਵੀ ਕਾਇਮ ਨਹੀਂ ਹੋ ਸਕਦਾ। ਉਹ ਆਪਣੇ ਧਾੜਵੀ ਸੁਭਾ ਸਦਕਾ, ਇਕ-ਦੂਸਰੇ ਖ਼ਿਲਾਫ਼ ਸ਼ਰੇਆਮ ਅਤੇ ਗੁਪਤ ਕਾਰਵਾਈ ਕਰਨੋਂ ਟਲ ਨਹੀਂ ਸਕਦੇ। ਇਹ ਸਾਮਰਾਜਵਾਦੀਆਂ ਵਿਚਕਾਰ ਰਿਸ਼ਤਿਆਂ ਦਾ ਦਵੰਦਵਾਦ ਹੈ।

ਹੁਣ ਤਕ ਮਹਾਂ-ਸ਼ਕਤੀਆਂ ਨੇ ਆਪਸ-ਵਿਚ ਕੁੱਝ ਸੰਤੁਲਿਨ ਕਾਇਮ ਰੱਖਣ, ਇਕ ਦੂਸਰੇ ਦੇ ਅਸਰ ਰਸੂਖ ਦੇ ਦਾਇਰਿਆਂ ਦਾ ਆਦਰ ਕਰਨ, ਅਤੇ ਹਥਿਆਰਾਂ ਦੀ ਦੌੜ ਵਿਚ ਇਕ ਦੂਸਰੇ ਦੇ ਬਰਾਬਰ ਰਹਿਣ ਦੇ ਯਤਨ ਕੀਤੇ ਹਨ। ਉਨ੍ਹਾਂ ਨੇ ਆਪਸ ਵਿਚ ਸਿੱਧੀ ਜੰਗ ਤੋਂ ਪ੍ਰਹੇਜ਼ ਕਰਨ ਦੇ ਯਤਨ ਕੀਤੇ ਹਨ, ਲੇਕਿਨ ਹੁਣ, ਨਾ-ਬਰਾਬਰ ਵਿਕਾਸ ਦੇ ਸੰਕਟ ਦੇ ਫਲਸਰੂਪ, ਇਹ ਸੰਤੁਲਿਨ ਖਿੰਡ-ਪੁੰਡ ਰਿਹਾ ਹੈ।

ਹੁਣ ਉਨ੍ਹਾਂ ਨੂੰ ਆਪਣੇ ਪਸਾਰੇ ਲਈ ਕੋਈ ਵੀ ਅਣ-ਮੱਲੀ ਜਗ੍ਹਾ ਨਹੀਂ ਮਿਲ ਰਹੀ। ਕਿਸੇ ਪਾਸੇ ਵੀ ਇਕ ਵੀ ਕਦਮ ਵਧਾਉਣ ਨਾਲ ਉਨ੍ਹਾਂ ਦੀ ਦੂਸਰੇ ਦੇ ਹਿੱਤਾਂ ਨਾਲ ਟੱਕਰ ਲੱਗਦੀ ਹੈ ਅਤੇ ਅਣ-ਡਿੱਠੇ ਜਵਾਬ ਦਾ ਖ਼ਤਰਾ ਪੈਦਾ ਹੁੰਦਾ ਹੈ। ਇਹ ਅਸੰਤੁਲਿਨ ਨੂੰ, ਹਥਿਆਰਬੰਦ ਝੜਪਾਂ ਦੇ ਖ਼ਤਰੇ ਨੂੰ ਜਨਮ ਦਿੰਦਾ ਹੈ, ਜੋ ਮਨੁੱਖਤਾ ਨੂੰ ਇਕ ਵਿਸ਼ਾਲ ਸਾਮਰਾਜਵਾਦੀ ਜੰਗ ਵਿਚ ਵੀ ਝੋਕ ਸਕਦੀਆਂ ਹਨ।

ਬੀਤੇ ਵਿਚ, ਐਟਮੀ ਹਥਿਆਰਾਂ ਬਾਰੇ ਗ਼ੈਰ-ਪ੍ਰਫੁਲਨ (non-proliferation) ਸੰਧੀ, ਜਿਸ ਸੰਧੀ ਨੇ ਇਨ੍ਹਾਂ ਹਥਿਆਰਾਂ ਉੱਤੇ ਅਮਰੀਕਾ ਅਤੇ ਸੋਵੀਅਤ ਯੂਨੀਅਨ ਦੀ ਇਜਾਰੇਦਾਰੀ ਨੂੰ ਯਕੀਨੀ ਬਣਾਇਆ, ਸੰਭਵ ਹੋ ਸਕੀ, ਅਤੇ ਯੁੱਧਨੀਤਕ ਹਥਿਆਰਾਂ ਉੱਤੇ ਬੰਦਸ਼ਾਂ ਦੀ ਸੰਧੀ (SALT) ਸਮਝੌਤਾ ਵੀ ਕੀਤਾ ਜਾ ਸਕਿਆ, ਜਿਸ ਨੇ ਇਨ੍ਹਾਂ ਹਥਿਆਰਾਂ ਵਿਚ ਇਨ੍ਹਾਂ ਮਹਾਂ-ਸ਼ਕਤੀਆਂ ਵਿਚਕਾਰ ਸੰਤੁਲਿਨ ਕਾਇਮ ਕੀਤਾ। ਹੁਣ ਦੋਨੋ ਧਿਰਾਂ ਬੇ-ਬੰਦਸ਼ ਹਥਿਆਰਾਂ ਦੇ ਬੁਖ਼ਾਰ ਦੀ ਲਪੇਟ 'ਚ ਹਨ ਜਿਸ ਵਿਚ ਇਹ ਸਭ ਹੋਸ਼ ਅਤੇ ਦਲੀਲ ਗੁਆ ਬੈਠੀਆਂ ਹਨ। ਮਹਾਂ-ਸ਼ਕਤੀਆਂ ਦਾ ਹੰਕਾਰ ਅਤੇ ਆਕੜ, ਜਿਹੜੀਆਂ ਸੋਚਦੀਆਂ ਹਨ ਕਿ ਇਹ ਜੋ ਮਰਜ਼ੀ ਕਰ ਲੈਣ ਕੋਈ ਇਨ੍ਹਾਂ ਵੱਲ ਉਂਗਲੀ ਨਹੀਂ ਉਠਾਏਗਾ, ਇਨ੍ਹਾਂ ਦਾ ਹੰਕਾਰ ਅਤੇ ਆਕੜ ਇੱਕ-ਦੂਸਰੇ ਦੇ ਡਰ ਨਾਲ ਉਝਿਲਆ ਹੋਇਆ ਹੈ ਅਤੇ ਇਨਕਲਾਬ ਦਾ ਡਰ ਇਨ੍ਹਾਂ ਨੂੰ ਭੈ-ਭੀਤ ਰਿਹਾ ਹੈ।

ਮਹਾਂ-ਸ਼ਕਤੀਆਂ ਦੇ ਹਿੱਤਾਂ ਅਤੇ ਲੋਕਾਂ ਦੇ ਹਿੱਤਾਂ ਵਿਚਕਾਰ ਕੋਈ ਸਾਂਝ ਨਹੀਂ ਅਤੇ ਕਿਸੇ ਵੀ ਵਕਤ ਜਾਂ ਕਿਸੇ ਵੀ ਵਾਕਿਆਤ ਵਿਚ ਇਹ ਇੱਕ-ਮਿੱਕ ਨਹੀਂ ਹੋ ਸਕਦੇ। ਸਾਮਰਾਜਵਾਦ ਦੇ ਵਜੂਦ ਲਈ ਇਹ ਜ਼ਰੂਰੀ ਹੈ ਕਿ ਲੋਕ ਗੁਲਾਮੀ ਵਿਚ ਜਕੜੇ ਹੋਏ ਹੋਣੇ ਚਾਹੀਦੇ ਹਨ, ਅਤੇ ਲੋਕਾਂ ਦੀ ਖਲਾਸੀ ਹਾਸਲ ਕਰਨ ਲਈ ਇਹ ਜ਼ਰੂਰੀ ਹੈ ਕਿ ਸਾਮਰਾਜਵਾਦ ਨੂੰ ਤਬਾਹ ਕਰ ਦਿੱਤਾ ਜਾਏ।

ਪਿਛਾਖੜੀ ਜਮਾਤਾਂ ਦੀ ਉਹ ਨੀਤੀ ਜੋ ਆਪਣੀ ਸੱਤਾ ਨੂੰ ਬਚਾਉਣ ਅਤੇ ਲੋਕਾਂ ਨਾਲ ਵਿਸ਼ਾਹਘਾਤ ਕਰਨ ਲਈ, ਇਕ ਜਾਂ ਦੂਜੀ ਸਾਮਰਾਜੀ ਸਟੇਟ ਉੱਤੇ ਟੇਕ ਰੱਖਦੀ ਹੈ, ਇਕ ਨੂੰ ਚੰਗਾ ਕਹਿੰਦੀ ਹੈ ਅਤੇ ਦੂਸਰੀ ਨੂੰ ਮਾੜਾ ਕਹਿੰਦੀ ਹੈ, ਇਕ ਨੂੰ ਲੋਕਾਂ ਦੀ ਹਮਾਇਤੀ ਅਤੇ ਦੂਸਰੀ ਨੂੰ ਉਨ੍ਹਾਂ ਦੀ ਦੁਸ਼ਮਣ ਕਹਿੰਦੀ ਹੈ, ਇਕ ਨੂੰ ਅਮਨ ਦੀ ਪੁਜਾਰਨ ਅਤੇ ਦੂਸਰੀ ਨੂੰ ਜੰਗਬਾਜ਼ ਕਹਿੰਦੀ ਹੈ, ਉਹ ਨੀਤੀ ਬਹੁਤ ਹੀ ਖ਼ਤਰਨਾਕ ਹੈ ਅਤੇ ਉਸ ਵਿਰੁੱਧ ਅੰਤ ਤਕ ਲੜਨਾ ਚਾਹੀਦਾ ਹੈ। ਮਹਾਂ-ਸ਼ਕਤੀਆਂ, ਵਿਅਕਤੀਗਤ ਅਤੇ ਰਲਵੇਂ ਤੌਰ ਤੇ, ਲੋਕਾਂ ਦੀ ਆਜ਼ਾਦੀ ਅਤੇ ਖ਼ੁਦਮੁਖਤਾਰੀ ਦੀਆਂ ਬਹੁਤ ਹੀ ਖ਼ੂੰਖਾਰ ਦੁਸ਼ਮਣ ਹਨ, ਪਿਛਾਖੜੀ ਹਕੂਮਤਾਂ ਦੀਆਂ ਸਰਪ੍ਰਸਤ ਅਤੇ ਜ਼ਾਮਨ ਹਨ, ਵਿਦੇਸ਼ੀਆਂ ਦੇ ਜੂਲੇ ਦੀਆਂ ਹਮਾਇਤੀ ਹਨ ਅਤੇ ਦੇਸ਼ਾਂ ਵਿਚਕਾਰ ਝਗੜਿਆਂ ਅਤੇ ਲੜਾਈਆਂ ਨੂੰ ਸ਼ਹਿ ਦਿੰਦੀਆਂ ਹਨ। ਇਨ੍ਹਾਂ ਦੀ ਨੀਤੀ ਵਿਚ ਸਪੱਸ਼ਟ ਖ਼ਤਰਾ ਹੈ ਕਿ ਮਾਨਵਤਾ ਨੂੰ ਇਕ ਤੀਸਰੀ ਵਿਸ਼ਵ ਜੰਗ ਵਿਚ ਝੋਕਿਆ ਜਾਇਗਾ।

ਇਸ ਲਈ, ਹੁਣ ਵੀ ਬੀਤੇ ਦੀ ਤਰ੍ਹਾਂ ਹੀ, ਸਾਮਰਾਜੀ ਮਹਾਂ-ਸ਼ਕਤੀਆਂ ਦੇ ਲੁਟੇਰੇ ਅਤੇ ਗੁਲਾਮਕਰੂ ਮਨਸੂਬਿਆਂ ਨੂੰ ਨੰਗੇ ਕਰਨ ਅਤੇ ਭਾਂਜ ਦੇਣ ਲਈ ਸਭ ਇਨਕਲਾਬੀ, ਅਗਾਂਹ-ਵਧੂ ਅਤੇ ਜਮਹੂਰ-ਪਸੰਦ ਤਾਕਤਾਂ ਦਾ ਸੰਘਰਸ਼ ਇਕ ਇਤਿਹਾਸਕ ਲੋੜ, ਲੋਕਾਂ ਦੀ ਆਜ਼ਾਦੀ ਅਤੇ ਖ਼ੁਦਮੁਖਤਾਰੀ ਦੀ ਰਖਵਾਲੀ ਲਈ, ਇਨਕਲਾਬ ਦੀ ਜਿੱਤ ਲਈ, ਜੰਗ ਨੂੰ ਰੋਕਣ ਅਤੇ ਅਮਨ ਨੂੰ ਯਕੀਨੀ ਬਣਾਉਣ ਲਈ ਇਕ ਸ਼ਰਤ ਅਤੇ ਇਕ ਕਰਤੱਵ ਹੈ।

**ਇਕ ਜਾਂ ਦੂਸਰੇ ਢੰਗ ਨਾਲ, ਇਸ ਜਾਂ ਉਸ ਸ਼ਕਲ ਵਿਚ, ਸਭ ਲੋਕਾਂ ਨੂੰ ਅਮਰੀਕਨ ਸਾਮਰਾਜਵਾਦ ਦੀ ਦਖ਼ਲ-ਅੰਦਾਜ਼ੀ ਅਤੇ ਧਾੜਵੀ ਨੀਤੀ ਦਾ ਸ਼ਾਹਮਣਾ ਕਰਨਾ ਪੈਂਦਾ ਹੈ। ਅਮਰੀਕਨ ਸਾਮਰਾਜਵਾਦ ਸਾਡੇ ਸਮੇਂ ਦੀ ਸਭ ਤੋਂ ਵੱਡੀ ਪੂੰਜੀਵਾਦੀ ਤਾਕਤ ਹੈ ਅਤੇ ਬੁਰਜੁਆ-ਸਾਮਰਾਜੀ ਨਿਜ਼ਾਮ ਦਾ ਮੁੱਖ ਰੱਖਿਅਕ ਹੈ।** ਦੂਸਰੀ ਸੰਸਾਰ ਜੰਗ ਦੇ ਅਖ਼ੀਰ ਤੋਂ ਲੈ ਕੇ, ਜਦ ਇਹ ਸਾਮਰਾਜੀ ਸ਼ਕਤੀਆਂ ਦੇ ਸਰਦਾਰ ਅਤੇ ਵਿਸ਼ਵ ਉੱਤੇ ਚੌਧਰ ਦੇ ਮੁੱਖ ਦਾਅਵੇਦਾਰ ਦੇ ਤੌਰ ਤੇ ਉਭਰਿਆ ਸੀ, ਅੱਜ ਤਕ ਅਮਰੀਕਨ ਸਾਮਰਾਜਵਾਦ ਨੇ ਸਿੱਧੇ ਤੌਰ ਤੇ ਜਾਂ ਆਪਣੇ ਆਗਿਆਕਾਰ ਪਿੱਠੂਆਂ ਰਾਹੀਂ ਕਈ (ਦੇਸ਼ਾਂ ਦੇ) ਲੋਕਾਂ ਉੱਤੇ ਹਮਲੇ ਕਰਕੇ ਉਹਨਾਂ ਦੇ ਖ਼ੂਨ ਦੇ ਹੜ੍ਹ ਵਹਾਏ ਹਨ। ਦੁਨੀਆਂ ਵਿਚ ਵਾਪਰੀ ਹਰ ਉਲਟ-ਇਨਕਲਾਬੀ ਵਿਧੀ ਵਿਚ, ਹਰ ਫਾਸ਼ਿਸਟ ਰਾਜ-ਪਲਟੇ ਅਤੇ ਜਮਹੂਰੀਅਤ ਦੇ ਪਲਟੇ ਵਿਚ, ਇਨਕਲਾਬ ਅਤੇ ਸਮਾਜਵਾਦ ਉੱਤੇ ਹਰ ਹਮਲੇ ਵਿਚ, ਅਮਰੀਕਨ ਸਾਮਰਾਜਵਾਦ ਦਾ ਹੱਥ ਹਮੇਸ਼ਾਂ ਹਾਜ਼ਰ ਰਿਹਾ ਹੈ। ਇਹ ਉਹ ਸਾਮਰਾਜਵਾਦ ਹੈ ਜਿਸ ਨੇ ਹੋਰਨਾਂ ਦੇਸ਼ਾਂ ਦੇ ਅੰਦਰੂਨੀ ਮਸਲਿਆਂ ਵਿਚ ਟੰਗ ਅੜਾਉਣ ਨੂੰ, ਆਪਣੀ ਧੱਕੜਸ਼ਾਹੀ ਅਤੇ ਮਨਮਰਜ਼ੀ ਨੂੰ ਕੌਮਾਂਤਰੀ ਜੀਵਨ ਵਿਚ ਇਕ ਆਮ ਅਮਲ ਬਣਾ ਲਿਆ ਹੈ, ਅਤੇ ਜਿਸ ਨੇ ਹਮਲੇ ਅਤੇ ਹਮਲੇ ਦੀ ਧਮਕੀ ਨੂੰ ਆਪਣੀ ਬੁਨਿਆਦੀ ਨੀਤੀ ਵਿਚ ਬਦਲ ਲਿਆ ਹੈ ਅਤੇ ਆਪਣੀ ਕਾਰਵਾਈ ਦਾ ਇਕ ਸਥਾਈ ਢੰਗ ਬਣਾ ਲਿਆ ਹੈ।

ਅਮਰੀਕਨ ਪੂੰਜੀ ਲੋਕਾਂ ਦੀਆਂ ਸੰਪਤੀਆਂ ਅਤੇ ਮਿਹਨਤ ਨੂੰ ਲੁੱਟਣ ਵਾਲੀ ਇਤਿਹਾਸ ਵਿਚ ਅੱਜ ਤਕ ਦੇਖੀ ਗਈ ਸਭ ਤੋਂ ਵਧੇਰੇ ਲਾਲਚੀ ਲੁਟੇਰੀ ਹੈ। ਅਮਰੀਕਨ ਪੂੰਜੀਪਤੀ ਕੰਪਨੀਆਂ, ਜਿਹਨਾਂ ਨੇ ਆਪਣੇ ਪੰਜੇ ਸਾਰੀ ਦੁਨੀਆਂ ਉੱਤੇ ਧਰੇ ਹੋਏ ਹਨ, ਕੌਮਾਂ ਦੀ ਖ਼ੁਦਮੁਖਤਾਰੀ ਦਾ ਬਹੁਤ ਹੀ ਜਾਂਗਲੀਪੁਣੇ ਵਾਲੇ ਢੰਗ ਨਾਲ ਉਲੰਘਣ ਕਰਦੀਆਂ ਹਨ ਅਤੇ ਬਹੁਤ ਸਾਰੇ ਦੇਸ਼ਾਂ 'ਚ ਮਨਮਾਨੀ ਨਾਲ ਰਾਜ ਕਰਦੀਆਂ ਹਨ। ਪੂੰਜੀ ਦੀ ਬਰਾਮਦ ਦੇ ਨਾਲ ਨਾਲ, ਅਮਰੀਕਨ ਸਾਮਰਾਜਵਾਦ ਨੇ ਆਪਣੇ ਜੀਵਨ ਦਾ ਢੰਗ, ਭ੍ਰਿਸ਼ਟਾਚਾਰ ਅਤੇ ਬਦਇਖ਼ਲਾਕੀ, ਗਲੇ-ਸੜੇ ਵਿਸ਼ਵ-ਪ੍ਰੇਮ ਦੀ ਅਤੇ ਵਿਦੇਸ਼ੀਆਂ ਦੀ ਚਾਕਰੀ ਕਰਨ ਦੀ ਭਾਵਨਾ, ਆਦਿ, ਦੀ ਵੀ ਬਰਾਮਦ ਕੀਤੀ ਹੈ।

ਅਮਰੀਕਨ ਸਾਮਰਾਜਵਾਦ ਨੇ ਆਪਣੇ ਫੌਜੀ ਅੱਡੇ ਪੂਰੀ ਦੁਨੀਆਂ ਵਿਚ ਕਾਇਮ ਕੀਤੇ ਹਨ ਜੋ ਇਸ ਦੀ ਜੰਗ ਅਤੇ ਹਮਲੇ ਦੀਆਂ ਮੁੱਖ ਬਾਹਰੀ ਚੌਕੀਆਂ ਹਨ। ਇਹ ਮੌਜੂਦਾ ਗੁੱਟਾਂ ਨੂੰ ਮਜ਼ਬੂਤ ਕਰਨ ਅਤੇ ਨਵੇਂ ਫ਼ੌਜੀ ਗੁੱਟ ਸਥਾਪਿਤ ਕਰਨ ਦੀ ਨੀਤੀ ਤੇ ਚੱਲ ਰਿਹਾ ਹੈ, ਜਿਹਨਾਂ ਦੇ ਜ਼ਰੀਏ ਇਹ ਆਪਣੇ ਭਾਈਵਾਲਾਂ ਉੱਤੇ ਆਪਣੀ ਚੌਧਰ ਨੂੰ ਯਕੀਨੀ ਬਣਾਉਂਦਾ ਹੈ, ਇਨਕਲਾਬ ਅਤੇ ਲੋਕਾਂ ਦੇ ਸੰਘਰਸ਼ਾਂ ਨੂੰ ਬੰਦੂਕ ਅਤੇ ਤਲਵਾਰ ਨਾਲ ਕੁਚਲਣ ਦੀਆਂ ਧਮਕੀਆਂ ਦਿੰਦਾ ਹੈ, ਅਤੇ ਪੂੰਜੀਵਾਦੀ ਦਮਨ ਅਤੇ ਤਸ਼ੱਦਦ ਦੇ ਨਿਜ਼ਾਮ ਦੀ ਧੱਕੇਸ਼ਾਹੀ ਨਾਲ ਰਖਵਾਲੀ ਕਰਦਾ ਹੈ।

ਅੱਜ ਕਲ੍ਹ ਅਮਰੀਕਨ ਸਾਮਰਾਜਵਾਦ ਨੇ ਵਿਦੇਸ਼ੀ-ਨੀਤੀ ਵਿਚ ਇਕ ਵਧੇਰੇ ਸਖ਼ਤ, ਵਧੇਰੇ ਧਾੜਵੀ, ਅਤੇ ਵਧੇਰੇ ਜੰਗਬਾਜ਼ ਸੇਧ ਲਾਗੂ ਕਰਨੀ ਸ਼ੁਰੂ ਕਰ ਦਿੱਤੀ ਹੈ। ਇਹ ਫ਼ੌਜੀ ਤਾਕਤ ਉੱਤੇ ਵੱਧ ਤੋਂ ਵੱਧ ਟੇਕ ਰੱਖ ਰਿਹਾ ਹੈ। ਰੇਗਨ ਦੀ ਨਵੀਂ ਨੀਤੀ ਇਸ ਦਾ ਸਪੱਸ਼ਟ ਸਬੂਤ ਹੈ।

ਹੁਣ ਅਮਰੀਕਨ ਸਾਮਰਾਜਵਾਦ ਮੰਗ ਕਰ ਰਿਹਾ ਹੈ ਕਿ ਸਮੁੱਚਾ ਵਿਸ਼ਵ ਪਿਛਾਖੜ ਅਤੇ ਉਲਟ-ਇਨਕਲਾਬੀ ਤਾਕਤਾਂ ਅਮਰੀਕਨ ਛਤਰ-ਛਾਇਆ ਹੇਠ ਇਨਕਲਾਬ, ਸਮਾਜਵਾਦ ਅਤੇ ਲੋਕਾਂ ਦੀ ਆਜ਼ਾਦੀ ਅਤੇ ਖ਼ੁਦਮੁਖਤਾਰੀ ਵਿਰੁੱਧ ਅਤੇ ਜਮਹੂਰੀ ਮਾਨਵ ਅਧਿਕਾਰਾਂ ਵਿਰੁੱਧ ਇਕ ਸਾਂਝੀ ਮੁਹਿੰਮ ਵਿਚ ਇਕ-ਮੁੱਠ ਹੋਣ। ਤੇਲ ਅਤੇ ਹੋਰ ਕੱਚੇ-ਮਾਲ ਪੈਦਾ ਕਰਨ ਵਾਲੇ ਸਭ ਖੇਤਰਾਂ, ਸਭ ਸਮੁੰਦਰੀ ਰੂਟਾਂ ਅਤੇ ਧਰਤ ਦੇ ਯੁੱਧਨੀਤਕ ਹਿੱਸਿਆਂ ਨੂੰ "ਅਮਰੀਕਨ ਹਿੱਤਾਂ ਵਾਲੇ ਖੇਤਰ" ਕਹਿੰਦਾ ਹੋਇਆ, ਅਤੇ ਹਥਿਆਰਾਂ ਨਾਲ ਇਹਨਾਂ "ਹਿੱਤਾਂ" ਦੀ ਰਖਵਾਲੀ ਕਰਨ ਦਾ ਸਰਕਾਰੀ ਤੌਰ ਤੇ ਐਲਾਨ ਕਰਦਾ ਹੋਇਆ, ਅਮਰੀਕਨ ਸਾਮਰਾਜਵਾਦ ਸਮੁੱਚੀ

ਦੁਨੀਆਂ ਵਿਚ ਆਪਣੀ ਸਿਆਸੀ ਅਤੇ ਫੌਜੀ ਤਾਕਤ ਦਾ ਵਾਧਾ ਕਰਨ ਦੇ ਠੋਸ ਪ੍ਰੋਗਰਾਮ ਦਾ ਐਲਾਨ ਕਰ ਰਿਹਾ ਹੈ। "ਤੇਜ਼ ਰਫ਼ਤਾਰ ਪਰ੍ਹਬੰਦੀ ਤਾਕਤ" ("rapid deployment force") ਜੋ ਅਮਰੀਕਾ ਬੰਦੂਕ ਅਤੇ ਤਲਵਾਰ ਨਾਲ ਆਪਣੀ ਸਰਦਾਰੀ ਕਾਇਮ ਕਰਨ ਲਈ ਭੇਜਦਾ ਹੈ, ਕਿਤੇ ਵੀ ਜਾ ਕੇ ਦਖ਼ਲ-ਅੰਦਾਜ਼ੀ ਕਰਨ ਲਈ ਹਰ ਵਕਤ ਹਥਿਆਰ-ਬੰਦ-ਤਿਆਰ ਰਹਿਣ ਵਾਲੀ ਇਸ ਮਹਾਂ-ਧਾੜਵੀ ਫੌਜ ਦੀ ਸਥਾਪਨਾ ਉਪਰੋਕਤ ਸੇਧ ਦਾ ਇਕ ਨਾ-ਝੁਠਲਾਇਆ ਜਾ ਸਕਣ ਵਾਲਾ ਸਬੂਤ ਹੈ।

ਇਹ ਸੇਧ ਵਾਸ਼ਿੰਗਟਨ ਦੇ ਨਵੇਂ "ਸਿਧਾਂਤ" ਵਿਚ ਵੀ ਜ਼ਾਹਿਰ ਹੈ, ਜੋ "ਸਿਧਾਂਤ" ਕਾਰਟਰ ਨੇ ਸ਼ੁਰੂ ਕੀਤਾ ਸੀ ਅਤੇ ਰੀਗਨ ਨੇ ਹੋਰ ਅੱਗੇ ਵਿਕਸਤ ਕੀਤਾ ਹੈ। ਇਸ "ਸਿਧਾਂਤ" ਅਨੁਸਾਰ ਕਥਿਤ ਤੌਰ ਤੇ ਦੁਨੀਆ ਵਿਚ ਅਮਨ ਅਤੇ ਲੋਕਾਂ ਦੀ ਸੁਰੱਖਿਆ ਨੂੰ ਅਮਰੀਕਨ ਸ਼ਕਤੀ ਅਤੇ ਉੱਚਤਮਤਾ ਨੂੰ ਵਧਾ ਕੇ ਹੀ ਯਕੀਨੀ ਬਣਾਇਆ ਜਾ ਸਕਦਾ ਹੈ। ਅਸਲੀਅਤ ਵਿਚ ਇਹ "ਸਿਧਾਂਤ" ਵਿਸ਼ਾਲ ਸਾਮਰਾਜੀ ਜੰਗ ਨੂੰ ਭੜਕਾਉਂਦਾ ਅਤੇ ਨੇੜੇ ਲਿਆਉਂਦਾ ਹੈ। ਰਵਾਇਤੀ ਹਥਿਆਰਾਂ ਤੋਂ ਲੈ ਕੇ ਸੈਂਕੜੇ ਹੀ ਮੇਗਾਟਨ ਦੇ ਬਰਾਬਰ ਐਟਮੀ ਬੰਬਾਂ ਤਕ, ਵੱਖ ਵੱਖ ਹਥਿਆਰਾਂ ਦਾ ਲਾ-ਮਿਸਾਲ ਜ਼ਖੀਰਾ ਜਮ੍ਹਾਂ ਕਰਨਾ ਅਤੇ ਜੰਗਬਾਜ਼ ਭਾਵਨਾ ਨੂੰ ਭੜਕਾਉਣ ਅਤੇ ਆਪਣੇ ਵਿਰੋਧੀ ਸੋਵੀਅਤ ਯੂਨੀਅਨ ਉੱਤੇ ਹਰ ਕੀਮਤ ਤੇ ਫੌਜੀ ਉੱਚਤਮਤਾ ਹਾਸਲ ਕਰਨ ਲਈ ਕੁੱਲ ਲਾਮਬੰਦੀ, ਅਮਰੀਕਨ ਆਗੂ ਦਾਇਰਿਆਂ ਵਿਚ ਇਹ ਧਾਰਨਾ ਪੈਦਾ ਕਰ ਰਹੇ ਹਨ ਕਿ ਜੰਗ ਸਿਰਫ਼ ਅਟੱਲ ਹੀ ਨਹੀਂ, ਸਗੋਂ ਇਕ ਅਤਿਆਵੱਸ਼ਕ ਲੋੜ ਵੀ ਹੈ।

ਇਹ ਸਭ ਚੀਜ਼ਾਂ ਦਿਖਾਉਂਦੀਆਂ ਹਨ ਕਿ ਦੁਨੀਆਂ ਨੂੰ ਅਮਰੀਕਨ ਸਾਮਰਾਜਵਾਦ ਦੀ ਧਾੜਵੀ ਨੀਤੀ ਵਿਚ ਵਾਧੇ, ਹੋਰਨਾਂ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਵਿਚ ਇਸ ਦੀ ਦਖ਼ਲ-ਅੰਦਾਜ਼ੀ ਦੇ ਵਾਧੇ ਅਤੇ ਖ਼ਾਸਕਰ ਇਸ ਦੀ ਫੌਜੀ ਤਾਕਤ ਦੀ ਵਰਤੋਂ ਦੇ ਵਾਧੇ ਦਾ ਸਾਹਮਣਾ ਕਰਨਾ ਪਏਗਾ।

ਇਹਨਾਂ ਹਾਲਤਾਂ ਵਿਚ ਅਮਰੀਕਨ ਸਾਮਰਾਜਵਾਦ ਨੂੰ ਕੋਈ ਵੀ ਛੋਟ ਜਾਂ ਹੱਕ ਦੇਣਾ, ਇਸ ਦੀ ਨੀਤੀ ਦੇ ਵਧੀਆ ਬਣਨ ਬਾਰੇ ਕੋਈ ਵੀ ਉਮੀਦ ਰੱਖਣਾ, ਲੋਕਾਂ ਦੀ ਆਜ਼ਾਦੀ ਅਤੇ ਖ਼ੁਦਮੁਖਤਾਰੀ ਲਈ ਬਹੁਤ ਹੀ ਖ਼ਤਰਨਾਕ ਹੈ।

**ਏਸੇ ਤਰ੍ਹਾਂ, ਅੱਜ ਦੁਨੀਆਂ ਉੱਤੇ ਸਰਦਾਰੀ ਕਾਇਮ ਕਰਨ ਲਈ, ਚੌਧਰਵਾਦੀ ਅਤੇ ਪਸਾਰਵਾਦੀ ਨੀਤੀ, ਜੰਗ ਲਈ ਤਿਆਰੀਆਂ ਅਤੇ ਹੱਲਾਸ਼ੇਰੀ ਦੀ ਜੰਗਬਾਜ਼ ਸੇਧ ਸੋਵੀਅਤ ਸਮਾਜਿਕ-ਸਾਮਰਾਜਵਾਦ ਦਾ ਵੀ ਖਾਸਾ ਹੈ, ਜਿਸ ਦੀ ਵਿਸ਼ਵ-ਨੀਤੀ ਅਤੇ ਜਿਸ ਤਰ੍ਹਾਂ ਇਹ ਨੀਤੀ ਲਾਗੂ ਕੀਤੀ ਜਾਂਦੀ ਹੈ ਉਸ ਪੱਖੋਂ ਇਹ ਵੀ, ਬਹੁਤ ਹੀ ਧਾੜਵੀ ਬਣ ਗਿਆ ਹੈ।**

ਚੈਕੋਸਲਾਵਾਕੀਆ ਉੱਤੇ ਕਬਜ਼ੇ ਤੋਂ ਸ਼ੁਰੂ ਹੋ ਕੇ, ਸੋਵੀਅਤ ਯੂਨੀਅਨ ਦੀ ਨੀਤੀ ਵੱਧ ਤੋਂ ਵੱਧ ਧਾੜਵੀ ਸੁਭਾ ਧਾਰਨ ਕਰਦੀ ਗਈ ਹੈ ਜੋ ਇਸ ਦੇ ਪਸਾਰਵਾਦੀ ਉਦੇਸ਼ਾਂ ਦੀ ਪ੍ਰਾਪਤੀ ਲਈ ਹਥਿਆਰਬੰਦ ਸ਼ਕਤੀ ਦੀ ਵਰਤੋਂ ਤੋਂ ਸਪੱਸ਼ਟ ਜ਼ਾਹਿਰ ਹੈ। ਫੌਜੀ ਦਖ਼ਲ-ਅੰਦਾਜ਼ੀਆਂ ਇਕ ਤੋਂ ਬਾਦ ਇਕ ਕੀਤੀਆਂ ਜਾਂਦੀਆਂ ਰਹੀਆਂ ਹਨ। ਚੈਕੋਸਲਵਾਕੀਆ ਤੋਂ ਬਾਅਦ ਅੰਗੋਲਾ, ਯੇਮਨ, ਇਥੋਪੀਆ, ਇਰੀਟ੍ਰੀਆ ਦੀ ਵਾਰੀ ਆਈ ਜਿਹਨਾਂ ਵਿਚ ਰੂਸੀਆਂ ਨੇ ਭਾੜੇ ਦੇ ਟੱਟੂਆਂ ਦੇ ਜ਼ਰੀਏ ਦਖ਼ਲ-ਅੰਦਾਜ਼ੀ ਕੀਤੀ ਅਤੇ ਹੁਣ ਅਫ਼ਗਾਨਿਸਤਾਨ ਦੀ ਵਾਰੀ ਹੈ। ਅਫ਼ਗਾਨਿਸਤਾਨ, ਦੱਖਣ ਵੱਲ ਸੋਵੀਅਤ ਸਮਾਜਿਕ-ਸਾਮਰਾਜਵਾਦ ਦੇ ਕੂਚ ਦੀ ਸ਼ੁਰੂਆਤ ਸੀ, ਜਿਧਰ ਦੁਨੀਆਂ ਦੇ ਸ਼ਕਤੀ ਦੇ ਸਭ ਤੋਂ ਵੱਡੇ ਭੰਡਾਰ ਹਨ, ਅਤੇ ਸਭ ਤੋਂ ਮਹੱਤਵਪੂਰਨ ਯੁੱਧਨੀਤਕ ਕੇਂਦਰ ਅਤੇ ਖੇਤਰ ਹਨ ਅਤੇ ਜਿੱਥੇ ਸਾਮਰਾਜੀਆਂ ਵਿਚਕਾਰ ਟੱਕਰ ਬਹੁਤ ਹੀ ਤਿੱਖੀ ਹੈ।

ਸੋਵੀਅਤ ਯੂਨੀਅਨ ਦੀ ਨੀਤੀ ਨੇ ਵੀ ਅਮਰੀਕਾ ਵਾਲੇ ਹੀ ਧਾੜਵੀ, ਪਸਾਰਵਾਦੀ ਅਤੇ ਜੰਗਬਾਜ਼ ਲੱਛਣ ਧਾਰਨ ਕਰ ਲਏ ਹਨ। ਇਹ ਇਹਨਾਂ ਵਲੋਂ ਚੁਣੇ ਗਏ ਉਸੇ ਕਿਸਮ ਦੇ ਉਦੇਸ਼ਾਂ ਤੋਂ ਅਤੇ ਉਸ ਸਮਾਨੰਤਰ ਰਾਹ ਤੋਂ ਜ਼ਾਹਿਰ ਹੈ, ਜਿਸ ਰਾਹ ਉੱਤੇ ਇਹ ਚੱਲ ਰਹੇ ਹਨ। ਸੋਵੀਅਤ ਯੂਨੀਅਨ ਵਿਦੇਸ਼ਾਂ ਵਿਚ ਫ਼ੌਜੀ ਅੱਡੇ ਢੂੰਡ ਰਿਹਾ ਹੈ ਅਤੇ ਕਈ ਦੇਸ਼ਾਂ ਨਾਲ ਸਿਆਸੀ-ਫੌਜੀ ਗੱਠਜੋੜ ਬਣਾ ਰਿਹਾ ਹੈ ਤਾਂ ਜੋ ਇਹਨਾਂ ਨੂੰ ਲੋਕਾਂ ਉੱਤੇ ਆਪਣੀ ਗੁਲਾਮੀ ਦੇ ਪਸਾਰੇ ਅਤੇ ਅਮਰੀਕਨ ਸਾਮਰਾਜਵਾਦ ਨਾਲ ਭੇੜ ਵਿਚ ਵਿਦੇਸ਼ੀ ਫ਼ੌਜੀ ਚੌਕੀਆਂ ਦੇ ਤੌਰ ਤੇ ਵਰਤ ਸਕੇ। ਏਸੇ ਤਰ੍ਹਾਂ ਹੀ, ਇਹ ਹਥਿਆਰਾਂ ਦੀ ਦੌੜ ਵਿਚ ਵੀ ਪਿੱਛੇ ਨਹੀਂ ਹੈ। ਰੂਸੀਆਂ ਕੋਲ ਹੁਣ ਵਿਸ਼ਾਲ ਫੌਜੀ ਅਸਲੇਖਾਨੇ ਹਨ ਜਿਹਨਾਂ ਨੂੰ ਇਹ ਜੰਗ ਦੀਆਂ ਤਿਆਰੀਆਂ ਵਾਸਤੇ ਲਗਾਤਾਰ ਭਰਦੇ ਅਤੇ ਸੰਪੰਨ ਕਰਦੇ ਜਾ ਰਹੇ ਹਨ। ਸੋਵੀਅਤ ਆਰਥਿਕਤਾ ਦਾ ਫੌਜੀਕਰਣ ਕਰ ਦਿੱਤਾ ਗਿਆ ਹੈ ਅਤੇ ਇਸ ਆਰਥਿਕਤਾ ਨੂੰ ਇਸ ਨਵੀਂ ਸਾਮਰਾਜੀ ਮਹਾਂ-ਸ਼ਕਤੀ ਦੇ ਪਸਾਰਵਾਦੀ ਮਨਸੂਬਿਆਂ ਦੀ ਸੇਵਾ 'ਚ ਲਾ ਦਿੱਤਾ ਗਿਆ ਹੈ।

ਇਨ੍ਹਾਂ ਚੀਜ਼ਾਂ ਦੇ ਫਲਸਰੂਪ, ਸੋਵੀਅਤ ਯੂਨੀਅਨ ਦੁਨੀਆਂ ਦੇ ਲੋਕਾਂ ਸਾਹਮਣੇ ਇਕ ਹੰਕਾਰੀ ਸਾਮਰਾਜੀ ਸਕਤੀ ਦੇ ਤੌਰ ਤੇ, ਲੋਕਾਂ ਦੀ ਆਜ਼ਾਦੀ ਅਤੇ ਖ਼ੁਦਮੁਖਤਾਰੀ ਲਈ ਖ਼ਤਰਨਾਕ ਸ਼ਕਤੀ ਦੇ ਤੌਰ ਤੇ ਨੰਗਾ ਹੋ ਗਿਆ ਹੈ।

ਫਿਰ ਵੀ, ਵੱਖ-ਵੱਖ ਦੇਸ਼ਾਂ ਵਿਚ ਕੁਝ ਲੋਕਾਂ ਅਤੇ ਸਿਆਸੀ ਤਾਕਤਾਂ ਵਿਚ, ਸੋਵੀਅਤ ਯੂਨੀਅਨ ਬਾਰੇ ਅਜੇ ਵੀ ਭੁਲੇਖੇ ਹਨ, ਸੋਵੀਅਤ ਯੂਨੀਅਨ ਵਿਚ ਮੌਜੂਦਾ ਨਿਜ਼ਾਮ ਬਾਰੇ ਗਲਤ ਧਾਰਨਾਵਾਂ ਹਨ ਅਤੇ ਇਸ ਦੀ ਨੀਤੀ ਵਿਚ ਭੋਲਾ-ਭਾਲਾ ਵਿਸ਼ਵਾਸ ਵੀ ਹੈ। ਇਸ ਦੀ ਸਿਰਫ਼ ਇਕੋ ਵਜ੍ਹਾ ਇਹ ਨਹੀਂ ਹੈ ਕਿ ਸੋਵੀਅਤ ਯੂਨੀਅਨ ਆਪਣੇ ਸਮਾਜਵਾਦੀ ਬੀਤੇ ਨਾਲ ਰੱਜ ਕੇ ਜੂਆ ਖੇਡਦਾ ਅਤੇ ਅਮਰੀਕਾ ਨਾਲ ਆਪਣੇ ਭੇੜ ਦੀ ਨੀਤੀ ਨੂੰ ਇਕ, ਸਾਮਰਾਜਵਾਦ-ਵਿਰੋਧੀ ਨੀਤੀ ਦੇ ਤੌਰ ਤੇ ਪ੍ਰਚਾਰਦਾ, ਸਗੋਂ ਇਸ ਦੇ ਹੋਰ ਵੀ ਕਾਰਨ ਹਨ। ਇਹਨਾਂ ਵਿਚ ਮੁੱਖ ਕਾਰਨ ਇਹ ਹੈ ਕਿ ਸੋਵੀਅਤ ਯੂਨੀਅਨ ਆਪਣਾ ਪਸਾਰ ਆਮ ਤੌਰ ਤੇ ਸਾਮਰਾਜ-ਵਿਰੋਧੀ ਮੁਕਤੀ ਲਹਿਰਾਂ ਵਿਚ ਘੁਸ ਕੇ, ਇਹਨਾਂ ਨੂੰ ਆਪਣੇ ਹੱਥ-ਠੋਕੇ ਬਣਾ ਕੇ ਅਤੇ ਇਹਨਾਂ ਨੂੰ ਆਪਣੇ ਫਾਇਦੇ ਲਈ ਵਰਤ ਕੇ ਕਰਦਾ ਹੈ। ਤੱਥਾਂ ਨੇ ਦਿਖਾਇਆ ਹੈ ਕਿ ਸਿਰਫ਼ ਸੋਵੀਅਤ ਯੂਨੀਅਨ ਦੀ "ਕੌਮਾਂਤਰੀਵਾਦੀ ਮਦਦ" ਉੱਤੇ ਭਰੋਸਾ ਕਰਨ ਵਾਲੇ ਹੀ ਨਹੀਂ, ਸਗੋਂ ਅਜੇਹਾ ਵਿਸ਼ਵਾਸ ਕਿ ਅਮਰੀਕਨ ਸਾਮਰਾਜਵਾਦ ਅਤੇ ਹੋਰ ਸਾਮਰਾਜਾਂ ਤੋਂ ਖਲਾਸੀ ਹਾਸਲ ਕਰਨ ਲਈ ਸੋਵੀਅਤ "ਮਦਦ" ਉੱਤੇ ਟੇਕ ਰੱਖੀ ਜਾ ਸਕਦੀ ਹੈ, ਅਜੇਹਾ ਵਿਸ਼ਵਾਸ ਕਰਨ ਵਾਲੇ ਵੀ ਸੋਵੀਅਤ ਯੂਨੀਅਨ ਦੇ ਪਸਾਰਵਾਦ ਦਾ ਸ਼ਿਕਾਰ ਬਣੇ ਹਨ।

ਸੋਵੀਅਤ ਯੂਨੀਅਨ ਦੀ ਸ਼ਾਂਤੀਵਾਦੀ ਢੁਸ਼ਟੰਡਬਾਜ਼ੀ, "ਪੁਰਅਮਨ ਸਹਿਹੋਂਦ" ਦੇ ਖਰੁਸਚਵੀ ਨਾਹਰਿਆਂ ਦਾ ਪਰਦਾਫਾਸ਼ ਕਰਨਾ ਅਤੇ ਕੁਰਾਹੇਪਾਊ ਸੋਧਵਾਦੀ ਪ੍ਰਚਾਰ ਜਿਹੜਾ ਲੋਕਾਂ ਨੂੰ ਇਸ ਗੱਲ ਬਾਰੇ ਰਾਜ਼ੀ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਜੰਗ ਨੂੰ ਰੋਕਣਾ ਅਤੇ ਅਮਨ ਨੂੰ ਯਕੀਨੀ ਬਣਾਉਣਾ ਅਤੇ ਕੌਮੀ ਆਜ਼ਾਦੀ ਅਤੇ ਸਮਾਜਿਕ ਪ੍ਰੀਵਰਤਨ ਵੀ, ਦੋ ਮਹਾਂ-ਸ਼ਕਤੀਆਂ ਵਿਚਕਾਰ ਅਖੌਤੀ ਸੁਲ੍ਹਾਨਾਮੇ ਉੱਤੇ ਨਿਰਭਰ ਹਨ—ਅਜੇਹੇ ਸਭ ਪ੍ਰਚਾਰ ਦਾ ਪਰਦਾਫਾਸ਼ ਕਰਨਾ ਬਹੁਤ ਹੀ ਜ਼ਰੂਰੀ ਹੈ। ਦੁਨੀਆਂ ਦੇ ਲੋਕ ਤਣਾਓ ਦਾ ਵਾਧਾ, ਤਿੱਖੀਆਂ ਟੱਕਰਾਂ ਦਾ ਵਿਕਾਸ, ਜਾਂ ਕੌਮਾਂਤਰੀ ਮਸਲਿਆਂ ਦੇ ਹੱਲ ਲਈ ਤਾਕਤ ਦੀ ਵਰਤੋਂ ਦੇ ਵਿਰੁੱਧ ਹਨ। ਲੇਕਿਨ ਸੋਵੀਅਤ ਸੋਧਵਾਦੀਆਂ ਵਲੋਂ ਪ੍ਰਚਾਰੇ ਜਾ ਰਹੇ ਅਖੌਤੀ ਸੁਲ੍ਹਾਨਾਮੇ ਦਾ ਕੌਮਾਂਤਰੀ ਅਮਨ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਨਾਲ ਕੋਈ ਵਾਹ-ਵਾਸਤਾ ਨਹੀਂ ਹੈ, ਕਿਉਂਕਿ ਕੌਮਾਂਤਰੀ ਅਮਨ ਅਤੇ ਸੁਰੱਖਿਆ ਨੂੰ ਖ਼ਤਰਾ ਹੀ ਦੋ ਸਾਮਰਾਜੀ ਮਹਾਂਸ਼ਕਤੀਆ ਤੋਂ ਹੈ।

ਜਿਸ ਸੁਲ੍ਹਾਨਾਮੇ ਦੀਆਂ ਸੋਵੀਅਤ ਸੋਧਵਾਦੀਆਂ ਅਤੇ ਹੋਰਨਾਂ ਵਲੋਂ ਬੀਨਾਂ ਵਜਾਈਆਂ ਜਾ ਰਹੀਆਂ ਹਨ ਉਹ ਸੁਲ੍ਹਾਨਾਮਾ ਵੱਡੀਆਂ ਤਾਕਤਾਂ ਵਿਚਕਾਰ ਸੰਤੁਲਨ ਅਤੇ ਇਕਸੁਰਤਾ ਦਾ ਪੁਰਾਣਾ ਘਸਿਆ-ਫਿਟਿਆ ਸਾਮਰਾਜੀ ਸਿਧਾਂਤ ਹੀ ਹੈ। "ਸੁਲ੍ਹਾਨਾਮੇ", "ਸੰਤੁਲਨ", ਜਾਂ "ਦੋ ਧਰੁਵੀਵਾਦ" ਦੇ ਸਿਧਾਂਤ ਜੋ ਸ਼ਕਲ ਵਿਚ ਕੁੱਝ ਭਿੰਨਤਾ ਦੇ ਬਾਵਜੂਦ ਵੀ ਮਾਦੇ ਪੱਖੋਂ ਇਕੋ-ਜਿਹੇ ਹਨ, ਇਹਨਾਂ ਸਿਧਾਂਤਾਂ ਦਾ ਮਨੋਰਥ ਪਰਸਪਰ ਅਸਰ-ਰਸੂਖ ਦੇ ਦਾਇਰਿਆਂ ਦੀ ਗਰੰਟੀ ਦੇਣਾ, ਵਿਸ਼ਵ ਮਾਮਲਿਆਂ ਵਿਚ ਮਹਾਂ-ਸ਼ਕਤੀਆਂ ਦੀ ਤਾਨਾਸ਼ਾਹੀ ਨੂੰ ਵਧਾਉਣਾ, ਦੂਸਰੇ ਦੇਸ਼ਾਂ ਤੋਂ ਵੱਡੀਆਂ ਮਹਾਂ-ਸ਼ਕਤੀਆਂ ਸਾਹਵੇਂ ਮੁਕੰਮਲ ਅਤੇ ਬਿਨਾ ਸ਼ਰਤ ਗੁਲਾਮੀ ਕਰਵਾਉਣਾ ਅਤੇ ਉਹਨਾਂ ਦੇ ਕੌਮੀ ਹਿੱਤਾਂ ਅਤੇ ਖ਼ੁਦਮੁਖਤਾਰੀ ਦਾ ਕੌਮਾਂਤਰੀ ਕਾਨੂੰਨ ਅੱਗੇ ਤਿਆਗ ਕਰਵਾਉਣਾ ਹੈ।

**ਜੰਗ, ਦਮਨ ਅਤੇ ਲੁੱਟ ਦੀ ਸਾਮਰਾਜੀ-ਸੋਧਵਾਦੀ ਨੀਤੀ ਦਾ ਦੁਨੀਆਂ ਦੇ ਪ੍ਰੋਲੇਤਾਰੀਆ ਅਤੇ ਲੋਕਾਂ ਵੱਲੋਂ ਡੱਟ ਕੇ ਵਿਰੋਧ ਕੀਤਾ ਜਾ**

ਰਿਹਾ ਹੈ । ਲੋਕ, ਦੋ ਖੂਖਾਰ ਮਹਾਂ-ਸ਼ਕਤੀਆਂ—ਅਮਰੀਕਾ ਅਤੇ ਸੋਧਵਾਦੀ ਸੋਵੀਅਤ ਯੂਨੀਅਨ—ਦੀਆਂ ਸਾਜ਼ਿਸ਼ਾਂ, ਪੈਂਤੜੇਬਾਜ਼ੀਆਂ, ਯੁੱਧਨੀਤੀ ਅਤੇ ਦਾਅ-ਪੇਚਾਂ ਨੂੰ ਸਮਝਦੇ ਹਨ ਅਤੇ ਚੁੱਪ ਕਰਕੇ ਨਹੀਂ ਬੈਠੇ ।

ਅੱਜ ਦੁਨੀਆਂ ਭਰ ਵਿਚ ਮਜ਼ਦੂਰ ਜਮਾਤ ਅਤੇ ਵਿਸ਼ਵ ਪੂੰਜੀ ਵੱਲੋਂ ਲੁੱਟੇ ਅਤੇ ਦਬਾਏ ਜਾਂਦੇ ਲੋਕਾਂ ਦਾ ਸੰਘਰਸ਼ ਬਹੁਤ ਹੀ ਤਿੱਖਾ ਹੋ ਰਿਹਾ ਹੈ ਅਤੇ ਕਈ ਤਰ੍ਹਾਂ ਦੀਆਂ ਸ਼ਕਲਾਂ ਧਾਰਨ ਕਰ ਰਿਹਾ ਹੈ ਜੋ ਪਹਿਲਾਂ ਕਦੇ ਨਹੀਂ ਦੇਖੀਆਂ ਗਈਆਂ । ਮਜ਼ਦੂਰ ਜਮਾਤ ਅਤੇ ਸਭ ਲੁਟੀਂਦੇ ਲੋਕ, ਇਕ ਜਾਂ ਦੂਸਰੇ ਢੰਗ ਨਾਲ, ਘੱਟ ਜਾਂ ਵੱਧ ਤੀਬਰਤਾ ਨਾਲ, ਸਥਾਨਿਕ ਅਤੇ ਕੌਮਾਂਤਰੀ ਪੂੰਜੀਵਾਦੀ ਹਾਕਮ ਤਾਕਤਾਂ ਵਿਰੁੱਧ ਲੜ ਰਹੇ ਹਨ, ਜਿਹੜੀਆਂ ਉਹਨਾਂ ਨੂੰ ਲੁੱਟਦੀਆਂ ਹਨ, ਉਹਨਾਂ ਨੂੰ ਕੰਗਾਲ ਕਰਦੀਆਂ ਹਨ ਅਤੇ ਆਰਥਿਕ ਅਤੇ ਨੈਤਿਕ ਤੌਰ ਤੇ ਉਹਨਾਂ ਨੂੰ ਦਬਾਉਂਦੀਆਂ ਹਨ ।

ਸਭ ਪੂੰਜੀਵਾਦੀ ਦੇਸ਼ਾਂ ਵਿਚ, ਬੁਰਜੁਆਜ਼ੀ ਦੇ ਹਮਲਿਆਂ ਪ੍ਰਤੀ ਮਜ਼ਦੂਰ ਜਮਾਤ ਦੀ ਵਿਰੋਧਤਾ ਅਤੇ ਆਪਣੇ ਜੀਵਨ ਪੱਧਰ ਅਤੇ ਜਮਹੂਰੀ ਹੱਕਾਂ ਦੀ ਰਖਵਾਲੀ ਲਈ ਇਸ ਦੇ ਸੰਘਰਸ਼ ਤਿੱਖੇ ਹੋਏ ਹਨ । ਹੜਤਾਲਾਂ, ਮੁਜ਼ਾਹਰਿਆਂ ਅਤੇ ਪ੍ਰਦਰਸ਼ਨਾਂ ਦੀ ਗਿਣਤੀ ਵਿਚ ਹੀ ਨਹੀਂ ਸਗੋਂ ਇਹਨਾਂ ਵਿਚ ਹਿੱਸਾ ਲੈਣ ਵਾਲੇ ਲੋਕਾਂ ਦੀ ਗਿਣਤੀ ਵਿਚ ਵੀ ਲਾ-ਮਿਸਾਲ ਵਾਧਾ ਹੋ ਗਿਆ ਹੈ । ਅਮਰੀਕਾ ਵਿਚ, ਬਰਤਾਨੀਆਂ ਵਿਚ, ਪੱਛਮੀ ਜਰਮਨੀ ਵਿਚ, ਇਟਲੀ ਵਿਚ, ਫਰਾਂਸ ਵਿਚ, ਸਪੇਨ ਅਤੇ ਹੋਰ ਦੇਸ਼ਾਂ ਵਿਚ ਲੱਖਾਂ ਹੀ ਮਜ਼ਦੂਰ ਹੜਤਾਲ ਤੇ ਹਨ । ਇਹ ਹੜਤਾਲਾਂ ਅਤੇ ਮੁਜ਼ਾਹਰੇ ਵੱਧ ਤੋਂ ਵੱਧ ਖਾੜਕੂ ਚਰਿੱਤਰ ਧਾਰਨ ਕਰ ਰਹੇ ਹਨ । ਇਸ ਦਾ ਸਬੂਤ ਇਹ ਹੈ ਕਿ ਯੂਰਪ ਅਤੇ ਉੱਤਰੀ ਅਮਰੀਕਾ ਦੇ ਬਹੁਤ ਸਾਰੇ ਦੇਸ਼ਾਂ ਵਿਚ ਬੁਰਜੁਆ ਤਸ਼ੱਦਦ ਦੇ ਉਪਕਰਣ ਮਜ਼ਦੂਰਾਂ ਵਿਰੁੱਧ ਹਥਿਆਰਾਂ ਦੀ ਵਰਤੋਂ ਕਰਨ, ਮਜ਼ਦੂਰਾਂ ਨਾਲ ਲੜਨ, ਅਤੇ ਹੋਰ ਬੰਦਸ਼ੀ ਅਤੇ ਦਮਨਕਾਰੀ ਉਪਾਓ ਕਰਨ ਤੇ ਮਜਬੂਰ ਹੋ ਰਹੇ ਹਨ । ਮਜ਼ਦੂਰਾਂ ਵੱਲੋਂ ਬੁਰਜੁਆ ਟਰੇਡ-ਯੂਨੀਅਨਾਂ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਅਤੇ ਟਰੇਡ-ਯੂਨੀਅਨ ਲਫਟੈਣਾਂ ਦੀਆਂ ਇਛਾਵਾਂ ਅਤੇ ਹੁਕਮਾਂ ਦੇ ਉਲਟ ਸੰਘਰਸ਼ਾਂ ਨੂੰ ਜਾਰੀ ਰੱਖਣ ਅਤੇ ਤੇਜ਼ ਕਰਨ ਦੇ ਵਾਕਿਅਤ ਵਧ ਗਏ ਹਨ ।

ਵਰਤਮਾਨ ਸਮੇਂ ਵਿਚ ਮਜ਼ਦੂਰਾਂ ਦਾ ਸੰਘਰਸ਼ ਉਚੇਚੇ ਤੌਰ ਤੇ ਆਰਥਿਕ ਸੰਕਟ ਦੇ ਮਾਰੂ ਸਿੱਟਿਆਂ ਦੇ ਵਿਰੁੱਧ ਹੈ, ਜਿਸ ਸੰਕਟ ਦਾ ਭਾਰ ਸਰਮਾਏਦਾਰੀ ਮਜ਼ਦੂਰ ਜਮਾਤ ਦੇ ਮੋਢਿਆਂ ਉੱਤੇ ਲੱਦਣਾ ਚਾਹੁੰਦੀ ਹੈ । ਮਿਹਨਤਕਸ਼ ਲੋਕ ਇਸ ਨਵੇਂ ਅਨਿਆਂ ਅਤੇ ਡਾਕੇ ਦੇ ਵਿਰੁੱਧ ਉੱਠ ਖਲੋਤੇ ਹਨ ਅਤੇ ਮੰਗ ਕਰ ਰਹੇ ਹਨ ਕਿ ਇਹ ਭਾਰ ਉਹਨਾਂ ਉੱਤੇ ਨਹੀਂ, ਸਗੋਂ ਉਹਨਾਂ ਦੇ ਸਰਮਾਏਦਾਰ ਮਾਲਕਾਂ ਉੱਤੇ ਲੱਦਣਾ ਚਾਹੀਦਾ ਹੈ । ਉਹ ਆਪਣੀਆਂ ਨੌਕਰੀਆਂ ਅਤੇ ਅਸਲ ਤਨਖ਼ਾਹ ਪੱਧਰਾਂ ਨੂੰ ਬਚਾਉਣ ਲਈ ਲੜ ਰਹੇ ਹਨ, ਮੁਦਰਾ-ਸਫੀਤੀ (ਇਨਫਲੇਸ਼ਨ), ਵਧ ਰਹੀਆਂ ਕੀਮਤਾਂ ਵਿਰੁੱਧ ਲੜ ਰਹੇ ਹਨ, ਸਿਹਤ, ਵਿੱਦਿਆ, ਸਮਾਜਿਕ ਸਹਾਇਤਾ ਆਦਿ, ਲਈ ਵਧੇਰੇ ਫੰਡਾਂ ਵਾਸਤੇ ਲੜ ਰਹੇ ਹਨ ।

ਪੂੰਜੀਵਾਦ ਅਤੇ ਮੌਕਾਪ੍ਰਸਤੀ ਦੀ ਸਮਾਜਿਕ ਅਤੇ ਸਿਆਸੀ ਉਸ਼ਟੰਡਬਾਜ਼ੀ ਅਤੇ ਸੋਸ਼ਲ-ਡੈਮੋਕਰੇਸੀ, ਸੋਧਵਾਦ ਅਤੇ ਇਹਨਾਂ ਦੇ ਕੰਟਰੋਲ ਹੇਠਲੀਆਂ ਟਰੇਡ-ਯੂਨੀਅਨਾਂ ਦੀ ਭੰਗ-ਪਾਊ ਕਾਰਵਾਈ, ਆਦਿ, ਦਾ ਬੁਰਕਾ ਵੀ, ਮਜ਼ਦੂਰ ਜਮਾਤ ਅਤੇ ਸਰਮਾਏਦਾਰੀ ਵਿਚਕਾਰ ਇਸ ਰੋਜ਼ਾਨਾ ਟੱਕਰ ਵਿਚ ਲੀਰੋ ਲੀਰ ਹੋ ਰਿਹਾ ਹੈ । ਇਹ ਗੁੱਸਾ ਅਤੇ ਬਗਾਵਤ, ਜੋ ਪੂੰਜੀਵਾਦੀ ਅਤੇ ਸੋਧਵਾਦੀ ਸਰਮਾਏਦਾਰੀ ਨੂੰ ਵੱਖ ਵੱਖ ਢੰਗਾਂ ਅਤੇ ਵੱਖ ਵੱਖ ਤੇਜ਼ੀ ਨਾਲ ਸੱਟਾਂ ਮਾਰ ਰਿਹਾ ਹੈ, ਇਹ ਗੁੱਸਾ ਅਤੇ ਬਗ਼ਾਵਤ ਮਨੁੱਖਤਾ ਦੀ ਤਬਾਹੀ ਚਾਹੁਣ ਵਾਲੀਆਂ ਜੰਗ ਦੀਆਂ ਮਨਹੂਸ ਤਾਕਤਾਂ ਦੇ ਵਿਰੁੱਧ ਵੀ ਇਕ ਸਿੱਧੀ ਅਤੇ ਸ਼ਕਤੀਸ਼ਾਲੀ ਸੱਟ ਹੈ ।

ਪੂੰਜੀਵਾਦੀ ਅਤੇ ਸੋਧਵਾਦੀ ਦੇਸ਼ਾਂ ਵਿਚ ਅੱਜ, ਮਜ਼ਦੂਰ ਜਮਾਤ ਬਹੁਤ ਸਾਰੀਆਂ ਜੰਜ਼ੀਰਾਂ 'ਚ ਬੱਝੀ ਹੋਈ ਹੈ ਜਿਨ੍ਹਾਂ ਜੰਜ਼ੀਰਾਂ ਨਾਲ ਬੁਰਜੂਆ ਸਟੇਟ ਅਤੇ ਵੱਖ ਵੱਖ ਪਾਰਟੀਆਂ ਨੇ ਇਸ ਨੂੰ ਨੂੜਿਆ ਹੋਇਆ ਹੈ । ਲੇਕਿਨ ਇਹ ਹਾਲਤ ਹਮੇਸ਼ਾਂ ਨਹੀਂ ਰਹੇਗੀ । ਕ੍ਰਿਤ ਅਤੇ ਪੂੰਜੀ ਅਤੇ ਪੂੰਜੀਵਾਦੀ ਅਤੇ ਸਾਮਰਾਜੀ ਦਮਨ ਵਿਚਕਾਰ ਲਗਾਤਾਰ ਤਿੱਖੇ ਹੋ ਰਹੇ ਅੰਤਰ-ਵਿਰੋਧ ਪ੍ਰੋਲੇਤਾਰੀਆ ਦੀ ਸਿਆਸੀ ਅਤੇ ਜਮਾਤੀ ਚੇਤੰਨਤਾ ਦੇ ਵਾਧੇ ਨੂੰ ਤੇਜ਼ ਕਰ ਰਹੇ ਹਨ ਅਤੇ ਇਸ ਨੂੰ ਇਸ ਗੱਲ ਬਾਰੇ ਜਾਗਰਤ ਕਰ ਰਹੇ ਹਨ ਕਿ ਇਹ ਦਮਨ ਅਤੇ ਲੁੱਟ ਤੋਂ ਸਿਰਫ਼ ਜਮਾਤੀ ਘੋਲ ਰਾਹੀਂ ਹੀ, ਸਿਰਫ਼ ਇਨਕਲਾਬ ਰਾਹੀਂ ਹੀ ਛੁਟਕਾਰਾ ਪਾ ਸਕਦਾ ਹੈ ।

ਮਜ਼ਦੂਰ ਜਮਾਤ ਦੇ ਸੰਘਰਸ਼ਾਂ ਵਿਚ ਉਭਾਰ ਅਤੇ ਵਾਧੇ ਦੇ ਨਾਲ ਨਾਲ ਅੱਜ ਦੱਬੇ-ਕੁਚਲੇ ਲੋਕਾਂ ਦੀ ਇਕ ਵਿਸ਼ਾਲ ਜਾਗ੍ਰਤੀ, ਕੌਮੀ ਜਜ਼ਬਿਆਂ ਦੀ ਇਕ ਮਜ਼ਬੂਤੀ, ਅਤੇ ਆਜ਼ਾਦ ਅਤੇ ਖੁਦਮੁਖਤਾਰ ਬਣਨ ਦੀ ਇਕ ਤਕੜੀ ਉਮੰਗ ਵੀ ਦੇਖੀ ਜਾ ਸਕਦੀ ਹੈ । ਲੋਕ ਮੁਕਤੀ ਲਹਿਰਾਂ ਨੇ ਤੇਜ਼ੀ ਫੜੀ ਹੈ ਅਤੇ ਇਹਨਾ ਦੀ ਸਿਫ਼ਤ ਵਿਚ ਵਾਧਾ ਹੋਇਆ ਹੈ, ਅਤੇ ਇਹਨਾਂ ਦਾ ਸਾਮਰਾਜ-ਵਿਰੋਧੀ ਸਮਾਜਿਕ-ਸਾਮਰਾਜ ਵਿਰੋਧੀ ਅਤੇ ਨਵ-ਬਸਤੀਵਾਦ ਵਿਰੋਧੀ ਚਰਿੱਤਰ ਮਜ਼ਬੂਤ ਹੋਇਆ ਹੈ ।

ਇਰਾਨੀਅਨ ਲੋਕਾਂ ਦਾ ਸੰਘਰਸ਼, ਜਿਨ੍ਹਾਂ ਨੇ ਇਨਕਲਾਬ ਰਾਹੀਂ ਸ਼ਾਹ ਅਤੇ ਉਸਦੀ ਮਧ-ਯੁੱਗੀ ਹਕੂਮਤ ਨੂੰ ਹੂੰਝਾ ਫੇਰ ਦਿੱਤਾ, ਅਤੇ ਉਸਦੇ ਅਮਰੀਕਨ ਸਰਪਰਸਤਾਂ ਨੂੰ ਬਾਹਰ ਕੱਢ ਦਿੱਤਾ, ਉਹਨਾਂ ਦਾ ਇਹ ਸੰਘਰਸ਼ ਸਾਮਰਾਜਵਾਦ ਉੱਤੇ ਇਕ ਸ਼ਕਤੀਸ਼ਾਲੀ ਸੱਟ ਸੀ । ਇਰਾਨ ਵਿਚ, ਅਮਰੀਕਾ ਨੂੰ ਇਕ ਤਕੜੀ ਸਿਆਸੀ ਹਾਰ ਹੋਈ ਜਿਸ ਹਾਰ ਨੂੰ ਇਹ ਡਿਪਲੋਮੈਟਿਕ ਸਾਜ਼ਿਸ਼ਾਂ ਅਤੇ ਆਰਥਿਕ ਬਲੈਕਮੇਲ ਰਾਹੀਂ ਅਤੇ ਫੌਜੀ ਦਖ਼ਲ-ਅੰਦਾਜ਼ੀ ਰਾਹੀਂ ਵੀ ਮੋੜਨ ਵਿਚ ਅਸਫ਼ਲ ਰਿਹਾ ਹੈ । ਇਰਾਨ ਵਿਚ ਅਮਰੀਕਨ ਸਾਮਰਾਜਵਾਦ ਆਪਣੇ ਤੇਲ ਦਾ ਇਕ ਸਭ ਤੋਂ ਮਹੱਤਵਪੂਰਨ ਸੋਮਾ ਗੁਆ ਬੈਠਾ ਹੈ, ਆਪਣੇ ਲਾ-ਮਿਸਾਲ ਮੁਨਾਫ਼ੇ ਗੁਆ ਬੈਠਾ ਹੈ ਅਤੇ ਫਾਰਸ ਖਾੜੀ ਵਿਚ ਆਪਣੇ ਅਰਬ "ਮਿੱਤਰਾਂ" ਦਾ ਇਕ ਅਜਿੱਤ ਰਖਵਾਲਾ ਹੋਣ ਦੀ ਪ੍ਰਤੀਤ ਗੁਆ ਬੈਠਾ ਹੈ । ਕੈਂਪ ਡੇਵਿਡ ਵਿਖੇ ਕੀਤਾ ਗਿਆ ਮਿਸਰ-ਇਜ਼ਰਾਈਲ ਸਮਝੌਤਾ ਹਲੂਣਿਆ ਗਿਆ, ਅਤੇ ਇਸ ਦੇ ਨੈਟੋ (NATO) ਭਾਈਵਾਲਾਂ ਨਾਲ ਸ਼ਰੇਆਮ ਅਤੇ ਗੁਪਤ ਮਤ-ਭੇਦ ਪੈਦਾ ਹੋਏ ।

ਇਜ਼ਰਾਇਲੀ ਦਖ਼ਲਦਾਰਾਂ ਅਤੇ ਉਹਨਾਂ ਦੇ ਅਮਰੀਕਨ ਸਰਪਰਸਤਾਂ ਵਿਰੁੱਧ ਅਰਬ ਲੋਕਾਂ ਦਾ ਸੰਘਰਸ਼ ਤਿੱਖਾ ਅਤੇ ਵਿਸਤ੍ਰਿਤ ਹੋ ਗਿਆ ਹੈ । ਇਸ ਸੰਘਰਸ਼ ਦੇ ਕੇਂਦਰ ਵਿਚ ਦਲੇਰ ਫਲਸਤੀਨੀ ਲੋਕ ਹਨ, ਜਿਹੜੇ ਆਪਣਾ ਵਤਨ ਮੁੜ-ਪ੍ਰਾਪਤ ਕਰਨ ਲਈ ਆਪਣੇ ਹੱਕ ਪ੍ਰਾਪਤ ਕਰਨ ਲਈ ਅਤੇ ਆਪਣੀ ਮਾਤ-ਭੂਮੀ ਉੱਤੇ ਆਜ਼ਾਦੀ ਅਤੇ ਖੁਦਮੁਖਤਾਰੀ ਨਾਲ ਵਸਣ ਲਈ, ਕਈ ਦਹਾਕਿਆਂ ਤੋਂ ਲਾ-ਮਿਸਾਲ ਕਠਿਨ ਹਾਲਤਾਂ ਵਿਚ ਇਕ ਸੂਰਬੀਰਤਾ ਭਰੀ ਲੜਾਈ ਲੜਦੇ ਆ ਰਹੇ ਹਨ । ਅਫ਼ਗਾਨਿਸਤਾਨ ਦੇ ਲੋਕ ਆਪਣੀ ਕੌਮੀ ਆਜ਼ਾਦੀ ਨੂੰ ਮੁੜ-ਪ੍ਰਾਪਤ ਕਰਨ ਲਈ ਸੋਵੀਅਤ ਸਮਾਜਿਕ-ਸਾਮਰਾਜਵਾਦੀਆਂ ਅਤੇ ਉਹਨਾਂ ਦੇ ਸਥਾਨਿਕ ਪਿੱਠੂਆਂ ਵਿਰੁੱਧ ਦਲੇਰੀ ਅਤੇ ਹਠ ਨਾਲ ਲੜ ਰਹੇ ਹਨ ।

ਲਾਤੀਨੀ ਅਮਰੀਕਾ ਦੇ ਲੋਕ ਫਾਸ਼ੀ ਤਾਨਾਸ਼ਾਹੀਆਂ ਵਿਰੁੱਧ ਲੜਾਈ ਵਿਚ ਆਪਣਾ ਖ਼ੂਨ ਵਹਾ ਰਹੇ ਹਨ, ਜਿਹੜੀਆਂ ਤਾਨਾਸ਼ਾਹੀਆਂ ਅਮਰੀਕਨ ਸਾਮਰਾਜਵਾਦ ਦੀ ਸਿੱਧੀ ਮਦਦ ਨਾਲ ਤਾਕਤ ਵਿਚ ਰੱਖੀਆਂ ਹੋਈਆਂ ਹਨ । ਲਾਤੀਨੀ ਅਮਰੀਕਾ ਵਿਚ ਮੁਕਤੀ ਅਤੇ ਇਨਕਲਾਬੀ ਲਹਿਰ ਤੇਜ਼ ਹੋ ਰਹੀ ਹੈ ਅਤੇ ਕਈ ਜਗ੍ਹਾਵਾਂ ਤੇ ਦੁਸ਼ਮਣਾਂ ਨੂੰ ਹਰਾ ਕੇ ਜੇਤੂ ਹੋਣ ਵਿਚ ਸਫ਼ਲ ਰਹੀ ਹੈ । ਇਸ ਦੀ ਇਕ ਤਾਜ਼ਾ ਮਿਸਾਲ ਨਿਕਾਰਗੁਆ ਵਿਚ ਇਨਕਲਾਬ ਦੀ ਜਿੱਤ ਹੈ ਜਿਸ ਇਨਕਲਾਬ ਨੇ ਇਕ ਸਭ ਤੋਂ ਵਧੇਰੇ ਪਿਛਾਖੜੀ ਹਕੂਮਤ ਦਾ, ਜਾਣੀ ਕਿ ਸਮੋਜ਼ਾ ਦੀ ਹਕੂਮਤ ਦਾ ਸਫ਼ਾਇਆ ਕਰ ਦਿੱਤਾ । ਏਸੇ ਤਰ੍ਹਾਂ ਹੀ ਸਲਵਾਡੋਰ ਵਿਚ ਇਨਕਲਾਬ ਦੇ ਉਭਾਰ ਦੀ ਮਿਸਾਲ ਵੀ ਹੈ । ਅਮਰੀਕਾ ਦੇ "ਪਿਛਵਾੜੇ (backyard)" ਵਿਚ ਮਹਾਨ ਝੱਖੜ ਉਠ ਰਹੇ ਹਨ, ਅਜੇਹੇ ਝੱਖੜ ਜੋ ਨਾ ਹਥਿਆਰਾਂ ਨਾਲ ਅਤੇ ਨਾ ਹੀ ਡਾਲਰਾਂ ਨਾਲ ਰੋਕੇ ਜਾ ਸਕਦੇ ਹਨ ।

ਅਫ਼ਰੀਕੀ ਮਹਾਂਦੀਪ ਵੀ ਚੁੱਪ ਨਹੀਂ ਹੈ । ਲੰਬੇ ਅਤੇ ਦ੍ਰਿੜ੍ਹ ਸੰਘਰਸ਼ ਸਦਕਾ, ਇਕ-ਇਕ ਕਰਕੇ ਬਹੁਤ ਸਾਰੇ ਅਫ਼ਰੀਕੀ ਦੇਸ਼ਾਂ ਨੇ ਆਪਣੀ ਸਟੇਟ ਆਜ਼ਾਦੀ ਹਾਸਲ ਕਰ ਲਈ । ਹਥਿਆਰਬੰਦ ਸੰਘਰਸ਼ ਰਾਹੀਂ ਜਿਮਬਾਬਵੇ ਦੀ ਕਾਲੀ ਵਸੋਂ ਆਪਣੇ ਹੱਕ ਜਿੱਤਣ ਵਿਚ ਕਾਮਯਾਬ ਹੋਈ, ਜਿਹੜੇ ਹੱਕਾਂ ਤੋਂ ਪੁਰਾਣੇ ਬਸਤੀਵਾਦੀਆਂ ਦੀ ਇਕ ਪਿਛਾਖੜੀ ਘੱਟ-ਗਿਣਤੀ ਨੇ ਇਸ ਨੂੰ ਵੰਚਿਤ ਕੀਤਾ ਹੋਇਆ ਸੀ । ਫਿਰ ਵੀ, ਨਾਂਬੀਆ ਅਤੇ ਦੱਖਣੀ ਅਫ਼ਰੀਕਾ ਦੇ ਲੋਕ ਜੋ ਅਲੱਗ-ਅਲੱਗ ਅਤੇ ਬਿਨਾਂ ਕਿਸੇ ਅਧਿਕਾਰਾਂ ਤੋਂ ਰਹਿ ਰਹੇ ਹਨ ਅਜੇ ਵੀ ਆਜ਼ਾਦ ਨਹੀਂ ਹੋਏ । ਅਫ਼ਰੀਕਾ ਦੇ ਲੋਕਾਂ ਨੇ ਨਸਲਵਾਦ ਨੂੰ ਸਵੀਕਾਰ ਨਹੀਂ ਕੀਤਾ ਅਤੇ ਨਾ ਹੀ ਕਦੇ ਸਵੀਕਾਰ ਕਰਨਗੇ । ਨਸਲਵਾਦ ਦੀ ਹੋਂਦ ਅਫ਼ਰੀਕੀ ਲੋਕਾਂ ਦੀ ਹੱਤਕ ਕਰਦੀ ਹੈ ਅਤੇ

ਉਹ ਇਸ ਵਿਰੁੱਧ ਗੁੱਸੇ ਨਾਲ ਬਲ ਰਹੇ ਹਨ ।

ਲੋਕ-ਮੁਕਤੀ ਜੰਗਾਂ, ਆਜ਼ਾਦੀ ਅਤੇ ਖੁਦਮੁਖਤਾਰੀ ਲਈ ਲੜ ਰਹੇ ਲੋਕਾਂ ਵਲੋਂ ਵਹਾਇਆ ਜਾ ਰਿਹਾ ਖ਼ੂਨ, ਪੂੰਜੀਵਾਦੀ ਲੁੱਟ ਅਤੇ ਸਾਮਰਾਜੀ ਜੂਲੇ ਪ੍ਰਤੀ ਘ੍ਰਿਣਾ ਅਤੇ ਇਸ ਵਿਰੁੱਧ ਗੁੱਸੇ ਦਾ ਸਬੂਤ ਹਨ । ਇਹ, ਸਾਮਰਾਜਵਾਦ ਦੇ ਗਲ-ਸੜ ਰਿਹਾ ਪੂੰਜੀਵਾਦ ਹੋਣ ਬਾਰੇ, ਪ੍ਰੋਲੇਤਾਰੀਅਨ ਇਨਕਲਾਬਾਂ ਦੀ ਪੂਰਬ ਸੰਧਿਆ ਹੋਣ ਬਾਰੇ ਲੈਨਿਨ ਦੇ ਥੀਸਸ ਦੀ ਪ੍ਰੋੜ੍ਹਤਾ (ਪੁਸ਼ਟੀ) ਕਰਦੇ ਹਨ । ਇਹ ਇਸ ਚੀਜ਼ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਸਾਮਰਾਜਵਾਦ ਜਹੰਨਮ ਵੱਲ ਜਾ ਰਿਹਾ ਹੈ, ਕਿ ਇਹ ਹੁਣ ਇਸ ਵਿਰੁੱਧ ਉੱਠਣ ਦਾ ਹੌਂਸਲਾ ਕਰਨ ਵਾਲੇ ਅਤੇ ਇਸ ਦੇ ਦਬਾਓ ਤੋਂ, ਧਮਕੀਆਂ ਅਤੇ ਹਥਿਆਰਬੰਦ ਦਖ਼ਲ-ਅੰਦਾਜ਼ੀਆਂ ਤੋਂ ਵੀ ਨਾ ਡਰਨ ਵਾਲੇ ਲੋਕਾਂ ਦੇ ਇਨਕਲਾਬੀ ਹੱਲੇ ਨੂੰ ਰੋਕਣ ਦੀ ਕਾਬਲੀਅਤ ਨਹੀਂ ਰੱਖਦਾ ।

**ਕੌਮਾਂਤਰੀ ਹਾਲਤ ਅਤੇ ਜੰਗ ਦਾ ਖ਼ਤਰਾ, ਇੱਕ ਡੂੰਘੇ ਆਰਥਿਕ ਸਿਆਸੀ ਅਤੇ ਵਿਚਾਰਧਾਰਕ ਸੰਕਟ ਜਿਸ ਨੇ ਪੂੰਜੀਵਾਦੀ ਅਤੇ ਸੋਧਵਾਦੀ ਦੁਨੀਆਂ ਨੂੰ ਆਪਣੇ ਲਪੇਟ 'ਚ ਲਿਆ ਹੋਇਆ ਹੈ, ਉਸ ਸੰਕਟ ਕਾਰਨ ਹੋਰ ਵੀ ਮਾਰੂ ਬਣ ਰਹੇ ਹਨ ।** ਵਰਤਮਾਨ ਸੰਕਟ, ਪੂੰਜੀਵਾਦ ਦੇ ਮਹਾਂ ਸੰਕਟ ਦੇ ਡੂੰਘੇਰਾ ਹੋਣ ਦਾ ਬਹੁਤ ਹੀ ਠੋਸ ਅਤੇ ਪ੍ਰਤੱਖ ਸਬੂਤ ਹੈ। 30ਵਿਆਂ ਦੇ ਸੰਕਟ ਨੇ ਅਮਰੀਕਾ ਅਤੇ ਖ਼ਾਸਕਰ ਵੱਡੇ ਵਿਕਸਿਤ ਦੇਸ਼ਾਂ ਨੂੰ ਹੀ ਆਪਣੀ ਲਪੇਟ ਵਿਚ ਲਿਆ ਸੀ, ਲੇਕਿਨ ਵਰਤਮਾਨ ਸੰਕਟ ਨੇ ਵਿਕਸਿਤ ਅਤੇ ਅਵਿਕਸਿਤ ਸਭ ਤਰ੍ਹਾਂ ਦੇ ਪੂੰਜੀਵਾਦੀ ਦੇਸ਼ਾਂ ਨੂੰ ਆਪਣੀ ਲਪੇਟ 'ਚ ਲੈ ਲਿਆ ਹੈ । ਸੰਕਟ ਦੀ ਇਹ ਵਧੇਰੇ ਵਿਸ਼ਾਲਤਾ ਅਤੇ ਗਹਿਰਾਈ, ਦੂਸਰੀ ਵਿਸ਼ਵ ਜੰਗ ਤੋਂ ਬਾਅਦ ਪੂੰਜੀਵਾਦੀ ਨਿਜ਼ਾਮ ਦੇ ਵਿਕਾਸ ਵਿਚ ਕੁੱਝ ਨਵੇਂ ਤੱਤਾਂ ਦੀ ਵਜ੍ਹਾ ਕਰਕੇ ਹੈ । ਇਹ ਤੱਤ ਹਨ :—ਪੂੰਜੀ ਦੇ ਸੰਕੇਂਦ੍ਰਣ ਅਤੇ ਕੌਮਾਂਤਰੀਕਰਣ ਵਿਚ ਹੋਰ ਵਾਧਾ, ਵਿਸ਼ਵ ਮਾਲੀ-ਸਿਸਟਮ ਵਿਚ ਡਾਲਰ ਦੀ ਤਕਰੀਬਨ ਮੁਕੰਮਲ ਸਰਦਾਰੀ ਦੀ ਸਥਾਪਨਾ, ਬਹੁ-ਕੌਮੀ ਕੰਪਣੀਆਂ ਦੇ ਕਾਰੋਬਾਰ ਵਿਚ ਵਾਧਾ ਅਤੇ ਵਿਸ਼ਵ ਉਤਪਾਦਨ ਵਿਚ ਇਹਨਾਂ ਦੀ ਲਗਾਤਾਰ ਵਧਦੀ ਪ੍ਰਬਲਤਾ ਅਤੇ ਸਭ ਹੱਦਾਂ-ਬੰਨਿਆਂ ਤੋਂ ਬਾਹਰ ਅਣ-ਉਤਪਾਦਕ ਖ਼ਰਚਾਂ ਦਾ, ਖ਼ਾਸਕਰ ਹਥਿਆਰਾਂ ਉੱਤੇ ਖਰਚਾਂ ਦਾ ਵਾਧਾ ।

ਜਮਾਤੀ ਅਤੇ ਮੁਕਤੀ ਸੰਘਰਸ਼ਾਂ ਨੇ, ਸਾਮਰਾਜਵਾਦ ਦੀਆਂ ਸਥਿਤੀਆਂ ਵਿਚ ਚੋਖੀ ਕਮਜ਼ੋਰੀ ਨੇ, ਜੋ ਬਸਤੀਵਾਦੀ ਨਿਜ਼ਾਮ ਦੀ ਤਬਾਹੀ ਅਤੇ ਬਹੁਤ ਸਾਰੀਆਂ ਨਵੀਆਂ ਸਟੇਟਾਂ ਦੀ ਸਥਾਪਨਾ ਦੇ ਫਲਸਰੂਪ ਹੋਈ ਸੀ, ਅਤੇ ਇਹਨਾਂ ਸਟੇਟਾਂ ਦੇ, ਇਸ ਜਾਂ ਉਸ ਹੱਦ ਤਕ, ਮੁਕੰਮਲ ਸਿਆਸੀ ਅਤੇ ਆਰਥਿਕ ਆਜ਼ਾਦੀ ਦੀ ਪ੍ਰਾਪਤੀ ਲਈ ਸੰਘਰਸ਼ ਨੇ, ਵਰਤਮਾਨ ਸੰਕਟ ਦੇ ਜਨਮ ਅਤੇ ਵਿਕਾਸ ਉੱਤੇ ਇਕ ਤਕੜਾ, ਬਲਕਿ ਇਕ ਬਹੁਤ ਹੀ ਫੈਸਲਾਕੁੰਨ ਪ੍ਰਭਾਵ ਪਾਇਆ ਹੈ ।

ਹੋਰ ਸਭ ਸੰਕਟਾਂ ਦੀ ਤਰ੍ਹਾਂ ਹੀ, ਵਰਤਮਾਨ ਸੰਕਟ ਵੀ ਅਤਿ-ਉਤਪਾਦਨ ਦਾ ਸੰਕਟ ਹੈ । ਇਹ ਪੂੰਜੀਵਾਦੀ ਨਿਜ਼ਾਮ ਦੀ ਪੈਦਾਇਸ਼ ਅਤੇ ਇਸ ਦਾ ਇਕ ਅਟੱਲ ਚਮਤਕਾਰ ਹੈ । ਬੀਤੇ ਦੇ ਸੰਕਟ ਦੇ ਉਲਟ, ਵਰਤਮਾਨ ਸੰਕਟ ਇਕ ਲੰਬੇ ਸਮੇਂ ਲਈ ਚੱਲ ਰਿਹਾ ਹੈ ਅਤੇ ਇਸ ਤੋਂ ਛੁਟਕਾਰੇ ਦੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ ।

ਪੂੰਜੀਵਾਦੀ ਆਰਥਿਕਤਾ ਖੜੋਤ (stagnation) ਦੀ ਹਾਲਤ ਵਿਚ ਹੈ । ਕੁੱਝ ਦੇਸ਼ਾਂ ਵਿਚ ਉਤਪਾਦਨ ਹੋਰ ਵੀ ਘੱਟ ਰਿਹਾ ਹੈ ਜਾਂ ਬਿਲਕੁੱਲ ਮਾਮੂਲੀ ਜਿਹੇ ਵਾਧੇ ਦਿਖਾ ਰਿਹਾ ਹੈ । ਮੰਡੀਆਂ ਦੀਆਂ ਬੰਦਸ਼ਾਂ ਕਾਰਨ, ਦੁਨੀਆਂ ਦੇ ਪੱਧਰ ਤੇ ਬਰਾਮਦਾਂ ਘੱਟ ਰਹੀਆਂ ਹਨ । ਵੱਡੇ ਉਦਯੋਗਿਕ ਦੇਸ਼ਾਂ ਦੀਆਂ ਉਤਪਾਦਨ ਸਮਰੱਥਾਵਾਂ ਦੀ ਵਰਤੋਂ ਲਗਾਤਾਰ ਘੱਟ ਰਹੀ ਹੈ । ਉਹਨਾਂ ਦੇਸ਼ਾਂ ਵਿਚ ਬੇਰੁਜ਼ਗਾਰਾਂ ਦੀ ਗਿਣਤੀ 2 ਕਰੋੜ 50 ਲੱਖ ਹੋ ਗਈ ਹੈ । ਮੁਦਰਾ-ਸਫ਼ੀਤੀ ਲਗਾਤਾਰ ਵਧ ਰਹੀ ਹੈ ।

ਵਰਤਮਾਨ ਸੰਕਟ ਨੇ, ਬੀਤੇ ਸੰਕਟਾਂ ਨਾਲੋਂ ਵੀ ਵੱਧ ਇਹ ਸਾਬਿਤ ਕਰ ਦਿੱਤਾ ਹੈ ਕਿ ਬੁਰਜੂਆ ਸਿਸਟਮ, ਆਪਣੇ ਵਿਕਾਸ ਦੁਰਾਨ ਜੋ ਚਾਹੇ ਬਾਹਰੀ ਸ਼ਕਲਾਂ ਧਾਰਨ ਕਰੇ, ਪਰ ਆਰਥਿਕਤਾ ਦੀ ਇੱਕਸੁਰ ਉੱਨਤੀ ਨੂੰ ਯਕੀਨੀ ਨਹੀਂ ਬਣਾ ਸਕਦਾ, ਮਿਹਨਤਕਸ਼ ਲੋਕਾਂ ਨੂੰ ਕੰਮ ਅਤੇ ਖਾਣੇ ਦੀ ਗਰੰਟੀ ਨਹੀਂ ਦੇ ਸਕਦਾ, ਆਰਥਿਕ ਆਫ਼ਤਾਂ ਤੋਂ ਅਤੇ ਪੈਦਾਵਾਰੀ ਸ਼ਕਤੀਆਂ ਅਤੇ ਮਿਹਨਤਕਸ਼ ਲੋਕਾਂ ਦੇ ਖ਼ੂਨ-ਪਸੀਨੇ ਨਾਲ ਪੈਦਾ ਕੀਤੀ ਗਈ ਕੌਮੀ ਦੌਲਤ ਦੀ ਤਬਾਹੀ ਤੋਂ ਨਹੀਂ ਬਚ ਸਕਦਾ ।

ਵਰਤਮਾਨ ਸੰਕਟ ਸਟੇਟ ਇਜ਼ਾਰੇਦਾਰ ਪੂੰਜੀਵਾਦ ਦਾ ਸੰਕਟ ਅਤੇ ਅਸਫ਼ਲਤਾ ਹੈ । ਆਰਥਿਕਤਾ ਦੇ ਸਟੇਟ ਇਜ਼ਾਰੇਦਾਰੀ ਨਿਯਮਣ ਦੀ ਜੰਤਰ-ਵਿਧੀ ਸੰਕਟ ਵਿਰੁੱਧ ਸ਼ਕਤੀਹੀਣ ਹੀ ਸਾਬਿਤ ਨਹੀਂ ਹੋਈ ਬਲਕਿ ਆਰਥਿਕ ਔਕੜਾਂ ਨੂੰ ਵਧਾਉਣ ਵਾਲੇ ਇਕ ਹੋਰ ਤੱਤ ਦਾ ਰੂਪ ਵੀ ਧਾਰਨ ਕਰ ਗਈ ਹੈ । ਇਸ ਤਰ੍ਹਾਂ ਇਹ ਸਾਬਿਤ ਹੋ ਗਿਆ ਹੈ ਕਿ ਇਜ਼ਾਰੇਦਾਰ ਸਟੇਟ ਦੀ ਦਖ਼ਲ-ਅੰਦਾਜ਼ੀ ਅਤੇ ਪੂੰਜੀਵਾਦੀ ਯੋਜਨਾਬੰਦੀ, ਮੁਕਾਬਲੇ ਨੂੰ ਖ਼ਤਮ ਕਰਨ, ਵਸੋਂ ਲਈ ਮੁਕੰਮਲ ਰੋਜ਼ਗਾਰ ਯਕੀਨੀ ਬਣਾਉਣ ਅਤੇ ਸਮਾਜਿਕ ਮੁੜ-ਉਤਪਾਦਨ ਦੇ ਵਾਧੇ ਦੇ ਰਾਹ ਚੋਂ ਅੜਚਣਾਂ ਖ਼ਤਮ ਕਰਨ ਵਿਚ ਅਸਫ਼ਲ ਹਨ ।

ਵਰਤਮਾਨ ਸੰਕਟ ਨਾਲ ਪੂੰਜੀਵਾਦੀ "ਉਪਭੋਗੀ" ਸਮਾਜ ਦੇ ਨਮੂਨੇ ਉੱਤੇ ਇੱਕ ਮਾਰੂ ਸੱਟ ਲੱਗੀ ਹੈ । ਅਜੋਕੇ ਪੂੰਜੀਵਾਦ ਦੇ ਆਰਥਿਕ ਸਿਧਾਂਤ, ਜੋ ਸਭ ਵੱਡੇ ਪੂੰਜੀਵਾਦੀ ਦੇਸ਼ਾਂ ਵਿਚ ਫੈਲਾਏ ਅਤੇ ਲਾਗੂ ਕੀਤੇ ਹਨ, ਅਤੇ ਜਿਨ੍ਹਾਂ ਸਿਧਾਂਤਾਂ ਨੇ ਕਈ ਸੋਧਵਾਦੀ ਦੇਸ਼ਾਂ ਨੂੰ ਉਹਨਾਂ ਦੇ ਆਰਥਿਕ ਸੁਧਾਰਾਂ ਵਿਚ ਉਤਸ਼ਾਹ ਦਿੱਤਾ ਹੈ, ਇਹਨਾਂ ਸਾਰੇ ਸਿਧਾਂਤਾਂ ਦਾ ਵੀ ਪੂੰਜੀਵਾਦ ਦੇ ਨਾਲ ਹੀ ਦਿਵਾਲਾ ਨਿਕਲ ਗਿਆ ਹੈ ।

ਹੋਰ, ਵਰਤਮਾਨ ਸੰਕਟ ਨੇ ਸਿਰਫ਼ ਕਲਾਸਕੀ ਪੂੰਜੀਵਾਦ ਦੇ ਹੀ ਨਹੀਂ ਸਗੋਂ ਸੋਵੀਅਤ ਯੂਨੀਅਨ ਵਿਚ ਮੌਜੂਦ ਪੂੰਜੀਵਾਦ—ਜਾਣੀ ਕਿ ਸਟੇਟ ਇਜ਼ਾਰੇਦਾਰ ਪੂੰਜੀਵਾਦ ਅਤੇ ਇਸ ਦੇ ਉਪਕਰਣਾਂ—ਦਾ ਗਲਿਆ-ਸੜਿਆਪਣ ਪ੍ਰਤੱਖ ਦਿਖਾ ਦਿੱਤਾ ਹੈ । ਮਿਹਨਤਕਸ਼ ਲੋਕਾਂ ਉੱਤੇ ਗੁਲਾਮੀ ਅਤੇ ਉਹਨਾਂ ਦੀ ਲੁੱਟ ਦੀ ਇਹ ਪੂੰਜੀਵਾਦੀ ਸ਼ਕਲ ਆਰਥਿਕਤਾ ਵਿਚ ਗੜ-ਬੜੀ, ਪੈਦਾਵਾਰੀ ਸ਼ਕਤੀਆਂ ਦੀ ਤਬਾਹੀ, ਉਤਪਾਦਨ ਵਿਚ ਕਮੀ, ਮਿਹਨਤਕਸ਼ ਲੋਕਾਂ ਦੇ ਜੀਵਨ ਪੱਧਰ ਦੇ ਨਿਘਾਰ, ਅਤੇ ਬੁਰਜੂਆ ਸਮਾਜ ਵੱਲੋਂ ਪੈਦਾ ਕੀਤੀਆਂ ਬੀਮਾਰੀਆਂ ਦੇ ਫੈਲਾਅ ਤੋਂ ਬੱਚ ਨਹੀਂ ਸਕੀ ।

ਅਗਰ ਅਸੀਂ ਅਜੋਕੀ ਪੂੰਜੀਵਾਦੀ ਅਤੇ ਸੋਧਵਾਦੀ ਆਰਥਿਕਤਾ ਦਾ ਇਕ ਆਮ ਚਰਿੱਤਰਣ ਕਰੀਏ ਤਾਂ ਅਸੀਂ ਕਹਾਂਗੇ ਕਿ ਇਹ ਇਕ ਖੜੋਤ ਦੀ ਹਾਲਤ ਵਿਚ ਹੈ, ਜੋ ਅੰਦਰੂਨੀ ਸਮਾਜਿਕ ਰਿਸ਼ਤਿਆਂ ਅਤੇ ਦੇਸ਼ਾਂ ਵਿਚਕਾਰ ਰਿਸ਼ਤਿਆਂ ਨੂੰ ਲਗਾਤਾਰ ਵੱਧ ਤੋਂ ਵੱਧ ਜ਼ਲੀਲ ਬਣਾ ਰਹੀ ਹੈ । ਜੋ ਕੁੱਝ ਬਿਲਕੁੱਲ ਉਭਰ ਕੇ ਸਾਹਮਣੇ ਆਉਂਦਾ ਹੈ ਉਹ ਹੈ ਮਿਹਨਤਕਸ਼ ਲੋਕਾਂ ਦੇ ਜੀਵਨ ਪੱਧਰ ਅਤੇ ਹੱਕਾਂ ਉੱਤੇ ਇਕ ਵਿਸ਼ਾਲ ਹਮਲਾ । ਤਕਰੀਬਨ ਸਾਰੇ ਹੀ ਦੇਸ਼ਾਂ ਵਿਚ, ਸਿਹਤ, ਵਿੱਦਿਆ, ਬਾਲ-ਭਲਾਈ, ਪੈਨਸ਼ਨਾਂ, ਆਦਿ ਉੱਤੇ ਖ਼ਰਚ ਵਿਚ ਬੇਹੱਦ ਕਟੌਤੀਆਂ ਕੀਤੀਆਂ ਜਾ ਰਹੀਆਂ ਹਨ ।

ਮਿਹਨਤਕਸ਼ ਲੋਕਾਂ ਦੀ ਆਰਥਿਕ ਹਾਲਤ ਦੇ ਵਿਗਾੜ ਦੇ ਨਾਲੋ ਨਾਲ, ਬਹੁਤ ਸਾਰੇ ਪੂੰਜੀਵਾਦੀ ਦੇਸ਼ਾਂ ਵਿਚ "ਸ਼ਕਤੀਸ਼ਾਲੀ" ਸਰਕਾਰਾਂ ਬਣਾਉਣ ਦੀ ਮੰਗ ਵੱਧ ਰਹੀ ਹੈ । ਇਸ ਮੰਗਾਂ ਦਾ ਮਨੋਰਥ ਹੈ ਵਸੋਂ ਉੱਤੇ ਮਜ਼ਦੂਰ-ਵਿਰੋਧੀ ਉਪਾਉ ਠੋਸਣਾ ਅਤੇ ਤਿੱਖੇ ਹੋ ਰਹੇ ਜਮਾਤੀ ਸੰਘਰਸ਼ ਨੂੰ ਕਾਬੂ 'ਚ ਲਿਆਉਣਾ । ਕੁੱਝ ਦੇਸ਼ਾਂ ਵਿਚ ਫ਼ੌਜੀ ਪਲਟੇ ਕੀਤੇ ਜਾਂਦੇ ਹਨ, ਦਹਿਸ਼ਤ ਅਤੇ ਅਰਾਜਕਤਾ ਦਾ ਬੋਲ-ਬਾਲਾ ਹੈ, ਵੱਡੇ ਪੈਮਾਨੇ ਤੇ ਗ਼ੈਰ-ਕਾਨੂੰਨੀ ਕਾਰੋਬਾਰ ਚਲਾਏ ਜਾਂਦੇ ਹਨ, ਕੌਮੀ ਅਤੇ ਕੌਮਾਂਤਰੀ ਪੱਧਰ ਤੇ ਵੱਡੀਆਂ ਡਕੈਤੀਆ ਜਥੇਬੰਦ ਕੀਤੀਆਂ ਜਾ ਰਹੀਆਂ ਹਨ, ਅਤੇ ਜਿਸਮਾਨੀ, ਨੈਤਿਕ ਅਤੇ ਸਿਆਸੀ ਭਰਿਸ਼ਟਾਚਾਰ ਮਨਹੂਸ ਤਰੀਕੇ ਨਾਲ ਅਤੇ ਬੇਰੋਕ ਵੱਧ ਰਿਹਾ ਹੈ । ਇਹ ਸਭ ਕੁੱਝ ਸੱਤਾਧਾਰੀ ਬੁਰਜੂਆਂ ਪੂੰਜੀਵਾਦੀ ਸਰਕਾਰਾਂ ਜਥੇਬੰਦ ਕਰਦੀਆਂ ਹਨ। ਫ਼ਾਸ਼ੀਵਾਦ ਬਹੁਤ ਸਾਰੇ ਦੇਸ਼ਾਂ ਦੇ ਬੂਹੇ ਤੇ ਖੜਾ ਹੈ ।

ਸਭ ਦਿਸ਼ਾਵਾਂ ਅਤੇ ਸਭ ਪਹਿਲੂਆਂ ਵਿਚ ਵਰਤਮਾਨ ਸੰਕਟ ਸਾਬਿਤ ਕਰਦਾ ਹੈ ਕਿ ਪੂੰਜੀਵਾਦ ਬਾਰੇ ਮਾਰਕਸ ਦਾ ਵਿਸ਼ਲੇਸ਼ਣ ਅਤੇ ਸਾਮਰਾਜਵਾਦ ਬਾਰੇ ਲੈਨਿਨ ਦੇ ਨਿਚੋੜ ਅੱਜ ਵੀ ਸਿਰਫ਼ ਦਰੁਸਤ ਹੀ ਨਹੀਂ, ਬਲਕਿ ਪੂੰਜੀਵਾਦੀ ਦੁਨੀਆਂ ਵਿਚ ਚਲ ਰਹੀਆਂ ਵਰਤਮਾਨ ਸਮਾਜਿਕ ਵਿਧੀਆਂ ਨੂੰ ਅਤੇ ਇਹਨਾਂ ਦੇ ਵਿਕਾਸ ਦੇ ਰੁਝਾਨਾਂ ਨੂੰ ਸਮਝਣ ਦਾ ਇੱਕ ਬੁਨਿਆਦੀ ਵਿਗਿਆਨਕ ਆਧਾਰ ਵੀ ਹਨ ।

**ਆਰਥਿਕ ਸੰਕਟ ਅਤੇ ਮਹਾਂ-ਸ਼ਕਤੀਆਂ ਦੀ ਧਾੜਵੀ ਸੇਧ ਨੇ ਸਾਮ-ਰਾਜੀ ਸ਼ਕਤੀਆਂ ਵਿਚਕਾਰ ਸੱਭੇ ਅੰਤਰ-ਵਿਰੋਧ ਹੋਰ ਵਧੇਰੇ ਤਿੱਖੇ ਕਰ ਦਿੱਤੇ ਹਨ ਅਤੇ ਇਹਨਾਂ ਦੇ ਗੁੱਟਾਂ ਅਤੇ ਗਠਜੋੜਾਂ ਉੱਤੇ ਕਰਾਰੀਆਂ ਸੱਟਾਂ**

ਮਾਰੀਆਂ ਹਨ। ਵੱਖ ਵੱਖ ਸਾਮਰਾਜੀ ਅਤੇ ਸੋਧਵਾਦੀ ਗੁੱਟਾਂ ਵਿਚ ਆਰਥਿਕ, ਸਿਆਸੀ ਅਤੇ ਫ਼ੌਜੀ ਰਿਸ਼ਤੇ ਹਲੂਣੇ ਗਏ ਹਨ। ਪੱਛਮੀ ਅਤੇ ਪੂਰਬੀ ਗੁੱਟਾਂ ਦੇ ਮੈਂਬਰ ਵੱਖ ਵੱਖ ਦੁਫੇੜਾਂ ਤੋਂ ਫਾਇਦਾ ਉਠਾਉਣ ਅਤੇ ਵਾਇਦਿਆਂ, ਸੰਧੀਆਂ ਅਤੇ ਸਮਝੌਤਿਆਂ ਦੀ ਪਾਲਣਾ ਨਾ ਕਰਨ ਲਈ ਬਹਾਨੇ ਢੂੰਡਣ ਦੇ ਯਤਨ ਕਰ ਰਹੇ ਹਨ। ਪੁਰਾਣੇ ਝਗੜਿਆਂ ਅਤੇ ਭੇੜਾਂ ਵਿਚ ਨਵੇਂ ਝਗੜੇ ਅਤੇ ਭੇੜ ਜਮ੍ਹਾਂ ਹੋ ਰਹੇ ਹਨ। ਇਹ ਪੱਛਮੀ ਗੁੱਟ ਵਿਚ ਜ਼ਿਆਦਾ ਪ੍ਰਤੱਖ ਹੈ।

ਅਮਰੀਕਾ, ਦੁਨੀਆਂ ਦੇ ਲੋਕਾਂ ਵਿਰੁੱਧ ਡੰਡੇ ਦੀ ਨੀਤੀ ਦੇ ਨਾਲ ਨਾਲ ਆਪਣੇ ਭਾਈਵਾਲਾਂ ਅਤੇ ਗਾਹਕਾਂ ਉੱਤੇ ਆਪਣੇ ਸ਼ਿਕੰਜੇ ਕੱਸਣ ਦੀ ਨੀਤੀ ਤੇ ਚੱਲਦਾ ਹੈ। ਯੂਰਪ, ਜਪਾਨ ਅਤੇ ਚੀਨ ਤੋਂ ਅਮਰੀਕਨ ਸਾਮਰਾਜਵਾਦ, ਸਭ ਖੇਤਰਾਂ ਵਿਚ ਇਸ ਨਾਲ ਸਹਿਯੋਗ ਦੀ ਹੀ ਨਹੀਂ, ਸਗੋਂ ਪੂਰੀ ਤਰ੍ਹਾਂ ਅਧੀਨਗੀ ਦੀ ਵੀ ਮੰਗ ਕਰਦਾ ਹੈ। ਇਹ ਆਪਣੇ ਨੇਟੋ ਮਿੱਤਰਾਂ ਨੂੰ ਕਹਿ ਰਿਹਾ ਹੈ ਕਿ ਉਹ ਆਪਣੇ ਫੌਜੀ ਖ਼ਰਚਾਂ ਵਿਚ ਵਾਧਾ ਕਰਨ ਅਤੇ ਆਪਣੇ ਦੇਸ਼ਾਂ ਵਿਚ ਅਮਰੀਕਨ "ਪਰਸ਼ਿੰਗ (Parshing)" ਅਤੇ "ਕਰੂਸ (Cruise)" ਮਿਸਾਇਲਾਂ ਰੱਖੇ ਜਾਣ ਨੂੰ ਸਵੀਕਾਰ ਕਰਨ, ਕਿ ਉਹ ਆਪਣੀਆਂ ਹੀ ਨੀਤੀਆਂ ਨਾ ਘੜਨ ਅਤੇ ਸੋਵੀਅਤ ਯੂਨੀਅਨ ਜਾਂ ਅਰਬਾਂ ਨਾਲ ਕਲੋਲਬਾਜ਼ੀ ਨਾ ਕਰਨ। ਖੈਰ, ਅੱਜ ਦੁਨੀਆਂ ਵਿਚ ਹਾਲਤ ਅਤੇ ਖੁਦ ਅਮਰੀਕਾ ਦੀ ਸਥਿੱਤੀ ਉਹ ਨਹੀਂ ਹੈ ਜੋ ਟਰੂਮੈਨ ਅਤੇ ਮਾਰਸ਼ਲ ਪਲੈਨ ਦੇ ਵਕਤ ਸੀ।

ਅੱਜ, ਪੱਛਮੀ ਯੂਰਪ ਦੇ ਮੁਕਾਬਲੇ ਅਮਰੀਕਾ ਦੀ ਸਿਆਸੀ ਅਤੇ ਆਰਥਿਕ ਤਾਕਤ ਘੱਟ ਰਹੀ ਹੈ। ਕਾਮਨ ਮਾਰਕੀਟ ਅਤੇ ਜਪਾਨ ਵੱਲੋਂ ਮੁਕਾਬਲਾ ਬਹੁਤ ਤਾਕਤਵਰ ਅਤੇ ਖ਼ਤਰਨਾਕ ਬਣ ਗਿਆ ਹੈ। ਜਦ ਕਿ 1950 ਵਿਚ ਅਮਰੀਕਾ ਦਾ ਉਤਪਾਦਨ ਦੁਨੀਆਂ ਦੇ ਕੁੱਲ ਉਦਯੋਗਕ ਉਤਪਾਦਨ ਦਾ ਦੋ-ਤਿਹਾਈ ਸੀ, ਅੱਜ ਇਹ ਸਿਰਫ਼ ਇਕ-ਤਿਹਾਈ ਹੀ ਹੈ। ਜਦ ਕਿ ਉਸ ਵਕਤ ਅਮਰੀਕਾ ਕੋਲ ਦੁਨੀਆਂ ਦੇ ਮਾਲੀ ਜ਼ਖੀਰਿਆਂ ਦਾ 50 ਫੀਸਦੀ ਸੀ, ਅੱਜ ਸਿਰਫ 7 ਫੀਸਦੀ ਹੀ ਰਹਿ ਗਿਆ ਹੈ। ਅਮਰੀਕਨ ਸਾਮਰਾਜਵਾਦ ਦੀ ਸਰਦਾਰੀ ਬਹੁਤ ਹੀ ਕਮਜ਼ੋਰ ਹੋ ਗਈ ਹੈ ਅਤੇ ਬੜੀ ਝਿਜਕ ਨਾਲ ਸਵੀਕਾਰ ਕੀਤੀ ਜਾਂਦੀ ਹੈ।

ਨੈਟੋ ਦੀ ਯੂਰਪੀ ਮੈਂਬਰਾਂ ਨੇ ਆਪਣੇ ਦੇਸ਼ਾਂ ਅੰਦਰ ਅਤੇ ਵਿਦੇਸ਼ਾਂ ਵਿਚ ਆਪਣੀ ਆਰਥਿਕ ਸ਼ਕਤੀ ਹੁਣ ਜਥੇਬੰਦ ਅਤੇ ਮਜ਼ਬੂਤ ਕਰ ਲਈ ਹੈ, ਆਪਣੇ ਫੌਜੀ ਅਸਲੇਖ਼ਾਨੇ ਮਜ਼ਬੂਤ ਕਰ ਲਏ ਹਨ, ਅਤੇ ਆਪਣਾ ਪਿਛਾਖੜੀ ਸੰਗਠਨ—ਯੂਰਪੀਰ ਕਾਮਨ ਮਾਰਕੀਟ—ਖੜਾ ਕਰ ਲਿਆ ਹੈ। ਇਸ ਦਾ ਰੁਝਾਨ, ਜਿੰਨਾਂ ਵੀ ਹੋ ਸਕੇ ਅਮਰੀਕਨ ਹੁਕਮਾਂ ਦਾ ਵਿਰੋਧ ਕਰਨ, ਅਤੇ ਇਸਦੇ ਮੈਂਬਰ-ਦੇਸ਼ਾਂ ਦੀਆਂ ਮੰਡੀਆਂ ਵਿਚ ਅਮਰੀਕਨ ਪਸਾਰੇ ਉੱਤੇ ਪਾਬੰਦੀਆਂ ਲਾਉਣ, ਅਮਰੀਕਨ ਮੰਡੀ ਵਿਚ ਮੁਕਾਬਲਾ ਕਰਨ ਅਤੇ ਆਪਣੀਆਂ ਮੰਡੀਆਂ ਦਾ ਪਸਾਰਾ ਕਰਨ ਵੱਲ ਹੈ। ਪੱਛਮੀ ਯੂਰਪ ਦੇ ਹਰ ਵੱਡੇ ਦੇਸ਼ ਨੇ ਵਿਸ਼ਾਲ ਪੈਮਾਨੇ ਤੇ ਆਪਣੇ ਅਸਰ-ਰਸੂਖ ਦੇ ਦਾਇਰੇ ਮੁੜ ਉਸਾਰਨੇ ਅਤੇ ਮਜ਼ਬੂਤ ਕਰਨੇ ਸ਼ੁਰੂ ਕਰ ਦਿੱਤੇ ਹਨ।

ਯੂਰਪੀ ਇਜਾਰੇਦਾਰੀਆਂ ਦੀ ਨੀਤੀ ਯੂਰਪ ਨੂੰ, ਪਹਿਲਾਂ ਇਕ ਆਰਥਿਕ ਮਹਾਂ-ਸ਼ਕਤੀ ਵਿਚ, ਫਿਰ ਇਕ ਸਿਆਸੀ ਮਹਾਂ-ਸ਼ਕਤੀ ਵਿਚ, ਅਤੇ ਆਖ਼ਿਰਕਾਰ ਇਕ ਫੌਜੀ ਮਹਾਂ-ਸ਼ਕਤੀ ਵਿਚ ਤਬਦੀਲ ਕਰਨ ਦੀ ਨੀਤੀ ਹੈ। ਖ਼ੈਰ, ਇਹਨਾਂ ਖੇਤਰਾਂ ਵਿਚ ਇਸ ਦੀ ਮਹਾਂ-ਸ਼ਕਤੀਆਂ ਅਤੇ ਹੋਰ ਸਾਮਰਾਜੀ ਸ਼ਕਤੀਆਂ ਨਾਲ ਟੱਕਰ ਲੱਗੇਗੀ।

ਵਰਤਮਾਨ ਹਾਲਤ ਦੀ ਸ਼ਤਰੰਜੀ ਉੱਤੇ ਅਮਰੀਕਾ ਲਈ ਇਕ ਬਹੁਤ ਲਾਹੇਵੰਦ ਪਿਆਦਾ ਚੀਨ ਹੈ ਅਤੇ ਇਸ ਦੇ ਨਾਲ ਹੀ ਜਪਾਨ ਵੀ ਇੱਕ ਲਾਹੇਵੰਦ ਪਿਆਦਾ ਹੈ। ਇਹ ਤਾਂ ਠੀਕ ਹੈ ਕਿ ਚੀਨ "ਸਾਂਝੇ ਯੂਰਪ" ਨਾਲੋਂ ਕਮਜ਼ੋਰ ਭਾਈਵਾਲ ਹੈ, ਐਪਰ ਇਸ ਨੂੰ ਅਮਰੀਕਾ ਦੀ ਬਹੁਤ ਜ਼ਰੂਰਤ ਹੈ ਅਤੇ ਇਹ ਸੋਵੀਅਤ ਯੂਨੀਅਨ ਪ੍ਰਤੀ ਬੇਹੱਦ ਦੁਸ਼ਮਣੀ ਵਾਲਾ ਰਵੱਈਆ ਰੱਖਦਾ ਹੈ। ਇਸੇ ਕਰਕੇ, ਅਮਰੀਕਨ ਸਾਮਰਾਜਵਾਦ ਨੇ ਚੀਨ ਨੂੰ ਬਹੁਤ ਸਾਰੇ ਹਥਿਆਰ ਦੇਣ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲੋ-ਨਾਲ, ਇਹ ਜਪਾਨ ਉੱਤੇ ਵੀ ਦਬਾਓ ਪਾ ਰਿਹਾ ਹੈ ਕਿ ਉਹ ਆਪਣੇ ਫੌਜੀ ਖ਼ਰਚ, ਫੌਜ ਅਤੇ ਅਸਲੇਖਾਨੇ ਵਧਾਏ।

ਧੁਰ-ਪੂਰਬ ਵਿਚ ਅਮਰੀਕਾ, ਜਪਾਨ ਅਤੇ ਚੀਨ ਵਿਚਕਾਰ ਇਕ ਨਵਾਂ ਸਾਮਰਾਜੀ ਗਠਜੋੜ ਪਹਿਲਾਂ ਹੀ ਸ਼ਕਲ ਧਾਰਨ ਕਰ ਚੁੱਕਾ ਹੈ, ਅਤੇ ਇਹ ਇਕ ਹੋਰ ਖ਼ਤਰਾ ਹੈ ਕਿ ਸਥਾਨਿਕ ਜੰਗਾਂ, ਜਾਂ ਇਕ ਵਿਸ਼ਾਲ ਜੰਗ ਛਿੜ ਜਾਏਗੀ। ਅਮਰੀਕਣ ਸਾਮਰਾਜਵਾਦ ਜਿਸ ਨੇ ਸ਼ਾਂਤ-ਮਹਾਂਸਾਗਰ ਦੇ ਵਿਸ਼ਾਲ ਇਲਾਕਿਆਂ ਨੂੰ ਆਪਣੇ ਨਿਰਵਿਵਾਦ ਅਸਰ-ਰਸੂਖ ਦੇ ਦਾਇਰੇ ਸਮਝਿਆ ਹੈ, ਇਸ ਤੋਂ ਇਲਾਵਾ ਹੁਣ ਜਪਾਨ ਵੀ, ਨਵੇਂ ਸਾਮਰਾਜੀ ਮਣਸ਼ਿਆਂ ਵਾਲੀ ਇਕ ਆਰਥਿਕ ਮਹਾਂਸ਼ਕਤੀ ਦੀ ਹੈਸੀਅਤ ਵਿਚ, ਨਵੇਂ ਪਸਾਰਵਾਦੀ ਦਾਅਵੇ ਅੱਗੇ ਰੱਖ ਰਿਹਾ ਹੈ। ਚੀਨ, ਜੋ ਏਸ਼ੀਆ ਅਤੇ ਓਸ਼ੇਨੀਆਂ ਦਾ ਇਕੋ-ਇਕ ਹੁਕਮਰਾਨ ਬਣਨ ਦੇ ਸੁਪਨੇ ਲੈਂਦਾ ਹੈ, ਉਹ ਵੀ ਇਸ ਜ਼ੋਨ ਵਿਚ ਅਜੇਹੇ ਹੀ ਮਣਸ਼ੇ ਰੱਖਦਾ ਹੈ। ਅਮਰੀਕਾ ਆਪਣੀ ਤਰਫੋਂ, ਚੀਨ ਅਤੇ ਜਪਾਨ ਦੇ ਪਸਾਰਵਾਦੀ ਰੁਝਾਨਾਂ ਨੂੰ ਸੋਵੀਅਤ ਯੂਨੀਅਨ ਵੱਲ ਮੋੜਨ ਦੀ ਪੂਰੀ ਵਾਹ ਲਾ ਰਿਹਾ ਹੈ।

ਏਸ਼ੀਆ ਵਿਚ ਅਮਰੀਕਨ-ਚੀਨੀ-ਜਪਾਨੀ ਗੁੱਟ ਦਾ ਸਾਹਮਣਾ ਕਰਨ ਖ਼ਾਤਿਰ ਸੋਵੀਅਤ ਯੂਨੀਅਨ ਅਫ਼ਰੀਕਾ, ਮੱਧ-ਪੂਰਬ, ਪਾਕਿਸਤਾਨ, ਹਿੰਦ-ਚੀਨੀ ਅਤੇ ਹਿੰਦੋ-ਸਤਾਨ ਵਿਚ ਆਪਣੇ ਪੈਰ ਜਮਾਉਣ ਦੇ ਯਤਨ ਕਰ ਰਿਹਾ ਹੈ, ਜਦ ਕਿ ਯੂਰਪ ਵਿਚ ਇਹ ਕਾਮਨ ਮਾਰਕੀਟ ਨਾਲ ਇਕ "ਸੁਲ੍ਹਾਨਾਮਾ" ਕਾਇਮ ਰੱਖਣਾ ਲੋਚਦਾ ਹੈ ਅਤੇ ਇਸ ਫਰੰਟ ਵਿਚ ਦੁਫੇੜਾਂ ਪਾਉਣ ਦੀ ਨੀਤੀ ਉਤੇ ਚੱਲ ਰਿਹਾ ਹੈ। ਦੂਸਰੇ ਲਫਜ਼ਾਂ ਵਿਚ, ਇਹ ਆਪਣੇ ਗਿਰਦ ਘੇਰਾਓ ਨੂੰ ਕਮਜ਼ੋਰ ਕਰਨ, ਆਪਣੀਆਂ ਦੋ ਬਗਲਾਂ—ਜਾਣੀ ਯੂਰਪ ਅਤੇ ਏਸ਼ੀਆ ਵਿਚ ਤਿਆਰ ਕੀਤੇ ਜਾ ਰਹੇ ਫ਼ੌਜੀ ਗੁੱਟ ਵਿਚ ਦੁਫੇੜਾਂ ਪਾਉਣ ਅਤੇ ਆਖਿਰਕਾਰ ਹੋਣ ਵਾਲੀ ਜੰਗ ਲਈ ਯੁੱਧਨੀਤਕ ਸਥਿੱਤੀਆਂ ਹਾਸਲ ਕਰਨ ਦੇ ਯਤਨ ਕਰ ਰਿਹਾ ਹੈ। ਖ਼ੈਰ, ਯੂਰਪ ਲਈ ਸੋਵੀਅਤ ਯੂਨੀਅਨ ਇਕ ਤਕੜੀ ਧਮਕੀ ਹੈ ਅਤੇ ਯੂਰਪ ਵੀ ਖ਼ਤਰੇ 'ਚ ਨਹੀਂ ਫਸਣਾ ਚਾਹੁੰਦਾ। ਇਹ ਹੋਰਨਾਂ ਨੂੰ, ਅਤੇ ਖ਼ਾਸਕਰ ਚੀਨੀ-ਜਪਾਨੀ ਫਰੰਟ ਨੂੰ ਸੋਵੀਅਤ ਯੂਨੀਅਨ ਵਿਰੁੱਧ ਲੜਾਈ ਵਿਚ ਫਸਾਉਣ ਲਈ ਤਿਆਰ ਹੈ ਤਾਂ ਜੁ ਇਹ ਫਰੰਟ ਯੂਰਪ ਦੇ ਹਿੱਤਾਂ ਦੀ ਰਖਵਾਲੀ ਕਰੇ।

ਹੋਰ, ਯੂਰਪ ਦੀਆਂ ਅੰਦਰੂਨੀ ਸਮੱਸਿਆਵਾਂ ਵੀ ਹਨ ਜੋ ਇਸਨੂੰ ਵਾਰ ਵਾਰ ਹਲੂਣਦੀਆਂ ਹਨ। "ਏਕਤਾਬੱਧ ਯੂਰਪ" ਦੀ ਏਕਤਾ ਕੋਈ ਸਦੀਵੀ ਏਕਤਾ ਨਹੀਂ ਹੈ। ਸਟਰਾਸਬਰਗ ਦੀ ਪਾਰਲੀਮੈਂਟ ਇਸ ਦੇ ਬਹੁਤ ਸਾਰੇ ਮਸਲਿਆਂ ਅਤੇ ਕਾਮਨ ਮਾਰਕੀਟ ਨੂੰ ਖਾਰ ਰਹੇ ਅੰਤਰ-ਵਿਰੋਧਾਂ ਨੂੰ ਹੱਲ ਨਹੀਂ ਕਰ ਸਕਦੀ। ਇਸਦੇ ਝਗੜੇ, ਭੇੜ ਅਤੇ ਹਰ ਦੇਸ਼ ਦੇ ਹਿੱਤਾਂ ਵਿਚਕਾਰ ਵਿਰੋਧ ਇਸ ਹੱਦ ਤਕ ਵੱਧ ਰਹੇ ਹਨ ਕਿ ਉਹ ਇਸ ਮਾਰਕੀਟ ਦੀ ਹੋਂਦ ਨੂੰ ਬਿਪਤਾ ਵਿਚ ਪਾ ਰਹੇ ਹਨ।

ਅਖੌਤੀ ਸਮਾਜਵਾਦੀ ਭਾਈਚਾਰੇ ਵਿਚ ਵੀ ਅੰਤਰ-ਵਿਰੋਧ ਅਤੇ ਮੱਤ-ਭੇਦ ਬਹੁਤ ਹੀ ਤਿੱਖੇ ਹੋ ਗਏ ਹਨ। ਸੋਵੀਅਤ ਯੂਨੀਅਨ ਖੁਦ ਅਜੇਹੀਆਂ ਮੁਸ਼ਕਲਾਂ ਵਿਚ ਹੈ ਕਿ ਹੁਣ ਇਹ ਆਪਣੇ ਮਿੱਤਰ ਦੇਸ਼ਾਂ ਦੀਆਂ, ਆਪਣੀਆਂ ਆਰਥਿਕਤਾਵਾਂ ਦੇ ਇਕ ਸਧਾਰਨ ਵਿਕਾਸ ਲਈ ਮੰਗਾਂ ਪੂਰੀਆਂ ਕਰਨ ਦੀ ਯੋਗਤਾ ਨਹੀਂ ਰੱਖਦਾ। ਕਿਉਂਕਿ ਇਨ੍ਹਾਂ ਦੇਸ਼ਾਂ ਦੀਆਂ ਆਰਥਿਕਤਾਵਾਂ ਬਹੁਤ ਦੇਰ ਪਹਿਲਾਂ ਹੀ ਸੋਵੀਅਤ ਆਰਥਿਕਤਾ ਦੀਆਂ ਦੁਮਛੱਲਾ ਬਣਾ ਦਿੱਤੀਆਂ ਗਈਆਂ ਸਨ, ਇਸ ਲਈ ਇਹ ਸੋਵੀਅਤ ਆਰਥਿਕਤਾ ਦੇ ਚੜ੍ਹਾਵਾਂ, ਉਤਰਾਵਾਂ ਅਤੇ ਤਰੰਗਾਂ ਅੱਗੇ ਝੁਕਣ ਤੇ ਮ-ਜਬੂਰ ਹਨ।

ਮਤ-ਭੇਦਾਂ ਅਤੇ ਝਗੜਿਆਂ ਦੀ ਇਕ ਵਜ੍ਹਾ ਇਹ ਵੀ ਹੈ ਕਿ ਸੋਵੀਅਤ ਯੂਨੀਅਨ ਦੇ ਕੱਠਪੁਤਲੀ ਦੇਸ਼ ਪੱਛਮ ਦੇ ਨੇੜੇ ਹੋਣ ਅਤੇ ਭਿਆਲੀਆਂ ਪਾਉਣ ਦਾ ਰੁਝਾਨ ਰੱਖਦੇ ਹਨ। ਸੋਵੀਅਤ ਯੂਨੀਅਨ ਇਸ ਨੇੜਤਾ ਨੂੰ ਰੋਕਣ ਅਤੇ ਪੂਰਬ ਯੂਰਪ ਦੇ ਦੇਸ਼ਾਂ ਨੂੰ ਆਪਣੀਆਂ ਜ਼ੰਜ਼ੀਰਾਂ ਨਾਲ ਨੂੜ ਕੇ ਰੱਖਣ ਦੇ ਯਤਨ ਕਰਦਾ ਹੈ। ਇਸ ਉਦੇਸ਼ ਲਈ ਇਹ ਵਾਰਸਾ ਸੰਧੀ, ਕੌਮਕਨ ਅਤੇ ਆਰਥਿਕ ਅਤੇ ਸਿਆਸੀ ਸਾਂਝ ਦੇ ਹੋਰ ਹੱਥਠੋਕਿਆਂ ਨੂੰ ਹਰ ਤਰੀਕੇ ਨਾਲ ਮਜ਼ਬੂਤ ਕਰਨ ਅਤੇ ਇਹਨਾਂ ਦੇਸ਼ਾਂ ਵਿਚ ਆਪਣੇ ਫੌਜੀ ਦਸਤਿਆਂ ਨੂੰ ਮਜ਼ਬੂਤ ਕਰਨ ਦੇ ਯਤਨ ਕਰ ਰਿਹਾ ਹੈ। ਜਦੋਂ ਇਹ ਸਭ ਰਜ਼ਾਮੰਦੀ ਨਾਲ ਪ੍ਰਾਪਤ ਨਹੀਂ ਹੁੰਦਾ ਤਾਂ ਇਹ ਟੈਂਕਾਂ ਤੋਂ ਕੰਮ ਲੈਂਦਾ ਹੈ, ਜਿਵੇਂ ਇਸਨੇ 1968 ਵਿਚ ਚੈਕੋਸਲਾਵਾਦੀਆ ਵਿਚ ਕੀਤਾ ਸੀ।

ਅਖੌਤੀ ਸਮਾਜਵਾਦੀ ਭਾਈਚਾਰੇ ਵਿਚਲੀ ਮੌਜੂਦਾ ਸੰਕਟਮਈ ਹਾਲਤ ਅਤੇ ਇਸ ਨੂੰ ਖ਼ਾਰ ਰਹੇ ਗਹਿਰੇ ਅੰਤਰ-ਵਿਰੋਧਾਂ ਦੀ ਇਕ ਵਧੀਆ ਮਿਸਾਲ ਪੋਲੈਂਡ ਦੀਆਂ ਤਾਜ਼ਾ ਘਟਨਾਵਾਂ ਹਨ। ਇਨ੍ਹਾਂ ਘਟਨਾਵਾਂ ਨੇ ਇਸ ਦੇਸ਼ ਨੂੰ ਇਕ ਆਰਥਿਕ

ਆਫ਼ਤ ਅਤੇ ਵੱਡੇ ਸਮਾਜਿਕ ਅਤੇ ਸਿਆਸੀ ਝੱਖੜਾਂ ਦੇ ਕੰਢੇ ਧੱਕ ਦਿੱਤਾ ਹੈ। ਇਹ ਪੋਲੈਂਡ ਦੀ ਸੋਧਵਾਦੀ ਪਾਰਟੀ ਵਲੋਂ ਪੂੰਜੀਵਾਦ ਦੀ ਮੁੜ-ਸਥਾਪਨਾ ਲਈ ਅਪਣਾਈ ਗਈ ਸੇਧ, ਸੋਵੀਅਤ ਯੂਨੀਅਨ ਕੋਲ ਸਰਵ-ਪੱਖੀ ਗੁਲਾਮੀ, ਪੱਛਮੀ ਪੂੰਜੀ ਲਈ ਦਰਵਾਜ਼ੇ ਖੋਲ੍ਹਣ ਅਤੇ ਪੋਲੈਂਡ ਦੇ ਵੱਡੇ ਕਰਜ਼ਿਆਂ (ਜੋ ਹੁਣ 2700 ਕ੍ਰੋੜ ਡਾਲਰ ਦੇ ਬਰਾਬਰ ਹਨ) ਦਾ ਹੀ ਫਲ ਹਨ। ਇਹੀ ਪੋਲੈਂਡ ਦੀ ਮਜ਼ਦੂਰ ਜਮਾਤ ਅਤੇ ਮਿਹਨਤਕਸ਼ ਲੋਕਾਂ ਦੀਆਂ ਬਗ਼ਾਵਤਾਂ ਦਾ ਸੋਮਾ ਹੈ।

ਪੋਲੈਂਡ ਦੇ ਮਜ਼ਦੂਰਾਂ ਦੀ ਬਗਾਵਤ ਨੇ ਅਸੂਲੀ ਮਹੱਤਵ ਵਾਲੇ ਦੋ ਪ੍ਰਮੁੱਖ ਸਵਾਲਾਂ ਦੀ ਪੁਸ਼ਟੀ ਕਰ ਦਿੱਤੀ ਹੈ। ਇਸ ਨੇ ਦਿਖਾ ਦਿੱਤਾ ਹੈ ਕਿ ਮਜ਼ਦੂਰ ਜਮਾਤ, ਇਕ ਪਿਛਾਖੜੀ ਰਾਜਸੱਤਾ (ਚਾਹੇ ਉਹ ਸੋਧਵਾਦੀ ਜਾਂ ਪੂੰਜੀਵਾਦੀ ਰਾਜ-ਸੱਤਾ ਹੋਵੇ) ਨੂੰ ਤਬਾਹ ਕਰਨ ਦੀ ਤਾਕਤ ਰੱਖਦੀ ਹੈ।

ਦੂਸਰੇ ਪਾਸੇ, ਇਸਨੇ ਦਿਖਾ ਦਿੱਤਾ ਹੈ ਕਿ ਬਾਹਰਮੁੱਖੀ ਤੱਤ, ਮਜ਼ਦੂਰ ਜਮਾਤ ਨੂੰ ਅਗਵਾਈ ਦੇਣ ਵਾਲੀ ਸਿਆਸੀ ਤਾਕਤ, ਇਕ ਫੈਸਲਾਕੁੰਨ ਭੂਮਿਕਾ ਅਦਾ ਕਰਦੀ ਹੈ। ਜਿਥੋਂ ਤਕ "ਸੌਲੇਡੇਰਿਟੀ" ਦਾ ਤੁਅੱਲਕ ਹੈ, ਇਸ ਦੇ ਜ਼ਰੀਏ ਕੈਥੋਲਿਕ ਚਰਚ ਅਤੇ ਪੋਲੈਂਡ ਅਤੇ ਦੁਨੀਆਂ ਭਰ ਦੇ ਪਿਛਾਖੜ ਨੇ ਮਜ਼ਦੂਰ ਜਮਾਤ ਨੂੰ ਕਾਬੂ ਕੀਤਾ ਹੋਇਆ ਹੈ, ਜਿਹੜੇ ਅਣਜਾਣੇ ਖ਼ਤਰਿਆ ਅਤੇ ਮਾਰੂ ਸਿੱਟਿਆਂ ਵਾਲੇ ਰਾਹ ਉੱਤੇ ਇਕ ਹੋਰ ਸੋਧਵਾਦੀ-ਪੂੰਜੀਵਾਦੀ ਹਕੂਮਤ ਕਾਇਮ ਕਰਨ ਲਈ ਲੜ ਰਹੇ ਹਨ, ਨਹੀਂ ਤਾਂ, ਅਗਰ ਇਕ ਖਰੀ ਮਾਰਕਸਵਾਦੀ-ਲੈਨਿਨਵਾਦੀ ਕਮਿਊਨਿਸਟ ਪਾਰਟੀ—ਜਾਣੀ ਬਾਹਰਮੁੱਖੀ ਤੱਤ—ਅਗਵਾਈ ਕਰ ਰਹੀ ਹੁੰਦੀ ਤਾਂ ਪੋਲੈਂਡ ਦੀ ਮਜ਼ਦੂਰ ਜਮਾਤ ਪ੍ਰੋਲੇਤਾਰੀਅਨ ਇਨਕਲਾਬ ਕਾਮਯਾਬ ਕਰਕੇ ਪ੍ਰੋਲੇਤਾਰੀਆ ਦੀ ਡਿਕਟੇਟਰਸ਼ਿਪ ਕਾਇਮ ਕਰ ਲੈਂਦੀ।

ਪੋਲੈਂਡ ਅਤੇ ਹੋਰ ਸੋਧਵਾਦੀ ਦੇਸ਼ਾਂ ਦੀ ਮਜ਼ਦੂਰ ਜਮਾਤ ਅਤੇ ਲੋਕਾਂ ਦਾ ਪੂੰਜੀਵਾਦੀ ਲੁੱਟ ਅਤੇ ਵਿਦੇਸ਼ੀ ਗੁਲਾਮੀ ਤੋਂ ਛੁਟਕਾਰਾ, ਹਕੂਮਤ ਕਰ ਰਹੀ ਸੋਧਵਾਦੀ ਜੁੰਡਲੀ ਅਤੇ ਸੋਵੀਅਤ ਸਮਾਜਿਕ-ਸਾਮਰਾਜੀ ਗੁਲਾਮੀ ਅੱਗੇ ਝੁਕ ਕੇ, ਜਾਂ ਪੱਛਮੀ ਪੂੰਜੀ ਅਤੇ ਪਿਛਾਖੜ ਨਾਲ ਏਕਤਾ ਕਰਕੇ ਨਹੀਂ ਹੋ ਸਕਦਾ। ਆਰਥਿਕਤਾ ਦੀ ਉੱਨਤੀ, ਦੇਸ਼ ਦੀ ਆਜ਼ਾਦੀ ਅਤੇ ਖੁਦਮੁਖਤਾਰੀ ਨੂੰ ਯਕੀਨੀ ਬਣਾਉਣ ਅਤੇ ਸਮਾਜਵਾਦ ਦੀ ਮੁੜ-ਸਥਾਪਨਾ ਕਰਨ ਦਾ ਸਿਰਫ਼ ਇਕੋ-ਇਕ ਰਾਹ, ਇਕ ਖਰੀ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਦੀ ਅਗਵਾਈ ਹੇਠ, ਮਜ਼ਦੂਰ ਜਮਾਤ ਦੀ ਅਗਵਾਈ ਹੇਠ ਲੋਕਾਂ ਵਲੋਂ ਖੁਲ੍ਹੇ ਅਤੇ ਦ੍ਰਿੜ੍ਹ ਸੰਘਰਸ਼ ਦਾ ਰਾਹ ਹੀ ਹੈ।

ਸਾਮਰਾਜੀ ਸ਼ਕਤੀਆਂ ਵਿਚਕਾਰ ਅਤੇ ਇਹਨਾਂ ਦੇ ਫੌਜੀ ਅਤੇ ਆਰਥਿਕ ਗੁੱਟਾਂ ਦੇ ਭਾਈਵਾਲਾਂ ਵਿਚਕਾਰ ਅੰਤਰ-ਵਿਰੋਧਾਂ ਦੇ ਤਿੱਖੇ ਹੋਣ ਨਾਲ ਨਵੇਂ ਤਣਾਓ ਅਤੇ ਝਗੜੇ ਪੈਦਾ ਹੋ ਰਹੇ ਹਨ, ਮੰਡੀਆਂ, ਕੱਚੇ-ਮਾਲ ਦੇ ਸੋਮਿਆਂ ਅਤੇ ਅਸਰ-ਰਸੂਖ ਦੇ ਦਾਇਰਿਆਂ ਦੀ ਮੁੜ ਤੋਂ ਵੰਡ ਕਰਨ ਲਈ ਸਥਾਨਿਕ ਅਤੇ ਵਿਸ਼ਾਲ ਚਰਿਤ੍ਰ ਵਾਲੀਆਂ ਜੰਗਾਂ ਲੱਗ ਰਹੀਆਂ ਹਨ। ਇਹ ਪੂੰਜੀਵਾਦ ਦੇ ਵਿਕਾਸ ਦਾ ਨਿਯਮ ਹੈ।

ਫਿਰ ਵੀ, ਅੰਤਰ-ਸਾਮਰਾਜੀ ਅੰਤਰ-ਵਿਰੋਧ ਅਤੇ ਝਗੜੇ ਸਮੁੱਚੇ ਸਾਮਰਾਜੀ ਨਿਜ਼ਾਮ ਅਤੇ ਇਸ ਦੀਆਂ ਵਿਅਕਤੀਗਤ ਕੜੀਆਂ ਨੂੰ ਕਮਜ਼ੋਰ ਵੀ ਕਰਦੇ ਹਨ। ਇਹ ਚੇਤੰਨ ਇਨਕਲਾਬੀ ਸ਼ਕਤੀਆਂ ਦਾ ਫਰਜ਼ ਹੈ ਕਿ ਉਹ ਇਹਨਾਂ ਅੰਤਰ-ਵਿਰੋਧਾਂ ਨਾਲ ਪੈਦਾ ਹੋਈਆਂ ਹਾਲਤਾਂ ਨੂੰ ਚੰਗੀ ਤਰ੍ਹਾਂ ਵਰਤਣਾ ਸਿੱਖਣ ਤਾਂ ਜੁ ਇਹਨਾਂ ਨੂੰ ਲੋਕਾਂ ਦੀ ਲਾਮਬੰਦੀ ਕਰਨ ਲਈ ਅਤੇ ਉਨ੍ਹਾਂ ਨੂੰ ਚੇਤੰਨ ਕਰਨ ਅਤੇ ਸੰਘਰਸ਼ ਅਤੇ ਇਨਕਲਾਬ ਵਿਚ ਪਾਉਣ ਲਈ ਵਰਤਿਆ ਜਾ ਸਕੇ।

**ਸਾਮਰਾਜਵਾਦ ਵੱਲੋਂ ਦਸਰੀ ਵਿਸ਼ਵ ਜੰਗ ਤੋਂ ਬਾਅਦ ਕਾਇਮ ਕੀਤਾ ਗਿਆ ਨਵ-ਬਸਤੀਵਾਦੀ ਨਿਜ਼ਾਮ ਵੀ ਅੱਜ ਇਕ ਘੋਰ ਸੰਕਟ ਵਿਚ ਹੈ।** ਸਾਬਕਾ ਬਸਤੀ ਦੇਸ਼ਾਂ ਉੱਤੇ ਆਪਣੀ ਸਿਆਸੀ ਅਤੇ ਆਰਥਿਕ ਸਰਦਾਰੀ ਨੂੰ ਕਾਇਮ ਰੱਖਣ ਲਈ ਅਤੇ ਇਹਨਾਂ ਦੇਸ਼ਾਂ ਦੀ ਦੌਲਤ ਨੂੰ ਵੱਧ ਤੋਂ ਵੱਧ ਲੁੱਟਣ ਲਈ, ਅਤੇ ਆਜ਼ਾਦੀ-ਪਸੰਦ ਲੋਕਾਂ ਦੀਆਂ ਕੌਮੀ ਮੁਕਤੀ ਲਹਿਰਾਂ ਦੇ ਵਿਕਾਸ ਨੂੰ ਰੋਕਣ ਲਈ ਸਾਮਰਾਜੀਆਂ ਨੇ ਦਮਨ ਅਤੇ ਗੁਲਾਮੀ ਦੇ ਨਵੇਂ, ਵਧੇਰੇ ਵਿਸਾਹਘਾਤਕ ਅਤੇ ਲਿੱਪੇ-ਪੋਚੇ ਢੰਗ-ਤਰੀਕੇ ਢੂੰਡਣ ਅਤੇ ਵਰਤਣ ਦੇ ਯਤਨ ਕੀਤੇ ਹਨ।

ਕਰਜ਼ਿਆਂ, ਮਦਦ ਅਤੇ ਵੱਖ ਵੱਖ ਫੰਡਾਂ ਦੇ ਸਿਸਟਮ ਰਾਹੀਂ ਸਾਮਰਾਜੀਆਂ ਨੇ ਇਹਨਾਂ ਦੇਸ਼ਾਂ ਨੂੰ ਸਥਾਈ ਕਰਜ਼ਾਈ ਬਣਾ ਲਿਆ ਜੋ ਹਮੇਸ਼ਾਂ ਆਪਣੇ ਲਹਿਣੇਦਾਰ ਦੇ ਰਹਿਮ ਤੇ ਜਿਉਂਦੇ ਹਨ ਜਿਹੜਾ ਦਿੱਤੇ ਪੈਸੇ ਬਦਲੇ ਸਿਰਫ਼ ਅਧਿਕਾਰ-ਪੱਤਰ ਹੀ ਨਹੀਂ ਸਗੋਂ ਇਹਨਾਂ ਦੀਆਂ ਆਤਮਾਵਾਂ ਵੀ ਮੰਗਦਾ ਹੈ। ਕਰਜ਼ਿਆਂ ਅਤੇ ਮਦਦ ਦੇ ਨਾਲੋ ਨਾਲ, ਬਹੁ-ਕੌਮੀ ਕੰਪਨੀਆਂ ਨੇ ਆਪਣੇ-ਆਪਨੂੰ ਸਥਾਪਿਤ ਕਰ ਲਿਆ ਹੈ ਅਤੇ ਇਹ ਸਿਰਫ਼ ਖਾਨਾਂ, ਤੇਲ, ਬਿਜਲੀ-ਸ਼ਕਤੀ, ਥੋਕ ਵਣਜ, ਸੰਚਾਰ ਆਦਿ ਦੇ ਉਪਯੋਗ ਵਿਚ ਰਿਆਇਤਾਂ ਦੀਆਂ ਇਜਾਰੇਦਾਰ ਹੀ ਨਹੀਂ ਸਗੋਂ ਸਿਆਸੀ ਕੇਂਦਰ ਵੀ ਬਣ ਗਈਆਂ ਹਨ ਜਿਹਨਾਂ ਨਾਲ ਹਰ ਦੇਸ਼ ਵਿਚ ਵੱਖ ਵੱਖ ਸੱਤਾਧਾਰੀ ਗਰੁੱਪ ਜੁੜੇ ਹੋਏ ਹਨ। ਵੱਡੇ ਨਾਵਾਂ ਵਾਲੀਆਂ ਬੈਂਕਾਂ, ਜਿਵੇਂ ਕਿ ਵਰਲਡ ਬੈਂਕ, ਇੰਟਰਨੈਸ਼ਨਲ ਮਾਨਿਟਰੀ ਫੰਡ, ਯੂਰਪੀਨ ਡਵਿਲਪਮੈਂਟ ਫੰਡ, ਆਦਿ, ਨਵੇਂ ਦੇਸ਼ਾਂ ਦੀ ਗੁਲਾਮੀ ਅਤੇ ਲੁੱਟ ਲਈ ਕੌਮਾਂਤਰੀ ਨਵ-ਬਸਤੀਵਾਦ ਦੇ ਸਦਰ-ਮੁਕਾਮ (ਹੈੱਡ-ਕੁਆਟਰ) ਬਣ ਗਈਆਂ ਹਨ। ਇਹ ਵਿੱਤੀ ਅਤੇ ਸਿਆਸੀ ਕੇਂਦਰ ਹਨ, ਜੋ ਬਹੁ-ਕੌਮੀ ਕੰਪਨੀਆਂ ਦੇ ਨਾਲ ਮਿਲਕੇ ਰਾਜ-ਪਲਟੇ ਉਕਸਾਉਂਦੀਆਂ ਅਤੇ ਜਥੇਬੰਦ ਕਰਦੀਆਂ ਹਨ, ਹਕੂਮਤਾਂ ਨੂੰ ਉਲਟਾਅ ਕੇ ਨਵੀਆਂ ਹਕੂਮਤਾਂ ਕਾਇਮ ਕਰਦੀਆਂ ਹਨ ਅਤੇ ਜੇ ਵੱਡੀ ਪੂੰਜੀ ਦੇ ਹਿੱਤਾਂ ਲਈ ਲੋੜ ਪਏ ਤਾਂ ਸਥਾਨਿਕ ਜੰਗਾਂ ਵੀ ਕਰਵਾਉਂਦੀਆਂ ਹਨ। ਇਹ ਜੰਗਾਂ, ਹਥਿਆਰਾਂ ਦੀ ਵਿਕਰੀ ਲਈ ਵੱਡਾ ਵਿਉਪਾਰ ਬਣ ਗਈਆਂ ਹਨ ਅਤੇ ਟੈਸਟਾਂ ਲਈ ਵਰਤੀਆਂ ਗਈਆਂ ਹਨ।

ਲੇਕਿਨ ਇਸ ਜਾਂਗਲੀ ਅਤੇ ਸਰਵ-ਪੱਖੀ ਲੁੱਟ ਦੇ ਨਾਲ ਨਾਲ, ਇਹਨਾਂ ਸਾਬਕਾ ਬਸਤੀਆਂ ਵਿਚ ਆਰਥਿਕ ਅਤੇ ਸਮਾਜਿਕ ਉਪਕਰਣਾਂ ਵਿਚ ਕੁੱਝ ਤਬਦੀਲੀਆਂ ਵੀ ਹੋਈਆਂ ਹਨ, ਜੋ ਇਨਵੈਸਟਮੈਂਟਾਂ, ਨਵੀਂ ਤਕਨੀਕ ਅਤੇ ਤਕਨਾਲੋਜੀ ਦੀ ਵਰਤੋਂ ਅਤੇ ਸੰਚਾਰ ਦੇ ਪਸਾਰੇ ਆਦਿ ਦਾ ਸਿੱਟਾ ਹਨ। ਇਹ ਸਭ ਕੁੱਝ ਸਾਮਰਾਜੀਆਂ ਨੇ ਇਹਨਾਂ ਦੇਸ਼ਾਂ ਦੀ ਧਰਤ ਦੇ ਹੇਠਲੀ ਅਤੇ ਉਤਲੀ ਦੌਲਤ ਦੀ ਲੁੱਟ ਨੂੰ ਤੇਜ਼ ਕਰਨ ਲਈ ਹੀ ਕੀਤਾ ਹੈ। ਇਸ ਨਾਲ ਨਵੇਂ ਸਮਾਜਿਕ ਤਬਕੇ ਵੀ ਪੈਦਾ ਹੋਏ ਹਨ, ਜਿਵੇਂ ਕਿ ਕੌਮੀ ਸਰਮਾਏਦਾਰੀ, ਵੱਖ ਵੱਖ ਪ੍ਰਕਾਰ ਦੇ ਮਜ਼ਦੂਰ, ਅਤੇ ਆਰਥਿਕ, ਸਿਆਸੀ ਅਤੇ ਪ੍ਰਬੰਧਕ ਸੈਕਟਰਾਂ ਵਿਚ ਕੰਮ ਕਰਨ ਲਈ ਲੋੜੀਂਦਾ ਇਕ ਨਵਾਂ ਬੁੱਧੀਜੀਵੀ ਤਬਕਾ।

ਇਸ ਵਿਕਾਸ ਨੇ ਇਹਨਾਂ ਤਬਕਿਆਂ ਦੇ ਬਹੁਤ ਸਾਰੇ ਲੋਕਾਂ, ਖ਼ਾਸਕਰ ਬੁੱਧੀਜੀਵੀ ਤਬਕੇ ਦੇ ਲੋਕਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ, ਜਿਹੜੇ ਹੁਣ ਆਪਣੇ ਲੋਕਾਂ ਦੀ ਲੁੱਟ ਅਤੇ ਦਮਨ ਲਈ ਵਰਤੇ ਜਾਂਦੇ ਢੰਗ-ਤਰੀਕਿਆਂ ਨੂੰ ਸਵੀਕਾਰ ਨਹੀਂ ਕਰਦੇ।

ਹਰ ਜਗ੍ਹਾ ਕੌਮੀ ਇਨਕਲਾਬੀ ਜਾਗਰਤੀ ਵਧ ਰਹੀ ਹੈ। ਇਹ ਉਨ੍ਹਾਂ ਦੇਸ਼ਾਂ ਦੀ ਲਹਿਰ ਦੇ ਪਸਾਰੇ ਤੋਂ ਪ੍ਰਤੱਖ ਦਿਸਦਾ ਹੈ ਜਿਹੜੇ ਆਪਣੀਆਂ ਕੌਮੀ ਸੰਪਤੀਆਂ ਉੱਤੇ ਕੌਮੀ ਖੁਦਮੁਖਤਾਰੀ ਕਾਇਮ ਕਰਨ ਲਈ, ਕੱਚੇ-ਮਾਲਾਂ ਅਤੇ ਸ਼ਕਤੀ-ਸੋਮਿਆਂ ਦੇ ਮੁੜ ਜ਼ਾਇਜ਼ੇ ਲਈ, ਕੌਮਾਂਤਰੀ ਵਿਉਪਾਰ ਵਿਚ ਪਰਸਪਰ ਲਾਭ ਲਈ ਬਰਾਬਰੀ ਵਾਲੇ ਲੈਣ-ਦੇਣ ਲਈ, ਸਾਮਰਾਜਵਾਦ ਵੱਲੋਂ ਸਥਾਪਿਤ ਕੀਤੇ ਗਏ ਕੌਮਾਂਤਰੀ ਮਾਲੀ ਸਿਸਟਮ ਵਿਚ ਤਬਦੀਲੀਆਂ ਕਰਨ ਲਈ ਅਤੇ ਬਹੁ-ਕੌਮੀ ਕੰਪਨੀਆਂ ਦੀ ਇਜਾਰੇਦਾਰ ਆਰਥਿਕ ਸ਼ਕਤੀ ਨੂੰ ਖ਼ਤਮ ਕਰਨ ਲਈ ਸੰਘਰਸ਼ ਕਰ ਰਹੇ ਹਨ। ਇਸ ਲਹਿਰ ਨੇ ਮੌਜੂਦਾ ਆਰਥਿਕ ਸੰਕਟ, ਅਤੇ ਖ਼ਾਸਕਰ ਸ਼ਕਤੀ ਅਤੇ ਕੱਚੇ-ਮਾਲ ਦੇ ਸੰਕਟ ਨੂੰ ਹੋਰ ਵੀ ਗਹਿਰਾ ਕਰ ਦਿੱਤਾ ਹੈ।

ਵੱਡੀਆਂ ਪੂੰਜੀਵਾਦੀ ਤਾਕਤਾਂ ਨੇ ਆਪਣੀਆਂ ਉਦਯੋਗਿਕ ਸ਼ਹਿਨਸ਼ਾਹੀਆਂ ਦੂਸਰੇ ਦੇਸ਼ਾਂ ਤੋਂ ਲੁੱਟੇ ਤੇਲ ਅਤੇ ਸਸਤੇ ਖ੍ਰੀਦੇ ਕੱਚੇ-ਮਾਲ ਨਾਲ ਕਾਇਮ ਕੀਤੀਆਂ ਹਨ। ਵਿਸ਼ਵ ਸ਼ਕਤੀ-ਸੋਮਿਆਂ ਅਤੇ ਕੱਚੇ-ਮਾਲਾਂ ਦੀ ਲਾਲਸੀ ਅਤੇ ਬੇ-ਹਿਸਾਬ ਖਪਤ (ਵਰਤੋਂ) ਨੇ ਹੀ ਹਰ ਦੇਸ਼ ਦੀ ਆਰਕਿਤਾ ਦੀ ਉੱਨਤੀ ਦੇ ਇਸ ਬੁਨਿਆਦੀ ਖੇਤਰ ਵਿਚ ਵਰਤਮਾਨ ਸੰਕਟਮਈ ਹਾਲਤ ਪੈਦਾ ਕੀਤੀ ਹੈ।

ਸ਼ਕਤੀ ਅਤੇ ਕੱਚੇ-ਮਾਲ ਹਨ, ਐਪਰ ਹੁਣ ਇਹ ਸਸਤੀਆਂ ਕੀਮਤਾਂ ਤੇ ਨਹੀਂ ਮਿਲਦੇ। ਵੱਡੀਆਂ ਸਾਮਰਾਜੀ ਅਤੇ ਪੂੰਜੀਵਾਦੀ ਤਾਕਤਾਂ ਹੁਣ ਕੱਚੇ-ਮਾਲ ਦੇ ਸੋਮਿਆਂ ਉੱਤੇ ਮੁਕੰਮਲ ਚੌਧਰ ਕਰਨ ਅਤੇ ਇਹਨਾਂ ਦੀਆਂ ਕੀਮਤਾਂ ਨਿਰਧਾਰਤ ਕਰਨ ਦੇ ਨਾਕਾਬਿਲ ਹਨ। ਉਤਪਾਦਕ ਦੇਸ਼, ਜੋ ਹੁਣ ਜਾਗ ਪਏ ਹਨ ਅਤੇ ਆਪਣੇ ਹਿੱਤਾਂ ਦੀ ਰਖਵਾਲੀ ਕਰ ਰਹੇ ਹਨ, ਜੋ ਉੱਨਤੀ ਚਾਹੁੰਦ ਹਨ, ਉਦਯੋਗ, ਖੇਤੀ ਅਤੇ ਆਪਣੀ ਕੌਮੀ ਆਰਥਿਕਤਾ ਦੇ ਹੋਰ ਖੇਤਰਾਂ ਵਿਚ ਇਨਵੈਸਟਮੈਂਟਾਂ ਕਰਨੀਆਂ ਚਾਹੁੰਦੇ ਹਨ, ਉਹ ਤੇਲ ਅਤੇ ਕੱਚੇ-ਮਾਲਾਂ ਦੀਆਂ

ਸਸਤੀਆਂ ਕੀਮਤਾਂ ਲਈ ਦਬਾਓ ਦਾ ਵਿਰੋਧ ਕਰ ਰਹੇ ਹਨ।

ਨਵ-ਬਸਤੀਵਾਦ ਵਲੋਂ ਗੁਲਾਮ ਬਣਾਏ ਗਏ ਲੋਕਾਂ ਦਾ ਆਪਣੇ ਹੱਕਾਂ, ਸੰਪਤੀਆਂ ਅਤੇ ਕੌਮੀ ਖੁਦਮੁਖਤਾਰੀ ਲਈ ਸੰਘਰਸ਼ ਇਕ ਅਰੁੱਕ ਵਿਧੀ ਹੈ ਜੋ ਭਵਿੱਖ ਵਿਚ ਹੋਰ ਵਧੇਗੀ ਅਤੇ ਵਿਕਸਤ ਹੋਏਗੀ।

ਸਾਮਰਾਜਵਾਦ ਅਤੇ ਇਸਦਾ ਨਵ-ਬਸਤੀਵਾਦੀ ਦਮਨ ਅਤੇ ਲੁੱਟ ਦਾ ਨਿਜ਼ਾਮ ਇਸ ਖ਼ਤਰੇ ਤੋਂ ਚੰਗੀ ਤਰ੍ਹਾਂ ਜਾਣੂੰ ਹੈ। ਇਸ ਲਈ, ਇਹ ਇਸ ਲਹਿਰ ਨੂੰ ਕੁਚਲਣ ਲਈ, ਇਸ ਦੇ ਇਨਕਲਾਬੀ ਅਤੇ ਅਗਾਂਹਵਧੂ ਮੋਹਰੀ ਦਸਤੇ ਨੂੰ ਸ਼ਸ਼ੋਪੰਜ ਵਿਚ ਪਾਉਣ ਲਈ, ਇਸ ਨੂੰ ਕੁਰਾਹੇ ਪਾ ਕੇ ਹਨੇਰ-ਗਲੀ 'ਚ ਧੱਕਣ ਲਈ ਹਰ ਯਤਨ ਕਰ ਰਿਹਾ ਹੈ, ਕਿਤੇ ਉਸ਼ਟੰਡਬਾਜ਼ੀ ਅਤੇ ਵਿਸਾਹਘਾਤ ਅਤੇ ਕਿਤੇ ਤਾਕਤ ਦੀ ਵਰਤੋਂ ਕਰ ਰਿਹਾ ਹੈ,। ਦੂਸਰੀ ਤਰਫ਼, ਦੱਬੇ ਕੁੱਚਲੇ ਅਤੇ ਨਿਰਭਰ ਦੇਸ਼ਾਂ ਦੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ, ਅਤੇ ਗਲੇ-ਸੜੇ ਨਵ-ਬਸਤੀਵਾਦੀ ਨਿਜ਼ਾਮ ਨੂੰ ਹਰ ਹੀਲੇ ਕਾਇਮ ਰੱਖਣ ਲਈ, ਇਸ ਦੇ ਰਖਵਾਲੇ, ਵਿਸ਼ਵ ਰਾਇ ਵਿਚ ਇਸ ਤਰ੍ਹਾਂ ਦਾ ਪ੍ਰਭਾਵ ਦੇਣ ਦੇ ਯਤਨ ਕਰਦੇ ਹਨ ਕਿ ਇਹ ਦੇਸ਼ ਪੂਰੀ ਤਰ੍ਹਾਂ ਆਜ਼ਾਦ ਅਤੇ ਖੁਦਮੁਖਤਾਰ ਹਨ, ਕਿ ਇਹਨਾਂ ਨੂੰ ਵੱਖ ਵੱਖ ਕੌਮਾਂਤਰੀ ਸੰਗਠਨਾਂ ਵਿਚ ਆਪਣੀ "ਸੁਤੰਤਰ" ਰਾਇ ਪੇਸ਼ ਕਰਨ ਦਾ ਅਤੇ ਮਹਾਂ-ਸ਼ਕਤੀਆਂ ਦਾ ਵਿਰੋਧ ਕਰਨ ਦਾ ਵੀ ਹੱਕ ਹੈ।

ਸਾਮਰਾਜਵਾਦ ਨੇ ਇਹੋ-ਜਿਹਾ ਪ੍ਰਭਾਵ ਪੈਦਾ ਕਰਨ ਵਾਲੇ ਵੱਖ ਵੱਖ ਲਹਿਰਾਂ ਅਤੇ ਸਿਧਾਂਤਾਂ ਨੂੰ ਸ਼ਹਿ ਅਤੇ ਉਤਸ਼ਾਹ ਦਿੱਤਾ। ਇਹਨਾਂ ਵਿਚੋਂ ਇਕ "ਨਿਰਪੱਖ" ਲਹਿਰ ਹੈ। ਇਸ ਦਾ ਅਧਾਰ ਇਸ ਕਿਸਮ ਦਾ ਪ੍ਰਚਾਰ ਸੀ ਕਿ ਸਿਆਸੀ ਅਤੇ ਫੌਜੀ ਗੁੱਟਾਂ ਵਿਚ ਸ਼ਾਮਿਲ ਨਹੀਂ ਹੋਣਾ ਚਾਹੀਦਾ ਅਤੇ ਮਹਾਂ-ਸ਼ਕਤੀ ਨੀਤੀ ਵਿਰੁੱਧ ਆਰਥਿਕ ਤੌਰ ਤੇ ਅਣ-ਵਿਕਸਤ ਦੇਸ਼ਾਂ ਦੇ ਹਿੱਤਾਂ ਦੀ ਰਖਵਾਲੀ ਕਰਨੀ ਚਾਹੀਦੀ ਹੈ। ਲੇਕਿਨ, ਹੁਣ, ਜਦ ਮਹਾਂ-ਸ਼ਕਤੀਆਂ ਵਿਚਕਾਰ ਭੇੜ ਤਿੱਖਾ ਹੋ ਚੁੱਕਾ ਹੈ, ਜਦ ਸੰਕਟ ਨੇ ਚਾਲ-ਬਾਜ਼ੀਆਂ ਦਾ ਖੇਤਰ ਘਟਾ ਦਿੱਤਾ ਹੈ, ਤਾਂ ਇਹ ਬਿਲਕੁੱਲ ਸਪੱਸ਼ਟ ਦਿਸ ਰਿਹਾ ਹੈ ਕਿ "ਨਿਰਪੱਖ" ਦੇਸ਼ਾਂ ਵਿਚੋਂ ਬਹੁਤ ਸਾਰੇ ਦੇਸ਼ ਇਕ ਜਾਂ ਦੂਸਰੀ ਮਹਾਂ-ਸ਼ਕਤੀ ਨਾਲ ਏਕਾ ਕਰ ਰਹੇ ਹਨ। ਲਹਿਰ ਵਿਚ ਦੁਫੇੜਾਂ ਪੈਣ ਅਤੇ ਵੱਖ ਵੱਖ ਅਖੌਤੀ ਨਿਰਪੱਖ ਦੇਸ਼ਾਂ ਵਿਚਕਾਰ ਬਹੁਤ ਸਾਰੀਆਂ ਜੰਗਾਂ ਹੋਣ ਦੇ ਨਾਲ ਨਾਲ, ਵੱਖ ਵੱਖ ਲੀਡਰਾਂ ਵਲੋਂ, ਖ਼ਾਸਕਰ ਇਸ ਗਰੁੱਪ ਦੇ ਆਗੂ ਅਤੇ ਸਿਧਾਂਤਕਾਰ ਬਣਨ ਦੀ ਮਣਸ਼ਾ ਰੱਖਣ ਵਾਲੇ ਯੂਗੋਸਲਾਵ ਲੀਡਰਾਂ ਵੱਲੋਂ ਘੜੇ ਗਏ ਉਸ਼ਟੰਡਬਾਜ਼ ਸਿਧਾਂਤ ਵੀ ਢਹਿ-ਢੇਰੀ ਹੋ ਗਏ ਹਨ। ਹੁਣ ਇਹ ਇਕ ਅਜੇਹੀ ਲਹਿਰ ਸਾਬਿਤ ਹੋ ਗਈ ਹੈ ਜੋ ਬਿਲਕੁੱਲ ਬੇਹੂਦਾ ਹੈ ਅਤੇ ਪੈਦਾ ਹੋਏ ਹਾਲਾਤਾਂ ਅਤੇ ਮਹਾਂ-ਸ਼ਕਤੀਆਂ ਦੇ ਹਿੱਤਾਂ ਮੁਤਾਬਿਕ ਜਗਦੀ ਅਤੇ ਬੁਝਦੀ ਹੈ।

ਇਕ ਸਮੇਂ, "ਤਿੰਨ ਦੁਨੀਆਵਾਂ" ਦਾ ਚੀਨੀ ਸਿਧਾਂਤ ਵੀ ਨਵ-ਬਸਤੀਵਾਦ ਦੇ ਹਿੱਤਾਂ ਅਤੇ ਖ਼ਾਸਕਰ ਅਮਰੀਕਾ ਦੀ ਵਿਸ਼ਵ ਸਰਦਾਰੀ ਦੇ ਰਖਵਾਲੇ ਸਿਧਾਂਤ ਦੇ ਤੌਰ ਤੇ ਉਭਰਕੇ ਸਾਹਮਣੇ ਆਇਆ ਸੀ। ਲੇਕਿਨ ਇਹ ਇਵੇਂ ਪਿਘਲ ਗਿਆ ਜਿਵੇਂ ਅੱਗ ਮੂਹਰੇ ਮੱਖਣ ਪਿਘਲ ਜਾਂਦਾ ਹੈ। ਇਹ ਇਕ ਕਾਟਵੇਂ ਪੱਤੇ ਦੇ ਤੌਰ ਤੇ ਖੇਲ੍ਹਿਆ ਗਿਆ ਲੇਕਿਨ ਜਲਦ ਹੀ ਖੁਦ ਕੱਟਿਆ ਗਿਆ। ਸਾਡੀ ਪਾਰਟੀ ਨੇ ਇਸ ਪਿਛਾਖੜੀ ਉਲਟ-ਇਨਕਲਾਬੀ ਸਿਧਾਂਤ ਉੱਤੇ ਹਮਲਾ ਕੀਤਾ ਅਤੇ ਇਸ ਦਾ ਪਰਦਾ-ਫਾਸ਼ ਕੀਤਾ।

ਵਰਤਮਾਨ ਸਾਲਾਂ ਵਿਚ ਅਖੌਤੀ "ਨਵੀਨ ਕੌਮਾਂਤਰੀ ਆਰਥਿਕ ਪ੍ਰਣਾਲੀ" ਬਾਰੇ ਬਹੁਤ ਹੀ ਪ੍ਰਚਾਰ ਕੀਤਾ ਜਾ ਰਿਹਾ ਹੈ। ਇਹ "ਪ੍ਰਣਾਲੀ" ਕਥਿਤ ਤੌਰ ਤੇ ਅੱਜ ਆਰਥਿਕ ਤੌਰ ਤੇ ਅਣ-ਵਿਕਸਤ ਦੇਸ਼ਾਂ ਨੂੰ ਸਤਾ ਰਹੀਆਂ ਸਭ ਸਮੱਸਿਆਵਾਂ, ਜਿਵੇਂ ਕਿ ਉਦਯੋਗੀਕਰਣ, ਅਨਾਜ, ਉਤਪਾਦਨ ਦੇ ਉਪਕਰਣਾਂ ਦੇ ਪ੍ਰੀਵਰਤਨ, ਆਦਿ, ਦੀਆਂ ਸਮੱਸਿਆਵਾਂ ਨੂੰ ਹੱਲ ਕਰ ਦਏਗੀ। ਇਸ "ਨਵੀਂ ਪ੍ਰਣਾਲੀ" ਗਿਰਦ ਵੱਖ ਵੱਖ ਸਿਧਾਂਤ ਖੜੇ ਕੀਤੇ ਗਏ ਹਨ, ਮੁਕੰਮਲ ਵਿਉਂਤਾਂ ਅਤੇ ਪ੍ਰਾਜੈਕਟ ਪੇਸ਼ ਕੀਤੇ ਗਏ ਹਨ ਅਤੇ ਠੋਸ ਕਾਰਵਾਈਆਂ ਕੀਤੀਆਂ ਗਈਆਂ ਹਨ; ਜਿਵੇਂ ਕਿ ਅਖੌਤੀ ਉੱਤਰ-ਦੱਖਣ ਗੱਲਬਾਤ, 77 ਦੀ ਕਾਨਫਰੰਸ, ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਦੀਆਂ ਵਿਸ਼ੇਸ਼ ਮੀਟਿੰਗਾਂ, ਬਗੈਰਾ।

ਲੇਕਿਨ, ਸਾਲ ਹੋ ਗਏ ਹਨ ਅਤੇ ਕੁੱਝ ਵੀ ਹਾਸਲ ਨਹੀਂ ਕੀਤਾ ਗਿਆ, ਕਿਉਂਕਿ ਸਾਮਰਾਜਵਾਦੀਏ ਅਤੇ ਨਵ-ਬਸਤੀਵਾਦੀਏ ਆਪਣੀਆਂ ਸਹੂਲਤਾਂ ਅਤੇ ਸਰਦਾਰੀਆਂ ਨਹੀਂ ਛੱਡਦੇ। ਵੱਖ ਵੱਖ ਕੌਮਾਂਤਰੀ ਮੀਟਿੰਗਾਂ ਵਲੋਂ ਪਾਸ ਕੀਤੇ ਗਏ ਖੱਸੀ ਮਤਿਆਂ ਅਤੇ ਨਵੀਆਂ ਮੀਟਿਗਾਂ ਕਰਨ ਦੇ ਫ਼ੈਸਲਿਆਂ ਤੋਂ ਸਿਵਾ ਹੋਰ ਕੁੱਝ ਹੱਥ-ਪੱਲੇ ਨਹੀਂ ਪਿਆ।

ਇਹ ਦਰੁਸਤ ਹੈ ਕਿ ਕੌਮਾਂਤਰੀ ਆਰਥਿਕ ਰਿਸ਼ਤੇ ਬਦਲੇ ਜਾਣੇ ਚਾਹੀਦੇ ਹਨ ਇਹ ਨਵ-ਬਸਤੀਵਾਦ ਦੀਆਂ ਜੰਜ਼ੀਰਾਂ ਤੋਂ ਛੁਟਕਾਰਾ ਪਾਉਣ ਲਈ ਲੜ ਰਹੇ ਲੋਕਾਂ ਦੀ ਖ਼ਾਹਿਸ਼ ਅਤੇ ਮੰਗ ਹੈ। ਲੇਕਿਨ ਇਹ ਕੁੱਝ ਕੀਤਾ, ਕਿਵੇਂ ਜਾ ਸਕਦਾ ਹੈ? ਸੋਧਵਾਦੀਏ ਅਤੇ ਹੋਰ ਮੌਕਾਪ੍ਰਸਤ ਕਹਿੰਦੇ ਹਨ ਕਿ ਇਹ ਪ੍ਰਾਪੇਗੰਡੇ ਰਾਹੀਂ, ਪੂੰਜੀਪਤੀਆਂ ਨੂੰ ਸਮਝਾ-ਬੁਝਾ ਕੇ ਅਤੇ ਗੱਲਾਂ-ਬਾਤਾਂ ਰਾਹੀਂ ਕੀਤਾ ਜਾ ਸਕਦਾ ਹੈ। ਇਹ ਰਾਇ, ਕਿ ਇਕ ਨਵੀਂ ਕੌਮਾਂਤਰੀ ਪ੍ਰਣਾਲੀ ਨੈਤਿਕਵਾਦੀ ਉਪਦੇਸ਼ਾਂ ਰਾਹੀਂ ਹਾਸਲ ਕੀਤੀ ਜਾ ਸਕਦੀ ਹੈ, ਨਾ ਸਿਰਫ਼ ਅਸਲੀਅਤ ਅਤੇ ਸੰਭਾਵਨਾ ਦੀਆਂ ਸਭ ਹੱਦਾਂ ਤੋਂ ਬਾਹਰ ਹੀ ਹੈ ਬਲਕਿ ਇਹ ਇਕ ਮਨਹੂਸ ਫਰੇਬ ਵੀ ਹੈ। ਸਹੀ ਰਸਤਾ ਹੈ: ਲੋਕ ਆਪਣੇ ਹਕਾਂ ਦੀ ਰਖਵਾਲੀ ਲਈ ਅੰਤ ਤਕ ਸੰਘਰਸ਼ ਕਰਨ, ਨਵ-ਬਸਤੀਵਾਦੀ ਲੁੱਟ ਦੀ ਡਟਕੇ ਵਿਰੋਧਤਾ ਕੀਤੀ ਜਾਵੇ, ਆਪਣੀਆਂ ਕੌਮੀ ਸੰਪਤੀਆਂ ਉੱਤੇ ਕਬਜ਼ਾ ਕੀਤਾ ਜਾਏ ਅਤੇ ਖੁਦਮੁਖਤਾਰੀ ਕਾਇਮ ਕੀਤੀ ਜਾਵੇ। ਸਿਰਫ਼ ਇਸ ਤਰੀਕੇ ਨਾਲ ਹੀ ਅਣ-ਵਿਕਸਤ ਦੇਸ਼, ਆਰਥਿਕ ਖੇਤਰ ਵਿਚ ਬਰਾਬਰ ਲੈਣ-ਦੇਣ, ਪਰਸਪਰ ਲਾਹੇਵੰਦ ਸਹਿਯੋਗ, ਆਦਿ, ਦੀਆਂ ਆਪਣੀਆਂ ਮੰਗਾਂ ਸਾਮਰਾਜੀ ਅਤੇ ਪੂੰਜੀਵਾਦੀ ਤਾਕਤਾਂ ਉੱਤੇ ਠੋਸ ਸਕਦੇ ਹਨ।

ਵੱਡੀਆਂ ਅਤੇ ਛੋਟੀਆਂ ਸਾਮਰਾਜੀ ਤਾਕਤਾਂ ਇਸ ਤਰ੍ਹਾਂ ਸੋਚਦੀਆਂ ਅਤੇ ਸਿਧਾਂਤਕਾਰੀ ਕਰਦੀਆਂ ਹਨ ਕਿ ਉਹ ਹੀ ਕੌਮਾਂ ਅਤੇ ਮਨੁੱਖਤਾ ਦੀ ਤਕਦੀਰ ਦੀਆਂ ਮਾਲਕ ਹਨ ਅਤੇ ਉਹ ਇਸ ਅਧਾਰ ਤੇ ਹੀ ਕਾਰਵਾਈ ਕਰਦੀਆਂ ਹਨ ਅਤੇ ਲੋਕਾਂ ਨੂੰ ਗੁਲਾਮ ਬਣਾਉਣਾ ਲੋਚਦੀਆਂ ਹਨ। ਇਹ ਧਾੜਵੀ ਤਾਕਤਾਂ ਲੋਕਾਂ ਦੀ ਸ਼ਕਤੀ ਘਟਾ ਕੇ ਦੇਖਦੀਆਂ ਹਨ। ਉਹਨਾਂ ਦੀ ਨਿਗਾਹ ਕਮਜ਼ੋਰ ਹੈ ਅਤੇ ਉਹ ਇਹ ਨਹੀਂ ਦੇਖਣਾ ਚਾਹੁੰਦੀਆਂ ਕਿ ਦੋਹਰੀ, ਅੰਦਰੂਨੀ ਅਤੇ ਵਿਦੇਸ਼ੀ, ਗੁਲਾਮੀ ਅਤੇ ਦਮਨ ਵਿਰੁੱਧ ਲੋਕਾਂ ਦਾ ਹਰ ਕਦਮ ਪੂੰਜੀਵਾਦੀ ਅਤੇ ਸਾਮਰਾਜੀ ਜੇਲ੍ਹ ਦੀ ਕੰਧ ਵਿਚ ਛੇਦ ਕਰਦਾ ਹੈ ਜਿਹੜਾ ਛੇਦ ਚੌੜਾ ਹੀ ਹੁੰਦਾ ਚਲਾ ਜਾਏਗਾ।

ਅਮਰੀਕਨ ਸਾਮਰਾਜਵਾਦ ਅਤੇ ਸੋਵੀਅਤ ਸਮਾਜਿਕ-ਸਾਮਰਾਜਵਾਦ, ਦੋ ਅਜਿੱਤ ਮਹਾਂ ਸ਼ਕਤੀਆਂ ਹੋਣ ਦਾ ਦਿਖਾਵਾ ਕਰਨ ਦੇ ਬੇਹੱਦ ਯਤਨ ਕਰਦੇ ਹਨ। ਨਿਰਸੰਦੇਹ ਉਹਨਾਂ ਕੋਲ ਬਹੁਤ ਵੱਡੀ ਫੌਜੀ ਅਤੇ ਆਰਥਿਕ ਸ਼ਕਤੀ ਹੈ ਅਤੇ ਉਹ ਹਰ ਜਗ੍ਹਾ ਦੂਸਰੇ ਦੇਸ਼ਾਂ ਦੀ ਅੰਦਰੂਨੀ ਮਾਮਲਿਆਂ ਵਿਚ ਗਟੇ ਅੜਾਉਂਦੀਆਂ ਹਨ, ਲੇਕਿਨ ਹਥਿਆਰਾਂ ਅਤੇ ਡਾਲਰਾਂ ਜਾਂ ਰੂਬਲਾਂ ਦੇ ਮਾਲਕ ਹੋਣ ਦਾ ਮਤਲਬ ਇਹ ਨਹੀਂ ਕਿ ਤੁਹਾਡੇ ਕੋਲ ਅਜਿੱਤ ਤਾਕਤ ਹੈ। ਸਾਮਰਾਜੀ ਮਹਾਂ-ਸ਼ਕਤੀਆਂ ਦਾ ਬਿਲਕੁੱਲ ਸਹੀ ਜਾਇਜ਼ਾ ਲਾਉਣਾ ਚਾਹੀਦਾ ਹੈ ਇਹਨਾਂ ਨੂੰ ਨਾ ਘਟਾ ਕੇ ਅਤੇ ਨਾ ਹੀ ਵਧਾ ਕੇ ਦੇਖਣਾ ਚਾਹੀਦਾ ਹੈ। ਇਹ ਤਾਕਤਵਰ ਅਤੇ ਖੂੰਖਾਰ ਹਨ, ਲੇਕਿਨ ਇਹ ਗਲ-ਸੜ ਵੀ ਰਹੀਆਂ ਹਨ, ਇਹਨਾਂ ਦੇ ਕੀੜੇ ਪਏ ਹੋਏ ਹਨ ਅਤੇ ਇਹਨਾਂ ਦੀਆਂ ਨੀਹਾਂ ਖੋਖਲੀਆਂ ਹਨ।

ਵਿਸ਼ਵ ਪੂੰਜੀ ਸੰਕਟ 'ਚੋਂ ਨਿਕਲਣ ਲਈ, ਆਪਣੇ-ਆਪਨੂੰ ਲੋਕਾ ਦੇ ਮੁਕਤੀ ਸੰਘਰਸ਼ਾਂ ਅਤੇ ਇਨਕਲਾਬ ਤੋਂ ਬਚਾਉਣ ਲਈ, ਇਸ ਡਰਾਉਣੇ ਫੌਲਾਦੀ ਪੰਜੇ ਤੋਂ ਆਪਣੀ ਸੰਘੀ ਛਡਵਾਉਣ ਲਈ, ਭਰਵੇਂ ਯਤਨ ਕਰ ਰਹੀ ਹੈ। ਲੇਕਿਨ ਛੁਟਕਾਰਾ ਅਸੰਭਵ ਹੈ, ਕਿਉਂਕਿ ਪੂੰਜੀਵਾਦੀ ਨਿਜ਼ਾਮ ਖੁਦ ਹੀ ਸਿਆਸੀ, ਆਰਥਿਕ ਅਤੇ ਵਿਚਾਰਧਾਰਕ ਸੰਕਟਾਂ ਨੂੰ ਪੈਦਾ ਕਰਦਾ ਹੈ ਅਤੇ ਇਹਨਾਂ ਨੂੰ ਵਧਾਉਂਦਾ ਹੈ। ਪੂੰਜੀਵਾਦ ਵੱਲੋਂ ਪੈਦਾ ਕੀਤੇ ਜਾਂਦੇ ਸੰਕਟਾਂ ਚੋਂ ਨਿਕਲਣ ਦਾ, ਪੂੰਜੀਵਾਦੀ ਦਮਨ ਅਤੇ ਲੁੱਟ ਤੋਂ ਅਤੇ ਵਿਦੇਸ਼ੀਆਂ ਦੀ ਗੁਲਾਮੀ ਅਤੇ ਪਿਟਾਖੜ ਦੀ ਚੌਧਰ ਤੋਂ ਹਮੇਸ਼ਾਂ ਵਾਸਤੇ ਛੁਟਕਾਰਾ ਪਾਉਣ ਦਾ ਇਕੋ-ਇਕ ਰਾਹ ਹੈ ਅਤੇ ਉਹ ਹੈ ਇਨਕਲਾਬ ਦਾ ਰਾਹ, ਸਾਮਰਾਜਵਾਦ ਅਤੇ ਪੂੰਜੀਵਾਦ ਦਾ ਤਖਤਾ ਉਲਟਾਉਣ ਦਾ ਰਾਹ।

ਆਪਣੇ ਦੁਸ਼ਮਣਾਂ ਦੇ ਖਿਲਾਫ਼ ਲੋਕਾਂ ਦਾ ਸੰਘਰਸ਼, ਪ੍ਰੋਲੇਤਾਰੀਆ ਦਾ

ਸੰਘਰਸ਼ ਅੱਗੇ ਵਧੇਗਾ। ਇਹ ਇਕ ਵਾਸਤਵਿਕ ਇਤਿਹਾਸਕ ਵਿਧੀ ਹੈ ਜਿਸਨੂੰ ਕੋਈ ਵੀ ਤਾਕਤ ਰੋਕ ਨਹੀਂ ਸਕਦੀ।

**ਦੁਨੀਆਂ ਵਿਚ ਪੈਦਾ ਕੀਤੀਆਂ ਗਈਆਂ ਅਤੇ ਕੀਤੀਆਂ ਜਾ ਰਹੀਆਂ ਗੁੰਝਲਦਾਰ ਅਤੇ ਕਠਿਨ ਹਾਲਤਾਂ ਵਿਚ ਸਾਡੀ ਪਾਰਟੀ ਅਤੇ ਸਾਡੀ ਸਮਾਜਵਾਦੀ ਸਟੇਟ ਦਾ ਫਰਜ਼ ਹੈ ਕਿ ਉਹ ਇਨਕਲਾਬੀ ਚੌਕਸੀ ਹਮੇਸ਼ਾਂ ਉੱਚੀ ਰੱਖਣ, ਅਤੇ ਆਰਥਿਕਤਾ ਅਤੇ ਸੁਰੱਖਿਆ ਦੀ ਅਤੇ ਲੋਕਾਂ ਦੀ ਏਕਤਾ ਅਤੇ ਸਿਆਸੀ ਚੇਤੰਨਤਾ ਦੀ ਸਰਵ-ਪੱਖੀ ਮਜ਼ਬੂਤੀ ਲਈ ਭਰਵੇਂ ਉਪਾਓ ਕਰਨ। ਏਸੇ ਤਰ੍ਹਾਂ ਹੀ ਇਹ ਹਾਲਤਾਂ ਮੰਗ ਕਰਦੀਆਂ ਹਨ ਕਿ ਸਾਡੀ ਵਿਦੇਸ਼-ਨੀਤੀ ਇਕ ਸਰਗਰਮ ਨੀਤੀ ਹੋਣੀ ਚਾਹੀਦੀ ਹੈ ਅਤੇ ਇਸ ਨੂੰ ਵਤਨ ਦੇ ਸੁਰੱਖਿਆ ਹਿੱਤਾਂ ਅਤੇ ਸਮਾਜਵਾਦ ਦੀਆਂ ਜਿੱਤਾਂ ਦੀ ਬੇਹਤਰ ਸੇਵਾ ਕਰਨੀ ਚਾਹੀਦੀ ਹੈ, ਇਸ ਨੂੰ ਇਨਕਲਾਬ, ਲੋਕਾਂ ਦੇ ਮੁਕਤੀ ਸੰਘਰਸ਼ਾਂ ਅਤੇ ਦੁਨੀਆਂ ਵਿਚ ਅਮਨ ਦੇ ਕਾਜ਼ ਨੂੰ ਅੱਗੇ ਵਧਾਉਣ ਵਿਚ ਹਿੱਸਾ ਪਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਸਭ ਵਿਧੀਆਂ ਦੀ ਹਮਾਇਤ ਕਰਨੀ ਚਾਹੀਦੀ ਹੈ ਜਿਹੜੀਆਂ ਵਰਤਮਾਨ ਮਾਨਵ ਸਮਾਜ ਦੀ ਖਲਾਸੀ ਅਤੇ ਉੱਨਤੀ ਵਿਚ ਮਦਦ ਕਰਦੀਆਂ ਹਨ।**

ਸਾਡੀ ਵਿਦੇਸ਼ੀ-ਨੀਤੀ, ਇਕ ਸਮਾਜਵਾਦੀ ਦੇਸ਼ ਅਤੇ ਲੁਟੇਰੀਆਂ ਜਮਾਤਾਂ ਤੋਂ ਸਹੀ ਤੌਰ ਤੇ ਸੁਤੰਤਰ ਸਮਾਜ ਦੀ ਨੀਤੀ ਦੀ ਹੈਸੀਅਤ ਵਿਚ ਇਕ ਇਨਕਲਾਬੀ ਅਤੇ ਕੌਮਾਂਤਰੀਵਾਦੀ ਨੀਤੀ ਹੈ। ਇਸ ਵਿਚ ਕਿਸੇ ਵੀ ਕਿਸਮ ਦੇ ਸੌੜੇ ਬੁਰਜੁਆ ਕੌਮਵਾਦ, ਸ਼ੋਵਨਵਾਦ, ਕੌਮੀ ਇਕੱਲਤਾ, ਜਾਂ ਦੂਸਰੇ ਲੋਕਾਂ ਨੂੰ ਨੀਵਾਂ ਸਮਝਣ ਆਦਿ, ਦੇ ਕੋਈ ਵੀ ਲੱਛਣ ਨਹੀਂ ਹਨ। ਅਲਬਾਨੀਅਨ ਲੋਕ ਸਭ ਲੋਕਾਂ ਦੀ ਇੱਜ਼ਤ ਕਰਦੇ ਹਨ ਅਤੇ ਸਭ ਦਾ ਭਲਾ ਚਾਹੁੰਦੇ ਹਨ।

ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ਼ ਅਲਬਾਨੀਆਂ ਬੜੀ ਦ੍ਰਿੜ੍ਹਤਾ ਨਾਲ ਇਸ ਅਸੂਲ ਨੂੰ ਉੱਚਾ ਰੱਖਦਾ ਹੈ ਕਿ ਸਭ ਦੇਸ਼ਾਂ ਦੇ ਲੋਕਾਂ ਨੂੰ ਇਹ ਹੱਕ ਹੈ ਕਿ ਉਹ ਖੁਦ ਆਪਣੇ ਵਿਕਾਸ ਦਾ ਰਾਹ ਚੁਣਨ ਅਤੇ ਇਕ ਖੁਦਮੁਖਤਾਰ ਤਰੀਕੇ ਨਾਲ ਆਪਣੀ ਤਕਦੀਰ ਦਾ ਫ਼ੈਸਲਾ ਕਰਨ।

ਇਕ ਮੁਕੰਮਲ ਤੌਰ ਤੇ ਅਜ਼ਾਦ ਮੁਲਕ ਦੀ ਹੈਸੀਅਤ ਵਿਚ ਸਮਾਜਵਾਦੀ ਅਲਬਾਨੀਆਂ ਜੋ ਵੀ ਸੋਚਦਾ ਹੈ, ਖੁਲ੍ਹੇਆਮ, ਬੇਝਿਜਕ ਅਤੇ ਪੂਰੀ ਇਮਾਨਦਾਰੀ ਨਾਲ ਕਹਿ ਦਿੰਦਾ ਹੈ। ਇਹ ਇਕ ਖੁਦਮੁਖਤਾਰ ਵਿਦੇਸ਼-ਨੀਤੀ ਉੱਤੇ ਚੱਲਦਾ ਹੈ, ਜਿਸ ਨੀਤੀ ਉੱਤੇ ਸਿਆਸੀ ਸਮਝੌਤਿਆਂ, ਫ਼ੌਜੀ ਸੰਧੀਆਂ ਜਾਂ ਆਰਥਿਕ ਗੁੱਟਾਂ ਦਾ ਕੋਈ ਅਸਰ ਜਾਂ ਪਾਬੰਦੀ ਨਹੀਂ ਹੈ। ਇਹ ਆਪਣੇ ਆਰਥਿਕ ਅਤੇ ਸਿਆਸੀ ਵਿਕਾਸ ਨੂੰ ਹੋਰਨਾਂ ਦੇਸ਼ਾਂ ਤੋਂ ਕਰਜ਼ਿਆ ਜਾਂ ਇਮਦਾਦ ਉੱਤੇ ਨਹੀਂ ਸਗੋਂ ਖੁਦ ਆਪਣੀਆਂ ਤਾਕਤਾਂ ਉੱਤੇ ਅਧਾਰਿਤ ਕਰਦਾ ਹੈ।

ਇਸ ਦੇ ਫਲਸਰੂਪ ਇਕ ਅਜੇਹੀ ਦੁਨੀਆਂ ਵਿਚ ਜਿੱਥੇ ਵੱਡੀਆਂ ਸਾਮਰਾਜੀ ਤਾਕਤਾਂ ਉੱਤੇ ਨਿਰਭਰਤਾ ਅਤੇ ਗੁਲਾਮੀ ਬਹੁਤ ਸਾਰੇ ਦੇਸ਼ਾਂ ਦੀ ਆਜ਼ਾਦ ਸੋਚਣੀ ਜਾਂ ਕਾਰਵਾਈ ਉੱਤੇ ਬੰਦਸ਼ਾਂ ਲਾਉਂਦੀ ਹੈ, ਅਲਬਾਨੀਆਂ ਦੀ ਆਵਾਜ਼ ਹਮੇਸ਼ਾਂ ਸੁਤੰਤਰ, ਯਥਾਰਥਵਾਦੀ ਅਤੇ ਵਾਸਤਵਿਕਤਾਵਾਦੀ ਆਵਾਜ਼ ਰਹੀ ਹੈ।

ਪਾਰਟੀ ਦੀ 7ਵੀਂ ਕਾਂਗਰਸ ਤੋਂ ਬਾਅਦ ਦੇ ਅਰਸੇ ਦੌਰਾਨ, ਸਾਡੀ ਸਟੇਟ ਨੇ, ਬਰਾਬਰਤਾ, ਖੁਦਮੁਖਤਾਰੀ ਦੀ ਇੱਜ਼ਤ, ਇਕ-ਦੂਸਰੇ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲ ਨਾ ਦੇਣ ਅਤੇ ਪਰਸਪਰ ਲਾਭ, ਦੇ ਅਸੂਲਾਂ ਦੇ ਅਧਾਰ ਤੇ ਬਹੁਤ ਸਾਰੇ ਦੇਸ਼ਾਂ ਨਾਲ ਡਿਪਲੋਮੈਟਿਕ, ਵਿਉਪਾਰਿਕ ਅਤੇ ਸੱਭਿਆਚਾਰਕ ਰਿਸ਼ਤੇ ਕਾਇਮ ਕੀਤੇ ਹਨ ਅਤੇ ਵੱਖ ਵੱਖ ਖੇਤਰਾਂ ਵਿਚ ਉਨ੍ਹਾਂ ਨਾਲ ਆਪਣਾ ਲੈਣ-ਦੇਣ ਲਗਾਤਾਰ ਵਧਾਇਆ ਹੈ। ਅੱਜ ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ਼ ਅਲਬਾਨੀਆਂ ਦੇ 95 ਦੇਸ਼ਾਂ ਨਾਲ ਡਿਪਲੋਮੈਟਿਕ ਸਬੰਧ ਹਨ, ਜਦ ਕਿ ਪਾਰਟੀ ਦੀ 7ਵੀਂ ਕਾਂਗਰਸ ਵੇਲੇ ਅਜੇਹੇ ਸਬੰਧ 74 ਦੇਸ਼ਾਂ ਨਾਲ ਸਨ।

ਸਭ ਆਜ਼ਾਦੀ-ਪਸੰਦ ਅਤੇ ਅਮਨ-ਪਸੰਦ ਲੋਕਾਂ ਨਾਲ ਸਾਮਰਾਜਵਾਦੀਆਂ ਦੀ ਧਾੜਵੀ ਅਤੇ ਚੌਧਰਵਾਦੀ ਨੀਤੀ ਵਿਰੁੱਧ ਲੜਨ ਵਾਲੇ ਸਭ ਲੋਕਾਂ ਨਾਲ ਮਿੱਤਰਤਾ ਅਤੇ ਸਹਿਯੋਗ ਦੇ ਨਿਸ਼ਕਪਟ ਰਿਸ਼ਤਿਆਂ ਨੂੰ ਲਗਾਤਾਰ ਮਜ਼ਬੂਤ ਕਰਨਾ, ਸਾਡੀ ਪਾਰਟੀ ਅਤੇ ਸਮਾਜਵਾਦੀ ਸਟੇਟ ਦੀ ਨੀਤੀ ਰਹੀ ਹੈ ਅਤੇ ਹਮੇਸ਼ਾਂ ਰਹੇਗੀ। ਅਲਬਾਨੀਆਂ ਉਨ੍ਹਾਂ ਸਭ ਦੇਸ਼ਾਂ ਨਾਲ ਇਮਾਨਦਾਰ ਸਹਿਯੋਗ ਦੇ ਵਿਕਾਸ ਦੇ ਹੱਕ ਵਿਚ ਹੈ, ਜਿਹੜੇ ਵੀ ਦੇਸ਼ ਇਸਦਾ ਭਲਾ ਚਾਹੁੰਦੇ ਹਨ ਅਤੇ ਇਸ ਪ੍ਰਤੀ ਇਕ ਸਹੀ ਰਵੱਈਆ ਰੱਖਦੇ ਹਨ।

ਸਾਡੀ ਪਾਰਟੀ ਅਤੇ ਸਾਡਾ ਦੇਸ਼, ਅੰਤਰਰਾਸ਼ਟਰੀ ਰਿਸ਼ਤਿਆਂ ਵਿਚ ਨਾ-ਬਰਾਬਰਤਾ, ਵਿਤਕਰੇ ਅਤੇ ਵੱਡੀਆਂ ਤਾਕਤਾਂ ਵੱਲੋਂ ਸਰਦਾਰੀ ਦੇ ਸਭ ਸਾਮਰਾਜੀ ਅਤੇ ਨਵ-ਬਸਤੀਵਾਦੀ ਅਮਲਾਂ ਦਾ ਵਿਰੋਧ ਕਰਦੇ ਹਨ। ਸਾਡਾ ਵਿਸ਼ਵਾਸ ਹੈ ਕਿ ਦੇਸ਼ਾਂ ਵਿਚਕਾਰ ਰਿਸ਼ਤੇ, ਚਾਹੇ ਕੋਈ ਵੱਡਾ ਜਾਂ ਛੋਟਾ ਦੇਸ਼ ਹੋਵੇ, ਫਿਰ ਵੀ ਉਨ੍ਹਾਂ ਵਿਚਕਾਰ ਰਿਸ਼ਤੇ ਕਿਸੇ ਵੀ ਕਿਸਮ ਦੇ ਆਰਥਿਕ, ਸਿਆਸੀ ਜਾਂ ਫੌਜੀ, ਦਬਾਓ ਤੋਂ ਰਹਿਤ ਹੋਣੇ ਚਾਹੀਦੇ ਹਨ, ਅਤੇ ਉਨ੍ਹਾਂ ਦੇ ਆਰਥਿਕ, ਸੱਭਿਆਚਾਰਕ ਅਤੇ ਸਮਾਜਿਕ ਵਿਕਾਸ ਦੀ ਸੇਵਾ ਵਿਚ ਹੋਣੇ ਚਾਹੀਦੇ ਹਨ, ਖੁਦਮੁਖਤਾਰ ਦੇਸ਼ਾਂ ਅਤੇ ਲੋਕਾਂ ਵਿਚਕਾਰ ਮਿੱਤਰਤਾ ਦੀ ਮਜ਼ਬੂਤੀ ਅਤੇ ਵਿਸ਼ਵ ਅਮਨ ਦੀ ਬਰਕਰਾਰੀ ਅਤੇ ਮਜ਼ਬੂਤੀ ਦੇ ਹਿੱਤਾਂ ਵਿਚ ਹੋਣੇ ਚਾਹੀਦੇ ਹਨ।

ਸਾਡਾ ਸਮਾਜਵਾਦੀ ਦੇਸ਼ ਬਰਾਬਰਤਾ ਅਤੇ ਪਰਸਪਰ ਲਾਭ ਦੇ ਅਧਾਰ ਤੇ ਅੰਤਰਰਾਸ਼ਟਰੀ ਵਿਉਪਾਰ ਦੇ ਸੁਤੰਤਰ ਅਤੇ ਸਹੀ ਵਿਕਾਸ ਦੇ ਹੱਕ ਵਿਚ ਹੈ। ਸਾਡਾ ਦੇਸ਼, ਕਿਸੇ ਵੀ ਕਿਸਮ ਦੇ ਵਿਤਕਰੇ ਜਾਂ ਪਾਬੰਦੀਆਂ ਤੋਂ ਬਿਨਾਂ, ਸੰਤੁਲਿਤ ਵਿਉਪਾਰਕ ਲੈਣ ਦੇਣ ਦੇ ਹੱਕ ਵਿਚ ਹੈ, ਇਸ ਲਈ ਇਸ ਨੇ ਵਿਉਪਾਰਕ ਲੈਣ-ਦੇਣ ਵਿਚ ਨਾ-ਬਰਾਬਰਤਾ ਵਾਲੇ ਰਿਸ਼ਤਿਆਂ, ਕੀਮਤਾਂ ਵਿਚ ਹੇਰਾ-ਫੇਰੀ ਅਤੇ ਕਿਸੇ ਵੀ ਦੇਸ਼ ਵੱਲੋਂ ਵਿਉਪਾਰਕ ਰਿਸ਼ਤਿਆਂ ਨੂੰ ਦੂਸਰੇ ਦੇਸ਼ ਉੱਤੇ ਆਪਣੀ ਸਿਆਸੀ ਮਨਮਾਨੀ ਅਤੇ ਵਿਚਾਰ ਠੋਸਣ ਲਈ ਵਰਤਣ ਦੇ ਯਤਨਾਂ ਦਾ ਡਟ ਕੇ ਵਿਰੋਧ ਕੀਤਾ ਹੈ।

ਅਸੀਂ, ਵਿਉਪਾਰਕ ਲੈਣ-ਦੇਣ ਨੂੰ ਕਰਜ਼ਿਆਂ ਅਤੇ ਮਦਦ ਨਾਲ ਰਲ-ਗੱਡ ਨਹੀਂ ਕਰਦੇ। ਇਹ ਦੋ ਅਲੱਗ-ਅਲੱਗ ਚੀਜ਼ਾਂ ਹਨ ਜਿਨ੍ਹਾਂ ਦਾ ਆਪਿਸ ਵਿਚ ਕੋਈ ਸਬੰਧ ਨਹੀਂ।

ਜਿਸ ਤਰੀਕੇ ਨਾਲ ਅਸੀਂ ਵਿਦੇਸ਼ੀ ਵਿਉਪਾਰ ਨੂੰ ਸਮਝਦੇ ਅਤੇ ਕਰਦੇ ਹਾਂ, ਉਸ ਨਾਲ ਅਲਬਾਨੀਆ ਆਪਣੇ ਹਿੱਤਾਂ ਮੁਤਾਬਕ ਕਾਰਵਾਈ ਅਤੇ ਫ਼ੈਸਲੇ ਕਰਨ ਵਿਚ ਆਜ਼ਾਦ ਰਹਿੰਦਾ ਹੈ, ਆਪਣੀ ਰਾਇ ਪੇਸ਼ ਕਰਨ ਅਤੇ ਆਪਣੀਆਂ ਇੱਛਾਵਾਂ ਅਨੁਸਾਰ ਆਪਣੀਆਂ ਤਾਕਤਾਂ ਨਾਲ ਦੇਸ਼ ਨੂੰ ਉਸਾਰਨ ਲਈ ਅਜ਼ਾਦ ਰਹਿੰਦਾ ਹੈ।

ਸਾਡੇ ਦੇਸ਼ ਨੇ ਬਹੁਤ ਸਾਰੇ ਦੇਸ਼ਾਂ ਨਾਲ ਸੱਭਿਆਚਾਰਕ ਸਮਝੌਤੇ ਕੀਤੇ ਹਨ ਅਤੇ ਕਲਾ, ਸੱਭਿਆਚਾਰ, ਵਿਗਿਆਨ, ਖੇਡਾਂ, ਆਦਿ ਦੇ ਖੇਤਰਾਂ ਵਿਚ ਬਾਕਾਇਦਾ ਤਬਾਦਲੇ ਕਰਦਾ ਹੈ, ਇਨ੍ਹਾਂ ਤਬਾਦਲਿਆਂ ਨੇ ਸਾਡੇ ਦੇਸ਼ਾਂ ਦੇ ਲੋਕਾਂ ਨੂੰ ਇਕ-ਦੂਸਰੇ ਦੀਆਂ ਪ੍ਰਾਪਤੀਆਂ ਅਤੇ ਉੱਨਤੀ ਬਾਰੇ ਜਾਣੂੰ ਹੋਣ ਵਿਚ ਮਦਦ ਕੀਤੀ ਹੈ। ਸਾਡੇ ਲੋਕ, ਦੂਸਰੇ ਲੋਕਾਂ ਦੀ ਹਰ ਚੰਗੀ ਅਤੇ ਅਗਾਂਹਵਧੂ ਚੀਜ਼ ਦੀ ਕਦਰ ਕਰਦੇ ਹਨ ਅਤੇ ਉਸਦਾ ਉਪਯੋਗ ਕਰਦੇ ਹਨ। ਅਗਾਂਹ ਵਧੂ ਤਜ਼ਰਬਾ ਅਤੇ ਸੱਭਿਆਚਾਰ, ਸਮੁੱਚੀ ਮਾਨਵਤਾ ਦੀ ਸੰਪਤੀ ਹਨ। ਇਸ ਦੇ ਨਾਲ-ਨਾਲ, ਅਸੀਂ ਦੂਸਰੇ ਦੇਸ਼ਾਂ ਦੇ ਲੋਕਾਂ ਨੂੰ ਸਾਡੇ ਸੱਭਿਆਚਾਰ ਦੀਆਂ ਕਦਰਾਂ ਬਾਰੇ ਜਾਣੂੰ ਕਰਵਾਉਣ ਦੇ ਵੀ ਯਤਨ ਕਰਦੇ ਹਾਂ। ਸਾਡਾ ਸੱਭਿਆਚਾਰ ਪੁਰਾਤਨ ਵੀ ਹੈ ਅਤੇ ਅਗਾਂਹਵਧੂ ਵੀ ਹੈ।

ਇਹ, ਸਾਡੀ ਪਾਰਟੀ ਅਤੇ ਸਟੇਟ ਦੀ ਅਸੂਲੀ ਅਤੇ ਅਜ਼ਾਦ ਅੰਦਰੂਨੀ ਅਤੇ ਵਿਦੇਸ਼ ਨੀਤੀ, ਕੌਮਾਂਤਰੀ ਮਸਲਿਆਂ ਉੱਤੇ ਇਨ੍ਹਾਂ ਦੇ ਉੱਚਿਤ, ਸਟੈਂਡ, ਸਾਮਰਾਜਵਾਦ ਵਿਰੁੱਧ ਸੰਘਰਸ਼ ਹੀ ਹਨ, ਜਿਨ੍ਹਾਂ ਨੇ ਅਲਬਾਨੀਆ ਦੀ ਕੌਮਾਂਤਰੀ ਸਥਿਤੀ ਮਜ਼ਬੂਤ ਕੀਤੀ ਹੈ ਅਤੇ ਇਸਦਾ ਮਾਣ ਵਧਾਇਆ ਹੈ।

ਵੱਖ-ਵੱਖ ਦੇਸ਼ਾਂ ਦੇ ਲੋਕ ਅਤੇ ਮਜ਼ਦੂਰ, ਅਲਬਾਨੀਆ ਦੇ ਕਥਨਾਂ ਅਤੇ ਕਾਰਨਾਮਿਆਂ ਨੂੰ ਸੁਣਦੇ ਅਤੇ ਸੁਆਗਤ ਕਰਦ ਹਨ, ਕਿਉਂਕਿ ਇਹ ਖ਼ੁਦ ਉਨ੍ਹਾਂ ਦੇ ਹਿੱਤਾਂ ਅਤੇ ਉਮੰਗਾਂ ਦੇ ਅਨੁਕੂਲ ਹਨ। ਇਹੀ ਵਜ੍ਹਾ ਹੈ ਕਿ ਦੁਨੀਆ-ਭਰ ਵਿਚ ਲੋਕ ਅਤੇ ਅਗਾਂਹਵਧੂ, ਲੋਕ-ਰਾਇ ਇਸ ਨੀਤੀ ਦੀ ਸ਼ਲਾਘਾ ਅਤੇ ਸੁਆਗਤ ਕਰਦੇ ਹਨ, ਇਹੀ ਵਜ੍ਹਾ ਹੈ ਕਿ ਵੱਖਰੇ ਸਮਾਜਿਕ ਨਿਜ਼ਾਮਾਂ ਵਾਲੇ ਦੇਸ਼ ਵੀ ਦਿਲਚਸਪੀ ਨਾਲ ਇਸ ਨੂੰ ਸਮਝਦੇ ਅਤੇ ਇਸਦੀ ਪ੍ਰਸ਼ੰਸਾ ਕਰਦੇ ਹਨ, ਜਦ ਕਿ ਪਿਛਾਖੜ ਅਤੇ ਸੋਵੀਅਤ, ਯੁਗੋਸਲਾਵ ਅਤੇ ਹੋਰ ਨਵ-ਸੋਧਵਾਦੀਏ ਇਸ ਉੱਤੇ ਹਮਲੇ ਕਰਦੇ ਹਨ।

ਇਹ ਚੀਜ਼ ਸੁਭਾਵਿਕ ਅਤੇ ਸਮਝ-ਆਉਣ-ਯੋਗ ਹੈ ਕਿ ਸਾਡੀ ਪਾਰਟੀ

ਅਤੇ ਸਰਕਾਰ ਨੇ ਗੁਆਂਢੀ ਦੇਸ਼ਾਂ ਨਾਲ ਅਤੇ ਯੂਰਪੀ ਦੇਸ਼ਾਂ ਨਾਲ ਸਬੰਧਾਂ ਵੱਲ ਉਚੇਚਾ ਧਿਆਨ ਦਿੱਤਾ ਹੈ । ਉਨ੍ਹਾਂ ਪ੍ਰਤੀ ਸਾਡੇ ਰਵੱਈਏ ਨੂੰ ਹਰ ਕੋਈ ਜਾਣਦਾ ਹੈ ਅਤੇ ਇਹ ਰਵਈਏ ਬਦਲਦੇ ਨਹੀਂ । ਸਭ ਸਮਿਆਂ ਤੇ ਅਤੇ ਸਭ ਹਾਲਤਾਂ ਵਿਚ, ਅਲਬਾਨੀਆਂ ਦੀ ਵਿਦੇਸ਼-ਨੀਤੀ ਦਾ ਉਦੇਸ਼ ਸਾਡੇ ਮਹਾਂਦੀਪ ਉੱਪੇ ਕੌਮਾਂਤਰੀ ਅਮਨ ਅਤੇ ਸੁਰੱਖਿਆ ਨੂੰ ਮਜ਼ਬੂਤ ਕਰਨ, ਅਤੇ ਇਸ ਮਹਾਂਦੀਪ ਦੇ ਲੋਕਾਂ ਵਿਚਕਾਰ ਸਹਿਯੋਗ ਨੂੰ ਮਜ਼ਬੂਤ ਕਰਨ ਵਿਚ ਵੱਧ-ਤੋਂ-ਵੱਧ ਹਿੱਸਾ ਪਾਉਣ ਦਾ ਉਦੇਸ਼ ਰਿਹਾ ਹੈ । ਅਸੀਂ ਬੀਤੇ ਵਿਚ ਇਹ ਕਿਹਾ ਹੈ ਅਤੇ ਅੱਜ ਵੀ ਕਹਿ ਰਹੇ ਹਾਂ ਕਿ ਇਸ ਮਹਾਂਦੀਪ ਦੇ ਬਹੁਤ ਸਾਰੇ ਦੇਸ਼ਾਂ ਦੀ ਮਹਾਂ-ਸ਼ਕਤੀਆਂ ਦੇ ਸਿਆਸੀ ਅਤੇ ਫੌਜੀ ਗੁੱਟਾਂ ਵਿਚ ਸ਼ਮੂਲੀਅਤ ਇਸ ਦੀ ਬਦਕਿਸਮਤੀ ਦੀ ਜੜ੍ਹ ਹੈ । ਯੂਰਪ ਵਿਚ ਦੁਫੇੜਾਂ ਅਤੇ ਵੰਡੀਆਂ ਦਾ, ਇਸ ਮਹਾਂਦੀਪ ਦੇ ਦੇਸ਼ਾਂ ਵਿਚਕਾਰ ਵਾਰ ਵਾਰ ਹੋਣ ਵਾਲੇ ਝਗੜਿਆਂ ਅਤੇ ਤਣਾਵਾਂ ਦਾ ਇਹੀ ਸੋਮਾ ਹੈ ।

ਉਹ ਨੀਤੀ ਜਿਹੜੀ ਯੂਰਪੀਨ ਲੋਕਾਂ ਨੂੰ ਇਸ ਚੀਜ਼ ਲਈ ਰਜ਼ਾਮੰਦ ਕਰਨਾ ਚਾਹੁੰਦੀ ਹੈ ਕਿ ਮਹਾਂਸ਼ਕਤੀਆਂ ਦੀਆਂ ਐਟਮੀ ਛਤਰੀਆਂ ਹੇਠ ਪਨਾਹ ਲੈ ਕੇ ਉਨ੍ਹਾਂ ਦੀ ਆਜ਼ਾਦੀ, ਕੌਮੀ ਖ਼ੁਦਮੁਖ਼ਤਾਰੀ ਅਤੇ ਅਮਨ ਕਥਿਤ ਤੌਰ ਤੇ ਸੁਰੱਖਿਅਤ ਹੋ ਜਾਣਗੇ, ਅਜੇਹੀ ਨੀਤੀ ਬਹੁਤ ਹੀ ਖ਼ਤਰਨਾਕ ਅਤੇ ਕਪਟੀ ਨੀਤੀ ਹੈ । ਇਹ ਨੀਤੀ ਇਨ੍ਹਾਂ ਚੀਜ਼ਾਂ ਨੂੰ ਸੁਰੱਖਿਅਤ ਨਹੀਂ ਕਰਦੀ, ਸਗੋਂ ਇਨ੍ਹਾਂ ਦੀ ਬਲੀ ਚਾੜ੍ਹਦੀ ਹੈ । ਅਸਲੀਅਤ ਇਹ ਹੈ ਕਿ ਭਵਿੱਖ ਦੀ ਸੁਰੱਖਿਅਤ ਦੇ ਨਾਂ ਤੇ ਵਰਤਮਾਨ ਸੁਰੱਖਿਆ ਦੀ ਬਲੀ ਚਾੜ੍ਹ ਦਿੱਤੀ ਗਈ ਹੈ, ਖ਼ੁਦਮੁਖ਼ਤਾਰੀ ਨਿਰਬਲ ਕਰ ਦਿੱਤੀ ਗਈ ਹੈ ਅਤੇ ਕੌਮਾਂਤਰੀ ਪਿੜ ਵਿਚ ਬਹੁਤ ਸਾਰੇ ਪੂਰਬੀ ਅਤੇ ਪੱਛਮੀ ਦੇਸ਼ਾਂ ਦੀ ਕਾਰਵਾਈ ਅਤੇ ਸਟੈਂਡਾਂ ਦੀ ਸੁਤੰਤਰਤਾ ਉੱਤੇ ਬੰਦਸ਼ਾਂ ਲਾ ਦਿੱਤੀਆਂ ਗਈਆਂ ਹਨ ।

ਹਿਲਸਿੰਕੀ ਐਲਾਨਨਾਮਾ, ਯੂਰਪੀਨ ਦੇਸ਼ਾਂ ਨੂੰ ਉਨ੍ਹਾਂ ਦੀ ਆਜ਼ਾਦੀ ਅਤੇ ਖ਼ੁਦਮੁਖ਼ਤਾਰੀ ਦੀ ਗਰੰਟੀ ਦੇ ਤੌਰ ਤੇ ਅਤੇ ਅਮਨ ਨੂੰ ਬਰਕਰਾਰ ਰੱਖਣ ਦੇ ਇਕ ਸਾਧਨ ਦੇ ਤੌਰ ਤੇ ਪੇਸ਼ ਕੀਤਾ ਗਿਆ ਹੈ । ਅਸੀਂ ਹਿਲਸਿੰਕੀ ਕਾਨਫਰੰਸ ਅਤੇ ਅਖੌਤੀ ਯੂਰਪੀਨ ਸੁਰੱਖਿਆ ਬਾਰੇ ਆਪਣੇ ਵਿਚਾਰ ਸ਼ਰੇਆਮ ਪੇਸ਼ ਕੀਤੇ ਹਨ । ਸਮਾਜਵਾਦੀ ਅਲਬਾਨੀਆਂ ਨੇ ਇਸ ਕਾਨਫਰੰਸ ਵਿਚ ਹਿੱਸਾ ਨਹੀਂ ਲਿਆ ਅਤੇ ਇਸ ਨੂੰ ਮਹਾਂਸ਼ਕਤੀਆਂ ਵੱਲੋਂ ਰਚਿਆ ਇਕ ਢਕੌਂਸਲਾ ਕਹਿ ਕੇ ਇਸ ਦੀ ਨਿਖੇਧੀ ਕੀਤੀ ਅਤੇ ਦੱਸਿਆ ਕਿ ਇਸ ਢਕੌਂਸਲੇ ਦਾ ਮਨੋਰਥ ਯੂਰਪ ਵਿਚ ਮਹਾਂਸ਼ਕਤੀਆਂ ਦੇ ਆਪੋ-ਆਪਣੇ ਅਸਰ-ਰਸੂਖ਼ ਦੇ ਦਾਇਰਿਆਂ ਦੀ ਗਰੰਟੀ ਦੇਣਾ ਅਤੇ ਇਸ ਮਹਾਂਦੀਪ ਉੱਤੇ ਆਪਣੀ ਸਰਦਾਰੀ ਨੂੰ ਬਰਕਰਾਰ ਰੱਖਣਾ ਹੈ । ਹਿਲਸਿੰਕੀ ਕਾਨ-ਫਰੰਸ ਤੋਂ ਬਾਦ ਦੇ ਅਰਸੇ ਵਿਚ ਯੂਰਪ ਵਿਚ ਅਤੇ ਇਸ ਦੇ ਇਰਦ-ਗਿਰਦ ਵਾਪ-ਰੀਆਂ ਘਟਨਾਵਾਂ ਨੇ ਅਲਬਾਨੀਆਂ ਦੇ ਸਟੈਂਡ ਨੂੰ ਬਿਲਕੁੱਲ ਦਰੁੱਸਤ ਸਾਬਿਤ ਕਰ ਦਿੱਤਾ ਹੈ । ਵਕਤ ਨੇ ਦਿਖਾ ਦਿੱਤਾ ਹੈ ਕਿ ਅਖੌਤੀ "ਹਿਲਸਿੰਕੀ ਭਾਵਨਾ", "ਪੁਰਅਮਨ ਸਹਿਯੋਗ", "ਲੋਕਾਂ ਅਤੇ ਵਿਚਾਰਾਂ ਦੀ ਆਜ਼ਾਦ ਆਵਾਜਾਈ", ਆਦਿ, ਸਿਰਫ਼ ਖੋਖਲੇ ਨਾਹਰੇ ਹੀ ਸਨ ਜਿਨ੍ਹਾਂ ਦਾ ਉਦੇਸ਼ ਸੀ ਯੂਰਪੀਨ ਲੋਕਾਂ ਨਾਲ ਵਿਸਾਹਘਾਤ ਕਰਨਾ, ਉਨ੍ਹਾਂ ਵਿਚ ਅਜੇਹੇ ਵਹਿਮ ਜਗਾਉਣਾ ਕਿ ਜੰਗ ਦਾ ਖ਼ਤਰਾ ਕਥਿਤ ਤੌਰ ਤੇ ਖ਼ਤਮ ਕੀਤਾ ਜਾ ਰਿਹਾ ਹੈ ਅਤੇ ਯੂਰਪ ਵਿਚ ਸਾਮਰਾਜੀ ਸਥਿਤੀਆਂ ਨੂੰ ਕਾਇਮ ਰੱਖਣ ਵਿਚ ਹੀ ਲੋਕਾਂ ਦੀ ਭਲਾਈ ਹੈ।

ਸਾਡੀ ਰਾਇ ਹੈ ਕਿ ਅਮਰੀਕਨ ਸਾਮਰਾਜਵਾਦ ਅਤੇ ਸੋਵੀਅਤ ਸਮਾਜਿਕ-ਸਾਮਰਾਜਵਾਦ ਦੀ ਡਟ ਕੇ ਵਿਰੋਧਤਾ ਕਰਨ ਨਾਲ, ਫ਼ੌਜੀ ਗੁੱਟਾਂ ਨੂੰ ਖ਼ਤਮ ਕਰਨ ਅਤੇ ਐਟਮੀ ਹਥਿਆਰਾਂ ਅਤੇ ਵਿਦੇਸ਼ੀ ਫ਼ੌਜਾਂ ਨੂੰ ਬਾਹਰ ਕੱਢਣ ਨਾਲ ਹੀ ਯੂਰਪ ਵਿਚ ਅਮਨ ਕਾਇਮ ਹੋ ਸਕਦਾ ਹੈ ।

ਬਾਲਕਨਜ਼ ਦੀਆਂ ਸਮੱਸਿਆਵਾਂ ਵੀ ਸਮੁੱਚੇ ਯੂਰਪ ਦੀਆਂ ਸਮੱਸਿਆਵਾਂ ਵਰਗੀਆਂ ਹੀ ਹਨ, ਲੇਕਿਨ ਐਥੇ, ਇਸ ਟਾਪੂ ਦੀ ਯੁੱਧ-ਨੀਤਕ ਸਥਿਤੀ ਅਤੇ ਪੁਰਾਣੇ ਝਗੜਿਆਂ ਦੇ ਕਾਰਨ ਕਰਕੇ, ਲੜਾਈਆਂ ਵਧੇਰੇ ਤਿੱਖੀਆਂ ਅਤੇ ਖ਼ਤਰੇ ਵਧੇਰੇ ਵੱਡੇ ਹਨ ।

ਹਾਲਤ, ਇਸ ਤੱਥ ਕਾਰਨ ਹੋਰ ਵੀ ਵਧੇਰੇ ਗੁੰਝਲਦਾਰ ਬਣਦੀ ਹੈ, ਕਿ ਮਹਾਂਸ਼ਕਤੀਆਂ ਆਪਣੇ ਚੌਧਰਵਾਦੀ ਹਿੱਤਾਂ ਅਤੇ ਬਾਲਕਨਜ਼ ਨੂੰ ਇਕ "ਸਥਾਈ ਬਾਰੂਦ ਢੋਲਕ" ਵਿਚ ਬਦਲਣ ਦੀ ਇੱਛਾ ਦੇ ਆਧਾਰ ਤੇ, ਸ਼ੋਵਨਵਾਦੀ ਜਜ਼ਬਾਤਾਂ ਨੂੰ ਉਭਾਰਨ, ਬਾਲਕਨਜ਼ ਦੇ ਲੋਕਾਂ ਅਤੇ ਦੇਸ਼ਾਂ ਨੂੰ ਆਪਿਸ-ਵਿਚ ਲੜਾਉਣ, ਇਨ੍ਹਾਂ ਵਿਚਕਾਰ ਰਿਸ਼ਤਿਆਂ ਨੂੰ ਇਕ ਸਹੀ ਦਿਸ਼ਾ ਵਿਚ ਵਿਕਸਤ ਹੋਣ ਤੋਂ ਰੋਕਣ, ਅਤੇ ਗੁਆਂਢੀ ਦੇਸ਼ਾਂ ਵਿਚਕਾਰ ਮਿਤੱਰਤਾ ਨੂੰ ਮਜ਼ਬੂਤ ਹੋਣ ਤੋਂ ਰੋਕਣ, ਦੇ ਯਤਨ ਕਰ ਰਹੀਆਂ ਹਨ ।

ਵਿਸ਼ੇਸ਼ ਤੌਰ ਤੇ ਬਾਲਕਨਜ਼ ਦੇ ਕੁੱਝ ਦੇਸ਼ਾਂ ਦੀ ਮਹਾਂਸ਼ਕਤੀਆਂ ਦੇ ਫ਼ੌਜੀ ਅਤੇ ਆਰਥਿਕ ਗੁੱਟ ਵਿਚ ਸ਼ਮੂਲੀਅਤ ਇਨ੍ਹਾਂ ਦੇਸ਼ਾਂ ਵਿਚ ਵਿਦੇਸ਼ੀ ਫ਼ੌਜੀ ਅੱਡਿਆਂ ਦੀ ਹੋਂਦ ਅਤੇ ਇਨ੍ਹਾਂ ਵੱਲੋਂ ਅਮਰੀਕਨ ਅਤੇ ਸੋਵੀਅਤ ਸਮੁੰਦਰੀ ਫ਼ੌਜੀ ਬੇੜਿਆਂ ਨੂੰ ਆਪਣੇ ਸਮੁੰਦਰੀ ਪਾਣੀਆਂ 'ਚ ਆਉਣ ਅਤੇ ਆਪਣੀਆਂ ਬੰਦਰਗਾਹਾਂ ਵਿਚ ਠਹਿਰਣ ਦੀ ਇਜਾਜ਼ਤ ਦੇਣ, ਆਦਿ ਨਾਲ ਬਾਲਕਨਜ਼ ਵਿਚ ਖ਼ਤਰੇ ਵੱਧਦੇ ਹਨ ।

ਅਜੇਹੇ ਵਿਕਾਸ ਤਣਾਓ ਪੈਦਾ ਕਰਦੇ ਹਨ ਅਤੇ ਬਾਲਕਨਜ਼ ਦੇ ਲੋਕਾਂ ਲਈ ਖ਼ਤਰੇ ਖੜੇ ਕਰਦੇ ਹਨ । ਹਰ ਦਿਸ਼ਾ ਅਤੇ ਪਹਿਲੂ ਵਿਚ ਇਹ, ਬਾਲਕਨਜ਼ ਦੇ ਲੋਕਾਂ ਦੀਆਂ ਸਾਡੇ ਟਾਪੂ ਦੇ ਦੇਸ਼ਾਂ ਵਿਚਕਾਰ ਵਿਸ਼ਵਾਸ, ਸਮਝ ਅਤੇ ਅਸਲੀ ਸਹਿ-ਯੋਗ ਕਾਇਮ ਕਰਨ ਦੀਆਂ ਇਮਾਨਦਾਰ ਕੋਸ਼ਿਸ਼ਾਂ ਅਤੇ ਇੱਛਾਵਾਂ ਦੇ ਉਲਟ ਹਨ ।

ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ਼ ਅਲਬਾਨੀਆਂ ਦੀ ਇਹ ਦ੍ਰਿੜ੍ਹ ਰਾਇ ਹੈ ਕਿ ਵਰਤਮਾਨ ਸਮੇਂ ਵਿਚ ਬਾਲਕਨਜ਼ ਦੇ ਲੋਕਾਂ ਦੀਆਂ ਖਰੀਆਂ ਉਮੰਗਾਂ, ਇਸ ਜ਼ੋਨ ਵਿਚ ਅਮਨ ਅਤੇ ਸਥਿਰਤਾ ਨੂੰ ਯਕੀਨੀ ਬਣਾਉਣ ਦਾ ਇਕ ਵਧੀਆ ਢੰਗ ਇਹ ਹੈ ਕਿ ਅਸੀਂ ਆਪਣੇ ਇਲਾਕੇ ਦੇ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਵਿਚ ਸਾਮਰਾਜੀ ਮਹਾਂਸ਼ਕਤੀਆਂ ਨੂੰ ਦਖ਼ਲ-ਅੰਦਾਜ਼ੀ ਕਰਨ ਦੀ ਇਜਾਜ਼ਤ ਨਾ ਦੇਈਏ ਅਤੇ ਚੰਗੇ ਗੁਆਂਢੀਪਣ ਦੀ ਨੀਤੀ ਦੇ ਅਧਾਰ ਤੇ ਸਬੰਧਾਂ ਦੀ ਮਜ਼ਬੂਤੀ ਲਈ ਠੋਸ ਅਤੇ ਉਸਾਰੂ ਉਪਾਓ ਕਰੀਏ । ਬਾਲਕਨਜ਼ ਦੀ ਹਾਲਤ ਬਹੁਤ ਹੀ ਸੁਧਰ ਸਕਦੀ ਹੈ ਅਗਰ ਬਾਲਕਨਜ਼ ਦੇ ਦੇਸ਼ ਸਰਕਾਰੀ ਤੌਰ ਤੇ ਯਕੀਨੀ ਬਣਾਉਣ ਕਿ ਉਹ ਮਹਾਂ-ਸ਼ਕਤੀਆਂ ਨੂੰ ਆਪਣੇ ਦੇਸ਼ ਦੇ ਇਲਾਕਿਆਂ ਤੋਂ ਗੁਆਂਢੀ ਦੇਸ਼ਾਂ ਲਈ ਖ਼ਤਰੇ ਪੈਦਾ ਕਰਨ ਜਾਂ ਡਰਾਉਣ ਧਮਕਾਉਣ ਦੀ ਇਜਾਜ਼ਤ ਨਹੀਂ ਦੇਣਗੇ । ਭਵਿੱਖ ਵਿਚ ਵੀ, ਬੀਤੇ ਦੀ ਤਰ੍ਹਾਂ ਹੀ, ਸਮਾਜਵਾਦੀ ਅਲਬਾਨੀਆਂ ਲਗਾਤਾਰ ਦ੍ਰਿੜ੍ਹਤਾ ਨਾਲ ਇਸ ਨੀਤੀ ਉੱਤੇ ਚਲਦਾ ਰਹੇਗਾ ਅਤੇ ਇਹ ਯਕੀਨੀ ਬਣਾਉਣ ਲਈ ਹਰ ਯਤਨ ਕਰੇਗਾ ਕਿ ਗੁਆਂਢੀ ਦੇਸ਼ਾਂ ਨਾਲ ਆਪਣੇ ਰਿਸ਼ਤਿਆਂ ਵਿਚ ਪਰਸਪਰ ਇੱਜ਼ਤ ਅਤੇ ਅਸਲੀ ਸਮਝ ਦਾ ਬੋਲ-ਬਾਲਾ ਰਹੇ ।

ਯੁਗੋਸਲਾਵੀਆ ਨਾਲ ਆਪਣੇ ਸਬੰਧਾਂ ਵਿਚ ਵੀ ਅਲਬਾਨੀਆਂ ਇਨ੍ਹਾਂ ਹੀ ਅਸੂਲਾਂ ਉੱਤੇ ਚੱਲਦਾ ਹੈ । ਇਸ ਨੇ, ਵਿਉਪਾਰ, ਟਰਾਂਸਪੋਰਟ ਦੇ ਖੇਤਰਾਂ ਵਿਚ, ਸੱਭਿਆਚਾਰਕ ਵਟਾਂਦਰਿਆਂ ਅਤੇ ਪਰਸਪਰ ਹਿੱਤਾਂ ਵਾਲੇ ਹੋਰ ਖੇਤਰਾਂ ਵਿਚ ਚੰਗੇ ਗੁਆਂਢੀਆਂ ਵਾਲੇ ਸਬੰਧਾਂ ਦੇ ਸਹੀ ਵਿਕਾਸ ਲਈ ਭਰਵੇਂ ਯਤਨ ਕੀਤੇ ਹਨ ।

ਯੁਗੋਸਲਾਵੀਆ ਨਾਲ ਆਪਣੇ ਸਬੰਧਾਂ ਵਿਚ ਅਸੀਂ ਹਮੇਸ਼ਾਂ ਇਸ ਚੀਜ਼ ਨੂੰ ਮੱਦੇ-ਨਜ਼ਰ ਰੱਖਿਆ ਹੈ ਕਿ ਸਾਡੇ ਲੋਕ ਸਦੀਆਂ ਤੋਂ ਇਕ-ਦੂਸਰੇ ਦੇ ਗੁਆਂਢੀ ਰਹੇ ਹਨ, ਕਿ ਇਤਿਹਾਸ ਵਿਚ ਬਹੁਤ ਵਾਰ ਉਨ੍ਹਾਂ ਦੀ ਤਕਦੀਰ ਸਾਂਝੀ ਰਹੀ ਹੈ, ਕਿ ਜਦੋਂ ਵਿਦੇਸ਼ੀ ਧਾੜਵੀਆਂ ਨੇ ਇਕ ਉੱਤੇ ਹਮਲਾ ਕੀਤਾ ਦੂਸਰੇ ਨੂੰ ਵੀ ਛੱਡਿਆ ਨਹੀਂ । ਇਨ੍ਹਾਂ ਚੀਜ਼ਾਂ ਦੇ ਫਲਸਰੂਪ, ਸਾਡੇ ਦੋ ਦੇਸ਼ਾਂ ਵਿਚਕਾਰ ਚਿਰਾਂ ਤੋਂ ਚਲੇ ਆ ਰਹੇ ਅਤੇ ਸਮੁੱਚੀ ਦੁਨੀਆਂ ਵਿਚ ਜਾਣੇ ਜਾਂਦੇ ਵਿਚਾਰਧਾਰਕ ਅਤੇ ਸਿਆਸੀ ਅੰਤਰ-ਵਿਰੋਧਾਂ ਦੇ ਬਾਵਜੂਦ, ਦੋਹਾਂ ਧਿਰਾਂ ਵੱਲੋਂ ਚਲਾਏ ਗਏ ਅਤੇ ਚਲਾਏ ਜਾ ਰਹੇ ਵਿਚਾਰਧਾਰਕ ਝਗੜਿਆਂ ਦੇ ਬਾਵਜੂਦ, ਅਸੀਂ ਹਮੇਸ਼ਾਂ ਹੀ ਯੁਗੋ-ਸਲਾਵੀਆ ਨਾਲ ਅਮਨ ਨਾਲ, ਇਕ ਦੂਸਰੇ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ-ਅੰਦਾਜ਼ੀ ਨਾ ਕਰਦੇ ਹੋਏ ਅਤੇ ਇਕ-ਦੂਸਰੇ ਅਧਿਕਾਰਾਂ ਦੀ ਇੱਜ਼ਤ ਕਰਦੇ ਹੋਏ ਚੰਗੇ ਗੁਆਂਢੀਆਂ ਦੇ ਤੌਰ ਤੇ ਰਹਿਣਾ ਚਾਹਿਆ ਹੈ ।

ਯੁਗੋਸਲਾਵੀਆ ਪ੍ਰਤੀ ਸਮਾਜਵਾਦੀ ਅਲਬਾਨੀਆਂ ਦੀ ਨੀਤੀ ਆਪਣੀਆਂ ਨੀਹਾਂ ਅਤੇ ਅਸੂਲਾਂ ਪੱਖੋਂ ਹਮੇਸ਼ਾਂ ਹੀ ਨਿਰੰਤਰ ਅਤੇ ਬੇ-ਬਦਲ ਰਹੀ ਹੈ । ਅਲ-ਬਾਨੀਅਨ-ਯੁਗੋਸਲਾਵ ਸਬੰਧਾਂ ਵਿਚ ਜੋ ਵੀ ਉਤਰਾਅ ਅਤੇ ਚੜ੍ਹਾਅ, ਸੁਧਾਰ ਅਤੇ ਵਿਗਾੜ ਹੋਏ ਹਨ, ਉਹ ਸਾਡੀ ਗ਼ਲਤੀ ਕਾਰਨ ਨਹੀਂ ਸਗੋਂ ਯੁਗੋਸਲਾਵੀਆ ਦੇ ਆਗੂ ਦਾਇਰਿਆਂ ਦੀ ਗ਼ਲਤੀ ਕਾਰਨ ਹੋਏ ਹਨ । ਅਲਬਾਨੀਆਂ ਅਤੇ ਯੁਗੋਸਲਾਵੀਆ ਵਿਚਕਾਰ ਸਬੰਧਾਂ ਵਿਚ ਵਰਤਮਾਨ ਵਿਗਾੜ ਵੀ, ਕਾਸੋਵਾ ਦੀ ਵਸੋਂ ਪ੍ਰਤੀ ਬੈਲਗਰੇਡ ਦੇ ਅਧਿਕਾਰੀਆਂ ਦੇ ਸ਼ੋਵਨਵਾਦੀ ਕਾਰਨਾਮਿਆਂ ਅਤੇ ਸਾਡੇ ਦੇਸ਼ ਵਿਰੁੱਧ ਉਨ੍ਹਾਂ ਵੱਲੋਂ

ਚਲਾਈ ਗ..ੀ ਇਕ ਨਵੀਂ ਦੁਸ਼ਮਣੀ-ਭਰੀ ਮੁਹਿੰਮ ਕਾਰਨ ਹੀ ਹੋਇਆ ਹੈ।

ਜਿਥੋਂ ਤੱਕ ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ਼ ਅਲਬਾਨੀਆਂ ਦਾ ਤੁਅੱਲਕ ਹੈ, ਇਸ ਪ੍ਰਤੀ ਯੁਗੋਸਲਾਵ ਲੀਡਰਾਂ ਦੇ ਰਵੱਈਏ ਅਤੇ ਵਰਤਾਓ ਇਸ ਨੂੰ ਆਪਣੇ ਅਸੂਲਾਂ ਤੋਂ ਥਿੜਕਣ ਜਾਂ ਆਪਣਾ ਰਾਹ ਬਦਲਣ ਤੇ ਮਜ਼ਬੂਰ ਨਹੀਂ ਕਰ ਸਕਦੇ। ਅਲਬਾਨੀਆਂ ਦੀ ਇੱਛਾ ਇਹ ਹੈ ਕਿ ਦੋਹਾਂ ਦੇਸ਼ਾਂ ਵਿਚਕਾਰ ਵੱਖ ਵੱਖ ਖੇਤਰ ਵਿਚ ਸਟੇਟ ਸਬੰਧ ਸਹੀ ਤਰੀਕੇ ਨਾਲ ਵਿਕਸਤ ਹੋਣੇ ਚਾਹੀਦੇ ਹਨ। ਲੇਕਿਨ, ਇਹ ਸਮਾਜਵਾਦੀ ਅਲਬਾਨੀਆਂ ਪ੍ਰਤੀ ਯੁਗੋਸਲਾਵੀਆ ਦੇ ਰਵੱਈਏ ਉੱਤੇ ਅਤੇ ਕਾਸੋਵਾ ਅਤੇ ਯੁਗੋਸਲਾਵੀਆ ਦੇ ਹੋਰ ਹਿੱਸਿਆਂ ਵਿਚ ਰਹਿੰਦੇ ਅਲਬਾਨੀਅਨਾਂ ਨਾਲ ਇਸ ਦੇ ਵਰਤਾਓ ਉੱਤੇ ਨਿਰਭਰ ਕਰੇਗਾ।

ਯੁਗੋਸਲਾਵੀਆ ਵਿਚ ਆਪਣੀ ਧਰਤ ਤੇ ਰਹਿੰਦੇ ਅਲਬਾਨੀਅਨਾਂ ਦੀ ਸਮੱਸਿਆ, ਇਕ ਅਜੇਹੀ "ਘੱਟ-ਗਿਣਤੀ" ਦੀ ਸਮੱਸਿਆ ਨਹੀਂ ਜਿਹੜੀ ਇਕ ਆਰਥਿਕ ਪ੍ਰਵਾਸ ਦੇ ਤੌਰ ਤੇ ਕਿਸੇ "ਖਾਲੀ" ਜਗ੍ਹਾ ਜਾ ਕੇ ਵਸ ਗਈ ਹੋਵੇ, ਇਹ ਉਸਮਾਨ ਬਾਦਸ਼ਾਹੀ ਦੇ ਹੱਲੇ ਦਾ ਨਤੀਜਾ ਨਹੀਂ ਅਤੇ ਨਾ ਹੀ ਇਹ ਅਲਬਾਨੀਅਨਾਂ ਦੀ ਆਬਾਦੀ ਦਾ ਕੁਦਰਤੀ ਵਾਧਾ ਹੈ, ਜੋ ਮਹਾਂ-ਸਰਵ ਨਵ-ਮਾਲਥਿਉਸਨਾਂ ਲਈ ਚਿੰਤਾ ਦਾ ਕਾਰਨ ਬਣਿਆ ਹੋਇਆ ਹੈ। ਯੁਗੋਸਲਾਵੀਆ ਵਿਚ ਵੱਸਦੇ ਅਲਬਾਨੀਅਨ ਇਕ ਵੰਸ਼ ਹਨ, ਸਦੀਆਂ ਪਹਿਲਾਂ ਬਣੇ ਲੋਕ ਹਨ, ਜਿਨ੍ਹਾਂ ਦਾ ਆਪਣਾ ਇਤਿਹਾਸ, ਭਾਸ਼ਾ ਅਤੇ ਸੱਭਿਆਚਾਰ ਹੈ, ਅਜੇਹੇ ਆਦਿਵਾਸੀ (ਦੇਸੀ) ਲੋਕ ਹਨ ਜੋ, ਜਿਵੇਂ ਹਰ ਕੋਈ ਜਾਣਦਾ ਹੈ, ਸਾਮਰਾਜੀ ਮਹਾਂ-ਸ਼ਕਤੀਆਂ ਨੇ ਉਨ੍ਹਾਂ ਦੀ ਮਾਤ-ਭੂਮੀ ਨਾਲੋਂ ਤੋੜ ਕੇ ਯੁਗੋਸਲਾਵੀਆ ਵਿਚ ਸ਼ਾਮਿਲ ਕਰ ਦਿੱਤੇ ਹਨ। ਇਸ ਸੱਚਾਈ ਉੱਤੇ ਕੋਈ ਵੀ ਪਰਦਾ ਨਹੀਂ ਪਾ ਸਕਦਾ। ਕੋਈ ਵੀ ਹੋਰ ਵਿਆਖਿਆ ਇਕ-ਪਾਸੜ ਹੈ, ਇਤਿਹਾਸ ਨੂੰ ਸ਼ਰੇਆਮ ਅਤੇ ਖ਼ਤਰਨਾਕ ਤਰੀਕੇ ਨਾਲ ਝੁਠਲਾਉਣ ਦੇ ਬਰਾਬਰ ਹੈ।

ਅਲਬਾਨੀਅਨ ਲੋਕਾਂ ਨੇ ਫ਼ਾਸ਼ੀ ਕਬਜ਼ੇਕਾਰਾਂ ਜਾਂ ਕਿਸੇ ਵੀ ਹੋਰ ਨੂੰ ਅਲਬਾਨੀਅਨ ਵੰਸ਼ ਦੀ ਮਾਤ ਭੂਮੀ ਨਿਰਧਾਰਿਤ ਕਰਨ ਦੀ ਇਜ਼ਾਜਿਤ ਨਹੀਂ ਦਿੱਤੀ। ਅਲਬਾਨੀਅਨ ਲੋਕ ਆਪਣੀ ਕੌਮੀ ਹਸਤੀ ਦੀ ਰਖਵਾਲੀ ਅਤੇ ਆਪਣੀ ਹੋਂਦ ਨੂੰ ਬਚਾਉਣ ਲਈ ਸਦੀਆਂ ਤੋਂ ਲਗਾਤਾਰ ਬਹੁਤ ਸਾਰੇ ਖੂੰਖਾਰ ਦੁਸ਼ਮਣਾਂ ਵਿਰੁੱਧ ਲਗਾਤਾਰ ਲੜਦੇ ਆਏ ਹਨ। ਇਨ੍ਹਾਂ ਸਭ ਜੰਗਾਂ ਵਿਚ, ਸਭ ਹਾਰਾਂ ਅਤੇ ਜਿੱਤਾਂ ਵਿਚ, ਗੁਲਾਮੀ ਦੇ ਲੰਬੇ ਸਾਲਾਂ ਦੌਰਾਨ, ਆਪਣੇ ਸਾਰੇ ਇਤਿਹਾਸ ਦੌਰਾਨ, ਅਲਬਾਨੀਅਨ ਲੋਕਾਂ ਨੇ ਆਪਣੀ ਕੌਮੀ ਹਸਤੀ ਅਤੇ ਕੌਮੀ ਚੇਤਨਤਾ, ਆਪਣੀ ਮਜ਼ਬੂਤੀ ਅਤੇ ਏਕਤਾ ਦਾ ਕਦੇ ਵੀ ਤਿਆਗ ਨਹੀਂ ਕੀਤਾ। ਸਭ ਹਾਲਤਾਂ ਵਿਚ ਉਨ੍ਹਾਂ ਨੇ ਇਹ ਚੀਜ਼ਾਂ ਇਕ ਲਾ-ਮਿਸਾਲ ਦਲੇਰੀ ਨਾਲ ਕਾਇਮ ਰੱਖੀਆਂ ਹਨ।

ਬਾਦਸ਼ਾਹੀਆਂ ਅਤੇ ਮਹਾਂਸ਼ਕਤੀਆਂ, ਅਲਬਾਨੀਆਂ ਦੇ ਮਜ਼ਬੂਤ ਵੰਸ਼ਾਂ ਨੂੰ ਹੂੰਝਾ ਫੇਰਨ ਵਿਚ ਪੂਰੀ ਤਰ੍ਹਾਂ ਅਸਫਲ ਰਹੀਆਂ, ਅਤੇ ਨਾ ਹੀ ਉਹ ਇਹਨਾਂ ਨੂੰ ਹਜ਼ਮ ਕਰਨ ਜਾਂ ਇਹਨਾਂ ਦੇ ਸੱਭਿਆਚਾਰ, ਭਾਸ਼ਾ, ਆਦਤਾਂ ਅਤੇ ਰਵਾਇਤਾਂ ਨੂੰ ਬਦਲਣ 'ਚ ਕਾਮਯਾਬ ਹੋਈਆਂ। ਅਲਬਾਨੀਅਨ ਲੋਕਾਂ ਦੀ ਹੋਂਦ ਹੀ ਇਸ ਚੀਜ਼ ਦਾ ਸਭ ਤੋਂ ਵੱਡਾ ਸਬੂਤ ਹੈ। ਇਤਿਹਾਸ ਦਿਖਾਉਂਦਾ ਹੈ ਕਿ ਅਲਬਾਨੀਅਨ ਲੋਕ ਵਿਦੇਸ਼ੀ ਸ਼ਕਤੀਆਂ (ਜੋ ਹਮੇਸ਼ਾਂ ਉਹਨਾਂ ਦਾ ਵਿਰੋਧ ਕਰਦੀਆਂ ਰਹੀਆਂ ਹਨ) ਤੋਂ ਕਿਸੇ ਮੱਦਦ ਤੋਂ ਵਗੈਰ ਆਪਣੀ ਕੋਮ ਦੀ ਆਜ਼ਾਦੀ ਅਤੇ ਮਜ਼ਬੂਤੀ ਲਈ, ਇਕ ਖ਼ੁਦਮੁਖ਼ਤਾਰ ਦੇਸ਼ ਦੇ ਤੌਰ ਤੇ ਆਪਣੀ ਸੁਤੰਤਰਤਾ ਦੀ ਰਖਵਾਲੀ ਲਈ ਆਪਣ ਸੱਭਿਆਚਾਰ ਅਤੇ ਆਪਣੀ ਕੁਦਰਤੀ ਅਤੇ ਜਾਇਜ਼ ਹੱਕਾਂ ਦੀ ਰਖਵਾਲੀ ਲਈ ਸਫਲਤਾਪੂਰਵਕ ਲੜੇ ਹਨ। ਸਭ ਸਮਿਆਂ ਤੇ ਉਹਨਾਂ ਨੇ ਲੜ ਕੇ ਅਤੇ ਆਪਣਾ ਖ਼ੂਨ ਵਹਾ ਕੇ ਜਿੱਤਾਂ ਹਾਸਿਲ ਕੀਤੀਆਂ ਹਨ।

ਦੂਸਰੀ ਵਿਸ਼ਵ ਜੰਗ ਦੇ ਦੌਰਾਨ ਅਲਬਾਨੀਅਨ ਲੋਕਾਂ ਅਤੇ ਯੁਗੋਸਲਾਵੀਆ ਦੇ ਲੋਕਾਂ ਨੇ, ਗੂੜ੍ਹੇ ਜੁਝਾਰੂ ਸਾਥੀਆਂ ਦੇ ਤੌਰ ਤੇ ਇਕ ਹੋ ਕੇ ਇਟਾਲੀਅਨ ਅਤੇ ਜਰਮਨ ਫਾਸ਼ੀ ਧਾੜਵੀਆਂ ਵਿਰੁੱਧ ਲੜਾਈ ਕੀਤੀ। ਯੁਗੋਸਲਾਵੀਆ ਵਿਚ ਵਸਦੇ ਅਲਬਾਨੀਅਨਾਂ ਨੇ ਵੀ ਸਾਡੇ ਨਾਲ ਮਿਲਕੇ ਅਤੇ ਯੁਗੋਸਲਾਵੀਆ ਦੇ ਸਭ ਲੋਕਾਂ ਨਾਲ ਮਿਲ ਕੇ ਉਹਨਾਂ ਹੀ ਦੁਸ਼ਮਣਾਂ ਵਿਰੁੱਧ ਦਲੇਰੀ ਨਾਲ ਲੜਾਈ ਕੀਤੀ। ਸਿਰਫ਼ ਏਨਾ ਹੀ ਨਹੀਂ ਕਿ ਇਹਨਾਂ ਨੇ ਮਿਲ ਕੇ ਲੜਾਈ ਕੀਤੀ, ਸਗੋਂ ਸਾਡੀ ਕੌਮੀ ਮੁਕਤੀ ਫ਼ੌਜ ਯੁਗੋਸਲਾਵੀਆ 'ਵਿਚ ਯੁਗੋਸਲਾਵ ਦੇਸ਼-ਭਗਤ ਯੋਧਿਆਂ ਅਤੇ ਕਸੋਵਾ ਵਿਚ ਵਸਦੇ ਆਪਣੇ ਅਲਬਾਨੀਅਨ ਭਰਾਵਾਂ ਦੀ ਮਦਦ ਕਰਨ ਲਈ ਵੀ ਗਈ, ਅਤੇ ਉਹਨਾਂ ਦੀ ਧਰਤੀ ਉੱਤੇ ਅਲਬਾਨੀਅਨ ਲੋਕਾਂ ਦੇ ਪੁੱਤਰਾਂ ਅਤੇ ਧੀਆਂ ਨੇ ਆਪਣਾ ਖ਼ੂਨ ਵਹਾਇਆ। ਅਸੀਂ, ਜਿਵੇਂ ਸਾਡੀ ਅਲਬਾਨੀਆਂ ਦੀ ਕਮਿਊਨਿਸਟ ਪਾਰਟੀ ਨੇ ਸਾਨੂੰ ਸਿਖਾਇਆ ਸੀ ਉਸੇ ਤਰ੍ਹਾਂ ਹੀ, ਜਾਣੀ ਉੱਚੀ ਚੇਤੰਨਤਾ ਅਤੇ ਕੌਮਾਂਤਰੀਵਾਦੀ ਭਾਵਨਾ ਨਾਲ ਕੰਮ ਕੀਤਾ। ਅਸੀਂ ਸੋਚਿਆ ਕਿ ਸਾਡੇ ਦੋ ਦੇਸ਼ਾਂ ਦੇ ਲੋਕ ਇਸ ਤਰੀਕੇ ਨਾਲ ਆਪਣੀ ਆਜ਼ਾਦੀ ਜਿੱਤ ਲੈਣਗੇ ਕਿ ਗੁਲਾਮੀ ਖ਼ਤਮ ਕਰ ਦਿੱਤੀ ਜਾਏਗੀ ਅਤੇ ਬੀਤੇ ਇਤਿਹਾਸ ਦੀਆਂ ਬਦ-ਕਿਸਮਤ ਗ਼ਲਤੀਆਂ ਦਰੁੱਸਤ ਕਰ ਦਿੱਤੀਆਂ ਜਾਣਗੀਆਂ। ਸਾਡਾ ਵਿਸ਼ਵਾਸ ਸੀ ਕਿ ਜਿੱਤ ਤੋਂ ਬਾਦ ਹਰ ਚੀਜ਼ ਮਾਰਕਸਵਾਦੀ-ਲੈਨਿਨਵਾਦੀ ਢੰਗ ਨਾਲ ਹੱਲ ਕੀਤੀ ਜਾਏਗੀ। ਸਾਡੇ ਦੋਹਾਂ ਦੇਸ਼ਾਂ ਵਿਚ ਕੌਮੀ ਮੁਕਤੀ ਜੰਗ ਦੀ ਅਗਵਾਈ ਕਰ ਰਹੀਆਂ ਸਾਡੀਆਂ ਕਮਿਊਨਿਸਟ ਪਾਰਟੀਆਂ ਇਸਦੀ ਗਰੰਟੀ ਸਨ। ਐਪਰ, ਯੁਗੋਸਲਾਵ ਲੀਡਰਾਂ ਦੇ "ਕਮਿਊਨਿਜ਼ਮ ਅਤੇ ਕੌਮਾਂਤਰੀਵਾਦ" ਵਿਚ ਸਾਡਾ ਵਿਸ਼ਵਾਸ, ਉਹਨਾਂ ਦੇ ਕਥਨਾਂ ਉੱਤੇ ਸਾਡਾ ਭਰੋਸਾ ਗਲਤ ਸਾਬਿਤ ਹੋਇਆ। ਦਰਅਸਲ, ਯੁਗੋਸਲਾਵੀਆ ਦੀ ਕਮਿਊਨਿਸਟ ਪਾਰਟੀ ਦੇ ਲੀਡਰਾਂ ਨੇ ਕਦੇ ਵੀ ਯੁਗੋਸਲਾਵੀਆ ਵਿਚ ਵਸਦੇ ਅਲਬਾਨੀਅਨਾਂ ਦੇ ਭਵਿੱਖ ਦੇ ਸਵਾਲ ਨੂੰ ਦਰੁਸਤ ਮਾਰਕਸਵਾਦੀ-ਲੈਨਿਨਵਾਦੀ ਢੰਗ ਨਾਲ ਨਾ ਦੇਖਿਆ, ਅਤੇ ਇਸ ਕਰਕੇ ਇਹ ਸਵਾਲ ਗ਼ਲਤ ਅਤੇ ਤੋੜ-ਮਰੋੜੇ ਢੰਗ ਨਾਲ ਇਕ ਪੂਰੀ ਤਰ੍ਹਾਂ ਮਾਰਕਸਵਾਦ-ਵਿਰੋਧੀ, ਕੌਮਪ੍ਰਸਤ ਅਤੇ ਸ਼ੋਵਨਵਾਦੀ ਢੰਗ ਨਾਲ ਹੀ ਨਿਪਟਾਇਆ ਜਾਣਾ ਸੀ, ਅਤੇ ਅਸਲੀਅਤ ਵਿਚ ਇਸੇ ਢੰਗ ਨਾਲ ਹੀ ਨਿਪਟਾਇਆ ਗਿਆ।

ਅਸੂਲ ਦੇ ਇਸ ਵੱਡੇ ਮਸਲੇ ਦਾ ਗ਼ਲਤ ਹੱਲ ਯੁਗੋਸਲਾਵੀਆ ਦੀ ਫਾਸ਼ਿਸਟ-ਵਿਰੋਧੀ ਕੌਮੀ ਮੁਕਤੀ ਕੌਂਸਲ ਦੀ, ਜੋਕਿ ਵਿਖੇ ਨਵੰਬਰ, 1943 ਵਿਚ ਹੋਈ, ਦੂਸਰੀ ਮੀਟਿੰਗ ਵਿਚ ਹੀ ਸ਼ੁਰੂ ਹੋ ਗਿਆ ਸੀ, ਜਿੱਥੇ ਯੁਗੋਸਲਾਵੀਆ ਵਿਚਲੇ ਅਲਬਾਨੀਅਨ ਇਲਾਕੇ, ਯੁਗੋਸਲਾਵ ਫੈਡਰੇਸ਼ਨ ਦੀਆਂ ਰੀਪਬਲਿਕਾਂ ਸਰਬੀਆ, ਮੈਸੇਡੋਨੀਆ ਅਤੇ ਮੋਨਟੇਨਿਗਰੋ ਦੇ ਇਲਾਕਿਆਂ ਅਤੇ ਵਸੋਂ ਦੇ ਅਨੁਪਾਤਾਂ ਨੂੰ ਠੀਕ ਕਰਨ ਲਈ ਵਰਤੇ ਗਏ ਸਨ। ਯੁਗੋਸਲਾਵੀਆ ਵਿਚ ਵਸਦੇ ਅਲਬਾਨੀਅਨਾਂ ਦਾ ਭਵਿੱਖ ਅਗਾਊਂ ਹੀ ਉੱਪਰ ਤੋਂ, ਕਸੋਵਾ ਅਤੇ ਯੁਗੋਸਲਾਵੀਆ ਦੇ ਹੋਰ ਅਲਬਾਨੀਅਨ ਇਲਾਕਿਆਂ ਦੇ ਅਲਬਾਨੀਅਨਾਂ ਦੀ ਮਨਜ਼ੂਰੀ ਅਤੇ ਸਵੈ-ਨਿਰਣੇ ਤੋਂ ਬਗੈਰ ਅਤੇ ਯੁਗੋਸਲਾਵ ਲੋਕਾਂ ਦੇ ਮਿੱਤਰ ਅਤੇ ਇਸ ਮਸਲੇ ਵਿਚ ਸਿੱਧੇ ਤੌਰ ਤੇ ਦਿਲਚਸਪੀ ਰੱਖਣ ਵਾਲੇ ਲੋਕਤੰਤਰੀ ਅਲਬਾਨੀਆਂ ਨਾਲ ਕਿਸੇ ਵੀ ਕਿਸਮ ਦੇ ਸਲਾਹ-ਮਸ਼ਵਰੇ ਤੋਂ ਬਗੈਰ ਨਿਰਧਾਰਤ ਕਰ ਲਿਆ ਗਿਆ ਸੀ। ਫਾਸ਼ਿਸਟ-ਵਿਰੋਧੀ ਮੋਰਚੇ ਦੀ ਦੂਸਰੀ ਮੀਟਿੰਗ ਵਿਚ ਐਲਾਨੀ ਗਈ "ਕੌਮੀ ਬਰਾਬਰਤਾ ਦੀ ਨੀਤੀ" ਦੇ ਉਲਟ, ਯੁਗੋਸਲਾਵੀਆਂ ਦੀ ਕਮਿਊਨਿਸਟ ਪਾਰਟੀ ਦੇ ਲੀਡਰਾਂ ਨੇ ਯੁਗੋਸਲਾਵੀਆ ਵਿਚ ਵਸਦੇ ਅਲਬਾਨੀਅਨਾਂ ਦੀ ਕਸੋਵਾ ਅਤੇ ਮੋਟੋਹੀਆ ਦੀ ਕੌਮੀ ਮੁਕਤੀ ਕੌਂਸਲ ਦੀ 31 ਦਸੰਬਰ, 1943 ਤੋਂ 2 ਜਨਵਰੀ, 1944 ਤਕ ਕੀਤੀ ਗਈ ਸਥਾਪਨਾ ਕਾਨਫ਼ਰੰਸ ਵਿਚ ਜ਼ਾਹਿਰ ਕੀਤੀ ਇੱਛਾ, ਜੋ ਯੁਗੋਸਲਾਵੀਆ ਦੇ ਸਭ ਲੋਕਾਂ ਦੇ "ਸਵੈ-ਨਿਰਣੇ ਅਤੇ ਅਲੱਗ ਹੋਣ" ਦੇ ਹੱਕ ਦੇ ਅਨੁਕੂਲ ਸੀ, ਅਤੇ ਜਿਹੜੀ ਯੁਗੋਸਲਾਵੀਆ ਦੀ ਕਮਿਊਨਿਸਟ ਪਾਰਟੀ ਅਤੇ ਕੌਮੀ ਮੁਕਤੀ ਲਹਿਰ ਦੇ ਬੁਨਿਆਦੀ ਦਸਤਾਵੇਜ਼ਾਂ ਵਿਚ ਵੀ ਲਿਖੀ ਹੋਈ ਸੀ, ਉਸ ਇੱਛਾ ਦਾ ਸ਼ਰੇਆਮ ਉਲੰਘਣ ਕੀਤਾ।

ਜਿਥੋਂ ਤੱਕ ਇਸ ਇਤਿਹਾਸਕ ਮਸਲੇ ਦੇ ਹੱਲ ਵਾਰੇ ਲੋਕਤੰਤਰੀ ਅਲਬਾਨੀਆਂ ਨਾਲ ਸਲਾਹ-ਮਸ਼ਵਰੇ ਦਾ ਤੁਅੱਲਕ ਹੈ, ਯੁਗੋਸਲਾਵ ਲੀਡਰਾਂ ਨੇ ਇਸ ਨੂੰ ਇਕ-ਪਾਸੜ ਤੌਰ ਤੇ ਹੀ ਗ਼ੈਰ ਜ਼ਰੂਰੀ ਮੰਨ ਲਿਆ। ਉਹ ਅਜੇਹੇ ਸਲਾਹ-ਮਸ਼ਵਰੇ ਦੇ ਵਿਰੁੱਧ ਸਨ, ਕਿਉਂਕਿ ਉਹ ਜਾਣਦੇ ਸਨ ਕਿ ਸਾਡੇ ਦੋ ਦੇਸ਼ਾਂ ਦੇ ਲੀਡਰਾਂ ਵਿਚਕਾਰ ਅਸੂਲੀ ਮਾਰਕਸਵਾਦੀ-ਲੈਨਿਨਵਾਦੀ ਦੋਸਤਾਨਾ ਵਿਚਾਰ-ਵਟਾਂਦਰੇ ਅਤੇ ਯੁਗੋਸਲਾਵੀਆ ਵਿਚ ਆਪਣੀ ਹੀ ਧਰਤ ਤੇ ਵਸਦੇ ਅਲਬਾਨੀਅਨ ਦੀ ਰਾਇ ਵੀ ਲੈਣ ਨਾਲ ਇਕ ਉੱਚਿਤ ਹੱਲ ਹੋ ਜਾਏਗਾ, ਜਿਹੜਾ ਇਕ-ਪਾਸੜ, ਸ਼ੋਵਨਵਾਦੀ ਅਤੇ ਕੌਮਪ੍ਰਸਤ ਹੱਲ ਨਹੀਂ ਹੋਏਗਾ।

ਜੰਗ ਤੋਂ ਬਾਅਦ, 1946 ਵਿਚ ਸਾਡੇ ਦੇਸ਼ ਤੋਂ, ਮੇਰੀ ਅਗਵਾਈ ਹੇਠ, ਇਕ ਡੈਲੀਗੇਸ਼ਨ ਯੁਗੋਸਲਾਵੀਆ ਨੂੰ ਪਹਿਲੇ ਸਰਕਾਰੀ ਦੌਰੇ ਤੇ ਗਿਆ। ਉਸ

ਵਕਤ, ਟੀਟੋ ਨਾਲ ਹੋਈ ਗੱਲਬਾਤ ਵਿਚ ਉਸਨੇ ਜਾਨਣਾ ਚਾਹਿਆ ਕਿ ਮੈਂ ਕਾਸੋਵਾ ਅਤੇ ਯੁਗੋਸਲਾਵੀਆ ਵਿਚ ਹੋਰ ਅਲਬਾਨੀਅਨ ਇਲਾਕਿਆਂ ਦੇ ਸਵਾਲ ਦੇ ਹੱਲ ਬਾਰੇ ਕੀ ਸੋਚਦਾ ਹਾਂ। ਮੈਂ ਅਲਬਾਨੀਅਨ ਡੈਲੀਗੇਸ਼ਨ ਦੀ ਰਾਇ ਪੇਸ਼ ਕਰਦਿਆਂ ਕਿਹਾ ਕਿ ਕਾਸੋਵਾ ਅਤੇ ਹੋਰ ਅਲਬਾਨੀਅਨ ਇਲਕੇ ਅਲਬਾਨੀਆਂ ਦੇ ਇਲਾਕੇ ਹਨ ਅਤੇ ਇਸਨੂੰ ਵਾਪਿਸ ਦੇ ਦੇਣੇ ਚਾਹੀਦੇ ਹਨ। ਅਲਬਾਨੀਅਨਾਂ ਨੇ ਇਕ ਅਜ਼ਾਦ ਅਤੇ ਖ਼ੁਦਮੁਖ਼ਤਾਰ ਅਲਬਾਨੀਆਂ ਲਈ ਲੜਾਈ ਕੀਤੀ ਹੈ ਜਿਸ ਨਾਲ ਹੁਣ ਯੁਗੋ-ਸਲਾਵੀਆ ਦੇ ਅਲਬਾਨੀਅਨ ਇਲਾਕੇ ਇਕ ਕਰ ਦਿੱਤੇ ਜਾਣੇ ਚਾਹੀਦੇ ਹਨ। ਪ੍ਰਧਾਨ ਟੀਟੋ ਨੇ ਜਵਾਬ ਦਿੱਤਾ "ਮੈਂ ਤੁਹਾਡੀ ਰਾਇ ਨਾਲ ਸਹਿਮਤ ਹਾਂ, ਲੇਕਿਨ ਅਸੀਂ ਵਕਤੀ ਤੌਰ ਤੇ ਅਜੇਹਾ ਨਹੀਂ ਕਰ ਸਕਦੇ, ਕਿਉਂਕਿ ਸਰਬ ਸਾਨੂੰ ਸਮਝ ਨਹੀਂ ਸਕਣਗੇ।" ਅਸੂਲ ਦੇ ਇਸ ਵੱਡੇ ਮਸਲੇ ਉੱਤੇ ਟੀਟੋ ਦਾ ਇਹ ਵਾਇਦਾ ਹੀ ਸਿਰਫ਼ ਵਾਇਦਾ ਰਹਿ ਗਿਆ, ਇਸ ਨੂੰ ਪੂਰਾ ਕਰਨ ਲਈ ਯੁਗੋਸਲਾਵ ਲੀਡਰਾਂ ਨੇ ਕੋਈ ਉਪਾਓ ਨਹੀਂ ਕੀਤੇ। ਉਹ ਸਿਰਫ਼ ਸਾਂਗ ਰਚ ਰਹੇ ਸਨ ਅਤੇ ਧੋਖਾ ਕਰ ਰਹੇ ਸਨ।

ਯੁਗੋਸਲਾਵ ਲੀਡਰਾਂ ਦੀ ਕੌਮਪ੍ਰਸਤ ਅਤੇ ਸ਼ੋਵਨਵਾਦੀ ਚਰਿੱਤਰ ਵਾਲੀ ਬੁਨਿਆਦੀ ਗ਼ਲਤੀ, ਜਿਸ ਤੋਂ ਬਾਅਦ ਅਲਬਾਨੀਅਨਾਂ (ਜਿਹਨਾਂ ਨੂੰ ਹੁਣ ਮਹਾਂ-ਸਰਬ "ਸ਼ੋਵਨਵਾਦੀ," "ਕੌਮਪ੍ਰਸਤ" ਅਤੇ "ਭਾਸ਼ਾਵਾਦੀ" ਹੋਣ ਦਾ ਦੋਸ਼ ਦੇ ਰਹੇ ਹਨ) ਦੇ ਉੱਚਿਤ ਅਤੇ ਕੁਦਰਤੀ ਹੱਕਾਂ ਮੁਤੱਲਕ ਹੋਰ ਵੀ ਉਤਨੀਆਂ ਹੀ ਘੋਰ ਗ਼ਲਤੀਆਂ ਵੀ ਕੀਤੀਆਂ ਗਈਆਂ, ਉਹ ਗ਼ਲਤੀ ਜੰਗੀ ਵਿਖੇ ਕੀਤੇ ਗਏ ਗ਼ਲਤ ਹੱਲ ਵਿਚ, ਅਲਬਾਨੀਅਨ ਇਲਾਕਿਆਂ ਨੂੰ ਵੰਡਣ ਅਤੇ ਅਲਬਾਨੀਅਨ ਨੂੰ ਆਪਣੀ ਮਰਜ਼ੀ ਜ਼ਾਹਿਰ ਕਰਨ ਦੀ ਮਨਾਹੀ ਵਿਚ ਹੈ। ਕਾਸੋਵਾ ਅਤੇ ਯੁਗੋਸਲਾਵੀਆ ਵਿਚ ਹੋਰ ਅਲਬਾਨੀਅਨ ਇਲਾਕਿਆਂ ਵਿਚ ਵਾਪਰੀਆਂ ਘਟਨਾਵਾਂ ਦਾ ਸੋਮਾ, ਯੁਗੋਸਲਾਵੀਆ ਵਿਚ ਕੌਮੀ ਮਸਲੇ ਦੇ ਅਤੇ ਖ਼ਾਸ ਕਰ ਯੁਗੋਸਲਾਵੀਆ ਵਿਚ 20 ਲੱਖ ਅਲਬਾਨੀਅਨਾਂ (ਜੋ ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ਼ ਅਲਬਾਨੀਆਂ ਦੀ ਕੁੱਲ ਆਬਾਦੀ ਦੇ ਤਕਰੀਬਨ ਬਰਾਬਰ ਹੈ) ਦੇ ਮਸਲੇ ਦੇ ਇਸ ਬਹੁਤ ਹੀ ਗ਼ਲਤ ਅਤੇ ਲੈਨਿਨਵਾਦ-ਵਿਰੋਧੀ ਹੱਲ ਵਿਚ ਹੈ।

ਸ਼ੁਰੂ ਤੋਂ ਹੀ, ਸਰਬੀਅਨ, ਮੌਨਟੇਨਿਗਰਿਨ ਅਤੇ ਮੈਸੇਡੋਨੀਅਨ ਸ਼ਾਵਨਵਾਦ, ਸਭ ਦਿਸ਼ਾਵਾਂ ਵਿਚ, ਵਿੱਦਿਆ, ਸੱਭਿਆਚਾਰ, ਆਰਥਿਕਤਾ ਆਦਿ ਵਿਚ ਅਲ-ਬਾਨੀਅਨਾਂ ਵਿਰੁੱਧ ਦਮਨ ਅਤੇ ਵਿਤਕਰੇ ਦੀ ਇਕ ਜਾਂਗਲੀ ਕੌਮਪ੍ਰਸਤ ਨੀਤੀ ਤੇ ਚਲਦਾ ਰਿਹਾ।

ਜਿਸ ਵਕਤ ਸਾਡੇ ਦੇਸ਼ ਅਤੇ ਯੁਗੋਸਲਾਵੀਆ ਵਿਚਕਾਰ ਅਤੇ ਸਾਡੀਆਂ ਦੋਹਾਂ ਪਾਰਟੀਆਂ ਵਿਚਕਾਰ ਸਬੰਧ ਚੰਗੇ ਵੀ ਸਨ, ਉਸ ਵਕਤ ਵੀ ਯੁਗੋਸਲਾਵੀਆ ਵਿਚ ਵਸਦੇ ਅਲਬਾਨੀਅਨਾਂ ਦਾ ਮਸਲਾ ਯੁਗੋਸਲਾਵ ਲੀਡਰਾਂ ਦੇ ਪੈਰਾਂ ਵਿਚ "ਬੇੜੀਆਂ" ਦੀ ਤਰ੍ਹਾਂ ਸੀ। ਉਹਨਾਂ ਨੇ ਅਲਬਾਨੀਅਨਾਂ ਦੀਆਂ ਮੰਗਾਂ ਅਤੇ ਸ਼ਿਕਾਇਤਾਂ ਦੇ ਕਾਰਨਾਂ ਨੂੰ ਨਾ ਘੋਖਿਆ, ਇਹਨਾਂ ਨੂੰ ਸਮਝੌਤੇ ਰਾਹੀਂ ਸਿਆਸੀ ਤੌਰ ਤੇ ਹੱਲ ਨਹੀਂ ਕੀਤਾ, ਸਗੋਂ ਤਾਂਦੱਦ ਨਾਲ ਖ਼ੂੰਖਾਰ ਪ੍ਰਸ਼ਾਸਕੀ ਉਪਾਵਾਂ ਨਾਲ ਹੱਲ ਕੀਤਾ। ਅਲਬਾਨੀਅਨਾਂ ਉੱਤੇ ਕੌਮਪ੍ਰਸਤੀ ਦੀ ਤੁਹਮਤ ਮੜ੍ਹੀ ਗਈ ਅਤੇ ਅਜੇਹਾ ਸਰਬੀਅਨ ਸ਼ੋਵਨਵਾਦ ਅਤੇ ਕੌਮਪ੍ਰਸਤੀ ਉੱਤੇ ਪਰਦਾ ਪਾਉਣ ਖ਼ਾਤਿਰ ਕੀਤਾ ਗਿਆ। ਯੁਗੋਸਲਾਵੀਆ ਦੇ ਅਲਬਾਨੀਅਨਾਂ ਉਤੇ 1945, 1968 ਅਤੇ ਫਿਰ 1981 ਵਿਚ ਕੀਤੇ ਗਏ ਖ਼ੂਨੀ ਤਸ਼ੱਦਦ ਨੂੰ ਕਿਸੇ ਤਰ੍ਹਾਂ ਵੀ ਛੁਪਾਇਆ ਜਾਂ ਉਚਿਤ ਸਾਬਿਤ ਨਹੀਂ ਕੀਤਾ ਜਾ ਸਕਦਾ, ਉਹਨਾਂ ਉੱਤੇ ਠੋਸੇ ਗਏ ਵਿਤਕਰੇ, ਉਹਨਾਂ ਨੂੰ ਕੰਗਾਲ ਕਰਨ, ਕੌਮੀ ਦਮਨ, ਉਹਨਾਂ ਦੇ ਹੱਕ ਉਹਨਾਂ ਨੂੰ ਦੇਣ ਤੋਂ ਇਨਕਾਰ ਅਤੇ ਵਿੱਦਿਆ ਅਤੇ ਸੱਭਿਆਚਾਰ ਦੇ ਖੇਤਰ ਵਿਚ ਉਹਨਾਂ ਨਾਲ ਕੀਤੇ ਜਾਂਦੇ ਮਹਾਂ-ਵਿਤਕਰੇ ਨੂੰ ਕਿਸੇ ਤਰ੍ਹਾਂ ਵੀ ਛੁਪਾਇਆ ਜਾਂ ਉੱਚਿਤ ਸਾਬਿਤ ਨਹੀਂ ਕੀਤਾ ਜਾ ਸਕਦਾ। 1966 ਵਿਚ ਰੈਂਕੋਵਿਕ ਦੇ ਮਹਾਂ-ਸਰਬ ਗਰੁੱਪ ਦਾ ਬਦਨਾਮ ਹੋਣਾ ਅਤੇ ਬਾਅਦ ਵਿਚ ਦੂਸਰੇ ਮਹਾਂ-ਸਰਬ ਗਰੁੱਪ, ਜਾਣੀ ਕਿ ਨਿਕੇਜ਼ਕ ਦੇ ਗਰੁੱਪ ਦਾ ਬਦਨਾਮ ਹੋਣਾ ਦੋ ਅਜੇਹੇ ਸਮੇਂ ਸਨ ਜਦ ਟੀਟੋਵਾਦੀਆਂ ਨੇ ਕਾਸੋਵਾ ਅਤੇ ਕਾਸੋਵਾਰ ਲੋਕਾਂ ਪ੍ਰਤੀ ਬੇਹੱਦ ਸਿਆਸੀ ਉਸ਼ਟੰਡਬਾਜ਼ੀ ਤੋਂ ਕੰਮ ਲਿਆ। ਫੈਡਰੇਸ਼ਨ ਵਿਚ ਵੱਖ ਵੱਖ ਤਾਕਤਾਂ ਵਿਚਕਾਰ ਸੰਤੁਲਿਨ ਬਣਾਉਣ ਦੀ ਲੋੜ ਕਾਰਨ ਕਸੋਵਾ ਦੀ ਸਥਿਤੀ ਵਿਚ ਕੁੱਝ ਰਸਮੀ ਤਬਦੀਲੀ ਕੀਤੀ ਗਈ, ਇਸ ਨੂੰ ਸਰਬੀਆ ਦੇ ਇਕ ਆਮ ਇਲਾਕੇ ਤੋਂ ਸਰਬੀਆ ਦੇ ਇਕ "ਖ਼ੁਦਮੁਖ਼ਤਾਰ" ਇਲਾਕੇ ਵਿਚ ਬਦਲ ਦਿੱਤਾ ਗਿਆ।

ਸਰਬਾਂ ਨੂੰ ਚਾਹੇ ਇਹ ਪਸੰਦ ਸੀ ਜਾਂ ਨਹੀਂ, ਇਸ ਨਵੀਂ ਹਾਲਤ ਨੇ ਯੁਗੋਸਲਾਵੀਆ ਵਿਚ ਵਸਦੇ ਅਲਬਾਨੀਅਨਾਂ ਨੂੰ, ਅਤੇ ਖ਼ਾਸਕਰ ਕਾਸੋਵਰ ਲੋਕਾਂ ਨੂੰ, ਆਪਣੀ ਵਿੱਦਿਆ ਦਾ ਪਸਾਰਾ ਕਰਨ, ਪਰਿਸ਼ਟੀਨਾ ਵਿਚ ਇਕ ਯੂਨੀਵਰਸਿਟੀ ਕਾਇਮ ਕਰਨ, ਆਪਣੇ ਸੱਭਿਆਚਾਰ ਨੂੰ ਉੱਨਤ ਕਰਨ, ਅਤੇ ਫੈਡਰੇਸ਼ਨ ਦੇ ਕਾਨੂੰਨਾਂ ਅਤੇ ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ਼ ਅਲਬਾਨੀਆਂ ਅਤੇ ਯੁਗੋਸਲਾਵੀਆ ਵਿਚਕਾਰ ਹੋਏ ਸਰਕਾਰੀ ਸਮਝੌਤਿਆਂ ਦੇ ਅਧਾਰ ਤੇ ਅਲਬਾਨੀਆ ਨਾਲ ਸੰਪਰਕ ਅਤੇ ਵਿੱਦਿਅਕ-ਸੱਭਿਆਚਾਰਕ ਅਤੇ ਆਰਥਿਕ ਰਿਸ਼ਤੇ ਕਾਇਮ ਕਰਨ ਦੀਆਂ ਸੰਭਾਵਨਾਵਾਂ ਦਿੱਤੀਆਂ। ਲੇਕਿਨ ਕਾਸੋਵਾ ਦੇ ਖ਼ੁਦਮੁਖ਼ਤਾਰ ਸਮਾਜ-ਵਾਦੀ ਇਲਾਕੇ ਦਾ ਆਰਥਿਕ ਆਧਾਰ ਅਜੇ ਵੀ ਬਹੁਤ ਕਮਜ਼ੋਰ ਰਿਹਾ ਅਤੇ ਇਸ ਵੱਲ ਕੋਈ ਧਿਆਨ ਨਾ ਦਿੱਤਾ ਗਿਆ। ਇਸ ਦੀਆਂ ਸੰਪਤੀਆਂ ਨੂੰ, ਫੈਡ-ਰੇਸ਼ਨ ਦੀਆਂ ਹੋਰ ਰੀਪਬਲਿਕਾਂ, ਅਤੇ ਖ਼ਾਸ ਕਰ ਸਰਬੀਅਨ ਰੀਪਬਲਿਕ ਵੱਲੋਂ ਅਜੇ ਵੀ ਮਨਮਰਜ਼ੀ ਨਾਲ ਲੁੱਟਿਆ ਜਾਂਦਾ ਰਿਹਾ। ਇਸ ਅਰਸੇ ਦੁਰਾਨ ਬੇਹੱਦ ਢੋਲ-ਢਮੱਕੇ ਨਾਲ ਪੇਸ਼ ਕੀਤੇ ਗਏ ਸਭ "ਹੱਲ" ਬੇਅਸਰ ਅਤੇ ਆਰਜ਼ੀ ਸਨ ਅਤੇ ਸਿਰਫ਼ ਬੈਲਗਰੇਡ ਅਤੇ ਕੋਪਲਜ਼ੇ (Skoplje) ਲਈ ਹੀ ਲਾਭਦਾਇਕ ਸਨ। ਮੌਕੇ ਅਨੁਸਾਰ, ਸ਼ਰੇਆਮ ਅਜੇਹਾ ਕਹਿਣ ਤੋਂ ਬਗ਼ੈਰ ਹੀ ਕਦੇ ਇਹਨਾਂ ਨੂੰ "ਟੀਟੋ ਵੱਲੋਂ ਦਿੱਤੀਆਂ ਗਈਆਂ ਮੌਕਾਪ੍ਰਸਤ ਛੋਟਾਂ" ਕਿਹਾ ਜਾਂਦਾ ਜੋ ਕਿ ਸਰਬਾਂ ਵਿਚ ਆਮ ਪ੍ਰਚੱਲਤ ਗੱਲ ਸੀ, ਅਤੇ ਕਦੇ ਇਹਨਾਂ ਨੂੰ "ਟੀਟੋ ਸਦਕੇ ਜਿੱਤੀਆਂ ਗਈਆਂ ਜਿੱਤਾਂ" ਕਿਹਾ ਜਾਂਦਾ, ਜੋ ਕਸੋਵਾ ਇਲਾਕੇ ਦੇ ਕੁੱਝ ਅਲਬਾਨੀਅਨ ਲੀਡਰਾਂ ਵੱਲੋਂ ਪੂਰੇ ਜ਼ੋਰ ਨਾਲ ਪ੍ਰਚਾਰਿਆ ਜਾਂਦਾ ਸੀ। ਦੂਸਰੇ ਪਾਸੇ ਅਲਬਾਨੀਅਨਾਂ ਨੂੰ ਬਹੁਤ ਜ਼ਿਆਦਾ ਭੁਲੇਖੇ ਨਹੀਂ ਸਨ, ਕਿਉਂਕਿ ਜੋ ਕੁੱਝ ਉਹਨਾਂ ਨੂੰ ਦਿੱਤਾ ਗਿਆ ਸੀ ਉਹ ਉਹਨਾਂ ਤੋਂ ਖੋਹੇ ਗਏ ਮੁੱਖ ਹੱਕਾਂ ਦੇ ਮੁਕਾਬਲੇ ਬਹੁਤ ਹੀ ਤੁੱਛ (ਮਾਮੂਲੀ) ਸੀ।

ਟੀਟੋ ਦੀ ਮੌਤ ਤੋਂ ਬਾਅਦ ਵਾਪਰੀਆਂ ਘਟਨਾਵਾਂ ਨੇ ਦਿਖਾਇਆ ਹੈ ਕਿ ਕਿੰਨੇ ਗਲਤ ਅਤੇ ਮਾਰਕਸਵਾਦ-ਵਿਰੋਧੀ ਢੰਗ ਨਾਲ ਯੁਗੋਸਲਾਵੀਆ ਵਿਚ ਕੌਮੀ ਮਸਲਾ, ਅਤੇ ਖ਼ਾਸ ਕਰ ਅਲਬਾਨੀਅਨਾਂ ਦਾ ਮਸਲਾ ਹੱਲ ਕੀਤਾ ਗਿਆ ਸੀ। ਇਸ ਸਾਲ ਮਾਰਚ ਅਤੇ ਅਪ੍ਰੈਲ ਵਿਚ ਕਾਸੋਵਾ ਵਿਚ ਹੋਏ ਮੁਜ਼ਾਹਰਿਆਂ ਤੋਂ ਬਾਅਦ ਸਰਬੀਅਨ ਸ਼ੋਵਨਵਾਦੀ ਲੀਡਰਾਂ ਅਤੇ ਸਮੁੱਚੇ ਯੁਗੋਸਲਾਵ ਲੀਡਰਾਂ ਨੇ, ਅਲਬਾਨੀ-ਅਨਾਂ ਦੀਆਂ ਕਾਨੂੰਨੀ ਮੰਗਾਂ, ਸੰਵਿਧਾਨ ਵਿਚ ਮਾਣਤਾ ਪ੍ਰਾਪਤ ਮੰਗਾਂ, ਨੂੰ ਖ਼ੂੰਖਾਰ ਢੰਗਾਂ ਨਾਲ ਕੁਚਲ ਦਿੱਤਾ। ਹੁਣ, ਬਹੁਤ ਹੀ ਭੈੜੀ ਆਰਥਿਕ ਹਾਲਤ ਦੇ ਨਾਲ-ਨਾਲ, ਕਾਸੋਵਾਰ ਲੋਕਾਂ ਅਤੇ ਯੁਗੋਸਲਾਵੀਆ ਵਿਚ ਵਸਦੇ ਹੋਰ ਸਭ ਅਲਬਾਨੀਅਨ ਲੋਕਾਂ ਉੱਤੇ, ਪਹਿਲਾਂ ਨਾਲੋਂ ਬਹੁਤ ਜ਼ਿਆਦਾ ਕੌਮੀ ਦਮਨ ਵੀ ਠੋਸਿਆ ਜਾ ਰਿਹਾ ਹੈ। ਉਹਨਾਂ ਉੱਤੇ ਦਹਿਸ਼ਤ ਪਾਈ ਜਾ ਰਹੀ ਹੈ, ਸਰਬੀਅਨ ਫੌਜ ਅਤੇ ਪੁਲਸ ਦੀਆਂ ਬਾਗਾਂ ਖੋਲ੍ਹ ਦਿੱਤੀਆਂ ਗਈਆਂ ਹਨ, ਅਤੇ ਜੇਲ੍ਹਾਂ ਨੌਜਵਾਨ ਮਰਦਾਂ ਅਤੇ ਔਰਤਾਂ ਨਾਲ ਤੂੰਨ ਦਿੱਤੀਆਂ ਗਈਆਂ ਹਨ। ਇਹਨਾਂ ਸਭ ਕਦਮਾਂ ਦਾ ਮਨੋਰਥ ਸਿਰਫ਼ ਸਭ ਕਾਨੂੰਨੀ ਹੱਕਾਂ ਨੂੰ ਖ਼ਤਮ ਕਰਨ ਅਤੇ ਵਿੱਦਿਆ ਅਤੇ ਸੱਭਿਆਚਾਰ ਦੇ ਖੇਤਰ ਵਿਚ ਹਾਸਲ ਕੀਤੀਆਂ ਥੋੜ੍ਹੀਆਂ-ਬਹੁਤ ਸਫ਼ਲਤਾਵਾਂ ਨੂੰ ਖ਼ਤਮ ਕਰਨਾ ਹੀ ਨਹੀਂ, ਸਗੋਂ ਯੁਗੋਸਲਾਵੀਆ ਵਿਚ ਵਸਦੇ ਅਲਬਾਨੀਅਨਾਂ ਦਾ ਵਿਕੌਮੀਕਰਣ ਕਰਨਾ ਵੀ ਇਹਨਾਂ ਦਾ ਮਨੋਰਥ ਹੈ। ਅਤੇ ਇਹ ਸਭ ਕੁੱਝ ਉਹੀ ਸ਼ਖ਼ਸ ਕਰ ਰਹੇ ਹਨ ਜਿਹੜੇ ਕਹਿੰਦੇ ਹਨ ਕਿ ਉਹ ਮਾਨਵ ਅਧਿਕਾਰਾਂ ਅਤੇ ਆਜ਼ਾਦੀਆਂ ਬਾਰੇ ਹਿਲਸਿੰਕੀ ਕਾਨਫ਼ਰੰਸ ਦੇ ਦਸਤਾਵੇਜ਼ਾਂ ਦੀ ਪਾਲਣਾ ਕਰਦੇ ਹਨ। ਵਿਸ਼ਵ ਰਾਇ ਨੂੰ ਅਲਗਰਜ਼ ਨਹੀਂ ਰਹਿਣਾ ਚਾਹੀਦਾ, ਸਗੋਂ ਯੁਗੋਸਲਾਵੀਆ ਦੀ ਅਲਬਾਨੀਅਨ ਵਸੋਂ ਦੀ ਭਿਆਨਕ ਹਾਲਤ ਬਾਰੇ ਫਿਕਰ ਕਰਨਾ ਚਾਹੀਦਾ ਹੈ।

ਆਖ਼ਿਰ, ਕਾਸੋਵਾ ਦੇ ਵੱਖ-ਵੱਖ ਸ਼ਹਿਰਾਂ ਅਤੇ ਪਿੰਡਾਂ ਵਿਚ ਕੀਤੇ ਗਏ ਵਿਸ਼ਾਲ ਜਨਤਕ ਮੁਜ਼ਾਹਰਿਆਂ ਵਿਚ ਅਲਬਾਨੀਆਂ ਨੇ ਕੀ ਮੰਗਿਆ ਸੀ?

ਯੁਗੋਸਲਾਵੀਆ ਵਿਚ ਵਸਦੇ ਅਲਬਾਨੀਅਨਾਂ ਨੇ, ਪੁਰਅਮਨ ਮੁਜ਼ਾਹਰਿਆਂ ਰਾਹੀਂ ਅਤੇ ਮੁਜ਼ਾਹਰਿਆਂ ਤੋਂ ਬਗ਼ੈਰ ਵੀ, ਵਾਰ-ਵਾਰ ਇਹ ਮੰਗ ਕੀਤੀ ਹੈ ਕਿ ਉਹਨਾਂ ਦੀ ਸੰਵਿਧਾਨਕ, ਆਰਥਿਕ ਅਤੇ ਸਮਾਜੀ-ਸੱਭਿਆਚਾਰਕ ਠੀਕ ਕਰਨੀ ਚਾਹੀਦੀ ਹੈ ਅਤੇ ਫੈਡਰੇਸ਼ਨ ਦੇ ਕਨੂੰਨਾਂ ਅੰਦਰ ਹੀ ਸਹੀ ਰਸਤੇ ਤੇ ਪਾਉਣੀ ਚਾਹੀਦੀ ਹੈ। ਉਹਨਾਂ ਨੇ ਯੁਗੋਸਲਾਵ ਫੈਡਰੇਸ਼ਨ ਦੇ ਅੰਦਰ ਇਕ ਰੀਪਬਲਿਕ ਦੀ ਹਸਤੀ

ਦੀ ਮੰਗ ਕੀਤੀ। ਉਹਨਾਂ ਨੇ ਨਾ ਤਾਂ ਯੁਗੋਸਲਾਵੀਆ ਨਾਲੋਂ ਤੋੜ-ਵਿਛੋੜੇ ਅਤੇ ਨਾ ਹੀ ਅਲਬਾਨੀਆਂ ਵਿਚ ਰਲਣ ਦੀ ਮੰਗ ਕੀਤੀ ਹੈ। ਲੇਕਿਨ, ਵਿਦਿਆਰਥੀਆਂ, ਮਜ਼ਦੂਰਾਂ, ਕਿਸਾਨਾਂ ਅਤੇ ਬੁੱਧੀਜੀਵੀਆਂ ਦੀਆਂ ਜਾਇਜ਼ ਅਤੇ ਕਾਨੂੰਨੀ ਮੰਗਾਂ ਸਵੀਕਾਰ ਨਾ ਕੀਤੀਆਂ ਗਈਆਂ। ਹੋਰ, ਪਹਿਲਾਂ ਦੀ ਤਰ੍ਹਾਂ ਹੀ ਜਦ ਉਹਨਾਂ ਨੇ ਇਹ ਮੰਗਾਂ ਪੇਸ਼ ਕੀਤੀਆਂ ਤਾਂ ਉਹਨਾਂ ਉੱਤੇ ਕੌਮਪ੍ਰਸਤ ਹੋਣ ਦੀ ਤੁਹਮਤ ਲਾਈ ਗਈ ਅਤੇ ਉਹਨਾਂ ਉੱਤੇ ਅੰਨ੍ਹੇਵਾਹ ਤਸ਼ੱਦਦ ਕੀਤਾ ਗਿਆ।

ਕੀ ਸਾਡੇ ਸਮਿਆਂ ਵਿਚ ਇਹ ਸਮੱਸਿਆਵਾਂ ਇਸ ਢੰਗ ਨਾਲ ਹੱਲ ਕੀਤੀਆਂ ਜਾ ਸਕਦੀਆਂ ਹਨ? ਕਦੇ ਵੀ ਨਹੀਂ। ਜਿਨ੍ਹਾਂ ਲੋਕਾਂ ਦੀ ਧਰਤ ਵਿਚ ਮਹਾਨ ਸੰਪਤੀਆਂ ਹਨ ਅਤੇ ਜੋ ਸੰਪਤੀਆਂ ਹੋਰਨਾਂ ਵੱਲੋਂ ਲੁੱਟੀਆਂ ਜਾ ਰਹੀਆਂ ਹਨ, ਉਹਨਾਂ ਲੋਕਾਂ ਨੂੰ ਕੰਗਾਲ ਬਣਾ ਕੇ ਰੱਖਣਾ ਅਸੰਭਵ ਹੈ। ਅਲਬਾਨੀਅਨਾਂ ਜਿਹੇ ਇਕ ਦਲੇਰ ਲੋਕਾਂ ਨੂੰ ਟੈਂਕਾਂ ਅਤੇ ਸੰਗੀਨਾਂ ਦੀਆਂ ਧਮਕੀਆਂ ਨਾਲ ਕਾਬੂ ਕਰਨਾ ਅਸੰਭਵ ਹੈ। ਉਹਨਾਂ ਦੇ ਇਤਿਹਾਸ ਅਤੇ ਪੁਰਾਤਨ ਸੱਭਿਆਚਾਰ ਨੂੰ ਤੋੜਨਾ-ਮਰੋੜਨਾ ਜਾਂ ਖ਼ਤਮ ਕਰਨਾ ਨਾਮੁਮਕਿਨ ਹੈ। ਉਹਨਾਂ ਦੇ ਦੇਸ਼-ਭਗਤ ਜਜ਼ਬਿਆਂ ਅਤੇ ਆਪਣੀ ਮਾਤਭੂਮੀ ਪ੍ਰਤੀ ਪਿਆਰ ਨੂੰ ਖ਼ਤਮ ਕਰਨਾ ਨਾਮੁਮਕਿਨ ਹੈ।

ਯੁਗੋਸਲਾਵ ਲੀਡਰਾਂ ਨੇ ਜੋ ਰਾਹ ਚੁਣਿਆ ਹੈ ਅਤੇ ਜਿਸ ਤੇ ਇਹ ਚੱਲ ਰਹੇ ਹਨ, ਅਗਰ ਏਸੇ ਹੀ ਰਾਹ ਤੇ ਚਲਦੇ ਰਹੇ ਤਾਂ ਅਲਬਾਨੀਅਨ ਲੋਕਾਂ ਵੱਲੋਂ ਵਿਰੋਧਤਾ ਜਾਰੀ ਰਹੇਗੀ ਅਤੇ ਹੋਰ ਵੀ ਤਿੱਖੀ ਹੋ ਜਾਏਗੀ। ਕੌਮੀ ਮਸਲੇ ਦਾ ਹੱਲ ਹੀ, ਦੋਹਾਂ ਧਿਰਾਂ ਵੱਲੋਂ ਠੰਡੇ ਦਿਮਾਗ਼ ਨਾਲ ਸੋਚਿਆ ਸਮਝਿਆ ਅਤੇ ਕਾਸੋਵਾ ਦੇ ਲੋਕਾਂ ਵੱਲੋਂ ਸਵੀਕਾਰ ਕੀਤਾ ਗਿਆ ਹੱਲ ਹੀ ਉਸ ਗੁੰਝਲਦਾਰ ਹਾਲਤ ਨੂੰ ਖ਼ਤਮ ਕਰ ਸਕਦਾ ਹੈ ਜਿਹੜੀ ਹਾਲਤ ਕਾਸੋਵਾ ਦੇ ਲੋਕਾਂ ਨੇ ਨਹੀਂ ਸਗੋਂ ਮਹਾਂ-ਸਰਬ ਸ਼ੋਵਨਵਾਦ ਨੇ ਪੈਦਾ ਕੀਤੀ ਹੈ। ਇਸ ਹਾਲਤ ਵਿਚ, ਜੋ ਯੁਗੋਸਲਾਵੀਆ ਲਈ ਅਤੇ ਖ਼ੁਦ ਕਾਸੋਵਾ ਦੇ ਲੋਕਾਂ ਲਈ ਬਹੁਤ ਹੀ ਮੁਸ਼ਕਲ ਹਾਲਤ ਹੈ, ਇਸ ਹਾਲਤ ਵਿਚ ਕਾਸੋਵਾ ਦੇ ਲੋਕਾਂ ਨੇ ਬਹੁਤ ਉਚਿਤ ਅਤੇ ਸਭ ਤੋਂ ਢੁੱਕਵਾਂ ਹੱਲ ਤਜਵੀਜ਼ ਕੀਤਾ ਹੈ। ਫੈਡਰੇਸ਼ਨ ਦੇ ਅੰਦਰ ਹੀ ਕਾਸੋਵਾ ਨੂੰ ਰੀਪਬਲਿਕ ਦਾ ਦਰਜਾ ਦੇਣ ਦੀ ਮੰਗ ਇਕ ਜਾਇਜ਼ ਮੰਗ ਹੈ। ਇਹ ਫੈਡਰੇਸ਼ਨ ਦੀ ਹੋਂਦ ਲਈ ਖ਼ਤਰਾ ਨਹੀਂ ਬਣਦੀ। ਦਲੀਲ ਤੋਂ ਕੰਮ ਲੈਣ ਦੀ ਬਜਾਏ, ਸਰਬੀਅਨ ਅਤੇ ਯੁਗੋਸਲਾਵ ਸਰਦਾਰਾਂ ਨੇ ਟੈਂਕਾਂ ਦੀ ਵਰਤੋਂ ਕੀਤੀ, ਲੋਕਾਂ ਦਾ ਖ਼ੂਨ ਵਹਾਇਆ ਅਤੇ ਹੁਣ ਆਪਣੀਆਂ ਬਦਨਾਮ ਪੁਲੀਸ ਜਾਂਚ-ਪੜਤਾਲਾਂ ਵਿਚ ਰੁੱਝੇ ਹੋਏ ਹਨ : ਕਿ ਕੌਣ ਮੁਜ਼ਾਹਰਿਆਂ ਦੇ ਹੱਕ ਵਿਚ ਸੀ ਅਤੇ ਕੌਣ ਮੁਜ਼ਾਹਰਿਆਂ ਦੀ ਮੁਖ਼ਾਲਫਿਤ ਕਰਦਾ ਸੀ। ਇਸ ਕਿਸਮ ਦੀ ਕਾਰਵਾਈ ਦਾ ਮਤਲਬ ਹੈ ਕਿ ਉਹਨਾਂ ਲੋਕਾਂ ਨੂੰ ਧਮਕਾਉਣ ਦੀ ਕੋਸ਼ਿਸ਼ ਕਰਨਾ ਜਿਨ੍ਹਾਂ ਨੂੰ ਡਰਾਇਆ-ਧਮਕਾਇਆ ਨਹੀਂ ਜਾ ਸਕਦਾ, ਉਹਨਾਂ ਦੀ ਦੇਸ਼-ਭਗਤੀ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰਨਾ ਜੋ ਕਦੇ ਵੀ ਖ਼ਤਮ ਨਹੀਂ ਕੀਤੀ ਜਾ ਸਕਦੀ। ਇਸ ਦਾ ਮਤਲਬ ਹੈ ਇਸ ਵਹਿਮ ਦੇ ਸ਼ਿਕਾਰ ਬਣਨਾ ਕਿ ਤੁਸੀਂ ਹਾਲਤ ਸ਼ਾਂਤ ਕਰ ਦਿੱਤੀ ਹੈ ਜਦ ਕਿ ਅਸਲ ਵਿਚ ਤੁਸੀਂ ਨਫ਼ਰਤ ਅਤੇ ਗੁੱਸੇ ਨੂੰ ਉਭਾਰਿਆ ਹੈ, ਇਸ ਦਾ ਮਤਲਬ ਹੈ ਇਹ ਸੋਚਣਾ ਕਿ ਤੁਸੀਂ "ਭਰੋਸੇਯੋਗ" ਲੋਕਾਂ ਨੂੰ ਰਾਜਸੱਤਾ ਵਿਚ ਲੈ ਆਏ ਹੋ ਜਿਸ 'ਚੋਂ ਤੁਸੀਂ "ਕੌਮਪ੍ਰਸਤਾਂ" ਆਦਿ, ਨੂੰ ਕੱਢ ਦਿੱਤਾ ਹੈ ਜਦ ਕਿ ਅਸਲ ਵਿਚ ਤੁਸੀਂ ਸਮੁੱਚੇ ਲੋਕਾਂ ਨੂੰ ਚੁੱਪ-ਚਾਪ ਵਿਰੋਧਤਾ ਦਾ ਰਸਤਾ ਅਪਣਾਉਣ ਤੇ ਮਜਬੂਰ ਕੀਤਾ ਹੈ ਜਿਹੜੇ ਕਲ੍ਹ ਨੂੰ ਆਪਣੇ ਉੱਤੇ ਹੋ ਰਹੇ ਜਬਰਾਂ ਵਿਰੁੱਧ ਹੋਰ ਵੀ ਵਧੇਰੇ ਸ਼ਕਤੀ ਨਾਲ ਆਪਣੀਆਂ ਅਵਾਜ਼ਾਂ ਉਠਾਉਣਗੇ। ਯੁਗੋਸਲਾਵ ਲੀਡਰ ਇਸ ਹਾਲਤ ਨੂੰ ਸਮਝਣਾ ਨਹੀਂ ਚਾਹੁੰਦੇ।

ਕਿਉਂਕਿ ਅਸੀਂ ਇਹ ਸਭ ਕੁੱਝ ਸ਼ਰੇਆਮ ਕਹਿੰਦੇ ਹਾਂ ਅਤੇ ਮੰਗ ਕਰਦੇ ਹਾਂ ਕਿ ਕਸੋਵਾ ਦੇ ਲੋਕਾਂ ਅਤੇ ਯੁਗੋਸਲਾਵੀਆ ਵਿਚ ਹੋਰ ਸਭ ਅਲਬਾਨੀਅਨ ਲੋਕਾਂ ਦਾ ਮਸਲਾ ਜੋ ਗ਼ਲਤ ਤਰੀਕੇ ਨਾਲ ਹੱਲ ਕੀਤਾ ਗਿਆ ਹੈ ਉਸ ਨੂੰ ਠੰਡੇ ਦਿਮਾਗ਼ਾਂ ਨਾਲ ਮੁੜ-ਘੋਖਣਾ ਚਾਹੀਦਾ ਹੈ ਅਤੇ ਹਿੰਸਾ ਅਤੇ ਦਹਿਸ਼ਤ ਦੀ ਵਰਤੋਂ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ, ਕਿਉਂਕਿ ਅਸੀਂ ਇਹ ਮੰਗ ਕਰਦੇ ਹਾਂ ਕਿ ਕਸੋਵਾ ਦੇ ਲੋਕਾਂ ਉੱਤੇ ਤਸ਼ੱਦਦ ਕਰਨਾ ਬੰਦ ਕੀਤਾ ਜਾਏ ਅਤੇ ਕਸੋਵਾ ਦੇ ਮੁੰਡਿਆਂ ਅਤੇ ਕੁੜੀਆਂ ਨੂੰ ਜੇਲ੍ਹਾਂ 'ਚੋਂ ਛੱਡਿਆ ਜਾਏ (ਇਸ ਕਰਕੇ ਹੀ) ਯੁਗੋਸਲਾਵ ਲੀਡਰ ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ਼ ਅਲਬਾਨੀਆਂ ਨੂੰ ਦੋਸ਼ ਦਿੰਦੇ ਹਨ ਕਿ ਇਹ ਯੁਗੋਸਲਾਵੀਆ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲ-ਅੰਦਾਜ਼ੀ ਕਰ ਰਿਹਾ ਹੈ, ਏਨਾ ਹੀ ਨਹੀਂ ਉਹ ਇਸ ਉੱਤੇ ਕਾਸੋਵਾ ਅਤੇ ਹੋਰ ਥਾਵਾਂ ਤੇ ਗੜਬੜ ਭੜਕਾਉਣ ਦਾ ਦੋਸ਼ ਵੀ ਮੜ੍ਹਦੇ ਹਨ। ਅਤੇ ਇਹ ਇਸ ਗੜਬੜ ਨੂੰ ਕਥਿਤ ਤੌਰ ਤੇ ਕਿਸ ਤਰੀਕੇ ਨਾਲ ਭੜਕਾ ਰਿਹਾ ਹੈ? ਉਹ ਕਹਿੰਦੇ ਹਨ ਕਿ ਸਰਕਾਰੀ ਵਿੱਦਿਅਕ-ਸੱਭਿਆਚਾਰਕ ਰਿਸ਼ਤਿਆਂ ਰਾਹੀਂ ਉਹ ਅਜੇਹੇ ਦਾਅਵੇ ਕਰਨ ਤਕ ਗਿਰ ਗਏ ਹਨ ਕਿ ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ਼ ਅਲਬਾਨੀਆਂ ਦੇਸ਼ ਤੋਂ ਬਾਹਰ ਬੈਠੇ ਸਿਆਸੀ ਜਲਾਵਤਨ ਪਿਛਾਖੜੀ ਅਲਬਾਨੀਅਨਾਂ ਨਾਲ ਮਿਲਕੇ ਕੰਮ ਕਰ ਰਿਹਾ ਹੈ ਜਦ ਕਿ ਅਸਲੀਅਤ ਸਾਰੀ ਦੁਨੀਆਂ ਨੂੰ ਪਤਾ ਹੈ ਕਿ ਅਸੀਂ ਹਮੇਸ਼ਾਂ ਹੀ ਇਹਨਾਂ ਪਿਛਾਖੜੀਆਂ ਵਿਰੁੱਧ ਆਪਣੀ ਪੂਰੀ ਤਾਕਤ ਨਾਲ ਸੰਘਰਸ਼ ਕੀਤਾ ਹੈ।

ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ਼ ਅਲਬਾਨੀਆਂ ਨੇ ਕਦੇ ਵੀ ਯੁਗੋਸਲਾਵੀਆਂ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਨਹੀਂ ਦਿੱਤਾ। ਅਸਲੀਅਤ ਵਿਚ ਉਲਟੀ ਚੀਜ਼ ਵਾਪਰੀ ਹੈ। ਯੁਗੋਸਲਾਵੀਆ ਦੇ ਸੋਧਵਾਦੀਆਂ ਨੇ ਅਲਬਾਨੀਆਂ ਦੀ ਕਮਿਊਨਿਸਟ ਪਾਰਟੀ ਦੇ ਲੀਡਰਾਂ ਨੂੰ ਮਾਰਨ ਅਤੇ ਅਲਬਾਨੀਆਂ ਨੂੰ 7ਵੀਂ ਰੀਪਬਲਿਕ ਦੇ ਤੌਰ ਤੇ ਯੁਗੋਸਲਾਵੀਆ ਵਿਚ ਰਲਾਉਣ ਦੀਆਂ ਸਾਜ਼ਿਸ਼ਾਂ ਘੜੀਆਂ, ਅਤੇ ਇਸ ਪਸਾਰਵਾਦੀ ਸਾਮਰਾਜੀ ਢੰਗ ਨਾਲ ਸਮੁੱਚੀ ਅਲਬਾਨੀਅਨ ਕੌਮ ਦੇ ਮਸਲੇ ਨੂੰ ਹਮੇਸ਼ਾਂ-ਹਮੇਸ਼ਾਂ ਲਈ ਹੱਲ ਕਰ ਦੇਣਾ ਚਾਹਿਆ। ਖ਼ੈਰ, ਇਹ ਸਾਜ਼ਿਸ਼ਾਂ ਕਦੇ ਵੀ ਕਾਮਯਾਬ ਨਾ ਹੋਈਆਂ ਅਤੇ ਨਾ ਹੀ ਕਦੇ ਕਾਮਯਾਬ ਹੋਣਗੀਆਂ। ਅਲਬਾਨੀਆਂ, ਯੁਗੋਸਲਾਵ ਜੁੰਡੀਆਂ ਵਿਚਕਾਰ ਝਗੜਿਆਂ ਅਤੇ ਵਿਰੋਧਤਾਈਆਂ ਨੂੰ ਸ਼ਾਂਤ ਕਰਨ ਵਿਚ ਲੈਣ-ਦੇਣ ਦਾ ਸਾਧਨ ਨਹੀਂ ਹੈ ਅਤੇ ਨਾ ਹੀ ਕਦੇ ਬਣੇਗਾ। ਅਲਬਾਨੀਆਂ ਇਸ ਦੇ ਲੋਕਾਂ ਦੀ ਮਲਕੀਅਤ ਹੈ, ਜਿਹੜੇ ਬਲ-ਭਰਪੂਰ, ਦਲੇਰ ਅਤੇ ਦੇਸ਼-ਭਗਤ ਲੋਕ ਹਨ ਜੋ ਕਿਸੇ ਤੋਂ ਵੀ ਡਰਦੇ ਨਹੀਂ।

ਅਲਬਾਨੀਆਂ ਨੇ ਕਦੇ ਵੀ ਯੁਗੋਸਲਾਵੀਆ ਵਿਰੁੱਧ ਕੋਈ ਇਲਾਕਾਈ ਦਾਅਵੇ ਨਹੀਂ ਕੀਤੇ, ਅਤੇ ਇਸ ਦੇ ਦਸਤਾਵੇਜ਼ਾਂ ਵਿਚ ਕੋਈ ਵੀ ਸਰਹੱਦੀ ਮੁੜ-ਤਰਤੀਬੀ ਦੀ ਮੰਗ ਨਹੀਂ ਮਿਲਦੀ। ਇਸ ਸਟੈਂਡ ਉੱਤੇ ਦ੍ਰਿੜ੍ਹ ਰਹਿੰਦਿਆਂ, ਅਸੀਂ ਕਦੇ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਅਤੇ ਨਾ ਹੀ ਕਦੇ ਇਨਕਾਰ ਕਰਾਂਗੇ ਕਿ ਅਲਬਾਨੀਅਨ ਕੌਮ ਅਤੇ ਲੋਕਾਂ ਦਾ ਇਕ ਵੱਡਾ ਹਿੱਸਾ ਯੁਗੋਸਲਾਵੀਆ ਵਿਚ ਰਹਿੰਦਾ ਹੈ। ਸਰਹੱਦ ਦੇ ਉਸ ਪਾਰ ਵਸਦੇ ਆਪਣੇ ਅਲਬਾਨੀਅਨਾਂ ਭਰਾਵਾਂ ਦੇ ਜਾਇਜ਼ ਹੱਕਾਂ ਦੀ ਅਸੀਂ ਹਮੇਸ਼ਾਂ ਪੈਰਵੀ ਕੀਤੀ ਹੈ ਅਤੇ ਭਵਿੱਖ ਵਿਚ ਵੀ ਆਪਣੇ ਪੂਰੇ ਬੱਲ ਨਾਲ ਅਤੇ ਇਕ ਮਾਰਕਸਵਾਦੀ-ਲੈਨਿਨਵਾਦੀ ਢੰਗ ਨਾਲ ਇਹ ਪੈਰਵੀ ਜਾਰੀ ਰੱਖਾਂਗੇ, ਇਹ ਯੁਗੋਸਲਾਵੀਆ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ-ਅੰਦਾਜ਼ੀ ਨਹੀਂ ਹੈ। ਇਹ ਸਾਡਾ ਨਿਰਵਿਵਾਦ ਹੱਕ ਹੈ।

ਕਾਸੋਵਾ ਦਾ ਸਵਾਲ ਇਕ ਬਦ-ਕਿਸਮਤ ਘਟਨਾ ਹੈ। ਯੁਗੋਸਲਾਵ ਅਧਿਕਾਰੀਆਂ ਨੂੰ ਅਲਬਾਨੀਆਂ ਉੱਤੇ ਤਸ਼ੱਦਦ ਅਤੇ ਦਹਿਸ਼ਤ ਨੂੰ ਬੰਦ ਕਰਨਾ ਚਾਹੀਦਾ ਹੈ, ਕੌਮੀ ਦਮਨ ਨੂੰ ਖ਼ਤਮ ਕਰਨਾ ਚਾਹੀਦਾ ਹੈ ਅਤੇ ਉਹਨਾਂ ਦੇ ਸਭ ਹੱਕ ਉਹਨਾਂ ਦੇ ਸਪੁਰਦ ਕਰ ਦੇਣੇ ਚਾਹੀਦੇ ਹਨ। ਮਸਲਿਆਂ ਨੂੰ ਉੱਚਿਤ ਤਰੀਕੇ ਨਾਲ ਹੱਲ ਕਰਨ ਲਈ, ਇਹ ਲਾਜ਼ਮੀ ਹੈ ਕਿ ਉਹ ਯੁਗੋਸਲਾਵੀਆ ਦੀ ਅਲਬਾਨੀਅਨ ਵਸੋਂ ਨਾਲ ਸ਼ਾਂਤ ਤਰੀਕੇ ਨਾਲ ਅਤੇ ਬਰਾਬਰੀ ਦੇ ਅਧਾਰ ਤੇ ਗੱਲਬਾਤ ਕਰਨ।

ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ਼ ਅਲਬਾਨੀਆਂ ਨੇ ਗਰੀਸ ਨਾਲ ਦੋਸਤਾਨਾ ਸਬੰਧਾਂ ਨੂੰ ਮਜ਼ਬੂਤ ਕਰਨ ਵੱਲ ਉਚੇਚਾ ਧਿਆਨ ਦਿੱਤਾ ਹੈ। ਤਾਜ਼ਾ ਸਾਲਾਂ ਵਿਚ ਇਹ ਸਬੰਧ ਸਭ ਖੇਤਰਾਂ ਵਿਚ ਹੋਰ ਵਧੇਰੇ ਵਿਕਸਤ ਹੋਏ ਹਨ। ਵਿਓਪਾਰਕ ਲੈਣ-ਦੇਣ ਦਾ ਪਸਾਰਾ ਕੀਤਾ ਗਿਆ ਹੈ ਅਤੇ ਇਹ ਦੋਹਾਂ ਧਿਰਾਂ ਦੇ ਫਾਇਦੇ ਲਈ ਸਫਲਤਾਪੂਰਵਕ ਵਿਕਸਤ ਹੋ ਰਿਹਾ ਹੈ। ਸੱਭਿਆਚਾਰ ਦੇ ਖੇਤਰ ਵਿਚ ਸਹਿਯੋਗ, ਕਲਾਕਾਰ ਗਰੁੱਪਾਂ ਦੀ ਆਵਾਜਾਈ, ਕਲਾ, ਵਿੱਦਿਆ ਅਤੇ ਵਿਗਿਆਨ ਨਾਲ ਸਬੰਧਿਤ ਲੋਕਾਂ ਵਲੋਂ ਇਕ-ਦੂਸਰੇ ਦੇ ਦੇਸ਼ਾਂ ਦੇ ਦੌਰਿਆਂ ਨੇ ਸਾਡੇ ਲੋਕਾਂ ਨੂੰ ਇਕ-ਦੂਸਰੇ ਦੀਆਂ ਪ੍ਰਾਪਤੀਆਂ ਅਤੇ ਉੱਨਤੀ ਬਾਰੇ ਚੰਗੀ ਤਰ੍ਹਾਂ ਜਾਣੂੰ ਕਰਵਾਉਣ ਵਿਚ ਮਦਦ ਕੀਤੀ ਹੈ। ਇਹਨਾਂ ਨਾਲ ਸਾਡੇ ਦੋ ਦੇਸ਼ਾਂ ਵਿਚਕਾਰ ਪੁਰਾਤਨ ਅਤੇ ਰਵਾਇਤੀ ਦੋਸਤੀ ਮਜ਼ਬੂਤ ਹੋਈ ਹੈ। ਸਾਡੀ ਇਹ ਦ੍ਰਿੜ੍ਹ ਰਾਇ ਹੈ ਕਿ ਅਲਬਾਨੀਆਂ ਅਤੇ ਗਰੀਸ ਵਿਚਕਾਰ ਦੋਸਤਾਨਾ ਰਿਸ਼ਤੇ ਸਾਡੇ ਦੋਹਾਂ ਦੇਸ਼ਾਂ ਦੇ ਲੋਕਾਂ ਦੇ ਹਿੱਤਾਂ ਅਤੇ ਉਮੰਗਾਂ ਦੀ ਸੇਵਾ ਕਰਦੇ ਹਨ, ਅਤੇ ਇਸ ਕਰਕੇ ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ਼ ਅਲਬਾਨੀਆਂ, ਭਵਿੱਖ ਵਿਚ ਵੀ, ਇਹਨਾਂ

ਰਿਸ਼ਤਿਆਂ ਦਾ ਪਸਾਰਾ ਅਤੇ ਵਿਕਾਸ ਕਰਨ ਦਾ ਹਰ ਯਤਨ ਕਰੇਗਾ ।

ਸਾਨੂੰ ਇਸ ਗੱਲ ਤੇ ਬੜੀ ਖ਼ੁਸ਼ੀ ਹੈ ਕਿ ਗਰੀਕ ਸਰਕਾਰ ਅਤੇ ਗਰੀਕ ਲੋਕ ਵੀ ਸਾਡੇ ਦੋ ਦੇਸ਼ਾਂ ਵਿਚਕਾਰ ਰਿਸ਼ਤਿਆਂ ਦਾ ਦੋਸਤੀ ਅਤੇ ਚੰਗੇ ਗੁਆਂਢੀਪਣ ਦੇ ਅਧਾਰ ਤੇ ਵਿਕਾਸ ਅਤੇ ਪਸਾਰਾ ਕਰਨਾ ਚਾਹੁੰਦੇ ਹਨ । ਗਰੀਕ ਲੋਕਾਂ ਅਤੇ ਅਲਬਾਨੀਅਨ ਲੋਕਾਂ ਦੇ ਜਜ਼ਬਾਤ ਬਹੁਤ ਸਾਰੀਆਂ ਦਿਸ਼ਾਵਾਂ ਵਿਚ ਇਕ-ਮਿੱਕ ਹਨ । ਉਹ ਇਕ-ਦੂਸਰੇ ਦਾ ਭਲਾ ਮੰਗਦੇ ਹਨ ਅਤੇ ਇਕ-ਦੂਸਰੇ ਦੀ ਉੱਨਤੀ ਉੱਤੇ ਖ਼ੁਸ਼ ਹੁੰਦੇ ਹਨ ਅਤੇ ਇਸ ਗੱਲ 'ਚ ਵਿਸ਼ਵਾਸ ਰੱਖਦੇ ਹਨ ਕਿ ਉਹ ਆਪੋ-ਆਪਣੇ ਘਰ ਅਤੇ ਮਾਮਲਿਆਂ ਦੇ ਮਾਲਕ ਖ਼ੁਦ ਹਨ । ਅਲਬਾਨੀਅਨ ਲੋਕਾਂ ਅਤੇ ਗਰੀਕ ਲੋਕਾਂ ਵਿਚਕਾਰ ਦੋਸਤੀ ਇਕ ਹੰਢਣਸਾਰ ਦੋਸਤੀ ਹੈ, ਜਿਹੜੀ ਲਗਾਤਾਰ ਮਜ਼ਬੂਤ ਕੀਤੀ ਜਾਂਦੀ ਰਹੇਗੀ ਅਤੇ ਸਾਡੇ ਲੋਕਾਂ ਦੇ ਹਿੱਤਾਂ ਅਤੇ ਬਾਲਕਨਜ਼ ਵਿਚ ਅਮਨ ਅਤੇ ਸੁਰੱਖਿਆ ਦੇ ਹਿੱਤਾਂ ਲਈ ਪ੍ਰਫੁੱਲਤ ਹੁੰਦੀ ਰਹੇਗੀ । ਕਿਸੇ ਦੀਆਂ ਵੀ ਇਸ ਦੋਸਤੀ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਅਸਫ਼ਲ ਹੋਣਗੀਆਂ । ਸਾਨੂੰ ਪੂਰਾ ਯਕੀਨ ਹੈ ਕਿ ਹੁਣ ਅਜੇਹੀਆਂ ਹਾਲਤਾਂ ਅਤੇ ਸੰਭਾਵਨਾਵਾਂ ਪੈਦਾ ਕਰ ਲਈਆਂ ਗਈਆਂ ਹਨ ਕਿ ਸਾਂਝੀਆਂ ਕੋਸ਼ਿਸ਼ਾਂ ਰਾਹੀਂ ਹਰ ਅੜਚਣ ਰਾਹ 'ਚੋਂ ਹਟਾਈ ਜਾ ਸਕਦੀ ਹੈ ਅਤੇ ਸਾਡੇ ਦੋ ਦੋਸਤ, ਦੇਸ਼ਾਂ ਵਿਚਕਾਰ ਲਾਹੇਵੰਦ ਰਿਸ਼ਤਿਆਂ ਦੇ ਵਿਕਾਸ ਲਈ ਵਿਸ਼ਾਲ ਰਾਹ ਖੋਲ੍ਹੇ ਜਾ ਸਕਦੇ ਹਨ ।

ਅਸੀਂ, ਇਟਲੀ ਨਾਲ ਕੰਮ ਕਰਨ ਲਈ ਤਿਆਰ ਹਾਂ ਤਾਂ ਜੁ ਸਾਡੇ ਦੋ ਗੁਆਂਢੀ ਦੇਸ਼ਾਂ ਵਿਚਕਾਰ ਰਿਸ਼ਤਿਆਂ ਨੂੰ ਸਾਡੇ ਦੋਹਾਂ ਦੇਸ਼ਾਂ ਦੇ ਲੋਕਾਂ ਦੀਆਂ ਉਮੰਗਾਂ ਅਨੁਕੂਲ ਹੋਰ ਵਿਕਸਤ ਕੀਤਾ ਜਾ ਸਕੇ । ਅਲਬਾਨੀਆਂ ਅਤੇ ਇਟਲੀ ਵਿਚਕਾਰ ਕਈ ਖੇਤਰਾਂ, ਜਿਵੇਂ ਕਿ ਵਿਉਪਾਰ, ਟਰਾਂਸਪੋਰਟ, ਅਤੇ ਸੱਭਿਆਚਾਰਕ ਖੇਤਰਾਂ ਵਿਚ ਪਹਿਲਾਂ ਹੀ ਕਈ ਸਾਰੇ ਰਿਸ਼ਤੇ ਹਨ । ਸਾਡੇ ਲੋਕਾਂ ਨੇ ਹਮੇਸ਼ਾਂ ਹੀ ਇਕ-ਦੂਸਰੇ ਨਾਲ ਅਮਨ ਅਤੇ ਦੋਸਤੀ ਨਾਲ ਰਹਿਣਾ ਚਾਹਿਆ ਹੈ । ਬੇਸ਼ੱਕ ਇਤਿਹਾਸ ਵਿਚ ਕਈ ਵਾਰ ਇਹਨਾਂ ਨੂੰ ਦੂਰ ਕੀਤਾ ਅਤੇ ਇਕ ਦੂਸਰੇ ਨਾਲ ਲੜਾਇਆ ਗਿਆ ਹੈ, ਫਿਰ ਵੀ ਇਹਨਾਂ ਨੇ ਇਕ ਦੂਸਰੇ ਦੇ ਕਰੀਬ ਆਉਣ, ਸਹਿਯੋਗ ਪੈਦਾ ਕਰਨ ਅਤੇ ਪਰਸਪਰ ਭਰੋਸੇ ਅਤੇ ਸਮਝ ਦੇ ਮਹੌਲ ਨੂੰ ਮਜ਼ਬੂਤ ਕਰਨ ਦੇ ਯਤਨ ਕਰਨੇ ਨਹੀਂ ਛੱਡੇ ।

ਅਲਬਾਨੀਅਨ-ਇਟਾਲੀਅਨ ਸਬੰਧਾਂ ਦੇ ਹੋਰ ਵਿਕਾਸ ਲਈ ਸੰਭਾਵਨਾਵਾਂ ਮੌਜੂਦ ਹਨ । ਸਾਡੀ ਇੱਛਾ ਹੈ ਕਿ ਇਹ ਸਬੰਧ ਚੰਗੀ ਤਰ੍ਹਾਂ ਵਿਕਸਤ ਹੁੰਦੇ ਰਹਿਣ, ਲੇਕਿਨ ਇਹ ਜ਼ਿਆਦਾ ਇਟਾਲੀਅਨ ਧਿਰ ਤੇ ਨਿਰਭਰ ਕਰਦਾ ਹੈ ਕਿ ਉਹ ਇਕ ਨਵੀਂ ਭਾਵਨਾ ਸਹਿਤ, ਦੋਸਤੀ ਅਤੇ ਮੁਕੰਮਲ ਬਰਾਬਰਤਾ ਦੇ ਮਹੌਲ ਵਿਚ ਅਲਬਾਨੀਆਂ ਨਾਲ ਸਹਿਯੋਗ ਕਰਨ 'ਚ ਦਿਲਚਸਪੀ ਲਵੇ ।

ਤੁਰਕਿਸ਼ ਰੀਪਬਲਿਕ ਨਾਲ ਸਾਡੇ ਦੇਸ਼ ਦੇ ਸਬੰਧ ਦੋਸਤੀ ਅਤੇ ਸਹਿਯੋਗ ਦੀ ਭਾਵਨਾ ਵਿਚ ਵਿਕਸਤ ਹੋਏ ਹਨ ਅਤੇ ਵਿਕਸਤ ਹੋ ਰਹੇ ਹਨ । ਸਾਡੇ ਦੋ ਲੋਕਾਂ ਅਤੇ ਦੇਸ਼ਾਂ ਵਿਚਕਾਰ ਵਧ ਰਹੀ ਸਦਭਾਵਨਾ ਅਤੇ ਇੱਜ਼ਤ, ਭਵਿੱਖ ਵਿਚ ਇਹਨਾਂ ਰਿਸ਼ਤਿਆਂ ਦੇ ਪਸਾਰੇ ਅਤੇ ਮਜ਼ਬੂਤੀ ਲਈ ਇਕ ਵਧੀਆ ਅਧਾਰ ਤਿਆਰ ਕਰਦੀ ਹੈ ।

ਆਪਣੇ ਇਤਿਹਾਸ ਦੌਰਾਨ, ਅਲਬਾਨੀਅਨ ਲੋਕਾਂ ਅਤੇ ਤੁਰਕਿਸ਼ ਲੋਕਾਂ ਵਿਚਕਾਰ ਸਾਂਝਾਂ ਅਤੇ ਦੋਸਤਾਨਾ ਸਬੰਧ ਰਹੇ ਹਨ । ਤੁਰਕਿਸ਼ ਲੋਕ, ਜਿਹਨਾਂ ਦਾ ਇਕ ਪੁਰਾਤਨ ਇਤਿਹਾਸ ਅਤੇ ਸੱਭਿਆਚਾਰ ਹੈ ਉਹਨਾਂ ਨੇ ਹੀ ਹਮੇਸ਼ਾਂ ਅਲਬਾਨੀਆਂ ਦੇ ਦਲੇਰ ਲੋਕਾਂ ਦੀ, ਅਲਬਾਨੀਅਨ ਜਨਮ ਪਿਛੋਕੜ ਵਾਲੇ ਵਿਦਵਾਨਾਂ, ਫਿਲਾਸਫਰਾਂ, ਸਿਆਸਤਦਾਨਾਂ, ਸ਼ਿਲਪਕਾਰਾਂ, ਲੇਖਕਾਂ ਅਤੇ ਕਵੀਆਂ ਦੀ ਇੱਜ਼ਤ ਕੀਤੀ ਹੈ, ਜਿਹਨਾਂ ਨੇ ਤੁਰਕਿਸ਼ ਲੋਕਾਂ ਦੇ ਉੱਨਤੀ ਲਈ ਯਤਨਾਂ ਵਿਚ ਆਪਣਾ ਯੋਗਦਾਨ ਪਾਇਆ ।

ਅਲਬਾਨੀਅਨ ਲੋਕ ਮੁਸਤਫਾ ਕਮਾਲ ਅਤਾਤੁਰਕ ਦੀ, ਉਸ ਸਿਰਕੱਢ ਵਿਅਕਤੀ ਅਤੇ ਸਿਆਸਤਦਾਨ ਦੀ ਬੇਹੱਦ ਇੱਜ਼ਤ ਕਰਦੇ ਹਨ, ਜਿਸਨੇ ਮਹਾਨ ਸਿਦਕ ਨਾਲ ਅਤੇ ਜਮਹੂਰੀ ਅਗਾਂਹਵਧੂ ਵਿਚਾਰਾਂ ਤੋਂ ਉਤਸ਼ਾਹ ਲੈਕੇ ਤੁਰਕੀ ਅਤੇ ਇਸਦੇ ਦਲੇਰ ਲੋਕਾਂ ਨੂੰ ਸੁਲਤਾਨਾਂ ਦੀ ਸਹਿਨਸ਼ਾਹੀ ਦੀ ਵਿਦੇਸ਼ੀ ਗੁਲਾਮੀ ਤੋਂ ਆਜ਼ਾਦ ਕਰਵਾਇਆ ਸੀ, ਤੁਰਕਿਸ਼ ਕੌਮ ਦੀ ਏਕਤਾ ਅਤੇ ਅਸਲੀ ਆਜ਼ਾਦੀ ਨੂੰ ਮਜ਼ਬੂਤ ਕੀਤਾ ਸੀ ਅਤੇ ਤੁਰਕੀ ਨੂੰ ਜਮਹੂਰੀਅਤ ਅਤੇ ਉੱਨਤੀ ਦੇ ਰਾਹ ਤੇ ਪਾਇਆ ਸੀ ।

ਅਲਬਾਨੀਅਨ ਲੋਕ, ਮੁਸਤਫ਼ਾ ਕਮਾਲ ਅਤਾਤੁਰਕ ਦੇ ਅਲਬਾਨੀਆਂ ਪ੍ਰਤੀ ਸਦ-ਭਾਵਨਾ ਜ਼ਜਬਿਆਂ ਤੋਂ ਚੰਗੀ ਤਰ੍ਹਾਂ ਜਾਣੂੰ ਹਨ ਜਿਸ ਨੇ ਅਲਬਾਨੀਅਨ ਲੋਕਾਂ ਦੇ ਧੱਕੜ ਰਾਜੇ ਜ਼ੋਗ ਦੀ ਵਿਰੋਧਤਾ ਕੀਤੀ ਸੀ ।

ਅਲਬਾਨੀਅਨ ਲੋਕਾਂ ਪ੍ਰਤੀ ਤੁਰਕਿਸ਼ ਲੋਕਾਂ ਦੀ ਅਸਲੀ ਦੋਸਤੀ ਅਤੇ ਅਤਾਤੁਰਕ ਦੀ ਸ਼ਾਨਦਾਰ ਭਾਵਨਾ ਇਕ ਤਾਜ਼ਾ ਘਟਨਾ ਵਿਚ ਸਪੱਸ਼ਟ ਦਿਸਦੀ ਹੈ ਜਦ ਤੁਰਕਸ਼ ਲੋਕਾਂ ਨੇ ਯੁਗੋਸਲਾਵੀਆ ਵਿਚ ਕਾਸੋਵਾ ਵਿਚੋਂ ਬੇਘਰ ਕੀਤੇ ਗਏ ਸਾਡੇ ਲੱਖਾ ਹੀ ਅਲਬਾਨੀਅਨ ਭਰਾਵਾਂ ਨੂੰ ਪਨਾਹ ਦਿੱਤੀ । ਇਸ ਲਈ ਅਤੇ ਅਲਬਾਨੀਅਨ ਲੋਕਾਂ ਪ੍ਰਤੀ ਸੱਚੀ ਦੋਸਤੀ ਲਈ ਅਸੀਂ ਭਰਾਤਰੀ ਤੁਰਕਿਸ਼ ਲੋਕਾਂ ਸ਼ੁਕਰਗੁਜ਼ਾਰ ਹਾਂ ।

ਫਰਾਂਸੀਸੀ ਰੀਪਬਲਿਕ ਨਾਲ ਸਾਡੇ ਦੋਸਤਾਨਾ ਸਬੰਧਾਂ ਵਿਚ ਸਾਰਥਿਕ ਕਦਮ ਪੁੱਟੇ ਗਏ ਹਨ । ਅਸੀ, ਫਰਾਂਸ ਵਿਚ ਅਲਬਾਨੀਆਂ ਦੇ ਲਗਾਤਾਰ ਵਧ ਰਹੇ ਸ਼ੁੱਭ-ਚਿੰਤਕਾਂ ਦੀਆਂ ਸਾਡੇ ਦੋਹਾਂ ਲੋਕਾਂ ਵਿਚਕਾਰ ਦੋਸਤੀ ਨੂੰ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕਰਦੇ ਹਾਂ । ਅਲਬਾਨੀਅਨ ਲੋਕ ਆਪਣੀ ਤਰਫੋਂ, ਫਰਾਂਸੀਸੀ ਲੋਕਾਂ ਪ੍ਰਤੀ ਦੋਸਤੀ ਦੀਆਂ ਭਾਵਨਾਵਾਂ ਰੱਖਦੇ ਹਨ ਅਤੇ ਸੁਘੜ ਫਰਾਂਸੀਸੀ ਲੋਕਾਂ ਦੀਆਂ ਇਨਕਲਾਬੀ ਰਵਾਇਤਾਂ ਅਤੇ ਉੱਨਤੀ ਦੀ ਇੱਜ਼ਤ ਕਰਦੇ ਹਨ ।

ਬੀਤੇ ਦੀ ਤਰ੍ਹਾਂ ਹੀ, ਅਸੀਂ ਹੁਣ ਵੀ ਸੱਚੇ ਦਿਲੋਂ ਇਹ ਕਾਮਨਾ ਕਰਦੇ ਹਾਂ ਕਿ ਆਸਟ੍ਰੇਲੀਆ, ਸਵੀਡਨ, ਫਿਨਲੈਂਡ, ਨਾਰਵੇ, ਡੈਨਮਾਰਕ, ਸਵਿਟਜ਼ਰਲੈਂਡ, ਬੈਲਜੀਅਮ, ਹਾਲੈਂਡ ਅਤੇ ਪੁਰਤਗਾਲ ਨਾਲ ਸਾਡੇ ਦੇਸ਼ ਦੇ ਸਬੰਧ ਹੋਰ ਵਿਕਸਤ ਹੋਣੇ ਚਾਹੀਦੇ ਹਨ ਅਤੇ ਇਹਨਾਂ ਸਬੰਧਾਂ ਨੇ ਤਾਜ਼ਾ ਸਾਲਾਂ ਵਿਚ ਜੋ ਸਾਰਥਿਕ ਅਤੇ ਦੋਸਤਾਨਾ ਦਿਸ਼ਾਵਾਂ ਅਖਤਿਆਰ ਕੀਤੀਆਂ ਹਨ ਉਹਨਾਂ ਦਿਸ਼ਾਵਾਂ ਵਿਚ ਹੋਰ ਵਧਾਏ ਜਾਣੇ ਚਾਹੀਦੇ ਹਨ ।

ਦੂਸਰੀ ਵਿਸ਼ਵ ਜੰਗ ਤੋਂ ਬਾਅਦ ਦੀਆਂ ਬਰਤਾਨਵੀ ਸਰਕਾਰਾਂ ਨੇ ਨਵੇਂ ਅਲਬਾਨੀਆਂ ਪ੍ਰਤੀ ਇਕ ਦੁਸ਼ਮਣੀ-ਭਰਿਆ ਅਤੇ ਗੈਰ-ਜਮਹੂਰੀ ਰਵੱਈਆ ਰੱਖਿਆ ਹੈ । ਇਸ ਤੋਂ ਇਲਾਵਾ, ਉਹਨਾਂ ਨੇ ਉਹ ਸਾਰਾ ਅਲਬਾਨੀਅਨ ਸੋਨਾ ਵੀ ਆਪਣੇ ਕਬਜ਼ੇ ਵਿਚ ਕੀਤਾ ਹੋਇਆ ਹੈ ਜੋ ਹਿਟਲਰੀਆਂ ਨੇ ਲੁੱਟ ਲਿਆ ਸੀ, ਅਤੇ ਅੱਜ ਤਕ ਇਸ ਸੋਨੇ ਨੂੰ ਆਪਣੇ ਹਿੱਤਾਂ ਲਈ ਵਰਤ ਰਹੀਆਂ ਹਨ ਅਤੇ ਇਸ ਦੇ ਅਸਲੀ ਮਾਲਕ, ਸਮਾਜਵਾਦੀ ਅਲਬਾਨੀਆਂ ਨੂੰ ਇਹ ਸੋਨਾ ਵਾਪਸ ਕਰਨ ਤੋਂ ਇਨਕਾਰ ਕਰ ਰਹੀਆਂ ਹਨ ।

ਇਹਨਾਂ ਹਾਲਤਾਂ ਵਿਚ, ਕੀ ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ਼ ਅਲਬਾਨੀਆਂ ਅਤੇ ਬਰਤਾਨੀਆਂ ਵਿਚਕਾਰ ਡਿਪਲੋਮੈਟਿਕ ਸਬੰਧਾਂ ਦੀ ਕੋਈ ਗੱਲ ਹੋ ਸਕਦੀ ਹੈ ? ਬਰਤਾਨੀਅਨ ਸਰਕਾਰ ਨੂੰ ਇਹ ਸੋਨਾ, ਇਸ ਦੀ ਮਨਮਾਨੀ ਕੀਤੀ ਵਰਤੋਂ ਨਾਲ ਹੋਏ ਲਾਭ ਸਮੇਤ, ਤੁਰੰਤ ਅਲਬਾਨੀਆਂ ਦੇ ਹਵਾਲੇ ਕਰਨਾ ਚਾਹੀਦਾ ਹੈ । ਇਸ ਚੀਜ਼ ਬਾਰੇ ਕਿਸੇ ਨੂੰ ਵੀ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਸਮਾਜਵਾਦੀ ਅਲਬਾਨੀਆਂ ਆਪਣੇ ਹਿਤਾਂ ਦੀ ਰਖਵਾਲੀ ਕਰੇਗਾ ਅਤੇ ਇਸ ਨਾਲ ਹੋਏ ਅਤੇ ਹੋ ਰਹੇ ਸਭ ਅਨਿਆਵਾਂ ਵਿਰੁੱਧ ਭਟਕੇ ਲੜੇਗਾ ।

ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ਼ ਅਲਬਾਨੀਆਂ ਅਤੇ ਫੈਡਰਲ ਰੀਪਬਲਿਕ ਆਫ਼ ਜਰਮਨੀ ਵਿਚਕਾਰ ਡਿਪਲੋਮੈਟਿਕ ਸਬੰਧਾਂ ਦੀ ਸਥਾਪਨਾ ਦੇ ਰਾਹ ਵਿਚ ਕੋਈ ਵੀ ਅਜੇਹੀਆਂ ਮੁਸ਼ਕਲਾਂ ਨਹੀਂ ਜੋ ਸਰ ਨਾ ਕੀਤੀਆਂ ਜਾ ਸਕਦੀਆਂ ਹੋਣ । ਸਾਨੂੰ ਵਿਸ਼ਵਾਸ ਹੈ, ਕਿ ਦੂਸਰੀ ਵਿਸ਼ਵ ਜੰਗ ਦੇ ਸਮੇਂ ਤੋਂ ਚਲੇ ਆ ਰਹੇ ਕੁੱਝ ਮਸਲਿਆਂ ਉੱਤੇ ਦੋਨਾਂ ਧਿਰਾਂ ਵਿਚਕਾਰ ਸਮਝ ਪੈਦਾ ਹੋਣ ਨਾਲ ਇਹ ਹਾਲਤ ਠੀਕ ਕੀਤੀ ਜਾ ਸਕਦੀ ਹੈ ।

ਸਾਡੀ ਪਾਰਟੀ ਅਤੇ ਸਟੇਟ ਦੇ ਪੂਰਬੀ ਯੂਰਪ ਦੇ ਦੇਸ਼ਾਂ ਨਾਲ ਡੂੰਘੇ ਅਸੂਲੀ ਵਿਚਾਰਧਾਰਕ ਅਤੇ ਸਿਆਸੀ ਮੱਤ-ਭੇਦਾਂ ਬਾਰੇ ਹਰ ਕੋਈ ਚੰਗੀ ਤਰ੍ਹਾਂ ਜਾਣਦਾ ਹੈ । ਜਦ ਕਿ ਅਸੀਂ ਨਵ-ਸੋਧਵਾਦ ਵਿਰੁੱਧ ਆਪਣਾ ਸੰਘਰਸ਼ ਕਦੇ ਵੀ ਬੰਦ ਨਹੀਂ ਕਰਾਂਗੇ, ਫਿਰ ਵੀ ਅਸੀਂ ਰੁਮਾਨੀਆਂ, ਚੈਕੋਸਲਵਾਕੀਆ, ਪੋਲੈਂਡ, ਜਰਮਨ ਡੈਮੋਕਰੈਟਿਕ ਰੀਪਬਲਿਕ, ਬੁਲਗਾਰੀਆ ਅਤੇ ਹੰਗਰੀ ਨਾਲ ਬਰਾਬਰਤਾ ਦੇ ਆਧਾਰ

ਤੇ ਡਿਪਲੋਮੈਟਿਕ ਸਬੰਧਾਂ ਅਤੇ ਵਿਉਪਾਰਕ ਲੈਣ-ਦੇਣ ਕਰਨ ਦੇ ਹੱਕ ਵਿਚ ਹਾਂ।

ਅਲਬਾਨੀਅਨ ਲੋਕਾਂ ਅਤੇ ਅਰਬ ਲੋਕਾਂ ਵਿਚਕਾਰ ਇਕ ਸੱਚੀ ਅਤੇ ਪੁਰਾਤਨ ਦੋਸਤੀ ਹੈ। ਅਸੀਂ, ਇਜ਼ਰਾਇਲੀ ਜ਼ਾਇਨਵਾਦੀਆਂ ਵਲੋਂ ਆਪਣੇ ਕਬਜੇ 'ਚ ਲਏ ਗਏ ਅਰਬ ਇਲਾਕਿਆਂ ਨੂੰ ਮੁਕਤ ਕਰਵਾਉਣ ਲਈ ਅਰਬ ਲੋਕਾਂ ਦੇ ਸੰਘਰਸ਼ ਅਤੇ ਆਪਣੇ ਜਾਇਜ਼ ਹੱਕਾਂ ਦੀ ਮੁੜ-ਸਥਾਪਨ ਲਈ ਫਲਸਤੀਨੀ ਲੋਕਾਂ ਦੇ ਸੰਘਰਸ਼ ਦੀ ਹਮਾਇਤ ਕਰਦੇ ਰਹੇ ਹਾਂ ਅਤੇ ਪੂਰੇ ਬਲ ਨਾਲ ਅੰਤ ਤਕ ਹਮਾਇਤ ਕਰਦੇ ਰਹਾਂਗੇ। ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ਼ ਅਲਬਾਨੀਆਂ ਅਤੇ ਅਲਬਾਨੀਅਨ ਲੋਕ ਹਮੇਸ਼ਾਂ ਹੀ, ਦਲੇਰ ਫਲਸਤੀਨੀ ਲੋਕਾਂ ਅਤੇ ਉਨ੍ਹਾਂ ਦੀ ਅਸਲੀ ਪ੍ਰਤੀਨਿਧ ਫ਼ਲਸਤੀਨ ਮੁਕਤੀ ਜਥੇਬੰਦੀ (P. L. O) ਦੇ ਸੱਚੇ ਮਿੱਤਰ ਅਤੇ ਉਨ੍ਹਾਂ ਦੇ ਕੌਮੀ ਹੱਕਾਂ ਦੇ ਦ੍ਰਿੜ੍ਹ ਹਮਾਇਤੀ ਰਹੇ ਹਨ ਅਤੇ ਭਵਿੱਖ ਵਿਚ ਵੀ ਇਵੇਂ ਹੀ ਰਹਿਣਗੇ।

ਅਸੀਂ, ਅਲਜੀਰੀਆ, ਸੀਰੀਆ, ਇਰਾਕ, ਲਿਬੀਆ, ਲਿਬਨਾਨ, ਤੁਨੀਸ਼ੀਆ, ਮਿਸਰ ਅਤੇ ਹੋਰ ਅਰਬ ਦੇਸ਼ਾਂ ਨਾਲ ਸਾਡੇ ਦੇਸ਼ ਦੇ ਸਬੰਧਾਂ ਦੇ ਦੋਸਤਾਨਾ ਵਿਕਾਸ ਤੋਂ ਬਹੁਤ ਹੀ ਖੁਸ਼ ਹਾਂ। ਸਾਡੀ ਇੱਛਾ ਹੈ ਕਿ ਇਹ ਰਿਸ਼ਤੇ ਹੋਰ ਵਿਕਸਤ ਅਤੇ ਮਜ਼ਬੂਤ ਕੀਤੇ ਜਾਣੇ ਚਾਹੀਦੇ ਹਨ। ਏਸੇ ਤਰ੍ਹਾਂ ਹੀ ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ਼ ਅਲਬਾਨੀਆ ਇਸਲਾਮਿਕ ਰੀਪਬਲਿਕ ਆਫ਼ ਇਰਾਨ ਨਾਲ ਦੋਸਤਾਨਾ ਸਬੰਧ ਚਾਹੁੰਦਾ ਹੈ ਅਤੇ ਅਸੀਂ ਇਨ੍ਹਾਂ ਸਬੰਧਾਂ ਦੇ ਵਿਕਾਸ ਅਤੇ ਮਜ਼ਬੂਤੀ ਲਈ ਆਪਣੀ ਪੂਰੀ ਵਾਹ ਲਾਵਾਂਗੇ।

ਅਲਬਾਨੀਅਨ ਲੋਕਾਂ ਅਤੇ ਉਨ੍ਹਾਂ ਦੀ ਸਰਕਾਰ ਨੇ ਅਫਰੀਕਨ ਲੋਕਾਂ ਦੇ ਅਫਰੀਕੀ ਮਹਾਂਦੀਪ 'ਚੋਂ ਬਸਤੀਵਾਦ ਅਤੇ ਨਸਲਵਾਦ ਦੀ ਜੜ੍ਹ ਵੱਢਣ ਦੇ ਦੇ ਸੰਘਰਸ਼ ਦਾ ਸੁਆਗਤ ਕੀਤਾ ਹੈ ਅਤੇ ਹਮਾਇਤ ਕੀਤੀ ਹੈ ਅਤੇ ਅਫਰੀਕਨ ਦੇਸ਼ਾਂ ਦੇ ਆਜ਼ਾਦੀ ਪਸੰਦ ਲੋਕਾਂ ਦੇ, ਸਾਮਰਾਜਵਾਦ ਦੀ ਨਵ-ਬਸਤੀਵਾਦੀ ਅਤੇ ਖੂੰਖਾਰ ਨੀਤੀ ਅਤੇ ਕਾਰਵਾਈ ਦਾ ਮੂੰਹ-ਤੋੜਨ ਦੇ ਯਤਨਾਂ ਦੀ ਹਮਾਇਤ ਕੀਤੀ ਹੈ। ਤਨਜ਼ਾਨੀਆਂ, ਗਿਨੀ, ਮਾਲੀ, ਜਾਮਬੀਆ, ਜਿਮਬਾਬਵੇ ਅਤੇ ਅਫ਼ਰੀਕਾ ਦੇ ਹੋਰ ਕਈ ਮੁਲਕਾਂ ਨਾਲ ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ਼ ਅਲਬਾਨੀਆਂ ਦੇ ਦੋਸਤਾਨਾ ਸਬੰਧ ਹਨ ਅਤੇ ਅਸੀਂ ਇਹਨਾਂ ਸਬੰਧਾਂ ਨੂੰ ਹੋਰ ਵਿਕਸਤ ਕਰਨਾ ਚਾਹੁੰਦੇ ਹਾਂ।

ਸਾਡੇ ਦੇਸ਼ ਦੇ, ਏਸ਼ੀਆ ਦੇ ਕਈ ਦੇਸ਼ਾਂ ਨਾਲ ਵੀ ਸੋਹਣੇ ਤੁਅੱਲਕਾਤ ਹਨ। ਸੋਸ਼ਲਿਸਟ ਰੀਪਬਲਿਕ ਆਫ ਵੀਤਨਾਮ ਨਾਲ, ਲਾਓਸ ਨਾਲ ਅਤੇ ਡੈਮੋਕਰੈਟਿਕ ਪੀਪਲਜ਼ ਰੀਪਬਲਿਕ ਆਫ਼ ਕੋਰੀਆ ਨਾਲ, ਸਾਡੇ ਸਬੰਧ ਇਕ ਦੋਸਤਾਨਾ ਤਰੀਕੇ ਨਾਲ ਵਿਕਸਤ ਹੋ ਰਹੇ ਹਨ ਅਤੇ ਸਾਡੀ ਇਹ ਇੱਛਾ ਹੈ ਕਿ ਇਹ ਸਬੰਧ ਭਵਿੱਖ ਵਿਚ ਹੋਰ ਮਜ਼ਬੂਤ ਕੀਤੇ ਜਾਣ।

ਜਿਥੋਂ ਤਕ ਕੰਬੋਡੀਆ ਦਾ ਵਾਸਤਾ ਹੈ, ਸਾਡੀ ਪਾਰਟੀ ਅਤੇ ਸਟੇਟ ਨੇ ਪੋਲ ਪੋਟ ਜੁੰਡੀ ਦੀਆਂ, ਚੀਨੀ ਸਮਾਜਿਕ-ਸਾਮਰਾਜੀਆਂ ਦੀ ਇਸ ਵਫ਼ਾਦਾਰ ਕਠਪੁਤਲੀ ਦੀਆਂ ਖੂੰਖਾਰ ਕਰਤੂਤਾਂ ਦੀ ਡਟ ਕੇ ਨਿਖੇਧੀ ਕੀਤੀ ਹੈ। ਅਸੀਂ ਆਸ ਕਰਦੇ ਹਾਂ ਕਿ ਕੰਬੋਡੀਅਨ ਲੋਕ, ਉਨ੍ਹਾਂ ਨੂੰ ਦਰਪੇਸ਼ ਕਠਨਾਈਆਂ ਨੂੰ ਜਲਦੀ ਹੀ ਸਰ ਕਰ ਲੈਣਗੇ ਅਤੇ ਪੂਰੀ ਆਜ਼ਾਦੀ ਨਾਲ ਅਤੇ ਕਿਸੇ ਵੀ "ਸਰਪ੍ਰਸਤ" ਤੋਂ ਬਗ਼ੈਰ ਖੁਦ ਆਪਣੇ ਭਵਿੱਖ ਅਤੇ ਆਪਣੀ ਤਕਦੀਰ ਦਾ ਫੈਸਲਾ ਕਰ ਲੈਣਗੇ।

ਹੁਣ ਸਾਰੀ ਦੁਨੀਆਂ ਜਾਣਦੀ ਹੈ ਕਿ, ਰਸਮੀ ਡਿਪਲੋਮੈਟਿਕ ਸਬੰਧਾਂ ਤੋਂ ਸਿਵਾ, ਸਾਡੇ ਦੇਸ਼ ਅਤੇ ਚੀਨ ਵਿਚਕਾਰ ਹੋਰ ਕੋਈ ਵੀ ਠੋਸ ਸਬੰਧ ਨਹੀਂ ਹਨ। ਇਹ ਹਾਲਤ ਸਾਡੀ ਗ਼ਲਤੀ ਕਰਕੇ ਨਹੀਂ ਪੈਦਾ ਹੋਈ। ਇਹ ਚੀਨੀ ਲੀਡਰਾਂ ਦੀਆਂ ਦੁਸ਼ਮਣੀ-ਭਰੀਆਂ, ਅਲਬਾਨੀਆਂ ਵਿਰੋਧੀ ਨੀਤੀ ਅਤੇ ਕਰਤੂਤਾਂ ਦਾ ਹੀ ਸਿੱਟਾ ਹੈ।

ਜਾਪਾਨ ਨਾਲ ਡਿਪਲੋਮੈਟਿਕ ਸਬੰਧਾਂ ਦੀ ਸਥਾਪਨਾ, ਸਾਡੇ ਦੋ ਦੇਸ਼ ਵਿਚਕਾਰ ਵਿਓਪਾਰ ਦੇ ਵਿਕਾਸ ਲਈ ਵੀ ਰਾਹ ਖੋਲ੍ਹਦੀ ਹੈ।

ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ਼ ਅਲਬਾਨੀਆਂ ਦੇ, ਮੈਕਸੀਕੋ, ਅਰਜਨਟਾਇਨਾ, ਪਨਾਮਾ ਅਤੇ ਲਾਤੀਨੀ ਅਮਰੀਕਾ ਦੇ ਹੋਰ ਦੇਸ਼ਾਂ ਨਾਲ ਆਮ-ਵਰਗੇ ਸਬੰਧ ਹਨ। ਅਸੀਂ, ਇਸ ਮਹਾਂਦੀਪ ਦੇ ਹੋਰ ਦੇਸ਼ਾਂ ਨਾਲ ਵੀ ਅਜੇਹੇ ਸਬੰਧ ਕਾਇਮ ਕਰਨੇ ਚਾਹੁੰਦੇ ਹਾਂ ਅਤੇ ਦੋਸਤਾਨਾ ਰਵੱਈਏ ਅਤੇ ਵਿਉਪਾਰਕ ਅਤੇ ਸੱਭਿਆਚਾਰਕ ਵਟਾਂਦਰਿਆਂ ਦੇ ਹੱਕ ਵਿਚ ਹਾਂ।

ਅਮਰੀਕਾ ਅਤੇ ਸੋਵੀਅਤ ਯੂਨੀਅਨ ਦੁਨੀਆਂ-ਭਰ ਦੇ ਲੋਕਾਂ ਦੀ ਆਜ਼ਾਦੀ ਅਤੇ ਖੁਦਮੁਖਤਾਰੀ ਦੇ ਅਤੇ ਦੁਨੀਆਂ ਵਿਚ ਅਮਨ ਅਤੇ ਸੁਰੱਖਿਆ ਦੇ ਦੋ ਸਭ ਤੋਂ ਵੱਡੇ ਖੂੰਖਾਰ ਦੁਸ਼ਮਣ ਹਨ ਅਤੇ ਇਨ੍ਹਾਂ ਨਾਲ ਸਾਡੇ ਦੇਸ਼ ਦੇ ਕੋਈ ਵੀ ਸਬੰਧ ਨਹੀਂ ਹਨ ਅਤੇ ਨਾ ਹੀ ਹੋਣਗੇ। ਬੀਤੇ ਦੀ ਤਰ੍ਹਾਂ ਹੀ, ਅਸੀਂ ਹਮੇਸ਼ਾਂ ਹੀ ਇਨ੍ਹਾਂ ਦੀਆਂ ਧਾੜਵੀ ਅਤੇ ਚੌਧਰਵਾਦੀ ਨੀਤੀਆਂ ਅਤੇ ਕਰਤੂਤਾਂ ਨੂੰ ਬੇਨਿਕਾਬ ਕਰਨ ਲਈ ਆਪਣਾ ਦ੍ਰਿੜ੍ਹ ਸੰਘਰਸ਼ ਜਾਰੀ ਰੱਖਾਂਗੇ।

ਭਵਿੱਖ ਵਿਚ ਵੀ, ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ਼ ਅਲਬਾਨੀਆ, ਸਹੀ ਦਿਸ਼ਾ ਵਿਚ ਕੌਮਾਂਤਰੀ ਰਿਸ਼ਤਿਆਂ ਦੇ ਵਿਕਾਸ ਲਈ ਕੰਮ ਕਰਦਾ ਰਹੇਗਾ। ਇਸ ਜਜ਼ਬਾਤ ਨਾਲ, ਇਹ ਸੰਯੁਕਤ ਰਾਸ਼ਟਰ ਸੰਘ ਅਤੇ ਹੋਰ ਅੰਤਰਰਾਸ਼ਟਰੀ ਜਥੇਬੰਦੀਆਂ ਵਿਚ, ਦੁਨੀਆਂ-ਭਰ ਦੇ ਲੋਕਾਂ ਦੇ ਹਿੱਤਾਂ ਅਤੇ ਉਮੰਗਾਂ ਦੀ ਰਖਵਾਲੀ ਵਿਚ ਡਟ ਕੇ ਹਿੱਸਾ ਪਾਏਗਾ।

ਸਾਡੀ ਪਾਰਟੀ ਅਤੇ ਸਾਡੇ ਦੇਸ਼ ਦੀ ਅਸੂਲੀ ਵਿਦੇਸ਼-ਨੀਤੀ ਅਲਬਾਨੀਅਨ ਲੋਕਾਂ ਦੀਆਂ ਉਮੰਗਾਂ ਅਤੇ ਇਛਾਵਾਂ ਨੂੰ ਜ਼ਾਹਰ ਕਰਦੀ ਹੈ ਇਸ ਨੀਤੀ ਨੂੰ ਉਨ੍ਹਾਂ ਦੀ ਮੁਕੰਮਲ ਅਤੇ ਬੇਹੱਦ ਹਮਾਇਤ ਹਾਸਲ ਹੈ। ਭਵਿੱਖ ਵਿਚ ਵੀ, ਸਾਡੀ ਪਾਰਟੀ ਇਸ ਨੀਤੀ ਨੂੰ ਦ੍ਰਿੜ੍ਹਤਾ ਨਾਲ ਲਾਗੂ ਕਰਨ ਲਈ ਭਰਵੇਂ ਕਰੇਗੀ, ਜਿਹੜੀ ਨੀਤੀ ਸਾਡੇ ਲੋਕਾਂ ਦੀ ਆਜ਼ਾਦੀ ਅਤੇ ਕੌਮੀ ਖੁਦਮੁਖਤਾਰੀ ਨੂੰ ਯਕੀਨੀ ਬਣਾਉਂਦੀ ਹੈ।

### ਅਧਿਆਇ ਪੰਜ

# ਸੋਧਵਾਦ ਵਿਰੁੱਧ ਸੰਘਰਸ਼ ਵਰਤਮਾਨ ਸਮੇਂ ਵਿਚ ਇਨਕਲਾਬੀ ਅਤੇ ਮੁਕਤੀ ਲਹਿਰ

ਆਪਣੀ 7ਵੀਂ ਕਾਂਗਰਸ ਤੋਂ ਹੁਣ ਤਕ ਦੇ ਸਮੇਂ ਵਿਚ ਸਾਡੀ ਪਾਰਟੀ ਨੇ, ਮਾਰਕਸਵਾਦ-ਲੈਨਿਨਵਾਦ ਅਤੇ ਪ੍ਰੋਲੇਤਾਰੀਅਨ ਕੌਮਾਂਤਰੀਵਾਦ ਪ੍ਰਤੀ ਹਮੇਸ਼ਾਂ ਦੀ ਤਰ੍ਹਾਂ ਵਫ਼ਾਦਾਰ ਰਹਿੰਦਿਆਂ, ਨਵ-ਸੋਧਵਾਦ ਵਿਰੁੱਧ ਸੰਘਰਸ਼ ਬੇਰੋਕ ਚਾਲੂ ਰੱਖਿਆ ਹੈ। ਖਰੁਸ਼ਚਵੀ, ਚੀਨੀ, ਯੂਗੋਸਲਾਵ ਅਤੇ ਪੱਛਮ-ਯੂਰਪੀਨ ਨਵ-ਸੋਧਵਾਦ ਵਿਰੁੱਧ ਵਿਚਾਰਧਾਰਕ ਅਤੇ ਸਿਆਸੀ ਨੁਕਤਾਚੀਨੀ ਨੂੰ ਹੋਰ ਗਹਿਰਾ ਅਤੇ ਵਿਸਤ੍ਰਿਤ ਕੀਤਾ ਗਿਆ ਹੈ। ਇਨ੍ਹਾਂ ਰੁਝਾਨਾਂ ਦੇ ਜਨਮ ਅਤੇ ਫੈਲਾਰੇ ਦੀਆਂ ਇਤਿਹਾਸਕ ਅਤੇ ਸਮਾਜੀ-ਆਰਥਿਕ ਹਾਲਤਾਂ ਨੂੰ ਹੋਰ ਵਧੇਰੇ ਸਪੱਸ਼ਟ ਕੀਤਾ ਗਿਆ ਹੈ, ਅਤੇ ਸੋਧਵਾਦ ਦਾ ਰਾਹ ਫੜਨ ਵਾਲੀਆਂ ਕਮਿਉਨਿਸਟ ਪਾਰਟੀਆਂ ਦੀ ਗਿਰਾਵਟ ਦੀ ਵਿਧੀ, ਉਨ੍ਹਾਂ ਦੀਆਂ ਗ਼ਲਤੀਆਂ ਅਤੇ ਯੁੱਧ-ਨੀਤੀ ਅਤੇ ਦਾਅ-ਪੇਚਾਂ ਵਿਚ ਉਨ੍ਹਾਂ ਵਲੋਂ ਦਿੱਤੀਆਂ ਗਈਆਂ ਛੋਟਾਂ ਦਾ ਵਧੇਰੇ ਵਿਸਥਾਰ ਨਾਲ ਵਿਸ਼ਲੇਸ਼ਣ ਕੀਤਾ ਗਿਆ ਹੈ। ਸਾਮਰਾਜਵਾਦ ਵਲੋਂ ਦੂਸਰੀ ਵਿਸ਼ਵ ਜੰਗ ਤੋਂ ਬਾਅਦ ਸਮਾਜਵਾਦ ਨੂੰ ਤਬਾਹ ਕਰਨ ਅਤੇ ਇਨਕਲਾਬ ਅਤੇ ਲੋਕਾਂ ਦੀ ਮੁਕਤੀ ਲਹਿਰ ਨੂੰ ਕੁਚਲਣ ਲਈ ਅਪਣਾਈ ਗਈ ਯੁੱਧਨੀਤੀ ਨਾਲ ਨਵ-ਸੋਧਵਾਦ ਦਾ ਰਿਸ਼ਤਾ ਵਰਤਮਾਨ ਅਤੇ ਬੀਤੇ ਦੀਆਂ ਸੱਚਾਈਆਂ ਦੀ ਰੌਸ਼ਨੀ ਵਿਚ ਸਾਬਿਤ ਕੀਤਾ ਗਿਆ ਹੈ।

ਇਨ੍ਹਾਂ ਵਿਸ਼ਲੇਸ਼ਣਾਂ ਅਤੇ ਨਿਰੋੜਾਂ ਨੇ ਪਾਰਟੀ ਨੂੰ ਹੋਰ ਵਧੇਰੇ ਸਪੱਸ਼ਟਤਾ ਨਾਲ, ਸਾਡੇ ਦੇਸ਼ ਵਿਚ ਸਮਾਜਵਾਦ ਅਤੇ ਪ੍ਰੋਲੇਤਾਰੀਆ ਦੀ ਡਿਕਟੇਟਰਸ਼ਿਪ ਲਈ ਸੋਧਵਾਦ ਤੋਂ ਪੈਦਾ ਹੋਣ ਵਾਲੇ ਖ਼ਤਰਿਆਂ ਨੂੰ ਸਮਝਣ ਵਿਚ ਅਤੇ ਇਨ੍ਹਾਂ ਖ਼ਤਰਿਆਂ ਨੂੰ ਰੋਕਣ ਲਈ ਵਧੇਰੇ ਅਸਰਦਾਰ ਅਤੇ ਢੁੱਕਵੇਂ ਉਪਾਓ ਕਰਨ ਵਿਚ ਮਦਦ

ਕੀਤੀ ਹੈ। ਇਨ੍ਹਾਂ ਨੇ, ਕਮਿਊਨਿਸਟਾਂ ਅਤੇ ਲੋਕਾਂ ਦੀ ਵਿੱਦਿਆ ਵਿਚ, ਉਹਨਾਂ ਦੇ ਸਿਧਾਂਤਕ ਪੱਧਰ ਨੂੰ ਉੱਪਰ ਚੁੱਕਣ ਅਤੇ ਉਨ੍ਹਾਂ ਦੀ ਇਨਕਲਾਬੀ ਚੇਤੰਨਤਾ ਨੂੰ ਮਜ਼ਬੂਤ ਕਰਨ ਵਿਚ ਵੀ ਮਦਦ ਕੀਤੀ ਹੈ। ਸਾਮਰਾਜਵਾਦ ਅਤੇ ਸੋਧਵਾਦ ਦੇ ਦਾਅ-ਪੇਚਾਂ ਅਤੇ ਯੁੱਧ-ਨੀਤੀ ਬਾਰੇ ਵਧੇਰੇ ਗਹਿਰੀ ਜਾਣਕਾਰੀ ਨੇ, ਪ੍ਰੋਲੇਤਾਰੀਆ ਅਤੇ ਲੋਕਾਂ ਦੇ ਕਾਜ਼ ਦੀ ਰਖਵਾਲੀ ਲਈ ਸਾਡੇ ਸੰਘਰਸ਼ ਨੂੰ ਹੋਰ ਵਧੇਰੇ ਅਸਰਦਾਰ ਬਣਾਇਆ ਹੈ।

ਸਾਡੀ ਪਾਰਟੀ ਨੇ ਸ਼ੁਰੂ ਤੋਂ ਹੀ ਸੋਧਵਾਦ ਦੀ ਵਿਰੋਧਤਾ ਕਰਨ ਅਤੇ ਇਸ ਦੇ ਖ਼ਾਤਮੇ ਤਕ ਲੜਾਈ ਕਰਦੇ ਰਹਿਣ ਦਾ ਜੋ ਰਾਹ ਚੁਣਿਆ ਸੀ, ਉਹ ਸਹੀ ਸਾਬਿਤ ਹੋਇਆ ਹੈ, ਅਤੇ ਨਵ-ਸੋਧਵਾਦ ਦੀ ਸਿਆਸੀ ਬਦ-ਇਖ਼ਲਾਕੀ ਅਤੇ ਗਹਿਰਾ ਵਿਚਾਰਧਾਰਕ ਸੰਕਟ, ਸੋਧਵਾਦੀ ਦੇਸ਼ਾਂ ਦਾ ਘੋਰ ਆਰਥਿਕ ਸੰਕਟ, ਆਦਿ, ਸਾਡੇ ਇਸ ਰਾਹ ਦੇ ਸਹੀਪਣ ਨੂੰ ਰੋਜ਼ਾਨਾ ਹੋਰ ਵਧੇਰੇ ਸਾਬਿਤ ਕਰ ਰਹੇ ਹਨ।

ਜਦ ਸਾਡੀ ਪਾਰਟੀ ਨੇ ਖਰੁਸਚਵੀ ਸੋਧਵਾਦ ਵਿਰੁੱਧ ਸੰਘਰਸ਼ ਆਰੰਭਿਆ ਸੀ ਤਾਂ ਉਸ ਵਕਤ ਖਰੁਸਚਵ ਨਾਲ ਸਾਂਝ ਪਾਉਣ ਵਾਲੀਆਂ ਸਭ ਕਮਿਊਨਿਸਟ ਪਾਰਟੀਆਂ, ਦੇਖਣ ਨੂੰ ਕਰੀਬ-ਕਰੀਬ ਇਕ ਗੁੱਟ ਦੇ ਤੌਰ ਤੇ ਇੱਕ-ਮੁੱਠ ਲੱਗਦੀਆਂ ਸਨ, ਜਿਹ-ੜੀਆਂ ਇੱਕੋ ਸੇਧ, ਜਾਣੀ ਕਿ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ 20ਵੀਂ ਕਾਂਗਰਸ ਵਾਲੀ ਸੇਧ, ਉੱਤੇ ਚੱਲਦੀਆਂ ਸਨ। ਲੇਕਿਨ, ਅੱਜ 20 ਸਾਲ ਬਾਅਦ, ਉਹ ਕਈ ਰੁਝਾਨਾਂ ਅਤੇ ਧੜਿਆਂ ਵਿਚ ਵੰਡੀਆਂ ਹੋਈਆਂ ਹਨ, ਆਪਸ-ਵਿਚ ਲੜ ਰਹੀਆਂ ਹਨ ਅਤੇ ਬੁਰਜੂਆ ਕੌਮਪ੍ਰਸਤੀ ਅਤੇ ਸੋਸ਼ਲ-ਡੇਮੋਕਰੇਟਿਕ ਮੌਕਾਪ੍ਰਸਤੀ ਦਾ ਸ਼ਿਕਾਰ ਹੋ ਗਈਆਂ ਹਨ। ਇਹ ਸਾਬਕਾ ਕਮਿਊਨਿਸਟ ਪਾਰਟੀਆਂ, ਜਿੱਥੇ ਸੋਧਵਾਦੀਏ ਸੱਤਾ ਉੱਤੇ ਬੈਠੇ ਹਨ ਉਹਨਾਂ ਦੇਸ਼ਾਂ ਵਿਚ ਤਾਂ ਰਾਜ ਕਰ ਰਹੀ ਨਵੀਂ ਸਰਮਾਏਦਾਰੀ ਦੀਆਂ ਖਰੀਆਂ ਪਾਰਟੀਆਂ ਵਿਚ ਬਦਲ ਗਈਆਂ ਹਨ, ਅਤੇ ਪੁਰਾਣੇ ਪੂੰਜੀਵਾਦੀ ਦੇਸ਼ਾਂ ਵਿਚ ਬੁਰਜੂਆ ਸਟੇਟ ਦੇ ਉਪਕਰਣਾਂ ਦਾ ਅੰਗ ਬਣ ਗਈਆਂ ਹਨ। ਸੋਧਵਾਦ ਦਾ ਸੰਕਟ ਸਿੱਧੇ ਤੌਰ ਤੇ ਪੂੰਜੀਵਾਦ ਦੇ ਅਤੇ ਬੁਰਜੂਆ ਵਿਚਾਰਧਾਰਾ ਦੇ ਆਮ ਸੰਕਟ ਦਾ ਹੀ ਇਜ਼ਹਾਰ ਹੈ।

ਸੋਧਵਾਦੀ ਗ਼ੱਦਾਰੀ ਨੇ ਅਤੇ ਬਹੁਤ ਸਾਰੇ ਸਾਬਕਾ ਸਮਾਜਵਾਦੀ ਦੇਸ਼ਾਂ ਵਿਚ ਪੂੰਜੀਵਾਦ ਦੀ ਮੁੜ-ਸਥਾਪਨਾ ਨੇ, ਸਮਾਜਵਾਦ ਦੇ ਮਸਲਿਆਂ ਬਾਰੇ ਬੇਹੱਦ ਗੰਧਲਾਪਣ ਖਿਲਾਰਿਆ ਹੈ, ਜੋ ਅੱਜ ਦੁਨੀਆਂ ਵਿਚ ਚੱਲ ਰਹੇ ਵਿਚਾਰਧਾਰਕ ਸੰਘਰਸ਼ ਦਾ ਧੁਰਾ ਹੈ। ਸਮੱਸਿਆ ਇਹ ਹੈ ਕਿ ਸੋਧਵਾਦੀਏ; ਆਪਣੇ ਦੇਸ਼ਾਂ ਵਿਚ ਮੁੜ-ਸਥਾਪਿਤ ਕੀਤੇ ਗਏ ਪੂੰਜੀਵਾਦੀ ਸਮਾਜ ਨੂੰ ਖਾਲਿਸ ਸਮਾਜਵਾਦੀ ਸਮਾਜ, ਦੇ ਤੌਰ ਤੇ, "ਅਸਲੀ ਸਮਾਜਵਾਦ" ਦੇ ਤੌਰ ਤੇ, ਅਤੇ "ਵਿਕਸਤ" ਜਾਂ "ਬਹੁਤ ਹੀ ਵਿਕਸਤ" ਸਮਾਜਵਾਦ ਦੇ ਤੌਰ ਤੇ ਪੇਸ਼ ਕਰਦੇ ਹਨ। ਬਹੁਤ ਸਾਰੀਆਂ ਪਾਰਟੀਆਂ ਅਤੇ ਵੱਖ-ਵੱਖ ਸਿਆਸੀ ਤਾਕਤਾਂ, ਜਿਹਨਾਂ ਦਾ ਸਮਾਜਵਾਦ ਨਾਲ ਕੋਈ ਵਾਹ-ਵਾਸਤਾ ਵੀ ਨਹੀਂ ਹੈ ਉਹ ਵੀ ਸਮਾਜਵਾਦ ਦੀਆਂ ਗੱਲਾਂ ਕਰਦੀਆਂ ਹਨ ਅਤੇ ਸਰਮਾਏਦਾਰੀ ਅਤੇ ਇਸ ਦਾ ਪ੍ਰਾਪੇਗੰਡਾ ਅਸਲੀ ਸਮਾਜਵਾਦੀ ਆਦਰਸ਼ਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਅਤੇ ਲੋਕਾਂ ਨੂੰ ਇਹਨਾਂ ਆਦਰਸ਼ਾਂ ਨੂੰ ਸਾਕਾਰ ਕਰਨ ਦੇ ਸੰਘਰਸ਼ ਤੋਂ ਪਰ੍ਹਾਂ ਕਰਨ ਦੇ ਯਤਨ ਕਰਦੇ ਹਨ। ਇਹਨਾਂ ਚੀਜ਼ਾਂ ਨਾਲ ਇਹ ਗੰਧਲਾਪਣ ਹੋਰ ਵੀ ਵਧਦਾ ਹੈ।

ਇਸ ਸਵਾਲ ਬਾਰੇ ਸਪੱਸ਼ਟਤਾ ਦਾ, ਅਸਲੀ ਸਮਾਜਵਾਦ ਅਤੇ ਖੱਸੀ-ਸਮਾਜਵਾਦ ਵਿਚਕਾਰ ਸਪੱਸ਼ਟ ਵੰਡ-ਰੇਖਾ ਖਿੱਚਣ ਦਾ, ਮਜ਼ਦੂਰ ਜਮਾਤ ਅਤੇ ਮਿਹਨਤਕਸ਼ ਲੋਕਾਂ ਦੇ ਸੰਘਰਸ਼ ਨੂੰ ਸਫਲਤਾਪੂਰਵਕ ਚਲਾਉਣ ਵਿਚ ਫੈਸਲਾਕੁੰਨ ਮਹੱਤਵ ਹੈ। ਅਗਰ ਇਸ ਕੋਲ ਸਮਾਜਵਾਦੀ ਸਮਾਜ ਦੀ ਇਕ ਸਪੱਸ਼ਟ ਧਾਰਨਾ (ਸੰਕਲਪ) ਨਹੀਂ ਹੈ, ਅਗਰ ਇਹ ਇਸ ਦੇ ਅਸੂਲਾਂ ਅਤੇ ਸਰਵ-ਵਿਆਪੀ ਨਿਯਮਾਂ ਦੀ ਪਾਲਣਾ ਨਹੀਂ ਕਰਦਾ ਤਾਂ ਇਨਕਲਾਬ ਅੱਧ-ਵਾਟੇ ਹੀ ਰੁਕ ਜਾਂਦਾ ਹੈ। ਇਨਕਲਾਬ ਹੋ ਸਕਦਾ ਹੈ ਸਫਲ ਹੋ ਜਾਵੇ, ਲੇਕਿਨ ਅਗਰ ਇਸ ਕੋਲ ਅਸਲੀ ਸਮਾਜਵਾਦੀ ਦ੍ਰਿਸ਼ਟੀ ਨਹੀਂ ਹੈ ਤਾਂ ਇਹ ਥਿੜਕ ਸਕਦਾ ਹੈ, ਅਤੇ ਇਸ ਦੀ ਜਿੱਤ ਵਾਸਤੇ ਲੜੀ ਲੜਾਈ ਅਤੇ ਕੀਤੀਆਂ ਗਈਆਂ ਕੁਰਬਾਨੀਆਂ ਅਜਾਈਂ ਜਾਂਦੀਆਂ ਹਨ।

**ਸਮਾਜਵਾਦ ਨੂੰ ਤਬਾਹ ਕਰਨ ਦਾ ਬੀੜਾ ਚੁੱਕਣ ਵਾਲਾ, ਸਭ ਤੋਂ ਪਹਿਲਾ ਸੱਤਾਧਾਰੀ ਸੋਧਵਾਦ, ਯੁਗੋਸਲਾਵ, ਸੋਧਵਾਦ ਸੀ,** ਜਿਹੜਾ ਸਮਾਜਵਾਦ ਅਤੇ ਸਾਮਰਾਜਵਾਦ ਵਿਚਕਾਰ ਸੰਘਰਸ਼ ਦੇ ਇਕ ਬਹੁਤ ਹੀ ਮਹੱਤਵ-ਪੂਰਨ ਵਕਤ ਤੇ ਪੈਦਾ ਹੋਇਆ ਸੀ।

ਯੁਗੋਸਲਾਵ ਸੋਧਵਾਦ ਦੀਆਂ ਜੜ੍ਹਾਂ ਬਹੁਤ ਪੁਰਾਣੀਆਂ ਹਨ। ਇਹ 1948 ਵਿਚ ਪਹਿਲੀ ਵਾਰ ਹੀ ਨਹੀਂ ਜੰਮਿਆਂ, ਨਾ ਹੀ ਇਹ "ਸਟਾਲਿਨਵਾਦ" ਤੋਂ ਸਤਕੇ ਜਾਂ ਇਨਫਰਮੇਸ਼ਨ ਬਿਊਰੋ ਦੀਆਂ ਕਾਰਵਾਈਆਂ ਸਦਕਾ ਪੈਦਾ ਹੋਇਆ। ਇਹ ਉਹਨਾਂ ਸਰਮਾਏਦਾਰਾਨਾ ਦ੍ਰਿਸ਼ਟੀਆਂ ਦਾ ਸਿੱਟਾ ਹੈ ਜੋ ਬੜੀ ਦੇਰ ਤੋਂ ਯੁਗੋਸਲਾਵੀਆ ਦੀ ਕਮਿਊਨਿਸਟ ਪਾਰਟੀ ਵਿਚ ਘਰ ਕਰੀ ਬੈਠੀਆਂ ਸਨ ਅਤੇ ਕੌਮੀ ਮੁਕਤੀ ਜੰਗ ਦੌਰਾਨ ਖ਼ਤਮ ਨਾ ਕੀਤੀਆਂ ਗਈਆਂ।

ਨਵਾਂ ਯੁਗੋਸਲਾਵੀਆ, ਇਕ ਸਪੱਸ਼ਟ ਸੇਧ ਤੋਂ ਬਗੈਰ ਅਤੇ ਸਮਾਜਵਾਦ ਦੇ ਵਿਗਿਆਨਕ ਸਿਧਾਂਤ ਉੱਤੇ ਅਧਾਰਿਤ ਸਿਆਸੀ ਸਮਝਦਾਰੀ ਤੋਂ ਬਗੈਰ ਨਹੀਂ ਸੀ ਉਸਾਰਿਆ ਜਾ ਸਕਦਾ। ਸਿਰਫ਼ ਇਕ ਸ਼ਕਤੀਸ਼ਾਲੀ ਅਤੇ ਦ੍ਰਿੜ੍ਹ ਮਾਰਕਸ-ਵਾਦੀ ਅਸੂਲਾਂ ਵਾਲੀ ਕਮਿਊਨਿਸਟ ਪਾਰਟੀ ਹੀ ਇਹ ਕੰਮ ਨਿਭਾ ਸਕਦੀ ਸੀ। ਨਿਰਸੰਦੇਹ, ਯੁਗੋਸਲਾਵੀਆ ਵਿਚ ਇਕ ਕਮਿਊਨਿਸਟ ਪਾਰਟੀ ਸੀ, ਲੇਕਿਨ ਇਸ ਕੋਲ ਇਹ ਸਿਫਤਾਂ ਨਹੀਂ ਸਨ ਅਤੇ ਨਾ ਹੀ ਇਸ ਨੇ ਜੰਗ ਦੌਰਾਨ ਇਹੋ ਸਿਫਤਾਂ ਵਿਕਸਤ ਕੀਤੀਆਂ। ਸਗੋਂ ਇਸ ਦੇ ਉਲਟ, ਜੋ ਕੋਈ ਸਿਫਤਾਂ ਇਸ ਕੋਲ ਹੈ ਵੀ ਸਨ ਇਹ ਉਹਨਾਂ ਸਿਫਤਾਂ ਨੂੰ ਜੰਗ ਤੋਂ ਬਾਅਦ ਗੁਆ ਬੈਠੀ, ਜਦ ਹਾਲਤਾਂ ਦੇ ਕਾਰਨ, ਇਸ ਨੂੰ ਨਵਾਂ ਯੁਗੋਸਲਾਵੀਆ ਸਮਾਜਵਾਦੀ ਰਾਹ ਉੱਤੇ ਉਸਾਰਨ ਦਾ ਸੱਦਾ ਦਿੱਤਾ ਗਿਆ ਸੀ।

ਅਗਰ ਤੁਸੀਂ ਟੀਟੋਵਾਦੀਆਂ ਅਤੇ ਯੁਗੋਸਲਾਵ ਸਰਮਾਏਦਾਰੀ ਦੀ ਸਵੈ-ਪ੍ਰਸ਼ੰਸਾ ਨੂੰ ਸੁਣੋ ਤਾਂ ਹੋ ਸਕਦਾ ਹੈ ਕਿ ਤੁਸੀਂ ਅਜੇਹਾ ਸਮਝ ਬੈਠੋ ਕਿ ਯੁਗੋ-ਸਲਾਵੀਆ ਵਿਚ ਅਜੇਹੀ ਇਕ ਪਾਰਟੀ ਸੀ ਅਤੇ ਅੱਜ ਵੀ ਹੈ। ਹੋਰਨਾਂ ਦੀ ਤਰ੍ਹਾਂ ਹੀ, ਅਸੀਂ ਅਲਬਾਨੀਅਨ ਕਮਿਊਨਿਸਟ ਵੀ, ਖ਼ਾਸ ਤੌਰ ਤੇ ਜੰਗ ਦੇ ਸਮੇਂ ਅਤੇ ਮੁਕਤੀ ਤੋਂ ਬਾਅਦ ਦੇ ਪਹਿਲੇ ਸਾਲਾਂ ਦੌਰਾਨ, ਅਜੇਹੇ ਹੀ ਭੁਲੇਖੇ ਵਿਚ ਪੈ ਗਏ ਸੀ। ਇਸ ਸੋਚਣੀ ਦੀ ਆਪਣੀ ਹੀ ਤਰਕ ਸੀ, ਜੋ ਯੁਗੋਸਲਾਵੀਆ ਦੇ ਲੋਕਾਂ ਦੀ ਬਹਾਦਰੀ-ਭਰੀ ਜੰਗ ਉੱਤੇ ਅਧਾਰਿਤ ਸੀ ਜਿਹੜੀ ਜੰਗ ਦੀ ਅਗਵਾਈ ਕਮਿਊਨਿਸਟ ਪਾਰਟੀ ਨੇ ਕੀਤੀ ਸੀ।

ਯੁਗੋਸਲਾਵੀਆ ਦੀ ਮੁਕਤੀ ਉਪਰੰਤ, ਸਿਧਾਂਤ ਵਿਚ, ਸਿਆਸੀ ਸਟੈਂਡਾਂ ਵਿਚ, ਅਤੇ ਸਮਾਜਵਾਦ ਦੀ ਉਸਾਰੀ ਵਿਚ ਮਾਰਕਸਵਾਦ-ਲੇਨਿਨਵਾਦ ਦੇ ਬੁਨਿਆਦੀ ਅਸੂਲਾਂ ਤੋਂ ਵੱਡੀਆਂ ਥਿੜਕਣਾਂ ਸਾਹਮਣੇ ਆਉਣ ਲੱਗ ਪਈਆਂ। ਏਸੇ ਤਰ੍ਹਾਂ ਹੀ, ਹੋਰ ਸਮਾਜਵਾਦੀ ਦੇਸ਼ਾਂ ਨਾਲ, ਖ਼ਾਸ ਕਰ ਅਲਬਾਨੀਆਂ ਨਾਲ, ਇਸ ਦੇ ਰਿਸ਼ਤਿਆਂ ਵਿਚ ਵੀ ਘੋਰ ਥਿੜਕਣਾਂ ਅਤੇ ਹੈਂਕੜ ਅਤੇ ਘੁਮੰਡ ਦੇਖੇ ਗਏ ਜੋ ਕਿ ਇਕ ਕਮਿਊਨਿਸਟ ਪਾਰਟੀ ਵਿਚ ਕਦੇ ਨਹੀਂ ਹੋ ਸਕਦੇ ਅਤੇ ਨਾ ਹੀ ਹੋਣੇ ਚਾਹੀਦੇ ਹਨ।

ਇਹ ਪ੍ਰਤੱਖ ਸੀ ਕਿ ਇਹ ਰਾਹ ਆਖਿਰਕਾਰ ਦੁਫੇੜ ਪਾਏਗਾ। ਇਸ ਨੇ ਦੁਫੇੜ ਪਾਈ। ਇਸ ਵਿਚ ਇਨਫਰਮੇਸ਼ਨ ਬਿਊਰੋ, ਜਾਂ ਸਟਾਲਿਨ ਅਤੇ "ਸਟਾਲਿਨ-ਵਾਦ" (ਜੋ ਕਿ ਯੁਗੋਸਲਾਵ ਸੋਧਵਾਦੀਏ ਅਤੇ ਉਹਨਾਂ ਦੇ ਮਿੱਤਰ ਮਾਰਕਸਵਾਦ-ਲੇਨਿਨਵਾਦ ਨੂੰ ਕਹਿੰਦੇ ਹਨ) ਦਾ ਕੋਈ ਕਸੂਰ ਨਹੀਂ ਸੀ। ਇਨਫਰਮੇਸ਼ਨ ਬਿਊਰੋ ਨਾਲ ਝਗੜਾ, ਯੁਗੋਸਲਾਵ ਲੀਡਰਾਂ ਦੇ ਉਦਾਰਵਾਦੀ-ਮੌਕਾਪ੍ਰਸਤ ਵਿਚਾਰਾਂ ਅਤੇ ਸਮਾਜਵਾਦੀ ਸਟੇਟ ਅਤੇ ਸਮਾਜਵਾਦੀ ਸਮਾਜ ਦੀ ਉਸਾਰੀ ਬਾਰੇ ਮਾਰਕਸਵਾਦੀ-ਲੇਨਿਨਵਾਦੀ ਵਿਚਾਰਾਂ ਵਿਚਕਾਰ ਵਿਰੋਧਤਾਈਆਂ ਦਾ ਨਤੀਜਾ ਸੀ। ਟੀਟੋ ਅਤੇ ਉਸ ਦੇ ਜੋਟੀਦਾਰਾਂ ਨੇ, ਮਾਰਕਸਵਾਦੀ-ਲੇਨਿਨਵਾਦੀ ਸਿਧਾਂਤ ਪ੍ਰਤੀ ਆਪਣੀ ਵਿਰੋਧਤਾ ਨੂੰ, ਪਹਿਲਾਂ, ਸਟਾਲਿਨ ਦੀ ਵਿਰੋਧਤਾ, ਅਤੇ ਬਾਅਦ 'ਚ ਸੋਵੀਅਤ ਸਮਾਜਵਾਦੀ ਨਿਜ਼ਾਮ ਦੀ ਵਿਰੋਧਤਾ, ਦਾ ਰੰਗ ਦਿੱਤਾ।

ਟੀਟੋਵਾਦੀਆਂ ਨੇ ਰਾਹ ਬਦਲਣਾ ਹੀ ਸੀ, ਸੋ ਉਹਨਾਂ ਨੇ ਰਾਹ ਬਦਲ ਲਿਆ। ਉਹਨਾਂ ਨੇ ਪੂੰਜੀਵਾਦ ਵਲ ਜਾਣ ਲਈ ਇਕ "ਨਵਾਂ" ਸਮਾਜੀ-ਆਰਥਿਕ ਉਪਕਰਣ ਅਤੇ ਸਟੇਟ ਸਰਕਾਰ ਦੀ ਕਿਸਮ ਚੁਣੀ ਅਤੇ ਲਾਗੂ ਕਰਨੀ ਸ਼ੁਰੂ ਕਰ ਦਿੱਤੀ ਜੋ ਕਿ ਇਕ ਸਮਾਜਵਾਦ-ਵਿਰੋਧੀ ਰਾਹ ਲਈ ਹੀ ਅਨੁਕੂਲ ਸੀ। ਇਸ

ਸਿਸਟਮ ਦਾ ਨਾਂ ਉਹਨਾਂ ਨੇ "ਮਜ਼ਦੂਰਾਂ ਦਾ ਸਵੈ-ਪ੍ਰਸ਼ਾਸਨ" ਰੱਖਿਆ। ਦਰਅਸਲ ਇਹ ਇਕ ਨਵਾਂ ਸਿਸਟਮ ਨਹੀਂ ਸੀ। ਨਾ ਹੀ ਇਹ ਸਮਾਜਵਾਦੀ ਸੀ ਅਤੇ ਨਾ ਹੀ ਇਹ ਇਕ ਯੁਗੋਸਲਾਵ ਕਾਢ ਸੀ। ਇਹ ਪਰੂਦੋਂਵਾਦ ਤੋਂ, ਬਾਖੂਨਿਨ ਅਤੇ ਕਰੋਪੋਟਕਿਨ ਦੇ ਅਰਾਜਕਤਾਵਾਦ 'ਚੋਂ ਜਨਮਿਆਂ, ਜਿਸ ਦਾ ਆਪਣੇ ਸਮੇਂ ਮਾਰਕਸ ਨੇ, ਬਾਅਦ ਵਿਚ ਲੈਨਿਨ ਅਤੇ ਸਟਾਲਿਨ ਨੇ ਪੂਰੀ ਤਰ੍ਹਾਂ ਪਰਦਾ-ਫਾਸ਼ ਕਰ ਦਿੱਤਾ ਸੀ।

ਪੂੰਜੀਵਾਦ ਵੱਲ ਯੁਗੋਸਲਾਵੀਆ ਦੇ ਮੋੜ ਬਾਰੇ ਸਨਸਨੀਖੇਜ਼ ਦਾਅਵੇ ਕੀਤੇ ਗਏ ਅਤੇ ਲਾ-ਮਿਸਾਲ ਜੈਕਾਰੇ ਬੁਲਾਏ ਗਏ, ਜਦ ਕਿ "Barabbas" (ਜਾਣੀ ਟੀਟੋ) ਦੀਆਂ ਘੋੜੀਆਂ ਗਾਈਆਂ ਗਈਆਂ। ਯੁਗੋਸਵਾਵੀਆ ਦੀ ਥਿੜਕਣ ਨੂੰ ਇਕ "ਨਵੇਂ ਵਕਤ," ਇਕ "ਮਾਨਵੀ," "ਵਿਸ਼ੇਸ਼ ਸਮਾਜਵਾਦ" ਦੀ ਉਸਾਰੀ ਲਈ ਟੀਟੋ ਵਲੋਂ ਜਗਾਈ ਗਈ ਇਕ "ਨਵੀਂ ਮਿਸ਼ਾਲ" ਦੇ ਤੌਰ ਤੇ ਪ੍ਰਚਾਰਿਆ ਗਿਆ। ਇਸ ਮੋੜ ਲਈ ਹਮਾਇਤ ਅਤੇ ਪੈਸੇ ਸਾਮਰਾਜਵਾਦ ਅਤੇ ਵਿਸ਼ਵ ਪੂੰਜੀਵਾਦ ਨੇ ਦਿੱਤੇ ਸਨ। ਯੁਗੋਸਲਾਵ ਅਹੰਕਾਰ ਦੀ ਵਡਿਆਈ ਕੀਤੀ ਗਈ ਅਤੇ ਯੁਗੋਸਲਾਵੀਆ ਨੂੰ "ਦੁਨੀਆਂ-ਭਰ ਦੇ ਲੋਕਾਂ ਦੇ ਮੁਕਤੀ ਦੇ ਸੰਘਰਸ਼ ਵਿਚ ਇਕ ਘੁਲਾਟੀਏ ਅਤੇ ਇਕ ਮਿਸਾਲ" ਦੇ ਤੌਰ ਤੇ ਪੇਸ਼ ਕੀਤਾ ਗਿਆ।

ਇਸ ਦੇ ਉਪਕਰਣ (structure) ਅਤੇ ਮਹਾਂ-ਉਪਕਰਣ (superstructure) ਵਿਚ ਵਰਤੀਆਂ ਗਈਆਂ ਸ਼ਕਲਾਂ ਅਤੇ ਸ਼ਬਦਾਵਲੀ ਵਿਚ, ਸਮੁੱਚੇ "ਸਵੈ-ਪ੍ਰਸ਼ਾਸਨ ਸਿਸਟਮ" ਨੂੰ "ਮਾਰਕਸਵਾਦੀ" ਰੂਪ 'ਚ ਪੇਸ਼ ਕਰਨਾ ਪਿਆ। ਲੇਕਿਨ ਅਸਲੀਅਤ ਵਿਚ ਇਹ, ਮਾਰਕਸ ਦੇ ਅਤੇ ਲੈਨਿਨਵਾਦ ਦੇ ਸਿਧਾਂਤ ਅਤੇ ਅਮਲ ਦੇ ਬਿਲਕੁੱਲ ਉਲਟ ਸੀ।

ਪਹਿਲੀ ਸੱਟ ਲੋਕ ਜਮਹੂਰੀਅਤ, ਜੋ ਕਿ ਪ੍ਰੋਲੇਤਾਰੀਆ ਦੀ ਡਿਕਟੇਟਰਸ਼ਿਪ ਦੀ ਇਕ ਸ਼ਕਲ ਸੀ (ਜਿਸਨੂੰ ਕਿ ਯੁਗੋਸਲਾਵੀਆ ਵਿਚ ਕਦੇ ਵੀ ਇਸ ਤਰ੍ਹਾਂ ਕਹਿ ਕੇ ਨਹੀਂ ਪੁਕਾਰਿਆ ਗਿਆ), ਉਸ ਉੱਤੇ ਮਾਰੀ ਗਈ। ਇਸ ਨੂੰ ਯੁਗੋਸਲਾਵ ਸੋਧਵਾਦੀਆਂ ਨੇ ਇਸ ਦਾਅਵੇ ਨਾਲ ਉਚਿਤ ਸਾਬਿਤ ਕਰਨਾ ਚਾਹਿਆ ਕਿ ਲੋਕ ਕੌਂਸਲਾਂ ਦੀ ਜਿਹੜੀ ਰਾਜਸੱਤਾ ਜੰਗ ਦੇ ਦੌਰਾਨ ਸਥਾਪਿਤ ਕੀਤੀ ਗਈ ਸੀ ਅਤੇ 1948 ਤਕ ਕਾਇਮ ਰਹੀ, ਉਹ ਆਪਣੇ ਸਭ ਪਰਮ-ਅਧਿਕਾਰਾਂ ਸਹਿਤ ਉਵੇਂ ਹੀ ਬਰਕਰਾਰ ਨਹੀਂ ਰੱਖੀ ਜਾ ਸਕਦੀ। ਇਸ ਦੀ ਜਗ੍ਹਾ "ਮਜ਼ਦੂਰ ਕੌਂਸਲਾਂ" ਕਾਇਮ ਕਰਨੀਆਂ ਹੋਣਗੀਆਂ, ਕਿਉਂਕਿ, ਉਹਨਾਂ ਮੁਤਾਬਿਕ, ਲੋਕ ਕੌਂਸਲਾਂ ਸਟੇਟਵਾਦੀ-ਨੌਕਰਸ਼ਾਹੀ ਸਨ, ਜੋ "ਨੌਕਰਸ਼ਾਹੀ ਅਤੇ ਨਵੀਂ ਸਰਮਾਏਦਾਰੀ ਦੇ ਇਕ ਤਬਕੇ" ਨੂੰ ਜਨਮ ਦਿੰਦੀ ਹੈ, ਜਦਕਿ "ਮਜ਼ਦੂਰ ਕੌਂਸਲਾਂ" ਮਾਰਕਸ ਦੇ ਸਿਧਾਂਤ ਦੇ ਨੇੜੇ ਦੀ ਇਕ ਰਾਜਸੱਤਾ ਸਨ। ਇਹਨਾਂ ਕੌਂਸਲਾਂ ਦੇ ਜ਼ਰੀਏ, ਕਥਿਤ ਤੌਰ ਤੇ "ਮਜ਼ਦੂਰ ਖੁਦ ਹੀ ਸਿੱਧੇ ਤੌਰ ਤੇ ਅਗਵਾਈ ਦਿੰਦੇ ਅਤੇ ਰਾਜ ਕਰਦੇ ਹਨ," ਸਟੇਟ ਵਲੋਂ ਕਿਸੇ ਵੀ ਦਖ਼ਲ-ਅੰਦਾਜ਼ੀ ਤੋਂ ਬਗੈਰ, ਜਿਹੜੀ ਸਟੇਟ ਯੁਗੋਸਲਾਵ ਲੀਡਰਾਂ ਦੀ ਹਾਸੋਹੀਣੀ ਦਲੀਲ ਮੁਤਾਬਿਕ ਮਜ਼ਦੂਰਾਂ ਦੀ ਸਟੇਟ ਨਹੀਂ ਹੈ। ਇਸ ਤਰ੍ਹਾਂ, ਮੌਜੂਦਾ ਯੁਗੋਸਲਾਵ ਸਟੇਟ ਇਸ ਚੀਜ਼ ਦੀ ਸਿਰਫ਼ ਇਕ "ਜ਼ਾਮਿਨ" ਹੀ ਹੈ ਕਿ ਇਸ "ਨਵੇਂ ਸਿਸਟਮ" ਨੂੰ ਨੁਕਸਾਨ ਨਾ ਪਹੁੰਚੇ, ਇਹ ਖੇਰੂੰ-ਖੇਰੂੰ ਨਾ ਹੋ ਜਾਏ ਅਤੇ, ਇਸ ਉਦੇਸ਼ ਲਈ ਫੈਡਰੇਸ਼ਨ ਸਿਰਫ਼ ਫੌਜ, ਪੁਲੀਸ ਅਤੇ ਵਿਦੇਸ਼ੀ ਨੀਤੀ ਨੂੰ ਹੀ ਆਪਣੇ ਹੱਥ 'ਚ ਰੱਖਦੀ ਹੈ, ਹੋਰ ਕਿਸੇ ਵੀ ਚੀਜ਼ ਨੂੰ ਇਹ ਹੱਥ 'ਚ ਨਹੀਂ ਲੈਂਦੀ।

ਇਸ ਤਰ੍ਹਾਂ, "ਸਵੈ-ਪ੍ਰਸ਼ਾਸਨ-ਸਿਸਟਮ" ਨੇ ਪ੍ਰੋਲੇਤਾਰੀਆ ਦੀ ਡਿਕਟੇਟਰਸ਼ਿਪ ਦੀ ਸਟੇਟ ਦਾ ਵਿਕੇਂਦਰੀਕਰਣ ਕੀਤਾ, ਇਸਨੂੰ ਉਦਾਰਵਾਦੀ ਬਣਾਇਆ ਅਤੇ ਇਸ ਦੀ ਜੜ੍ਹ ਕੱਟ ਦਿੱਤੀ। ਸਟੇਟ "ਪ੍ਰੋਲੇਤਾਰੀਆ" ਦੀ ਇਕ ਸਟੇਟ ਸੀ ਅਤੇ ਇਹ "ਮਜ਼ਦੂਰਾਂ" ਦੀ ਸਟੇਟ ਬਣ ਗਈ, ਇਹ ਉਹ ਸਟੇਟ ਸੀ "ਜਿਹੜੀ ਜੰਗ ਵਿਚੋਂ. ਅਧਾਰ ਤੋਂ ਪੈਦਾ ਹੋਈ ਸੀ," ਜਦ ਕਿ "ਨਵਾਂ ਸਿਸਟਮ" ਜਿਹੜਾ ਕਥਿਤ ਤੌਰ ਤੇ "ਦੰਦਾਤਮਕ" ਵਿਕਾਸ ਲਈ ਲੋੜੀਂਦਾ ਸੀ, ਉੱਪਰ ਤੋਂ, ਟੀਟੋ ਅਤੇ ਕਾਰਦੇਲ ਨੇ ਕਾਇਮ ਕੀਤਾ।

ਇਸ ਸਿਸਟਮ ਵਿਚ ਪਾਰਟੀ ਦੀ ਆਗੂ ਭੂਮਿਕਾ ਖ਼ਤਮ ਕਰ ਦਿੱਤੀ ਗਈ। ਪਾਰਟੀ ਦੇ ਪੱਲੇ ਜੋ ਬਚਿਆ ਉਹ ਸੀ ਮਾੜੀ-ਮੋਟੀ ਵਿੱਦਿਅਕ ਭੂਮਿਕਾ ਜਿਸਦਾ ਸਾਰੀ ਚੀਂ-ਪਾਂਅ ਵਿਚ ਕੋਈ ਵਜ਼ਨ ਨਹੀਂ ਸੀ। ਦੇਖਣ ਨੂੰ ਪਾਰਟੀ ਖ਼ਤਮ ਨਾ ਕੀਤੀ ਗਈ. ਲੇਕਿਨ ਅਸਲੀਅਤ ਵਿਚ ਇਸਦੀ ਹੋਂਦ ਖ਼ਤਮ ਹੋ ਗਈ। ਇਸ ਦਾ ਨਾਂ "ਕਮਿਊਨਿਸਟਾਂ ਦੀ ਲੀਗ" ਰੱਖ ਦਿੱਤਾ ਗਿਆ, ਤਾਂ ਜੁ ਇਸ (ਨਾਂ) ਨੂੰ ਮਾਰਕਸ ਵਲੋਂ ਵਰਤੇ ਗਏ ਨਾਂ ਨਾਲ ਵੱਧ-ਤੋਂ-ਵੱਧ ਸੰਭਵ ਨੇੜਤਾ ਦਿੱਤੀ ਜਾ ਸਕੇ ਅਤੇ ਅਸਲੀਅਤ ਵਿਚ ਉਸ ਭੂਮਿਕਾ ਤੋਂ ਵੱਧ ਤੋਂ ਵੱਧ ਪਰ੍ਹੇ ਕੀਤਾ ਜਾ ਸਕੇ ਜੋ ਭੂਮਿਕਾ ਕਮਿਊਨਿਸਟ ਪਾਰਟੀ ਲਈ ਮਾਰਕਸ ਅਤੇ ਲੈਨਿਨ ਨੇ ਦੱਸੀ ਸੀ।

ਟੀਟੋਵਾਦੀਏ ਮਸਲੇ ਨੂੰ ਇਸ ਤਰ੍ਹਾਂ ਪੇਸ਼ ਕਰਦੇ ਹਨ ਕਿ ਸਮਝੋ ਇਸ "ਸਵੈ-ਪ੍ਰਸ਼ਾਸਨ" ਨਾਲ ਯੁਗੋਸਲਾਵੀਆ ਵਿਕਾਸ ਦੇ ਕਮਿਊਨਿਸਟ ਸਮਾਜ ਦੇ ਬਿਲਕੁੱਲ ਨੇੜੇ ਦੇ ਪੜਾਅ 'ਚ ਪਹੁੰਚ ਗਿਆ ਹੈ। ਇਸ ਅਧਾਰ ਤੇ ਉਹ ਦਾਅਵੇ ਕਰਦੇ ਹਨ ਕਿ ਸਟੇਟ ਮੁਰਝਾਉਣੀ (ਖ਼ਤਮ ਹੋਣੀ) ਸ਼ੁਰੂ ਹੋ ਗਈ ਹੈ ਅਤੇ ਇਸ ਲਈ ਪਾਰਟੀ ਦੀ ਹੁਣ ਉਹ ਭੂਮਿਕਾ ਅਤੇ ਕੰਮ ਨਹੀਂ ਰਹੇ ਜੋ ਪੂੰਜੀਵਾਦ ਤੋਂ ਸਾਮਰਾਜਵਾਦ ਵੱਲ ਤਬਦੀਲੀ ਦੇ ਅਰਸੇ ਵਿਚ ਸਨ।

ਹੋਰ ਸੁਣੋ, ਉਹ ਕਹਿੰਦੇ ਹਨ "ਸਵੈ-ਪ੍ਰਸ਼ਾਸਨ" ਨੇ ਪਾਰਟੀ ਅੰਦਰ, ਯੁਗੋਸਲਾਵੀਆ ਅੰਦਰ ਅਤੇ ਇਸ ਤੋਂ ਬਾਹਰ ਜਮਾਤੀ ਸੰਘਰਸ਼ ਨੂੰ ਖ਼ਤਮ ਕਰ ਦਿੱਤਾ ਹੈ। ਅਸਲੀਅਤ ਵਿਚ, ਟੀਟੋ, ਕਾਰਦੇਲ ਅਤੇ ਉਹਨਾਂ ਦੇ ਵਾਰਿਸਾਂ ਨੇ ਜਮਾਤੀ ਸੰਘਰਸ਼ ਦੀ ਦਿਸ਼ਾ ਬਦਲ ਦਿੱਤੀ: ਉਹ, ਇਹ ਜਮਾਤੀ ਸੰਘਰਸ਼ ਆਪਣੇ "ਸਵੈ-ਪ੍ਰਸ਼ਾਸਨ (ਸਿਸਟਮ)" "ਨੂੰ ਇਨਫਰਮੇਸ਼ਨ ਬਿਊਰੋ ਦੇ ਹਮਾਇਤੀਆਂ," "ਸਟਾਲਿਨਵਾਦੀਆਂ," "ਕਟੜਪੰਥੀਆਂ" ਆਦਿ ਤੋਂ ਬਚਾਉਣ ਲਈ ਚਲਾ ਰਹੇ ਹਨ। ਦਰਅਸਲ, ਇਹ ਪੂੰਜੀਵਾਦੀ ਅੰਸਰਾਂ ਦਾ ਇਨਕਲਾਬੀਆਂ ਵਿਰੁੱਧ, ਪੂੰਜੀਵਾਦੀ ਨਿਜ਼ਾਮ ਦਾ ਸਮਾਜਵਾਦੀ ਨਿਜ਼ਾਮ ਵਿਰੁੱਧ, ਬੁਰਜੂਆ ਵਿਚਾਰਧਾਰਾ ਦਾ ਮਾਰਕਸਵਾਦ-ਲੈਨਿਨਵਾਦ ਵਿਰੁੱਧ ਸੰਘਰਸ਼ ਹੈ।

ਯੁਗੋਸਲਾਵੀਆ ਦੇ ਸਿਧਾਂਤਕਾਰ, ਪੈਦਾਵਾਰੀ ਸਾਧਨਾਂ ਦੀ ਮਾਲਕੀਅਤ ਬਾਰੇ ਰੱਜ ਕੇ ਝੂਠ ਬੋਲਦੇ ਹਨ। ਉਹਨਾਂ ਮੁਤਾਬਿਕ. "ਸਵੈ-ਪ੍ਰਸ਼ਾਸਨ" ਵਿਚ ਪੈਦਾਵਾਰੀ ਸਾਧਨਾਂ ਦੀ ਜੋ ਸਮਾਜੀ ਮਲਕੀਅਤ ਹੈ, ਉਹ ਸਮਾਜਵਾਦੀ ਮਲਕੀਅਤ ਦੀ ਇਕ ਸਰਵ ਸ੍ਰੇਸ਼ਟ (ਉੱਚਤਮ) ਸ਼ਕਲ ਹੈ, ਜਦਕਿ ਸਟੇਟ ਮਲਕੀਅਤ ਇਸ ਦੀ ਇਕ ਸਭ ਤੋਂ ਨੀਵੀਂ ਸ਼ਕਲ ਹੈ। ਉਹ ਕਹਿੰਦੇ ਹਨ ਕਿ ਸਟੇਟ ਮਾਲਕੀਅਤ ਇਕ ਕਿਸਮ ਦਾ ਸਟੇਟ ਪੂੰਜੀਵਾਦ ਹੈ ਜਿਹੜਾ ਇਕ ਨਵੀਂ ਨੌਕਰਸ਼ਾਹ ਜਾਤੀ ਨੂੰ ਜਨਮ ਦਿੰਦਾ ਹੈ, ਜੋ ਜਾਤੀ ਅਸਲੀਅਤ ਵਿਚ ਸਾਂਝੇ ਤੌਰ ਤੇ ਮਲਕੀਅਤ ਦੀ ਹੱਕਦਾਰ ਹੁੰਦੀ ਹੈ। ਇਸ ਲਈ, ਉਹ ਨਿਚੋੜ ਕੱਢਦੇ ਹਨ ਕਿ ਸਮਾਜਵਾਦ ਵਿਚ ਵੀ ਸਟੇਟ ਮਲਕੀਅਤ ਪ੍ਰਤੀ ਮਜ਼ਦੂਰ ਦੀ ਬੇਗਾਨਗੀ, ਜੋ ਪੂੰਜੀਵਾਦ ਸਦਕਾ ਹੁੰਦੀ ਹੈ, ਉਹ ਬੇਗਾਨਗੀ ਖ਼ਤਮ ਨਹੀਂ ਕੀਤੀ ਜਾਂਦੀ। ਉਹ ਕਹਿੰਦੇ ਹਨ ਕਿ ਪੂੰਜੀਵਾਦੀ ਰਿਸ਼ਤੇ ਜਾਣੀ ਕਿ ਮੁਨਾਫ਼ੇ-ਮਜ਼ਦੂਰਾਂ ਦੀਆਂ ਉਜ਼ਰਤਾਂ, ਦੀ ਥਾਂ ਸਟੇਟ ਧੰਨ ਸੰਚਨ-ਮਜ਼ਦੂਰਾਂ ਦੀਆਂ ਉਜ਼ਰਤਾਂ, ਦਾ ਰਿਸ਼ਤਾ ਲੈ ਲੈਂਦਾ ਹੈ। ਦੂਸਰੇ ਲਫ਼ਜ਼ਾਂ ਵਿਚ, ਉਹਨਾਂ ਦਾ ਦਾਅਵਾ ਹੈ ਕਿ ਦੋਹਾਂ ਸਮਾਜਿਕ ਨਿਜ਼ਾਮਾਂ ਵਿਚ ਮਜ਼ਦੂਰ ਹਮੇਸ਼ਾਂ ਉਜ਼ਰਤੀ ਗ਼ੁਲਾਮ ਰਹਿੰਦਾ ਹੈ।

ਇਹ ਇਕ ਪੁਰਾਣਾ ਟ੍ਰਾਟਸਕੀਵਾਦੀ ਥੀਸੱਸ ਹੈ, ਜਿਸਦਾ ਬਹੁਤ ਦੇਰ ਪਹਿਲਾਂ ਖੰਡਨ ਅਤੇ ਪਰਦਾ-ਫ਼ਾਸ਼ ਕੀਤਾ ਜਾ ਚੁੱਕਾ ਹੈ। ਅਸਲੀ ਸਮਾਜਵਾਦੀ ਸਮਾਜ ਵਿਚ, ਜਿਸ ਵਿਚ ਸਾਂਝੀ ਜਾਇਦਾਦ ਦਾ ਪ੍ਰਬੰਧ ਮਜਦੂਰ ਜਮਾਤ ਅਤੇ ਮਿਹਨਤਕਸ਼ ਲੋਕਾਂ ਦੀ ਵਿਸ਼ਾਲਤਮ ਸ਼ਮੂਲੀਅਤ ਨਾਲ, ਪ੍ਰੋਲੇਤਾਰੀਆ ਦੀ ਡਿਕਟੇਟਰਸ਼ਿਪ ਦੀ ਸਟੇਟ ਜਮਹੂਰੀ ਕੇਂਦਰਵਾਦ ਦੇ ਅਸੂਲ ਦੇ ਅਧਾਰ ਤੇ ਚਲਾਉਂਦੀ ਹੈ, ਅਤੇ ਜਿਸ ਵਿਚ ਖ਼ਾਸ ਰਿਆਇਤਾਂ ਵਾਲੇ ਤਬਕੇ ਨੂੰ ਜਨਮ ਦੇਣ ਵਾਲੇ ਸਮਾਜਿਕ ਉਤਪਾਦਨ ਦੀ ਵੰਡ ਵਿਚ ਵੱਡੇ ਵਿਖਰੇਵਿਆਂ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ, ਉਸ ਅਸਲੀ ਸਮਾਜਵਾਦੀ ਸਮਾਜ ਵਿਚ ਮਜ਼ਦੂਰ ਇਕ ਉਜ਼ਰਤੀ-ਗੁਲਾਮ ਨਹੀਂ ਹੈ ਅਤੇ ਉਸ ਨੂੰ ਲੁਟਿਆ ਨਹੀਂ ਜਾਂਦਾ। ਸਮਾਜਵਾਦੀ ਅਲਬਾਨੀਆ ਦੀ ਅਸਲੀਅਤ ਇਸ ਦਾ ਸਬੂਤ ਹੈ, ਜਿਥੇ ਮਜ਼ਦੂਰ ਜਮਾਤ ਸੱਤਾਧਾਰੀ ਜਮਾਤ ਹੈ, ਜੋ ਆਪਣੀ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਦੀ ਅਗਵਾਈ ਹੇਠ ਆਰਥਿਕਤਾ ਅਤੇ ਦੇਸ਼ ਦੇ ਸਮੁੱਚੇ ਜੀਵਨ ਦਾ ਕਾਰੋਬਾਰ ਆਪਣੇ ਹਿੱਤਾਂ ਅਤੇ ਸਮੁੱਚੇ ਲੋਕਾਂ ਦੇ ਹਿੱਤਾਂ ਲਈ ਚਲਾਉਂਦੀ ਹੈ।

ਯੁਗੋਸਲਾਵ "ਸਵੈ-ਪ੍ਰਸ਼ਾਸਨ" ਜੋ ਕਥਿਤ ਤੌਰ ਤੇ ਮਜ਼ਦੂਰ ਨੂੰ ਹਰ ਚੀਜ਼ ਦਾ ਕੇਂਦਰ ਬਣਾਉਂਦਾ ਹੈ ਉਹ ਸਿਰਫ਼ ਸਿਧਾਂਤ ਵਿਚ ਮਜ਼ਦੂਰਾਂ ਦਾ "ਸਵੈ-ਪ੍ਰਸ਼ਾਸਨ" ਹੈ ਜਦ ਕਿ ਅਮਲ ਵਿਚ ਉਹ ਮਜਦੂਰ-ਵਿਰੋਧੀ ਅਤੇ ਸਮਾਜਵਾਦ-

ਵਿਰੋਧੀ ਹੈ। ਟੀਟੋਵਾਦੀਏ ਚਾਹੇ ਜਿੰਨਾ ਮਰਜ਼ੀ ਸੰਘ ਪਾੜ-ਪਾੜ ਕੇ ਪ੍ਰਚਾਰ ਕਰਦੇ ਰਹਿਣ ਅਸਲੀਅਤ ਇਹ ਹੈ ਕਿ ਇਹ ਸਿਸਟਮ ਮਜ਼ਦੂਰ ਜਮਾਤ ਨੂੰ ਪ੍ਰਬੰਧ ਜਾਂ ਸ਼ਾਸਨ ਚਲਾਉਣ ਦਾ ਕੋਈ ਹੱਕ ਨਹੀਂ ਦਿੰਦਾ।

ਯੂਗੋਸਲਾਵੀਆ ਵਿਚ ਹਰੇਕ "ਸਵੈ-ਪ੍ਰਸ਼ਾਸਿਤ" ਕਾਰਖ਼ਾਨਾ ਆਪਣੀ ਆਰਥਿਕ ਕਾਰਵਾਈ ਵਿਚ ਇਕ ਸੁਤੰਤਰ ਜਥੇਬੰਦੀ ਹੈ, ਜਦ ਕਿ ਪ੍ਰਸ਼ਾਸਨ ਦੀ ਨੀਤੀ ਇਸ ਦੇ ਆਗੂ ਗਰੁੱਪ ਦੇ ਹੱਥਾਂ ਵਿਚ ਹੈ, ਜਿਹੜਾ ਉਵੇਂ ਹੀ ਧੰਨ ਸੰਚਨ ਦੇ ਫੰਡਾਂ ਉੱਤੇ ਇਜਾਰੇਦਾਰੀ ਰੱਖਦਾ ਅਤੇ ਇਨਵੈਸਟਮੈਂਟਾਂ, ਤਨਖ਼ਾਹਾਂ, ਕੀਮਤਾਂ ਅਤੇ ਉਤਪਾਦਨ ਦੇ ਵਿਤਰਣ ਬਾਰੇ ਫ਼ੈਸਲੇ ਕਰਦਾ ਹੈ ਜਿਵੇਂ ਕਿਸੇ ਵੀ ਪੂੰਜੀਵਾਦੀ ਦੇਸ਼ ਵਿਚ ਹੁੰਦਾ ਹੈ। ਯੂਗੋਸਲਾਵ ਸੋਧਵਾਦੀਏ ਕਹਿੰਦੇ ਹਨ ਕਿ ਇਸ ਸਾਰੇ ਆਰਥਿਕ-ਸਿਆਸੀ ਕੰਮ ਨੂੰ ਮਜ਼ਦੂਰ ਆਪਣੇ ਡੈਲੀਗੇਟਾਂ ਰਾਹੀਂ ਮਨਜ਼ੂਰੀ ਦਿੰਦੇ ਹਨ। ਲੇਕਿਨ ਇਹ ਇਕ ਉਸ਼ਟੰਡਬਾਜ਼ੀ ਹੈ, ਇਕ ਵੱਡਾ ਝੂਠ ਹੈ। ਮਜ਼ਦੂਰਾਂ ਦੇ ਇਹ ਅਖੌਤੀ ਡੈਲੀਗੇਟ, ਮਜ਼ਦੂਰ ਜਮਾਤ ਅਤੇ ਹੋਰ ਮਿਹਨਤਕਸ਼ ਲੋਕਾਂ ਦੇ ਹਿੱਤਾਂ ਦੇ ਖ਼ਿਲਾਫ਼ ਨੌਕਰਸ਼ਾਹਾਂ ਅਤੇ ਟੈਕਨੋਕ੍ਰੇਟਾਂ ਦੀ ਹਾਕਮ ਜਾਤੀ ਨਾਲ ਭਿਆਲੀ ਪਾਉਂਦੇ ਹਨ। ਰੀਪਬਲਿਕ ਵਿਚ ਸਭ ਤੋਂ ਹੇਠਲੇ ਪੱਧਰ ਤੋਂ ਲੈ ਕੇ ਸਭ ਤੋਂ ਉੱਚਤਮ ਪੱਧਰ ਤੱਕ, "ਸਵੈ-ਪ੍ਰਸ਼ਾਸਨ" ਜਥੇਬੰਦੀ ਵਿਚ ਕਨੂੰਨ ਬਣਾਉਣ ਅਤੇ ਨੀਤੀ ਘੜਨ ਵਾਲੇ ਧੰਦਾਕਾਰੀ ਪ੍ਰਸ਼ਾਸਕ ਹਨ। ਮਜ਼ਦੂਰਾਂ ਅਤੇ ਉਹਨਾਂ ਦੀ ਜਮਾਤ ਦੀ ਪ੍ਰਸ਼ਾਸਕੀ, ਸਮਾਜੀ-ਆਰਥਿਕ ਅਤੇ ਸਿਆਸੀ ਆਗੂ ਭੂਮਿਕਾ ਜੇ ਪੂਰੀ ਤਰ੍ਹਾਂ ਖ਼ਤਮ ਨਹੀਂ ਕੀਤੀ ਗਈ ਤਾਂ ਘੱਟ-ਤੋਂ-ਘੱਟ ਜ਼ਰੂਰ ਕਰ ਦਿੱਤੀ ਗਈ ਹੈ।

ਰੀਪਬਲਿਕ, ਖੇਤਰ ਅਤੇ ਕਮਿਊਨ ਦੇ ਪੱਧਰ 'ਤੇ ਦਲਬੰਦੀ ਅਤੇ ਸਥਾਨਵਾਦ ਨੂੰ ਭੜਕਾ ਕੇ, "ਸਵੈ-ਪ੍ਰਸ਼ਾਸਨ" ਸਿਸਟਮ ਨੇ ਮਜ਼ਦੂਰ ਜਮਾਤ ਦੀ ਏਕਤਾ ਤਬਾਹ ਕਰ ਦਿੱਤੀ ਹੈ, ਸਵਾਰਥੀਪਣ ਨੂੰ ਭੜਕਾ ਕੇ ਮਜ਼ਦੂਰ ਨੂੰ ਮਜ਼ਦੂਰ ਦਾ ਦੁਸ਼ਮਣ, ਅਤੇ ਕਾਰਖ਼ਾਨਿਆਂ ਵਿਚਕਾਰ ਮੁਕਾਬਲੇ ਨੂੰ ਸ਼ਹਿ ਦੇ ਕੇ ਸਹਿਕਾਰੀ ਸੰਗਠਨਾਂ ਨੂੰ ਇਕ ਦੂਸਰੇ ਦੇ ਦੁਸ਼ਮਣ ਬਣਾ ਦਿੱਤਾ ਹੈ। ਇਸ ਅਧਾਰ ਤੇ, ਮਜ਼ਦੂਰ ਜਮਾਤ ਅਤੇ ਕਿਸਾਨੀ ਵਿਚਕਾਰ ਭਿਆਲੀ ਨੂੰ ਵੀ ਤਬਾਹ ਕਰ ਦਿੱਤਾ ਗਿਆ ਹੈ, ਅਤੇ ਏਸੇ ਤਰ੍ਹਾਂ ਕਿਸਾਨੀ ਨੂੰ ਛੋਟੀਆਂ-ਛੋਟੀਆਂ ਨਿੱਜੀ ਆਰਥਿਕਤਾਵਾਂ ਵਿਚ ਵੰਡ ਦਿੱਤਾ ਗਿਆ ਹੈ ਜਿਸ ਨੂੰ ਸੱਤਾਧਾਰੀ ਨਵੀਂ ਸਰਮਾਏਦਾਰੀ ਲੁੱਟਦੀ ਹੈ। ਇਸ ਸਭ ਕਾਸੇ ਨੇ ਆਰਥਿਕਤਾ ਵਿਚ ਆਪੋ-ਧਾਪ, ਅਤੇ ਉਤਪਾਦਨ ਵਿਚ, ਮੁਨਾਫ਼ਿਆਂ ਦੀ ਵੰਡ ਅਤੇ ਇਨਵੈਸਟਮੈਂਟਾਂ ਵਿਚ ਅਰਾਜਕਤਾ ਫੈਲਾ ਦਿੱਤੀ; ਅਤੇ ਮੰਡੀ ਵਿਚ, ਕੀਮਤਾਂ ਵਿਚ ਇਸ ਨੇ ਬੇਹੱਦ ਮੁਦਰਾ-ਸਫੀਤੀ ਅਤੇ ਬੇਰੁਜ਼ਗਾਰੀ ਨੂੰ ਜਨਮ ਦਿੱਤਾ ਹੈ।

ਇਹ ਵਿਚਾਰ ਕਿ ਯੂਗੋਸਲਾਵੀਆ ਵਿਚ "ਮਜ਼ਦੂਰਾਂ ਦੇ ਸਵੈ-ਪ੍ਰਸ਼ਾਸਨ" ਦੇ ਸਿਸਟਮ ਵਿਚ ਮਜ਼ਦੂਰ ਜਮਾਤ ਆਗੂ ਹੈ—ਇਹ ਵਿਚਾਰ ਇਕ ਵਿੱਡ-ਫਹਿਮੀ ਹੀ ਹੈ, ਸਿਰਫ਼ ਸ਼ੇਖ-ਚਿੱਲੀ ਦਾ ਇਕ ਸੁਪਨਾ ਹੈ। ਇਸ ਸਿਸਟਮ ਵਿਚ ਮਜ਼ਦੂਰ ਜਮਾਤ ਦੀ ਚੌਧਰ ਨਹੀਂ ਹੈ, ਇਹ ਆਗੂ ਤਾਕਤ ਨਹੀਂ ਹੈ। ਪ੍ਰੋਲੇਤਾਰੀਆ ਦੀ ਡਿਕਟੇਟਰ-ਸ਼ਿਪ ਖ਼ਤਮ ਕਰ ਦਿੱਤੀ ਗਈ ਹੈ, ਮਜ਼ਦੂਰ ਜਮਾਤ ਦੀ ਆਗੂ, ਕਮਿਊਨਿਸਟ ਪਾਰਟੀ (ਜਾਂ ਕਮਿਊਨਿਸਟਾਂ ਦੀ ਲੀਗ ਜਿਵੇਂ ਇਸ ਨੂੰ ਯੂਗੋਸਲਾਵੀਆ ਵਿਚ ਕਿਹਾ ਜਾਂਦਾ ਹੈ) ਸਟੇਟ, ਆਰਥਿਕਤਾ, ਸੱਭਿਆਚਾਰ ਜਾਂ ਸਮਾਜਿਕ ਜੀਵਨ ਦਾ ਕਾਰੋਬਾਰ ਨਹੀਂ ਚਲਾਉਂਦੀ।

ਆਮ ਗੰਧਲੇਪਣ ਦੇ ਇਸ ਸਿਸਟਮ ਵਿਚ ਕਿਸੇ ਹੋਰ ਤਾਕਤ ਨੇ ਸਿਆਸੀ ਅਗਵਾਈ ਦੀਆਂ ਮੁੱਖ ਸਥਿੱਤੀਆਂ ਉੱਤੇ ਕਬਜ਼ਾ ਕਰ ਲਿਆ ਹੈ। ਇਹ ਤਾਕਤ ਬੁੱਧੀਜੀਵੀ ਤਬਕੇ ਵਿਚੋਂ ਸਿਆਸੀ ਨੌਕਰਸ਼ਾਹਾਂ ਅਤੇ ਟੈਕਨੋਕ੍ਰੇਟਾਂ ਦੀ ਇਕ ਨਵੀਂ ਜਾਤੀ ਹੈ ਜਿਹੜੀ ਸਰਮਾਏਦਾਰ ਬਣ ਗਈ ਹੈ, ਮਜ਼ਦੂਰ ਅਫਸਰਸ਼ਾਹੀ ਬਣ ਗਈ ਹੈ। ਇਹ ਕਿਸੇ ਵੀ ਪ੍ਰੋਲੇਤਾਰੀਅਨ ਨੈਤਿਕਤਾ ਤੋਂ ਦੂਰ ਹੈ, ਅਤੇ ਇਸ ਉੱਤੇ ਕੋਈ ਵੀ ਸਿਆਸੀ ਜ਼ਾਬਤਾ (ਕੰਟਰੋਲ) ਨਹੀਂ ਰੱਖਿਆ ਜਾਂਦਾ।

ਇਹ ਨਵਾਂ ਨੌਕਰਸ਼ਾਹ ਤਬਕਾ ਆਪਣੇ ਆਪ ਨੂੰ ਸਟੇਟਵਾਦੀ-ਨੌਕਰਸ਼ਾਹੀ ਦਾ ਦੁਸ਼ਮਣ ਕਹਿਕੇ ਮਸ਼ਹੂਰੀ ਕਰਦਾ ਹੈ, ਭਾਵੇਂ ਕਿ ਇਹ ਖ਼ੁਦ ਬਹੁਤ ਹੀ ਖ਼ਤਰਨਾਕ ਨੌਕਰਸ਼ਾਹੀ ਹੈ ਜੋ ਇਕ ਅਜੇਹੇ ਵਿਕੇਂਦ੍ਰਿਤ ਆਰਥਿਕ ਸਿਸਟਮ ਵਿਚ ਪਲ ਰਹੀ ਅਤੇ ਮਜ਼ਬੂਤ ਹੋ ਰਹੀ ਹੈ, ਜਿਹੜਾ ਸਿਸਟਮ ਨਿੱਜੀ ਜਾਇਦਾਦ ਦੀ ਰਖਵਾਲੀ ਅਤੇ ਉੱਨਤੀ ਕਰਦਾ ਹੈ।

ਬਦਨਿਜ਼ਾਮੀ-ਸੰਘਵਾਦ ਦੀ ਵਿਚਾਰਧਾਰਾ ਉੱਤੇ ਅਧਾਰਤ "ਮਜ਼ਦੂਰਾਂ ਦੇ ਸਵੈ-ਪ੍ਰਸ਼ਾਸਨ" ਨੇ ਰੀਪਬਲਿਕਨ ਕੌਮਪ੍ਰਸਤੀ ਨੂੰ ਜਨਮ ਦਿੱਤਾ ਹੈ ਜਿਸ ਨੇ ਆਪਣੇ ਸੌੜੇ ਹਿੱਤਾਂ ਦੀ ਰਖਵਾਲੀ ਕਰਨ ਲਈ ਵਿਸ਼ੇਸ਼ ਕਾਨੂੰਨ ਅਤੇ ਨਿਯਮ ਵੀ ਘੜ ਲਏ ਹਨ। ਰੀਪਬਲਿਕਾਂ ਦੀ ਆਰਥਿਕ ਇਜਾਰੇਦਾਰੀ ਜੋ ਉਹਨਾਂ ਦੇ ਕਾਰਖ਼ਾਨਿਆਂ ਅਤੇ ਟਰੱਸਟਾਂ ਦੀ ਇਜਾਰੇਦਾਰੀ ਹੈ, ਅਸਲ ਵਿਚ, ਇਕ ਸਿਆਸੀ ਤਾਕਤ ਵਿਚ, ਇਕ ਰੀਪਬਲਿਕਨ ਕੌਮਪ੍ਰਸਤੀ ਵਿਚ ਬਦਲ ਗਈ, ਜੋ ਕੌਮਪ੍ਰਸਤੀ ਸਿਰਫ਼ ਹਰ ਰੀਪਬਲਿਕ ਵਿਚ ਹੀ ਨਹੀਂ, ਸਗੋਂ ਹਰ ਖੇਤਰ, ਹਰ ਕਮਿਊਨ ਅਤੇ ਹਰ ਕਾਰਖ਼ਾਨੇ ਵਿਚ ਵੀ ਪ੍ਰਗਟ ਹੈ। ਹਰ ਕੋਈ, ਵਿਅਕਤੀਗਤ ਤੌਰ ਤੇ ਅਤੇ ਇਕ ਗਰੁੱਪ ਅਤੇ ਇਕ ਰੀਪਬਲਿਕ ਦੇ ਤੌਰ ਤੇ, ਦੂਸਰਿਆਂ ਦੀ ਕੀਮਤ ਤੇ ਆਪਣੇ-ਆਪ ਨੂੰ ਬੜੀ ਤੇਜ਼ੀ ਨਾਲ ਹਰ ਹੀਲੇ ਧਨਾਢ ਬਣਾਉਣ ਲਈ ਲੜ ਰਿਹਾ ਹੈ।

ਯੂਗੋਸਲਾਵੀਆ ਵਿਚ ਬੁਰਜ਼ੂਆ ਕੌਮਪ੍ਰਸਤੀ ਮਜ਼ਬੂਤੀ ਨਾਲ ਸਥਾਪਿਤ ਹੋ ਗਈ ਹੈ ਅਤੇ "ਏਕਤਾ-ਭਾਈਚਾਰੇ" ਦਾ ਨਾਹਰਾ, ਜਿਹੜਾ ਕੌਮੀ-ਮੁਕਤੀ ਜੰਗ ਦੁਰਾਨ ਇਕ ਸਹੀ ਨਾਹਰਾ ਸੀ ਜਦ ਉਹ ਵਿਦੇਸ਼ੀ ਧਾੜਵੀਆਂ ਅਤੇ ਸਥਾਨਿਕ ਪਿਛਾਖੜ ਦੇ ਵਿਰੁੱਧ ਮਾਰਕਸਵਾਦ-ਲੈਨਿਨਵਾਦ ਉੱਤੇ ਅਧਾਰਿਤ ਇਕ ਨਵੇਂ ਸਮਾਜਵਾਦੀ ਸਮਾਜ ਵਾਸਤੇ ਲੜ ਰਹੇ ਸਨ, ਇਹ ਨਾਹਰਾ ਵਰਤਮਾਨ ਯੂਗੋਸਲਾਵ ਸਿਸਟਮ ਵਿਚ ਇਕ ਥੋਥਾ ਨਾਹਰਾ ਰਹਿ ਗਿਆ ਹੈ, ਕਿਉਂਕਿ ਵਰਤਮਾਨ ਸਿਸਟਮ ਹਰ ਚੀਜ਼ ਨੂੰ ਵੰਡਦਾ ਅਤੇ ਦੁਫੇੜਾਂ ਪਾਉਂਦਾ ਹੈ। ਲੋਕਾਂ, ਕੌਮਾਂ ਅਤੇ ਕੌਮੀਅਤਾਂ, ਰੀਪਬਲਿਕਾਂ ਅਤੇ ਖੇਤਰਾਂ ਦਾ "ਏਕਤਾ-ਭਾਈਚਾਰਾ" ਸਿਰਫ਼ ਇਕ ਅਸਲੀ ਸਮਾਜਵਾਦੀ ਸਿਸਟਮ ਵਿਚ ਹੀ ਸਾਕਾਰ ਹੋ ਸਕਦਾ ਹੈ ਜਿਸ ਦੀ ਰਾਹਨੁਮਾਈ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਕਰਦੀ ਹੋਵੇ।

ਯੂਗੋਸਲਾਵ ਫੈਡਰਲ ਯੂਨੀਅਨ ਮਾਰਕਸਵਾਦੀ-ਲੈਨਿਨਵਾਦੀ ਨੀਹਾਂ ਉੱਤੇ ਨਹੀਂ ਸੀ ਉਸਾਰੀ ਗਈ, ਇਸ ਲਈ ਸੁਭਾਵਿਕ ਹੀ ਕੌਮੀ ਵਿਰੋਧਤਾਈਆਂ ਉਠਣੀਆਂ ਸਨ ਜੋ ਕਿ ਅਸਲੀਅਤ ਵਿਚ ਉੱਠੀਆਂ। ਸਿਸਟਮ ਖ਼ੁਦ ਇਹਨਾਂ ਵਿਰੋਧਤਾਈਆਂ ਦਾ ਪਾਲਕੀ-ਬਰਦਾਰ ਹੈ ਅਤੇ ਕੌਮਾਂ ਅਤੇ ਕੌਮੀਅਤਾਂ, ਰੀਪਬਲਿਕਾਂ ਅਤੇ ਖੇਤਰਾਂ ਵਿਚਕਾਰ ਅਲੱਗਤਾ ਨੂੰ ਪਾਲਦਾ ਹੈ।

ਵਿਸ਼ਵ ਪੂੰਜੀਵਾਦ ਤੋਂ ਲਏ ਗਏ ਭਾਰੀ ਉਧਾਰਾਂ ਨੇ ਵੀ ਇਸ ਦਿਸ਼ਾ ਵੱਲ ਕੰਮ ਕੀਤਾ। ਇਹਨਾਂ ਉਧਾਰਾਂ ਦੀ, ਸੱਤਾਧਾਰੀ ਜਾਤੀ ਦੇ ਬੁਰਜ਼ੂਆ ਅਹੰਕਾਰੀ ਸਵਾਦਾਂ ਦੀ ਪੂਰਤੀ ਲਈ ਵਰਤੋਂ ਨੇ ਅਤੇ ਬਿਨਾਂ ਕਿਸੇ ਤਰਕ ਤੋਂ, ਵੱਖ-ਵੱਖ ਰੀਪਬਲਿਕਾਂ ਵਿਚਕਾਰ ਇਹਨਾਂ ਦੀ ਨਾ-ਬਰਾਬਰ ਵੰਡ ਨੇ ਰੀਪਬਲਿਕਾਂ ਅਤੇ ਖੇਤਰਾਂ ਵਿਚਕਾਰ ਵੱਡੀਆਂ ਆਰਥਿਕ ਅਤੇ ਸਮਾਜੀ ਨਾ-ਬਰਾਬਰੀਆਂ ਪੈਦਾ ਕੀਤੀਆਂ ਜਿਨ੍ਹਾਂ ਨਾਲ ਕੌਮੀ ਵਿਰੋਧਤਾਈਆਂ ਹੋਰ ਵੀ ਤਿੱਖੀਆਂ ਹੋ ਗਈਆਂ।

"ਸਵੈ-ਪ੍ਰਸ਼ਾਸਨ" ਦਾ ਸਿਸਟਮ ਜ਼ਿਆਦਾ ਦੇਰ ਨਾ ਟਿਕਦਾ ਅਗਰ ਦੋ ਤੱਤ ਇਸ ਦੀ ਮਦਦ ਨਾ ਕਰਦੇ : ਇਕ, ਯੂਗੋਸਲਾਵ ਲੀਡਰਾਂ ਦਾ ਸੋਵੀਅਤ-ਵਿਰੋਧ ਜੋ ਮਾਰਕਸਵਾਦ ਦੀ ਵਿਰੋਧਤਾ ਅਤੇ ਲੈਨਿਨਵਾਦ ਦੀ ਵਿਰੋਧਤਾ ਤੋਂ ਸਿਵਾ ਕੁੱਝ ਨਹੀਂ ਸੀ, ਜਿਸ ਨਾਲ ਇਹਨਾਂ ਨੇ ਸਮੁੱਚੇ ਵਿਸ਼ਵ ਪਿਛਾਖੜ ਦੀ ਸਿਆਸੀ ਹਮਾਇਤ ਹਾਸਲ ਕੀਤੀ, ਅਤੇ ਦੂਸਰਾ, ਪੂੰਜੀਵਾਦੀ ਦੇਸ਼ਾਂ ਵਲੋਂ ਵੱਡੇ ਉਧਾਰਾਂ ਰਾਹੀਂ ਦਿੱਤੀ ਗਈ ਸਰਵ-ਪੱਖੀ ਆਰਥਿਕ ਮਦਦ। ਫਿਰ ਵੀ, ਇਹ ਦੋ ਤੱਤ ਇਸ ਸਮਾਜਵਾਦ-ਵਿਰੋਧੀ ਸਿਸਟਮ ਨੂੰ ਬਚਾ ਨਾ ਸਕੇ। ਉਲਟਾ, ਇਹਨਾਂ ਨੇ ਇਸ ਸਿਸਟਮ ਨੂੰ ਹੋਰ ਵਧੇਰੇ ਕਮਜ਼ੋਰ ਕੀਤਾ ਹੈ ਅਤੇ ਇਸ ਨੂੰ ਆਰਥਿਕ ਅਤੇ ਸਿਆਸੀ ਦਿਵਾਲੇ ਵੱਲ ਧੱਕ ਦਿੱਤਾ ਹੈ।

ਕਾਰਦੇਲ ਅਤੇ ਟੀਟੋ ਨੇ ਇਸ ਸਿਸਟਮ ਦੀ ਨਕਾਮਯਾਬੀ ਅਤੇ ਇਸ ਤੋਂ ਜਨਮੀਆਂ ਸਭ ਬੁਰਾਈਆਂ ਦਾ ਦੋਸ਼, ਸਿਸਟਮ ਨੂੰ ਠੀਕ ਢੰਗ ਨਾਲ "ਸੰਪੰਨ ਬਣਾਉਣ ਵਿਚ ਅਸਫਲਤਾ" ਉੱਤੇ ਅਤੇ ਮਿਹਨਤਕਸ਼ ਲੋਕਾਂ ਦੀ ਚੇਤਨਤਾ "ਦੇ ਨੀਵੇਂ ਪੱਧਰ" ਉੱਤੇ ਅਤੇ ਨੌਕਰਸ਼ਾਹੀ ਦੀ ਹੋਂਦ, ਆਦਿ ਉੱਤੇ ਮੜ੍ਹਿਆ। ਉਹਨਾਂ ਨੇ ਆਪਣੇ ਸਮਾਜਵਾਦ-ਵਿਰੋਧੀ ਸਿਸਟਮ ਦੇ ਦਿਵਾਲੇ ਨੂੰ ਪਛਾਣ ਤਾਂ ਲਿਆ, ਲੇਕਿਨ ਉਹ ਪਿਛੇ ਮੁੜਨ ਦੇ ਨਕਾਬਿਲ ਸਨ। ਇਸ ਲਈ, ਟੀਟੋ ਨੇ ਆਪਣੇ ਜੀਵਨ-ਕਾਲ ਵਿਚ, ਆਪਣੀ ਮੌਤ ਤੋਂ ਬਾਅਦ ਦੇ ਸਮੇਂ ਦੌਰਾਨ ਫੈਡਰੇਸ਼ਨ ਅਤੇ ਰੀਪਬਲਿਕਾਂ ਦੀ ਅਗਵਾਈ ਲਈ ਜੋ ਉਪਾਓ ਮਿਥ ਦਿੱਤੇ ਸਨ ਉਹ ਸਭ ਉਪਾਓ ਸਿਰਫ਼ ਢਾਰਸ ਦੇਣ ਲਈ ਹੀ ਸਨ। "ਸਵੈ-ਪ੍ਰਸ਼ਾਸਨ" ਬਾਰੇ ਸ਼ੋਰ-ਸ਼ਰਾਬਾ ਟੀਟੋ ਅਤੇ ਕਾਰਦੇਲ ਦੇ ਨਾਲ ਹੀ ਅਲੋਪ ਹੋ ਗਿਆ। ਟੀਟੋ ਦੇ ਵਾਰਿਸ ਸ਼ਸ਼ੋ-ਪੰਜ 'ਚ

ਫਸੇ ਹੋਏ ਹਨ ਅਤੇ ਉਹਨਾਂ ਨੂੰ ਇਹ ਪਤਾ ਨਹੀਂ ਲੱਗ ਰਿਹਾ ਕਿ ਦੇਸ਼ ਨੂੰ ਮੁਸ਼ਕਲਾਂ ਵਿਚੋਂ ਕੱਢਣ ਲਈ ਕਿਧਰ ਨੂੰ ਮੁੜਿਆ ਜਾਵੇ। ਹੁਣ ਟੀਟੋਵਾਦੀ ਯੁਗੋਸਲਾਵੀਆ ਆਪਣੇ ਉਪਕਰਣਾਂ ਅਤੇ ਮਹਾਂ-ਉਪਕਰਣਾਂ ਦੇ ਇਕ ਵਿਸ਼ਾਲ ਘੋਰ ਸੰਕਟ ਵਿਚ, ਇਕ ਆਰਥਿਕ ਅਤੇ ਸਿਆਸੀ-ਨੈਤਿਕ ਸੰਕਟ ਵਿਚ ਫਸਿਆ ਹੋਇਆ ਹੈ।

**ਸੋਵੀਅਤ ਸੋਧਵਾਦ, ਨਵ-ਸੋਧਵਾਦ ਦਾ ਸਭ ਤੋਂ ਵਧੇਰੇ ਖ਼ਤਰਨਾਕ ਰੁਝਾਨ ਰਿਹਾ ਹੈ ਅਤੇ ਅੱਜ ਵੀ ਹੈ।** ਇਸ ਨੇ, ਸੋਧਵਾਦ ਦੇ ਹੋਰ ਕਿਸੇ ਵੀ ਰੁਝਾਨ ਨਾਲੋਂ ਜ਼ਿਆਦਾ ਆਪਣੇ ਸਮਾਜਵਾਦੀ ਬੁਰਕੇ ਅਤੇ ਲੈਨਿਨਵਾਦੀ ਮੁਹਾਵਰੇ-ਬਾਜ਼ੀ ਨੂੰ ਕਾਇਮ ਰੱਖਿਆ ਹੈ ਤਾਂ ਜੋ ਇਹ ਸੋਵੀਅਤ ਯੂਨੀਅਨ ਦੀ ਅਜੋਕੀ ਅਸਲੀਅਤ ਅਤੇ ਆਪਣੀ ਧਾੜਵੀ ਵਿਦੇਸ਼-ਨੀਤੀ ਉੱਤੇ ਪਰਦਾ ਪਾ ਸਕੇ। ਇਹ ਇਕ ਉਹ ਸੋਧਵਾਦ ਹੈ ਜਿਸ ਨੇ ਇਕ ਅਜੇਹੇ ਦੇਸ਼ ਵਿਚ ਸੱਤਾ ਹਥਿਆਈ ਹੈ ਜੋ ਦੇਸ਼ ਇਕ ਵੱਡੀ ਤਾਕਤ ਹੈ ਅਤੇ ਜਿਸ ਕੋਲ ਦੁਨੀਆਂ ਵਿਚ ਆਪਣਾ ਪ੍ਰਭਾਵ ਪਾਉਣ ਲਈ, ਬਹੁਤ ਸਾਰੀਆਂ ਦਿਸ਼ਾਵਾਂ ਵਿਚ ਅਤੇ ਵਿਸ਼ਾਲ ਪੱਧਰ ਤੇ ਕਾਰਵਾਈ ਕਰਨ ਲਈ ਚੋਖੇ ਸਾਧਨ ਅਤੇ ਸੰਭਾਵਨਾਵਾਂ ਹਨ।

• ਹੋਰ ਸੋਧਵਾਦੀ ਰੁਝਾਨਾਂ ਦੀ ਤਰ੍ਹਾਂ ਹੀ, ਖਰੁਸਚਵੀ ਸੋਧਵਾਦ ਦੀ ਵੀ ਜਨਮ ਅਤੇ ਵਿਕਾਸ ਦੀ ਆਪਣੀ ਹੀ ਵਿਧੀ ਹੈ ਜਿਸ ਰਾਹੀਂ ਇਹ ਮੁਕੰਮਲ ਸੋਧਵਾਦ ਦੀ ਵਰਤਮਾਨ ਸ਼ਕਲ ਵਿਚ ਪਹੁੰਚਾ ਹੈ ਜਿਥੇ ਇਹ ਮਾਰਕਸਵਾਦੀ ਸਿਧਾਂਤ ਅਤੇ ਸਮਾਜਵਾਦੀ ਅਮਲ ਦੇ ਸਭ ਮਸਲਿਆਂ ਨੂੰ ਤੋੜ-ਮਰੋੜ ਕੇ ਪੇਸ਼ ਕਰਦਾ ਹੈ। ਇਕ ਸਮਾਜਿਕ ਘਟਨਾ ਦੇ ਤੌਰ ਤੇ, ਖਰੁਸਚਵੀ ਸੋਧਵਾਦ ਦੇ ਆਪਣੇ ਹੀ ਵਿਚਾਰਧਾਰਕ, ਸਮਾਜਿਕ ਅਤੇ ਇਤਿਹਾਸਕ ਜੜ੍ਹਾਂ ਅਤੇ ਕਾਰਨ ਵੀ ਹਨ।

ਪਾਰਟੀ ਆਫ਼ ਲੇਬਰ ਆਫ਼ ਅਲਬਾਨੀਆਂ ਨੇ ਇਹਨਾਂ ਕਾਰਨਾਂ ਦਾ ਇਕ ਗਹਿਰਾ ਮਾਰਕਸਵਾਦੀ ਵਿਸ਼ਲੇਸ਼ਣ ਕੀਤਾ ਹੈ। ਇਸ ਨੇ, ਇਸ ਵਿਸ਼ਲੇਸ਼ਣ ਤੋਂ ਨਤੀਜੇ ਕੱਢੇ ਹਨ ਅਤੇ ਸਾਡੇ ਦੇਸ਼ ਵਿਚ ਅਜੇਹੀ ਪਿਛੇ-ਮੋੜੂ ਘਟਨਾ ਦਾ ਰਾਹ ਰੋਕਣ ਲਈ ਬਹੁਤ ਸਾਰੇ ਉਪਾਓ ਕੀਤੇ ਹਨ। ਫਿਰ ਵੀ, ਸਾਨੂੰ ਇਸ ਮਸਲੇ ਵਿਚ ਹਮੇਸ਼ਾਂ ਹੀ ਡੂੰਘੇਰੇ ਜਾਂਦੇ ਰਹਿਣਾ ਚਾਹੀਦਾ ਹੈ ਤਾਂ ਜੁ ਇਹ ਯਕੀਨੀ ਬਣਾਇਆ ਜਾ ਸਕੇ ਕਿ ਸੋਧਵਾਦ ਅਲਬਾਨੀਆ ਵਿਚ ਕਦੇ ਵੀ ਆਪਣੇ ਪੈਰ ਨਾ ਜਮਾ ਸਕੇ।

ਸ਼ੁਰੂ ਤੋਂ ਹੀ, ਖਰੁਸਚਵ ਜੁੰਡੀ ਨੇ ਆਪਣੇ ਮੁੱਖ ਕਾਰਜ ਦੇ ਤੌਰ ਤੇ ਪ੍ਰੋਲੇਤਾਰੀਆ ਦੀ ਡਿਕਟੇਟਰਸ਼ਿਪ ਦਾ ਖ਼ਾਤਮਾ ਕਰਨ, ਸਮਾਜਵਾਦੀ ਸਮਾਜ ਦੀਆਂ ਜੜ੍ਹਾਂ ਵੱਢਣ, ਸੋਵੀਅਤ ਯੂਨੀਅਨ ਨੂੰ ਪੂੰਜੀਵਾਦੀ ਰਾਹ ਉੱਤੇ ਲਿਜਾਣ ਅਤੇ ਇਸ ਨੂੰ ਇਕ ਸਾਮਰਾਜੀ ਮਹਾਂਸ਼ਕਤੀ ਵਿਚ ਬਦਲਣ ਦੇ ਕਾਰਜ ਦਾ ਬੀੜਾ ਚੁੱਕਿਆ। ਸੋਵੀਅਤ ਯੂਨੀਅਨ ਵਿਚ ਆਈ ਇਹ ਮਹਾਂ ਉਲਟ-ਇਨਕਲਾਬੀ ਤਬਦੀਲੀ ਹੁਣ ਅਸੀਂ ਪ੍ਰਤੱਖ ਦੇਖ ਸਕਦੇ ਹਾਂ। ਸਿਰਫ਼ ਬੁਰਜੁਆਜ਼ੀ ਅਤੇ ਸਾਮਰਾਜਵਾਦ ਹੀ ਇਸ ਨੂੰ ਕਮਿਊਨਿਸਟ ਦੇਸ਼ ਕਹਿ ਕੇ ਮਸ਼ਹੂਰ ਕਰਦੇ ਹਨ। ਅਜੋਕੇ ਪੂੰਜੀਵਾਦੀ ਸੋਵੀਅਤ ਯੂਨੀਅਨ ਨੂੰ ਇਕ ਸਮਾਜਵਾਦੀ ਦੇਸ਼ ਦੇ ਤੌਰ ਤੇ ਪੇਸ਼ ਕਰਕੇ, ਉਹ ਮਾਰਕਸਵਾਦ-ਲੇਨਿਨਵਾਦ ਅਤੇ ਅਸਲੀ ਸਮਾਜਵਾਦ ਨੂੰ ਬਦਨਾਮ ਕਰਨਾ ਚਾਹੁੰਦੇ ਹਨ।

ਖਰੁਸਚਵੀ ਸੋਧਵਾਦ, ਸਟੇਟ ਪੂੰਜੀਵਾਦ ਦੀ ਵਿਚਾਰਧਾਰਾ ਅਤੇ ਨੀਤੀ ਹੈ ਜਿਸ ਦੀ ਦੇਸ਼ ਦੇ ਸਮੁੱਚੇ ਜੀਵਨ ਉੱਤੇ ਚੌਧਰ ਹੈ। ਇਹ ਸੁਭਾਵਿਕ ਸੀ ਕਿ ਸੋਵੀਅਤ ਯੂਨੀਅਨ ਦਾ ਪੂੰਜੀਵਾਦ ਵੱਲ ਮੋੜਾ ਆਪਣੇ ਹੀ ਵਿਸ਼ੇਸ਼ ਲੱਛਣ ਅਖਤਿਆਰ ਕਰੇ, ਅਤੇ ਉਥੇ ਪੂੰਜੀਵਾਦ ਵੀ ਵਿਸ਼ੇਸ਼ ਸ਼ਕਲਾਂ ਅਖਤਿਆਰ ਕਰਨ ਤੋਂ ਬਿਨਾਂ ਨਹੀਂ ਸੀ ਰਹਿ ਸਕਦਾ। ਇਹ ਵਿਸ਼ੇਸ਼ ਲੱਛਣ ਅਤੇ ਸ਼ਕਲਾਂ ਇਸ ਸਚਾਈ ਕਰਕੇ ਹਨ ਕਿ ਉਸ ਦੇਸ਼ ਵਿਚ ਪੂੰਜੀਵਾਦ, ਸਮਾਜਵਾਦ ਦਾ ਤਖ਼ਤਾ ਉਲਟਾਉਣ ਦੇ ਸਿੱਟੇ ਵਜੋਂ, ਇਕ ਉਲਟ-ਗੇੜ ਵਿਧੀ ਦੇ ਸਿੱਟੇ ਵਜੋਂ ਮੁੜ-ਸਥਾਪਿਤ ਕੀਤਾ ਗਿਆ ਸੀ, ਜਦਕਿ ਕਲਾਸਕੀ ਕਿਸਮ ਦੇ ਪੂੰਜੀਵਾਦੀ ਦੇਸ਼ਾਂ ਵਿਚ ਪੂੰਜੀਵਾਦ, ਜਗੀਰੂਵਾਦ ਨੂੰ ਹਟਾ ਕੇ ਹੋਂਦ ਵਿਚ ਆਇਆ ਸੀ।

ਇਸ ਕਿਸਮ ਦੇ ਪੂੰਜੀਵਾਦ ਦੀ ਬੁਨਿਆਦੀ ਵਿਸ਼ੇਸ਼ਤਾ ਇਹ ਹੈ ਕਿ ਏਥੇ ਜਾਇਦਾਦ, ਜਥੇਬੰਦੀ ਅਤੇ ਬੰਦੋਬਸਤ ਦੀਆਂ ਬਹੁਤ ਸਾਰੀਆਂ ਸਮਾਜਵਾਦੀ ਸ਼ਕਲਾਂ ਬਰਕਰਾਰ ਰੱਖੀਆਂ ਗਈਆਂ ਹਨ ਜਦ ਕਿ ਇਹਨਾਂ ਦੇ ਤੱਤ ਵਿਚ ਮੁਕੰਮਲ ਉਲਟ-ਗੇੜ ਲਿਆਂਦੇ ਗਏ ਹਨ। ਅੱਜ ਸੋਵੀਅਤ ਯੂਨੀਅਨ ਵਿਚ ਉਤਪਾਦਨ ਦੇ ਸਾਧਨ, ਦਰਅਸਲ, ਸਟੇਟ ਪੂੰਜੀਵਾਦੀ, ਜਾਂ ਸਹਿਕਾਰੀ ਪੂੰਜੀਵਾਦੀ ਜਾਇਦਾਦ ਹਨ, ਕਿਉਂਕਿ ਇਹ ਸੱਤਾਧਾਰੀ ਨਵੀਂ ਬੁਰਜੂਆ ਜਮਾਤ ਦੇ ਹਿੱਤਾਂ ਲਈ ਵਰਤੇ ਜਾਂਦੇ ਹਨ, ਅਤੇ ਕਿਉਂਕਿ ਇਹੀ ਜਮਾਤ ਹੈ ਜਿਹੜੀ ਮਜ਼ਦੂਰਾਂ ਅਤੇ ਕਿਸਾਨਾਂ ਦੀ ਕ੍ਰਿਤ ਨੂੰ ਲੁੱਟਦੀ ਹੈ।

ਸਾਬਕਾ ਕਾਨੂੰਨ, ਰਵਾਇਤਾਂ ਅਤੇ ਅਮਲ ਦੀ ਜਗ੍ਹਾ ਨਵਿਆਂ ਨੇ ਲੈ ਲਈ ਹੈ ਜਿਹੜੇ ਸਟੇਟ ਨੌਕਰਸ਼ਾਹੀ ਅਤੇ ਪਾਰਟੀ ਦੀ ਨੌਕਰਸ਼ਾਹੀ ਨੂੰ ਆਪਣੀ ਮਨ-ਮਰਜ਼ੀ ਕਰਨ ਦਾ ਅਧਿਕਾਰ ਦਿੰਦੇ ਹਨ। ਉਹਨਾਂ ਨੂੰ, ਆਰਥਿਕ ਸੁਧਾਰਾਂ ਦੇ ਅਧਾਰ ਤੇ ਦਿੱਤੇ ਗਏ ਨਵੇਂ ਅਧਿਕਾਰ, ਵੱਖ-ਵੱਖ ਆਗੂ ਤਬਕਿਆਂ ਦੀਆਂ ਆਮਦਨਾਂ ਅਤੇ ਸਹੂਲਤਾਂ ਵਧਾਉਣ ਲਈ, ਉਹਨਾਂ ਦੀ ਸੱਤਾ ਨੂੰ ਬਰਕਰਾਰ ਰੱਖਣ ਅਤੇ ਮਜ਼ਦੂਰ ਜਮਾਤ ਅਤੇ ਮਿਹਨਤਕਸ਼ ਲੋਕਾਂ ਦੀਆਂ ਬਗ਼ਾਵਤਾਂ ਤੋਂ ਬਚਾਉਣ ਲਈ ਵਰਤੇ ਗਏ।

ਇਹ ਤਾਂ ਠੀਕ ਹੈ, ਕਿ ਸਟੇਟ ਮਲਕੀਅਤ ਕਾਇਮ ਰਹੀ ਅਤੇ ਕਾਰਖ਼ਾਨੇ ਨਿੱਜੀ ਮਾਲਕਾਂ ਨੂੰ ਨਹੀਂ ਦਿੱਤੇ ਗਏ, ਖੇਤੀ ਕੋਆਪ੍ਰੇਟਿਵਾਂ ਸਹਿਕਾਰੀ ਆਰਥਿਕਤਾ ਬਣੀਆਂ ਰਹੀਆਂ ਅਤੇ ਬੈਂਕਾਂ ਸ਼ੇਅਰ-ਹੋਲਡਰਾਂ ਨੂੰ ਨਹੀਂ ਦਿੱਤੀਆਂ ਗਈਆਂ, ਲੇਕਿਨ ਜੋ ਕੁੱਝ ਤਬਦੀਲ ਕੀਤਾ ਗਿਆ ਉਹ ਸੀ ਸਮਾਜਿਕ ਉਤਪਾਦਨ ਦਾ ਵਿਤਰਣ (ਵੰਡ) ਅਤੇ ਮਲਕੀਅਤ।

ਬੇਸ਼ੱਕ ਇਹ ਦਾਵ੍ਹਾ ਕੀਤਾ ਜਾਂਦਾ ਕਿ ਕੰਮ ਮੁਤਾਬਿਕ ਉਜਰਤ ਦਾ ਅਸੂਲ ਲਾਗੂ ਕੀਤਾ ਜਾ ਰਿਹਾ ਹੈ, ਲੇਕਿਨ ਅਸਲੀਅਤ ਵਿਚ ਨਵੀਂ ਬੁਰਜੁਆਜ਼ੀ ਦੇ ਵੱਖ-ਵੱਖ ਗਰੁੱਪ, ਮਜ਼ਦੂਰਾਂ ਅਤੇ ਕਿਸਾਨਾਂ ਵੱਲੋਂ ਪੈਦਾ ਕੀਤੀ ਗਈ ਵਾਧੂ ਕਦਰ ਨੂੰ ਲੁੱਟਦੇ ਹਨ। ਇਹ ਸਾਰੀ ਡਕੈਤੀ ਨੂੰ ਇਕ ਪਦਾਰਥਿਕ ਉਤਸ਼ਾਹ ਦੇ ਤੌਰ ਤੇ ਪੇਸ਼ ਕੀਤਾ ਜਾ ਰਿਹਾ ਹੈ ਜਿਸਦਾ ਕਥਿਤ ਮਨੋਰਥ ਉਤਪਾਦਕ ਕੰਮ, ਵਿਗਿਆਨਕ ਕੰਮ, ਕਲਾਕਾਰੀ, ਸਿਰਜਨਾਤਮਕਤਾ, ਆਦਿ, ਨੂੰ ਉਤਸ਼ਾਹ ਦੇਣਾ ਹੈ। ਅਸਲੀਅਤ ਵਿਚ, ਇਹ ਨਮੂਨੇ ਦੀ ਪੂੰਜੀਵਾਦੀ ਲੁੱਟ ਹੈ।

ਪੂੰਜੀਵਾਦ ਦੀ ਮੁੜ-ਸਥਾਪਨਾ ਦਾ ਰਾਹ ਖੋਲ੍ਹਣ ਲਈ, ਖਰੁਸਚਵੀ ਸੋਧਵਾਦੀਆਂ ਨੇ, ਵਸਤੂ ਉਤਪਾਦਨ ਅਤੇ ਸਮਾਜਵਾਦ ਵਿਚ ਕਦਰ ਦੇ ਨਿਯਮ ਦੀ ਕਾਰਵਾਈ ਮੁਤੱਲਕ ਮਾਰਕਸਵਾਦੀ-ਲੈਨਿਨਵਾਦੀ ਸਿਧਾਂਤ ਦੇ ਬੁਨਿਆਦੀ ਥੀਸੱਸਾਂ ਉੱਤੇ ਹਮਲਾ ਕੀਤਾ। ਸਿਧਾਂਤ ਅਤੇ ਅਮਲ ਵਿਚ ਉਹਨਾਂ ਨੇ ਸਮਾਜਵਾਦੀ ਵਸਤੂ ਉਤਪਾਦਨ ਨੂੰ ਪੂੰਜੀਵਾਦੀ ਉਤਪਾਦਨ ਦੇ ਤੁੱਲ ਮੰਨਿਆਂ। ਇਸ ਅਧਾਰ ਉੱਤੇ, ਉਹਨਾਂ ਨੇ ਸਮੁੱਚਾ ਆਰਥਿਕ ਢਾਂਚਾ ਬਦਲ ਦਿੱਤਾ। ਸਹਿਜੇ-ਸਹਿਜੇ, ਆਰਥਿਕ ਅਦਾਰੇ ਅਤੇ ਬਹੁਤ ਸਾਰੀਆਂ ਸੰਸਥਾਵਾਂ ਵੀ, ਸਟੇਟ ਯੋਜਨਾਵਾਂ ਤੋਂ ਵਧੇਰੇ ਸੁਤੰਤਰ ਹੁੰਦੀਆਂ ਗਈਆਂ। ਵੱਖ-ਵੱਖ ਸੰਸਥਾਵਾਂ ਅਤੇ ਅਦਾਰਿਆਂ ਦੇ ਡਾਇਰੈਕਟਰਾਂ ਨੂੰ ਬੇਹੱਦ ਤਾਕਤਾਂ ਅਤੇ ਅਧਿਕਾਰ ਦੇ ਦਿੱਤੇ ਗਏ ਜਿਹਨਾਂ ਨਾਲ ਉਹ ਉਤਪਾਦਨ ਨੂੰ ਦਿਸ਼ਾਮਾਨ ਕਰ ਸਕਦੇ ਅਤੇ ਆਪਣੇ ਹਿੱਤਾਂ ਲਈ ਵਰਤ ਸਕਦੇ ਹਨ, ਲੋਕਾਂ ਨੂੰ ਕੰਮ ਤੇ ਲਾ ਸਕਦੇ ਅਤੇ ਮਨਸੂਖ਼ ਕਰ ਸਕਦੇ ਹਨ, ਮੁਨਾਫਿਆਂ ਨੂੰ (ਆਪਿਸ-ਵਿਚ) ਵੰਡ ਸਕਦੇ ਹਨ, ਆਦਿ, ਆਦਿ। ਮੌਜੂਦ ਕਾਰਖ਼ਾਨਿਆਂ ਦੇ ਸਟੇਟ ਵਿੱਤੀਕਰਣ ਉੱਤੇ ਬੰਦਸ਼ਾਂ ਲਾ ਦਿੱਤੀਆਂ ਗਈਆਂ ਅਤੇ ਸਵੈ-ਵਿਤੀਕਰਣ ਅਤੇ ਉਧਾਰਾਂ ਦਾ ਸਹਿਜੇ-ਸਹਿਜੇ ਪਸਾਰਾ ਕਰ ਦਿੱਤਾ ਗਿਆ।

ਸੋਵੀਅਤ ਸੋਧਵਾਦੀਏ ਦਾਅਵਾ ਕਰਦੇ ਹਨ ਕਿ ਉਹਨਾਂ ਦੀ ਆਰਥਿਕਤਾ ਦਾ ਬੰਦੋਬਸਤ ਅਤੇ ਵਿਕਾਸ ਯੋਜਨਾਵਾਂ ਦੇ ਅਧਾਰ ਤੇ, ਕਥਿਤ ਤੌਰ ਤੇ ਜਮਹੂਰੀ ਕੇਂਦਰਵਾਦ ਦੇ ਅਸੂਲ ਮੁਤਾਬਿਕ ਕੀਤਾ ਜਾਂਦਾ ਹੈ। ਲੇਕਿਨ, ਸਟੇਟ ਯੋਜਨਾ ਨੂੰ ਜਿਸ ਤਰ੍ਹਾਂ ਉਹ ਸਿਧਾਂਤ ਵਿਚ ਸਮਝਦੇ ਅਤੇ ਅਮਲ ਵਿਚ ਲਾਗੂ ਕਰਦੇ ਹਨ, ਉਹ ਕਿਸੇ ਤਰ੍ਹਾਂ ਵੀ ਇਕ ਅਸਲੀ ਸਮਾਜਵਾਦੀ ਆਰਥਿਕਤਾ ਦੀ ਯੋਜਨਾ ਨਹੀਂ ਹੋ ਸਕਦੀ। ਸੋਵੀਅਤ ਯੂਨੀਅਨ ਵਿਚ, ਇਜਾਰੇਦਾਰ ਕਿਸਮ ਦਾ ਨੌਕਰਸ਼ਾਹ ਕੇਂਦਰਵਾਦ, ਆਧਾਰ ਵਿਚ ਬੇਹੱਦ ਆਰਥਿਕ ਉਦਾਰਵਾਦ ਦੇ ਨਾਲ-ਨਾਲ ਪਲਦਾ ਹੈ। ਆਰਥਿਕਤਾ ਦੇ ਇਕ ਯੋਜਨਾਬੱਧ ਬੰਦੋਬਸਤ ਦਾ ਵਿਖਾਵਾ ਕੀਤਾ ਜਾਂਦਾ

ਹੈ, ਜਦ ਕਿ ਅਸਲੀਅਤ ਵਿਚ, ਉਤਪਾਦਨ ਦੇ ਪੂੰਜੀਵਾਦੀ ਸੁਭਾ ਦੇ ਆਰਥਿਕ ਨਿਯਮਾਂ ਦੀ ਕਾਰਵਾਈ ਲਈ ਮੈਦਾਨ ਖੁੱਲ੍ਹਾ ਹੈ।

ਪਰਜੀਵਤ ਖਪਤ ਬੇਹੱਦ ਵਧ ਗਈ ਹੈ। ਨਗੂਣੀ ਤਨਖ਼ਾਹ ਦੇ ਅਧਾਰ ਤੇ, ਮਜ਼ਦੂਰਾਂ ਅਤੇ ਨੌਕਰਸ਼ਾਹਾਂ ਅਤੇ ਟੈਕਨੌਕ੍ਰੈਟਾਂ ਦੀਆਂ ਉਜਰਤਾਂ ਵਿਚਕਾਰ ਅਨੁਪਾਤ, ਇਕ ਤੋਂ ਦਸ ਤੱਕ ਹੈ, ਜਦ ਕਿ ਮੁਨਾਫ਼ਿਆਂ ਦੀ ਵੰਡ, ਹਰ ਕਿਸਮ ਦੇ ਭੱਤਿਆਂ. ਅਤੇ ਅਨੇਕਾਂ ਹੀ ਹੋਰ ਰਿਆਇਤਾਂ ਤੋਂ ਆਮਦਨ ਨਾਲ ਤਨਖ਼ਾਹ ਵਿਚ ਵਖਰੇਵਾਂ ਹੋਰ ਵੀ ਜ਼ਿਆਦਾ ਵੱਧ ਜਾਂਦਾ ਹੈ। ਤਨਖ਼ਾਹ ਅਤੇ ਜੀਵਨ ਢੰਗਾਂ ਵਿਚ ਇਹ ਵਖਰੇਵੇਂ ਕਿਸੇ ਵੀ ਤਰ੍ਹਾਂ ਪੂੰਜੀਵਾਦੀ ਦੇਸ਼ਾਂ ਵਿਚਲੇ ਵਖਰੇਵਿਆਂ ਨਾਲੋਂ ਭਿੰਨ ਨਹੀਂ ਹਨ।

ਇਹਨਾਂ ਹਾਲਤਾਂ ਵਿਚ, ਜਦ ਕ੍ਰਿਤ ਸ਼ਕਤੀ ਲਈ ਤਨਖ਼ਾਹ ਦਾ 35-40 ਫ਼ੀਸਦੀ ਇਕ ਵਿਕੇਂਦਰੀ ਢੰਗ ਨਾਲ ਮੁਨਾਫ਼ਿਆਂ ਦੀ ਵੰਡ ਤੋਂ ਬਣਦਾ ਹੈ, ਜਦ ਕੰਮ ਦੇ ਨਿਯਮ ਏਕਤਾਬੱਧ ਨਹੀਂ ਹਨ ਅਤੇ ਇਕ ਵਿਕੇਂਦਰਿਤ ਢੰਗ ਨਾਲ ਲਾਗੂ ਕੀਤੇ ਜਾਂਦੇ ਹਨ, ਜਦ ਨਵੀਂ ਬੁਰਜੁਆਜ਼ੀ ਲਈ ਪਦਾਰਥਿਕ ਉਤਸ਼ਾਹ ਨੂੰ ਪਹਿਲ ਦਿੱਤੀ ਜਾਂਦੀ ਹੈ, ਅਤੇ ਜਦ ਮੁਦਰਾ-ਸਫ਼ੀਤੀ (ਜੋ ਮੁੱਖ ਤੌਰ ਤੇ ਆਰਥਿਕਤਾ ਦੇ ਫੌਜੀਕਰਣ ਤੋਂ ਪੈਦਾ ਹੁੰਦੀ ਹੈ, ਜਿਹੜਾ ਕੌਮੀ ਆਮਦਨ ਦਾ ਇਕ-ਤਿਹਾਈ ਡਕਾਰ ਰਿਹਾ ਹੈ) ਲਗਾਤਾਰ ਵਧ ਰਹੀ, ਇਹਨਾਂ ਹਾਲਤਾਂ ਵਿਚ ਸਮਾਜ ਅਸਲੀਅਤ ਵਿਚ ਕ੍ਰਿਤ ਅਤੇ ਖਪਤ ਦੀ ਮਿਕਦਾਰ, ਸਮਾਜਵਾਦੀ ਆਰਥਿਕਤਾ ਦੀਆਂ ਇਹਨਾਂ ਦੋ ਮੁੱਖ ਕੁੰਜੀਆਂ ਉੱਤੇ ਜ਼ਾਬਤਾ ਪੂਰੀ ਤਰ੍ਹਾਂ ਗੁਆ ਬੈਠਾ ਹੈ।

ਇਹਨਾਂ ਅਤੇ ਪੂੰਜੀਵਾਦੀ ਚਰਿੱਤਰ ਵਾਲੇ ਹੋਰ ਬਹੁਤ ਸਾਰੇ ਉਪਾਵਾਂ, ਜੋ ਮਾਰਕਸਵਾਦੀ-ਲੈਨਿਨਵਾਦੀ ਆਰਥਿਕ ਸਿਧਾਂਤ ਅਤੇ ਅਮਲ ਦਾ ਇਕ ਰਚਨਾਤਮਕ ਵਿਕਾਸ ਕਹਿ ਕੇ ਪ੍ਰਚਾਰੇ ਗਏ ਸਨ, ਇਹਨਾਂ ਦਾ ਉਦੇਸ਼ ਸਮਾਜਵਾਦੀ ਆਰਥਿਕਤਾ ਦੀਆਂ ਨੀਹਾਂ ਤਬਾਹ ਕਰਨਾ ਸੀ ਜੋ ਇਹਨਾਂ ਨੇ ਅਸਲ ਵਿਚ ਤਬਾਹ ਕਰ ਵੀ ਦਿੱਤੀਆਂ ਹਨ।

ਇਸ ਰਸਤੇ ਦੇ ਫਲ, ਸੋਵੀਅਤ ਲੋਕਾਂ ਦੇ ਰੋਜ਼ਾਨਾ ਜੀਵਨ ਵਿਚ ਪ੍ਰਤੱਖ ਹਨ। ਮੰਡੀ ਵਿਚ ਮੁੱਖ ਜ਼ਰੂਰਤ ਦੀਆਂ ਵਸਤਾਂ ਦੀ ਥੁੜ੍ਹੋਂ ਹੈ; ਮੁਦਰਾ-ਸਫੀਤੀ, ਬੇਰੁਜ਼ਗਾਰੀ ਅਤੇ ਕ੍ਰਿਤ ਸ਼ਕਤੀ ਦਾ ਉਤਰਾਅ-ਚੜ੍ਹਾਅ, ਆਦਿ, ਵਧ ਗਏ ਹਨ, ਕੀਮਤਾਂ ਵਿਚ ਐਲਾਨੇ ਗਏ ਅਤੇ ਅਣ-ਐਲਾਨੇ ਵਾਧੇ ਹਰ ਜਗ੍ਹਾ ਦੇਖੇ ਜਾ ਸਕਦੇ ਹਨ। ਆਰਥਿਕਤਾ ਦੇ ਨਿੱਜੀ ਖੇਤਰ ਦਾ ਪਸਾਰਾ ਕੀਤਾ ਗਿਆ ਹੈ, ਵਿਦੇਸ਼ੀ ਇਜ਼ਾਰੇਦਾਰ ਪੂੰਜੀ ਦੀ ਆਮਦ ਲਈ ਦਰਵਾਜ਼ੇ ਖੋਲ੍ਹ ਦਿੱਤੇ ਗਏ ਹਨ, ਅਤੇ ਚੋਰ-ਬਾਜ਼ਾਰੀ, ਸੱਟੇ-ਬਾਜ਼ੀ, ਹੇਰਾ-ਫੇਰੀਆਂ ਅਤੇ ਵੱਢੀ-ਖੋਰੀ ਦਾ ਬੋਲ-ਬਾਲਾ ਹੈ।

ਅਜੋਕੀ ਸੋਵੀਅਤ ਅਸਲੀਅਤ ਦਿਖਾਉਂਦੀ ਹੈ ਕਿ ਵਿਧੀ, "ਜਮਾਤੀ ਵਖਰੇਵਿਆਂ ਦੇ ਖਾਤਮੇ" ਅਤੇ "ਇਕ ਨਵੀਂ ਸਮਾਜਿਕ ਏਕਤਾ ਦੀ ਸਥਾਪਨਾ" ਵੱਲ ਨਹੀਂ ਵੱਧ ਰਹੀ, ਜਿਸ ਤਰ੍ਹਾਂ ਖਰੁਸ਼ਚੋਵੀ-ਬ੍ਰਿਜ਼ਨੇਵੀ ਸੋਧਵਾਦੀਏ ਪ੍ਰਚਾਰ ਰਹੇ ਹਨ, ਸਗੋਂ ਇਹ, ਨੌਕਰਸ਼ਾਹਾਂ ਅਤੇ ਟੈਕਨੋਕਰੇਟਾਂ ਦੀ ਨਵੀਂ ਬੁਰਜੁਆ ਜਮਾਤ ਅਤੇ ਵਿਸ਼ਾਲ ਮਿਹਨਤਕਸ਼ ਲੋਕਾਂ (ਜਿਨ੍ਹਾਂ ਨੂੰ ਇਕ ਸਾਧਾਰਨ ਉਤਪਾਦਕ ਸ਼ਕਤੀ ਦੀ ਸਥਿਤੀ ਵਿਚ ਪਾ ਦਿੱਤਾ ਗਿਆ ਹੈ), ਵਿਚਕਾਰ ਗਹਿਰੇ ਸਮਾਜਿਕ ਵਖਰੇਵਿਆਂ ਵੱਲ ਵੱਧ ਰਹੀ ਹੈ। ਜਿੰਨੀ ਜ਼ਿਆਦਾ ਮਿਹਨਤਕਸ਼ ਲੋਕਾਂ ਦੀ ਲੁੱਟ ਵੱਧ ਰਹੀ ਹੈ ਅਤੇ ਜਿੰਨੇ ਜ਼ਿਆਦਾ ਬੁਰਜੁਆਜ਼ੀ ਦੇ ਮੁਨਾਫੇ ਵੱਧ ਰਹੇ ਹਨ, ਉਤਨਾ ਹੀ ਜ਼ਿਆਦਾ ਉਨ੍ਹਾਂ ਵਿਚਕਾਰ ਪਾੜਾ ਵੱਧ ਰਿਹਾ ਹੈ। ਇਸ ਹਾਲਤ ਨੇ ਇਕ ਮੁਕੰਮਲ ਵਿਚਾਰਧਾਰਾ ਅਤੇ ਨੀਤੀ ਨੂੰ ਜਨਮ ਦਿੱਤਾ ਹੈ ਜੋ ਪੂੰਜੀਵਾਦੀ ਲੁੱਟ ਦੇ ਇਸ ਨਵੇਂ ਸਿਸਟਮ ਨੂੰ ਉਚਿਤ ਕਹਿੰਦੀ ਹੈ ਅਤੇ ਇਸ ਦੀ ਰਖਵਾਲੀ ਕਰਦੀ ਹੈ।

ਸੋਵੀਅਤ ਸੱਤਾ ਹੁਣ ਸੋਵੀਅਤਾਂ ਦੀ, ਮਜ਼ਦੂਰਾਂ ਅਤੇ ਕਿਸਾਨਾਂ ਦੀ ਸੱਤਾ ਨਹੀਂ ਰਹੀ। ਇਹ ਉਨ੍ਹਾਂ ਨਾਲੋਂ ਨਿੱਖੜ ਚੁੱਕੀ ਹੈ ਅਤੇ ਆਪਣੇ ਆਪ ਵਿਚ ਹੀ ਇਕ ਸ਼ਕਤੀ ਦੀ ਤਰ੍ਹਾਂ ਅਤੇ ਉਨ੍ਹਾਂ ਤੋਂ ਬੇਗਾਨੀ ਬਣ ਗਈ ਹੈ। ਖਰੁਸ਼ਚੋਵੀ ਸੋਧਵਾਦੀਆਂ ਨੇ ਪ੍ਰੋਲੇਤਾਰੀਆ ਦੀ ਡਿਕਟੇਟਰਸ਼ਿਪ ਦੇ ਖ਼ਾਤਮੇ ਦਾ ਸ਼ਰੇਆਮ ਐਲਾਨ ਕਰ ਦਿੱਤਾ ਹੈ। ਉਨ੍ਹਾਂ ਨੇ ਸਟੇਟ ਦਾ ਨਾਂ ਸਮੁੱਚੇ ਲੋਕਾਂ ਦੀ ਸਟੇਟ ਰੱਖ ਦਿੱਤਾ ਹੈ ਤਾਂ ਜੁ ਇਸ ਅਸਲੀਅਤ ਉੱਤੇ ਪਰਦਾ ਪਾਇਆ ਜਾ ਸਕੇ ਕਿ ਇਹ ਹੁਣ ਲੋਕਾਂ ਦੀ ਨਹੀਂ, ਸਗੋਂ ਨਵੀਂ ਸੋਵੀਅਤ ਸਰਮਾਏਦਾਰੀ ਦੀ ਡਿਕਟੇਟਰਸ਼ਿਪ ਹੈ। ਇਸ ਦਾ ਪੂੰਜੀਵਾਦੀ ਚਰਿਤ੍ਰ, ਇਸ ਦੀ ਸਮੁੱਚੀ ਅੰਦਰੂਨੀ ਅਤੇ ਵਿਦੇਸ਼ ਨੀਤੀ ਤੋਂ ਸਪੱਸ਼ਟ ਜ਼ਾਹਿਰ ਹੈ ਜਿਹੜੀ ਨੀਤੀ ਸੱਤਾਧਾਰੀ ਬੁਰਜ਼ੂਆ ਜਮਾਤ ਦੇ ਹਿੱਤਾਂ ਦੀ ਸੇਵਾ ਕਰਦੀ ਹੈ। ਸੋਵੀਅਤ ਸਟੇਟ ਜੋ ਪੈਦਾਵਾਦ ਦੇ ਮੁੱਖ ਸਾਧਨਾਂ ਦੀ ਮਾਲਕ ਹੈ ਅਤੇ ਸਮੁੱਚੀ ਆਰਥਿਕਤਾ ਨੂੰ ਚਲਾਉਂਦੀ ਹੈ, ਉਹ ਹਾਕਮ ਜਮਾਤ ਦੇ ਹਿੱਤਾਂ ਦੀ ਪ੍ਰਤੀਨਿਧ ਅਤੇ ਰੱਖਿਅਕ ਵਿਚ ਬਦਲ ਦਿੱਤੀ ਗਈ ਹੈ।

ਆਪਣੇ ਸਮਾਜਵਾਦੀ ਬੁਰਕੇ ਨੂੰ ਬਰਕਰਾਰ ਰੱਖਣ ਅਤੇ ਸੋਵੀਅਤ ਯੂਨੀਅਨ ਨੂੰ ਇਕ ਸਮਾਜਵਾਦੀ ਦੇਸ਼ "ਸਾਬਿਤ ਕਰਨ" ਲਈ, ਸੋਵੀਅਤ ਸੋਧਵਾਦੀਏ ਕਹਿੰਦੇ ਹਨ, ਕਿ ਉਨ੍ਹਾਂ ਦੇ ਦੇਸ਼ ਵਿਚ ਸਿਰਫ ਇਕ ਹੀ ਪਾਰਟੀ ਹੈ, ਕਿ ਇਹ ਪਾਰਟੀ ਇਕ ਕਮਿਊਨਿਸਟ ਪਾਰਟੀ ਹੈ, ਅਤੇ ਇਸ ਦੀ ਆਗੂ ਭੂਮਿਕਾ ਸੰਵਿਧਾਨ ਵਿਚ ਸਵੀਕਾਰ ਕੀਤੀ ਗਈ ਹੈ। ਲੇਕਿਨ, ਇਹ ਇਸ ਤੱਥ ਨਾਲ ਹੀ ਕਮਿਊਨਿਸਟ ਪਾਰਟੀ ਨਹੀਂ ਬਣ ਜਾਂਦੀ ਕਿ ਉਥੇ ਸਿਰਫ ਇਕ ਹੀ ਆਗੂ ਪਾਰਟੀ ਹੈ ਅਤੇ ਇਸ ਦੀ ਅਕੱਟ ਸ਼ਕਤੀ ਨੂੰ ਕਾਨੂੰਨ ਵੱਲੋਂ ਮਾਣਤਾ ਦਿੱਤੀ ਗਈ ਹੈ। ਬਹੁਤ ਸਾਰੇ ਬੁਰਜ਼ੂਆ ਦੇਸ਼ ਹਨ ਜਿੱਥੇ ਸਿਰਫ ਇਕ ਹੀ ਹਾਕਮ ਪਾਰਟੀ ਹੈ। ਸਟੇਟ ਵਿਚ ਇਕ ਸਿਆਸੀ ਪਾਰਟੀ ਦੀ ਸਥਿਤੀ ਇਸ ਦੇ ਚਰਿਤ੍ਰ ਨੂੰ ਨਿਰਧਾਰਿਤ ਨਹੀਂ ਕਰਦੀ। ਪਾਰਟੀ ਦਾ ਚਰਿਤ੍ਰ ਸਭ ਤੋਂ ਪਹਿਲਾਂ ਇਸ ਚੀਜ਼ ਨਾਲ ਨਿਰਧਾਰਿਤ ਹੁੰਦਾ ਹੈ ਕਿ ਇਹ ਕਿਸ ਜਮਾਤ ਦੀ ਪਾਰਟੀ ਹੈ ਅਤੇ ਕਿਸ ਦੀ ਸੇਵਾ ਕਰਦੀ ਹੈ, ਇਹ ਕਿਸ ਵਿਚਾਰਧਾਰਾ ਤੇ ਚੱਲਦੀ ਹੈ ਅਤੇ ਕੀ ਨੀਤੀ ਅਪਣਾਉਂਦੀ ਹੈ।

ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਅੱਜ ਸੱਤਾਧਾਰੀ ਬੁਰਜ਼ੂਆ ਜਮਾਤ ਦੀ ਸਿੱਧੀ ਪ੍ਰਤੀਨਿੱਧ ਹੈ, ਇਸ ਜਮਾਤ ਦੇ ਨਾਂ ਤੇ ਹੀ ਰਾਜ ਚਲਾਉਂਦੀ ਹੈ, ਅਤੇ ਮੁੜ-ਸਥਾਪਿਤ ਕੀਤੇ ਗਏ ਪੂੰਜੀਵਾਦੀ ਨਿਜ਼ਾਮ ਦੇ ਵਿਕਾਸ ਅਤੇ ਮਜ਼ਬੂਤੀ ਲਈ ਕੰਮ ਕਰਦੀ ਹੈ। ਇਹ ਸਿਰਫ ਨਾਂ ਦੀ ਹੀ ਕਮਿਊਨਿਸਟ ਹੈ। ਕਮਿਊਨਿਸਟ ਨਾਂ ਨੂੰ ਬਰਕਰਾਰ ਰੱਖਣ ਅਤੇ ਕੁੱਝ ਮਾਰਕਸਵਾਦੀ ਮੁਹਾਵਰਿਆਂ ਅਤੇ ਸਮਾਜਵਾਦੀ ਨਾਹਰਿਆਂ ਦੀ ਵਰਤੋਂ ਦਾ ਸਿਰਫ ਇਕ ਝੂਠਾ ਅਤੇ ਉਸ਼ਟੰਡ-ਬਾਜ਼ ਚਰਿਤ੍ਰ ਹੀ ਹੈ। ਇਹ ਉਸ ਵਿਸਾਹਘਾਤੀ ਪ੍ਰਚਾਰ ਦਾ ਅੰਗ ਹੈ ਜਿਹੜਾ ਲੋਕਾਂ ਨੂੰ ਹਨੇਰੇ 'ਚ ਰੱਖਣਾ ਚਾਹੁੰਦਾ ਹੈ ਅਤੇ ਉਨ੍ਹਾਂ ਨੂੰ ਇਹ ਯਕੀਨ ਕਰਵਾਉਣਾ ਚਾਹੁੰਦਾ ਹੈ ਕਿ ਉਹ ਸਮਾਜਵਾਦੀ ਜਮਾਜ ਵਿਚ ਰਹਿ ਰਹੇ ਹਨ ਅਤੇ ਲੁੱਟ ਅਤੇ ਦਮਨ ਦੇ ਇਕ ਪੂੰਜੀਵਾਦੀ ਸਮਾਜ ਵਿਚ ਨਹੀਂ ਰਹਿ ਰਹੇ। ਰਵਾਇਤ ਕਾਰਨ, ਬੁਰਕਾ ਚਾੜ੍ਹ ਕੇ ਰੱਖਣ ਲਈ, ਜਾਂ ਸਿਰਫ ਆਲਸ ਕਾਰਨ ਹੀ, ਬਹੁਤ ਸਾਰੀਆਂ ਪਾਰਟੀਆਂ ਆਪਣੇ "ਜਮਹੂਰੀ", "ਲੋਕ-ਪੱਖੀ", "ਸਮਾਜਵਾਦੀ", ਆਦਿ ਨਾਂ ਕਾਇਮ ਰੱਖਦੀਆਂ ਹਨ ਜਦ ਕਿ ਅਸਲੀਅਤ ਵਿਚ ਉਹ ਨਮੂਨੇ ਦੀਆਂ ਬੁਰਜੁਆ ਪਿਛਾਖੜੀ ਪਾਰਟੀਆਂ ਹਨ।

ਸੋਵੀਅਤ ਯੂਨੀਅਨ ਵਿਚ ਲਾਗੂ ਕੀਤੀ ਜਾ ਰਹੀ ਸੋਧਵਾਦੀ-ਸਰਮਾਏਦਾਰ ਨੀਤੀ ਨੇ ਜ਼ਾਰਵਾਦੀ ਸ਼ਹਿਨਸ਼ਾਹੀ ਦੇ ਪੁਰਾਣੇ ਪ੍ਰੇਤ ਮੁੜ-ਸੁਰਜੀਤ ਕਰ ਦਿੱਤੇ ਹਨ, ਜਿਵੇਂ ਕਿ ਕੌਮੀ ਦਮਨ, ਯਹੂਦੀਆਂ ਉੱਤੇ ਜ਼ੁਲਮ, ਸਲਾਵ (Slav) ਨਸਲਵਾਦ, ਰੂੜ੍ਹੀ-ਬੱਧ ਧਾਰਮਿਕ ਰਹੱਸਵਾਦ, ਫ਼ੌਜੀ ਜ਼ਾਤਾਂ ਦਾ ਪੰਥ, ਬੁੱਧੀਜੀਵੀਆਂ ਦਾ ਅਫਸਰ-ਸ਼ਾਹੀਪਣ, ਪੁਰਾਣੇ ਰੂਸੀ ਨਮੂਨੇ ਦੀ ਨੌਕਰਸ਼ਾਹੀ, ਆਦਿ। ਇਕ "ਇਤਿਹਾਸਕ ਨਵੇਂ ਭਾਈਚਾਰੇ" ਦੀ "ਏਕਤਾਵੱਧ ਸੋਵੀਅਤ ਕੌਮ (ਲੋਕਾਂ)" ਦੀ ਕਥਿਤ ਸਿਰਜਣਾ ਬਾਰੇ ਸੋਵੀਅਤ ਸੋਧਵਾਦੀਆਂ ਦੇ ਸਿਧਾਂਤ ਸਿਰਫ ਇਸ ਸੱਚਾਈ ਉੱਤੇ ਪਰਦਾ ਪਾਉਣ ਲਈ ਹੀ ਘੜੇ ਗਏ ਹਨ ਕਿ ਸੋਵੀਅਤ ਯੂਨੀਅਨ ਗਹਿਰੇ ਸਮਾਜਿਕ, ਜਮਾਤੀ ਅਤੇ ਕੌਮੀ ਅੰਤਰ-ਵਿਰੋਧਾਂ ਦੀ ਲਪੇਟ ਵਿਚ ਹੈ।

ਅੱਜ ਸੋਵੀਅਤ ਯੂਨੀਅਨ ਉੱਤੇ ਸੋਵੀਅਤ ਫ਼ੌਜ ਦੀ ਸ਼ਕਤੀ ਦਾ ਹੀ ਰਾਜ ਹੈ। ਦੇਸ਼ ਦੇ ਜੀਵਨ ਦੇ ਫ਼ੌਜੀਕਰਣ ਦੀ ਵਧਾਈ ਗਈ ਰਫ਼ਤਾਰ ਅਤੇ ਫ਼ੌਜੀ ਖ਼ਰਚ ਦਾ ਭਾਰੀ ਬੋਝ, ਜੋ ਲਾ-ਮਿਸਾਲ ਸਿਖਰਾਂ ਤੇ ਪਹੁੰਚ ਗਏ ਹਨ ਅਤੇ ਸੋਵੀਅਤ ਆਰਥਿਕਤਾ ਨੂੰ ਬੁਰੀ ਤਰ੍ਹਾਂ ਹਲੂਣ ਰਹੇ ਹਨ, ਉਹ ਇਸ ਦੇ ਵਿਕਾਸ ਨੂੰ ਭੰਗ ਕਰਦੇ ਹਨ ਅਤੇ ਲੋਕਾਂ ਨੂੰ ਕੰਗਾਲ ਕਰਦੇ ਹਨ।

ਦੇਸ਼ ਵਿਚ ਪੂੰਜੀਵਾਦ ਦੀ ਮੁੜ-ਸਥਾਪਨਾ ਨਾਲ, ਕਮਿਊਨਿਸਟ ਪਾਰਟੀ ਅਤੇ ਸੋਵੀਅਤ ਸਟੇਟ ਦੇ ਕੌਮਾਂਤਰੀ ਰਿਸ਼ਤਿਆਂ ਅਤੇ ਵਿਦੇਸ਼-ਨੀਤੀ ਦੇ ਖੇਤਰ ਵਿਚ ਵੀ ਵੱਡਾ ਉਲਟ-ਗੇੜ ਲਾਜ਼ਮੀ ਸੀ। ਖਰੁਸ਼ਚੋਵੀ ਸੋਧਵਾਦ ਸਹਿਜੇ-ਸਹਿਜੇ ਨਵੀਂ ਸਾਮਰਾਜੀ ਮਹਾਂਸ਼ਕਤੀ ਦੀ ਵਿਚਾਰਧਾਰਾ ਅਤੇ ਨੀਤੀ ਵਿਚ ਬਦਲ ਦਿੱਤਾ ਗਿਆ ਜੋ ਦੁਨੀਆਂ ਉੱਤੇ ਚੌਧਰ ਕਾਇਮ ਕਰਨ ਲਈ ਇਸ ਦੇ ਪਸਾਰਵਾਦ,

ਧਾੜਵੀ ਹਮਲਿਆਂ ਅਤੇ ਜੰਗਾਂ ਨੂੰ ਉੱਚਿਤ ਕਹਿੰਦਾ ਅਤੇ ਇਨ੍ਹਾਂ ਦੀ ਪੈਰਵੀ ਕਰਦਾ ਹੈ। ਇਸ ਵਿਚਾਰਧਾਰਾ ਅਤੇ ਨੀਤੀ ਦੀ ਹੀ ਔਲਾਦ, "ਸੀਮਤ ਖ਼ੁਦਮੁਖ਼ਤਾਰੀ", "ਕ੍ਰਿਤ ਦੀ ਕੌਮਾਂਤਰੀ ਵੰਡ" ਅਤੇ ਅਖੌਤੀ ਸਮਾਜਵਾਦੀ ਭਾਈਚਾਰੇ ਦੇ ਦੇਸ਼ਾਂ ਦੀ "ਆਰਥਿਕ-ਸਿਆਸੀ ਅਤੇ ਫ਼ੌਜੀ ਸਾਂਝ" ਦੇ ਬਦਨਾਮ ਸਿਧਾਂਤ ਹਨ, ਜਿਨ੍ਹਾਂ ਸਿਧਾਂਤਾਂ ਨੇ ਇਨ੍ਹਾਂ ਦੇਸ਼ਾਂ ਦੇ ਹੱਥ-ਪੈਰ ਨੂੜੇ ਹੋਏ ਹਨ ਅਤੇ ਇਨ੍ਹਾਂ ਨੂੰ ਕਠਪੁਤਲੀ ਸਟੇਟਾਂ ਬਣਾ ਦਿੱਤਾ ਹੈ। ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ 26ਵੀਂ ਕਾਂਗਰਸ ਵਿਚ ਬ੍ਰਿਜ਼ਨੇਵ ਨੇ ਇਨ੍ਹਾਂ ਰਿਸ਼ਤਿਆਂ ਨੂੰ "ਲੋਕਾਂ ਵਿਚਕਾਰ ਰਿਸ਼ਤੇ" ਕਿਹਾ ਤਾਂ ਜੁ ਇਸ ਤਰ੍ਹਾਂ ਨਾਲ ਕਿਸੇ ਦੀ ਕੌਮੀ ਅਤੇ ਸਟੇਟ ਹਸਤੀ ਨੂੰ ਖ਼ਤਮ ਕੀਤਾ ਜਾ ਸਕੇ।

ਆਪਣੇ ਪਸਾਰਵਾਦੀ, ਨਵ-ਬਸਤੀਵਾਦੀ ਉਦੇਸ਼ਾਂ ਨੂੰ ਹਾਸਿਲ ਕਰਨ ਲਈ ਸੋਵੀਅਤ ਸਮਾਜਿਕ-ਸਾਮਰਾਜਵਾਦ ਨੇ ਇਕ ਸਿਧਾਂਤ ਘੜਿਆ ਹੈ ਜਿਸ ਅਨੁਸਾਰ ਕੋਈ ਵੀ ਦੇਸ਼ ਸੋਵੀਅਤ ਮਦਦ ਅਤੇ ਸਰਪ੍ਰਸਤੀ ਤੋਂ ਬਗੈਰ ਆਪਣੇ-ਆਪ ਨੂੰ ਸਾਮਰਾਜਵਾਦ ਤੋਂ ਮੁਕਤ ਨਹੀਂ ਕਰਵਾ ਸਕਦਾ ਅਤੇ ਸੁਰੱਖਿਅਤ ਨਹੀਂ ਰਹਿ ਸਕਦਾ ਅਤੇ ਇਕ ਸੁਤੰਤਰ ਤਰੀਕੇ ਨਾਲ ਉੱਨਤ ਨਹੀਂ ਹੋ ਸਕਦਾ। ਇਹ, "ਕੌਮਾਂਤਰੀਵਾਦੀ ਮੱਦਦ" ਦੇ ਨਾਹਰੇ ਦੀ ਹੋਰ ਦੇਸ਼ਾਂ ਉੱਤੇ ਹਮਲੇ ਕਰਨ ਅਤੇ ਉਨ੍ਹਾਂ ਦੀ ਦੌਲਤ ਲੁੱਟਣ ਲਈ ਦੁਰਵਰਤੋਂ ਕਰਦਾ ਹੈ।

ਸਮਾਜਿਕ-ਸਾਮਰਾਜਵਾਦੀ ਸੋਵੀਅਤ ਯੂਨੀਅਤ ਦੀ ਸਮੁੱਚੀ ਧਾੜਵੀ, ਚੌਧਰਵਾਦੀ ਅਤੇ ਪਸਾਰਵਾਦੀ ਵਿਦੇਸ਼-ਨੀਤੀ ਇਸ ਗੱਲ ਦਾ ਹੀ ਇਕ ਹੋਰ ਸਬੂਤ ਹੈ ਕਿ ਵਰਤਮਾਨ ਸੋਵੀਅਤ ਨਿਜ਼ਾਮ ਇਕ ਪੂੰਜੀਵਾਦੀ ਨਿਜ਼ਾਮ ਹੈ ਕਿਉਂਕਿ ਇਕ ਪੂੰਜੀ-ਵਾਦੀ ਨਿਜ਼ਾਮ ਹੀ ਕੌਮਾਂਤਰੀ ਪਿੜ ਵਿਚ ਅਜੇਹੀ ਨੀਤੀ ਤੇ ਚੱਲ ਸਕਦਾ ਹੈ। ਜਿਵੇਂ ਲੈਨਿਨ ਨੇ ਕਿਹਾ ਸੀ, ਵਿਦੇਸ਼-ਨੀਤੀ ਅੰਦਰਨੀ ਨੀਤੀ ਦੀ ਲੜੀ ਹੈ, ਅਤੇ ਦੋਨੋਂ ਮਿਲ ਕੇ ਇਕ ਦੇਸ਼ ਵਿਚ ਮੌਜੂਦ ਆਰਥਿਕ ਰਿਸ਼ਤਿਆਂ ਦਾ ਠੋਸ ਪ੍ਰਗਟਾਵਾ ਕਰਦੀਆਂ ਹਨ। ਸਮਾਜਵਾਦੀ ਅਤੇ ਕਮਿਊਨਿਸਟ ਬੁਰਕਾ, ਜੋ ਸੋਵੀਅਤ ਸੋਧਵਾਦੀਏ ਅਜੇ ਵੀ ਬਰਕਰਾਰ ਰੱਖਣ ਦੇ ਯਤਨ ਕਰਦੇ ਹਨ, ਉਹ ਬੁਰਕਾ ਉਨ੍ਹਾਂ ਦੀ ਪੂੰਜੀਵਾਦੀ ਅਸਲੀਅਤ ਅਤੇ ਸਮਾਜਿਕ-ਸਾਮਰਾਜਵਾਦੀ ਨੀਤੀ ਦੇ ਸਾਹਵੇਂ ਦਿਨ-ਬ-ਦਿਨ ਲੀਰੋ-ਲੀਰ ਹੋ ਰਿਹਾ ਹੈ।

ਜਿੱਥੋਂ ਤੱਕ ਇਸ ਚੀਜ਼ ਦਾ ਵਾਸਤਾ ਹੈ ਕਿ ਸੋਵੀਅਤ ਲੋਕਾਂ ਨੂੰ ਕਿੰਨਾ ਕੁ ਚਿਰ ਇਸ ਵਹਿਮ ਵਿਚ ਰੱਖਿਆ ਜਾ ਸਕਦਾ ਹੈ ਕਿ ਉਹ ਕਥਿਤ ਤੌਰ ਤੇ ਸਮਾਜਵਾਦ ਵਿਚ ਰਹਿ ਰਹੇ ਹਨ, ਕਿ ਕਿੰਨਾ ਕੁ ਚਿਰ ਸੋਵੀਅਤ ਮਜ਼ਦੂਰ ਜਮਾਤ ਨੂੰ ਭੁਲੇਖਿਆਂ ਵਿਚ ਰੱਖਿਆ ਜਾ ਸਕਦਾ ਹੈ—ਇਹ ਕਈ ਸਾਰੇ, ਅੰਦਰੂਨੀ ਅਤੇ ਬਾਹਰੀ, ਤੱਤਾਂ ਉੱਤੇ ਨਿਰਭਰ ਕਰਦਾ ਹੈ। ਖਰੁਸਚਵੀ ਸੋਧਵਾਦ ਜਿਨ੍ਹਾਂ ਦੇਸ਼ਾਂ ਵਿਚ ਰਾਜ ਕਰਦਾ ਹੈ ਉਨ੍ਹਾਂ ਦਾ ਜੋ ਹਸ਼ਰ ਹੋਣ ਵਾਲਾ ਹੈ ਉਹ ਪੋਲੈਂਡ ਦੀਆਂ ਘਟਨਾਵਾਂ ਤੋਂ ਦੇਖਿਆ ਜਾ ਸਕਦਾ ਹੈ। ਸੱਚਾਈ ਇਹ ਹੈ ਕਿ ਉਥੇ ਮਿਹਨਤਕਸ਼ ਲੋਕਾਂ ਅਤੇ ਸੱਤਾਧਾਰੀ ਬੁਰਜ਼ੁਆ ਜਮਾਤ ਵਿਚਕਾਰ ਜਮਾਤੀ ਅੰਤਰ-ਵਿਰੋਧ ਧਮਾਕਾ ਬਣ ਗਿਆ ਹੈ। ਬੇਸ਼ਕ, ਇਸ ਨੂੰ ਸੱਜੂ ਤਾਕਤਾਂ ਨੇ ਆਪਣੇ ਹਿੱਤਾਂ ਲਈ ਗ਼ਲਤ ਰਾਹ ਪਾ ਲਿਆ ਹੈ, ਫਿਰ ਵੀ ਪੋਲੈਂਡ ਦੀ ਮਜ਼ਦੂਰ ਜਮਾਤ ਦੀ ਬਗ਼ਾਵਤ ਦਿਖਾਉਂਦੀ ਹੈ ਕਿ ਇਹ ਜਮਾਤ ਇਕ ਲੁੱਟੀਂਦੀ ਅਤੇ ਦੱਬੀ-ਕੁਚਲੀ ਜਮਾਤ ਹੋਣ ਦੀ ਆਪਣੀ ਹੈਸੀਅਤ ਬਾਰੇ ਜਾਗਰਤ ਹੋ ਗਈ ਹੈ; ਇਹ ਇਸ ਸੱਚਾਈ ਨੂੰ ਜਾਣ ਗਈ ਹੈ ਕਿ ਪੋਲੈਂਡ ਵਿਚ ਮੌਜੂਦਾ ਰਾਜਸੱਤਾ ਇਸ ਦੀ ਇਕ ਦੁਸ਼ਮਣ ਜਮਾਤ ਦੀ ਰਾਜਸੱਤਾ ਹੈ ਅਤੇ ਸਮਾਜਵਾਦ ਨਾਲ ਗ਼ੱਦਾਰੀ ਕਰ ਦਿੱਤੀ ਗਈ ਹੈ। ਪੋਲੈਂਡ ਤੋਂ ਬਾਅਦ ਕਿਸ ਦੀ ਵਾਰੀ ਹੈ ? ਸਾਰੇ ਹੀ ਸੋਧਵਾਦੀ ਦੇਸ਼ਾਂ ਵਿਚ ਜਮਾਤੀ ਮਤ-ਭੇਦਾਂ ਦਾ ਬੋਲ-ਬਾਲਾ ਹੈ ਅਤੇ ਜਮਾਤੀ ਲੜਾਈਆਂ ਬੜੀ ਤੇਜ਼ੀ ਨਾਲ ਉਸਰ ਰਹੀਆਂ ਹਨ। ਇਸ ਦਿਸ਼ਾ ਵਿਚ ਸੋਵੀਅਤ ਯੂਨੀਅਨ ਦੀ ਹਾਲਤ ਵੀ ਅਲੱਗ ਨਹੀਂ ਹੈ, ਬੇਸ਼ੱਕ ਉਨ੍ਹਾਂ ਸ਼ਭਨਾਂ ਵਿਚੋਂ ਦੇਖਣ ਨੂੰ, ਇਹ ਸਭ ਤੋਂ ਵੱਧ ਸਥਿਰ ਅਤੇ ਮਜ਼ਬੂਤ ਲੱਗਦਾ ਹੈ। ਪੂੰਜੀਵਾਦ ਦੀ ਮੁੜ-ਬਹਾਲੀ ਨਾਲ ਖੁਲ੍ਹੇ ਜ਼ਖ਼ਮ, ਸਿਰਫ ਸੋਧਵਾਦ ਨੂੰ ਉਲਟਾਉਣ ਅਤੇ ਸਮਾਜਵਾਦ ਦੀ ਮੁੜ-ਸਥਾਪਨਾ ਕਰਨ ਨਾਲ ਹੀ ਭਰ ਸਕਦੇ ਹਨ।

**ਸਾਡੀ ਪਾਰਟੀ ਨੇ ਚੀਨੀ ਸੋਧਵਾਦ ਵਿਰੁੱਧ, ਚੀਨ ਦੀ ਕਮਿਊਨਿਸਟ ਪਾਰਟੀ ਦੀ ਵਿਚਾਰਧਾਰਾ, ਨੀਤੀ, ਸਥਿਤੀਆਂ ਅਤੇ ਕਾਰਵਾਈਆਂ ਵਿਰੁੱਧ ਇਕ ਵੱਡਾ, ਸ਼ਰੇਆਮ, ਅਸੂਲੀ ਸੰਘਰਸ਼ ਕੀਤਾ ਹੈ।** ਚੀਨੀ ਸੋਧਵਾਦ ਵਿਸ਼ਵ ਕਮਿਊਨਿਸਟ ਲਹਿਰ ਵਿਚ ਇਕ ਮੌਕਾਪ੍ਰਸਤ ਧਾਰਾ ਹੈ ਅਤੇ ਇਸ ਦੀ ਨੀਂਹ—ਮਾਓ ਵਿਚਾਰਧਾਰਾ, ਇਕ ਅਰਾਜਕਤਾਵਾਦੀ ਲੱਛਣਾਂ ਵਾਲੀ ਵਿਚਾਰਧਾਰਾ ਹੈ; ਇਹ ਕਨਫੂਸ਼ੀਅਸ ਅਤੇ ਮੇਨਿਸ਼ੀਅਸ ਦੇ ਪੁਰਾਤਨ ਚੀਨੀ ਸਿਧਾਂਤਾਂ ਅਤੇ ਨਵੇਂ ਤਸ਼ਰੀਹੀ (paraphrased) ਸਿਧਾਂਤਾਂ ਦਾ ਇਕ ਮਿਸ਼ਰਣ ਹੈ, ਜਿਨ੍ਹਾਂ ਵਿਚਕਾਰ ਕੋਈ ਵੀ ਅੰਗਿਕ ਢਾਂਚੇ ਦਾ ਜੋੜ ਨਹੀਂ ਹੈ, ਅਤੇ ਜਿਨ੍ਹਾਂ ਨੂੰ ਮਾਰਕਸਵਾਦੀ ਮੁਹਾਵਰੇਬਾਜ਼ੀ ਨਾਲ ਲਿੱਪ-ਪੋਚ ਕੇ ਪੇਸ਼ ਕੀਤਾ ਗਿਆ ਹੈ। ਮਾਉ ਵਿਚਾਰਾਧਾਰਾ ਵਿਸ਼ਵ ਸਰਦਾਰੀ ਦੀ ਇਕ ਚੌਧਰਵਾਦੀ ਵਿਚਾਰਧਾਰਾ ਹੈ, ਜੋ ਪਰਸਪਰ-ਵਿਰੋਧੀ ਅਤੇ ਉਪਯੋਗਿਤਾ-ਵਾਦੀ ਸਿਧਾਂਤਾਂ ਅਤੇ ਵਿਚਾਰਾਂ ਦਾ ਇਕ ਵਿਖਮ-ਅੰਗੀ ਸਮੂਹ ਹੈ। ਜਦੋਂ, ਮੁਕਤੀ ਜੰਗ ਦੀ ਜਿੱਤ ਤੋਂ ਬਾਅਦ ਚੀਨ ਨੇ ਨਵੀਂ ਚੀਨੀ ਸਟੇਟ ਦੀ ਉਸਾਰੀ ਸ਼ੁਰੂ ਕੀਤੀ, ਤਾਂ ਚੀਨੀ ਬੇੜੀ ਇਸ ਵਿਚਾਰਧਾਰਾ ਦੇ ਪਾਣੀਆਂ ਵਿਚ, ਬੇਸੁਰਤੀ ਨਾਲ ਕਦੇ ਸੱਜੇ ਅਤੇ ਕਦੇ ਖੱਬੇ ਵੱਲ ਭਟਕਦੀ ਰਹੀ। ਇਹ ਹੀ ਚੀਨ ਦੀਆਂ ਥਿੜਕਣਾਂ ਅਤੇ ਆਪਣੇ ਸਿਆਸੀ ਅਤੇ ਆਰਥਿਕ ਸਿਸਟਮ ਦੇ ਚਰਿਤ੍ਰ ਦੀ ਪ੍ਰੀਭਾਸ਼ਾ ਦੀ ਅਣਹੋਂਦ ਦਾ ਸੋਮਾ ਸੀ।

ਜਿਸ ਸਿਧਾਂਤ ਨੇ ਨਵੇਂ ਚੀਨ ਦੀ ਰਾਹਨੁਮਾਈ ਕੀਤੀ, ਉਹ ਮਾਰਕਸਵਾਦ-ਲੈਨਿਨਵਾਦ ਨਹੀਂ ਸੀ। ਚੀਨੀ ਅੱਖਰਾਂ ਵਿਚ ਫੱਟੇ ਉੱਤੇ ਉੱਕਰੇ ਗਏ ਮਾਰਕਸ-ਵਾਦੀ ਨਾਹਰਿਆਂ ਨੇ ਇਹ ਪ੍ਰਭਾਵ ਦਿੱਤਾ ਕਿ ਵਿਗਿਆਨਕ ਸਮਾਜਵਾਦ ਦੇ ਕੁੱਝ ਲੱਛਣ ਮੌਜੂਦ ਸਨ। ਇਨ੍ਹਾਂ ਨਾਹਰਿਆਂ ਨੇ ਲਗਾਤਾਰ ਗ਼ਲਤ ਮੋੜਾਂ ਨੂੰ ਨਜ਼ਰਾਂ ਤੋਂ ਬਚਾ ਕੇ ਰੱਖਣ 'ਚ ਮੱਦਦ ਕੀਤੀ।

ਬੇਸ਼ਕ ਚੀਨ ਵਿਚ ਪ੍ਰੋਲੇਤਾਰੀਆ ਦੀ ਡਿਕਟੇਟਰਸ਼ਿਪ ਦੀ ਭੂਮਿਕਾ ਉੱਤੇ ਜੋਰ ਦਿੱਤਾ ਜਾ ਰਿਹਾ ਸੀ ਲੇਕਿਨ ਅਸਲ ਵਿਚ ਇਸ ਸਾਰੇ ਸ਼ੋਰ-ਸ਼ਰਾਬੇ ਦੀ ਛਾਂ ਹੇਠ ਵਿਰੋਧੀ ਗਰੁੱਪਾਂ ਅਤੇ ਵਿਅਕਤੀਆਂ ਦੀ ਡਿਕਟੇਟਰਸ਼ਿਪ ਛੁਪੇ ਤੌਰ ਤੇ ਵਿਕਸਿਤ ਕੀਤੀ ਗਈ। ਬੇਸ਼ਕ ਪਾਰਟੀ ਦੀ ਆਗੂ ਭੂਮਿਕਾ ਉੱਤੇ ਜ਼ੋਰ ਦਿੱਤਾ ਜਾ ਰਿਹਾ ਸੀ, ਲੇਕਿਨ ਅਸਲੀਅਤ ਵਿਚ ਇਸ ਨੂੰ ਪਾਰਟੀ ਦੀ ਖੇਰੂੰ-ਖੇਰੂੰ ਹੋਈ ਜਥੇਬੰਦੀ ਨੂੰ ਅਤੇ ਪਾਰਟੀ ਦੀ ਅਗਵਾਈ ਦੀ ਅਣਹੋਂਦ ਨੂੰ ਛੁਪਾਉਣ ਲਈ ਵਰਤਿਆ ਜਾ ਰਿਹਾ ਸੀ। ਬੇਸ਼ਕ ਮਜ਼ਦੂਰ ਜਮਾਤ ਦੀ ਚੌਧਰ ਬਾਰੇ ਗੱਪਾਂ ਮਾਰੀਆਂ ਜਾ ਰਹੀਆਂ ਸਨ, ਆਗੂ-ਭੂਮਿਕਾ ਅਸਲ ਵਿਚ, ਕਿਸਾਣੀ ਦੇ ਹਵਾਲੇ ਛੱਡ ਦਿੱਤੀ ਗਈ, ਕਿਉਂਕਿ ਇਸ ਦੀ ਨੀਮ-ਬੁਰਜ਼ੂਆ ਵਿਚਾਰਧਾਰਾ ਦਾ ਹੀ ਚੀਨ ਵਿਚ ਬੋਲਬਾਲਾ ਸੀ। ਬੇਸ਼ਕ ਜਮਾਤੀ ਬਣਤਰਾਂ ਵਿਚ ਤਬਦੀਲੀ ਦੀਆਂ ਗੱਲਾਂ ਕੀਤੀਆਂ ਗਈਆਂ, ਅਸਲ ਵਿਚ ਕੁੱਝ ਵੀ ਬਦਲਿਆ ਨਹੀਂ ਸੀ।

ਚੀਨੀ ਆਰਥਿਕਤਾ ਬੁਰੀ ਤਰ੍ਹਾਂ ਲੰਗੜਾਂਦੀ ਰਹੀ, ਇਸ ਨੂੰ ਕੋਈ ਵੀ ਸਪੱਸ਼ਟ ਸੇਧ ਜਾਂ ਰਾਹਨੁਮਾਈ ਨਾ ਦਿੱਤੀ ਗਈ, ਬੇਸ਼ੱਕ ਅਖੌਤੀ ਯੋਜਨਾਵਾਂ ਬਣਾਈਆਂ ਗਈਆਂ ਜਿਨ੍ਹਾਂ ਦਾ ਵਿਗਿਆਨਕ ਯੋਜਨਾ ਨਾਲ ਕੋਈ ਵਾਸਤਾ ਨਹੀਂ ਸੀ ਅਤੇ ਨਾ ਹੀ ਇਹ ਕੇਂਦਰਬੱਧ ਸਿਲਸਿਲੇ ਉੱਤੇ ਅਧਾਰਿਤ ਸਨ। ਅਸਲ ਵਿਚ ਇਨ੍ਹਾਂ ਯੋਜਨਾਵਾਂ ਵਿਚ ਇਕ ਕੇਂਦਰਬੱਧ ਯੋਜਨਾ ਦੇ ਕੋਈ ਨਕਸ਼ ਵੀ ਨਹੀਂ ਸਨ। ਚੀਨੀ ਆਰਥਿਕਤਾ ਆਪਣੀ ਚਾਲੇ ਚੱਲਦੀ ਰਹੀ।

ਇਸ ਢਿੱਲੜ ਜਥੇਬੰਦੀ ਵਿਚ ਅਤੇ ਇਸ ਰੀੜ੍ਹ ਦੀ ਹੱਡੀ ਤੋਂ ਸੱਖਣੀ ਵਿਚਾਰਧਾਰਾ ਵਿਚ ਭਾਰੂ ਵਿਚਾਰ ਮਹਾਨ ਚੀਨੀ ਸਟੇਟ ਦੀ ਚੌਧਰ ਦਾ ਵਿਚਾਰ ਸੀ, ਜਿਹੜੀ ਸਟੇਟ ਨੂੰ "ਇਤਿਹਾਸ ਨੇ" ਸਮਾਜਵਾਦੀ ਸਮਾਜ ਦੇ ਇਕ ਨਵੇਂ ਨਮੂਨੇ ਦੀ ਪ੍ਰਤੀਨਿਧਤਾ ਕਰਨ ਦਾ ਅਤੇ "ਨਵੇਂ ਯੁੱਗ ਦੇ ਮਾਰਕਸਵਾਦ-ਲੈਨਿਨਵਾਦ" (ਜਾਣੀ ਕਿ ਮਾਓ ਵਿਚਾਰਧਾਰਾ) ਦੀ ਪ੍ਰਤੀਨਿਧਤਾ ਕਰਨ ਦਾ ਕਾਰਜ ਸੌਂਪਿਆ ਸੀ।

ਚੀਨ ਦੇ ਇਸ ਵਿਕਾਸ ਵਿਚ ਸਾਨੂੰ ਇਹ ਬੁੱਝਣਾ ਪਿਆ ਕਿ "ਇਨਕਲਾਬ" ਦੇ ਫੱਟੇ ਹੇਠਾਂ ਉਲਟ ਇਨਕਲਾਬ ਮੰਡਲਾ ਰਿਹਾ ਸੀ ਕਿ ਮਾਓ ਵਿਚਾਰਧਾਰਾ ਦੇ ਫੱਟੇ ਹੇਠਾਂ ਉਲਟ-ਮਾਰਕਸਵਾਦ, ਨਵ-ਸੋਧਵਾਦ ਦਾ ਇਕ ਰੁਝਾਨ ਮੰਡਲਾ ਰਿਹਾ ਸੀ, ਜਿਹੜਾ "ਚੀਨੀ ਮਹਾਂਦੀਪ" ਅਤੇ ਇਸ ਦੇ ਪੂੰਜੀਵਾਦੀ-ਸਾਮਰਾਜੀ ਮਣਸ਼ਿਆਂ ਲਈ ਢੁੱਕਵੀਆਂ ਸਿਆਸੀ, ਵਿਚਾਰਧਾਰਕ, ਜਥੇਬੰਦਕ ਅਤੇ ਸਟੇਟ ਸ਼ਕਲਾਂ ਭਾਲ ਰਿਹਾ ਸੀ।

ਮਾਓ ਦੇ ਚੀਨ ਵਿਚ ਬਦਲ-ਬਦਲ ਕੇ "ਸਾਮਰਾਜਵਾਦ ਦੀ ਵਿਰੋਧਤਾ",

"ਸੋਵੀਅਤਵਾਦ ਦੀ ਵਿਰੋਧਤਾ" ਅਤੇ "ਅਮਰੀਕਣਵਾਦ ਦੀ ਵਿਰੋਧਤਾ" ਦੇ ਜੋ ਰੁਖ਼ ਅਪਣਾਏ ਗਏ ਉਹ ਆਰਜ਼ੀ ਚਾਲਾਂ ਹੀ ਸਨ। ਉਹ ਵਿਚਾਰਧਾਰਕ ਧਾਰਨਾਵਾਂ ਨਹੀਂ ਸਨ, ਅਸੂਲੀ ਸਟੈਂਡ ਨਹੀਂ ਸਨ, ਸਗੋਂ ਉਹ ਦੁਨੀਆਂ ਦੇ ਸ਼ਕਤੀਸ਼ਾਲੀ ਦੇਸ਼ਾਂ ਦੇ ਸੰਤੁਲਨ ਲਈ ਚਾਲਾਂ ਸਨ, ਉਹ ਵਿਸ਼ਵ ਚੇਸ-ਬੋਰਡ (ਸ਼ਤਰੰਜ ਦੇ ਫੱਟੇ) ਉੱਤੇ ਚੀਨ ਦੀ ਮਜ਼ਬੂਤੀ ਲਈ ਸਾਮਰਾਜੀ ਸਿਆਸੀ-ਫ਼ੌਜੀ ਤਾਕਤਾਂ ਨਾਲ ਇਕ ਖੇਡ ਸਨ।

ਇਨ੍ਹਾਂ ਵਿਸ਼ਵ ਦ੍ਰਿਸ਼ਟੀਆਂ ਨਾਲ, ਚੀਨ ਦੇ ਅੰਦਰੂਨੀ ਪਿੜ ਅਤੇ ਅੰਤਰ-ਰਾਸ਼ਟਰੀ ਪਿੜ ਵਿਚ, ਇਨ੍ਹਾਂ ਸੰਕਲਕ, ਮੌਕਾਪ੍ਰਸਤ ਸਟੈਂਡਾਂ ਨਾਲ ਹੀ, ਰੈਡ ਗਾਰਡਾਂ ਦਾ "ਪ੍ਰੋਲੇਤਾਰੀਅਨ ਸੱਭਿਆਚਾਰਕ ਇਨਕਲਾਬ" ਲਿਆਂਦਾ ਗਿਆ ਅਤੇ ਹੁਣ ਇਨ੍ਹਾਂ ਨਾਲ ਅੱਜ ਪਿਛਾਖੜੀ ਬੁੱਧਿਆਂ ਅਤੇ ਪੁਰਾਣੇ ਚੀਨ ਦੇ ਸਭ ਬਚੇ-ਖੁਚੇ ਅੰਸਰਾਂ ਦਾ ਬਦਲਾ-ਲਊ "ਇਨਕਲਾਬ" ਚੱਲ ਰਿਹਾ ਹੈ। ਇਹੀ ਨੀਹਾਂ ਸਨ ਜਿਨ੍ਹਾਂ ਉੱਤੇ "ਤਿੰਨ ਦੁਨੀਆਵਾਂ" ਅਤੇ "ਇਨ੍ਹਾਂ ਦੁਨੀਆਵਾਂ ਦੇ ਗਠਜੋੜ" ਦੇ ਬਦਕਿਸਮਤ ਸਿਧਾਂਤ ਘੜੇ ਗਏ ਅਤੇ ਚੀਨ ਦੀ ਕੌਮਾਂਤਰੀ ਨੀਤੀ ਵਿਚ ਅਜੇਹੀਆਂ ਤਬਦੀਲੀਆਂ ਕੀਤੀਆਂ ਗਈਆਂ ਜੋ ਵਿਸ਼ਵ ਸ਼ਾਂਤੀ ਲਈ ਬਹੁਤ ਹੀ ਖ਼ਤਰਨਾਕ ਹਨ।

ਚੀਨ ਦੀ ਕਮਿਊਨਿਸਟ ਪਾਰਟੀ ਅਤੇ ਚੀਨੀ ਸਟੇਟ, ਜਿਨ੍ਹਾਂ ਨਾਲ ਸਾਡੇ ਦੋਸਤਾਨਾ ਸਬੰਧ ਸਨ, ਦੇ ਇਸ ਮਾਰਕਸਵਾਦ-ਵਿਰੋਧੀ ਰਾਹ ਨੂੰ ਸਮਝਣ ਵਿਚ ਸਾਡੀ ਪਾਰਟੀ ਨੂੰ ਕਾਫੀ ਲੰਬਾ ਸਮਾਂ ਲੱਗ ਗਿਆ। ਸਾਡੀ ਪਾਰਟੀ ਲਈ ਇਸ ਦੋਸਤੀ ਦੇ ਸਿਧਾਂਤਕ-ਸਿਆਸੀ ਮਾਦੇ ਦਾ ਬਹੁਤ ਮਹੱਤਵ ਸੀ, ਮਾਰਕਸਵਾਦ-ਲੈਨਿਨਵਾਦ ਦੀ ਸ਼ੁੱਧਤਾ ਦੀ ਰਖਵਾਲੀ ਲਈ ਸੰਘਰਸ਼ ਅਤੇ ਸਮਾਜਵਾਦ ਅਤੇ ਇਨਕਲਾਬ ਦਾ ਸਵਾਲ ਬਹੁਤ ਹੀ ਮਹੱਤਵਪੂਰਨ ਸਨ।

ਸ਼ੁਰੂ ਵਿਚ ਅਸੀਂ ਬਹਿਸਾਂ ਰਾਹੀਂ ਇਕ ਅਸੂਲੀ ਸੰਘਰਸ਼ ਕੀਤਾ, ਜਿਵੇਂ ਕਿ ਸਾਥੀਆਂ ਵਿਚਕਾਰ ਹੁੰਦਾ ਹੈ, ਲੇਕਿਨ ਸਹਿਜੇ-ਸਹਿਜੇ ਚੀਨ ਦੇ ਮਾਰਕਸਵਾਦ-ਵਿਰੋਧੀ ਰਵੱਈਏ ਕਾਰਨ ਇਹ ਸੰਘਰਸ਼ ਕੁੜੱਤਣ-ਭਰਿਆ ਬਣਦਾ ਗਿਆ। ਪਾਰਟੀ ਆਫ਼ ਲੇਬਰ ਆਫ਼ ਅਲਬਾਨੀਆਂ ਵੱਲੋਂ ਇਹ ਇਕ ਅਸੂਲੀ ਸੰਘਰਸ਼ ਸੀ ਜਿਸ ਵਿਚ ਕੋਈ ਰਿਆਇਤਾਂ ਨਹੀਂ ਦਿੱਤੀਆਂ ਜਾ ਸਕਦੀਆਂ, ਅਤੇ ਇਹ ਸੰਘਰਸ਼ ਬੇ-ਮਿਸਾਲ ਅਤੇ ਕਠਿਨ ਵੀ ਸੀ। ਅਗਰ ਇਹ ਸੰਘਰਸ਼ ਨਾ ਲੜਿਆ ਜਾਂਦਾ ਤਾਂ ਅਲਬਾਨੀਆ ਵਿਚ ਸਮਾਜਵਾਦ ਦੀ ਉਸਾਰੀ ਲਈ ਖ਼ਤਰਾ ਪੈਦਾ ਹੋ ਜਾਣਾ ਸੀ।

ਪਾਰਟੀ ਆਫ਼ ਲੇਬਰ ਆਫ਼ ਅਲਬਾਨੀਆਂ ਦੇ ਸੰਘਰਸ਼ ਦੀ ਮਹੱਤਤਾ ਇਸ ਸੱਚਾਈ ਵਿਚ ਹੈ ਕਿ ਇਸ ਨੇ ਦੋ ਢਕੌਂਸਲੇ ਤਬਾਹ ਕਰ ਦਿੱਤੇ: ਇਕ ਇਹ ਢਕੌਂਸਲਾ ਕਿ ਚੀਨ ਵਿਚ ਸਮਾਜਵਾਦ ਉਸਾਰਿਆ ਜਾ ਰਿਹਾ ਹੈ, ਅਤੇ ਦੂਸਰਾ ਮਾਓ ਵਿਚਾਰਧਾਰਾ ਦੇ ਸਾਡੇ ਸਮੇਂ ਦਾ ਮਾਰਕਸਵਾਦ-ਲੈਨਿਨਵਾਦ ਹੋਣ ਦਾ ਢਕੌਂਸਲਾ। ਅਸੂਲਾਂ ਦੀ ਰਖਵਾਲੀ ਲਈ ਇਸ ਸੰਘਰਸ਼ ਵਿਚ ਸਾਡੀ ਪਾਰਟੀ ਨੇ ਉਹਨਾਂ ਆਰਥਿਕ ਕਠਨਾਈਆਂ ਨੂੰ ਮੱਦੇ-ਨਜ਼ਰ ਰੱਖਿਆ ਜਿਹੜੀਆਂ ਕਠਨਾਈਆਂ ਸਾਡੇ ਦੇਸ਼ ਲਈ ਖੜੀਆਂ ਕੀਤੀਆਂ ਜਾਣੀਆਂ ਸਨ।

"ਮਾਰਕਸਵਾਦ-ਲੈਨਿਨਵਾਦ ਦੇ ਅਗੇਰੇ ਵੱਲ ਵਿਗਿਆਨਕ ਵਿਕਾਸ" ਦੇ ਤੌਰ ਤੇ ਪ੍ਰਚਾਰੀ ਗਈ ਮਾਓ ਵਿਚਾਰਧਾਰਾ ਨੇ ਕੌਮਾਂਤਰੀ ਕਮਿਊਨਿਸਟ ਲਹਿਰ ਉੱਤੇ ਵੀ ਅਸਰ ਪਾਇਆ, ਅਤੇ ਕੁੱਝ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਉੱਤੇ ਇਸਦਾ ਅਸਰ ਬਹੁਤ ਹੀ ਜ਼ਿਆਦਾ ਸੀ। ਬਹੁਤ ਸਾਰੇ ਹਾਲਾਤਾਂ ਕਾਰਨ, ਇਹਨਾਂ ਪਾਰਟੀਆਂ ਨੇ, ਇਸ ਸੋਧਵਾਦੀ ਵਿਚਾਰਧਾਰਕ ਰੁਝਾਨ ਦਾ ਡੂੰਘਾ ਵਿਸ਼ਲੇਸ਼ਣ ਕਰਨ ਵਿਚ ਅਸਫਲ ਰਹਿੰਦਿਆਂ, ਸੋਚਿਆ ਕਿ ਮਹਾਨ ਚੀਨ ਅਤੇ ਮਾਓ ਜ਼ੇਦੌਂਗ ਪ੍ਰੋਲੇਤਾਰੀਅਨ ਇਨਕਲਾਬ ਦੇ ਆਗੂ ਹਨ ਅਤੇ ਅਮਰੀਕਨ ਸਾਮਰਾਜਵਾਦ ਅਤੇ ਸੋਵੀਅਤ ਸਮਾਜਿਕ-ਸਾਮਰਾਜਵਾਦ ਵਿਰੁੱਧ ਸੰਘਰਸ਼ ਦੇ ਦ੍ਰਿੜ੍ਹ ਹਮਾਇਤੀ ਹਨ ਅਤੇ ਲੋਕਾਂ ਦੀਆਂ ਕੌਮੀ ਮੁਕਤੀ ਜੰਗਾਂ ਦੇ ਸੁਭਾਵਿਕ ਰਖਵਾਲੇ ਹਨ।

ਇਸ ਲਈ, ਇਸ ਚਾਲ ਵਿਚ ਫਸਿਆਂ ਨੂੰ ਇਸ ਚਾਲ ਤੋਂ ਛੁਡਵਾਉਣ ਲਈ ਇਕ ਅਸੂਲੀ ਅਤੇ ਦ੍ਰਿੜ੍ਹ ਸੰਘਰਸ਼ ਕਰਨਾ ਪੈਣਾ ਸੀ। ਪਾਰਟੀ ਆਫ਼ ਲੇਬਰ ਆਫ਼ ਅਲਬਾਨੀਆਂ ਨੇ ਇਸ ਸੰਘਰਸ਼ ਦਾ ਬੀੜਾ ਚੁੱਕਿਆ। ਇਹ ਇਕ ਤਜਰਬਾ ਹੈ ਜੋ ਅਸੀਂ ਦੇਖਿਆ ਅਤੇ ਸਾਬਿਤ ਕੀਤਾ ਹੈ, ਮਾਓ ਦੇ ਜੀਵਨ-ਕਾਲ ਦੌਰਾਨ ਅਤੇ ਉਸ ਦੀ ਮੌਤ ਤੋਂ ਪਿੱਛੋਂ ਵੀ। ਇਸ ਸੰਘਰਸ਼ ਕਾਰਨ ਸਮਾਜਵਾਦੀ ਅਲਬਾਨੀਆਂ ਨਿਖੜਿਆ ਨਹੀਂ ਜੋ ਕਿ ਯੂਗੋਸਲਾਵ ਸੋਧਵਾਦੀਏ ਹੀ ਕਹਿੰਦੇ ਹਨ। ਗੱਲ ਅਸਲ ਵਿਚ ਉਲਟ ਹੋਈ। ਪਾਰਟੀ ਆਫ਼ ਲੇਬਰ ਆਫ਼ ਅਲਬਾਨੀਆਂ ਅਤੇ ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ਼ ਅਲਬਾਨੀਆਂ ਦੀਆਂ ਅੰਦਰੂਨੀ ਅਤੇ ਕੌਮਾਂਤਰੀ ਸਥਿਤੀਆਂ ਹੋਰ ਵੀ ਵਧੇਰੇ ਮਜ਼ਬੂਤ ਹੋਈਆਂ।

ਮਾਰਕਸਵਾਦ-ਲੈਨਿਨਵਾਦ ਅਤੇ ਇਨਕਲਾਬ ਦੀ ਰਖਵਾਲੀ ਕਰਨ ਅਤੇ ਮਾਓ ਵਿਚਾਰਧਾਰਾ ਦੀ ਨਕਲੀ-ਮਾਰਕਸਵਾਦੀ ਵਿਚਾਰਧਾਰਾ ਦਾ ਵਿਰੋਧ ਕਰਨ ਦੇ ਇਸ ਸੰਘਰਸ਼ ਵਿਚ ਹੋਰ ਭਰਾਤਰੀ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਨੇ ਵੀ ਸਿਆਣਪ ਅਤੇ ਇਨਕਲਾਬੀ ਦ੍ਰਿੜ੍ਹਤਾ ਨਾਲ ਲੜਾਈ ਕੀਤੀ ਅਤੇ ਬਹੁਮੁੱਲਾ ਯੋਗਦਾਨ ਪਾਇਆ।

ਜਿਸ ਤਰ੍ਹਾਂ, ਸੋਵੀਅਤ ਅਤੇ ਯੂਗੋਸਲਾਵ ਸੋਧਵਾਦਾਂ ਅਤੇ ਹੋਰ ਪਿਛਾਖੜੀ ਸੋਧਵਾਦੀ ਰੁਝਾਨਾਂ ਦਾ ਪਰਦਾ-ਫਾਸ਼ ਕਰਨ ਨਾਲ ਵਾਪਰਿਆ ਸੀ, ਉਸੇ ਤਰ੍ਹਾਂ ਚੀਨ ਨੂੰ ਇਕ ਗ਼ੈਰ-ਸਮਾਜਵਾਦੀ ਦੇਸ਼ ਅਤੇ ਮਾਓ ਵਿਚਾਰਧਾਰਾ ਨੂੰ ਇਕ ਮਾਰਕਸਵਾਦ-ਵਿਰੋਧੀ ਸਿਧਾਂਤ ਦੇ ਤੌਰ ਤੇ ਨੰਗੇ ਕਰਨ ਨਾਲ ਵੀ ਕੌਮਾਂਤਰੀ ਮਾਰਕਸਵਾਦੀ-ਲੈਨਿਨਵਾਦੀ ਲਹਿਰ ਵਿਚੋਂ ਇਕ ਖ਼ਤਰਨਾਕ ਭਰਮ ਨੂੰ ਹੂੰਝਾ ਫਿਰ ਗਿਆ ਹੈ।

ਕੋਈ ਵੀ ਬੁਰਕਾ, ਮਾਰਕਸਵਾਦ-ਲੈਨਿਨਵਾਦ ਦੇ ਸਿਧਾਂਤ ਵਿਚ ਕੋਈ ਵੀ ਤੋੜ-ਮਰੋੜ, ਇਸ ਤੋਂ ਕੋਈ ਵੀ ਥਿੜਕਣ ਜ਼ਿਆਦਾ ਦੇਰ ਕਾਇਮ ਨਹੀਂ ਰਹਿ ਸਕਦੇ। ਇਹ ਲਾਜ਼ਮੀ ਹੀ ਨੰਗੇ ਹੋ ਜਾਂਦੇ ਹਨ, ਕਿਉਂਕਿ ਇਹ ਆਜ਼ਾਦੀ ਲਈ, ਅਸਲੀ ਜਮਹੂਰੀਅਤ ਲਈ, ਸਮਾਜਵਾਦ ਲਈ, ਅਤੇ ਲੁਟੇਰਿਆਂ ਅਤੇ ਲੁਟੀਂਦੀਆਂ ਤੋਂ ਰਹਿਤ ਇਕ ਸਮਾਜ ਲਈ ਲੜਨ ਵਾਲੇ ਮਜ਼ਦੂਰ ਜਮਾਤ ਅਤੇ ਲੋਕਾਂ ਦੇ ਉਦੇਸ਼ਾਂ ਅਤੇ ਉਮੰਗਾਂ ਦੇ ਉਲਟ ਹਨ।

ਚੀਨ ਵਿਚ ਵਰਤਮਾਨ ਘਟਨਾਵਾਂ, ਚੀਨੀ ਲੀਡਰਾਂ ਦੀ ਸਮੁੱਚੀ ਅੰਦਰੂਨੀ ਅਤੇ ਵਿਦੇਸ਼ੀ ਨੀਤੀ, ਸਾਬਿਤ ਕਰਦੀਆਂ ਹਨ ਕਿ ਪਾਰਟੀ ਆਫ਼ ਲੇਬਰ ਆਫ਼ ਅਲਬਾਨੀਆਂ ਦੇ ਵਿਸ਼ਲੇਸ਼ਣ ਅਤੇ ਨਿਚੋੜ ਪੂਰੀ ਤਰ੍ਹਾਂ ਦਰੁੱਸਤ ਅਤੇ ਠੀਕ ਸਨ। ਚੀਨੀ ਲੀਡਰਾਂ ਨੇ, ਪੂੰਜੀਵਾਦੀ ਆਰਥਿਕਤਾ ਦੇ ਵਿਕਾਸ ਲਈ ਮੈਦਾਨ ਖੁੱਲ੍ਹਾ ਛੱਡ ਦਿੱਤਾ, ਗੁਲਾਮਕਰੂ ਵਿਦੇਸ਼ੀ ਪੂੰਜੀ ਦੀ ਆਮਦ ਲਈ ਦਰਵਾਜ਼ੇ ਖੋਲ੍ਹ ਦਿੱਤੇ, ਅਮਰੀਕਨ ਸਾਮਰਾਜਵਾਦ ਨਾਲ ਅਤੇ ਭੈੜੇ ਤੋਂ ਭੈੜੇ ਕੌਮਾਂਤਰੀ ਪਿਛਾਖੜ ਨਾਲ ਗੂੜ੍ਹਾ ਗੱਠਜੋੜ ਬਣਾਇਆ। ਚੀਨ ਵਿਸ਼ਵ ਚੌਧਰ ਦੇ ਦਾਅਵੇ ਲੈ ਕੇ ਇਕ ਧਾੜਵੀ ਸਾਮਰਾਜੀ ਤਾਕਤ ਦੇ ਤੌਰ ਤੇ ਮੈਦਾਨ ਵਿਚ ਨਿੱਤਰ ਪਿਆ। ਇਹ ਵਿਸ਼ਵ ਉਲਟ-ਇਨਕਲਾਬ ਦੇ ਮੁੱਖ ਕੇਂਦਰਾਂ ਵਿਚੋਂ ਇਕ ਬਣ ਗਿਆ ਹੈ ਜਿਹੜਾ ਲੋਕਾਂ ਦੀ ਮੁਕਤੀ ਦਾ ਰਾਹ ਰੋਕਣ ਅਤੇ ਇਨਕਲਾਬ ਦਾ ਗਲਾ ਘੁਟਣ ਲਈ ਆਪਣੀ ਪੂਰੀ ਤਾਕਤ ਨਾਲ ਲੜਦਾ ਹੈ। ਅੱਜ ਚੀਨੀ ਸੋਧਵਾਦ ਸ਼ਰੇਆਮ ਇਕ ਪਿਛਾਖੜੀ ਧਾਰਾ ਦੇ ਰੂਪ ਵਿਚ ਮੈਦਾਨ 'ਚ ਨਿੱਤਰ ਪਿਆ ਹੈ, ਅਤੇ ਇਸ ਨੇ ਸਿਰਫ਼ ਇਨਕਲਾਬੀ ਅਤੇ ਮੁਕਤੀ ਲਹਿਰਾਂ ਨਾਲੋਂ ਹੀ ਨਹੀਂ ਸਗੋਂ ਜਮਹੂਰੀ ਅਤੇ ਅਗਾਂਹਵਧੂ ਲਹਿਰਾਂ ਨਾਲੋਂ ਵੀ ਸਭ ਨਾਤੇ ਤੋੜ ਲਏ ਹਨ। ਹਰ ਵਾਕਿਆਤ ਵਿਚ ਇਹ ਸਭ ਤੋਂ ਮਨਹੂਸ, ਮਹਾਂ ਹਨੇਰ-ਗਰਦ ਅਤੇ ਫਾਸ਼ਿਸਟ ਤਾਕਤਾਂ ਦਾ ਪੱਖ ਪੂਰਦਾ ਹੈ।

ਚੀਨ ਵਿਚ ਵਾਪਰੀਆਂ ਅਤੇ ਵਾਪਰ ਰਹੀਆਂ ਗੜ-ਬੜੀਆਂ, ਭਰਿਸ਼ਟਾ-ਚਾਰੀ, ਗੰਧਲਾਪਣ ਅਤੇ ਲੜਾਈਆਂ ਸਿੱਧੇ ਤੌਰ ਤੇ ਮਾਓ ਵਿਚਾਰਧਾਰਾ ਦਾ ਸਿੱਟਾ ਹਨ। ਅੱਜ ਦੇ ਚੀਨੀ ਲੀਡਰਾਂ ਵੱਲੋਂ ਮਾਓ ਵਿਚਾਰਧਾਰਾ ਦੀ ਕੀਤੀ ਜਾ ਰਹੀ ਨੁਕਤਾਚੀਨੀ ਦਾ ਸਾਡੇ ਵੱਲੋਂ ਕੀਤੀ ਜਾਂਦੀ ਮਾਰਕਸਵਾਦੀ ਨੁਕਤਾਚੀਨੀ ਨਾਲ ਕੋਈ ਵਾਸਤਾ ਨਹੀਂ। ਇਸ ਦਾ ਉਸ ਦੇ ਵਿਚਾਰਾਂ ਦੇ ਮੂਲ-ਮੁੱਦੇ ਨਾਲ ਕੋਈ ਸਬੰਧ ਨਹੀਂ ਜਿਹੜੇ ਵਿਚਾਰਾਂ ਨੂੰ ਵਰਤਮਾਨ ਚੀਨੀ ਲੀਡਰਾਂ ਨੇ ਸੰਭਾਲਿਆ ਹੋਇਆ ਹੈ ਅਤੇ ਅਮਲ ਵਿਚ ਲਾਗੂ ਕਰਦੇ ਹਨ। ਉਹਨਾਂ ਵੱਲੋਂ ਕੀਤੀ ਜਾ ਰਹੀ ਨੁਕਤਾਚੀਨੀ ਵੱਖ-ਵੱਖ ਮਾਓਵਾਦੀ ਗਰੁੱਪਾਂ ਵਿਚਕਾਰ ਸੱਤਾ ਲਈ ਸੰਘਰਸ਼ ਦਾ ਹੀ ਇਕ ਪ੍ਰਗਟਾਵਾ ਹੈ। ਇਹ ਗਰੁੱਪ ਮਾਓ-ਜ਼ੇ-ਦੌਂਗ ਦਾ ਖੰਡਨ ਨਹੀਂ ਕਰ ਸਕਦੇ, ਕਿਉਂਕਿ ਇਹਨਾਂ ਸਾਰੇ ਹੀ ਗਰੁੱਪਾਂ ਨੂੰ ਆਪਣੀਆਂ ਕਾਰਵਾਈਆਂ ਲਈ ਉਸ ਦੇ ਵਿਚਾਰਾਂ ਵਿਚੋਂ ਹਮਾਇਤ ਮਿਲਦੀ ਹੈ। ਆਪਣੇ-ਆਪ ਨੂੰ ਮਾਓ ਵਿਚਾਰਧਾਰਾ ਤੋਂ ਮੁਕਤ ਕਰਾਏ ਬਗ਼ੈਰ ਚੀਨੀ ਪ੍ਰੋਲੇਤਾਰੀਆ ਅਤੇ ਚੀਨੀ ਲੋਕ ਸਮਾਜਵਾਦ ਵੱਲ ਜਾਣ

ਦਾ ਸਹੀ ਰਾਹ ਲੱਭਣ ਵਿਚ ਨਾਕਾਮ ਰਹਿਣਗੇ।

ਭਵਿੱਖ ਵਿਚ ਵੀ, ਪਾਰਟੀ ਆਫ਼ ਲੇਬਰ ਆਫ਼ ਅਲਬਾਨੀਆਂ ਚੀਨੀ ਸੋਧਵਾਦ ਦਾ ਪਰਦਾ ਪੂਰੀ ਤਰ੍ਹਾਂ ਲੀਰੋ-ਲੀਰ ਕਰਨ ਲਈ ਅਤੇ ਮਾਰਕਸਵਾਦ-ਲੈਨਿਨਵਾਦ ਅਤੇ ਮਾਓ ਦੇ ਮਾਰਕਸਵਾਦ-ਵਿਰੋਧੀ ਵਿਚਾਰਾਂ ਵਿਚਕਾਰ ਇਕ ਸਪੱਸ਼ਟ ਵੰਡ-ਰੇਖਾ ਸਥਾਪਿਤ ਕਰਨ ਲਈ ਆਪਣਾ ਦ੍ਰਿੜ੍ਹ ਅਸੂਲੀ ਸੰਘਰਸ਼ ਚਾਲੂ ਰੱਖੇਗੀ, ਮਾਓ ਵਿਚਾਰਧਾਰਾ ਦੀ ਨਿਖੇਧੀ ਅਤੇ ਖੰਡਨ ਕਰਨ ਤੋਂ ਬਗ਼ੈਰ, ਇਨਕਲਾਬੀ ਲਹਿਰ ਵਿਚੋਂ ਇਸ ਦੇ ਕਿਸੇ ਵੀ ਪ੍ਰਭਾਵ ਦਾ ਖ਼ਾਤਮਾ ਕਰਨ ਤੋਂ ਬਗ਼ੈਰ ਚੀਨੀ ਸੋਧਵਾਦ ਵਿਰੁੱਧ ਜਾਂ ਸਮੁੱਚੇ ਨਵ-ਸੋਧਵਾਦ ਵਿਰੁੱਧ ਸੰਘਰਸ਼ ਬਾਰੇ ਕੋਈ ਵੀ ਗੰਭੀਰ ਗੱਲ ਨਹੀਂ ਕੀਤੀ ਜਾ ਸਕਦੀ, ਮਾਰਕਸਵਾਦੀ-ਲੈਨਿਨਵਾਦੀ ਲਹਿਰ ਸਹੀ ਤਰ੍ਹਾਂ ਮਜ਼ਬੂਤ ਅਤੇ ਵਿਕਸਤ ਨਹੀਂ ਕੀਤੀ ਜਾ ਸਕਦੀ ਅਤੇ ਇਨਕਲਾਬ ਦਾ ਕਾਰਜ ਸਫ਼ਲਤਾਪੂਰਵਕ ਅੱਗੇ ਨਹੀਂ ਵਧਾਇਆ ਜਾ ਸਕਦਾ।

**ਜਿੰਨਾ ਵਧੇਰੇ ਪੂੰਜੀਵਾਦ ਅਤੇ ਸਾਮਰਾਜਵਾਦ ਦੇ ਅੰਤਰ-ਵਿਰੋਧ ਤਿੱਖੇ ਹੁੰਦੇ ਹਨ, ਜਿੰਨਾ ਵਧੇਰੇ ਇਨਕਲਾਬ ਦਾ ਝੱਖੜ ਨੇੜੇ ਆ ਰਿਹਾ ਹੈ, ਉਤਨਾ ਹੀ ਵਧੇਰੇ ਦੂਸਰਾ ਸੋਧਵਾਦੀ ਰੁਝਾਨ—ਜਾਣੀ ਕਿ ਯੂਰੋਕਮਿਊਨਿਜ਼ਮ—ਆਪਣੇ ਮਾਰਕਸਵਾਦ-ਵਿਰੋਧੀ ਅਤੇ ਉਲਟ-ਇਨਕਲਾਬੀ ਨਕਸ਼ ਦਿਖਾ ਰਿਹਾ ਹੈ।**

ਯੂਰੋਕਮਿਊਨਿਜ਼ਮ, ਸੋਧਵਾਦ ਦਾ ਰਾਹ ਅਪਨਾਉਣ ਵਾਲੀਆਂ ਕਮਿਊਨਿਸਟ ਪਾਰਟੀਆਂ ਦੀ ਗਿਰਾਵਟ ਦੀ, ਅਤੇ ਸੋਧਵਾਦੀ ਕੈਂਪ ਵਿਚ ਬੁਰਜੁਆ ਕੌਮਪ੍ਰਸਤੀ ਦੇ ਭਾਰੂ ਹੋਣ ਨਾਲ ਪਈ ਫੁਟ ਦੀ, ਪੈਦਾਇਸ਼ ਹੈ।

ਇਹ, ਬੁਰਜੁਆਜ਼ੀ ਦੇ ਮੁਨਾਫ਼ਿਆਂ ਚੋਂ ਪਾਏ ਗਏ ਟੁੱਕੜਾਂ ਤੇ ਪਲਣ ਵਾਲੀ ਮਜ਼ਦੂਰ ਅਫ਼ਸਰਸ਼ਾਹੀ ਦੀ ਵਿਚਾਰਧਾਰਾ ਹੈ। ਯੂਰੋਕਮਿਊਨਿਜ਼ਮ ਬੁਰਜੁਆ ਸੁਧਾਰਵਾਦ ਦੀ ਸਭ ਤੋਂ ਖਾਲਿਸ ਵਿਚਾਰਧਾਰਾ ਹੈ, ਅਤੇ ਇਹ ਮਜ਼ਦੂਰਾਂ ਦੀ ਲਹਿਰ ਦੀਆਂ ਸਫਾਂ ਵਿਚ ਗ਼ੱਦਾਰੀ ਦੀ ਭੂਮਿਕਾ ਅਦਾ ਕਰਦੀ ਹੈ।

ਯੂਰੋਕਮਿਊਨਿਸਟ ਸੋਧਵਾਦੀਏ ਜਿਹੜੇ ਸਟਾਲਿਨ ਵਿਰੁੱਧ ਮੁਹਿੰਮ ਦੇ ਕੱਟੜ ਹਮਾਇਤੀ ਸਨ ਅਤੇ ਕਥਿਤ ਤੌਰ ਤੇ ਲੈਨਿਨ ਵੱਲ ਵਾਪਿਸ ਮੁੜਨਾ ਚਾਹੁੰਦੇ ਸਨ, ਹੁਣ ਬੁਰਜੁਆਜ਼ੀ ਅਤੇ ਸੋਸ਼ਲ-ਡੈਮੋਕ੍ਰੇਟਾਂ ਦੀ ਗਾਣ-ਮੰਡਲੀ ਵਿਚ ਸ਼ਾਮਿਲ ਹੋ ਕੇ ਲੈਨਿਨ ਅਤੇ ਲੈਨਿਨਵਾਦ ਉੱਤੇ ਹਮਲੇ ਕਰ ਰਹੇ ਹਨ। "ਯੂਰੋਕਮਿਊਨਿਜ਼ਮ" ਨਾਂ ਹੀ ਮਾਰਕਸਵਾਦ-ਲੈਨਿਨਵਾਦ ਨਾਲੋਂ ਉਹਨਾਂ ਦੇ ਤੋੜ-ਵਿਛੋੜੇ ਦਾ, ਉਹਨਾਂ ਵੱਲੋਂ ਇਨਕਲਾਬ ਅਤੇ ਸਮਾਜਵਾਦੀ ਸਮਾਜ ਦੀ ਉਸਾਰੀ ਦੇ ਸਰਵ-ਵਿਆਪੀ ਨਿਯਮਾਂ ਦੇ ਖੰਡਨ ਦਾ ਪ੍ਰਗਟਾਵਾ ਹੈ। ਯੂਰੋਕਮਿਊਨਿਸਟ ਸੋਧਵਾਦੀਆਂ ਨੇ ਲਾਸਾਲਿ ਅਤੇ ਬਰਨਸਟੀਨ, ਕਾਟਸਕੀ ਅਤੇ ਦੂਸਰੀ ਇੰਟਰਨੈਸ਼ਨਲ ਦੇ ਪੁਰਾਣੇ ਮੌਕਾਪ੍ਰਸਤ ਸਿਧਾਂਤ ਕਬਰਾਂ ਚੋਂ ਕੱਢਕੇ ਫਿਰ ਵਰਤਾਉਣੇ ਸ਼ੁਰੂ ਕਰ ਦਿੱਤੇ ਹਨ ਅਤੇ ਇਹਨਾਂ ਨੂੰ ਉਹ ਅਜੋਕੇ ਸਮੇਂ ਵਿਚ ਮਾਰਕਸਵਾਦ ਦੇ ਸਿਰਜਨਾਤਮਕ ਵਿਕਾਸ ਦਾ ਨਮੂਨਾ ਕਹਿ ਕੇ ਪ੍ਰਚਾਰ ਰਹੇ ਹਨ। ਮਾਰਕਸਵਾਦ-ਲੈਨਿਨਵਾਦ ਦੀਆਂ ਬੁਨਿਆਦੀ ਸਿੱਖਿਆਵਾਂ ਉੱਤੇ ਕਮਿਊਨਿਸਟ-ਵਿਰੋਧੀ ਸਥਿਤੀਆਂ ਤੋਂ ਸ਼ਰੇਆਮ ਹਮਲੇ ਕਰਨਾ, ਸਮੁੱਚੇ ਨਵ-ਸੋਧਵਾਦ ਅਤੇ ਇਸ ਦੇ ਸਭ ਰੁਝਾਨਾਂ ਦਾ ਦਲੀਲੀ ਅੰਤ ਹੈ।

ਜਮਾਤਾਂ ਤੋਂ ਰਹਿਤ ਪੂੰਜੀਵਾਦੀ ਸਟੇਟ ਬਾਰੇ, ਸਭਨਾਂ ਲਈ ਜਮਹੂਰੀਅਤ ਬਾਰੇ ਸਮਾਜਵਾਦ ਵੱਲ ਪੁਰਅਮਨ, ਪਾਰਲੀਮਾਨੀ ਜਮਹੂਰੀ ਰਾਹ ਬਾਰੇ, ਬੁਰਜੁਆ ਸੰਵਿਧਾਨ ਦੇ ਚੌਖਟੇ ਅੰਦਰ ਹੀ ਉਪਕਰਣੀ ਸੁਧਾਰਾਂ ਬਾਰੇ, ਯੂਰੋਕਮਿਊਨਿਸਟ ਸੋਧਵਾਦੀਆਂ ਦੇ ਸਭ ਉਪਦੇਸ਼ਾਂ ਦਾ ਸਿਰਫ਼ ਇਕ ਹੀ ਉਦੇਸ਼ ਹੈ : ਇਨਕਲਾਬ ਨੂੰ ਰੋਕਣਾ ਅਤੇ ਪੂੰਜੀਵਾਦ ਨਿਜ਼ਾਮ ਦੀ ਰਖਵਾਲੀ ਕਰਨਾ ਅਤੇ ਇਸ ਨੂੰ ਬਰਕਰਾਰ ਰੱਖਣਾ। ਜਦ ਇਟਾਲੀਅਨ, ਫਰਾਂਸੀਸੀ ਜਾਂ ਸਪੇਨਿਸ਼ ਸੋਧਵਾਦੀਏ "ਇਤਿਹਾਸਕ ਸਮਝੌਤੇ", "ਖੱਬੂਆਂ ਦੇ ਇਤਿਹਾਸਕ ਗੁੱਟ", ਆਦਿ ਬਾਰੇ ਗੱਲ ਕਰਦੇ ਹਨ, ਜਾਂ ਜਦ ਉਹ ਬੁਰਜੁਆ ਸਰਕਾਰਾਂ ਵਿਚ ਸ਼ਾਮਿਲ ਹੋਣ ਲਈ ਹੱਥ-ਪੈਰ ਮਾਰਦੇ ਹਨ ਤਾਂ ਉਹ ਇਹ ਕੁੱਝ ਬੁਰਜੁਆਜ਼ੀ ਤੋਂ ਸੱਤਾ ਖੋਹਣ ਲਈ ਨਹੀਂ, ਪੂੰਜੀਵਾਦੀ ਨਿਜ਼ਾਮ ਨੂੰ ਖ਼ਤਮ ਕਰਨ ਲਈ ਨਹੀਂ, ਸਗੋਂ ਇਸ ਨੂੰ ਇਨਕਲਾਬ ਤੋਂ ਬਚਾਉਣ ਲਈ ਅਤੇ ਬੁਰਜੁਆਜ਼ੀ ਦੇ ਮਾਮਲਿਆਂ ਦਾ ਬੰਦੋਬਸਤ ਆਪਣੇ ਹੱਥਾਂ 'ਚ ਲੈਣ ਲਈ ਕਰਦੇ ਹਨ। ਇਸ ਭੂਮਿਕਾ ਵਿਚ ਉਹ ਸੋਸ਼ਲ-ਡੈਮੋਕਰੇਸੀ ਦੀ ਜਗ੍ਹਾ ਮੱਲਣੀ ਚਾਹੁੰਦੇ ਹਨ, ਕਿਉਂਕਿ ਸੋਸ਼ਲ-ਡੈਮੋਕਰੇਸੀ ਹੁਣ ਸਰਮਾਏਦਾਰੀ ਦੀ ਸ਼ਰੇਆਮ ਚਾਕਰ ਦੇ ਤੌਰ ਤੇ ਲੋਕਾਂ ਦੀਆਂ ਅੱਖਾਂ ਵਿਚ ਪੂਰੀ ਤਰ੍ਹਾਂ ਬਦਨਾਮ ਹੋ ਚੁੱਕੀ ਹੈ।

ਯੂਰੋਕਮਿਊਨਿਸਟ ਸੋਧਵਾਦੀਏ ਪੂੰਜੀਵਾਦ ਦੀ ਪ੍ਰਸ਼ੰਸਾ ਕਰਦੇ ਹਨ ਅਤੇ ਸਮਾਜਵਾਦ ਵੱਲ ਸ਼ਰੇਆਮ ਦੁਸ਼ਮਣੀ ਦਾ ਇਜ਼ਹਾਰ ਕਰਦੇ ਹਨ। ਉਹ ਕਹਿੰਦੇ ਹਨ ਕਿ ਅਸਲੀ ਸਮਾਜਵਾਦ ਕਿਤੇ ਵੀ ਨਹੀਂ ਹੈ ਅਤੇ ਨਾ ਹੀ ਹੁਣ ਤਕ ਕਿਤੇ ਹੈ ਸੀ। ਉਹਨਾਂ ਮੁਤਾਬਿਕ "ਅਸਲੀ ਸਮਾਜਵਾਦ" ਉਹੀ ਹੈ ਜੋ ਉਹਨਾਂ ਨੇ ਖੁਦ ਖੋਜਿਆ ਹੈ, ਜਾਣੀ ਕਿ ਅਖੌਤੀ "ਜਮਹੂਰੀ ਸਮਾਜਵਾਦ", "ਬਹੁਰੰਗੀ ਸਮਾਜਵਾਦ", ਜਾਂ "ਤੀਸਰਾ ਰਾਹ"।

ਜਿਹੜਾ "ਸਮਾਜਵਾਦ" ਯੂਰੋਕਮਿਊਨਿਸਟ ਸੋਧਵਾਦੀਏ ਪ੍ਰਚਾਰ ਰਹੇ ਹਨ ਉਹ, ਪ੍ਰੋਲੇਤਾਰੀਆ ਦੀ ਡਿਕਟੇਟਰਸ਼ਿਪ ਤੋਂ ਸੱਖਣਾ, ਕਮਿਊਨਿਸਟ ਪਾਰਟੀ ਦੀ ਅਵੰਡ ਅਗਵਾਈ ਤੋਂ ਸੱਖਣਾ, ਅਤੇ ਮਾਰਕਸਵਾਦੀ-ਲੈਨਿਨਵਾਦੀ ਸਿਧਾਂਤ ਤੋਂ ਸੱਖਣਾ ਸਮਾਜਵਾਦ ਹੈ। ਇਸ ਸਮਾਜਵਾਦ ਵਿਚ ਰਾਜਸੱਤਾ ਸਭ ਜਮਾਤਾਂ ਦੀ ਸਾਂਝੀ ਹੋਵੇਗੀ, ਵੱਖ-ਵੱਖ ਪਾਰਟੀਆਂ ਚੋਣਾਂ ਵਿਚ ਪ੍ਰਾਪਤ ਕੀਤੀਆਂ ਵੋਟਾਂ ਮੁਤਾਬਿਕ ਅਗਵਾਈ ਵਿਚ ਆਉਣਗੀਆਂ ਅਤੇ ਮਾਰਕਸਵਾਦੀ ਵਿਚਾਰਧਾਰਾ ਹੋਰ ਸਭ ਬੁਰਜੁਆ, ਨੀਮ-ਬੁਰਜੁਆ ਅਤੇ ਧਾਰਮਿਕ ਵਿਚਾਰਧਾਰਾਵਾਂ ਨਾਲ ਰਲ-ਮਿਲ ਕੇ ਰਹੇਗੀ। ਯੂਰੋਕਮਿਊਨਿਸਟਾਂ ਦੇ ਸਮਾਜਵਾਦ ਵਿਚ, ਆਰਥਿਕਤਾ ਦੀਆਂ ਵੱਖ-ਵੱਖ ਕਿਸਮਾਂ ਹੋਣਗੀਆਂ, ਸਮਾਜਿਕ ਜਾਇਦਾਦ ਅਤੇ ਨਿੱਜੀ ਜਾਇਦਾਦ ਹੋਵੇਗੀ, ਸਾਮਰਾਜਵਾਦੀ ਪੂੰਜੀ ਅਤੇ ਬਹੁ-ਕੌਮੀ ਕੰਪਨੀਆਂ ਹੋਣਗੀਆਂ।

ਇਸ ਲਈ, ਇਸ ਅਖੌਤੀ ਬਹੁਰੰਗੇ ਸਮਾਜ ਵਿਚ, ਜਮਾਤਾਂ, ਪਾਰਟੀਆਂ, ਵਿਚਾਰਧਾਰਾਵਾਂ, ਜਾਇਦਾਦ ਦੀਆਂ ਵੱਖ-ਵੱਖ ਕਿਸਮਾਂ, ਸਮਾਜਵਾਦੀ ਅਤੇ ਪੂੰਜੀ-ਵਾਦੀ ਅੰਸ਼, ਇਕੱਠੇ ਹੋਣਗੇ ਅਤੇ ਆਰਥਿਕਤਾ ਅਤੇ ਨੀਤੀ ਵਿਚ, ਅਧਾਰ ਵਿਚ ਅਤੇ ਉਪਕਰਣ ਵਿਚ ਅਤੇ ਸਮਾਜ ਦੇ ਕੁੱਲ ਜੀਵਨ ਵਿਚ ਮੁਕੰਮਲ ਅਮਨ ਅਤੇ ਇਕਸੁਰਤਾ ਨਾਲ ਰਲ-ਮਿਲ ਕੇ ਰਹਿਣਗੇ। ਐਪਰ, ਅਜੇਹਾ ਦੋਗਲਾ ਪੂੰਜੀਵਾਦੀ ਸਮਾਜ ਕਦੇ ਨਹੀਂ ਹੋਇਆ ਅਤੇ ਨਾ ਹੀ ਕਦੇ ਹੋ ਸਕਦਾ ਹੈ। ਇਹ ਸਿਰਫ਼ ਯੂਰੋ-ਕਮਿਊਨਿਸਟਾਂ ਦੇ ਸੁਪਨਿਆਂ ਵਿਚ ਹੀ ਹੋ ਸਕਦਾ ਹੈ। ਸਮਾਜਵਾਦ ਅਤੇ ਪੂੰਜੀ-ਵਾਦ ਦੋ ਪਰਸਪਰ-ਦੁਸ਼ਮਣ ਸਮਾਜਿਕ ਨਿਜ਼ਾਮ ਹਨ। ਯੂਰੋਕਮਿਊਨਿਸਟਾਂ ਵੱਲੋਂ ਪ੍ਰਚਾਰਿਆ ਜਾ ਰਿਹਾ ਨਵਾਂ ਸਮਾਜ ਅਸਲ ਵਿਚ ਸਮਾਜਵਾਦੀ ਰੰਗਾਂ ਨਾਲ ਪੋਚਿਆ ਹੋਇਆ ਵਰਤਮਾਨ ਪੂੰਜੀਵਾਦੀ ਸਮਾਜ ਹੀ ਹੈ।

ਯੂਰੋਕਮਿਊਨਿਜ਼ਮ ਦੀ ਪੈਦਾਇਸ਼ ਨੂੰ ਬੁਰਜੁਆਜ਼ੀ ਨੇ ਬਹੁਤ ਹੀ ਮਸ਼ਹੂਰ ਕੀਤਾ ਕਿਉਂਕਿ ਬੁਰਜੁਆਜ਼ੀ ਨੂੰ ਉਮੀਦ ਸੀ ਕਿ ਇਹ ਸੁਧਾਰਵਾਦੀ ਵਿਚਾਰਧਾਰਾ ਇਨਕਲਾਬੀ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਉੱਤੇ ਭਾਰੂ ਹੋ ਜਾਏਗੀ। ਬੁਰਜੁਆਜ਼ੀ ਨੂੰ ਉਮੀਦ ਸੀ ਕਿ ਯੂਰੋਕਮਿਊਨਿਜ਼ਮ ਬਹੁਤ ਜ਼ਿਆਦਾ ਫੈਲ ਜਾਏਗਾ ਅਤੇ ਪੂਰਬ ਅਤੇ ਪੱਛਮ ਦੇ ਸੋਧਵਾਦੀਆਂ ਨੂੰ ਇਕ-ਮੁੱਠ ਕਰਨ ਦਾ ਝੰਡਾ-ਬਰਦਾਰ ਬਣ ਜਾਏਗਾ। ਲੇਕਿਨ ਇਸ ਦੀਆਂ ਉਮੀਦਾਂ ਉੱਤੇ ਪੂਰੀ ਤਰ੍ਹਾਂ ਪਾਣੀ ਫਿਰ ਗਿਆ। ਯੂਰੋਕਮਿਊਨਿਸਟ ਪਾਰਟੀਆਂ ਦੇ ਅੰਦਰ ਹੀ ਦੁਫੇੜਾਂ ਅਤੇ ਧੜੇਬਾਜ਼ੀਆਂ ਵਧ ਗਈਆਂ, ਜਦਕਿ ਵੱਖ-ਵੱਖ ਯੂਰੋਕਮਿਊਨਿਸਟ ਪਾਰਟੀਆਂ ਵਿਚਕਾਰ ਆਗੂ ਭੂਮਿਕਾ ਲਈ ਸੰਘਰਸ਼ ਛਿੜ ਪਿਆ। ਹੋਰ ਪਾਰਟੀਆਂ ਨਾਲ ਤੂੰ-ਤੂੰ, ਮੈਂ-ਮੈਂ ਅਤੇ ਲੜਾਈਆਂ ਹੋਰ ਵੀ ਵਧ ਗਈਆਂ। ਮਾਰਸ਼ੇ ਦੀ ਪਾਰਟੀ ਨੇ ਯੂਰੋਕਮਿਊਨਿਜ਼ਮ ਦਾ ਖਹਿੜਾ ਛੱਡ ਦਿੱਤਾ ਹੈ ਅਤੇ ਸੋਵੀਅਤ ਸੋਧਵਾਦੀਆਂ ਦੇ ਨੇੜੇ ਹੋ ਰਹੀ ਹੈ। ਸਪੇਨ ਦੀ ਕਮਿਊਨਿਸਟ ਪਾਰਟੀ ਕਈ ਧੜਿਆਂ ਵਿਚ ਵੰਡੀ ਗਈ ਹੈ; ਧਰਮ-ਪੱਖੀ ਅਤੇ ਧਰਮ-ਵਿਰੋਧੀ; ਸੋਵੀਅਤ-ਪੱਖੀ ਅਤੇ ਸੋਵੀਅਤ-ਵਿਰੋਧੀ ਗਰੁੱਪਾਂ ਵਿਚ ਵੰਡੀ ਗਈ ਹੈ। ਜਦ ਕਿ ਬਰਲਿੰਗੁਅਰ ਦੀ (ਇਟਾਲੀਅਨ) ਪਾਰਟੀ ਇਕ ਘੋਰ ਵਿਚਾਰਧਾਰਕ ਅਤੇ ਸਿਆਸੀ ਸੰਕਟ ਵਿਚ ਫਸੀ ਹੋਈ ਹੈ। ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਯੂਰੋਕਮਿਊਨਿਸਟ ਪਾਰਟੀਆਂ ਲੋਕਾਂ ਵਿਚੋਂ ਆਪਣਾ ਅਸਰ-ਰਸੂਖ ਪੂਰੀ ਤਰ੍ਹਾਂ ਗਵਾ ਬੈਠੀਆਂ ਹਨ, ਅਤੇ ਇਹ ਚੀਜ਼ ਚੋਣਾਂ ਵਿਚ ਉਹਨਾਂ ਨੂੰ ਹੋ ਰਹੀਆਂ ਲਗਾਤਾਰ ਹਾਰਾਂ ਤੋਂ ਦੇਖੀ ਜਾ ਸਕਦੀ ਹੈ, ਜਿਨ੍ਹਾਂ ਚੋਣਾਂ ਨੂੰ ਉਹ ਆਪਣੀ ਮੁੱਖ ਰਣ-ਭੂਮੀ ਮੰਨਦੀਆਂ ਹਨ।

**ਅਸਲੀ ਸਮਾਜਵਾਦ ਦੇ ਵਿਚਾਰ, ਲੋਕਾਂ ਦੇ ਇਨਕਲਾਬੀ ਸੰਘਰਸ਼ਾਂ ਨੂੰ ਉਤਸ਼ਾਹਿਤ, ਲਾਮਬੰਦ ਅਤੇ ਜਥੇਬੰਦ ਕਰਨ ਲਈ ਇਕ ਮਹਾਨ ਸ਼ਕਤੀ ਰਹੇ ਹਨ ਅਤੇ ਅੱਜ ਵੀ ਹਨ।**

ਅੱਜ ਨਵੇਂ "ਸਮਾਜਵਾਦ" ਘੜਨ ਜਾਂ ਨਵ-ਸੋਧਵਾਦੀਆਂ ਦੇ ਅਖੌਤੀ ਸਮਾਜਵਾਦ ਦੇ ਸੋਵੀਅਤ, ਯੂਗੋਸਲਾਵ, ਚੀਨੀ ਅਤੇ ਹੋਰ ਨਮੂਨਿਆਂ ਦੀ ਨਕਲ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ।

ਸਮਾਜਵਾਦ ਕੀ ਹੈ, ਇਹ ਕਿਸ ਚੀਜ਼ ਦੀ ਪ੍ਰਤੀਨਿਧਤਾ ਕਰਦਾ ਹੈ ਅਤੇ ਕੀ ਲਿਆਉਂਦਾ ਹੈ, ਇਹ ਕਿਵੇਂ ਲਿਆਂਦਾ ਜਾਂਦਾ ਹੈ ਅਤੇ ਸਮਾਜਵਾਦੀ ਸਮਾਜ ਕਿਵੇਂ ਉਸਾਰਿਆ ਜਾਂਦਾ ਹੈ, ਇਹਨਾਂ ਸਭ ਚੀਜ਼ਾਂ ਬਾਰੇ ਅੱਜ ਕੁੱਝ ਵੀ ਅਣ-ਜਾਣਿਆਂ ਜਾਂ ਅਣ-ਬੁੱਝਿਆ ਨਹੀਂ ਹੈ। ਵਿਗਿਆਨਕ ਸਮਾਜਵਾਦ ਦਾ ਇਕ ਸਿਧਾਂਤ ਅਤੇ ਅਮਲ ਮੌਜੂਦ ਹੈ। ਮਾਰਕਸ, ਏਂਗਲਜ਼, ਲੇਨਿਨ ਅਤੇ ਸਟਾਲਨ ਸਾਨੂੰ ਇਹ ਸਿਧਾਂਤ ਸਿਖਾਉਂਦੇ ਹਨ। ਇਸ ਦਾ ਅਮਲ ਸਾਨੂੰ ਲੇਨਿਨ ਅਤੇ ਸਟਾਲਿਨ ਦੇ ਵੇਲੇ ਸੋਵੀਅਤ ਯੂਨੀਅਨ ਵਿਚ ਸਮਾਜਵਾਦ ਦੀ ਉਸਾਰੀ ਦੇ ਅਮੀਰ ਤਜ਼ਰਬੇ ਵਿਚ ਮਿਲਦਾ ਹੈ, ਅਤੇ ਅੱਜ ਇਹ ਸਾਨੂੰ ਅਲਬਾਨੀਆਂ ਵਿਚ ਮਿਲਦਾ ਹੈ, ਜਿੱਥੇ ਨਵਾਂ ਸਮਾਜ ਮਾਰਕਸਵਾਦ-ਲੇਨਿਨਵਾਦ ਦੀਆਂ ਸਿੱਖਿਆਵਾਂ ਮੁਤਾਬਿਕ ਉਸਾਰਿਆ ਜਾ ਰਿਹਾ ਹੈ।

ਲੇਨਿਨ ਨੇ ਠੀਕ ਹੀ ਕਿਹਾ ਸੀ ਕਿ ਵੱਖ-ਵੱਖ ਦੇਸ਼ਾਂ ਵਿਚ ਵੱਖਰੀਆਂ ਸਮਾਜਿਕ-ਆਰਥਿਕ ਹਾਲਤਾਂ ਦੇ ਸਿੱਟੇ ਵਜੋਂ, ਜਿਸ ਤਰੀਕੇ ਨਾਲ ਇਨਕਲਾਬ ਲਿਆਂਦਾ ਜਾਂਦਾ ਹੈ ਅਤੇ ਰਵਾਇਤਾਂ ਅਤੇ ਕੌਮਾਂਤਰੀ ਹਾਲਤਾਂ ਆਦਿ ਦੇ ਸਿੱਟੇ ਵਜੋਂ ਸਮਾਜਵਾਦ ਦਾ ਮੁਹਾਂਦਰਾ ਵੱਖਰਾ ਹੋਵੇਗਾ ਅਤੇ ਵਿਸ਼ੇਸ਼ ਫ਼ਰਕ ਹੋਣਗੇ ਲੇਕਿਨ ਸਮਾਜਵਾਦ ਦੇ ਬੁਨਿਆਦੀ ਅਸੂਲ ਅਤੇ ਸਰਵ-ਵਿਆਪੀ ਨਿਯਮ ਅਡੋਲ ਰਹਿੰਦੇ ਹਨ ਅਤੇ ਸਭ ਦੇਸ਼ਾਂ ਲਈ ਲਾਜ਼ਮੀ ਹਨ।

ਮਾਰਕਸਵਾਦੀ-ਲੇਨਿਨਵਾਦੀਏ ਆਪਣੇ ਦੇਸ਼ਾਂ ਵਿਚ ਇਨਕਲਾਬੀ ਵਿਧੀਆਂ ਨੂੰ ਅਤੇ ਜਿਨ੍ਹਾਂ ਕੌਮੀ ਅਤੇ ਕੌਮਾਂਤਰੀ ਹਾਲਤਾਂ ਵਿਚ ਇਹ ਵਿਧੀਆਂ ਚਲਦੀਆਂ ਹਨ ਉਹਨਾਂ ਨੂੰ ਸੰਜੀਦਗੀ ਨਾਲ ਘੋਖਦੇ ਹਨ। ਉਹ ਸਿਧਾਂਤ ਜਾਂ ਅਮਲ ਵਿਚ ਕੱਟੜ-ਪੰਥੀ ਨਹੀਂ ਹਨ। ਉਹਨਾਂ ਲਈ, ਮਾਰਕਸਵਾਦ-ਲੇਨਿਨਵਾਦ, ਇਕ ਦੰਦਾਤਮਕ ਭੌਤਿਕਵਾਦੀ ਵਿਸ਼ਵ ਦ੍ਰਿਸ਼ਟੀ ਦੇ ਤੌਰ ਤੇ, ਇਕ ਜਿਉਂਦਾ, ਸਿਰਜਨਾਤਮਕ ਸਿਧਾਂਤ ਹੈ ਜੋ ਬੇਰੋਕ ਵਿਕਸਤ ਹੋ ਰਿਹਾ ਹੈ।

ਮਾਰਕਸਵਾਦੀ-ਲੇਨਿਨਵਾਦੀਏ ਰੂੜ੍ਹੀਵਾਦੀ ਅਤੇ ਕੱਟੜਪੰਥੀ ਨਹੀਂ ਹਨ ਜਿਵੇਂ ਸੋਧਵਾਦੀਏ ਅਤੇ ਸਰਮਾਏਦਾਰ ਉਹਨਾਂ ਨੂੰ ਕਹਿੰਦੇ ਹਨ। ਸਗੋਂ ਇਸ ਦੇ ਉਲਟ ਉਹ ਸਭ ਤੋਂ ਵਧੇਰੇ ਅਗਾਂਹਵਧੂ ਲੋਕ ਹਨ, ਸਭ ਘਿਸੇ-ਫਿਟੇ ਅਤੇ ਪਿਛਾਖੜੀ ਵਿਚਾਰਾਂ ਵਿਰੁੱਧ ਡਟ ਕੇ ਲੜਦੇ ਹਨ। ਉਹ ਨਵੇਂ ਦੀਆਂ ਸਥਿਤੀਆਂ ਉੱਤੇ ਦ੍ਰਿੜ੍ਹਤਾ ਨਾਲ ਖੜਦੇ ਹਨ ਅਤੇ ਇਸ ਦੀ ਜਿੱਤ ਲਈ ਆਪਣਾ ਪੂਰਾ ਤਾਣ ਲਾ ਕੇ ਲੜਦੇ ਹਨ। ਸੋਧਵਾਦੀਏ ਅਤੇ ਹੋਰ ਸਭ ਮੌਕਾਪ੍ਰਸਤ, ਜਿਹੜੇ ਸਰਮਾਏਦਾਰੀ ਦੇ ਜੁੱਤੀ-ਚੱਟਾਂ ਦੇ ਰੋਲ ਤੇ ਇਕ ਹਾਰੇ ਹੋਏ ਕਾਜ਼ ਦੀ ਰਖਵਾਲੀ ਕਰਦੇ, ਦਮਨ ਅਤੇ ਲੁੱਟ ਦੇ ਇਕ ਗਲੇ-ਸੜੇ ਨਿਜ਼ਾਮ ਦੀ ਰਖਵਾਲੀ ਕਰਦੇ ਹਨ, ਉਹ ਰੂੜ੍ਹੀਵਾਦੀਏ ਅਤੇ ਪਿਛਾਂਹ-ਖਿਚੂ ਹਨ। ਏਸੇ ਪਿਛਾਂਹ-ਖਿਚੂ ਸਥਿਤੀ ਨੇ ਹੀ ਨਵ-ਸੋਧਵਾਦ ਨੂੰ ਇਕ ਗਹਿਰੇ ਸੰਕਟ ਵਿਚ ਫਸਾ ਦਿੱਤਾ ਹੈ।

ਸੋਧਵਾਦ ਦੇ ਅਸਰ ਹੇਠ ਆਏ ਪ੍ਰੋਲੇਤਾਰੀਆ ਅਤੇ ਲੋਕਾਂ ਨੂੰ ਇਸ ਮਾਰੂ ਅਸਰ ਤੋਂ ਮੁਕਤ ਕਰਵਾਉਣਾ, ਅਤੇ ਸੰਘਰਸ਼ ਅਤੇ ਜਿੱਤ ਦਾ ਇਕੋ-ਇਕ ਸਹੀ ਰਾਹ ਦੱਸਣ ਵਾਲੇ ਮਾਰਕਸਵਾਦ-ਲੇਨਿਨਵਾਦ ਦਾ ਵਿਸ਼ਾਲ ਪੈਮਾਨੇ ਤੇ ਪ੍ਰਚਾਰ ਕਰਨਾ, ਅੱਜ ਹਰ ਦੇਸ਼ ਵਿਚ ਅਤੇ ਸਮੁੱਚੀ ਦੁਨੀਆਂ ਦੇ ਪੱਧਰ ਤੇ ਇਨਕਲਾਬੀ ਵਿਧੀ ਨੂੰ ਅੱਗੇ ਵਧਾਉਣ ਲਈ ਇਕ ਮੁੱਖ ਕਾਰਜ ਹੈ।

ਲੋਕਾਂ ਦੀਆਂ ਬਗਾਵਤਾਂ ਅਤੇ ਲਹਿਰਾਂ ਦਾ ਉਭਾਰ, ਕੌਮੀ ਅਤੇ ਜਮਾਤੀ ਚੇਤਨਤਾ ਦਾ ਵਾਧਾ ਅਤੇ ਦੁਨੀਆਂ ਵਿਚ ਮੌਜੂਦ ਵੱਡੇ ਸਮਾਜੀ-ਆਰਥਿਕ ਝੱਖੜ ਇਸ ਕਾਰਜ ਨੂੰ ਹੋਰ ਵੀ ਵਧੇਰੇ ਜ਼ਰੂਰੀ ਬਣਾਉਂਦੇ ਹਨ।

ਸਾਰੇ ਹੀ ਦੁਸ਼ਮਣ ਪੂਰਾ ਤਾਣ ਲਾ ਕੇ ਲੋਕਾਂ ਨੂੰ ਇਨਕਲਾਬ ਤੋਂ ਪਰ੍ਹੇ ਖਿੱਚਣ ਦੇ ਯਤਨ ਕਰ ਰਹੇ ਹਨ। ਬੁਰਜੁਆਜ਼ੀ, ਸੋਸ਼ਲ-ਡੇਮੋਕਰੇਸੀ, ਨਵ-ਸੋਧਵਾਦੀਏ ਅਤੇ ਹਰ ਭਾਂਤ ਦੇ ਮੌਕਾਪ੍ਰਸਤ ਮਜ਼ਦੂਰ ਜਮਾਤ ਅਤੇ ਲੋਕਾਂ ਨੂੰ ਆਪਣੀਆਂ ਚਾਲਾਂ ਵਿਚ ਫਸਾਉਣ ਲਈ ਵਿਚਾਰਧਾਰਕ ਗੰਧਲੇਪਣ ਅਤੇ ਭੰਨ-ਤੋੜ ਦੇ ਬੀਜ ਬੀਜਣ, ਨਿਰਾਸ਼ਾਵਾਦ ਅਤੇ ਕਿਸਮਤ ਅੱਗੇ ਗੋਡੇ ਟੇਕਣ ਦੀ ਭਾਵਨਾ ਫੈਲਾਉਣ ਲਈ, ਲੋਕਾਂ ਵਿਚ ਇਨਕਲਾਬ ਅਤੇ ਸਮਾਜਵਾਦ ਪ੍ਰਤੀ ਬੇ-ਭਰੋਸਗੀ ਫੈਲਾਉਣ ਲਈ ਅਤੇ ਇਹ ਸੋਚਣੀ ਫੈਲਾਉਣ ਲਈ, ਕਿ ਪੂੰਜੀਵਾਦ ਅਤੇ ਸਾਮਰਾਜਵਾਦ ਨੂੰ ਹਰਾਉਣਾ ਅਤੇ ਤਬਾਹ ਕਰਨਾ ਅਸੰਭਵ ਹੈ, ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਹਨ। ਇਹਨਾਂ ਦੁਸ਼ਮਣਾਂ ਲਈ ਇਕੋ ਮਸਲਾ ਹੈ ਅਤੇ ਉਹ ਹੈ ਪੂੰਜੀਵਾਦ ਨੂੰ "ਇਕ ਵਧੇਰੇ ਮਾਨਵ-ਵਾਦੀ ਮੁਹਾਂਦਰਾ" ਦੇਣ ਦਾ, ਜਿਸ ਦਾ ਮਤਲਬ ਹੈ ਕਿ ਵੱਡੇ ਸਰਮਾਏਦਾਰ ਰਾਜ ਕਰਦੇ ਰਹਿਣ, ਲੇਕਿਨ ਗ਼ਰੀਬਾਂ ਨੂੰ ਕੁੱਝ ਟੁੱਕੜ ਜ਼ਰੂਰ ਪਾਉਣ। ਅਜੇਹੀਆਂ ਬੀਨਾਂ ਵਜਾਉਣ ਵਿਚ ਬੁਰਜੂਆ ਵਿਦਵਾਨ, ਸੋਵੀਅਤ ਸਾਮਰਾਜਵਾਦ ਦੇ ਪੈਰੋਕਾਰ, "ਤਿੰਨ ਦੁਨੀਆਵਾਂ" ਦੇ ਸਿਧਾਂਤ, "ਗੁਟ-ਨਿਰਲੇਪਤਾ" ਅਤੇ ਉੱਤਰ-ਦੱਖਣ ਗਲਬਾਤ ਦੀ ਵਕਾਲਤ ਕਰਨ ਵਾਲੇ, ਰੋਮ ਦਾ ਪੋਪ ਅਤੇ ਟਰੇਡ ਯੂਨੀਅਨ ਲਫਟੈਣ, ਸਾਰੇ ਹੀ ਇਕ-ਮੁੱਠ ਹਨ।

ਯੂਰਪ ਦੀ ਮਜ਼ਦੂਰ ਜਮਾਤ ਉੱਤੇ ਬੇਹੱਦ ਦਬਾ ਪਾਇਆ ਜਾ ਰਿਹਾ ਹੈ। ਸੁਧਾਰਵਾਦ ਦਾ ਬੋਲ-ਬਾਲਾ ਹੋਣ ਕਾਰਨ ਯੂਰਪ ਵਿਚ ਮਜ਼ਦੂਰਾਂ ਦੀ ਲਹਿਰ ਅਜੇ ਤੱਕ ਵੀ ਇਕ ਅਸਲ ਇਨਕਲਾਬੀ ਲਹਿਰ ਵਿਚ ਵਿਕਸਤ ਨਹੀਂ ਹੋਈ। ਇਸ ਨੇ ਅਜੇ ਤੱਕ ਇਹ ਮੁਕੰਮਲ ਜਾਗ੍ਰਤੀ ਨਹੀਂ ਹਾਸਲ ਕੀਤੀ ਕਿ ਆਪਣੀ ਹਾਲਤ ਨੂੰ ਬਦਲਣ ਲਈ ਪੂੰਜੀਵਾਦ ਦਾ ਖ਼ਾਤਮਾ ਕਰਨਾ ਅਤੇ ਸਮਾਜਵਾਦੀ ਸਮਾਜ ਕਾਇਮ ਕਰਨਾ ਲਾਜ਼ਮੀ ਹੈ।

ਲੇਕਿਨ, ਯੂਰਪ ਦਾ ਪ੍ਰੋਲੇਤਾਰੀਆ ਹਮੇਸ਼ਾਂ ਹੀ ਟਰੇਡ-ਯੂਨੀਅਨ ਲਫਟੈਣਾਂ ਅਤੇ ਉਹਨਾਂ ਸੋਸ਼ਲ-ਡੈਮੋਕਰੈਟਿਕ ਅਤੇ ਸੋਧਵਾਦੀ ਪਾਰਟੀਆਂ ਦੀ ਆਗਿਆ ਦੀ ਪਾਲਣਾ ਨਹੀਂ ਕਰਦਾ ਰਹੇਗਾ, ਜਿਹੜੀਆਂ ਇਹ ਬੀਨਾਂ ਵਜਾਉਂਦੀਆਂ ਹਨ ਕਿ ਮਿਹਨਤਕਸ਼ ਲੋਕਾਂ ਲਈ ਇਕ ਬੇਹਤਰ ਭਵਿੱਖ ਮੌਜੂਦਾ ਬੁਰਜੂਆ ਉਪਕਰਣਾਂ ਨੂੰ ਵਿਕਸਤ ਕਰਨ ਰਾਹੀਂ, ਪਾਰਲੀਮਾਨੀ ਰਾਹ ਦੇ ਜ਼ਰੀਏ, ਸੁਧਾਰਾਂ ਰਾਹੀਂ, ਜਾਂ "ਏਕਤਾਬੱਧ ਯੂਰਪ" ਰਾਹੀਂ ਯਕੀਨੀ ਬਣਾਇਆ ਜਾਏਗਾ। ਦਮਨ, ਤਸ਼ੱਦਦ, ਵਹਿਸ਼ੀਆਨਾ ਲੁੱਟ, ਬੇਰੁਜ਼ਗਾਰੀ, ਨਸ਼ੀਲੀਆਂ ਵਸਤਾਂ, ਬਦ-ਇਖ਼ਲਾਕੀ ਅਤੇ ਮੁਦਰਾ-ਸਫ਼ੀਤੀ, ਜਿਨ੍ਹਾਂ ਦਾ ਅੱਜ ਯੂਰਪੀਨ ਦੇਸ਼ਾਂ ਵਿਚ ਬੋਲ-ਬਾਲਾ ਹੈ, ਉਹ ਯੂਰਪੀਨ ਲੋਕਾਂ ਦੀਆਂ ਨਿੱਗਰ ਤਾਕਤਾਂ ਨੂੰ ਪੂੰਜੀ ਦੇ ਰਾਜ ਵਿਰੁੱਧ ਬਗਾਵਤ ਕਰਨ ਤੋਂ ਨਹੀਂ ਰੋਕ ਸਕਦੀਆਂ। "ਏਕਤਾਬੱਧ ਯੂਰਪ" ਸਿਰਫ਼ ਇਕ ਆਰਜ਼ੀ ਹੱਲ, ਇਕ ਪਿਛਾਖੜੀ ਨੀਤੀ ਹੀ ਹੈ, ਜੋ ਲਾਜ਼ਮੀ ਹੀ ਵੱਖ-ਵੱਖ ਤਰ੍ਹਾਂ ਦੀਆਂ ਅਣਗਿਣਤ ਮੁਸ਼ਕਲਾਂ ਵਿਚ ਫਸ ਜਾਏਗੀ। ਇਸ ਤਰ੍ਹਾਂ, ਉਹ ਸਮਾਂ ਆ ਜਾਏਗਾ ਜਦ ਯੂਰਪ ਦੀ ਮਜ਼ਦੂਰ ਜਮਾਤ ਦੀ ਬਗ਼ਾਵਤ ਇਸ ਨੁਕਤੇ ਤੇ ਪਹੁੰਚ ਜਾਏਗੀ ਕਿ ਇਹ ਲਾਜ਼ਮੀ ਹੀ ਇਕ ਇਨਕਲਾਬੀ ਹੱਲ ਦੀ ਮੰਗ ਕਰੇਗੀ।

ਇਹਨਾਂ ਹਾਲਤਾਂ ਵਿਚ, ਇਹ ਇਕ ਅਤਿਅੰਤ ਜ਼ਰੂਰੀ ਚੀਜ਼ ਹੈ ਕਿ ਕਮਿਊਨਿਸਟ ਅਤੇ ਗ਼ੈਰ-ਕਮਿਊਨਿਸਟ, ਅਗਾਂਹ-ਵਧੂ ਅਤੇ ਸਭ ਲੋਕ ਸਪੱਸ਼ਟ ਤੌਰ ਤੇ ਇਹ ਸਮਝ ਲੈਣ ਕਿ ਉਹਨਾਂ ਦਾ ਅਸਲੀ ਦੁਸ਼ਮਣ ਪੂੰਜੀਵਾਦ ਹੈ, ਅਤੇ ਇਸ ਨੂੰ ਇਨਕਲਾਬੀ ਸੰਘਰਸ਼ ਰਾਹੀਂ ਤਬਾਹ ਕਰਨਾ ਚਾਹੀਦਾ ਹੈ ਅਤੇ ਕੀਤਾ ਜਾ ਸਕਦਾ ਹੈ। ਇਸ ਤਰੀਕੇ ਨਾਲ ਨਿਰਾਸ਼ਾਵਾਦ ਖ਼ਤਮ ਹੋ ਜਾਏਗਾ ਅਤੇ ਉਹਨਾਂ ਦਾ ਹੌਸਲਾ ਅਤੇ ਜਿੱਤ ਵਿਚ ਭਰੋਸਾ ਵਧੇਗਾ। ਮਾਰਕਸ ਅਤੇ ਲੈਨਿਨ ਦਾ ਵਿਗਿਆਨ, ਪ੍ਰੋਲੇਤਾਰੀਆ ਅਤੇ ਲੋਕਾਂ ਦੇ ਇਸ ਭਰੋਸੇ ਨੂੰ ਉਸਾਰਦਾ ਅਤੇ ਅਜਿੱਤ ਬਣਾਉਂਦਾ ਹੈ।

ਇਨਕਲਾਬ ਅਤੇ ਸੱਤਾ ਉੱਤੇ ਕਬਜ਼ੇ ਲਈ ਲੜ ਰਹੇ ਪਾਰਟੀ ਅਤੇ ਪ੍ਰੋਲੇ-ਤਾਰੀਆ, ਹਾਲਾਤਾਂ ਨੂੰ ਚੰਗੀ ਤਰ੍ਹਾਂ ਵਿਸ਼ਲੇਸ਼ਤ ਕਰਨ ਅਤੇ ਸਮਝਣ ਦੇ, ਠੋਸ ਹਾਲਤਾਂ ਮੁਤਾਬਿਕ ਇਨਕਲਾਬ ਦੇ ਚਰਿਤਰ ਅਤੇ ਪੜਾਵਾਂ ਨੂੰ ਵਿਗਿਆਨਕੀ ਢੰਗ ਨਾਲ ਨਿਰਧਾਰਿਤ ਕਰਨ ਦੇ, ਅਤੇ ਇਸ ਅਧਾਰ ਤੇ ਢੁੱਕਵੇਂ ਦਾਅ-ਪੇਚ ਅਤੇ ਯੁੱਧਨੀਤੀ ਘੜਨ ਦੇ ਯਤਨ ਕਰਦੇ ਹਨ। ਉਹ ਬੇਹੱਦ ਸੰਜੀਦਗੀ ਨਾਲ, ਪੂੰਜੀਵਾਦ ਅਤੇ ਇਸ ਦੀਆਂ ਪਾਰਟੀਆਂ ਨਾਲ ਟੱਕਰ ਲੈ ਰਹੇ ਲੋਕਾਂ ਦੇ ਵੱਖ-ਵੱਖ ਰੁਝਾਨਾਂ ਦਾ ਅਧਿਅਨ ਕਰਦੇ ਹਨ, ਠੋਸ ਹਾਲਤਾਂ ਵਿਚ ਉਹਨਾਂ ਦੀਆਂ ਦਿਸ਼ਾਵਾਂ ਅਤੇ ਤਾਕਤਾਂ ਦੇ ਅਨੁਪਾਤ ਦਾ ਜਾਇਜ਼ਾ ਲਾਉਂਦੇ ਹਨ, ਅਤੇ ਇਸ ਅਧਾਰ ਤੇ,

ਉਹ ਸਾਰੇ ਨਿਪੁੰਨਤਾ-ਭਰੇ ਦਾਅ-ਪੇਚ ਮਿਥਦੇ ਅਤੇ ਅਮਲ 'ਚ ਲਿਆਉਂਦੇ ਹਨ ਜਿਹੜੇ ਦਾਅ-ਪੇਚ ਲਾਜ਼ਮੀ ਹੀ ਵਿਸ਼ਾਲ ਲੋਕਾਂ ਨੂੰ ਇਕ ਦਰੁੱਸਤ ਜੇਤੂ ਰਾਹ ਉੱਤੇ ਅਗਵਾਈ ਦੇਣ ਲਈ, ਹਜ਼ਾਰਾਂ ਹੀ ਛੋਟੀਆਂ-ਛੋਟੀਆਂ ਨਦੀਆਂ ਨੂੰ ਇਨਕਲਾਬ ਦੇ ਇਕ ਮਹਾਨ ਹੜ੍ਹ ਵਿਚ ਬਦਲਣ ਲਈ ਵਰਤੇ ਜਾਣੇ ਚਾਹੀਦੇ ਹਨ, ਜਿਸ ਹੜ੍ਹ ਵਿਚ ਪੂੰਜੀਵਾਦੀ ਬੁਰਜੁਆਜ਼ੀ ਨੂੰ ਡੁਬੋਇਆ ਜਾਏਗਾ।

ਪਾਰਟੀ ਅਤੇ ਪ੍ਰੋਲੇਤਾਰੀਆ ਇਨਕਲਾਬ ਵਿਚ ਇਕੱਲੇ ਹੀ ਨਹੀਂ ਕੁੱਦਦੇ। ਬੁਰਜੁਆ ਸਮਾਜ ਵਿਚ ਹੋਰ ਵੀ ਬਹੁਤ ਸਾਰੇ ਦੱਬੇ-ਕੁੱਚਲੇ ਤਬਕੇ ਅਤੇ ਵਰਗ ਹਨ ਜਿਹੜੇ ਪੂੰਜੀਵਾਦੀ ਨਿਜ਼ਾਮ ਨੂੰ ਨਫਰਤ ਕਰਦੇ ਹਨ, ਕਿਸਾਨੀ ਅਤੇ ਨੌਜਵਾਨਾਂ ਵਿਚ ਅਗਾਂਹ-ਵਧੂ ਤਾਕਤਾਂ ਅਤੇ ਹੋਰ ਬਹੁਤ ਸਾਰੇ ਜਮਹੂਰ-ਪਸੰਦ ਅਤੇ ਆਜ਼ਾਦੀ-ਪਸੰਦ ਅੰਸਰ ਹਨ ਜਿਹੜੇ ਲੁੱਟ ਨੂੰ ਸਹਿਣ ਨਹੀਂ ਕਰ ਸਕਦੇ। ਕਮਿਊਨਿਸਟ ਇਹਨਾਂ ਸਭ ਤਾਕਤਾਂ ਅਤੇ ਅੰਸਰਾਂ ਵੱਲ ਦੋਸਤੀ ਦਾ ਹੱਥ ਵਧਾਉਂਦੇ ਹਨ, ਅਤੇ ਇਹਨਾਂ ਨਾਲ ਗੱਠਜੋੜ ਬਣਾਉਂਦੇ ਹਨ। ਮਾਰਕਸਵਾਦੀ-ਲੈਨਿਨਵਾਦੀਏ ਨਾ ਸੰਕੀਰਨਵਾਦੀ ਅਤੇ ਨਾ ਹੀ ਉਦਾਰਵਾਦੀ ਹਨ। ਉਹ ਇਨਕਲਾਬੀ ਹਨ ਜਿਹੜੇ ਅਸੂਲਾਂ ਉੱਤੇ ਅਡੋਲ ਚੱਲਦੇ ਹਨ ਲੇਕਿਨ ਦਾਅ-ਪੇਚਾਂ ਵਿਚ ਲਚੀਲੇ ਹਨ। ਪੂੰਜੀਵਾਦੀ ਦੇਸ਼ਾਂ ਵਿਚ ਬੁਰਜੁਆਜ਼ੀ ਦੇ ਖਿਲਾਫ, ਫਾਸ਼ੀਵਾਦ ਅਤੇ ਸਾਮਰਾਜਵਾਦ ਦੇ ਖਿਲਾਫ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਵਲੋਂ ਹੋਰ ਅਗਾਂਹ-ਵਧੂ ਤਾਕਤਾਂ ਨਾਲ ਮਿਲ ਕੇ ਉਸਾਰੇ ਜਾਂਦੇ ਸਾਂਝੇ ਮੋਰਚੇ, ਇਨਕਲਾਬ ਦੀ ਯੁੱਧਨੀਤੀ ਦਾ ਇਕ ਅਟੁੱਟ ਅੰਗ ਹਨ। ਕਿਸੇ ਵੀ ਸਾਂਝੇ ਮੋਰਚੇ ਵਿਚ ਪਾਰਟੀ ਆਪਣਾ ਵਿਅਕਤੀਤਵ ਬਰਕਰਾਰ ਰੱਖਦੀ ਹੈ, ਏਥੋਂ ਤਕ ਕਿ ਜਦ ਵਾਸਤਵਿਕ ਕਾਰਨਾਂ ਕਰਕੇ ਇਹ ਫਰੰਟ ਨੂੰ ਖੁਦ ਅਗਵਾਈ ਨਹੀਂ ਵੀ ਦੇ ਰਹੀ ਹੁੰਦੀ ਤਦ ਵੀ ਆਪਣਾ ਵਿਅਕਤੀ-ਤਵ ਬਰਕਰਾਰ ਰੱਖਦੀ ਹੈ।

ਪ੍ਰੋਲੇਤਾਰੀਆ ਦੀ ਏਕਤਾ ਪੂੰਜੀਵਾਦੀ ਦੇਸ਼ਾਂ ਵਿਚ ਇਕ ਮੁੱਖ ਸਮੱਸਿਆ ਰਹੀ ਹੈ ਅਤੇ ਅੱਜ ਵੀ ਹੈ। ਬੁਰਜੁਆਜ਼ੀ ਪ੍ਰੋਲੇਤਾਰੀਆ ਨੂੰ ਇਕ ਫੋਲਾਦੀ ਪੰਜੇ ਵਿਚ ਜਕੜ ਕੇ ਰੱਖਣ ਅਤੇ ਇਸ ਨੂੰ ਉਸ ਰਾਹ ਤੇ ਅੱਗੇ ਵਧਣ ਤੋਂ ਰੋਕਣ ਦੇ ਯਤਨ ਕਰਦੀ ਹੈ ਜਿਹੜਾ ਰਾਹ ਲੁਟੇਰਿਆਂ ਦੇ ਖਾਤਮੇ ਅਤੇ ਪੂੰਜੀ ਦੀ ਤਾਕਤ ਦੀ ਤਬਾਹੀ ਲਈ ਇਤਿਹਾਸ ਨੇ ਪ੍ਰੋਲਾਤਾਰੀਆ ਨੂੰ ਸੌਂਪਿਆ ਹੈ। ਟਰੇਡ-ਯੂਨੀਅਨਾਂ. ਜੋ ਜ਼ਿਆਦਾਤਰ ਕੇਸਾਂ ਵਿਚ ਬੁਰਜੁਆਜ਼ੀ ਦੀਆਂ ਆਗਿਆਕਾਰ ਹਨ, ਉਹ ਇਸ ਫੋਲਾਦੀ ਪੰਜੇ ਨੂੰ ਮਜ਼ਬੂਤੀ ਨਾਲ ਬਣਾਈ ਰੱਖਣ ਦਾ ਇਕ ਸਾਧਨ ਹਨ। ਕਮਿਊਨਿਸਟ, ਮਜ਼ਦੂਰ ਜਮਾਤ ਵਿਚ ਘੁਸਣ ਅਤੇ ਮਜ਼ਬੂਤੀ ਨਾਲ ਆਪਣੇ ਪੈਰ ਜਮਾਉਣ ਲਈ ਕੰਮ ਕਰਦੇ ਹਨ, ਅਤੇ ਇਸ ਦੇ ਨਾਲੋ-ਨਾਲ, ਉਹ ਇਸ ਦੀ ਏਕਤਾ ਕਾਇਮ ਕਰਨ ਲਈ ਵੀ ਸੰਘਰਸ਼ ਕਰਦੇ ਹਨ। ਅੱਜ, ਜਦ ਸੰਕਟ ਦੇ ਫਲਸਰੂਪ ਕਰੋੜਾਂ ਹੀ ਮਜ਼ਦੂਰ ਬੇਰੁਜ਼ਗਾਰ ਹੋ ਰਹੇ ਹਨ ਅਤੇ ਕਰੋੜਾਂ ਹੀ ਹੋਰ ਮਜ਼ਦੂਰ ਆਰਥਿਕ ਅਤੇ ਸਿਆਸੀ ਮੰਗਾਂ ਲਈ ਲੜ ਰਹੇ ਹਨ ਤਾਂ ਪੂੰਜੀ ਵਿਰੁੱਧ ਸੰਘਰਸ਼ ਵਿਚ ਮਜ਼ਦੂਰਾਂ ਨੂੰ ਏਕਤਾ-ਬੱਧ ਅਤੇ ਜਥੇਬੰਦ ਕਰਨਾ ਸੌਖਾ ਹੋ ਗਿਆ ਹੈ।

ਮਜ਼ਦੂਰ ਜਮਾਤ ਦੀ ਏਕਤਾ ਸੰਘਰਸ਼ ਵਿਚ ਅਤੇ ਪ੍ਰੋਲੇਤਾਰੀਆ ਦੀਆਂ ਆਰਥਿਕ ਅਤੇ ਸਿਆਸੀ ਮੰਗਾਂ ਦੀ ਪੂਰਤੀ ਲਈ ਠੋਸ ਇਨਕਲਾਬੀ ਕਾਰਵਾਈਆਂ ਵਿਚ ਉਸਾਰੀ ਜਾਂਦੀ ਹੈ। ਇਸ ਉਦੇਸ਼ ਲਈ, ਮਾਰਕਸਵਾਦੀ-ਲੈਨਿਨਵਾਦੀਏ ਇਹ ਯਕੀਨੀ ਬਣਾਉਣ ਲਈ ਕੰਮ ਕਰਦੇ ਹਨ ਕਿ ਮੌਜੂਦਾ ਯੂਨੀਅਨਾਂ ਸਰਮਾਏ-ਦਾਰੀ ਦੇ ਏਜੰਟਾਂ, ਸੋਧਵਾਦੀਆਂ ਅਤੇ ਸੋਸ਼ਲ-ਡੈਮੋਕਰੇਟਾਂ, ਦੀ ਜੌਂਧਰ ਤੋਂ ਮੁਕਤ ਕਰਾਈਆਂ ਜਾਣ ਅਤੇ ਲੁਟੇਰੇ ਨਿਜ਼ਾਮ ਵਿਰੁੱਧ ਸੰਘਰਸ਼ ਦੇ ਹਥਿਆਰਾਂ ਵਿਚ ਬਦਲੀਆਂ ਜਾਣ। ਇਸ ਦੇ ਨਾਲ-ਨਾਲ, ਹਾਲਤਾਂ ਅਤੇ ਲੋੜਾਂ ਅਨੁਸਾਰ, ਉਹ ਨਵੀਆਂ ਇਨਕਲਾਬੀ ਟਰੇਡ-ਯੂਨੀਅਨਾਂ ਵੀ ਬਣਾਉਂਦੇ ਹਨ।

ਨੌਜਵਾਨ ਵੀ ਇਕ ਸ਼ਕਤੀਸ਼ਾਲੀ ਤਾਕਤ ਹਨ ਜੋ ਅਨਿਆਂ-ਭਰੇ ਪੂੰਜੀਵਾਦੀ ਸਮਾਜ ਨੂੰ ਬਦਲਣ ਲਈ ਤੱਤਪਰ ਹਨ ਅਤੇ ਲੜਦੇ ਹਨ, ਅਤੇ ਉਸ ਚੀਜ਼ ਦੇ ਚਾਹਵਾਨ ਹਨ ਜੋ ਨਵੀਂ ਅਤੇ ਅਗਾਂਹ-ਵਧੂ ਹੋਵੇ। ਸਿਰਫ ਮਾਰਕਸਵਾਦ-ਲੈਨਿਨਵਾਦ ਅਤੇ ਇਨਕਲਾਬ ਹੀ ਨੌਜਵਾਨਾਂ ਲਈ ਇਹ ਰਾਹ ਖੋਲ੍ਹਦੇ ਹਨ, ਸਿਰਫ ਇਹ ਹੀ ਨੌਜਵਾਨਾਂ ਨੂੰ ਉਸ ਸਿਆਸੀ ਅਤੇ ਸਮਾਜਿਕ ਬਦਇਖਲਾਕੀ ਤੋਂ ਬਚਾਉਂਦੇ ਹਨ ਜਿਸ ਬਦ-ਇਖਲਾਕੀ ਵਿਚ ਬੁਰਜੁਆਜ਼ੀ ਉਹਨਾਂ ਨੂੰ ਧੱਕਦੀ ਹੈ, ਅਤੇ ਸਿਰਫ ਇਹ ਹੀ ਨੌਜਵਾਨਾਂ ਲਈ ਇਕ ਨਵੇਂ, ਨਿੱਗਰ ਅਤੇ ਖੁਸ਼ੀ-ਭਰੇ ਜੀਵਨ ਦੀਆਂ ਸੰਭਾਵਨਾਵਾਂ ਪੈਦਾ ਕਰਦੇ ਹਨ ਜਿਸ ਵਿਚ ਉਹਨਾਂ ਦੀਆਂ ਸਭ ਅਮੁਕ ਸ਼ਕਤੀਆਂ ਸਮਾਜ ਅਤੇ ਉੱਨਤੀ ਦੀ ਸੇਵਾ ਵਿਚ ਲੱਗ ਸਕਦੀਆਂ ਹਨ। ਨੌਜਵਾਨ ਲਹਿਰ ਤਦ ਮਜ਼ਬੂਤ ਹੁੰਦੀ ਅਤੇ ਆਪਣੇ ਉਦੇਸ਼ ਹਾਸਿਲ ਕਰ ਸਕਦੀ ਹੈ ਜਦ ਇਹ ਮਜ਼ਦੂਰ ਜਮਾਤ ਦੀ ਇਨਕਲਾਬੀ ਲਹਿਰ ਵਿਚ ਸਮਾ ਜਾਂਦੀ ਹੈ।

ਵਰਤਮਾਨ ਇਨਕਲਾਬੀ ਵਿਧੀ ਨੇ ਬੁਰਜੁਆ ਫੌਜ ਪ੍ਰਤੀ ਰਵੱਈਏ ਦੀ ਸਮੱਸਿਆ ਨੂੰ ਬਹੁਤ ਹੀ ਗੰਭੀਰ ਬਣਾ ਦਿੱਤਾ ਹੈ : ਇਸ ਨੂੰ ਇਕ ਇਨਕਲਾਬ ਲਿਆਉਣ ਵਾਲੀ ਸ਼ਕਤੀ ਸਮਝਣ ਲਈ ਨਹੀਂ ਸਗੋਂ ਇਸ ਵਿਚ ਭੰਨ-ਤੋੜ ਅਤੇ ਇਸ ਨੂੰ ਖਿੰਡ-ਪੁੰਡ ਕਰਨ ਲਈ, ਤਾਂ ਕਿ ਇਹ ਇਨਕਲਾਬ ਦੀ ਵਿਰੋਧਤਾ ਕਰਨ ਦੇ ਕਾਬਿਲ ਨਾ ਰਹੇ। ਕਮਿਊਨਿਸਟ ਇਹ ਯਕੀਨੀ ਬਣਾਉਣ ਲਈ ਕੰਮ ਕਰਦੇ ਹਨ ਕਿ ਆਮ ਸੈਨਕ, ਜੋ ਲੋਕਾਂ ਦੇ ਪੁੱਤਰ ਹਨ, ਉਹ ਇਨਕਲਾਬ ਦੇ ਫੁੱਟ ਪੈਣ ਤੇ ਅਫਸਰ ਜਾਤ ਦੇ ਹੁਕਮਾਂ ਦੀ ਪਾਲਣਾ ਨਾ ਕਰਨ, ਸਗੋਂ ਆਪਣੀਆਂ ਬੰਦੂਕਾਂ ਦੇ ਮੂੰਹ ਸੱਤਾਧਾਰੀ ਪਿਛਾਖੜੀ ਤਾਕਤਾਂ ਵੱਲ ਮੋੜ ਦੇਣ ਅਤੇ ਬਾਗੀਆਂ ਨਾਲ ਇਕ ਹੋ ਜਾਣ, ਜਿਵੇਂ, ਇਰਾਨ ਵਿਚ ਵਾਪਰਿਆ ਸੀ।

ਇਨਕਲਾਬ, ਮਜ਼ਦੂਰ ਜਮਾਤ ਦਾ ਮੁੱਖ ਕਾਰਜ ਹੈ। ਲੇਕਿਨ ਇਨਕਲਾਬ ਲਈ ਤਿਆਰੀ ਮਿਹਨਤਕਸ਼ ਲੋਕਾਂ ਨੂੰ ਰੋਜ਼ਾਨਾ ਪੇਸ਼ ਆਉਣ ਵਾਲੀਆਂ ਸਿਆਸੀ, ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਸਮੱਸਿਆਵਾਂ ਦੇ ਹੱਲ ਲਈ ਸੰਘਰਸ਼ ਕਰਦਿਆਂ ਕੀਤੀ ਜਾਂਦੀ ਹੈ। ਇਹੀ ਕਾਰਵਾਈਆਂ, ਇਹ ਰੋਜ਼ਾਨਾ ਸੰਗਰਾਮ ਹੀ ਹਨ ਜੋ ਜਮਾਤ ਦੀ ਚੇਤਨਤਾ ਨੂੰ ਵਧਾਉਂਦੇ ਹਨ, ਜੋ ਇਸ ਦੀ ਜਥੇਬੰਦੀ ਅਤੇ ਏਕਤਾ ਨੂੰ ਮਜ਼ਬੂਤ ਬਣਾਉਂਦੇ ਹਨ, ਜੋ ਇਸ ਨੂੰ ਸਿਖਲਾਈ ਦਿੰਦੇ ਹਨ ਅਤੇ ਇਨਕਲਾਬ ਵੱਲ ਲਿਜਾਂਦੇ ਹਨ। ਇਹਨਾਂ ਸੰਗਰਾਮਾਂ ਦੇ ਜ਼ਰੀਏ, ਪਾਰਟੀ ਖ਼ੁਦ ਨੂੰ ਲੋਕਾਂ ਨਾਲ ਜੋੜਦੀ ਹੈ ਅਤੇ ਉਹਨਾਂ ਦੀ ਆਗੂ ਬਣਦੀ ਹੈ। ਮਜ਼ਦੂਰ ਜਮਾਤ ਦੀਆਂ ਅਸਲ ਪਾਰਟੀਆਂ ਇਨਕਲਾਬੀ ਕਾਰਵਾਈ ਦੀਆਂ ਪਾਰਟੀਆਂ ਹਨ।

ਲੋਕਾਂ ਨੂੰ ਡਰਾਉਣ ਲਈ ਅਤੇ ਫਾਸ਼ੀਵਾਦ ਦੀ ਆਮਦ ਵਾਸਤੇ ਰਾਹ ਪੱਧਰਾ ਕਰਨ ਲਈ, ਵੱਡੀ ਪੂੰਜੀ ਦਹਿਸ਼ਤਵਾਦ ਨੂੰ ਉਕਸਾ ਰਹੀ ਹੈ, ਜੋ ਬਹੁਤ ਸਾਰੇ ਦੇਸ਼ਾਂ ਵਿਚ ਬੇਹੱਦ ਫੈਲ ਗਿਆ ਹੈ। ਦਹਿਸ਼ਤਵਾਦ ਦੇ ਜ਼ਰੀਏ, ਬੁਰਜੁਆਜ਼ੀ ਅਸਲ ਇਨਕਲਾਬੀ ਲਹਿਰਾਂ ਨੂੰ ਬਦਨਾਮ ਕਰਨ ਦੇ ਅਤੇ ਬੁਰਜੁਆਜ਼ੀ ਦੇ ਦਮਨ ਵਿਰੁੱਧ ਬਗਾਵਤ ਕਰਨ ਵਾਲੇ ਬਹੁਤ ਸਾਰੇ ਅੰਸਰਾਂ ਨੂੰ ਗ਼ਲਤ ਰਾਹੇ ਪਾਉਣ ਦੇ ਵੀ ਯਤਨ ਕਰਦੀ ਹੈ। ਬੁਰਜੁਆਜ਼ੀ ਜਾਣ-ਬੁਝ ਕੇ ਇਨਕਲਾਬੀ ਸੰਘਰਸ਼ ਨੂੰ ਦਹਿਸ਼ਤਵਾਦ ਦੇ ਬਰਾਬਰ ਕਹਿੰਦੀ ਹੈ ਤਾਂ ਕਿ ਲੋਕਾਂ ਵਿਚ ਅਜਿਹੇ ਭਰਮ ਫੈਲਾਏ ਜਾ ਸਕਣ ਕਿ ਕਮਿਊਨਿਸਟ, ਦੇਸ਼-ਭਗਤ ਅਤੇ ਇਨਕਲਾਬੀ, ਜੋ ਕੌਮੀ ਅਤੇ ਸਮਾਜਿਕ ਦਮਨ ਵਿਰੁੱਧ ਲੜਦੇ ਹਨ, ਉਹ ਲੁੱਟ-ਮਾਰ ਕਰਨ ਵਾਲੇ ਦਹਿਸ਼ਤ-ਪਸੰਦ ਅਤੇ ਅਰਾਜਕਤਾਵਾਦੀਏ ਹਨ। ਅਸਲ ਇਨਕਲਾਬੀ, ਹਮੇਸ਼ਾਂ ਹੀ, ਸਿਧਾਂਤ ਅਤੇ ਅਮਲ, ਦੋਨਾਂ ਵਿਚ, ਦਹਿਸ਼ਤਵਾਦ ਅਤੇ ਅਰਾਜਕਤਾਵਾਦ ਦਾ ਵਿਰੋਧ ਕਰਦੇ ਹਨ!

ਪੂੰਜੀਵਾਦੀ ਦੇਸ਼ਾਂ ਵਿਚ ਮਜ਼ਦੂਰ ਜਮਾਤ ਅਤੇ ਮਿਹਨਤਕਸ਼ ਲੋਕਾਂ ਨੂੰ ਕੌਮੀ ਮਸਲੇ ਦਾ ਵੱਧ-ਤੋਂ-ਵੱਧ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਵਰਤਮਾਨ ਸਮੇਂ ਵਿਚ ਇਕ ਬਹੁਤ ਹੀ ਘੋਰ ਮਸਲਾ ਬਣ ਗਿਆ ਹੈ। ਸੋਸ਼ਲ-ਡੈਮੋਕ੍ਰੇਸੀ ਅਤੇ ਸੋਧਵਾਦੀਏ ਇਹ ਮੰਨਣ ਤੋਂ ਇਨਕਾਰ ਕਰਦੇ ਹਨ ਕਿ ਵਿਕਸਤ ਪੂੰਜੀਵਾਦੀ ਦੇਸ਼ਾਂ ਵਿਚ, ਜਿਵੇਂ ਕਿ ਯੂਰਪ ਦੇ ਦੇਸ਼ਾਂ, ਜਾਪਾਨ, ਕਨੇਡਾ, ਆਦਿ, ਵਿਚ ਅਜੇਹਾ ਕੋਈ ਕੌਮੀ ਮਸਲਾ ਹੈ। ਉਹ ਇਸ ਅਸਲੀਅਤ ਨੂੰ ਮੰਨਣਾ ਨਹੀਂ ਚਾਹੁੰਦੇ ਕਿ ਬਹੁ-ਕੌਮੀ ਕੰਪਣੀਆਂ (ਜਿਹਨਾਂ ਦੇ ਪਿੱਛੇ ਅਮਰੀਕਣ ਸਮਰਾਜਵਾਦ ਖੜਾ ਹੈ) ਦੇ ਫਲਸਰੂਪ, ਫੌਜੀ ਗੁੱਟਾਂ ਅਤੇ ਅੰਤਰਰਾਸ਼ਟਰੀ ਆਰਥਿਕ ਸੰਗਠਨਾਂ ਦੇ ਮਹਾਂ-ਕੌਮੀ ਅਧਿਕਾਰ, ਅਮਰੀਕਣ ਅਧਾਰਾਂ ਦੇ ਪਸਾਰੇ ਅਤੇ ਹੋਰਨਾਂ ਦੇਸ਼ਾਂ ਵਿਚ ਹਥਿਆਰ ਜਮ੍ਹਾਂ ਕਰਨਾ, ਆਦਿ, ਇਹਨਾਂ ਦੇਸ਼ਾਂ ਦੀ ਕੌਮੀ ਖ਼ੁਦਮੁਖ਼ਤਾਰੀ ਉੱਤੇ ਵੱਧ-ਤੋਂ-ਵੱਧ ਪਾਬੰਦੀਆਂ ਲਾ ਰਹੇ ਹਨ, ਇਹਨਾਂ ਦੇਸ਼ਾਂ ਦੀਆਂ ਸੁਤੰਤਰ ਸਿਆਸੀ ਕਾਰਵਾਈਆਂ ਉੱਤੇ ਪਾਬੰਦੀਆਂ ਲਾ ਰਹੇ ਹਨ ਅਤੇ ਇਹਨਾਂ ਨੂੰ ਸਹਿਜੇ-ਸਹਿਜੇ ਕਠਪੁਤਲੀ ਦੇਸ਼ ਬਣਾ ਰਹੇ ਹਨ।

ਮਜ਼ਦੂਰ ਜਮਾਤ ਨੂੰ ਲਾਜ਼ਮੀ ਹੀ ਖ਼ੁਦਮੁਖ਼ਤਾਰੀ ਅਤੇ ਕੌਮੀ ਆਜ਼ਾਦੀ ਦੀ ਰਖਵਾਲੀ ਦਾ ਕਾਰਜ ਆਪਣੇ ਜ਼ਿੰਮੇਂ ਲੈਣਾ ਚਾਹੀਦਾ ਹੈ, ਜੋ ਕਾਰਜ ਬੁਰਜੁਆਜ਼ੀ

ਅਤੇ ਸੋਸ਼ਲ-ਡੈਮੋਕ੍ਰੇਟਾਂ ਅਤੇ ਸੋਧਵਾਦੀਆਂ ਨੇ ਪੂਰੀ ਤਰ੍ਹਾਂ ਤਿਆਗ ਦਿੱਤਾ ਹੈ। ਯੂਰਪ ਅਤੇ ਹੋਰ ਦੇਸ਼ਾਂ ਦੇ ਪ੍ਰੋਲੇਤਾਰੀਆ ਨੂੰ ਅਮਰੀਕਾ, ਸੋਵੀਅਤ ਯੂਨੀਅਨ ਜਾਂ ਚੀਨ ਦੇ ਵਿਸਾਹਘਾਤੀ ਪ੍ਰਚਾਰ ਤੋਂ ਬਚਣਾ ਚਾਹੀਦਾ ਹੈ, ਜੋ ਆਪੋ-ਆਪਣੇ ਹਿੱਤਾਂ ਲਈ ਦੂਸਰੀ ਮਹਾਂ-ਸ਼ਕਤੀ ਤੋਂ ਆਜ਼ਾਦੀ ਅਤੇ ਕੌਮੀ ਖ਼ੁਦਮੁਖ਼ਤਾਰੀ ਨੂੰ ਖ਼ਤਰੇ ਦਾ ਸ਼ੋਰ ਮਚਾਉਂਦੀਆਂ ਹਨ। ਇਸ ਪ੍ਰਚਾਰ ਜ਼ਰੀਏ ਉਹ ਦੁਨੀਆਂ ਦੇ ਲੋਕਾਂ ਤੋਂ ਉਹਨਾਂ ਦੀ ਆਜ਼ਾਦੀ ਅਤੇ ਖ਼ੁਦਮੁਖ਼ਤਾਰੀ ਖੋਹਣੀ ਚਾਹੁੰਦੀਆਂ ਹਨ ਅਤੇ ਇਸ ਜਾਂ ਉਸ ਮਹਾਂਸ਼ਕਤੀ ਦੀ ਸਾਮਰਾਜੀ ਸਰਦਾਰੀ ਕਾਇਮ ਕਰਨੀ ਚਾਹੁੰਦੀਆਂ ਹਨ।

ਜਮਾਤੀ ਅਤੇ ਕੌਮੀ ਲਹਿਰਾਂ ਉਹਨਾਂ ਦੇਸ਼ਾਂ ਵਿਚ ਵੀ ਇਕ ਵੱਡਾ ਮਸਲਾ ਹਨ ਜਿਥੇ ਸੋਧਵਾਦੀਆਂ ਦਾ ਰਾਜ ਹੈ। ਖ਼ਾਸ ਕਰ, ਇਹਨਾਂ ਦੇਸ਼ਾਂ ਦੀ ਸਮਾਜਿਕ ਮੁਕਤੀ ਸੋਵੀਅਤ ਯੂਨੀਅਨ ਦੇ ਜੂਲੇ ਦਾ ਵਿਰੋਧ ਅਤੇ ਖ਼ਾਤਮਾ ਕਰਨ ਤੋਂ ਬਿਨਾਂ ਹਾਸਿਲ ਨਹੀਂ ਕੀਤੀ ਜਾ ਸਕਦੀ, ਕਿਉਂਕਿ ਸੋਵੀਅਤ ਯੂਨੀਅਨ ਨੇ ਇਹਨਾਂ ਦੇਸ਼ਾਂ ਉੱਤੇ ਆਪਣੀ ਮੁਕੰਮਲ ਆਰਥਿਕ, ਸਿਆਸੀ ਅਤੇ ਫ਼ੌਜੀ ਸਰਦਾਰੀ ਕਾਇਮ ਕੀਤੀ ਹੋਈ ਹੈ।

ਅਮਰੀਕਨ ਸਾਮਰਾਜਵਾਦ ਅਤੇ ਹੋਰ ਪੱਛਮੀ ਸਾਮਰਾਜਵਾਦੀ ਤਾਕਤਾਂ ਇਹਨਾਂ ਦੇਸ਼ਾਂ ਵਿਚ ਮਜ਼ਦੂਰ ਜਮਾਤ ਅਤੇ ਕੌਮੀ ਲਹਿਰਾਂ ਦੇ ਹਮਾਇਤੀ ਹੋਣ ਦਾ ਦਿਖਾਵਾ ਕਰਦੀਆਂ ਹਨ, ਜਿਵੇਂ ਕਿ ਉਹ ਇਹਨਾਂ ਦੇਸ਼ਾਂ ਦੇ ਲੋਕਾਂ ਦੀਆਂ ਮੁਕਤੀ ਦੀਆਂ ਉਮੰਗਾਂ ਦੀ ਹਮਾਇਤ ਕਰਦੀਆਂ ਹੋਣ। ਇਹ ਊਸ਼ਟੰਡਬਾਜ਼ੀ ਹੈ ਅਤੇ ਇਕ ਬਹੁਤ ਹੀ ਖ਼ਤਰਨਾਕ ਖੇਡ ਹੈ ਜਿਸ ਦਾ ਮਨੋਰਥ ਪ੍ਰੋਲੇਤਾਰੀਆ ਅਤੇ ਮਿਹਨਤਕਸ਼ ਲੋਕਾਂ ਨੂੰ ਆਪਣੇ ਜਾਲ ਵਿਚ ਫਸਾਉਣਾ ਹੈ। ਸਾਮਰਾਜਵਾਦੀ ਸਰਮਾਏਦਾਰੀ ਇਹਨਾਂ ਦੇਸ਼ਾਂ ਨੂੰ ਸਿਰਫ਼ ਸੋਵੀਅਤ ਸਮਾਜਿਕ-ਸਾਮਰਾਜਵਾਦ ਦੇ ਅਸਰ-ਰਸੂਖ਼ ਦੇ ਦਾਇਰੇ ਚੋਂ ਕੱਢ ਕੇ ਆਪਣੀ ਚੌਧਰ ਹੇਠ ਲਿਆਉਣਾ ਹੀ ਲੋਚਦੀ ਹੈ।

ਪ੍ਰੋਲੇਤਾਰੀਅਨ ਇਨਕਲਾਬ ਦਾ ਕਾਜ਼ ਲੋਕਾਂ ਦੀ ਮੁਕਤੀ ਲਹਿਰ ਦੇ ਵਿਕਾਸ ਨਾਲੋਂ ਅਲੱਗ ਨਹੀਂ ਕੀਤਾ ਜਾ ਸਕਦਾ। ਅਜੋਕੇ ਕੌਮੀ ਮੁਕਤੀ ਸੰਘਰਸ਼ਾਂ ਦੀ ਇਕ ਵਿਸ਼ੇਸ਼ ਸਿਫ਼ਤ ਇਹ ਹੈ ਕਿ ਮੁਕੰਮਲ ਕੌਮੀ ਆਜ਼ਾਦੀ ਅਤੇ ਖ਼ੁਦਮੁਖ਼ਤਾਰੀ ਜਿੱਤਣ ਅਤੇ ਇਸ ਦੀ ਰਖਵਾਲੀ ਕਰਨ ਦੀ ਸਿਆਸੀ ਜਾਗ੍ਰਤੀ ਦੇ ਨਾਲ-ਨਾਲ ਸਮਾਜਿਕ ਜਾਗ੍ਰਤੀ ਵੀ ਹੈ। ਦੱਬੇ-ਕੁੱਚਲੇ ਲੋਕਾਂ ਦੀਆਂ ਅਜੋਕੀਆਂ ਲਹਿਰਾਂ ਸਿਰਫ਼ ਵਿਦੇਸ਼ੀ ਸਾਮਰਾਜਵਾਦ ਦੇ ਖ਼ਿਲਾਫ਼ ਹੀ ਨਹੀਂ ਸਗੋਂ ਦੇਸ਼ ਅੰਦਰ ਇਸ ਦੀਆਂ ਏਜੰਸੀਆਂ ਦੇ ਵੀ ਵੱਧ-ਤੋਂ-ਵੱਧ ਖ਼ਿਲਾਫ਼ ਹੋ ਰਹੀਆਂ ਹਨ। ਅਸਲੀਅਤ ਇਹ ਹੈ ਕਿ, ਆਪਣੇ ਸਮਾਜੀ-ਆਰਥਿਕ ਪਛੜੇਪਣ ਦੇ ਬਾਵਜੂਦ ਵੀ, ਦੱਬੇ-ਕੁਚਲੇ ਦੇਸ਼ਾਂ ਦੇ ਲੋਕ ਬੇਹੱਦ ਬਲ ਦਿਖਾ ਰਹੇ ਹਨ ਅਤੇ ਸਾਮਰਾਜ-ਵਿਰੋਧੀ ਜਮਹੂਰੀ ਇਨਕਲਾਬ (ਜੋ ਪ੍ਰੋਲੇਤਾਰੀਅਨ ਇਨਕਲਾਬ ਲਈ ਰਾਹ ਖੋਲ੍ਹਦਾ ਹੈ), ਵਿਚ ਇਕ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ।

ਲੋਕਾਂ ਦੀਆਂ "ਇਸਲਾਮੀ ਪ੍ਰੇਰਨਾ-ਸ੍ਰੋਤ ਵਾਲੀਆਂ" ਬਗ਼ਾਵਤਾਂ (ਜਿਸ ਨਾਂ ਨਾਲ ਸਰਮਾਏਦਾਰੀ ਅਤੇ ਸੋਧਵਾਦੀਏ ਇਹਨਾਂ ਲਹਿਰਾਂ ਨੂੰ ਪੁਕਾਰਨਾ ਪਸੰਦ ਕਰਦੇ ਹਨ, ਤਾਂ ਜੁ ਇਹਨਾਂ ਦੇ ਸਾਮਰਾਜ-ਵਿਰੋਧੀ ਅਤੇ ਇਨਕਲਾਬੀ ਚਰਿਤ੍ਰ ਉੱਤੇ ਪਰਦਾ ਪਾਇਆ ਜਾ ਸਕੇ) ਵੱਲ ਵਿਸ਼ੇਸ਼ ਤਵੱਜੋਂ ਦੇਣ ਦੀ ਲੋੜ ਹੈ। ਇਹ ਸੱਚ ਹੈ ਕਿ ਮੁਸਲਿਮ ਦੇਸ਼ਾਂ ਵਿਚ ਬਾਗ਼ੀ ਲਹਿਰਾਂ ਹਨ, ਲੇਕਿਨ ਬੁਰਜੁਆਜ਼ੀ ਅਤੇ ਸੋਧਵਾਦੀਆਂ ਵੱਲੋਂ ਇਹਨਾਂ ਦੀ ਕੀਤੀ ਜਾਂਦੀ ਵਿਆਖਿਆ ਦੇ ਬੁਰੇ ਉਦੇਸ਼ ਹਨ ਅਤੇ ਇਹ ਉਹਨਾਂ ਨੂੰ ਬਦਨਾਮ ਕਰਦੀ ਹੈ। ਇਹ ਲੋਕਾਂ ਪ੍ਰਤੀ ਆਪਣੇ ਗੁਲਾਮਕਰੂ ਰਵੱਈਏ ਅਤੇ ਉਦੇਸ਼ਾਂ ਨੂੰ ਛੁਪਾਉਣ ਲਈ ਹੀ ਕੀਤੀ ਜਾਂਦੀ ਹੈ।

ਅਸੀਂ ਮਾਰਕਸਵਾਦੀ-ਲੈਨਿਨਵਾਦੀਏ ਕਹਿੰਦੇ ਰਹੇ ਹਾਂ ਅਤੇ ਅੱਜ ਵੀ ਕਹਿੰਦੇ ਹਾਂ ਕਿ ਧਰਮ ਲੋਕਾਂ ਲਈ ਅਫ਼ੀਮ ਹੈ, ਅਸੀਂ ਕਿਸੇ ਵੀ ਵਾਕਿਆਤ ਵਿਚ ਇਸ ਸਵਾਲ ਬਾਰੇ ਆਪਣਾ ਵਿਚਾਰ ਨਹੀਂ ਬਦਲਦੇ। ਆਪਣੇ ਮਾਦੇ ਵਿਚ, ਮੁਸਲਿਮ ਧਰਮ ਵੀ ਹੋਰ (ਧਰਮਾਂ) ਨਾਲੋਂ ਭਿੰਨ ਨਹੀਂ ਹੈ।

ਵੱਖ-ਵੱਖ ਦੇਸ਼ਾਂ ਵਿਚ ਵਿਸ਼ਾਲ ਗਿਣਤੀ ਵਿਚ ਮੁਸਲਿਮ ਲੋਕ ਸੰਘਰਸ਼ ਵਿਚ ਉੱਠੇ ਹਨ ਅਤੇ ਉੱਠ ਰਹੇ ਹਨ; ਧਰਮ ਦੇ ਸਵਾਲ ਤੇ ਨਹੀਂ, ਸਗੋਂ ਕੌਮੀ ਅਤੇ ਸਮਾਜਿਕ ਮੁਕਤੀ ਵਾਸਤੇ। ਧਰਮ ਵਿਚ ਵਿਸ਼ਵਾਸ ਅਨੁਪਾਤਕ (relative) ਹੈ ਅਤੇ ਸਿਆਸਤ ਉੱਤੇ ਭਾਰੂ ਨਹੀਂ ਹੈ। ਇਨ੍ਹਾਂ ਦੇਸ਼ਾਂ ਦੇ ਲੋਕ ਇਸਲਾਮ ਵਿਚ ਯਕੀਨ ਰੱਖਦੇ ਹਨ ਅਤੇ ਇਸਦਾ ਸਤਿਕਾਰ ਕਰਦੇ ਹਨ, ਲੇਕਿਨ ਜਦ ਲੋਕਾਂ ਦੇ ਅਹਿਮ ਹਿੱਤਾਂ, ਦਾ ਦੇਸ਼ ਦੀ ਆਜ਼ਾਦੀ ਅਤੇ ਖ਼ੁਦਮੁਖ਼ਤਾਰੀ ਦਾ ਉਲੰਘਣ ਹੁੰਦਾ ਹੈ ਤਾਂ ਉਹ ਹਮਲਾਵਰ ਦੇ ਵਿਰੁੱਧ ਸੰਘਰਸ਼ ਕਰਦੇ ਹਨ, ਚਾਹੇ ਹਮਲਾਵਰ ਉਸੇ ਧਰਮ ਵਾਲਾ ਵੀ ਕਿਉਂ ਨਾ ਹੋਵੇ। ਇਹ ਧਾਰਮਿਕ ਉਮੰਗਾਂ ਨਹੀਂ ਜੋ ਲੋਕਾਂ ਦੀਆਂ ਬਗ਼ਾਵਤਾਂ ਅਤੇ ਇਨਕਲਾਬੀ ਜਾਗ੍ਰਤੀ ਨੂੰ ਜਨਮ ਦਿੰਦੀਆਂ ਹਨ, ਸਗੋਂ ਸਮਾਜਿਕ ਅਤੇ ਸਿਆਸੀ ਹਾਲਤਾਂ, ਸਾਮਰਾਜੀ ਦਮਨ ਅਤੇ ਲੁੱਟ ਅਤੇ ਉਨ੍ਹਾਂ ਉੱਤੇ ਠੋਸੀ ਗਈ ਕੰਗਾਲੀ ਅਤੇ ਕਠਨਾਈਆਂ ਇਨ੍ਹਾਂ ਬਗ਼ਾਵਤਾਂ ਅਤੇ ਇਨਕਲਾਬੀ ਜਾਗ੍ਰਤੀ ਨੂੰ ਜਨਮ ਦਿੰਦੀਆਂ ਹਨ।

ਅਰਬ ਅਤੇ ਹੋਰ ਮੁਸਲਿਮ ਲੋਕ ਦਲੇਰ ਯੋਧੇ ਹਨ ਅਤੇ ਉਨ੍ਹਾਂ ਦਾ ਇਕ ਪੁਰਾਤਨ ਸੱਭਿਆਚਾਰ ਹੈ। ਉਨ੍ਹਾਂ ਦੀਆਂ ਸਾਮਰਾਜ-ਵਿਰੋਧੀ, ਬਸਤੀਵਾਦ-ਵਿਰੋਧੀ ਅਤੇ ਜਗੀਰੂਵਾਦ-ਵਿਰੋਧੀ ਬਗ਼ਾਵਤਾਂ ਅਤੇ ਜੰਗਾਂ ਦਿਖਾਉਂਦੀਆਂ ਹਨ ਕਿ ਉਹ ਅਗਾਂਹਵਧੂ ਹਨ ਅਤੇ ਆਜ਼ਾਦੀ ਨੂੰ ਪਿਆਰ ਕਰਦੇ ਹਨ। ਅਗਰ ਅਜੇਹਾ ਨਾ ਹੁੰਦਾ ਤਾਂ ਉਹ ਆਪਣੇ ਦੋਹਰੇ, ਦੇਸੀ ਅਤੇ ਵਿਦੇਸ਼ੀ, ਦਮਨ ਵਿਰੁੱਧ ਆਜ਼ਾਦੀ ਅਤੇ ਕੌਮੀ ਖ਼ੁਦਮੁਖ਼ਤਾਰੀ ਲਈ ਸੰਘਰਸ਼ ਵਿਚ ਨਹੀਂ ਸੀ ਉੱਠ ਸਕਦੇ।

ਮੁਸਲਿਮ ਵੱਸੋਂ ਵਾਲੇ ਖੇਤਰਾਂ ਵਿਚ ਸਾਮਰਾਜਵਾਦੀਏ ਅਤੇ ਸਮਾਜਿਕ-ਸਾਮਰਾਜਵਾਦੀਏ ਔਕੜਾਂ ਵਿਚ ਫਸੇ ਹੋਏ ਹਨ। ਉਨ੍ਹਾਂ ਦੇ ਪਿੱਠੂ ਵੀ ਔਕੜਾਂ ਵਿਚ ਹਨ। ਇਨ੍ਹਾਂ ਖੇਤਰਾਂ ਵਿਚ ਮੌਜੂਦ ਹਾਲਤ ਇਕ ਇਨਕਲਾਬੀ ਹਾਲਤ, ਇਨ੍ਹਾਂ ਲੋਕਾਂ ਦੀ ਇਕ ਮਹਾਨ ਸਮਾਜਿਕ ਲਹਿਰ ਦੇ ਉਭਾਰ ਦੀ ਹਾਲਤ ਹੈ, ਬੇਸ਼ਕ ਓਪਰੇ ਤੌਰ ਤੇ ਦੇਖਣ ਨੂੰ ਇਸਦਾ ਚਰਿਤ੍ਰ ਧਾਰਮਿਕ ਲੱਗਦਾ ਹੈ, ਅਤੇ ਬੇਸ਼ਕ ਇਸ ਵਿਚ ਹਿੱਸਾ ਲੈਣ ਵਾਲੇ ਧਰਮ ਵਿਚ ਵਿਸ਼ਵਾਸ ਰੱਖਦੇ ਹੋਣ ਜਾਂ ਨਾ ਰੱਖਦੇ ਹੋਣ।

ਅੱਜ ਬਹੁਤ ਸਾਰੇ ਦੇਸ਼ਾਂ ਵਿਚ ਇਨਕਲਾਬੀ ਹਾਲਾਤ ਮੌਜੂਦ ਹਨ ਜਾਂ ਬਣ ਰਹੇ ਹਨ, ਲੇਕਿਨ ਹਰ ਜਗ੍ਹਾ ਸਮਾਜਵਾਦੀ ਇਨਕਲਾਬ ਆਪਣੇ-ਆਪਨੂੰ ਇਕ ਫ਼ੌਰੀ ਕਾਰਜ ਦੇ ਤੌਰ ਤੇ ਪੇਸ਼ ਨਹੀਂ ਕਰਦਾ। ਦੂਸਰੀਆਂ, ਇਕ ਜਮਹੂਰੀ, ਸਾਮਰਾਜ-ਵਿਰੋਧੀ, ਮੁਕਤੀ ਚਰਿਤ੍ਰ ਵਾਲੀਆਂ ਲਹਿਰਾਂ ਦੁਨੀਆਂ ਵਿਚ ਵਿਕਸਤ ਹੋ ਰਹੀਆਂ ਹਨ। ਇਹ ਸੱਭੇ ਵਿਸ਼ਵ ਇਨਕਲਾਬੀ ਵਿਧੀ ਦੇ ਹੀ ਅਟੁੱਟ ਅੰਗ ਹਨ, ਇਹ ਹੱਕੀ ਸੰਘਰਸ਼ ਹਨ ਜਿਹੜੇ ਸਾਮਰਾਜਵਾਦੀ ਮੁਹਾਜ਼ ਨੂੰ ਕਮਜ਼ੋਰ ਕਰਦੇ ਹਨ ਅਤੇ ਇਨਕਲਾਬੀ ਵਿਧੀਆਂ ਨੂੰ ਤੇਜ਼ ਕਰਨ 'ਚ ਮਦਦ ਕਰਦੇ ਹਨ, ਪੂੰਜੀਵਾਦੀ ਨਿਜ਼ਾਮ ਉੱਤੇ ਸੱਟਾਂ ਮਾਰਦੇ ਅਤੇ ਇਸਦੇ ਗਲੇ-ਸੜੇਪਣ ਨੂੰ ਵਧਾਉਂਦੇ ਹਨ। ਇਸ ਲਈ, ਜਿਵੇਂ ਲੈਨਿਨ ਸਾਨੂੰ ਸਿਖਾਉਂਦੇ ਹਨ, ਮਜ਼ਦੂਰ ਜਮਾਤ ਨੂੰ ਇਕ ਸਭ ਤੋਂ ਵਧੇਰੇ ਅਗਾਂਹਵਧੂ ਜਮਾਤ ਦੇ ਤੌਰ ਤੇ, ਅਤੇ ਇਸਦੀ ਕਮਿਉਨਿਸਟ ਪਾਰਟੀ ਨੂੰ ਲਾਜ਼ਮੀ ਹੀ ਇਨ੍ਹਾਂ ਸੰਘਰਸ਼ਾਂ ਦੀ ਮੱਦਦ ਅਤੇ ਹਮਾਇਤ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਵਿਚ ਆਗੂ ਬਣਨਾ ਚਾਹੀਦਾ ਹੈ। ਅਤੇ ਜੇਕਰ ਸ਼ੁਰੂ ਦੇ ਪੜਾਅ ਵਿਚ ਉਨ੍ਹਾਂ ਨੇ ਆਪਣੀਆਂ ਆਗੂ ਸਥਿਤੀਆਂ ਯਕੀਨੀ ਨਹੀਂ ਵੀ ਬਣਾਈਆਂ, ਫਿਰ ਵੀ ਉਨ੍ਹਾਂ ਨੂੰ ਲੜਾਈ ਵਿਚ ਅਤੇ ਕੁਰਬਾਨੀਆਂ ਵਿਚ ਸਭ ਤੋਂ ਅੱਗੇ ਹੋਣਾ ਚਾਹੀਦਾ ਹੈ, ਕਿਉਂਕਿ ਸਿਰਫ਼ ਇਸ ਤਰੀਕੇ ਨਾਲ ਹੀ ਉਹ ਲਹਿਰ ਵਿਚ ਆਗੂ ਬਣ ਸਕਦੇ ਹਨ ਅਤੇ ਇਸ ਲਹਿਰ ਦੇ ਨਿਸ਼ਾਨੇ ਪੂਰੇ ਕਰ ਸਕਦੇ ਹਨ, ਸਿਰਫ਼ ਇਸ ਤਰੀਕੇ ਨਾਲ ਹੀ ਸਾਮਰਾਜ-ਵਿਰੋਧੀ, ਲੋਕ ਜਮਹੂਰੀ ਇਨਕਲਾਬ ਲਈ ਸਮਾਜਵਾਦੀ ਇਨਕਲਾਬ ਵੱਲ ਰਾਹ ਖੋਲ੍ਹਿਆ ਜਾ ਸਕਦਾ ਹੈ।

ਕੌਮੀ ਅਤੇ ਸਮਾਜਿਕ ਮੁਕਤੀ ਲਈ ਆਪਣੇ ਸੰਘਰਸ਼ ਦੌਰਾਨ ਮਜ਼ਦੂਰ ਜਮਾਤ ਅਤੇ ਮਿਹਨਤਕਸ਼ ਲੋਕ, ਰੋਜ਼ਾਨਾ ਸਾਮਰਾਜਵਾਦ, ਸਰਮਾਏਦਾਰੀ ਅਤੇ ਪਿਛਾਖੜੀ ਤਾਕਤਾਂ ਦੀ ਹਿੰਸਾ ਨਾਲ ਟੱਕਰ ਲੈਂਦੇ ਹਨ। ਇਹਨਾਂ ਹਾਲਤਾਂ ਵਿਚ ਉਨ੍ਹਾਂਨੂੰ ਪਿਛਾਖੜੀ ਹਿੰਸਾ ਦਾ ਜਵਾਬ ਇਨਕਲਾਬੀ ਹਿੰਸਾ ਨਾਲ ਦੇਣਾ ਪੈਂਦਾ ਹੈ, ਜਿਸ ਇਨਕਲਾਬੀ ਹਿੰਸਾ ਦੀਆਂ ਸ਼ਕਲਾਂ ਹਰ ਦੇਸ਼ ਦੇ ਹਾਲਤਾਂ ਅਤੇ ਜਿਨ੍ਹਾਂ ਠੋਸ ਹਾਲਤਾਂ ਵਿਚ ਇਹ ਲਾਗੂ ਕੀਤੀਆਂ ਜਾਂਦੀਆਂ ਹਨ ਉਨ੍ਹਾਂ ਹਾਲਤਾਂ ਮੁਤਾਬਿਕ ਵੱਖ-ਵੱਖ ਹੁੰਦੀਆਂ ਹਨ। ਕਈ ਦੇਸ਼ਾਂ ਵਿਚ ਇਸ ਇਨਕਲਾਬੀ ਹਿੰਸਾ ਨੇ ਬਗ਼ਾਵਤ ਦਾ ਰੂਪ ਧਾਰਨ ਕਰ ਲਿਆ ਹੈ ਜਾਂ ਕਰ ਰਹੀ ਹੈ। ਮਾਰਕਸਵਾਦੀ-ਲੈਨਿਨਵਾਦੀਏ ਇਸ ਬਾਰੇ ਬਹੁਤ ਹੀ ਸੰਜੀਦਾ ਰਵੱਈਆ ਲੈਂਦੇ ਹਨ। ਉਹ, ਵਿਨਾਸ਼ਵਾਦੀ ਰਵੱਈਆਂ ਅਤੇ ਨੀਮ-ਬੁਰਜੂਆ ਜਾਂਬਾਜ਼ੀ, ਦੋਨਾਂ ਦਾ ਹੀ ਵਿਰੋਧ ਕਰਦੇ ਹਨ, "ਪਿੰਡਾਂ ਰਾਹੀਂ ਸ਼ਹਿਰਾਂ ਨੂੰ ਘੇਰਨ", ਆਦਿ ਵਰਗੇ ਮਾਓਵਾਦੀ ਉਪਦੇਸ਼ਾਂ ਦਾ ਪਰਦਾ ਫ਼ਾਸ਼ ਅਤੇ

ਖੰਡਨ ਕਰਦੇ ਹਨ, ਅਤੇ ਉਹਨਾਂ ਸਭ ਨਕਲੀ-ਮਾਰਕਸਵਾਦੀ ਸਿਧਾਂਤਾਂ ਦਾ ਪਰਦਾ ਫਾਸ਼ ਅਤੇ ਖੰਡਨ ਕਰਦੇ ਹਨ, ਜਿਹੜੇ ਸਿਧਾਂਤ ਸੰਘਰਸ਼ ਵਿਚ ਆਮ ਲੋਕਾਂ ਦੀ ਫ਼ੈਸਲਾਕੁੰਨ ਭੂਮਿਕਾ ਅਤੇ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਦੀ ਅਗਵਾਈ ਤੋਂ ਇਨਕਾਰ ਕਰਦੇ ਹਨ।

**ਸਾਡੀਆਂ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਲਈ ਵਕਤ ਇਨਕਲਾਬੀ ਹੈ। ਸਮੁੱਚੀ ਦੁਨੀਆਂ ਵਿਚ ਨਵੀਆਂ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਉੱਸਰ ਰਹੀਆਂ ਹਨ ਅਤੇ ਆਪਣੇ ਆਪ ਨੂੰ ਮਜ਼ਬੂਤ ਕਰ ਰਹੀਆਂ ਹਨ।** ਉਹਨਾਂ ਦੀ ਭੂਮਿਕਾ ਅਤੇ ਕਾਰਵਾਈ, ਮਿਹਨਤਕਸ਼ ਲੋਕਾਂ ਨਾਲ ਉਹਨਾਂ ਦੇ ਸਬੰਧ ਅਤੇ ਅਸਰ-ਰਸੂਖ ਵੱਧ ਰਹੇ ਹਨ। ਕਈ ਵੱਖ-ਵੱਖ ਦੇਸ਼ਾਂ ਅਤੇ ਜ਼ੋਨਾਂ ਵਿਚ ਨਵੀਆਂ ਪਾਰਟੀਆਂ ਬਣਾਈਆਂ ਗਈਆਂ ਹਨ। ਜਿੱਥੇ ਮਜ਼ਦੂਰ ਜਮਾਤ ਦੀਆਂ ਕੋਈ ਵੀ ਅਸਲੀ ਪਾਰਟੀਆਂ ਨਹੀਂ ਹਨ ਉਹਨਾਂ ਸਭ ਦੇਸ਼ਾਂ ਵਿਚ ਵੀ ਅਜੇਹੀਆਂ ਪਾਰਟੀਆਂ ਬਣਾਉਣ ਲਈ ਸਭ ਹਾਲਾਤ ਮੌਜੂਦ ਹਨ। ਇਹ ਪ੍ਰੋਲੇਤਾਰੀਆ ਦੇ ਸਭ ਤੋਂ ਵਧੇਰੇ ਚੇਤੰਨ ਇਨਕਲਾਬੀ ਅੰਸਰਾਂ ਦਾ ਇਕ ਲਾਜ਼ਮੀ ਫ਼ਰਜ਼ ਹੈ।

ਲਾਹੇਵੰਦ ਵਾਸਤਵਿਕ (ਅੰਤਰਮੁਖੀ) ਹਾਲਤਾਂ ਕਿਸੇ ਵੀ ਤਰ੍ਹਾਂ, ਮਾਰਕਸਵਾਦੀ-ਲੈਨਿਨਵਾਦੀਆਂ ਨੂੰ ਦਰਪੇਸ਼ ਘੋਰ ਸਮੱਸਿਆਵਾਂ ਅਤੇ ਵੱਡੇ ਕਾਰਜਾਂ ਉੱਤੇ ਪਰਦਾ ਨਹੀਂ ਪਾਉਂਦੀਆਂ। ਨਿਰਸੰਦੇਹ, ਸਾਡੀਆਂ ਤਾਕਤਾਂ ਲਗਾਤਾਰ ਵਧ ਰਹੀਆਂ ਹਨ ਅਤੇ ਹਾਲਤ ਇਨਕਲਾਬ ਦੇ ਪੱਖ ਵਿਚ ਵਿਕਸਤ ਹੋ ਰਹੀ ਹੈ, ਲੇਕਿਨ ਪਿਛਾਖੜ ਵੀ ਸਰਗਰਮ ਹੈ। ਉਹਨਾਂ ਦੇ ਆਪਣੇ ਨਾ ਹੱਲ ਹੋ ਸਕਣ ਵਾਲੇ ਅੰਤਰ-ਵਿਰੋਧਾਂ ਦੇ ਬਾਵਜੂਦ ਵੀ, ਸਰਮਾਏਦਾਰੀ ਸੋਸ਼ਲ-ਡੈਮੋਕਰੇਸੀ ਅਤੇ ਵੱਖ ਵੱਖ ਸੋਧਵਾਦੀਏ ਇਕ ਚੀਜ਼ ਉੱਤੇ ਇਕ-ਮੁੱਠ ਹਨ: ਉਹ ਇਕ ਹੋ ਕੇ ਮਾਰਕਸਵਾਦ-ਲੈਨਿਨਵਾਦ ਅਤੇ ਇਨਕਲਾਬ ਵਿਰੁੱਧ ਸੰਘਰਸ਼ ਕਰਦੇ ਹਨ। ਉਹ ਲੋਕਾਂ ਵਿਚ ਡਰ ਅਤੇ ਬੇ-ਭਰੋਸਗੀ ਦੇ ਬੀ ਬੀਜਣ ਦੇ ਯਤਨ ਕਰਦੇ ਹਨ ਤਾਂ ਜੁ ਉਹਨਾਂ ਨੂੰ ਇਨਕਲਾਬ ਅਤੇ ਸਮਾਜਵਾਦ ਤੋਂ ਪਰ੍ਹੇ ਲਿਜਾਇਆ ਜਾ ਸਕੇ, ਵਿਅਕਤੀਗਤ ਦੇਸ਼ਾਂ ਵਿਚ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਅਤੇ ਸਮੁੱਚੀ ਇਨਕਲਾਬੀ ਲਹਿਰ ਉੱਤੇ ਹਮਲੇ ਕੀਤੇ ਜਾ ਸਕਣ ਅਤੇ ਭੰਨ-ਤੋੜ ਕੀਤੀ ਜਾ ਸਕੇ।

ਪਹਿਲਾਂ, ਜਦੋਂ ਮਾਓ ਵਿਚਾਰਧਾਰਾ ਬਹੁਤ ਸਾਰੀਆਂ ਪਾਰਟੀਆਂ ਵਿਚ ਆਪਣਾ ਅਸਰ ਪਾ ਰਹੀ ਸੀ, ਤਾਂ ਸਾਮਰਾਜੀਆਂ ਅਤੇ ਸਮਾਜਿਕ-ਸਾਮਰਾਜੀਆਂ ਨੂੰ ਕੁੱਝ ਵਧੇਰੇ ਚੈਨ ਸੀ, ਕਿਉਂਕਿ ਉਹ ਜਾਣਦੇ ਸਨ ਕਿ ਇਹ ਸੋਧਵਾਦੀ ਰੁਝਾਨ ਮਾਰਕਸਵਾਦੀ-ਲੈਨਿਨਵਾਦੀ ਲਹਿਰ ਨੂੰ ਖਿੰਡ-ਪੁੰਡ ਕਰਨ ਦਾ ਕੰਮ ਕਰ ਰਿਹਾ ਹੈ। ਹੁਣ ਜਦ ਇਸ ਰੁਝਾਨ ਦਾ ਪਰਦਾ ਫਾਸ਼ ਹੋ ਗਿਆ ਹੈ ਤਾਂ ਦੁਸ਼ਮਣ ਹਰ ਕਿਸਮ ਦੇ ਨਕਲੀ-ਮਾਰਕਸਵਾਦੀ ਸਿਧਾਂਤ ਖਿਲਾਰ ਕੇ ਗੰਧਲੇਪਣ ਦੇ ਬੀ ਬੀਜਣ ਦੇ ਯਤਨ ਕਰ ਰਹੇ ਹਨ, ਪਾਰਟੀਆਂ ਨੂੰ ਧੜੇਬਾਜ਼ ਲੜਾਈਆਂ ਰਾਹੀਂ ਦੋ-ਫਾੜ ਅਤੇ ਕਮਜ਼ੋਰ ਕਰਨ ਦੇ ਯਤਨ ਕਰ ਰਹੇ ਹਨ, ਕਮਜ਼ੋਰ ਅਤੇ ਕੱਚੇ ਅੰਸਰਾਂ ਨੂੰ ਸੋਧਵਾਦੀ ਸਥਿੱਤੀਆਂ ਵੱਲ ਖਿੱਚਣ ਦੇ ਯਤਨ ਕਰ ਰਹੇ ਹਨ।

ਐਪਰ ਅੱਜ, ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਕੋਲ ਵੱਖ-ਵੱਖ ਮਾਰਕਸਵਾਦ-ਵਿਰੋਧੀ ਰੁਝਾਨਾਂ ਨਾਲ ਲੜਾਈ ਦਾ ਮਹਾਨ ਤਜ਼ਰਬਾ ਹੈ ਅਤੇ ਉਹ ਸਰਮਾਏਦਾਰੀ ਅਤੇ ਸੋਧਵਾਦੀਆਂ ਵੱਲੋਂ ਵਰਤੇ ਜਾਂਦੇ ਦਾਅ-ਪੇਚਾਂ ਵਿਰੁੱਧ ਚੰਗੀ ਤਰ੍ਹਾਂ ਲੈਸ ਹਨ। ਇਹ ਤਜ਼ਰਬਾ ਉਹਨਾਂ ਨੂੰ ਦੁਸ਼ਮਣਾਂ ਵਿਰੁੱਧ ਸੰਘਰਸ਼ ਨੂੰ ਸਫਲਤਾਪੂਰਵਕ ਚਲਾਉਣ ਵਿਚ, ਆਪਣੀ ਚੌਕਸੀ ਵਧਾਉਣ ਵਿਚ, ਪਾਰਟੀ ਮੈਂਬਰਾਂ ਦੇ ਵਿਚਾਰਧਾਰਕ ਅਤੇ ਸਿਆਸੀ ਪੱਧਰ ਨੂੰ ਲਗਾਤਾਰ ਉੱਚਾ ਚੁੱਕਣ ਅਤੇ ਉਹਨਾਂ ਨੂੰ ਮਾਰਕਸਵਾਦੀ-ਲੈਨਿਨਵਾਦੀ ਸਿਧਾਂਤ ਨਾਲ ਲੈਸ ਕਰਨ ਵਿਚ ਮਦਦ ਕਰਦਾ ਹੈ। ਇਨਕਲਾਬੀ ਸੰਘਰਸ਼ ਨੇ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਨੂੰ, ਲੋਕਾਂ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ਕਰਨਾ, ਵੱਖ-ਵੱਖ ਸਮਾਜਿਕ ਤਬਕਿਆਂ 'ਚ ਜਾਕੇ ਉਹਨਾਂ ਨੂੰ ਜਥੇਬੰਦ ਕਰਨਾ, ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਕੰਮ ਦਾ ਉਪਯੋਗ ਕਰਨਾ ਅਤੇ ਇਹਨਾਂ ਨੂੰ ਕਾਨੂੰਨਵਾਦ ਅਤੇ ਬੁਰਜੁਆ ਉਦਾਰਵਾਦ ਦੇ ਲੱਛਣਾਂ ਵਿਰੁੱਧ ਅਤੇ ਸੌੜੇ ਸੰਕੀਰਨਵਾਦ ਅਤੇ ਨਿਖੇੜੇ ਵਿਚ ਕੰਮ ਕਰਨ ਦੇ ਲੱਛਣਾਂ ਵਿਰੁੱਧ ਸੰਘਰਸ਼ ਕਰਦਿਆਂ ਸਹੀ ਤਰੀਕੇ ਨਾਲ ਮੇਲਣਾ, ਸਿਖਾਇਆ ਹੈ।

ਮਾਰਕਸਵਾਦੀਆਂ-ਲੈਨਿਨਵਾਦੀਆਂ ਅਤੇ ਪ੍ਰੋਲੇਤਾਰੀਆ ਅਤੇ ਲੋਕਾਂ ਦੇ ਸੰਘਰਸ਼ਾਂ ਵਿਰੁੱਧ ਸਾਮਰਾਜੀਆਂ ਅਤੇ ਸੋਧਵਾਦੀਆਂ ਦੀ ਜੁੜਵੀਂ ਕਾਰਵਾਈ ਦਾ ਮੁਕਾਬਲਾ ਕਰਨ ਲਈ ਮਾਰਕਸਵਾਦੀ-ਲੈਨਿਨਵਾਦੀ ਲਹਿਰ ਦੀ ਏਕਤਾ ਨੂੰ ਹੋਰ ਵਧੇਰੇ ਮਜ਼ਬੂਤ ਕਰਨਾ ਬੇਹੱਦ ਲਾਜ਼ਮੀ ਹੈ।

ਕੌਮਾਂਤਰੀ ਮਾਰਕਸਵਾਦੀ-ਲੈਨਿਨਵਾਦੀ ਕਮਿਊਨਿਸਟ ਲਹਿਰ ਦਾ ਬੱਲ, ਜਿਹਨਾਂ ਵਿਚਾਰਾਂ ਲਈ ਇਹ ਲੜਦੀ ਹੈ ਉਹਨਾਂ ਵਿਚਾਰਾਂ ਦੇ ਸਹੀਪਣ ਵਿਚ ਅਤੇ ਆਪਣੀ ਏਕਤਾ ਵਿਚ ਹੈ। ਆਪਣੇ ਸੰਘਰਸ਼ ਵਿਚ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਸਾਡੇ ਮਹਾਨ ਕਲਾਸਕਾਂ (ਮਾਰਕਸ, ਏਂਗਲਜ਼, ਲੈਨਿਨ ਅਤੇ ਸਟਾਲਿਨ) ਦੀਆਂ ਸਿੱਖਿਆਵਾਂ ਤੋਂ ਰਾਹਨੁੰਮਾਈ ਲੈਂਦੀਆਂ ਹਨ, ਕੋਮਿੰਤਰਨ ਦੇ ਭਰਪੂਰ ਅਤੇ ਸਰਵ-ਪੱਖੀ ਵਿਰਸੇ ਨੂੰ ਵਰਤਦੀਆਂ ਹਨ, ਅਤੇ ਸੋਧਵਾਦੀ ਗੱਦਾਰੀ ਵਿਰੁੱਧ ਖੁਦ ਆਪਣੇ ਸੰਘਰਸ਼ ਦੇ ਤਜ਼ਰਬੇ ਉੱਤੇ ਟੇਕ ਰੱਖਦੀਆਂ ਹਨ ਅਤੇ ਸੋਧਵਾਦ ਵਿਚ ਨਿੱਘਰ ਗਈਆਂ ਪਾਰਟੀਆਂ ਦੇ ਰਿਣਾਤਮਕ (negative) ਤਜ਼ਰਬੇ ਨੂੰ ਨਜ਼ਰ-ਗੋਚਰੇ ਰੱਖਦੀਆਂ ਹਨ। ਇਹ ਸਾਰੇ ਸਬਕ ਅਤੇ ਇਹ ਤਜ਼ਰਬਾ, ਪਾਰਟੀਆਂ ਅਤੇ ਮਾਰਕਸਵਾਦੀ-ਲੈਨਿਨਵਾਦੀ ਲਹਿਰ ਨੂੰ ਸਭ ਦਿਸ਼ਾਵਾਂ ਵਿਚ ਪ੍ਰਚੰਡ ਅਤੇ ਮਜ਼ਬੂਤ ਬਣਾਉਣ ਲਈ ਇਕ ਮਹਾਨ ਵਿਚਾਰਧਾਰਕ, ਸਿਆਸੀ, ਜਥੇਬੰਦਕ, ਸਿਧਾਂਤਿਕ ਅਤੇ ਅਮਲੀ ਦੌਲਤ ਹਨ।

ਭਰਾਤਰੀ ਪਾਰਟੀਆਂ ਵਿਚਕਾਰ ਮੀਟਿੰਗਾਂ ਅਤੇ ਵਿਚਾਰ-ਵਟਾਂਦਰੇ, ਮਾਰਕਸਵਾਦੀ-ਲੈਨਿਨਵਾਦੀ ਲਹਿਰ ਨੂੰ ਮਜ਼ਬੂਤ ਕਰਨ ਵਿਚ ਬਹੁਮੁੱਲਾ ਯੋਗਦਾਨ ਪਾਉਂਦੇ ਹਨ। ਇਸ ਤਰੀਕੇ ਨਾਲ ਉਹ ਇਕ-ਦੂਸਰੇ ਦੇ ਤਜ਼ਰਬੇ ਤੋਂ ਲਾਭ ਉਠਾਉਂਦੀਆਂ ਹਨ, ਹਾਲਤ ਦੇ ਸਾਂਝੇ ਜਾਇਜ਼ੇ ਲਾਉਂਦੀਆਂ ਹਨ ਅਤੇ ਸੋਚਣੀ ਅਤੇ ਕੰਮ ਵਿਚ ਏਕਤਾ ਕਰਦੀਆਂ ਹਨ। ਇਕ ਪਾਰਟੀ ਦਾ ਤਜ਼ਰਬਾ ਕਈ ਪਾਰਟੀਆਂ ਦੇ ਤਜ਼ਰਬੇ ਦੀ ਜਗ੍ਹਾ ਨਹੀਂ ਲੈ ਸਕਦਾ। ਇਸ ਦੇ ਉਲਟ, ਇਹ ਸਭ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਦਾ ਤਜ਼ਰਬਾ ਹੀ ਹੈ ਜੋ ਲਹਿਰ ਨੂੰ ਅਜਿੱਤ ਬਣਾਉਂਦਾ ਹੈ।

ਪ੍ਰੋਲੇਤਾਰੀਅਨ ਕੌਮਾਂਤਰੀਵਾਦ ਦੇ ਅਸੂਲਾਂ ਉੱਤੇ ਅਡੋਲ ਵਫ਼ਾਦਾਰੀ ਨਾਲ ਚੱਲਦਿਆਂ, ਪਾਰਟੀ ਆਫ਼ ਲੇਬਰ ਆਫ਼ ਅਲਬਾਨੀਆਂ ਨੇ ਹਮੇਸ਼ਾਂ ਹੀ ਮਾਰਕਸਵਾਦੀ-ਲੈਨਿਨਵਾਦੀ ਲਹਿਰ ਦੀ ਏਕਤਾ ਅਤੇ ਭਰਾਤਰੀ ਪਾਰਟੀਆਂ ਵਿਚਕਾਰ ਸਹਿਯੋਗ ਨੂੰ ਮਜ਼ਬੂਤ ਕਰਨ ਵਿਚ ਆਪਣਾ ਹਿੱਸਾ ਪਾਉਣ ਦੇ ਹਮੇਸ਼ਾਂ ਯਤਨ ਕੀਤੇ ਹਨ ਅਤੇ ਭਵਿੱਖ ਵਿਚ ਵੀ ਕਰਦੀ ਰਹੇਗੀ।

ਸਾਡੀ ਪਾਰਟੀ ਲਈ, ਮਾਰਕਸਵਾਦ-ਲੈਨਿਨਵਾਦ, ਇਨਕਲਾਬ ਅਤੇ ਸਮਾਜਵਾਦ ਦੇ ਕਾਜ਼ ਲਈ ਮਹਾਨ ਇਤਿਹਾਸਕ ਸੰਘਰਸ਼ ਵਿਚ, ਹੋਰ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਜੋ ਮਜ਼ਦੂਰ ਜਮਾਤ ਦੀ ਇਨਕਲਾਬੀ ਲਹਿਰ ਦੇ ਬਰਾਬਰ ਦੇ ਦਸਤੇ ਹਨ, ਉਹਨਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹਨਾ ਬੜੇ ਹੀ ਗੌਰਵ ਵਾਲੀ ਗੱਲ ਹੈ। ਪਾਰਟੀ ਆਫ਼ ਲੇਬਰ ਆਫ਼ ਅਲਬਾਨੀਆਂ ਅਤੇ ਸਮਾਜਵਾਦੀ ਅਲਬਾਨੀਆਂ ਪ੍ਰਤੀ ਭਰਾਤਰੀ ਮਾਰਕਸਵਾਦੀ-ਲੈਨਿਨਵਾਦੀ ਪਾਰਟੀਆਂ ਵਲੋਂ, ਪ੍ਰੋਲੇਤਾਰੀਆ ਅਤੇ ਇਨਕਲਾਬੀ ਅਤੇ ਆਜ਼ਾਦੀ-ਪਸੰਦ ਲੋਕਾਂ ਵਲੋਂ ਦਿਖਾਏ ਜਾਂਦੇ ਪਿਆਰ, ਏਕਤਾ ਅਤੇ ਵਿਸ਼ਵਾਸ ਨੂੰ ਅਲਬਾਨੀਅਨ ਕਮਿਊਨਿਸਟ ਅਤੇ ਸਾਡੇ ਸਮੁੱਚੇ ਲੋਕ ਬਹੁਤ ਹੀ ਕੀਮਤੀ ਸਮਝਦੇ ਹਨ। ਇਹ ਸਾਡੇ ਲਈ ਇਕ ਸ਼ਕਤੀਸ਼ਾਲੀ ਹਮਾਇਤ ਅਤੇ ਉਤਸ਼ਾਹ ਹੈ। ਸਭ ਹਾਲਤਾਂ ਵਿਚ ਅਤੇ ਕਿਸੇ ਵੀ ਵੇਲੇ ਸਾਡੀ ਪਾਰਟੀ ਅਤੇ ਲੋਕ ਆਪਣੇ ਕੌਮੀ ਅਤੇ ਕੌਮਾਂਤਰੀ ਕਾਰਜਾਂ ਨੂੰ ਗੌਰਵ ਨਾਲ ਪੂਰੇ ਕਰਨ ਲਈ, ਅਲਬਾਨੀਆਂ ਵਿਚ ਸਫਲਤਾਪੂਰਵਕ ਸਮਾਜਵਾਦ ਉਸਾਰਨ ਲਈ, ਅਤੇ ਪ੍ਰੋਲੇਤਾਰੀਆਂ ਅਤੇ ਦੁਨੀਆਂ-ਭਰ ਦੇ ਲੋਕਾਂ ਦੇ ਇਨਕਲਾਬੀ ਕਾਜ਼ ਦੀ ਦ੍ਰਿੜ੍ਹਤਾ ਨਾਲ ਰਖਵਾਲੀ ਕਰਨ ਲਈ ਲੜਦੇ ਰਹਿਣਗੇ।

ਪਿਆਰੇ ਸਾਥੀਓ,

ਪਾਰਟੀ ਦੀ ਅਗਵਾਈ ਹੇਠ ਸਾਡੇ ਲੋਕਾਂ ਵਲੋਂ ਪ੍ਰਾਪਤ ਕੀਤੀਆਂ ਗਈਆਂ ਸਫਲਤਾਵਾਂ ਮਹਾਨ, ਅਤੇ ਜਿੱਤੀਆਂ ਗਈਆਂ ਜੰਗਾਂ ਸ਼ਾਨਦਾਰ ਹਨ। ਉਹ

ਦਿਖਾਉਂਦੀਆਂ ਹਨ ਕਿ ਸਾਡੇ ਲੋਕਾਂ ਕੋਲ ਅਮੁੱਕ ਸ਼ਕਤੀ ਹੈ, ਕਿ ਉਹ ਆਸ਼ਾਵਾਨ ਹਨ ਅਤੇ ਆਪਣੇ ਜੀਵਨ ਨੂੰ ਖ਼ੁਸ਼ਹਾਲ ਬਣਾਉਣ ਲਈ, ਆਪਣੇ ਸਮਾਜਵਾਦੀ ਵਤਨ ਦੇ ਨਾਂ ਨੂੰ ਹੋਰ ਵਧੇਰੇ ਉੱਚਾ ਕਰਨ ਲਈ, ਆਪਣੀ ਆਜ਼ਾਦੀ ਅਤੇ ਖ਼ੁਦਮੁਖ਼ਤਾਰੀ ਨੂੰ ਅਤੇ ਇਨਕਲਾਬ ਦੇ ਭਾਂਬੜਾਂ 'ਚ ਪੈਦਾ ਹੋਈ ਆਪਣੀ ਲੋਕ-ਸੱਤਾ ਨੂੰ ਸੁਰੱਖਿਅਤ ਅਤੇ ਮਜ਼ਬੂਤ ਕਰਨ ਲਈ ਨਵੇਂ ਸੰਘਰਸ਼ਾਂ 'ਚ ਜੁੱਟਣ ਲਈ ਦ੍ਰਿੜ੍ਹ ਹਨ।

ਇਹ ਇਹੀ ਸ਼ਾਨਦਾਰ ਅਸਲੀਅਤ, ਪਾਰਟੀ ਨਾਲ ਲੋਕਾਂ ਦੀ ਅਟੁੱਟ ਏਕਤਾ, ਕਮਿਉਨਿਸਟਾਂ ਦੀ ਦਲੇਰੀ ਅਤੇ ਦ੍ਰਿੜ੍ਹਤਾ ਹੀ ਹੈ, ਜੋ ਲੋਕਾਂ ਅਤੇ ਪਾਰਟੀ ਨੂੰ ਇਹ ਗਰੰਟੀ ਦਿੰਦੀ ਹੈ ਕਿ ਇਸ ਕਾਂਗਰਸ ਵਲੋਂ ਮਿਥੇ ਜਾ ਰਹੇ ਕਾਰਜ ਪੂਰੇ ਕੀਤੇ ਜਾਣਗੇ।

7ਵੀਂ ਪੰਜ-ਸਾਲਾ ਯੋਜਨਾ ਲਈ ਹਦਾਇਤਾਂ ਦੇ ਖਾਕੇ ਵਲੋਂ ਉਭਾਰਿਆ ਗਿਆ ਉਤਸ਼ਾਹ, ਇਸ ਸਾਲ ਦੇ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਮਿਹਨਤਕਸ਼ ਲੋਕਾਂ ਦੀ ਲਾਮਬੰਦੀ ਅਤੇ ਹਾਸਲ ਕੀਤੇ ਗਏ ਉਤਸ਼ਾਹਜਨਕ ਨਤੀਜੇ, ਅਤੇ ਸਭ ਤੋਂ ਵੱਧ, ਸਾਡੇ ਲੋਕਾਂ ਵਲੋਂ ਪਾਰਟੀ ਦੀ ਅੰਦਰੂਨੀ ਅਤੇ ਵਿਦੇਸ਼ੀ ਨੀਤੀ ਨੂੰ ਸਰਵ-ਸੰਮਤੀ ਨਾਲ, ਦਿੱਤੀ ਜਾਂਦੀ ਦ੍ਰਿੜ੍ਹ ਹਮਾਇਤ—ਇਹ ਸਭ ਕੁਝ ਦਿਖਾਉਂਦਾ ਹੈ ਕਿ ਸਮੁੱਚਾ ਦੇਸ਼ ਉਸ ਰਾਹ ਉੱਤੇ ਵਿਸ਼ਵਾਸ ਅਤੇ ਦ੍ਰਿੜ੍ਹਤਾ ਨਾਲ ਅੱਗੇ ਵਧਣ ਲਈ ਤਿਆਰ ਅਤੇ ਲਾਮਬੰਦ ਹੈ ਜਿਸ ਰਾਹ ਉੱਤੇ ਪਾਰਟੀ ਉਹਨਾਂ ਨੂੰ ਨਵੀਆਂ ਜਿੱਤਾਂ ਹਾਸਲ ਕਰਨ ਵਿਚ ਅਗਵਾਈ ਦਿੰਦੀ ਹੈ।

ਪਿਆਰੇ ਸਾਥੀਓ, ਆਓ ਇਸ ਇਨਕਲਾਬੀ ਸ਼ਕਤੀ ਨੂੰ, ਸਾਡੀ ਸ਼ਾਨਦਾਰ ਪਾਰਟੀ ਲਈ ਇਸ ਅਥਾਹ ਪਿਆਰ ਨੂੰ, ਭਵਿੱਖ ਵਿਚ ਇਸ ਅਡੋਲ ਭਰੋਸੇ ਨੂੰ, ਸਭ ਖੇਤਰਾਂ ਵਿਚ ਕਾਰਜ ਪੂਰੇ ਕਰਨ ਲਈ, ਆਪਣੇ ਰਾਹ ਵਿਚ ਆਉਣ ਵਾਲੀਆਂ ਔਕੜਾਂ ਉੱਤੇ ਕਾਬੂ ਪਾਉਣ ਲਈ ਅਤੇ ਆਪਣੀਆਂ ਜਿੱਤਾਂ ਨੂੰ ਅਤੇ ਅਲਬਾਨੀਆਂ ਵਿਚ ਸਮਾਜਵਾਦ ਦੀਆਂ ਨਿੱਗਰ ਨੀਹਾਂ ਨੂੰ ਹੋਰ ਵਧੇਰੇ ਮਜ਼ਬੂਤ ਅਤੇ ਪੱਕਿਆਂ ਕਰਨ ਲਈ ਇਕ ਮਹਾਨ ਚਾਲਕ ਸ਼ਕਤੀ ਬਣਾ ਦਈਏ।

ਪਾਰਟੀ ਦੀ ਅੱਠਵੀਂ ਕਾਂਗਰਸ—ਜ਼ਿੰਦਾਬਾਦ !
ਦਲੇਰ, ਨਿਪੁੰਨ ਅਤੇ ਮਿਹਨਤੀ ਅਲਬਾਨੀਅਨ ਲੋਕ—ਜ਼ਿੰਦਾਬਾਦ !
ਸਮਾਜਵਾਦੀ ਉਸਾਰੀ ਦੇ ਸ਼ਾਨਦਾਰ ਰਾਹ ਉੱਤੇ ਸਾਡੀਆਂ ਸਭ ਜਿੱਤਾਂ ਨੂੰ ਜਥੇਬੰਦ ਕਰਨ ਵਾਲੀ ਅਤੇ ਸੁਘੜ, ਦਲੇਰ ਅਤੇ ਸਾਬਿਤ ਹੋ ਚੁੱਕੀ ਆਗੂ ਪਾਰਟੀ ਆਫ਼ ਲੇਬਰ ਆਫ਼ ਅਲਬਾਨੀਆਂ—ਜ਼ਿੰਦਾਬਾਦ !
ਮਾਰਕਸਵਾਦ-ਲੈਨਿਨਵਾਦ ਦੀ ਸ਼ਾਨ ਸਦਾ ਬੁਲੰਦ ਰੱਖੋ !

# ਵਿਸ਼ਾ-ਸੂਚੀ


ਜਾਣ-ਪਛਾਣ... ... ... ... ... ... 5

ਅਧਿਆਇ ਇੱਕ

**ਆਰਥਿਕਤਾ ਦਾ ਵਿਕਾਸ ਅਤੇ ਪਾਰਟੀ ਦੇ ਕਾਰਜ... ... 6**

1. ਉਦਯੋਗ ਨੂੰ ਹੋਰ ਮਜ਼ਬੂਤ ਬਣਾਉਣਾ ਦੇਸ਼ ਦੇ ਆਮ ਵਿਕਾਸ ਲਈ ਫੈਸਲਾਕੁੰਨ (ਸ਼ਰਤ) ਹੈ ... ... 8
2. ਖੇਤੀ ਉਤਪਾਦਨ ਵਿਚ ਹੋਰ ਵਧੇਰੇ ਤੇਜ਼ੀ ਕਰਨੀ ਚਾਹੀਦੀ ਹੈ ਅਤੇ ਦਿਹਾਤ ਵਿਚ ਸਮਾਜਵਾਦੀ ਰਿਸ਼ਤਿਆਂ ਨੂੰ ਉੱਤਮ ਬਣਾਉਣਾ ਚਾਹੀਦਾ ਹੈ ... 10
3. ਇਨਵੈਸਟਮੈਂਟਾਂ ਅਤੇ ਉਸਾਰੀ ਕਾਰਜ—ਆਰਥਿਕਤਾ ਦੀ ਲਗਾਤਾਰ ਮਜ਼ਬੂਤੀ ਦਾ ਇਕ ਮਹੱਤਵਪੂਰਨ ਅਧਾਰ 13
4. ਬਰਾਮਦ ਨੂੰ ਵਧਾਉਣਾ ਚਾਹੀਦਾ ਹੈ ਅਤੇ ਵਿਦੇਸ਼ੀ ਕਰੰਸੀ ਨੂੰ ਸੰਜਮ ਨਾਲ ਵਰਤਣਾ ਚਾਹੀਦਾ ਹੈ ... 14
5. ਲੋਕਾਂ ਦੀ ਭਲਾਈ ਦੇ ਪੱਧਰ ਦੀ ਗਰੰਟੀ ਦੇਣੀ ਚਾਹੀਦੀ ਹੈ ਅਤੇ ਇਸ ਨੂੰ ਲਗਾਤਾਰ ਉਪਰ ਚੁੱਕਣਾ ਚਾਹੀਦਾ ਹੈ... 15
6. ਆਰਥਿਕਤਾ ਦੇ ਬੰਦੋਬਸਤ ਨੂੰ ਉੱਨਤ ਕਰਨਾ ਚਾਹੀਦਾ ਹੈ ਅਤੇ ਆਰਥਿਕਤਾ ਦੀ ਕੁਸ਼ਲਤਾ ਨੂੰ ਵਧਾਉਣਾ ਚਾਹੀਦਾ ਹੈ ... ... ... 17

ਅਧਿਆਇ ਦੋ

**ਸਾਨੂੰ ਪਾਰਟੀ ਨੂੰ ਲਗਾਤਾਰ ਮਜ਼ਬੂਤ ਕਰਦੇ ਰਹਿਣਾ ਚਾਹੀਦਾ ਹੈ ਅਤੇ ਇਸ ਦੇ ਕੰਮ ਦੀ ਕੁਸ਼ਲਤਾ ਨੂੰ ਵਧਾਉਣਾ ਚਾਹੀਦਾ ਹੈ ... ... ... ... ... 18**

1. ਪਾਰਟੀ ਦੀ ਆਗੂ ਭੂਮਿਕਾ ਨੂੰ ਹੋਰ ਵਧਾਉਣਾ ਅਤੇ ਸੰਪੰਨ ਬਣਾਉਣਾ ਚਾਹੀਦਾ ਹੈ ... ... 19
2. ਪਾਰਟੀ ਦੇ ਕੰਮ ਦੀ ਕਾਰਗਤਾ ਨੂੰ ਅਤੇ ਪਾਰਟੀ ਸੰਸਥਾਵਾਂ ਅਤੇ ਜਥੇਬੰਦੀਆਂ ਦੀ ਜ਼ਿੰਮੇਂਵਾਰੀ ਦੀ ਭਾਵਨਾ ਨੂੰ ਵਧਾਉਣਾ ਚਾਹੀਦਾ ਹੈ ... ... 20
3. ਪਾਰਟੀ ਦੀਆਂ ਸਫ਼ਾਂ ਦੇ ਵਾਧੇ ਲਈ ਨਿਸ਼ਚਿਤ ਤਰਕ ਨੂੰ ਸਹੀ ਢੰਗ ਨਾਲ ਲਾਗੂ ਕਰਨਾ ਚਾਹੀਦਾ ਹੈ ... 22
4. ਕੇਡਰਾਂ ਵਿਚ ਪਾਰਟੀ ਦੇ ਕੰਮ ਨੂੰ ਬੇਹਤਰ ਬਣਾਉਣਾ ਚਾਹੀਦਾ ਹੈ... ... ... ... 23
5. ਪ੍ਰੋਲੇਤਾਰੀਆ ਦੀ ਡਿਕਟੇਟਰਸ਼ਿਪ ਦੇ ਰਾਜਨੀਤਕ ਸਿਸਟਮ ਨੂੰ ਹੋਰ ਵਧੇਰੇ ਮਜ਼ਬੂਤ ਬਣਾਓ... ... 25

ਅਧਿਆਇ ਤਿੰਨ

**ਮਿਹਨਤਕਸ਼ ਲੋਕਾਂ ਦੀ ਕਮਿਉਨਿਸਟ ਸਿਖਲਾਈ ਵਾਸਤੇ ਪਾਰਟੀ ਦੇ ਕਾਰਜ ... ... ... ... 29**

1. ਮਿਹਨਤਕਸ਼ ਲੋਕਾਂ ਦੀ ਕਮਿਉਨਿਸਟ ਸਿਖਲਾਈ ਸਾਡੀਆਂ ਸਫ਼ਲਤਾਵਾਂ ਦੀ ਬੁਨਿਆਦ ਹੈ... ... 29
2. ਸਮਾਜਵਾਦ ਨੂੰ ਵਿਸਤ੍ਰਿਤ ਸੱਭਿਆਚਾਰ ਵਾਲੇ ਅਤੇ ਵਿਗਿਆਨਕ ਸੂਝ ਵਾਲੇ ਲੋਕਾਂ ਦੀ ਜ਼ਰੂਰਤ ਹੈ ... 35

ਅਧਿਆਇ ਚਾਰ

**ਕੌਮਾਂਤਰੀ ਹਾਲਤ ਅਤੇ ਪੀਪਲਜ਼ ਸੋਸ਼ਲਿਸਟ ਰੀਪਬਲਿਕ ਆਫ ਅਲਬਾਨੀਆਂ ਦੀ ਵਿਦੇਸ਼-ਨੀਤੀ ... ... 40**

ਅਧਿਆਇ ਪੰਜ

**ਸੋਧਵਾਦ ਵਿਰੁੱਧ ਸੰਘਰਸ਼। ਵਰਤਮਾਨ ਸਮੇਂ ਵਿਚ ਇਨਕਲਾਬੀ ਅਤੇ ਮੁਕਤੀ ਲਹਿਰ... ... ... 54**

THE PUNJABI EDITION OF THE
REPORT SUBMITTED TO THE 8th CONGRESS OF THE
PARTY OF LABOUR OF ALBANIA
Translated and published by:
INTERNATIONAL BOOK CENTRE,
Shop No. 41, Sector 17-A
Chandigarh 160 017, INDIA
Reprinted in Britain by:
WORKERS' PUBLISHING HOUSE
172 Wandsworth Road,
London SW8, England